# ਸੋਚ ਦਾ ਸਫ਼ਰ

2



ਪੂਰਨ ਸਿੰਘ

# ਸੋਚ ਦਾ ਸਫ਼ਰ

[ਭਾਗ ਦੂਜਾ]

# SOCH DA SAFAR (Part-II)

*by*

PURAN SINGH
26, MANOR PARK DRIVE, NORTH HARROW,
MIDDLESEX HA2 6HS, U.K.
Tele : 0044 208 863 2018

ISBN 81-87526-31-9

ਪਹਿਲੀ ਵਾਰ ਫ਼ਰਵਰੀ 2009

ਮੁੱਲ : 250-00 ਰੁਪਏ

*ਡਿਸਟ੍ਰੀਬਿਊਟਰਜ਼ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਪ੍ਰਕਾਸ਼ਕ :*

**ਸਾਤਵਿਕ ਮੀਡੀਆ ਪ੍ਰਾ: ਲਿਮਟਿਡ**

S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001

*ਛਾਪਕ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

## 18

ਗੁਰਦਾਸਪੁਰ,
3.1.96.

ਸਨੇਹਾ,

ਕਿੰਨੀ ਅਜੀਬ ਹਾਲਤ ਹੈ ਮਨੁੱਖੀ ਜਨ ਦੀ; ਬਹੁਤ ਅਦਭੁੱਤ ਚੀਜ਼ ਹੈ ਇਹ ਮਨ! ਚੇਤਨ ਦਾ ਅਥਾਹ ਹੈ ਤਾਂ ਅਰਧ-ਚੇਤਨ ਅਥਾਹ ਦੇ ਨਾਲ ਨਾਲ ਅਗੋਅ ਵੀ ਹੈ। ਸਾਡਾ ਚੇਤਨ ਮਨ ਕਿੰਨਾ ਕੁਝ ਸੰਭਾਲੀ-ਸਮੇਟੀ ਜਾਂਦਾ ਹੈ ਅਤੇ ਫਿਰ ਖ਼ਾਲੀ ਦਾ ਖ਼ਾਲੀ ਪਰਤੀਤ ਹੁੰਦਾ ਹੈ। ਪਤਾ ਨਹੀਂ ਕਿਹੜੇ ਖਾਨਿਆਂ ਵਿੱਚ ਸੁੱਟੀ-ਸੰਭਾਲੀ ਜਾਂਦਾ ਹੈ ਸਾਰੇ ਅਨੁਭਵਾਂ ਨੂੰ। ਕੀ ਤੈਨੂੰ ਕਦੇ ਜਾਪਿਆ ਹੈ ਕਿ ਮੇਰੇ ਮਨ ਵਿੱਚ ਅਨੁਭਵ ਦੀ ਕਿੰਨੀ ਕੁ ਦੌਲਤ ਸਾਂਭੀ ਪਈ ਹੈ ? ਮੈਨੂੰ ਤਾਂ ਕਦੇ ਮਹਿਸੂਸ ਨਹੀਂ ਹੋਇਆ। ਪਰ ਕਦੇ ਕਦੇ, ਇਕਾਂਤ ਦੇ ਪਲਾਂ ਵਿੱਚ ਇਹ ਆਪ ਹੀ, ਆਪਣੇ ਭੇਤਾਂ ਦੀ ਪਟਾਰੀ ਖੋਲ੍ਹਣ ਲੱਗ ਪੈਂਦਾ ਹੈ। ਕਿੰਨੇ ਖ਼ੂਬਸੂਰਤ ਹੁੰਦੇ ਹਨ ਉਹ ਪਲ। ਕਦੇ ਕਦੇ ਭਿਆਨਕ ਵੀ ਹੋ ਸਕਦੇ ਹਨ; ਪਰ ਮੇਰੇ ਮਨ ਨੂੰ ਅਜੇਹੇ ਅਨੁਭਵ ਦੀ ਸੰਮ੍ਰਿਤੀ ਸਾਹਮਣੇ ਨਹੀਂ ਸੀ ਹੋਣਾ ਪਿਆ। ਹੁਣ ਤਕ ਮੇਰਾ ਜੀਵਨ, ਇੱਕ ਖ਼ੁਸ਼ੀ ਵਿੱਚੋਂ ਦੂਜੀ ਵਿੱਚ ਪਰਵੇਸ਼ ਕਰਦਾ ਆ ਰਿਹਾ ਸੀ। ਮਾਤਾ ਪਿਤਾ ਦੇ ਲਾਡ-ਪਿਆਰ ਪਿੱਛੋਂ ਤੇਰਾ ਸਹੇਲ; ਤੇਰੇ ਸਹੇਲ ਪਿੱਛੋਂ ਸੁਮੀਤ ਨਾਲ ਸਾਂਝ; ਸੁਮੀਤ ਨਾਲ ਸਾਂਝ ਸਦਕਾ ਉਸ ਦੇ ਮਾਤਾ ਜੀ ਦਾ ਨੇੜ; ਉਨ੍ਹਾਂ ਦੇ ਨੇੜ ਕਾਰਨ ਏਨੇ ਸੁਹਣੇ ਮਨੁੱਖਾਂ ਦੀ ਮਿੱਤਰਤਾ ਦਾ ਵਚਿੱਤ੍ਰ ਵਰਣਨ ਸੁਣਨ ਨੂੰ ਮਿਲ ਰਿਹਾ ਸੀ ਕਿ ਸਾਰਾ ਆਪਾ ਸੁਆਦ ਸੁਆਦ ਹੁੰਦਾ ਪਰਤੀਤ ਹੋ ਰਿਹਾ ਸੀ। ਇਸ ਆਨੰਦ ਦੀ ਆਯੂ ਕਿੰਨੀ ਅਲਪ ਸੀ।

ਸੁਮੀਤ ਦੇ ਮਾਤਾ ਜੀ ਨਾਲ ਉਨ੍ਹਾਂ ਦੀ ਚਿੱਤਰਕਲਾ ਸੰਬੰਧੀ ਵਿਚਾਰ ਕਰਨ ਦਾ ਆਪਣਾ ਹੀ ਇੱਕ ਸੁਆਦ ਸੀ; ਪਰੰਤੂ, ਅੰਕਲ ਜੀ ਕੋਲੋਂ ਨੀਲੂ ਜੀ ਦੇ ਪਿਤਾ ਦੀ ਕਹਾਣੀ ਸੁਣਨ ਦਾ ਆਨੰਦ ਅਲੌਕਿਕ ਸੀ। ਅਗਲਾ ਸਾਰਾ ਹਫ਼ਤਾ ਇਹ ਕਹਾਣੀ ਮੇਰੀ ਸੋਚ ਵਿੱਚ ਸਮਾਈ ਰਹੀ। ਮੈਂ ਚਾਹੁੰਦੀ ਸਾਂ ਕਿ ਛੇਤੀ ਛੇਤੀ ਦਿਨ ਬੀਤਣ, ਸਨਿੱਚਰਵਾਰ ਆਵੇ ਤੇ ਮੈਂ ਅੰਕਲ ਜੀ ਕੋਲ ਜਾ ਕੇ ਨੀਲੂ ਜੀ ਦੇ ਪਿਤਾ ਦੇ ਜੀਵਨ ਬਾਰੇ ਜਾਣ ਸਕਾਂ। ਸਮੇਂ ਨੂੰ ਮੇਰੀ ਤੀਬਰਤਾ ਦੀ ਪ੍ਰਵਾਹ, ਨਾ ਹੋਣੀ ਸੀ, ਨਾ ਹੋਈ। ਉਹ ਆਪਣੇ ਨੇਮਾਂ ਦਾ ਪਾਲਣ ਕਰਦਾ ਰਿਹਾ ਅਤੇ ਸ਼ੁੱਕਰਵਾਰ ਦੀ ਸ਼ਾਮ, ਸਨਿੱਚਰਵਾਰ ਦੀ ਸਵੇਰ ਤੋਂ ਪਹਿਲਾਂ ਆਈ। ਆਪਣੇ ਸਮੇਂ ਸਿਰ ਸੁਮੀਤ ਵੀ ਪੁੱਜ ਗਿਆ। ਪਿਤਾ ਜੀ ਉਸ ਤੋਂ ਪਹਿਲਾਂ ਆਏ ਬੈਠੇ ਸਨ। ਘੰਟਾ, ਡੇਢ ਘੰਟਾ ਅਸੀਂ ਚਾਰੇ ਬੈਠੇ ਰਹੇ; ਬਹੁਤ ਗੱਲਾਂ ਹੋਈਆਂ; ਗੰਭੀਰ ਗੱਲਾਂ ਹੋਈਆਂ। ਉਨ੍ਹਾਂ ਸਾਰੀਆਂ ਗੱਲਾਂ ਵਿੱਚ ਮੈਂ ਲੋੜ ਅਨੁਸਾਰ ਹਿੱਸਾ ਵੀ ਲਿਆ ਅਤੇ ਲੋੜ ਪੈਣ ਉੱਤੇ ਉਨ੍ਹਾਂ ਸਾਰੀਆਂ ਗੱਲਾਂ ਨੂੰ, ਆਪਣੀ ਚੇਤਾ-ਸ਼ਕਤੀ ਵਿੱਚ ਮੁੜ ਉਵੇਂ ਹੀ ਉਭਾਰ ਸਕਦੀ ਹਾਂ, ਜਿਵੇਂ ਅਸੀਂ ਆਪਣੇ ਸਾਰੇ ਪੜ੍ਹੇ ਹੋਏ ਵਿੱਚੋਂ ਆਪਣੇ ਪਰੀਖਿਆ-ਪੱਤਰ ਦੀਆਂ ਲੋੜਾਂ ਅਨੁਸਾਰ, ਵੱਖਰੇ ਵੱਖਰੇ ਵਿਸ਼ਿਆਂ ਬਾਰੇ ਆਪਣੇ

ਗਿਆਨ ਨੂੰ ਉਭਾਰ ਲੈਂਦੇ ਹਾਂ। ਤਾਂ ਵੀ ਇਹ ਸੱਚ ਹੈ ਕਿ ਉਸ ਸਮੇਂ ਮੈਂ ਉਨ੍ਹਾਂ ਗੰਭੀਰ ਗੱਲਾਂ ਨੂੰ, ਗੰਭੀਰ ਸਮਝਦਿਆਂ ਹੋਇਆਂ, ਜ਼ਰੂਰੀ ਨਹੀਂ ਸਾਂ ਸਮਝ ਰਹੀ। ਅਗਲੇ ਦਿਨ ਸਵੇਰੇ ਉੱਠ ਕੇ ਮੈਂ ਅੰਕਲ ਜੀ ਵੱਲ ਜਾਣ ਦੀਆਂ ਤਿਆਰੀਆਂ ਵਿੱਚ ਸਾਂ ਜਦੋਂ ਪਾਪਾ ਨੇ ਮੇਰੇ ਕੋਲ ਆ ਕੇ ਕੁਝ ਚਿੰਤਾਤੁਰ ਜਿਹੇ ਦਿੱਸਦਿਆਂ ਆਖਿਆ, "ਪੁਸ਼ਪ, ਅੱਜ ਸਵੇਰੇ ਤੇਰੇ ਬੀਜੀ ਅਤੇ ਮੈਂ ਤੁੰਗੀਂ (ਅਮ੍ਰਿਤਸਰ) ਜਾ ਰਹੇ ਹਾਂ। ਸ਼ਾਮ ਤਕ ਪਰਤਾਂਗੇ। ਮਹਾਂਰਥੀ ਦਾ ਪਤਾ ਨਹੀਂ ਕਿਧਰੇ ਨਿਕਲ ਜਾਵੇ। ਤੂੰ ਇਕੱਲੀ ਰਹਿ ਜਾਵੇਂਗੀ ਘਰ। ਜੇ ਤੂੰ ਚਾਹਵੇਂ ਤਾਂ ਤੈਨੂੰ ਦੇਵਿੰਦਰ ਵੱਲ ਛੱਡਦੇ ਜਾਵਾਂਗੇ। ਸ਼ਾਮ ਨੂੰ ਵਾਪਸੀ ਉੱਤੇ ਫਿਰ ਲੈਂਦੇ ਆਵਾਂਗੇ।"

"ਤੁੰਗੀਂ ਕਿਸ ਲਈ ਜਾ ਰਹੇ ਹੋ, ਪਾਪਾ; ਕੋਈ ਜ਼ਰੂਰੀ ਕੰਮ ਹੈ ?"

"ਤੇਰੇ ਬੀਜੀ ਨੂੰ ਕੰਮ ਹੈ, ਕਹਿੰਦੇ ਹਨ ਜ਼ਰੂਰੀ ਹੈ। ਦੱਸਿਆ ਨਹੀਂ ਕੀ ਹੈ; ਮੈਂ ਪੁੱਛਿਆ ਵੀ ਨਹੀਂ।"

"ਪੁੱਛਿਆ ਨਹੀਂ, ਕਿ ਪੁੱਛ ਸਕੇ ਨਹੀਂ ?"

"ਦਿਅਰ ਇਜ਼ ਨਾੱਟ ਟੂ ਰੀਜ਼ਨ, ਵ੍ਹਾਈ।"

"ਮੈਨੂੰ ਅੰਕਲ ਜੀ ਕੋਲ ਛੱਡਦੇ ਜਾਇਓ।"

ਮੈਨੂੰ ਹਵੇਲੀ ਵਿੱਚ ਉਤਾਰ ਕੇ ਬੀਜੀ ਅਤੇ ਪਾਪਾ, ਅੰਕਲ ਜੀ ਨੂੰ ਮਿਲੇ ਬਗ਼ੈਰ ਵਾਪਸ ਮੁੜ ਗਏ। ਮੈਨੂੰ ਵੇਖ ਕੇ ਅੰਕਲ ਜੀ ਹੈਰਾਨ ਵੀ ਹੋਏ ਅਤੇ ਖ਼ੁਸ਼ ਵੀ। ਮੈਂ ਉਨ੍ਹਾਂ ਨਾਲ ਨਾਸ਼ਤੇ ਵਿੱਚ ਸ਼ਾਮਲ ਹੋ ਗਈ। ਨਾਸ਼ਤੇ ਪਿੱਛੋਂ ਆਂਟੀ ਆਪਣੇ ਕੰਮਾਂ ਵਿੱਚ ਰੁੱਝ ਗਏ ਅਤੇ ਅਸੀਂ ਦੋਵੇਂ ਹਵੇਲੀ ਵਿੱਚ, ਬਾਪੂ ਜੀ ਦੇ ਕਮਰੇ ਦੀ ਛੱਤ ਉੱਤੇ, ਧੁੱਪੇ ਬੈਠ ਕੇ ਗੱਲੀਂ ਪੈ ਗਏ। ਅੰਕਲ ਜੀ ਨੇ ਪੁੱਛਿਆ,

"ਕਿਹੜੇ ਜ਼ਰੂਰੀ ਕੰਮ ਚਲੇ ਗਏ ਹਨ ਇਹ ਦੋਵੇਂ ਅੱਜ ?"

"ਗਏ ਹੋਣਗੇ ਕਿਸੇ ਕੰਮ, ਤੁਸੀਂ ਉਨ੍ਹਾਂ ਦੀ ਛੱਡੋ ਅਤੇ ਨੀਲੂ ਜੀ ਦੇ ਪਿਤਾ ਜੀ ਦੀ ਜੀਵਨ ਕਥਾ ਸੁਣਾਓ।"

"ਮੈਨੂੰ ਯਾਦ ਨਹੀਂ ਕਿ ਉਸ ਦਿਨ ਗੱਲ ਕਿੱਥੇ ਪੁੱਜੀ ਸੀ।"

"ਮੈਂ ਯਾਦ ਕਰਾਉਂਦੀ ਹਾਂ। ਮੈਨੂੰ ਇੱਕ ਇੱਕ ਲਫ਼ਜ਼ ਯਾਦ ਹੈ। ਤੁਸਾਂ ਦੱਸਿਆ ਸੀ ਕਿ ਨੀਲੂ ਦੇ ਪਿਤਾ ਜੀ ਚੰਗੇ ਗੁਜ਼ਾਰੇ ਵਾਲੇ ਸਰਾਫ਼ ਬਣ ਗਏ ਸਨ ਅਤੇ ਇਨ੍ਹਾਂ ਛੇ ਪਿੰਡਾਂ ਦੀਆਂ ਧੀਆਂ ਨੂੰ ਆਪਣੀ ਧੀ ਵਾਂਗ ਮਿਲਦੇ ਸਨ।"

"ਸਿਰਫ਼ ਧੀਆਂ ਨੂੰ ਹੀ ਨਹੀਂ, ਪੁੱਤਰਾਂ ਨੂੰ ਵੀ ਇਨ੍ਹਾਂ ਪਿੰਡਾਂ ਦੇ ਕਿਸੇ ਮੁੰਡੇ-ਕੁੜੀ ਨੂੰ ਸਕੂਲ ਦੀ ਫ਼ੀਸ ਦਾ ਫ਼ਿਕਰ ਉਹ ਨਹੀਂ ਸੀ ਪੈਣ ਦਿੰਦਾ। ਕਿਸੇ ਵਿਦਿਆਰਥੀ ਨੂੰ ਪੁਸਤਕਾਂ ਦੀ ਅਣਹੋਂਦ ਨਹੀਂ ਸੀ ਅਖਰ ਸਕਦੀ। ਹਰ ਕਿਸੇ ਨੂੰ ਇਹ ਭਰੋਸਾ ਸੀ ਕਿ ਸਾਡੇ ਬੱਚੇ ਕੇਵਲ ਕੋਲ ਜਾ ਕੇ ਉਸ ਨੂੰ ਆਪਣੀ ਹਰ ਲੋੜ ਓਨੇ ਹੀ ਦਾਅਵੇ ਨਾਲ ਦੱਸ ਸਕਦੇ ਸਨ ਜਿੰਨੇ ਨਾਲ ਆਪਣੇ ਮਾਪਿਆਂ ਨੂੰ। ਜੇ ਕਿਸੇ ਬੱਚੇ ਲਈ ਕੁਝ ਖ਼ਰਚ ਕਰਦਾ ਸੀ ਤਾਂ ਉਸ ਬੱਚੇ ਦਾ ਪਿਤਾ ਅਗਲੀ ਫ਼ਸਲੇ ਕੇਵਲ ਦੇ ਪੈਸੇ ਉਸ ਨੂੰ ਮੋੜ ਦਿੰਦਾ ਸੀ।"

ਇੱਕ ਦਿਨ ਏਥੇ, ਏਸੇ ਹਵੇਲੀ ਵਿੱਚ ਪਿੰਡ ਦੇ ਸਿਆਣੇ ਬੈਠੇ ਹੋਏ ਸਨ। ਤੇਰੇ ਬਾਪੂ ਜੀ ਵੀ ਏਥੇ ਹੀ ਸਨ। ਉਨ੍ਹਾਂ ਨੇ ਕੇਵਲ ਨੂੰ ਆਖਿਆ, "ਵੇਖ ਬਈ, ਕੇਵਲ, ਜੋ ਤੇਰੀ ਮਰਜ਼ੀ ਹੈ ਕਰ, ਪਰ ਇੱਕ ਗੱਲ ਚੇਤੇ ਰੱਖ ਕਿ ਤੇਰੇ ਘਰ ਰੱਬ ਨੇ ਇੱਕ ਧੀ ਦਿੱਤੀ ਹੋਈ ਹੈ। ਇਹ ਇੱਕ ਵੱਡੀ ਜ਼ਿੰਮੇਵਾਰੀ ਹੈ। ਇਸ ਦੀ ਥੋੜੀ ਬਹੁਤੀ ਚਿੰਤਾ ਜ਼ਰੂਰ ਕਰਿਆ ਕਰ।" ਪਤਾ ਹੈ ਕੇਵਲ ਨੇ ਕੀ ਉੱਤਰ ਦਿੱਤਾ ਸੀ ? ਆਖਣ ਲੱਗਾ, "ਬਾਪੂ ਜੀ ਮੈਨੂੰ ਇਸ ਗੱਲ ਦਾ ਚੰਗੀ

ਤਰ੍ਹਾਂ ਚੇਤਾ ਹੈ ਕਿ ਮੈਂ ਇੱਕ ਧੀ ਦਾ ਪਿਉ ਹਾਂ। ਏਸੇ ਚੇਤੇ ਕਾਰਨ ਮੈਨੂੰ ਚਿੰਤਾ ਤੋਂ ਮੁਕਤੀ ਮਿਲੀ ਹੋਈ ਹੈ।" "ਉਹ ਕਿਵੇਂ ਬਈ ? ਧੀਆਂ ਵਾਲਿਆਂ ਨੂੰ ਚਿੰਤਾ ਛੱਡਦੀ ਨਹੀਂ, ਤੈਨੂੰ ਮੁਕਤੀ ਕਿਵੇਂ ਮਿਲ ਗਈ ?"

"ਬਾਪੂ ਜੀ, ਧੀ ਦੀ ਕਾਹਦੀ ਚਿੰਤਾ ? ਰੋਟੀ ਟੁੱਕ ਬਣਾਉਣਾ ਸਿੱਖ ਜਾਵੇਗੀ; ਥੋੜ੍ਹਾ ਬਹੁਤਾ ਸੀਣ ਪ੍ਰੋਣ। ਬੱਸ ਕੋਈ ਕਮਾਊ ਮੁੰਡਾ ਵੇਖ ਕੇ ਉਸ ਦੇ ਲੜ ਲਾ ਦਿਆਂਗੇ। ਉਹ ਕਮਾਵੇਗਾ, ਇਹ ਉਸ ਦੀ ਸੇਵਾ ਕਰੇਗੀ। ਚਿੰਤਾ ਤਾਂ ਮੁੰਡੇ ਦੀ ਕਰਨੀ ਪੈਂਦੀ ਹੈ। ਉਸ ਨੂੰ ਪੜ੍ਹਾਉਣਾ ਪੈਂਦਾ ਹੈ, ਫਿਰ ਸੌ ਹੇਰਾ-ਫੇਰੀਆਂ ਸਿਖਾਉਣੀਆਂ ਪੈਂਦੀਆਂ ਹਨ; ਕਾਰੋਬਾਰ ਸ਼ੁਰੂ ਕਰਨ ਲਈ ਸਰਮਾਇਆ ਦੇਣਾ ਪੈਂਦਾ ਹੈ; ਕੰਮ ਕਾਰ ਵਿੱਚ ਚੁਸਤ ਚਲਾਕ ਨਾ ਹੋਵੇ ਤਾਂ ਚਿੰਤਾ ਹੋ ਜਾਂਦੀ ਹੈ। ਬਾਪੂ ਜੀ, ਚਿੰਤਾ ਮੁੰਡਿਆਂ ਵਾਲਿਆਂ ਨੂੰ, ਧੀਆਂ ਵਾਲਿਆਂ ਨੂੰ ਕਾਹਦੀ ਚਿੰਤਾ।"

"ਹਰ ਵੇਲੇ ਉਲਟੀ ਗੱਲ ਨਾ ਕਰਿਆ ਕਰ, ਕੇਵਲਾ।"

"ਬਾਪੂ ਜੀ, ਮੇਰੇ ਮੂੰਹ ਵੱਲ ਵੇਖ ਕੇ ਦੱਸੋ ਕਿ ਮੈਂ ਇਹ ਗੱਲ ਉੱਤੋਂ ਆਖੀ ਹੈ ਜਾਂ ਆਪਣੇ ਵਿਸ਼ਵਾਸ ਦੀ ਤਹਿ ਵਿੱਚੋਂ, ਆਪਣੇ ਦਿਲੋਂ ਆਖੀ ਹੈ ? ਤੁਸੀਂ ਕਿਉਂ ਨਹੀਂ ਕਰਦੇ ਆਪਣੇ ਪੁੱਤ-ਪੋਤਿਆਂ ਦੀ ਚਿੰਤਾ ? ਮੈਂ ਹੀ ਬਹੁਤੀ ਚਿੰਤਾ ਕਿਉਂ ਕਰਾਂ ? ਜੇ ਤੁਸੀਂ ਸਾਰੇ ਮਿਲ ਕੇ ਮੇਰਾ ਸਹਾਰਾ ਬਣ ਸਕੇ ਹੋ ਤਾਂ ਨੀਲੂ ਨੂੰ ਬੇ-ਸਹਾਰਾ ਕਿਉਂ ਸਮਝ ਲਵਾਂ ਮੈਂ ? ਮੈਂ ਬਿਲਕੁਲ ਇਕੱਲਾ ਸਾਂ, ਨੀਲੂ ਦੇ ਸਿਰ ਉੱਤੇ ਕਿੰਨੀਆਂ ਛਾਵਾਂ ਹਨ। ਸੱਚ ਜਾਣਿਉਂ ਮੈਨੂੰ ਇਸ ਦੀ ਕੋਈ ਚਿੰਤਾ ਨਹੀਂ। ਇਹ ਤੁਹਾਡੀ ਹੈ; ਤੁਸੀਂ ਕਰੋ ਇਸ ਦੀ ਚਿੰਤਾ। ਮੈਨੂੰ ਉਸੇ ਤਰ੍ਹਾਂ ਜੀ ਲੈਣ ਦਿਉ ਜਿਸ ਤਰ੍ਹਾਂ ਜੀਣ ਦੀ ਜਾਚ ਤੁਸਾਂ ਸਿਖਾਈ ਹੈ।"

ਕੋਲ ਬੈਠੇ ਚਾਚਾ ਚੰਦਾ ਸਿੰਘ ਜੀ ਨੇ ਆਖਿਆ, "ਕਰੀ ਜਾ ਆਪਣੀ ਮਰਜ਼ੀ, ਅਸੀਂ ਤੈਨੂੰ ਰੋਕਣ ਵਾਲੇ ਕੌਣ ਹਾਂ; ਪਰ, ਇਹ ਪਤਾ ਨਹੀਂ ਲੱਗਦਾ ਕਿ ਏਨਾ ਖ਼ਰਚਾ ਤੂੰ ਚੁੱਕੀ ਕਿੱਦਾਂ ਜਾਨੈਂ।"

"ਹੱਥ ਨੂੰ ਹੱਥ ਹੈ, ਚਾਚਾ ਜੀ। ਪਿਛਲੇ ਵਰ੍ਹੇ ਜਦੋਂ ਮਕਾਨ ਬਣਾਇਆ ਸੀ ਤਾਂ ਮਜ਼ਦੂਰੀ ਉੱਤੇ ਇੱਕ ਪੈਸਾ ਨਹੀਂ ਸੀ ਲੱਗਣ ਦਿੱਤਾ ਤੁਸਾਂ ਸਾਰਿਆਂ। ਮੈਂ ਵੀ ਤਾਂ ਆਪਣੇ ਸਿਰੋਂ ਭਾਰ ਲਾਹੁਣਾ ਹੋਇਆ।"

"ਜਿਹੜਾ ਭਾਰ ਸਾਡੇ ਸਿਰੀਂ ਚਾੜ੍ਹੀ ਜਾਨੈ ਉਹਦਾ ਕੀ ਬਣੂੰ ?"

"ਮੈਂ ਕੋਈ ਭਾਰ ਨਹੀਂ ਚਾੜ੍ਹਦਾ, ਚਾਚਾ ਜੀ। ਹਜ਼ਾਰਾਂ ਰੁਪਿਆਂ ਦੀ ਆਮਦਨ ਹੈ ਮੈਨੂੰ। ਸਾਰੇ ਤੁਸੀਂ ਹੀ ਦਿੰਦੇ ਹੋ। ਇਨ੍ਹਾਂ ਵਿੱਚੋਂ ਜੇ ਦਸਵਾਂ ਹਿੱਸਾ ਵੀ ਇੱਕ ਪਾਸੇ ਕਰੀ ਜਾਵਾਂ ਤਾਂ ਤਿੰਨ-ਚਾਰ ਸੌ ਬਣ ਜਾਂਦਾ ਹੈ ਮਹੀਨੇ ਦਾ। ਹਜ਼ਾਰਾਂ ਗਾਹਕ ਹਨ ਮੇਰੇ। ਇਤਬਾਰ ਬਣਿਆ ਹੋਇਆ ਹੈ। ਜੇ ਆਪਣੇ ਪਿੰਡ ਦੇ ਭਲੇ ਲਈ ਹਰ ਗਾਹਕ ਕੋਲੋਂ, ਰੁਪਏ ਪਿੱਛੇ ਦੋ ਤਿੰਨ ਪੈਸੇ ਵੱਧ ਵਸੂਲ ਕਰੀ ਜਾਵਾਂ ਤਾਂ ਤੁਸੀਂ ਕਿਹੜੀ ਪੁੱਛ-ਪੜਤਾਲ ਕਰਨੀ ਹੈ। ਇਹੋ ਕੁਝ ਕਰੀ ਜਾਨਾਂ; ਤੁਸੀਂ ਨਾ ਫ਼ਿਕਰ ਕਰੋ ਕਿਸੇ ਭਾਰ ਦੀ। ਖੂਹ ਦੀ ਮਿੱਟੀ ਨਾਲ ਖੂਹ ਪੂਰੀ ਜਾਂਦਾ ਹਾਂ।"

ਕੇਵਲ ਖੂਹ ਦੀ ਮਿੱਟੀ ਨਾਲ ਖੂਹ ਪੂਰਦਾ ਰਿਹਾ ਅਤੇ ਸੰਨ ਉੱਨੀ ਸੌ ਛਿਆਹਠ ਵਿੱਚ ਮੈਨੂੰ, ਦੋ ਢਾਈ ਸਾਲ ਲਈ ਇੰਗਲੈਂਡ ਜਾਣ ਦਾ ਮੌਕਾ ਮਿਲ ਗਿਆ। ਮੇਰੇ ਪੱਛਮੀ ਦੇਸਾਂ ਦੇ ਅਨੁਭਵ ਨੇ ਤਾਂ ਕਾਇਆਂ ਹੀ ਪਲਟ ਦਿੱਤੀ ਕੇਵਲ ਦੀ। ਉਸ ਦੀ ਸੋਚ ਦਾ ਨਿੱਕਾ ਜਿਹਾ ਬਟ-ਬੀਜ ਵੱਡ-ਆਕਾਰੀ ਬੋਹੜ ਬਣ ਗਿਆ।

"ਅੰਕਲ ਜੀ, ਉਹ ਕਿਵੇਂ ? ਇੰਗਲੈਂਡ ਤਾਂ ਤੁਸੀਂ ਗਏ ਸੀ।"

ਜਿਵੇਂ ਸਨੇਹਾ ਦੇ ਇੰਗਲੈਂਡ ਜਾਣ ਨਾਲ ਤੇਰੇ ਵਿੱਚ ਫ਼ਰਕ ਪੈ ਗਿਆ ਹੈ। ਪੱਛਮੀ

ਬ੍ਰੇਵ ਨਿਊ ਵਰਲਡ (ਨਵੀਂ ਤਕੜੀ ਦੁਨੀਆ) ਨੂੰ ਵੇਖ ਕੇ ਮੈਂ ਆਲਡੂਅਸ ਹਕਸਲੇ ਦੇ ਸੈਵਿਜ ਵਾਂਗ ਹੀ ਅਚੰਭਿਤ ਹੋਇਆ ਸਾਂ। ਮੇਰੇ ਪੱਤਰਾਂ ਰਾਹੀਂ ਉਸ ਦੁਨੀਆ ਦੇ ਦਰਸ਼ਨ ਕਰ ਕੇ ਕੇਵਲ ਉਸ ਸੈਵਿਜ ਤੋਂ ਵੀ ਵੱਧ ਅਚੰਭਿਤ ਹੋਇਆ ਸੀ। ਮੇਰੇ ਵਾਪਸ ਆਉਣ ਉੱਤੇ ਉਹ ਮੇਰੇ ਖਹਿੜੇ ਹੀ ਪੈ ਗਿਆ ਕਿ ਪੱਛਮੀ ਦੁਨੀਆ ਦੀਆਂ ਗੱਲਾਂ ਉਸ ਨੂੰ ਸੁਣਾਵਾਂ। ਮੈਂ ਉਸ ਨੂੰ ਕਹਿੰਦਾ ਸਾਂ, "ਆਪ ਜਾ ਕੇ ਵੇਖ ਆ। ਅੱਜ-ਕੱਲ੍ਹ ਵਲੈਤ ਕਿਹੜੀ ਦੂਰ ਹੈ।" ਉਹ ਉੱਤਰ ਦਿੰਦਾ ਸੀ, "ਛੱਡ ਯਾਰ, ਮੈਂ ਅਨਪੜ੍ਹ ਜਿਹਾ ਆਦਮੀ ਹਾਂ, ਮੈਨੂੰ ਕੀ ਪਤਾ ਲੱਗਣੈ। ਤੂੰ ਵੇਖਿਆ, ਮੈਂ ਵੇਖ ਲਿਆ। ਤੂੰ ਸੁਣਾਈ ਜਾ; ਮੈਂ ਆਪਣੇ ਦਿਲ 'ਤੇ ਲਿਖੀ ਜਾਨਾਂ।"

"ਪੁੱਛ, ਕੀ ਪੁੱਛਣਾ ਈ।"

"ਮੈਨੂੰ ਕੀ ਪਤਾ ਕੀ ਪੁੱਛਣਾ ਹੈ। ਤੂੰ ਦੱਸ, ਕਿ ਤੂੰ ਏਥੋਂ ਨਾਲੋਂ ਵੱਖਰਾ ਕੀ ਵੇਖਿਆ ਹੈ। ਮੰਨ ਲੈ ਕਿ ਤੂੰ ਲੰਡਨ ਦੇ ਹਵਾਈ ਅੱਡੇ ਉੱਤੇ ਜਾ ਉਤਰਿਆ ਹੈਂ। ਕਿਸੇ ਰਿਕਸ਼ੇ-ਟਾਂਗੇ ਵਿੱਚ ਬੈਠ ਕੇ ਆਪਣੇ ਟਿਕਾਣੇ ਵੱਲ ਜਾਣਾ ਹੈ। ਨਵਾਂ ਮੁਲਕ ਹੈ, ਕਈ ਕੁਝ ਨਵਾਂ ਦਿੱਸੇਗਾ। ਬੱਸ, ਜੋ ਕੁਝ ਦੱਸਣ ਵਾਲਾ ਲੱਗਦਾ ਹੈ ਉਹ ਦੱਸੀ ਜਾ।"

"ਮੈਨੂੰ ਕੋਈ ਵੱਡਾ ਫ਼ਰਕ ਨਹੀਂ ਸੀ ਦਿੱਸਿਆ ਪਹਿਲੇ ਦਿਨ। ਹਾਂ, ਬਹੁਤੇ ਆਦਮੀ-ਔਰਤਾਂ ਬਹੁਤ ਹੀ ਗੋਰੇ ਰੰਗ ਦੇ ਸਨ ਅਤੇ ਕਿਧਰੇ ਕਿਧਰੇ ਬਹੁਤ ਹੀ ਕਾਲੇ ਵੀ ਸਨ। ਕੁਝ ਇੱਕ ਸਾਡੇ ਰੰਗੇ ਵੀ ਸਨ। ਦੁਕਾਨਾਂ ਵੱਡੀਆਂ ਸਨ, ਕਾਰਾਂ ਬਹੁਤੀਆਂ ਸਨ, ਭੀੜ ਜ਼ਿਆਦਾ ਸੀ, ਸ਼ੋਰ-ਸ਼ਰਾਬਾ ਘੱਟ ਸੀ। ਪਹਿਲੇ ਦਿਨ ਬੱਸ ਏਹੋ ਕੁਝ ਦੇਖ ਸਕਿਆ ਸਾਂ।"

"ਹੋਈ ਨਾ ਵੱਖਰੀ ਗੱਲ।"

"ਉਹ ਕੀ ?"

"ਭੀੜ ਜ਼ਿਆਦਾ ਅਤੇ ਸ਼ੋਰ ਸ਼ਰਾਬਾ ਘੱਟ। ਹੁਣ ਇਹ ਵੀ ਦੱਸ ਕਿ ਸ਼ੋਰ ਸ਼ਰਾਬਾ ਘੱਟ ਕਿਉਂ ਸੀ ?"

"ਇਸ ਲਈ ਕਿ ਕਿਸੇ ਦੁਕਾਨ ਵਿੱਚ ਕੋਈ ਰੇਡੀਓ ਨਹੀਂ ਸੀ ਵੱਜ ਰਿਹਾ, ਕਿਸੇ ਗਿਰਜੇ-ਗੁਰਦੁਆਰੇ ਦੇ ਬਨੇਰੇ ਉੱਤੇ ਲਾਊਡ ਸਪੀਕਰ ਨਹੀਂ ਸਨ ਗੂੰਜ ਰਹੇ; ਤਾਂਗੇ, ਰਿਕਸ਼ੇ, ਸਾਈਕਲ ਅਤੇ ਪਸ਼ੂ ਆਦਿਕ ਸੜਕਾਂ ਉੱਤੇ ਸਨ ਹੀ ਨਹੀਂ, ਇਸ ਲਈ ਕੋਈ ਵੀ 'ਬੱਚ ਓ ਸਰਦਾਰਾ, ਲਾਗੇ ਓ ਬਾਲ, ਪਾਸੇ, ਮਾਈ ਪਾਸੇ,' ਆਦਿਕ ਆਵਾਜ਼ਾਂ ਨਹੀਂ ਸੀ ਦੇ ਰਿਹਾ; ਕਾਰਾਂ ਹੀ ਕਾਰਾਂ ਸਨ ਅਤੇ ਹਵਾਈ ਅੱਡੇ ਤੋਂ ਰਮਫ਼ੋਰਡ ਤੱਕ, ਪੈਂਤੀ ਚਾਲੀ ਮੀਲ ਦੇ ਸ਼ਹਿਰੀ ਸਫ਼ਰ ਵਿੱਚ ਮੈਂ ਕਿਸੇ ਕਾਰ ਦੇ ਹਾਰਨ ਦੀ ਆਵਾਜ਼ ਨਹੀਂ ਸੁਣੀ।"

"ਸਾਰੇ ਸਫ਼ਰ ਵਿੱਚ ਨਹੀਂ ਸੁਣੀ ?"

"ਸਫ਼ਰ ਦੀ ਗੱਲ ਛੱਡ। ਮੈਂ ਢਾਈ-ਤਿੰਨ ਸਾਲ ਉਨ੍ਹਾਂ ਦੇਸ਼ਾਂ ਵਿੱਚ ਗੁਜ਼ਾਰੇ ਹਨ। ਸੱਚ ਪੁੱਛੋਂ ਤਾਂ ਸਾਰੇ ਸਮੇਂ ਵਿੱਚ ਕਿਸੇ ਬੱਸ ਜਾਂ ਕਾਰ ਜਾਂ ਟਰੱਕ ਦਾ ਹਾਰਨ ਨਹੀਂ ਸੁਣਿਆ। ਇਉਂ ਲੱਗਦਾ ਸੀ ਜਿਵੇਂ ਇਨ੍ਹਾਂ ਵਿੱਚ ਹਾਰਨ ਹੈ ਹੀ ਨਹੀਂ।"

"ਉਂਜ ਹੈ ਸਹੀ ?"

"ਹਾਂ, ਜ਼ਰੂਰ ਹੈ। ਇਸ ਦੀ ਲੋੜ ਪੈ ਸਕਦੀ ਹੈ; ਪੈਂਦੀ ਹੈ।"

"ਕਾਹਦੇ ਲਈ ?"

"ਦੂਜਿਆਂ ਨੂੰ ਸੂਚਨਾ ਦੇਣ ਲਈ; ਇਹ ਦੱਸਣ ਲਈ ਕਿ ਇਸ ਪਾਸੇ ਮੇਰੀ ਕਾਰ ਹੈ; ਇਸ ਲਈ ਜੋ ਵੀ ਕਰੋ ਜ਼ਰਾ ਸਾਵਧਾਨੀ ਨਾਲ ਕਰੋ। ਪਰ ਇਹ ਸੂਚਨਾ ਉਦੋਂ ਜ਼ਰੂਰੀ ਹੁੰਦੀ ਹੈ, ਜਦੋਂ ਕੋਈ ਇਹ ਵੇਖੇ ਜਾਂ ਸਮਝੇ ਕਿ ਦੂਸਰਾ ਆਦਮੀ ਕੁਝ ਅਵੇਸਲਾ ਹੈ।"

"ਅਤੇ ਤਿੰਨ ਸਾਲਾਂ ਵਿੱਚ ਤੂੰ ਨਹੀਂ ਵੇਖਿਆ ਕਿ ਕਿਸੇ ਇੱਕ ਨੇ ਕਿਸੇ ਦੂਜੇ ਨੂੰ ਅਵੇਸਲਾ ਸਮਝਿਆ ਹੋਵੇ ?"

"ਮੈਂ ਕਈਆਂ ਨੂੰ ਅਵੇਸਲਾ ਵੇਖਿਆ ਅਤੇ ਸਮਝਿਆ ਸੀ। ਇਸ ਲਈ ਇਹ ਕਹਿ ਸਕਦਾ ਹਾਂ ਕਿ ਦੂਜਿਆਂ ਨੇ ਵੀ ਦੂਜਿਆਂ ਵਿੱਚੋਂ ਕਿਸੇ ਨਾ ਕਿਸੇ ਨੂੰ, ਕਦੇ ਨਾ ਕਦੇ, ਅਵੇਸਲਾ ਵੇਖਿਆ ਹੋਵੇਗਾ।"

"ਫਿਰ ਤੂੰ ਅਵੇਸਲਿਆਂ ਨੂੰ ਹੁਸ਼ਿਆਰ ਜਾਂ ਖ਼ਬਰਦਾਰ ਕਰਨ ਲਈ ਹਾਰਨ ਕਿਉਂ ਨਾ ਵਜਾਇਆ ? ਜਿਨ੍ਹਾਂ ਨੇ ਕਦੇ ਕਿਸੇ ਨੂੰ ਅਵੇਸਲਾ ਵੇਖਿਆ ਉਸ ਨੂੰ ਸੂਚਿਤ ਕਿਉਂ ਨਾ ਕੀਤਾ ਉਨ੍ਹਾਂ ਨੇ ?"

"ਇਸ ਗੱਲ ਬਾਰੇ ਮੈਂ ਕਦੇ ਸੋਚਿਆ ਨਹੀਂ।"

"ਚੰਗਾ ਪੜ੍ਹਿਆ ਲਿਖਿਆ ਆਦਮੀ ਏਂ! ਆਪਣੇ ਦੇਸ਼ ਨਾਲੋਂ ਵੱਖਰੀ ਅਚੰਭਾ ਚੀਜ਼ ਵੇਖੀ ਅਤੇ ਸੋਚਿਆ ਨਹੀਂ। ਗਿਆ ਕੀ ਕਰਨ ਸੈਂ ?"

"ਲੋਕ ਦੂਜੇ ਦੇਸ਼ਾਂ ਵਿੱਚ ਸੈਰ ਕਰਨ ਜਾਂਦੇ ਹਨ; ਵਿੱਦਿਆ ਪੜ੍ਹਨ ਜਾਂਦੇ ਹਨ; ਵਪਾਰ ਕਰਨ ਅਤੇ ਧਨ ਕਮਾਉਣ ਜਾਂਦੇ ਹਨ; ਉੱਥੋਂ ਦੀ ਸਭਿਅਤਾ ਸੰਸਕ੍ਰਿਤੀ ਦੀ ਜਾਣਕਾਰੀ ਹਾਸਲ ਕਰਨ ਜਾਂਦੇ ਹਨ। ਇਹ ਪਤਾ ਕਰਨ ਤੂੰ ਜਾਵੇਂਗਾ ਕਿ ਪੱਛਮੀ ਦੇਸਾਂ ਦੇ ਲੋਕ ਕਾਰਾਂ ਦੇ ਹਾਰਨਾਂ ਦੀ ਵਰਤੋਂ ਕਿਉਂ ਨਹੀਂ ਕਰਦੇ।"

"ਧਨ ਤੂੰ ਕਮਾਇਆ ਨਹੀਂ ਅਤੇ ਸਭਿਅਤਾ, ਸੰਸਕ੍ਰਿਤੀ ਮੇਰੇ ਪੱਲੇ ਪੈਣ ਵਾਲੀਆਂ ਗੱਲਾਂ ਨਹੀਂ ਹਨ। ਜਿਨ੍ਹਾਂ ਦੀ ਪਹੁੰਚ ਸੰਸਕ੍ਰਿਤੀਆਂ ਤਕ ਜਾਂ ਕੇਵਲ ਸੰਸਕ੍ਰਿਤੀਆਂ ਤਕ ਹੁੰਦੀ ਹੈ ਉਹ ਆਪਣੇ ਦੇਸ਼ ਆ ਕੇ ਉਨ੍ਹਾਂ ਦੇਸਾਂ ਵਿਚਲੇ ਜੀਵਨ ਦੀਆਂ ਆਮ ਪ੍ਰਚੱਲਤ ਕਮਜ਼ੋਰੀਆਂ ਦਾ ਆਪਣੇ ਖੋਖਲੇ ਜੀਵਨ ਦੇ ਖ਼ਿਆਲੀ ਆਦਰਸ਼ਾਂ ਨਾਲ ਟਾਕਰਾ ਕਰਦੇ ਹਨ। ਸ਼ੁਕਰ ਹੈ ਤੂੰ ਅਜੇਹਾ ਨਹੀਂ ਕੀਤਾ। ਪਰ ਇੱਕ ਅਚੰਭੇ ਬਾਰੇ ਸੋਚਿਆ ਨਹੀਂ, ਇਹ ਚੰਗਾ ਨਹੀਂ ਕੀਤਾ। ਆ, ਹੁਣ ਸੋਚੀਏ। ਚੱਲ ਦੱਸ, ਉਹ ਲੋਕ ਹਾਰਨ ਵਜਾ ਕੇ ਅਵੇਸਲਿਆਂ ਨੂੰ ਸਾਵਧਾਨ ਕਿਉਂ ਨਹੀਂ ਕਰਦੇ ?"

"ਬਹੁਤ ਔਖਾ ਸੁਆਲ ਹੈ, ਯਾਰ। ਉਂਜ ਵੇਖਣ ਨੂੰ ਗੱਲ ਸਾਧਾਰਨ ਜੇਹੀ ਹੈ। ਕਿਸੇ ਨੇ ਠੀਕ ਹੀ ਆਖਿਆ ਹੈ ਕਿ ਸ੍ਵਤਾ-ਸਿੱਧ ਨੂੰ ਸਾਬਤ ਕਰਨਾ ਜਾਂ ਪਰੂਵ ਕਰਨਾ ਬਹੁਤ ਮੁਸ਼ਕਲ ਹੈ।"

"ਹੈਂ, ਹੈਂ, ਕੀ ਆਖਿਆ ਈ ? ਮੁੜ ਪੈ ਗਿਆਂ ਪੜ੍ਹਾਈਆਂ ਦੇ ਚੱਕਰ ਵਿੱਚ ? ਜਾਪਦਾ ਹੈ ਗੱਲ ਸਿਆਣੀ ਕਰਨ ਲੱਗਾ ਏਂ। ਚੱਲ, ਕਰੀ ਜਾ ਗੱਲ।"

"ਗੱਲ ਕੋਈ ਖ਼ਾਸ ਨਹੀਂ। ਤੂੰ ਸੁਣਿਆ ਹੋਇਆ ਹੈ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਠੀਕ ਹੈ; ਪਰ ਇਹ ਵੀ ਠੀਕ ਹੈ ਕਿ ਪ੍ਰਤੱਖ ਵਾਸਤੇ ਪ੍ਰਮਾਣ ਲੱਭਣਾ ਸੌਖਾ ਨਹੀਂ। ਸਿੱਧੀ ਜੇਹੀ ਗੱਲ ਹੈ ਕਿ ਪੱਛਮੀ ਦੇਸ਼ਾਂ ਵਿੱਚ ਹਾਰਨ ਵੱਜਦਾ ਨਹੀਂ ਸੁਣਿਆ; ਪਰ, ਇਹ ਕਦੇ ਨਹੀਂ ਸੋਚਿਆ ਕਿ ਜਿਸ ਚੀਜ਼ ਦੀ ਲੋੜ ਸਮਝੀ ਗਈ ਹੈ, ਉਸ ਚੀਜ਼ ਨੂੰ ਲੋੜ ਪੈਣ ਉੱਤੇ ਵੀ ਵਰਤਿਆ ਕਿਉਂ ਨਹੀਂ ਜਾਂਦਾ। ਇੱਕ ਕਾਰਨ ਤਾਂ ਇਹ ਹੋ ਸਕਦਾ ਹੈ ਕਿ ਉੱਥੇ ਟ੍ਰੈਫ਼ਿਕ ਦੇ ਵਧੀਆ ਨੇਮ ਬਣੇ ਹੋਏ ਹਨ। ਲੋਕ ਉਨ੍ਹਾਂ ਨੇਮਾਂ ਦਾ ਪਾਲਣ ਕਰਦੇ ਹਨ। ਸੜਕਾਂ ਉੱਤੇ ਮਾਲ-ਡੰਗਰ, ਪੈਦਲ, ਰਿਕਸ਼ੇ-ਤਾਂਗੇ ਅਤੇ ਰੇੜ੍ਹੀਆਂ-ਗੱਡੇ ਆਦਿਕ ਨਹੀਂ ਹਨ। ਕਾਰਾਂ, ਮੋਟਰ- ਸਾਈਕਲ, ਲਾਰੀਆਂ ਅਤੇ ਟਰੱਕ ਆਦਿਕ ਹੀ ਹਨ। ਸਭ ਦੀ ਰਫ਼ਤਾਰ ਲੱਗਪੱਗ ਬਰਾਬਰ ਹੈ। ਇਸ ਲਈ ਆਪੋ ਆਪਣੀ ਲੀਹੇ ਪਏ ਤੁਰੇ ਰਹਿੰਦੇ ਹਨ। ਕਿਸੇ ਨੂੰ ਕੁਝ ਕਹਿਣ ਦੀ ਲੋੜ ਘੱਟ ਹੀ ਪੈਂਦੀ ਹੈ।"

"ਦੇਵਿੰਦਰ, ਹੋਸ਼ ਟਿਕਾਣੇ ਹੈ ਤੇਰੀ ? ਇਹ ਗੱਲ ਤਾਂ ਪਹਿਲਾਂ ਹੋ ਚੁੱਕੀ ਹੈ ਅਤੇ ਇਹ ਵੀ ਤੂੰ ਆਖਿਆ ਹੈ ਕਿ ਕਈ ਵੇਰ ਕਿਸੇ ਨੂੰ ਅਵੇਸਲਾ ਵੇਖ ਕੇ ਵੀ ਤੂੰ ਹਾਰਨ ਨਹੀਂ ਵਜਾਇਆ। ਕਿਉਂ ? ਕਿਉਂ ?"

"ਮੈਨੂੰ ਦੂਜਿਆਂ ਦਾ ਪਤਾ ਨਹੀਂ, ਮੈਂ ਆਪਣੀ ਗੱਲ ਦੱਸਦਾ ਹਾਂ; ਇਹ ਵੀ ਹੁਣ ਸੋਚ ਕੇ ਦੱਸਣ ਲੱਗਾ ਹਾਂ, ਉਦੋਂ ਤਾਂ ਸਿਰਫ਼ 'ਕਰਦਾ' ਰਿਹਾ ਹਾਂ ਹੁਣ 'ਕੀਤੇ' ਦਾ ਵਿਸ਼ਲੇਸ਼ਣ ਕਰਨ ਲੱਗਾ ਹਾਂ। ਜਦੋਂ ਵੀ ਮੈਂ ਕਿਸੇ ਦੂਜੇ ਆਦਮੀ ਬਾਰੇ ਇਹ ਮਹਿਸੂਸ ਕਰਦਾ ਸਾਂ ਕਿ ਉਹ ਸੜਕ ਦੀ ਵਰਤੋਂ ਵਿੱਚ ਅਵੇਸਲਾ ਹੈ, ਤਾਂ ਮੈਂ ਇਹ ਸੋਚਦਾ ਸਾਂ ਕਿ ਉਹ ਅਵੇਸਲਾ ਹੈ, ਮੈਂ ਸਾਵਧਾਨ ਹਾਂ। ਇੱਕ ਅਵੇਸਲੇ ਆਦਮੀ ਨਾਲੋਂ ਇੱਕ ਸਾਵਧਾਨ ਆਦਮੀ ਦੀ ਜ਼ਿੰਮੇਵਾਰੀ ਕੁਝ ਜ਼ਿਆਦਾ ਸਮਝੀ ਜਾਣੀ ਚਾਹੀਦੀ ਹੈ। ਇਸ ਲਈ ਉਸ ਨੂੰ ਸਾਵਧਾਨ ਕਰਨ ਦੀ ਥਾਂ ਮੈਂ ਉਸ ਸਾਵਧਾਨੀ ਦੀ ਵਰਤੋਂ ਪਹਿਲਾਂ ਕਰਾਂ ਜਿਹੜੀ ਮੇਰੇ ਮਨ ਵਿੱਚ ਮੌਜੂਦ ਹੈ। ਇਸ ਲਈ ਮੈਂ ਹਾਰਨ ਵਜਾਉਣ ਦੀ ਥਾਂ ਹੌਲੀ ਹੋਣਾ ਜਾਂ ਰੁਕ ਜਾਣਾ ਚੰਗੇਰਾ ਸਮਝਦਾ ਰਿਹਾ ਹਾਂ।"

"ਹੁਣ ਬਣੀ ਗੱਲ; ਸੁਆਦ ਆ ਗਿਆ; ਏਹਨੂੰ ਕਹਿੰਦੇ ਹਨ ਵਿੱਦਿਆ ਵਿਚਾਰੀ। ਉਹ ਕਾਹਦਾ ਵਿਦਵਾਨ, ਜਿਹੜਾ ਵਿੱਦਿਆ ਅਤੇ ਵਿਚਾਰ ਦੇ ਆਪਸੀ ਸੰਬੰਧ ਨੂੰ ਨਹੀਂ ਜਾਣਦਾ। ਜਿਹੜਾ ਆਦਮੀ ਵਿਦਵਾਨ ਵੀ ਹੋਵੇ ਅਤੇ ਵਿਚਾਰਵਾਨ ਵੀ, ਉਸ ਕੋਲੋਂ ਪਰਉਪਕਾਰ ਦੀ ਆਸ ਕੀਤੀ ਜਾ ਸਕਦੀ ਹੈ।"

"ਦੂਜਾ ਕਾਰਨ ਇਹ ਹੋ ਸਕਦਾ ਹੈ ਕਿ ਕਿਸੇ ਨੂੰ ਹਾਰਨ ਵਜਾ ਕੇ ਸਾਵਧਾਨ ਕਰਨ ਦਾ ਮਤਲਬ ਹੈ ਉਸ ਨੂੰ ਇਹ ਕਹਿਣਾ, 'ਦੇਖ ਬਈ, ਤੂੰ ਗ਼ਲਤੀ ਕਰ ਰਿਹਾ ਹੈਂ; ਰੁਕ ਜਾ, ਜਾਂ ਸਾਵਧਾਨ ਹੋ ਜਾ।' ਕਿਸੇ ਨੂੰ ਇਉਂ ਕਹਿਣਾ, ਮੈਂ ਸਮਝਦਾ ਹਾਂ, ਰੁੱਖਾ ਅਤੇ ਅਸੱਭਿਅ ਹੈ। ਉਨ੍ਹਾਂ ਦੇਸਾਂ ਵਿੱਚ ਹਾਰਨ ਵਜਾਉਣ ਨੂੰ ਇੱਕ ਗੁਸਤਾਖ਼ੀ ਸਮਝਿਆ ਜਾਂਦਾ ਹੈ। ਅਤੇ ਮੈਂ ਸਮਝਦਾ ਹਾਂ ਉਹ ਠੀਕ ਸਮਝਦੇ ਹਨ; ਇਹ ਹੈ ਹੀ ਗੁਸਤਾਖ਼ੀ ਵਾਲੀ ਗੱਲ।"

"ਗੁਸਤਾਖ਼ੀ ਵਾਲੀ ਵੀ ਅਤੇ ਖ਼ਤਰੇ ਵਾਲੀ ਵੀ। ਜੇ ਸੜਕ ਵਿੱਚ ਕੋਈ ਬੱਚਾ, ਕੋਈ ਬੇ-ਧਿਆਨਾ ਆਦਮੀ ਜਾਂ ਕੋਈ ਘਬਰਾਇਆ ਹੋਇਆ ਡਰਾਈਵਰ ਹੋਵੇ ਅਤੇ ਤੁਸੀਂ ਹਾਰਨ ਵਜਾ ਕੇ ਉਸ ਨੂੰ ਸਾਵਧਾਨ ਕਰਨ ਦਾ ਜਤਨ ਕਰੋ, ਤਾਂ ਉਹ ਤ੍ਰਭਕ ਵੀ ਸਕਦਾ ਹੈ ਅਤੇ ਕੋਈ ਨੁਕਸਾਨ ਵੀ ਹੋ ਸਕਦਾ ਹੈ।"

"ਹਾਂ, ਇਹ ਸਭ ਸੋਚ ਕੇ ਹੀ ਮੈਂ ਹਾਰਨ ਵਜਾਉਣੋਂ ਪਰਹੇਜ਼ ਕਰਦਾ ਰਿਹਾ ਹਾਂ ਅਤੇ ਇਹ ਸਮਝਦਾ ਹਾਂ ਕਿ ਬਾਕੀ ਸਾਰੇ ਵੀ ਮੇਰੇ ਵਾਂਗ ਹੀ ਸੋਚਦੇ ਹੋਣਗੇ। ਜੇ ਸੋਚਦੇ ਮੇਰੇ ਵਾਂਗ ਨਹੀਂ ਸਨ ਤਾਂ ਵੀ ਕਰਦੇ ਉਹੋ ਕੁਝ ਸਨ ਜੋ ਮੈਂ ਕਰਦਾ ਸਾਂ।"

"ਦੇਵਿੰਦਰ, ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਲੋਕਾਂ ਦਾ ਮਨ ਸਾਂਸਕ੍ਰਿਤ ਹੈ—ਵਿਕਸਿਤ ਮਨ ਹੈ।"

"ਅੱਛਾ, ਜੇ ਮੈਂ ਤੈਨੂੰ ਇਹ ਆਖਾਂ ਕਿ ਨਾਰਵੇ, ਸਵੀਡਨ, ਡੈਨਮਾਰਕ, ਸਵਿਟਜ਼ਰਲੈਂਡ ਹਾਲੈਂਡ, ਪੋਲੈਂਡ, ਫ਼੍ਰਾਂਸ, ਜਰਮਨੀ ਅਤੇ ਇੰਗਲੈਂਡ ਆਦਿਕ ਦੇਸਾਂ ਦੀ ਕਿਸੇ ਸੜਕ ਉੱਤੇ, ਤਿੰਨਾਂ ਸਾਲਾਂ ਵਿੱਚ, ਮੈਂ ਕੋਈ ਵੱਟਾ, ਪੱਥਰ ਜਾਂ ਰੋੜਾ ਪਿਆ ਨਹੀਂ ਵੇਖਿਆ, ਤਾਂ ਤੂੰ ਜ਼ਰੂਰ ਆਖੇਂਗਾ ਕਿ ਉਨ੍ਹਾਂ ਸਾਰੇ ਦੇਸ਼ਾਂ ਵਿੱਚ ਰਿਸ਼ੀ ਮੁਨੀ ਵੱਸਦੇ ਹਨ। ਜੇ ਮੈਂ ਇਹ ਆਖਾਂ ਕਿ ਇੱਕ ਇੰਗਲੈਂਡ ਨੂੰ ਛੱਡ ਕੇ ਪੱਛਮੀ ਯੌਰਪ ਦੇ ਲੱਗਪੱਗ ਸਾਰੇ ਦੇਸ਼ਾਂ ਦੇ ਸ਼ਹਿਰਾਂ ਦੇ ਗਲੀਆਂ, ਬਾਜ਼ਾਰਾਂ ਵਿੱਚ ਕਾਗ਼ਜ਼ ਦਾ ਇੱਕ ਟੁਕੜਾ ਪਿਆ ਹੋਇਆ ਨਹੀਂ ਦਿੱਸਦਾ, ਤਾਂ ਤੇ ਤੂੰ ਆਖੇਂਗਾ ਕਿ ਉਹ ਸਾਰੇ ਬ੍ਰਹਮਾ ਦੇ ਅਵਤਾਰ ਹਨ।"

"ਇਉਂ ਤਾਂ ਨਹੀਂ ਆਖਾਂਗਾ ਮੈਂ; ਪਰ, ਜੇ ਇਹ ਗੱਲ ਸੱਚ ਹੈ ਕਿ ਸਾਡੇ ਲਈ ਜੋ ਅਸੰਭਵ ਹੈ ਉਨ੍ਹਾਂ ਲਈ ਉਹ ਇੱਕ ਸਾਧਾਰਣ ਗੱਲ ਹੈ ਤਾਂ ਮੈਂ ਭਰੋਸੇ ਨਾਲ ਆਪਣੀ ਗੱਲ ਦੁਹਰਾਵਾਂਗਾ ਕਿ ਉਨ੍ਹਾਂ ਲੋਕਾਂ ਦਾ ਮਨ ਵਿਕਸਿਤ ਹੈ, ਸਾਂਸਕ੍ਰਿਤ ਹੈ, ਸਾਧਿਆ ਹੋਇਆ ਮਨ ਹੈ।"

"ਕੇਵਲ, ਨਾ ਉਹ ਲੋਕ ਯੋਗ ਦੇ ਅਭਿਆਸੀ ਹਨ, ਨਾ ਸਿਮਰਨ-ਭਜਨ ਦੇ ਵਿਸ਼ਵਾਸੀ। ਉਨ੍ਹਾਂ ਦਾ ਇਹ ਵਤੀਰਾ ਕਿਸੇ ਸਾਧਨਾ ਦਾ ਸਿੱਟਾ ਨਹੀਂ; ਸਗੋਂ ਸਨਅਤੀ ਜੀਵਨ ਦੀ ਲੋੜ ਵਿੱਚੋਂ ਉਪਜਿਆ ਹੋਇਆ ਇੱਕ ਵਤੀਰਾ ਹੈ—ਇੱਕ ਮਜਬੂਰੀ ਹੈ। ਲੋੜ ਦੀ ਮਜਬੂਰੀ ਤੋਂ ਮੁਕਤ ਹੁੰਦਿਆਂ ਹੀ ਉਨ੍ਹਾਂ ਦਾ ਮਨ ਆਪਣੇ ਉਸੇ ਟਿਕਾਣੇ ਆ ਸਕਦਾ ਹੈ।"

"ਮੈਨੂੰ ਇਨਕਾਰ ਨਹੀਂ; ਜ਼ਰੂਰ ਆ ਸਕਦਾ ਹੈ। ਮਨ ਉੱਤੇ ਪੱਕੇ ਪਹਿਰੇ ਨਾ ਯੋਗ ਨੇ ਬਿਠਾਏ ਹਨ, ਨਾ ਸਿਮਰਨ-ਭਜਨ ਨੇ। ਕੋਈ ਮੇਨਕਾ, ਜਦੋਂ ਚਾਹੇ ਕਿਸੇ ਵਿਸ਼ਵਾਮਿੱਤਰ ਨੂੰ ਮਜਨੂੰ, ਮਹੀਂਵਾਲ ਜਾਂ ਰਾਂਝਾ ਬਣਾ ਕੇ ਮੱਝੀਆਂ ਚਾਰਨ ਦੇ ਕੰਮ ਲਾ ਸਕਦੀ ਹੈ। ਕਿਸ 'ਜੋਗੇ' ਨੇ ਕਦੋਂ ਕਿਸ ਵੇਸ਼ਿਆ ਦਾ ਦਰ ਜਾ ਖੜਕਾਉਣਾ ਹੈ ? ਕੌਣ ਜਾਣੇ ! ਜੀਵਨ ਦੀਆਂ ਲੋੜਾਂ ਅਤੇ ਸਮਾਜਕ ਸੰਬੰਧਾਂ ਵਿੱਚੋਂ ਉਪਜੇ ਹੋਏ ਬੰਧਨਾਂ ਦੀ ਉਮਰ ਬਹੁਤ ਲੰਮੀ ਹੁੰਦੀ ਹੈ। ਇਹ ਉਮਰ ਭਰ ਮਨ ਉੱਤੇ ਪਹਿਰਾ ਦੇਣ ਦੀ ਯੋਗਤਾ ਰੱਖਦੇ ਹਨ। ਮਨ ਦਾ ਵਿਕਾਸ ਜੀਵਨ ਦੀਆਂ ਲੋੜਾਂ ਅਤੇ ਜੀਵਾਂ ਦੇ ਸੰਬੰਧਾਂ ਵਿੱਚੋਂ ਹੋਇਆ ਹੈ; ਯੋਗ ਦੇ ਅਭਿਆਸਾਂ ਅਤੇ ਤਪਾਂ ਵਿੱਚੋਂ ਨਹੀਂ। ਡਾਰਵਿਨ ਦੀ ਗੱਲ ਤੂੰ ਹੀ ਦੱਸੀ ਸੀ ਮੈਨੂੰ। ਜੇ ਜੰਗਲੀ-ਜੀਵਨ ਦੀਆਂ ਲੋੜਾਂ ਪਸ਼ੂ-ਮਨ ਨੂੰ ਵਿਕਸਾਉਂਦੀਆਂ ਆਈਆਂ ਹਨ ਤਾਂ ਸਨਅਤੀ ਜੀਵਨ ਦੀਆਂ ਲੋੜਾਂ ਮਨੁੱਖੀ ਮਨ ਦਾ ਵਿਕਾਸ ਕਿਉਂ ਨਹੀਂ ਕਰਦੀਆਂ ? ਸਾਡੀ ਰੋਜ਼ਾਨਾ ਜ਼ਿੰਦਗੀ ਮਨ ਦੀ ਸਾਧਨਾ ਕਿਉਂ ਨਹੀਂ ਮੰਨੀ ਜਾਂਦੀ ? ਰੋਜ਼ਾਨਾ ਜ਼ਿੰਦਗੀ ਤੋਂ ਛੇਕੇ ਹੋਏ ਬੇ-ਅਰਥੇ ਜਿਹੇ ਉੱਠਣ ਬੈਠਣ, ਅੱਖਾਂ ਮੀਟਣ, ਸਾਹ ਖਿੱਚਣ, ਮਣਕੇ ਗਿਣਨ ਅਤੇ ਬੁੜ ਬੁੜ ਕਰੀ ਜਾਣ ਨੂੰ ਹੀ ਮਨ ਦੀ ਸਾਧਨਾ ਕਿਉਂ ਮੰਨਿਆ ਜਾਵੇ ? ਨੇਕ ਨੀਅਤੀ, ਈਮਾਨਦਾਰੀ, ਮਿਹਨਤ, ਮਿੱਤ੍ਰਤਾ, ਸੰਜਮ, ਸੰਤੋਖ ਅਤੇ ਦਇਆ ਨਾਲੋਂ ਵਡੇਰੀ ਸਾਧਨਾ ਮੈਨੂੰ ਤਾਂ ਦਿੱਸੀ ਨਹੀਂ ਕਿਤੇ ! ਰੋਜ਼ਾਨਾ ਜ਼ਿੰਦਗੀ ਵਿੱਚ ਇਹ ਸਾਰੀ ਸਾਧਨਾ ਸਹਿਜੇ ਹੀ ਅਪਣਾਈ ਜਾ ਸਕਦੀ ਹੈ—ਸਾਧੀ ਜਾ ਸਕਦੀ ਹੈ।"

"ਇਹ ਬਹੁਤ ਕਠਿਨ ਕੰਮ ਹੈ, ਕੇਵਲ।"

"ਅੱਛਾ, ਅੱਛਾ ! ਮਨ ਦੀ ਸਾਧਨਾ ਲਈ ਸੁਖਦਾਇਕ ਤਰੀਕਿਆਂ ਦੀ ਵਿਉਂਤ ਬਣਾ ਲਈ ਗਈ ਹੈ। ਬੜੇ ਚਤੁਰ ਹਨ ਇਹ ਸਾਧਕ !! ਇਨ੍ਹਾਂ ਦੇ ਸੌਖੇ ਤਰੀਕਿਆਂ ਨੇ ਰੋਜ਼ਾਨਾ ਜ਼ਿੰਦਗੀ ਵਿਚਲੀ ਖ਼ੂਬਸੂਰਤੀ ਨੂੰ ਔਖੀ ਅਤੇ ਬੇ-ਲੋੜੀ ਬਣਾ ਦਿੱਤਾ ਹੈ।"

"ਕੇਵਲ, ਤੇਰੀ ਗੱਲ ਨਾਲ ਮੈਂ ਸਹਿਮਤ ਹਾਂ; ਪਰ ਸਮੁੱਚਾ ਸਹਿਮਤ ਨਹੀਂ। ਮਿਹਨਤ, ਮਿੱਤਰਤਾ, ਇਮਾਨਦਾਰੀ, ਨੇਕ ਨੀਅਤੀ, ਸੰਜਮ ਆਦਿਕ ਨੂੰ ਮੈਂ ਔਖੇ ਕੰਮ ਆਖਿਆ ਹੈ। ਮਨ ਦੀ ਸਾਧਨਾ ਦੇ ਤਰੀਕੇ ਵੀ ਸੌਖੇ ਜਾਂ ਸੁਖਦਾਇਕ ਨਹੀਂ ਹਨ, ਉਹ ਵੀ ਔਖੇ ਹਨ। ਤਾਂ ਵੀ ਮੈਂ ਦੈਨਿਕ ਜੀਵਨ ਵਿੱਚ ਤੇਰੇ ਵਾਂਗ ਈਮਾਨਦਾਰ ਹੋਣ ਨੂੰ ਸਿਮਰਨ, ਭਜਨ ਅਤੇ ਯੋਗ ਆਦਿਕ ਨਾਲੋਂ ਔਖਾ ਹੀ ਆਖਾਂਗਾ। ਈਮਾਨਦਾਰੀ, ਸੰਜਮ, ਸੰਤੋਖ ਆਦਿਕ ਔਖੇ ਇਸ ਲਈ ਹਨ ਕਿ ਇਹ ਮਨੁੱਖ ਦੇ ਨਿੱਜੀ ਸੰਸਾਰਕ ਹਿੱਤਾਂ ਦਾ ਰਾਹ ਰੋਕਦੇ ਹਨ। ਇਨ੍ਹਾਂ ਦਾ ਪੱਲਾ ਪਕੜਨ ਵਾਲਾ ਆਦਮੀ ਸੁਆਰਥ ਦੀ ਦੌੜ ਵਿੱਚ ਪਿੱਛੇ ਰਹਿ ਗਿਆ ਮਹਿਸੂਸ ਕਰਦਾ ਹੈ। ਅਧਿਆਤਮਕ ਆਗੂਆਂ ਦੇ ਦੱਸੇ ਹੋਏ ਸਾਧਨ ਸੰਸਾਰਕ ਨਹੀਂ ਹੁੰਦੇ; ਇਹ ਸਾਡੀ ਦਿਨਚਰਿਆ ਜਾਂ ਸਾਡੇ ਸਾਧਾਰਣ ਦੈਨਿਕ ਜੀਵਨ ਦਾ ਸਾਧਾਰਣ ਹਿੱਸਾ ਨਹੀਂ ਹੁੰਦੇ; ਇਸ ਲਈ, ਮਾਇਆ ਦੀ ਦੌੜ ਵਿੱਚ ਸਿਰ 'ਤੇ ਚੁੱਕਿਆ ਹੋਇਆ ਵਾਧੂ ਭਾਰ ਨਹੀਂ ਬਣਦੇ। ਅਸਾਧਾਰਣ ਅਧਿਆਤਮਕ ਸਾਧਨ

ਵੀ ਔਖੇ ਹਨ; ਪਰ, ਮਨੁੱਖ ਦੇ ਅਧਿਆਤਮਕ ਸੁਆਰਥ ਦੀ ਉਪਜ ਹੋਣ ਕਰਕੇ, ਉਹ ਮਨੁੱਖ ਦੀ ਸੁਆਰਥੀ ਰੁਚੀ ਦੇ ਸਹਿਯੋਗੀ ਹੁੰਦੇ ਹਨ; ਇਸ ਲਈ ਸੌਖੇ ਜਾਪਦੇ ਹਨ।"

"ਅੱਛਾ ਸੁਣ! ਮੇਰੀ ਗੱਲ ਦਾ ਗ਼ਲਤ ਮਤਲਬ ਨਾ ਕੱਢੀਂ। ਮੈਂ ਸ਼ੇਖੀ ਨਹੀਂ ਮਾਰਨੀ ਚਾਹੁੰਦਾ। ਸੱਚ ਇਹ ਹੈ ਕਿ ਮੈਨੂੰ ਸੰਜਮ, ਸੰਤੋਖ, ਤਿਆਗ ਅਤੇ ਨੇਕ ਨੀਅਤੀ ਆਦਿਕ ਸੌਖੇ ਲੱਗਦੇ ਹਨ। ਸਿੱਧੀ ਗੱਲ ਇਹ ਹੈ ਰੋਜ਼ਾਨਾ ਜ਼ਿੰਦਗੀ ਵਿੱਚ ਦੂਜਿਆਂ ਦਾ ਖ਼ਿਆਲ ਰੱਖ ਕੇ ਜੀਉਣਾ ਮੈਨੂੰ ਬਹੁਤ ਸਰਲ ਅਤੇ ਸੌਖਾ ਲੱਗਦਾ ਹੈ। ਇਹ ਕਿਉਂ?"

"ਕਿਉਂਕਿ ਤੂੰ ਕਿਸੇ ਸੰਘਰਸ਼ ਜਾਂ ਮੁਕਾਬਲੇ ਵਿੱਚ ਨਹੀਂ—ਤੂੰ ਪ੍ਰਾਪਤੀਆਂ ਦੀ ਦੌੜ ਨਹੀਂ ਦੌੜ ਰਿਹਾ; ਇਸ ਲਈ, ਤੈਨੂੰ ਕਿਸੇ ਉੱਤੇ ਕੋਈ ਬੇ-ਵਸਾਹੀ ਨਹੀਂ—ਤੈਨੂੰ ਕੋਈ ਤੌਖਲਾ ਨਹੀਂ। ਤੈਨੂੰ ਆਪਣੇ ਸੁਰੱਖਿਅਤ ਹੋਣ ਦਾ ਪੂਰਾ ਭਰੋਸਾ ਹੈ। ਇਸ ਭਰੋਸੇ ਕਾਰਨ ਤੇਰੇ ਵਿਚਲੀ ਸਾਤਵਿਕਤਾ, ਸਹਿਜ, ਸੰਤੋਖ ਅਤੇ ਸੱਚ ਆਦਿਕ ਸਾਤਵਿਕ ਰੂਪਾਂ ਵਿੱਚ ਵਿਅਕਤ ਹੋ ਰਹੀ ਹੈ। ਤੇਰੇ ਲਈ ਇਹ ਸਭ ਵਿਹਾਰ ਆਪਣੇ ਆਪ ਦਾ ਸਹਿਜ ਰੂਪ ਪ੍ਰਗਟਾਵਾ ਹੋਣ ਕਰਕੇ ਸਰਲ ਅਤੇ ਸੁਖਦਾਇਕ ਹੈ। ਜੀਵਨ ਨੂੰ ਸੰਘਰਸ਼ ਸਮਝਣ ਵਾਲੇ ਵੀ, ਲੋੜ ਪੈਣ ਉੱਤੇ ਅਜੇਹਾ ਵਤੀਰਾ ਅਪਣਾਉਂਦੇ ਹਨ ਜਿਹੜਾ ਸਾਤਵਿਕ ਹੋਣ ਦਾ ਭੁਲੇਖਾ ਪਾਉਂਦਾ ਹੈ; ਪਰ ਸਰਲ ਅਤੇ ਸੁਭਾਵਕ ਨਹੀਂ ਹੁੰਦਾ; ਸਗੋਂ ਇੱਕ 'ਉਚੇਚ' ਹੁੰਦਾ ਹੈ—ਵੇਲੇ ਅਨੁਸਾਰ ਅਪਣਾਇਆ ਗਿਆ ਇੱਕ ਤਰੀਕਾ ਹੁੰਦਾ ਹੈ; ਸੰਸਾਰਕ ਪ੍ਰਾਪਤੀਆਂ ਦਾ ਸਹਾਇਕ ਹੋਣ ਕਰਕੇ ਜਾਂ ਸਫਲਤਾ ਦਾ ਸਾਧਨ ਹੋਣ ਕਰਕੇ ਸੁਖਦਾਇਕ ਵੀ ਜਾਪਦਾ ਹੈ। ਏਸੇ ਲਈ ਮੈਂ ਕਹਿੰਦਾ ਹਾਂ ਕਿ ਪੱਛਮੀ ਲੋਕਾਂ ਦੇ ਜਿਸ ਵਿਹਾਰ ਨੂੰ ਤੂੰ ਸਾਧੇ ਹੋਏ ਮਨ ਦੀ ਸਹਿਜ ਅਭਿਵਿਅਕਤੀ ਮੰਨਦਾ ਹੈਂ, ਉਹ ਵਿਹਾਰ ਕਿਸੇ ਵਕਤੀ ਲੋੜ ਦੀ ਪੂਰਤੀ ਦਾ ਉਪਰਾਲਾ ਮਾਤ੍ਰ ਵੀ ਤਾਂ ਹੋ ਸਕਦਾ ਹੈ। ਸਾਨੂੰ ਕਿਸੇ ਵੀ....।"

"ਪੁਸ਼ਪੀ, ਏਨੀ ਗੱਲ ਕਰ ਕੇ ਮੈਂ ਕੇਵਲ ਵੱਲ ਵੇਖਿਆ। ਉਹ ਆਪਣੇ ਆਪ ਵਿੱਚ ਗੁਆਚਾ ਹੋਇਆ ਸੀ। ਮੈਂ ਵੀ ਚੁੱਪ ਕਰ ਗਿਆ। ਹੋਰ ਕੋਈ ਗੱਲ ਇਸ ਵਿਸ਼ੇ ਸੰਬੰਧੀ ਨਾ ਹੋਈ।"

ਅੰਮ੍ਰਿਤਸਰ ਨੂੰ ਜਾਣ ਵਾਲੀ ਗੱਡੀ ਪਿੰਡ ਦੇ ਸਟੇਸ਼ਨ ਉੱਤੇ ਆ ਕੇ ਰੁਕੀ। ਸਾਡਾ ਧਿਆਨ ਉਸ ਪਾਸੇ ਚਲਾ ਗਿਆ। ਧੁੱਪ ਕੁਝ ਤੇਜ਼ ਹੁੰਦੀ ਜਾ ਰਹੀ ਸੀ। ਅਸੀਂ ਓਥੋਂ ਉੱਠ ਕੇ ਘਰ ਆ ਗਏ। ਆਂਟੀ ਆਪਣੀਆਂ ਸਾੜੀਆਂ ਪ੍ਰੈੱਸ ਕਰ ਰਹੇ ਸਨ। ਅੰਕਲ ਜੀ ਨੂੰ ਕਹਿਣ ਲੱਗੇ, "ਦੀਪਕ ਅਤੇ ਦਰਸ਼ਨਾ ਆ ਰਹੇ ਹਨ। ਰਾਤ ਏਥੇ ਰਹਿਣਗੇ। ਸਵੇਰੇ ਗੁਰਦਾਸਪੁਰ ਜਾਣਗੇ ਅਤੇ ਸ਼ਾਮ ਨੂੰ ਮੁੜ ਧਾਰੀਵਾਲ। ਗੀਤੂ ਅਤੇ ਸੰਮੀਂ ਵੀ ਨਾਲ ਹਨ।"

ਪ੍ਰੈੱਸ ਤੋਂ ਵਿਹਲੇ ਹੋ ਕੇ ਆਂਟੀ ਜੀ ਕਿਚਨ ਵਿੱਚ ਰੁੱਝ ਗਏ ਅਤੇ ਮੈਂ ਉਨ੍ਹਾਂ ਦੀ ਸਹਾਇਤਾ ਕਰਨ ਲੱਗ ਪਈ। ਦਰਸ਼ਨਾ ਦੀਦੀ, ਦੀਪਕ ਜੀਜਾ ਜੀ ਅਤੇ ਬੱਚਿਆਂ ਨਾਲ ਵਕਤ ਵਾਹਵਾ ਗੁਜ਼ਰਿਆ। ਸ਼ਾਮ ਨੂੰ ਪਾਪਾ-ਬੀ ਜੀ ਆਏ ਅਤੇ ਮੈਨੂੰ ਗੁਰਦਾਸਪੁਰ ਨਾਲ ਲੈ ਗਏ। ਅਗਲੇ ਦਿਨ ਅੰਕਲ ਜੀ ਨੂੰ ਪੂਰੀ ਛੁੱਟੀ ਸੀ ਅਤੇ ਮੈਨੂੰ ਵੀ। ਮੈਂ ਸਵੇਰੇ ਹੀ ਮੁੜ ਜਾ ਹਾਜ਼ਰ ਹੋਈ। ਕਾਰ ਦੀ ਚਾਬੀ ਆਂਟੀ ਦੇ ਹੱਥ ਫੜਾ ਕੇ ਮੈਂ ਆਖਿਆ, "ਆਂਟੀ ਸ਼ਾਪਿੰਗ ਕਰ ਕੇ ਅਤੇ ਦੀਦੀ ਨੂੰ ਧਾਰੀਵਾਲ ਛੱਡ ਕੇ ਹੀ ਵਾਪਸ ਆਇਓ; ਕੋਈ ਕਾਹਲ ਨਹੀਂ।"

"ਕਾਹਲ ਮੈਨੂੰ ਵੀ ਕੋਈ ਨਹੀਂ ਪੁਸ਼ਪਿਆ, ਪੇਕੇ ਆਈ ਹੋਈ ਹਾਂ। ਘਰ ਆ ਕੇ ਰਾਤ ਦੀ ਰੋਟੀ ਖਾ ਕੇ ਧਾਰੀਵਾਲ ਜਾਵਾਂਗੀ।"

ਸਾਰਿਆਂ ਦੇ ਜਾਣ ਪਿੱਛੋਂ ਮੈਂ ਅੰਕਲ ਜੀ ਨੂੰ ਆਖਿਆ, "ਕੱਲ੍ਹ ਵਾਲੀ ਗੱਲ ਕਿੱਥੇ ਛੱਡੀ ਸੀ, ਤੁਹਾਨੂੰ ਯਾਦ ਹੈ ਕਿ ਯਾਦ ਕਰਾਵਾਂ?"

"ਅਗਲੇ ਐਤਵਾਰ ਜਦੋਂ ਕੇਵਲ ਮੇਰੇ ਕੋਲ ਆਇਆ ਤਾਂ ਉਸ ਦੀ ਪਤਨੀ ਸ਼ੀਲਾ ਅਤੇ ਬੇਟੀ ਨੀਲੂ ਵੀ ਉਸ ਦੇ ਨਾਲ ਸਨ। ਇਨ੍ਹਾਂ ਤੋਂ ਇਲਾਵਾ ਉਹ ਸਾਰੀਆਂ ਚਿੱਠੀਆਂ ਵੀ ਉਹ ਨਾਲ ਲਿਆਇਆ ਸੀ ਜਿਹੜੀਆਂ ਮੈਂ ਯੌਰਪ ਵਿੱਚੋਂ ਉਸ ਨੂੰ ਲਿਖਦਾ ਰਿਹਾ ਸਾਂ। ਸ਼ੀਲੂ ਅਤੇ ਨੀਲੂ ਨੂੰ ਤੁਹਾਡੀ ਆਂਟੀ ਦੇ ਹਵਾਲੇ ਕਰ ਕੇ ਉਹ ਉਵੇਂ ਹੀ ਮੇਰੇ ਖਹਿੜੇ ਪੈ ਗਿਆ ਜਿਵੇਂ ਇਨ੍ਹਾਂ ਸਾਰਿਆਂ ਨੂੰ ਸ਼ਾਪਿੰਗ ਲਈ ਤੋਰ ਕੇ ਤੂੰ ਮੇਰਾ ਸਿਰ ਖਾਣ ਲੱਗ ਪਈ ਹੈਂ। ਸਭ ਤੋਂ ਪਹਿਲਾਂ ਉਸ ਨੇ ਉਹ ਚਿੱਠੀ ਕੱਢ ਕੇ ਪੜ੍ਹਨੀ ਸ਼ੁਰੂ ਕੀਤੀ ਜਿਸ ਵਿੱਚ ਮੈਂ ਲਿਖਿਆ ਸੀ, "ਕੇਵਲ, ਏਥੇ ਕਈ ਗੱਲਾਂ ਹੈਰਾਨ ਕਰਨ ਵਾਲੀਆਂ ਹਨ। ਕੁਝ ਇੱਕ ਦਾ ਜ਼ਿਕਰ ਕਰਦਾ ਹਾਂ। ਬਾਹਰਲੇ ਦੇਸ਼ਾਂ ਵਿੱਚੋਂ ਆਏ ਹੋਏ ਕਾਮੇ ਆਪਣੇ ਪਰਿਵਾਰਾਂ ਨੂੰ ਨਾਲ ਲੈ ਕੇ ਨਹੀਂ ਆਏ। ਚਾਰ-ਚਾਰ, ਛੇ-ਛੇ ਕਾਮੇ ਮਿਲ ਕੇ. ਇੱਕ ਘਰ ਵਿੱਚ ਵੱਸਦੇ ਹਨ। ਸੋਮਵਾਰ ਤੋਂ ਸ਼ੁੱਕਰਵਾਰ ਤਕ ਸਾਰਾ ਦਿਨ ਅਤੇ ਸਨਿੱਚਰਵਾਰ ਅੱਧਾ ਦਿਨ ਕੰਮ ਕਰਨਾ ਹੁੰਦਾ ਹੈ। ਸ਼ੁੱਕਰਵਾਰ ਸਾਰਿਆਂ ਨੂੰ ਹਫ਼ਤੇ ਦੀ ਤਨਖ਼ਾਹ ਮਿਲ ਜਾਂਦੀ ਹੈ। ਕਮਰੇ ਦਾ ਕਿਰਾਇਆ, ਦੁੱਧ ਦੇ ਪੈਸੇ ਅਤੇ ਕਪੜਿਆਂ ਦੀ ਧੁਲਾਈ ਆਦਿਕ ਹਫ਼ਤਾਵਾਰੀ ਦਿੱਤੇ ਜਾਣ ਦਾ ਰਿਵਾਜ ਹੈ। ਕਮਰੇ ਦਾ ਕਿਰਾਇਆ ਲੈਣ ਲਈ ਮਾਲਕ ਮਕਾਨ ਸ਼ੁੱਕਰਵਾਰ ਦੀ ਸ਼ਾਮ ਨੂੰ ਆ ਜਾਂਦਾ ਹੈ, ਪਰੰਤੂ ਦੁੱਧ ਦੇ ਪੈਸੇ ਅਤੇ ਕਪੜਿਆਂ ਦੀ ਧੁਆਈ ਦੇਣ ਦਾ ਵੱਖਰਾ ਪ੍ਰਬੰਧ ਕਰਨਾ ਪੈਂਦਾ ਹੈ, ਕਿਉਂਜੁ ਜਦੋਂ ਨੂੰ ਲੋਕ ਕੰਮ ਤੋਂ ਵਾਪਸ ਆਉਂਦੇ ਹਨ ਉਦੋਂ ਤਕ ਲਾਂਡਰੀ ਉੱਤੇ ਕੰਮ ਕਰਨ ਵਾਲੇ ਅਤੇ ਡੇਰੀਆਂ ਵਾਲੇ ਵੀ ਛੁੱਟੀ ਕਰ ਗਏ ਹੁੰਦੇ ਹਨ। ਲਾਂਡਰੀ ਵਾਲੇ ਕਾਮੇ ਧੋਤੇ ਹੋਏ ਕੱਪੜੇ ਅਤੇ ਧੁਆਈ ਦਾ ਬਿੱਲ ਸ਼ੁੱਕਰਵਾਰ ਨੂੰ ਘਰ ਦੇ ਦਰਵਾਜ਼ੇ ਅੱਗੇ ਰੱਖ ਜਾਂਦੇ ਹਨ। ਲੋਕ ਆਪੋ ਆਪਣੇ ਕਪੜੇ ਲੈ ਕੇ ਬਿੱਲ ਦੇ ਪੈਸੇ ਅਤੇ ਮੈਲੇ ਕਪੜੇ ਸਨਿੱਚਰਵਾਰ ਦੀ ਸਵੇਰ ਨੂੰ ਘਰ ਦੇ ਦਰਵਾਜ਼ੇ ਅੱਗੇ ਰੱਖ ਕੇ ਕੰਮਾਂ ਉੱਤੇ ਚਲੇ ਜਾਂਦੇ ਹਨ। ਏਸੇ ਤਰ੍ਹਾਂ ਦੁੱਧ ਦੇ ਪੈਸੇ ਵੀ ਦੁੱਧ ਦੀ ਬੋਤਲ ਲਾਗੇ ਰੱਖ ਜਾਂਦੇ ਹਨ। ਸਵੇਰੇ ਸੱਤ ਕੁ ਵਜੇ ਲੋਕ ਘਰਾਂ ਤੋਂ ਨਿਕਲ ਕੇ ਕੰਮਾਂ ਉੱਤੇ ਚਲੇ ਜਾਂਦੇ ਹਨ। ਪਿੱਛੋਂ ਦਸ-ਯਾਰਾਂ ਵਜੇ ਦੋਧੀ ਅਤੇ ਲਾਂਡਰੀ ਵਾਲੇ ਆ ਕੇ ਆਪੋ ਆਪਣੇ ਪੈਸੇ ਲੈ ਜਾਂਦੇ ਹਨ ਅਤੇ ਮੈਲੇ ਕਪੜੇ ਵੀ। ਲਾਂਡਰੀ ਵਾਲੇ ਨੇ ਦੁੱਧ ਦੇ ਪੈਸੇ ਨਹੀਂ ਛੇੜਨੇ ਅਤੇ ਦੁੱਧ ਵਾਲੇ ਨੇ ਲਾਂਡਰੀ ਦੇ ਪੈਸਿਆਂ ਵੱਲ ਨਹੀਂ ਵੇਖਣਾ। ਸੜਕਾਂ ਉੱਤੇ ਤੁਰੇ ਫਿਰਦੇ ਸਾਰੇ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਸਨਿੱਚਰਵਾਰ ਨੂੰ ਘਰਾਂ ਸਾਹਮਣੇ ਇਹ ਪੈਸੇ ਪਏ ਹੁੰਦੇ ਹਨ, ਪਰ ਕੋਈ ਚੁੱਕਦਾ ਚੁਰਾਉਂਦਾ ਨਹੀਂ। ਏਥੋਂ ਦੇ ਵਸਨੀਕਾਂ ਨੂੰ ਵੀ ਇਉਂ ਪੈਸੇ ਬਾਹਰ ਰੱਖਣੇ ਪੈਂਦੇ ਹਨ, ਕਿਉਂਜੁ ਕਈ ਵੇਰ ਪਤੀ ਅਤੇ ਪਤਨੀ ਦੋਵੇਂ ਕੰਮ ਉੱਤੇ ਜਾਂਦੇ ਹਨ।"

ਪੱਤਰ ਦਾ ਏਨਾ ਹਿੱਸਾ ਪੜ੍ਹ ਕੇ ਸੁਣਾ ਲੈਣ ਪਿੱਛੋਂ ਕੇਵਲ ਨੇ ਆਖਿਆ, "ਦੇਵੀ ਤੂੰ ਲਿਖਿਆ ਹੈ ਕਿ ਦਰਵਾਜ਼ਿਆਂ ਸਾਹਮਣੇ ਰੱਖੇ ਹੋਏ ਪੈਸਿਆਂ ਨੂੰ ਕੋਈ ਚੁੱਕਦਾ-ਚੁਰਾਉਂਦਾ ਨਹੀਂ; ਪਰ ਇਸ ਦਾ ਕਾਰਨ ਤੂੰ ਨਹੀਂ ਦੱਸਿਆ। ਹੁਣ ਦੱਸ।"

"ਸੋਚ ਲੈਂਦੇ ਹਾਂ ਰਲ ਮਿਲ ਕੇ। ਪਹਿਲੀ ਗੱਲ ਇਹ ਹੈ ਕਿ ਚੋਰੀ ਨੂੰ ਅਪਰਾਧ ਤਾਂ ਮੰਨਿਆ ਹੀ ਜਾਂਦਾ ਹੈ, ਏਥੇ ਵੀ ਅਤੇ ਉੱਥੇ ਵੀ। ਪਕੜੇ ਜਾਣ ਦਾ ਡਰ ਸਾਨੂੰ ਚੋਰੀ ਕਰਨੋਂ ਰੋਕਦਾ ਹੈ।"

"ਦੁਨੀਆ ਉੱਤੇ ਚੋਰੀਆਂ ਹੁੰਦੀਆਂ ਹਨ ਕਿ ਨਹੀਂ ?"

"ਹੁੰਦੀਆਂ ਹਨ।"

"ਕੀ ਉਨ੍ਹਾਂ ਚੋਰੀਆਂ ਕਰਨ ਵਾਲਿਆਂ ਨੂੰ ਪਕੜੇ ਜਾਣ ਦਾ ਡਰ ਨਹੀਂ ਹੁੰਦਾ ?"

"ਹੁੰਦਾ ਹੈ।"

"ਇਹ ਡਰ ਉਨ੍ਹਾਂ ਨੂੰ ਚੋਰੀ ਕਰਨੋਂ ਕਿਉਂ ਨਹੀਂ ਰੋਕਦਾ? ਜੇ ਪਕੜੇ ਜਾਣ ਦੇ ਡਰ ਦੇ ਬਾਵਜੂਦ ਚੋਰੀਆਂ ਹੁੰਦੀਆਂ ਹਨ ਤਾਂ ਏਨੇ ਸਰਲ ਭਰੋਸੇ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ ਪਕੜੇ ਜਾਣ ਦਾ ਡਰ ਹੀ ਚੋਰੀ ਕਰਨੋਂ ਰੋਕਦਾ ਹੈ।"

"ਕੇਵਲ, ਚੋਰਾਂ ਦੀ ਗੱਲ ਹੋਰ ਹੈ। ਮੈਂ ਆਮ ਆਦਮੀ ਦੀ ਗੱਲ ਕਰਦਾ ਹਾਂ।"

"ਮੈਂ ਵੀ ਚੋਰਾਂ ਦੀ ਗੱਲ ਨਹੀਂ ਪੁੱਛਦਾ; ਇਹ ਪੁੱਛ ਰਿਹਾ ਹਾਂ ਕਿ ਆਮ ਆਦਮੀ ਜੋ ਚੋਰ ਨਹੀਂ ਹੈ, ਕੇਵਲ ਮੌਕੇ ਦਾ ਲਾਭ ਲੈਣ ਦਾ ਰੁਚੀ ਰੱਖਦਾ ਹੈ, ਉਹ ਮੌਕੇ ਦਾ ਲਾਭ ਲੈਂਦਾ ਹੋਇਆ ਇਹ ਪੈਸੇ ਕਿਉਂ ਨਹੀਂ ਚੁੱਕ ਲੈਂਦਾ। ਆਹ ਵੇਖ, ਆਪਣੀ ਇੱਕ ਚਿੱਠੀ ਵਿੱਚ ਤੂੰ ਲਿਖਿਆ ਸੀ ਕਿ ਏਥੇ ਹਰ ਕੋਈ ਇਨਕਮ ਟੈਕਸ ਦਿੰਦਾ ਹੈ। ਇਸ ਤੋਂ ਕੋਈ ਨਹੀਂ ਬਚ ਸਕਦਾ, ਚਾਹੇ ਉਹ ਅਫ਼ਸਰ ਹੋਵੇ, ਚਾਹੇ ਮਜ਼ਦੂਰ ਜਾਂ ਕੁਲੀ। ਭਾਰਤੀ ਲੋਕਾਂ ਨੇ ਇਸ ਮਾਰ ਤੋਂ ਬਚਣ ਦਾ ਤਰੀਕਾ ਵੀ ਲੱਭ ਲਿਆ ਹੈ। ਹਰ ਕਿਸੇ ਨੂੰ ਆਪਣੇ ਟੱਬਰ ਦੇ ਅਣ-ਕਮਾਊ ਜੀਆਂ ਦੀ ਗਿਣਤੀ ਮੁਤਾਬਕ ਟੈਕਸ ਵਿੱਚੋਂ ਛੋਟ ਮਿਲਦੀ ਹੈ। ਜਿਸ ਕਿਸੇ ਦੇ ਤਿੰਨ-ਚਾਰ ਬੱਚੇ ਹੋਣ, ਬੁੱਢੇ ਮਾਤਾ ਪਿਤਾ ਹੋਣ ਅਤੇ ਕੋਈ ਹੋਰ ਨੇੜਲਾ ਸੰਬੰਧੀ ਉਸ ਦੀ ਕਮਾਈ ਉੱਤੇ ਆਸ਼੍ਰਿਤ ਹੋਵੇ ਉਸ ਨੂੰ ਚੋਖੀ ਛੋਟ ਮਿਲ ਜਾਂਦੀ ਹੈ। ਕਈ ਹਾਲਤਾਂ ਵਿੱਚ ਸਾਰਾ ਟੈਕਸ ਮੁਆਫ਼ ਹੋ ਸਕਦਾ ਹੈ। ਇੱਕ ਖ਼ਾਸ ਹੱਦ ਤੋਂ ਬਹੁਤੀ ਆਮਦਨ ਹੋਣ ਉੱਤੇ ਹੀ ਟੈਕਸ ਦੇਣਾ ਪੈਂਦਾ ਹੈ। ਇਹ ਜ਼ਰੂਰੀ ਨਹੀਂ ਕਿ ਟੈਕਸ ਵਿੱਚੋਂ ਛੋਟ ਮੰਗਣ ਵਾਲੇ ਦੇ ਸੰਬੰਧੀ ਜਾਂ ਬੱਚੇ ਵਲੈਤ ਵਿੱਚ ਹੀ ਵੱਸਦੇ ਹੋਣ। ਉਨ੍ਹਾਂ ਦੀ ਹੋਂਦ ਦਾ ਸਬੂਤ ਚਾਹੀਦਾ ਹੈ; ਹੋਣ ਭਾਵੇਂ ਭਾਰਤ ਵਿੱਚ ਜਾਂ ਕਿਤੇ ਵੀ। ਸਬੂਤ ਵਜੋਂ ਸਕੂਲ ਦਾ ਸਰਟੀਫ਼ਿਕੇਟ ਕਾਫ਼ੀ ਹੈ। ਅੱਧਿਉਂ ਬਹੁਤੇ ਭਾਰਤੀ ਇਸ ਮੌਕੇ ਦਾ ਪੂਰਾ ਪੂਰਾ ਲਾਭ ਲੈਂਦੇ ਹਨ। ਬਹੁਤਿਆਂ ਨੇ ਆਪਣੇ ਬੱਚਿਆਂ ਦੀ ਗਿਣਤੀ ਵੱਧ ਦੱਸੀ ਹੋਈ ਹੈ। ਕਈ ਕੁਆਰਿਆਂ ਨੇ ਆਪਣੇ ਆਪ ਨੂੰ ਵਿਆਹੇ ਹੋਏ ਦੱਸਿਆ ਹੋਇਆ ਹੈ ਅਤੇ ਬੱਚਿਆਂ ਵਾਲੇ ਵੀ। ਅੱਗੇ ਚੱਲ ਕੇ ਪਤਾ ਨਹੀਂ ਕੀ ਹੋਵੇ; ਇਸ ਸਮੇਂ ਤਾਂ ਉਹ ਟੈਕਸ ਵਾਲਿਆਂ ਨੂੰ ਮੂਰਖ ਬਣਾ ਰਹੇ ਹਨ। ਆਪਣੇ ਮਨ ਨੂੰ ਤਸੱਲੀ ਦੇਣ ਲਈ ਇਹ ਕਹਿੰਦੇ ਹਨ ਕਿ ਬਥੇਰਾ ਲੁੱਟਿਆ ਹੈ ਗੋਰਿਆਂ ਨੇ ਸਾਡੇ ਦੇਸ਼ ਨੂੰ; ਅਸੀਂ ਆਪਣਾ ਦਿੱਤਾ ਹੀ ਵਾਪਸ ਲੈ ਰਹੇ ਹਾਂ। ਕੀ ਇਹ ਸਾਰੇ ਲੋਕ ਜਾਅਲਸਾਜ਼ ਆਖੇ ਜਾ ਸਕਦੇ ਹਨ?"

"ਬਿਲਕੁਲ ਨਹੀਂ; ਇਹ ਮੌਕੇ ਦਾ ਫ਼ਾਇਦਾ ਉਠਾ ਰਹੇ ਹਨ; ਉਹ ਵੀ ਤਾਂ, ਜੇ ਇਹ ਜਾਣਦੇ ਹਨ ਕਿ ਇਉਂ ਕਰ ਕੇ ਅਸੀਂ ਕਿਸੇ ਵਿਅਕਤੀ ਨੂੰ ਹਾਨੀ ਨਹੀਂ ਪੁਚਾ ਰਹੇ, ਕਿਸੇ ਦੀ ਭਾਵਨਾ ਦਾ ਨਿਰਾਦਰ ਨਹੀਂ ਕਰ ਰਹੇ, ਕਿਸੇ ਨੂੰ ਜਜ਼ਬਾਤੀ ਪੀੜਾ ਨਹੀਂ ਪੁਚਾ ਰਹੇ, ਨਾ ਹੀ ਕਿਸੇ ਦਾ ਮਾਲੀ ਨੁਕਸਾਨ ਕਰ ਰਹੇ ਹਨ ਅਤੇ ਨਾ ਹੀ ਕਿਸੇ ਵਿਅਕਤੀ ਦੇ ਵਿਸ਼ਵਾਸ ਨੂੰ ਧੋਖਾ ਦੇ ਰਹੇ ਹਾਂ।"

"ਦੇਵਿੰਦਰ, ਹੁਣ ਤੂੰ ਪਤੇ ਦੀ ਗੱਲ ਕੀਤੀ ਹੈ। ਉਹ ਲੋਕ ਜੋ ਟੈਕਸ ਵਿੱਚ ਹੇਰਾ ਫੇਰੀ ਕਰਦੇ ਹਨ, ਕਦੇ ਇਹ ਨਹੀਂ ਸੋਚਦੇ ਕਿ ਅਸੀਂ ਦੁੱਧ ਦੇ ਪੈਸੇ ਬਾਹਰ ਰੱਖੇ ਬਿਨਾਂ ਹੀ ਘਰੋਂ ਚਲੇ ਜਾਈਏ ਅਤੇ ਜਦੋਂ ਕਦੇ ਸਾਨੂੰ ਪੁੱਛਿਆ ਜਾਵੇ ਤਾਂ ਇਹ ਕਹਿ ਦੇਈਏ ਕਿ 'ਅਸਾਂ ਰੱਖੇ ਸਨ; ਦੁੱਧ ਵੰਡਣ ਵਾਲੇ ਨੇ ਆਪਣੇ ਖੀਸੇ ਵਿੱਚ ਪਾ ਲਏ ਹੋਣਗੇ ਜਾਂ ਲਾਂਡਰੀ ਵਾਲਾ ਲੈ ਗਿਆ ਹੋਵੇਗਾ।' ਉਨ੍ਹਾਂ ਨੂੰ ਪਤਾ ਹੈ ਕਿ ਇਉਂ ਕਹਿਣ ਨਾਲ ਸਭ ਦਾ ਨੁਕਸਾਨ ਹੈ। ਲਾਂਡਰੀ ਵਾਲੇ ਦੀ ਜਾਂ ਦੁੱਧ ਵਾਲੇ ਦੀ ਨੌਕਰੀ ਜਾ ਸਕਦੀ ਹੈ। ਇਉਂ ਪੈਸੇ ਰੱਖਣ ਦਾ ਰਿਵਾਜ ਬੰਦ ਹੋ ਸਕਦਾ ਹੈ ਅਤੇ ਸਾਡੇ ਲਈ ਮੁਸ਼ਕਲ ਬਣ ਸਕਦੀ ਹੈ। ਇਸ ਲਈ ਇਸ ਰਿਵਾਜ ਦਾ ਨਿਰਾਦਰ ਨਾ ਕੀਤਾ ਜਾਵੇ। ਕੀ ਇਸ ਸੋਚ ਰਾਹੀਂ ਮਨੁੱਖ ਦੇ ਅੰਦਰਲੀ ਕੋਈ ਚੰਗਿਆਈ ਪ੍ਰਗਟ ਨਹੀਂ ਹੋ

ਰਹੀ ? ਕੀ ਕੋਈ ਕਾਨੂੰਨੀ ਡਰ ਹੀ ਇਹ ਕਰਵਾ ਰਿਹਾ ਹੈ ? ਤੇਰੀ ਚਿੱਠੀ ਵਿੱਚ ਇਹ ਵੀ ਲਿਖਿਆ ਹੋਇਆ ਹੈ ਕਿ 'ਇੱਕ ਖੋਖੇ ਜਿਹੇ ਵਿੱਚ ਅਖ਼ਬਾਰਾਂ ਪਈਆਂ ਰਹਿੰਦੀਆਂ ਹਨ। ਵੇਚਣ ਵਾਲਾ ਉੱਥੇ ਨਹੀਂ ਹੁੰਦਾ। ਲੋਕ ਪੈਸੇ ਰੱਖ ਕੇ ਅਖ਼ਬਾਰ ਚੁੱਕੀ ਜਾਂਦੇ ਹਨ। ਹਰ ਸਟੇਸ਼ਨ ਦੇ ਬਾਹਰਵਾਰ ਇਹੋ ਜਿਹਾ ਇੱਕ ਖੋਖਾ ਜ਼ਰੂਰ ਵੇਖਿਆ ਜਾ ਸਕਦਾ ਹੈ। ਹਜ਼ਾਰਾਂ ਥਾਵਾਂ ਉੱਤੇ ਲੱਖਾਂ ਅਖ਼ਬਾਰ ਇਉਂ ਵੇਚੇ ਜਾ ਰਹੇ ਹਨ।' ਇਨ੍ਹਾਂ ਗੱਲਾਂ ਵਿੱਚ ਬਾਹਰਲੇ ਭੈਅ ਦੀ ਪ੍ਰਭੁਤਾ ਨਹੀਂ, ਸਗੋਂ ਅੰਦਰਲੀ ਚੰਗਿਆਈ ਦਾ ਚਮਤਕਾਰ ਹੈ। ਲੈ, ਆਹ ਚਿੱਠੀ ਆਪ ਪੜ੍ਹ ਕੇ ਵੇਖ।"

"ਚੱਲ ਤੂੰ ਹੀ ਪੜ੍ਹ ਦੇ।"

"ਸੁਣ। ਇਹ ਤੂੰ ਹੀ ਲਿਖਿਆ ਸੀ—'ਕੇਵਲ, ਇਨ੍ਹਾਂ ਦੇਸਾਂ ਵਿੱਚ ਗੱਡੀ ਜਾਂ ਬੱਸ ਉੱਤੇ ਚੜ੍ਹਨ ਲਈ ਕੋਈ ਕਾਹਲ ਨਹੀਂ ਕਰਦਾ, ਕੋਈ ਕਿਸੇ ਦੀ ਵਾਰੀ ਨਹੀਂ ਖੋਂਹਦਾ, ਕੋਈ ਲਾਈਨ ਨਹੀਂ ਤੋੜਦਾ। ਅਸਲ ਵਿੱਚ ਲਾਈਨ ਉਸ ਹਾਲਤ ਵਿੱਚ ਲਾਈ ਜਾਂਦੀ ਹੈ, ਜਦੋਂ ਬਹੁਤੀ ਭੀੜ ਹੋਵੇ। ਦਸ ਪੰਦਰਾਂ ਚੜ੍ਹਾਊ ਖੜੇ ਹੋਣ ਤਾਂ ਲਾਈਨ ਦੀ ਲੋੜ ਨਹੀਂ ਸਮਝਦੇ। ਹਰ ਕਿਸੇ ਨੂੰ ਪਤਾ ਹੁੰਦਾ ਹੈ ਕਿ ਕੌਣ ਮੇਰੇ ਤੋਂ ਪਹਿਲਾਂ ਦਾ ਅੱਡੇ ਉੱਤੇ ਆਇਆ ਖੜੋਤਾ ਹੈ। ਕੋਈ ਵੀ ਆਪਣੇ ਨਾਲੋਂ ਪਹਿਲਾਂ ਆਏ ਨਾਲੋਂ ਅੱਗੇ ਹੋਣ ਦੀ ਕੋਸ਼ਿਸ਼ ਨਹੀਂ ਕਰਦਾ। ਇਉਂ ਕਰਨ ਨੂੰ ਬਹੁਤ ਹੀ ਘਟੀਆ ਜਾਂ ਕਮੀਨੀ ਹਰਕਤ ਮੰਨਿਆ ਜਾਂਦਾ ਹੈ। ਜੇ ਕਿਸੇ ਤੋਂ ਪਹਿਲਾਂ ਆਇਆ ਆਦਮੀ ਜ਼ਰਾ ਪਾਸੇ ਕਿਸੇ ਮਿੱਤਰ ਨਾਲ ਜਾਂ ਬੱਸ ਉੱਤੇ ਚੜ੍ਹਾਉਣ ਆਏ ਕਿਸੇ ਆਦਮੀ ਨਾਲ ਗੱਲੀਂ ਪਿਆ ਹੋਵੇ ਤਾਂ ਉਸ ਦੀ ਵਾਰੀ ਆਉਣ ਉੱਤੇ, ਉਸ ਤੋਂ ਪਿਛਲਾ ਆਦਮੀ ਅਦਬ ਨਾਲ ਉਸ ਨੂੰ ਚੇਤਾ ਕਰਵਾਏਗਾ ਕਿ ਤੁਹਾਡੀ ਵਾਰੀ ਆ ਗਈ ਹੈ, ਬੱਸ ਵਿੱਚ ਚੜ੍ਹ ਜਾਓ।' ਔਹ ਇੱਕ ਹੋਰ ਚਿੱਠੀ ਸੁਣ, 'ਕੇਵਲ, ਅੱਜ-ਕੱਲ੍ਹ ਏਥੇ ਖੰਡ ਦੀ ਘਾਟ ਹੋ ਗਈ ਹੈ। ਏਥੇ ਕਮਾਦ ਨਹੀਂ ਹੁੰਦਾ। ਸਾਰੀ ਖੰਡ ਬਾਹਰੋਂ ਮੰਗਵਾਈ ਜਾਂਦੀ ਹੈ। ਘਾਟ ਦੇ ਕਾਰਨ ਵਪਾਰਕ ਹਨ। ਲੋਕ ਜੀ ਆਈ ਖੰਡ ਨਹੀਂ ਖ਼ਰੀਦ ਸਕਦੇ। ਹਰ ਵੱਡੇ ਸਟੋਰ ਵਿੱਚ ਖੰਡ ਵਾਲੇ ਖ਼ਾਨੇ ਵਿੱਚ ਬੋਰਡ ਲਾ ਦਿੱਤਾ ਗਿਆ ਹੈ 'ਕੇਵਲ ਇੱਕ ਪੈਕਟ, ਪਲੀਜ਼'। ਕੋਈ ਰੌਲਾ ਨਹੀਂ, ਕੋਈ ਕਾਹਲ ਨਹੀਂ, ਕੋਈ ਘਬਰਾਹਟ ਨਹੀਂ, ਕੋਈ ਡੀਪੂ ਨਹੀਂ ਖੁੱਲ੍ਹੇ, ਕੋਈ ਪਰਮਿਟ ਨਹੀਂ ਬਣੇ, ਕੇਵਲ ਇੱਕ ਪੈਕੇਟ ਹੀ ਚੁੱਕਦੇ ਹਨ ਗਾਹਕ। ਰਾਸ਼ਣ ਕਾਰਡ ਦਾ ਰਿਵਾਜ ਦੂਜੀ ਵੱਡੀ ਜੰਗ ਨਾਲ ਖ਼ਤਮ ਹੋ ਗਿਆ ਸੀ ਇਨ੍ਹਾਂ ਦੇਸ਼ਾਂ ਵਿੱਚੋਂ।' ਇਸ ਚਿੱਠੀ ਵਿੱਚ ਤੂੰ ਆਪਣੇ ਉਸ ਅਨੁਭਵ ਦਾ ਜ਼ਿਕਰ ਕੀਤਾ ਹੈ ਜਿਹੜਾ ਤੈਨੂੰ ਮਕਾਨ ਖ਼ਰੀਦਣ ਸਮੇਂ ਹੋਇਆ। ਤੂੰ ਲਿਖਿਆ ਹੈ ਕਿ ਤੈਨੂੰ ਕਿਸੇ ਕੋਰਟ ਕਚਹਿਰੀ ਨਹੀਂ ਜਾਣਾ ਪਿਆ, ਤੈਨੂੰ ਕੋਈ ਜ਼ਮਾਨਤੀ ਨਹੀਂ ਲੱਭਣੇ ਪਏ, ਸਾਰਾ ਕੰਮ ਘਰ ਬੈਠਿਆਂ ਚਿੱਠੀ-ਪੱਤਰ ਰਾਹੀਂ ਹੋਇਆ ਹੈ। ਜਿਨ੍ਹਾਂ ਕਾਗ਼ਜ਼ਾਂ ਉੱਤੇ ਤੇਰੇ ਦਸਤਖ਼ਤ ਚਾਹੀਦੇ ਸਨ, ਉਹ ਤੈਨੂੰ ਡਾਕ ਰਾਹੀਂ ਘਰ ਘੱਲੇ ਗਏ ਸਨ। ਮਕਾਨ ਪਸੰਦ ਤੂੰ ਕੀਤਾ ਸੀ, ਉਸ ਦੇ ਠੀਕ ਠਾਕ ਹੋਣ ਦੀ ਗਾਰੰਟੀ, ਤੈਨੂੰ ਕਰਜ਼ਾ ਮਨਜ਼ੂਰ ਕਰਵਾ ਕੇ ਦੇਣ ਦੀ ਜ਼ਿੰਮੇਦਾਰੀ, ਜਾਇਦਾਦ ਦੇ ਸੌਦੇ ਵਿੱਚ ਕੋਈ ਹੇਰਾਫੇਰੀ ਨਾ ਹੋਵੇ, ਇਸ ਗੱਲ ਦੀ ਜਾਂਚ ਪੜਤਾਲ ਰਜਿਸਟਰੀ ਆਦਿਕ ਕਰਵਾਉਣ ਦਾ ਕੰਮ ਤੇਰਾ ਨਹੀਂ ਸੀ। ਇਨ੍ਹਾਂ ਕੰਮਾਂ ਨੂੰ ਕਰਨ ਵਾਲੇ ਵੱਖ-ਵੱਖ ਮਹਿਕਮੇ ਆਪੋ ਆਪਣੀ ਫ਼ੀਸ ਲੈ ਕੇ ਇਹ ਕੰਮ ਕਰਦੇ ਗਏ ਅਤੇ ਤੈਨੂੰ, ਘਰ ਬੈਠੇ ਨੂੰ, ਦੋ ਮਹੀਨਿਆਂ ਵਿੱਚ ਆਪਣੇ ਮਕਾਨ ਦੀ ਚਾਬੀ ਮਿਲ ਗਈ। ਸਾਰੀਆਂ ਚਿੱਠੀਆਂ ਪੜ੍ਹੀਆਂ ਜਾਣੀਆਂ ਸੰਭਵ ਨਹੀਂ ਇਸ ਸਮੇਂ, ਬੱਸ ਇਹ ਦੋ ਚਾਰ ਵਾਕ ਹੋਰ ਸੁਣ ਲੈ ਫਿਰ ਗੱਲ ਕਰੀਂ। ਤੂੰ ਲਿਖਿਆ ਹੈ, 'ਇਹ ਆਪਣੀ ਇੱਜ਼ਤ ਕਰਨ ਵਾਲੇ ਲੋਕ ਹਨ, ਇਨ੍ਹਾਂ ਨੂੰ ਆਪਣੇ ਹੋਣ-ਥੀਣ ਦਾ ਗੌਰਵ ਹੈ। ਇਨ੍ਹਾਂ ਵਿੱਚ ਇਸ ਗੌਰਵ ਨੂੰ ਉਪਜਾਉਣ-ਵਿਕਸਾਉਣ ਦਾ ਕੰਮ ਵੈਲਫ਼ੇਅਰ ਸਟੇਟ ਨੇ

ਆਮ ਕਰਕੇ ਅਤੇ ਸੋਸ਼ਲ ਸੀਕਿਓਰਿਟੀ ਦੇ ਪ੍ਰਬੰਧ ਨੇ ਖ਼ਾਸ ਤੌਰ ਉੱਤੇ ਕੀਤਾ ਹੈ।' ਇਸ ਤੋਂ ਅੱਗੇ ਤੂੰ ਵਿਸਥਾਰ ਨਾਲ ਲਿਖਿਆ ਹੈ ਕਿ ਉੱਥੇ ਬੇਕਾਰਾਂ, ਬੀਮਾਰਾਂ ਅਤੇ ਹੜਤਾਲੀਆਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਗੁਜ਼ਾਰੇ ਲਈ ਯੋਗ ਸਹਾਇਤਾ ਦਿੱਤੀ ਜਾਂਦੀ ਹੈ। ਉੱਥੇ ਕਿਸੇ ਨੂੰ ਰੱਬ ਦੇ ਰਹਿਮ ਉੱਤੇ ਜਾਂ (ਆਪਣੇ ਕੀਤੇ ਦੀ ਸਜ਼ਾ ਭੁਗਤਾਉਣ ਲਈ) ਰੱਬ ਦੇ ਇਨਸਾਫ਼ ਉੱਤੇ ਨਹੀਂ ਛੱਡਿਆ ਜਾਂਦਾ।"

ਪੁਸ਼ਪੇਂਦ੍ਰ, ਪੱਛਮੀ ਦੇਸ਼ਾਂ ਦੇ ਜੀਵਨ ਦੀ ਜਾਣਕਾਰੀ ਕੇਵਲ ਕ੍ਰਿਸ਼ਨ ਦੇ ਮਨ ਵਿਚਲੀ ਸਾਤਵਿਕਤਾ ਦੇ ਦੁੱਧ ਨੂੰ ਲੱਗੀ ਹੋਈ ਜਾਗ ਸੀ। ਉਸ ਦੀ ਸੋਚ ਨੇ ਉਸ ਦੇ ਕਰਮ ਦਾ ਮਾਰਗ ਨਿਸਚਿਤ ਕਰ ਦਿੱਤਾ। ਉਸ ਦੀ ਪਤਨੀ, ਸ਼ੀਲਾ, ਸਿਰਫ਼ ਨਾਮ ਦੀ ਸ਼ੀਲਾ ਨਹੀਂ ਸੀ, ਸਗੋਂ ਕਰਮ ਦੀ ਵੀ ਸ਼ੀਲਾ ਸੀ। ਉਹ ਉਸ ਨੂੰ 'ਸ਼ੀਲੂ' ਕਹਿ ਕੇ ਬੁਲਾਉਂਦਾ ਸੀ। ਉਸ ਦੀ ਰੀਸੇ ਸੰਤੋਸ਼ ਵੀ, ਬਚਪਨ ਵਿੱਚ, ਆਪਣੀ ਮਾਂ ਨੂੰ ਸ਼ੀਲੂ ਆਖਦੀ ਸੀ। ਉਸ ਕੋਲੋਂ ਸ਼ੀਲੂ ਉਚਾਰਿਆ ਨਹੀਂ ਸੀ ਜਾਂਦਾ। ਉਹ ਸ਼ੀਲੂ ਦੀ ਥਾਂ 'ਨੀਲੂ' ਆਖਦੀ ਸੀ। ਇਸ ਤੋਂ ਉਸ ਦਾ ਨਾਂ ਨੀਲੂ ਪੈ ਗਿਆ। ਹਰਦੀਪ ਦੀ ਦੋਸਤੀ ਵਿੱਚ ਕੇਵਲ ਨੂੰ ਮਾਤਾ, ਪਿਤਾ, ਭੈਣ, ਭਰਾ ਸਭ ਦਾ ਪਿਆਰ ਪ੍ਰਾਪਤ ਸੀ। ਇਨ੍ਹਾਂ ਪਿੰਡਾਂ ਦੇ ਸਾਥ ਦਾ ਭਰੋਸਾ ਉਸ ਨੂੰ ਵੱਡੇ ਵੱਡੇ ਸੁਪਨੇ ਉਲੀਕਣ ਦੀ ਹਲਾਸ਼ੇਰੀ ਦਿੰਦਾ ਸੀ। ਪਿਆਰ, ਭਰੋਸੇ ਅਤੇ ਉਤਸ਼ਾਹ ਨਾਲ ਭਰਿਆ ਵਾਤਾਵਰਣ ਨਿਰ-ਵਿਰੋਧ ਵੀ ਸੀ। ਇਸ ਵਾਤਾਵਰਣ ਵਿੱਚ ਕੇਵਲ ਦੇ ਮਨ ਦੀ ਸਾਤਵਿਕਤਾ, ਭਰਪੂਰਤਾ ਨਾਲ ਅਭਿਵਿਅਕਤ ਹੋਣਾ ਚਾਹੁੰਦੀ ਸੀ ਅਤੇ ਉਸ ਵਿਚਲੀ ਰਾਜਸਿਕਤਾ ਉਸ ਦੀ ਸਾਤਵਿਕਤਾ ਦੀ ਆਗਿਆ ਦਾ ਪਾਲਣ ਕਰਨ ਨੂੰ ਤਿਆਰ ਸੀ। ਉਹ ਕਹਿੰਦਾ ਸੀ, ਮਨੁੱਖਤਾ ਦੇ ਇਤਿਹਾਸ ਵਿੱਚ ਪਹਿਲਾਂ ਵੀ ਅਜਿਹੇ ਸਮੇਂ ਆਏ ਸਨ ਜਦੋਂ ਮਨੁੱਖੀ ਸਮਾਜਾਂ ਨੂੰ ਸੁਰੱਖਿਅਤ ਹੋਣ ਦਾ ਭਰੋਸਾ ਪ੍ਰਾਪਤ ਹੋਇਆ ਸੀ ਅਤੇ ਸੁਰੱਖਿਆ ਤੇ ਸਨਮਾਨ ਦੇ ਭਰੋਸੇ ਨੇ ਮਨੁੱਖੀ ਸਮਾਜਾਂ ਨੂੰ ਆਪਣੇ ਵਿਚਲੇ ਮਾਨਵੀ ਗੁਣਾਂ ਦੇ ਪ੍ਰਗਟਾਵੇ ਲਈ ਪ੍ਰੇਰ ਲਿਆ ਸੀ। ਹੁਣ ਵੀ ਪੱਛਮੀ ਸਨਅਤੀ ਸਮਾਜਾਂ ਵਿੱਚ ਉਸੇ ਪ੍ਰਕਾਰ ਦਾ ਸਮਾਂ ਆਇਆ ਹੈ। ਉਹ ਸਮੇਂ ਸਦਭਾਵਨਾ ਅਤੇ ਸਰੀਰਕ ਮਿਹਨਤ ਦੀ ਉਪਜ ਸਨ। ਇਸ ਸਮੇਂ ਸਦਭਾਵਨਾ ਅਤੇ ਸਰੀਰਕ ਮਿਹਨਤ ਦੀ ਸਹਾਇਤਾ ਲਈ ਮਸ਼ੀਨ ਵੀ ਮੌਜੂਦ ਹੈ। ਜੇ ਮਸ਼ੀਨ ਦੀ ਸ਼ਕਤੀ ਮਨੁੱਖੀ ਸਦਭਾਵਨਾ ਦੀ ਅਗਵਾਈ ਵਿੱਚ ਵਰਤੀ ਜਾਂਦੀ ਰਹੇ ਤਾਂ ਮਨੁੱਖ ਨੂੰ ਮਨੁੱਖ ਹੋਣਾ ਨਸੀਬ ਹੋ ਸਕਦਾ ਹੈ।

ਉਹ ਮੈਨੂੰ ਆਖਦਾ ਹੁੰਦਾ ਸੀ, "ਦੇਵਿੰਦਰ, ਮੰਨਿਆ ਅਸੀਂ ਸਿਕੰਦਰ, ਨੈਪੋਲੀਅਨ ਜਾਂ ਚਰਚਲ, ਚੰਗੇਜ਼ ਨਹੀਂ ਹਾਂ—ਸਾਧਾਰਣ ਛੋਟੇ ਆਦਮੀ ਹਾਂ। ਇਹ ਵੀ ਤਾਂ ਸੱਚ ਹੈ ਕਿ ਸਾਡੀ ਦੁਨੀਆ ਵੀ ਉਨ੍ਹਾਂ ਦੀ ਦੁਨੀਆ ਜਿੰਨੀ ਵੱਡੀ ਨਹੀਂ—ਚਾਰ-ਛੇ ਪਿੰਡਾਂ ਦੀ ਸੀਮਿਤ ਜੇਹੀ ਦੁਨੀਆ ਹੈ ਸਾਡੀ। ਅਸੀਂ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਚਿੰਤਾਵਾਂ ਤੋਂ ਮੁਕਤ ਕਰਨ ਦੀ ਕੋਈ ਤਰਕੀਬ ਕਿਉਂ ਨਹੀਂ ਕਰ ਸਕਦੇ ? ਇਹ ਕਿਸੇ ਵੱਡੇ ਸੰਘਰਸ਼ ਵਿੱਚ ਵੀ ਨਹੀਂ ਪਏ ਹੋਏ ਅਤੇ ਇੱਕ ਦੂਜੇ ਨਾਲ ਇਨ੍ਹਾਂ ਦਾ ਮੁਕਾਬਲਾ ਵੀ ਨਹੀਂ। ਇਨ੍ਹਾਂ ਵਿਚਲੀ ਬੇ-ਵਸਾਹੀ ਦੇ ਕਾਰਨ ਬਿਲਕੁਲ ਓਪਰੇ ਅਤੇ ਨਿਰਾਧਾਰ ਹਨ। ਇਸ ਲਈ ਇਹ ਇੱਕ ਦੂਜੇ ਉੱਤੇ ਭਰੋਸਾ ਕਰਨ ਨੂੰ ਤਿਆਰ ਹਨ। ਤੇਰੇ ਉੱਤੇ ਅਤੇ ਕੁਝ ਕੁਝ ਮੇਰੇ ਉੱਤੇ ਭਰੋਸਾ ਕਰਦੇ ਵੀ ਹਨ। ਆ ਯਾਰ, ਇਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਚਿੰਤਾਵਾਂ ਦਾ ਭਾਰ ਚੁੱਕ ਕੇ ਇਨ੍ਹਾਂ ਵਿਚਲੇ ਮਨੁੱਖ ਦੀ ਸੁੰਦਰਤਾ ਨੂੰ ਵਧਦੀ ਫੁੱਲਦੀ ਵੇਖਣ ਲਈ ਕੁਝ ਕਰੀਏ।"

ਕੁਝ ਇੱਕ ਚਿੰਤਾਵਾਂ ਦਾ ਭਾਰ ਉਸ ਨੇ ਪਹਿਲਾਂ ਹੀ ਚੁੱਕਿਆ ਹੋਇਆ ਸੀ। ਹੁਣ ਹਰਦੀਪ ਨਾਲ ਮਿਲ ਕੇ ਉਸ ਨੇ ਵੱਡੀਆਂ ਵੱਡੀਆਂ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਜਿਸ

ਘਰ ਵਿੱਚ ਨੀਲੂ ਰਹਿੰਦੀ ਹੈ ਇਹ ਕੇਵਲ ਦਾ ਪਹਿਲਾ ਸੁਪਨਾ ਹੈ। ਇਹ ਇਨ੍ਹਾਂ ਪਿੰਡਾਂ ਦਾ ਵਿੱਦਿਆ ਮੰਦਰ ਵੀ ਹੈ ਅਤੇ ਕਲਾ-ਕੇਂਦਰ ਵੀ, ਹਸਪਤਾਲ ਵੀ ਹੈ ਅਤੇ ਕਸਰਤ-ਘਰ ਵੀ, ਇਹ ਰੀਸਰਚ ਸੈਂਟਰ ਵੀ ਹੈ ਅਤੇ ਆਨੰਦ-ਭਵਨ ਵੀ। ਕੇਵਲ ਨੇ ਆਪਣਾ ਸਾਰਾ ਧਨ, ਜਿਸ ਨੂੰ ਉਸ ਨੇ ਆਪਣਾ ਕਦੇ ਨਹੀਂ ਸੀ ਸਮਝਿਆ, ਇਸ ਕਲਿਆਣ-ਭਵਨ ਦੀ ਉਸਾਰੀ ਉੱਤੇ ਲਾ ਦਿੱਤਾ। ਲੋਕ ਉਸ ਨੂੰ ਪੈਸਾ ਦੇਣ ਲਈ ਤਿਆਰ ਸਨ; ਪਰ ਉਸ ਨੇ ਸਦਾ ਇਨਕਾਰ ਕੀਤਾ। ਉਸ ਕੋਲ ਧਨ ਦੀ ਘਾਟ ਨਹੀਂ ਸੀ। ਉਹ ਹੌਲੀ ਹੌਲੀ ਕਮਾਈ ਜਾਂਦਾ ਸੀ ਅਤੇ ਖ਼ਰਚੀ ਜਾਂਦਾ ਸੀ। ਕਾਹਲ ਵੀ ਉਸ ਨੂੰ ਨਹੀਂ ਸੀ। ਲੱਗਪੱਗ ਬਾਰਾਂ ਸਾਲ ਲੱਗੇ ਸਨ ਇਸ ਨੂੰ ਬਣਨ ਵਿੱਚ। ਨੀਲੂ ਅਤੇ ਸੁਮੀਤ ਦੀ ਵਿੱਦਿਆ ਵੱਲ ਉਸ ਨੇ ਉਚੇਚਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਦੋਹਾਂ ਨੂੰ ਐਮ.ਬੀ.ਬੀ.ਐਸ. ਕਰਵਾਇਆ, ਨੀਲੂ ਨੂੰ ਬੀ.ਐੱਡ. ਕਰਵਾਈ ਅਤੇ ਸੁਮੀਤ ਨੂੰ ਫਿਲਾਸਫੀ ਪੜ੍ਹਾਈ। ਨੀਲੂ ਨੇ ਨਰਸਿੰਗ ਦਾ ਕੋਰਸ ਵੀ ਕੀਤਾ।

ਇਨ੍ਹਾਂ ਪਿੰਡਾਂ ਵਿੱਚ ਉਸ ਨੇ ਨਿੱਕੀ ਜੇਹੀ ਵੈਲਫੇਅਰ ਸਟੇਟ ਦੀ ਨੀਂਹ ਰੱਖ ਦਿੱਤੀ। ਹਰ ਘਰ ਨੂੰ ਸੁਖਾਵਾਂ ਜਿਹਾ ਟੈਕਸ ਲਾ ਦਿੱਤਾ। ਉਹ ਟੈਕਸ ਅਜੇ ਚਾਲੂ ਹੈ। ਸਾਰੇ ਖ਼ੁਸ਼ ਹੋ ਕੇ ਦਿੰਦੇ ਹਨ। ਉਸ ਦੇ ਬਦਲੇ ਵਿੱਚ ਸਭ ਨੂੰ ਇਹ ਸੁਖ ਹੈ ਕਿ ਕਦੇ ਕਿਸੇ ਦਾ ਇੱਕ ਪੈਸਾ ਵੀ ਦਵਾਈ ਉੱਤੇ ਖ਼ਰਚ ਨਹੀਂ ਹੋਇਆ। ਕਿਸੇ ਮੁੰਡੇ ਨੂੰ ਟਿਊਸ਼ਨ ਪੜ੍ਹਨ ਲਈ ਫ਼ੀਸ ਨਹੀਂ ਦੇਣੀ ਪੈਂਦੀ। ਜੇ ਕਿਸੇ ਨੂੰ ਟਿਊਸ਼ਨ ਦੀ ਲੋੜ ਹੋਵੇ ਤਾਂ ਪਿੰਡਾਂ ਦੇ ਕੇਂਦਰ ਵਿੱਚ ਇੱਕ ਟਿਊਸ਼ਨ ਸਕੂਲ ਖੋਲ੍ਹਿਆ ਗਿਆ ਹੈ। ਵਡੇਰੀ ਉਮਰ ਦੇ ਮੁੰਡੇ ਛੋਟੀ ਜਮਾਤ ਵਾਲਿਆਂ ਨੂੰ ਟਿਊਸ਼ਨ ਪੜ੍ਹਾਉਣ ਦਾ ਕੰਮ ਕਰਦੇ ਹਨ ਅਤੇ ਜੇ ਚਾਹੁਣ ਤਾਂ ਆਪਣੀ ਮਿਹਨਤ ਦੇ ਬਦਲੇ ਵਿੱਚ ਸਾਂਝੇ ਫੰਡ ਵਿੱਚੋਂ ਪੈਸੇ ਲੈ ਸਕਦੇ ਹਨ; ਜੇ ਉਹ ਚਾਹੁਣ ਤਾਂ ਮੁਫ਼ਤ ਹੀ ਪੜ੍ਹਾ ਸਕਦੇ ਹਨ। ਪੈਸੇ ਕਿਸੇ ਨੇ ਕਦੇ ਘੱਟ ਹੀ ਲਏ ਹਨ। ਅਜੇਹਾ ਹੋਰ ਕਿੰਨਾ ਕੁਝ ਹੈ ਜਿਸ ਦੀ ਜਾਣਕਾਰੀ ਤੂੰ ਪਿੰਡਾਂ ਵਿੱਚ ਫਿਰ ਕੇ ਪ੍ਰਾਪਤ ਕਰ ਸਕਦੀ ਹੈਂ। ਹਰ ਪਿੰਡ ਵਿੱਚ ਇੱਕ ਬਾਲ-ਘਰ ਅਤੇ ਪਾਰਕ ਹੈ, ਫੁੱਲ ਬੂਟੇ ਹਨ, ਸਿਹਤ ਅਤੇ ਸਫ਼ਾਈ ਹੈ। ਚਿੱਕੜ, ਗੰਦਗੀ, ਮੱਖੀ ਅਤੇ ਮੱਛਰ ਦਾ ਨਾਂ ਨਹੀਂ। ਉਹ ਚਾਹੁੰਦਾ ਸੀ ਕਿ ਪਿੰਡਾਂ ਵਿੱਚ ਕਿਧਰੇ ਕੋਈ ਨੰਗੀ ਨਾਲੀ ਨਾ ਹੋਵੇ। ਯੌਰਪ ਵਾਂਗ ਫ਼ਲੱਸ਼ ਸਿਸਟਮ ਹੋਵੇ, ਘਰਾਂ ਵਿੱਚ ਗੈਸ ਵਾਸਤੇ ਪਾਈਪ ਵਿਛੇ ਹੋਏ ਹੋਣ। ਮੇਰੀਆਂ ਅੱਖਾਂ ਨਾਲ ਵੇਖੀ ਹੋਈ ਯੌਰਪੀਨ ਜੀਵਨ ਦੀ ਸੁੰਦਰਤਾ ਨੂੰ ਉਹ ਆਪਣੇ ਉੱਦਮ ਨਾਲ, ਇੱਕ ਨਿੱਕੇ ਜੇਹੇ ਆਕਾਰ ਵਿੱਚ ਸਾਕਾਰ ਕਰਨਾ ਚਾਹੁੰਦਾ ਸੀ। ਬਹੁਤ ਸੁੰਦਰ ਸੀ ਉਸ ਦਾ ਸੁਪਨਾ।

1978 ਦੇ ਆਰੰਭ ਦੀ ਗੱਲ ਹੈ, ਇਨ੍ਹਾਂ ਪਿੰਡਾਂ ਦੇ ਲੋਕ ਬਾਪੂ ਜੀ ਨੂੰ ਨਾਲ ਲੈ ਕੇ ਕੇਵਲ ਦੇ ਘਰ ਗਏ। ਹਰਦੀਪ ਵੀ ਨਾਲ ਸੀ, ਸੁਖ-ਸਾਂਦ ਅਤੇ ਚਾਹ-ਪਾਣੀ ਪਿੱਛੋਂ ਬਾਪੂ ਜੀ ਨੇ ਆਖਿਆ, "ਕੇਵਲ, ਤੂੰ ਬਿਨਾਂ ਮੰਗੇ ਹੀ ਬਹੁਤ ਕੁਝ ਦੇਈ ਜਾਨਾ ਏਂ; ਇਸ ਲਈ ਅਸੀਂ ਮੰਗਦੇ ਚੰਗੇ ਨਹੀਂ ਲੱਗਦੇ। ਪਰ, ਅੱਜ ਜੋ ਮੰਗਣ ਅਸੀਂ ਆਏ ਹਾਂ ਉਹ ਮੰਗਿਆਂ ਵੀ ਮਿਲੇਗਾ ਕਿ ਨਹੀਂ, ਪਤਾ ਨਹੀਂ; ਪਰ ਝੋਲੀ ਜ਼ਰੂਰ.....।" ਕੇਵਲ ਹੋਰ ਨਾ ਸੁਣ ਸਕਿਆ। ਉੱਠ ਕੇ ਬਾਪੂ ਜੀ ਦੇ ਗਲ ਨਾਲ ਲੱਗ ਕੇ ਬੁਸਕਣ ਲੱਗ ਪਿਆ। ਜ਼ਰਾ ਸੰਭਲਿਆ ਤਾਂ ਬੋਲਿਆ, "ਬਾਪੂ ਜੀ, ਕੀ ਗੱਲ ਹੈ, ਅੱਜ ਮੇਰੇ ਆਪਣੇ, ਓਪਰਿਆਂ ਵਾਂਗ ਗੱਲਾਂ ਕਰਨ ਲੱਗ ਪਏ ਹਨ!"
"ਨਹੀਂ ਕੇਵਲ, ਅਸੀਂ ਓਪਰੇ ਨਹੀਂ, ਸੁਆਰਥੀ ਹਾਂ ਅਤੇ ਆਪਣੇ ਸੁਆਰਥ ਕਾਰਨ ਸ਼ਰਮਿੰਦੇ ਹਾਂ। ਨਾਂਹ ਨਾ ਕਰੀਂ। ਅਸੀਂ ਸੁਮੀਤ ਵਾਸਤੇ ਤੇਰੀ ਨੀਲੂ ਦਾ ਦਾਨ ਮੰਗਣ ਆਏ ਹਾਂ।" ਕੇਵਲ ਹੱਥ ਜੋੜ ਕੇ ਖਲੋ ਗਿਆ ਅਤੇ ਗਿੱਲੀਆਂ ਅੱਖਾਂ ਬੰਦ ਕਰ ਕੇ ਕਹਿਣ ਲੱਗਾ, "ਨੀਲੂ ਪਹਿਲਾਂ ਤੁਹਾਡੀ ਹੈ, ਪਿੱਛੋਂ ਸ਼ੀਲਾ ਦੀ। ਤੁਸੀਂ ਮੰਗੋ, ਉਹ ਦਾਨ ਕਰ ਦੇਵੇ; ਮੇਰੇ ਧੰਨ ਭਾਗ।" ਸ਼ੀਲਾ

ਨੇ ਉੱਠ ਕੇ ਬਾਪੂ ਜੀ ਦੇ ਪੈਰੀਂ ਹੱਥ ਲਾਇਆ; ਰਿਸ਼ਤਾ ਪੱਕਾ ਹੋ ਗਿਆ ਅਤੇ ਛੇਤੀ ਹੀ ਵਿਆਹ।

ਕੋਈ ਅੰਤ ਸੀ ਲੋਕਾਂ ਦੀ ਖ਼ੁਸ਼ੀ ਦਾ! ਕੋਈ ਸੀਮਾ ਸੀ ਕੇਵਲ ਦੇ ਉਤਸ਼ਾਹ ਦੀ! ਹੁਣ ਕੇਵਲ ਇਨ੍ਹਾਂ ਪਿੰਡਾਂ ਨੂੰ ਆਪੋ ਵਿੱਚ ਜੋੜਨ ਵਾਲੀਆਂ ਪੱਕੀਆਂ ਸੜਕਾਂ ਅਤੇ ਸੜਕਾਂ ਦੇ ਦੋ-ਪਾਸੀਂ ਛਾਂ-ਦਾਰ ਦਰੱਖ਼ਤਾਂ ਦੇ ਸੁਪਨੇ ਵੇਖਣ ਲੱਗ ਪਿਆ ਸੀ। ਉਹ ਪਿੰਡ ਲਈ ਫ਼ਲੱਸ਼ ਸਿਸਟਮ ਅਤੇ ਸਾਂਝੇ ਗੈਸ ਪਲਾਂਟਾਂ ਦੀਆਂ ਵਿਉਂਤਾਂ ਬਣਾਉਣ ਲੱਗ ਪਿਆ ਸੀ। ਸੰਤਾਨ ਸੰਜਮ ਦਾ ਕੰਮ ਚਾਲੂ ਹੋ ਚੁੱਕਾ ਸੀ ਅਤੇ ਸਫਲਤਾ ਨਾਲ ਚੱਲ ਰਿਹਾ ਸੀ। ਮੇਰੇ ਰਾਹੀਂ ਯੌਰਪ ਨਾਲ ਬਣੀ ਸਾਂਝ ਦਾ ਪੂਰਾ ਪੂਰਾ ਲਾਭ ਲਿਆ ਜਾ ਰਿਹਾ ਸੀ। ਇਸ ਦੇ ਨਾਲ ਨਾਲ ਪੰਜਾਬ ਦੇ ਸਿਆਸੀ-ਸਮਾਜੀ ਹਾਲਾਤ ਵਿਗੜਦੇ ਜਾ ਰਹੇ ਸਨ—ਵਿਗੜਦੇ ਗਏ ਅਤੇ ਫੁੱਲ-ਗੁਲਾਬ ਮੁਰਝਾਉਂਦਾ ਗਿਆ। ਸੰਨ 1980 ਜੂਨ ਦੇ ਮਹੀਨੇ ਕੇਵਲ ਨੂੰ ਇੱਕ ਗੁੰਮਨਾਮ ਪੱਤ੍ਰ ਆਇਆ। ਲਿਖਿਆ ਸੀ, "ਤੇਰੇ ਕੋਲ ਬਹੁਤ ਸਾਰਾ ਪੈਸਾ ਪਿਆ ਹੈ ਲੋਕਾਂ ਦਾ। ਦੇਸ਼ ਦੀ ਆਜ਼ਾਦੀ ਦੀ ਜੱਦੋ-ਜਹਿਦ ਲਈ ਧਨ ਦੀ ਲੋੜ ਹੈ। ਅਸੀਂ ਇੱਕੀ ਜੂਨ ਨੂੰ ਆ ਕੇ ਲੈ ਜਾਵਾਂਗੇ।" ਇਸ ਖ਼ਤ ਬਾਰੇ ਪੁਲੀਸ ਨੂੰ ਦੱਸ ਦਿੱਤਾ ਗਿਆ। ਪੁਲੀਸ ਨੇ ਕੇਵਲ ਦੇ ਘਰ ਦੀ ਰਾਖੀ ਰੱਖਣੀ ਸ਼ੁਰੂ ਕਰ ਦਿੱਤੀ। ਪੈਸੇ ਲੈਣ ਕੋਈ ਨਾ ਆਇਆ। ਦਸ ਪੰਦਰਾਂ ਦਿਨਾਂ ਪਿੱਛੋਂ ਪਹਿਰਾ ਢਿੱਲਾ ਪੈ ਗਿਆ। ਅਠਾਰਾਂ ਜੁਲਾਈ ਦੀ ਰਾਤ ਨੂੰ ਦਰਵਾਜ਼ੇ ਉੱਤੇ ਹੋਈ ਦਸਤਕ ਦਾ ਉੱਤਰ ਦੇਣ ਲਈ ਕੇਵਲ ਵਿਹੜੇ ਵਿੱਚ ਆਇਆ। ਦਰਵਾਜ਼ਾ ਖੋਲ੍ਹਿਆ ਹੀ ਸੀ ਕਿ ਇੱਕ ਬੰਦੂਕਧਾਰੀ ਨੇ ਗੋਲੀਆਂ ਨਾਲ ਉਸ ਦੀ ਛਾਤੀ ਛਾਣਨੀ ਕਰ ਦਿੱਤੀ। ਦੂਜੇ ਨੇ ਬਰਾਂਡੇ ਵਿੱਚ ਖਲੋਤੀ ਸ਼ੀਲਾ ਉੱਤੇ ਗੋਲੀਆਂ ਵਰ੍ਹਾ ਦਿੱਤੀਆਂ। ਪਿਆਰ-ਮੂਰਤੀ, ਕੇਵਲ, ਨਫ਼ਰਤ ਦਾ ਸ਼ਿਕਾਰ ਹੋ ਗਿਆ। ਲੋਕ ਕਹਿੰਦੇ ਸਨ ਠੇਕੇਦਾਰਾਂ ਦੇ ਬਲਵੰਤ ਨੇ ਕੀਤਾ ਸੀ ਇਹ ਕਾਰਾ। ਉਹ ਇਸ ਵਾਰਦਾਤ ਤੋਂ ਮਹੀਨਾ ਕੁ ਪਹਿਲਾਂ ਕਿਧਰੇ ਚਲਾ ਗਿਆ ਸੀ; ਅੱਜ ਤਕ ਵਾਪਸ ਨਹੀਂ ਆਇਆ; ਅਫ਼ਵਾਹ ਹੈ ਕਿਸੇ ਦੂਜੇ ਦੇਸ ਜਾ ਵੱਸਿਆ ਹੈ।

ਅੰਕਲ ਜੀ ਚੁੱਪ ਕਰ ਗਏ। ਕਹਿਣ ਲਈ ਬਾਕੀ ਰਹਿ ਵੀ ਕੀ ਗਿਆ ਸੀ ? ਕਿੰਨੀ ਉਤਾਵਲੀ ਸਾਂ ਮੈਂ ਨੀਲੂ ਦੇ ਪਿਤਾ ਬਾਰੇ ਸੁਣਨ ਨੂੰ। ਸੁਣ ਕੇ ਪਛਤਾਵਾ ਹੋਇਆ ਕਿ ਮੈਂ ਉਤਾਵਲੀ ਕਿਉਂ ਸਾਂ। ਕਿਉਂ ਹੈ ਖ਼ੂਬਸੂਰਤੀਆਂ ਦਾ ਏਨਾ ਭਿਆਨਕ ਅੰਤ ? ਕਿਉਂ ਹੈ ਪਿਆਰਾਂ ਦੀ ਏਨੀ ਕਰੜੀ ਸਜ਼ਾ ? ਕਿੰਨੀਆਂ ਸਿਆਣਪਾਂ ਹਨ ਮਨੁੱਖ ਦੇ ਸਿਰ ਵਿੱਚ, ਕਿੰਨੀ ਕੋਮਲਤਾ ਹੈ ਮਨੁੱਖ ਦੇ ਭਾਵਾਂ ਵਿੱਚ! ਕਿੰਨੀ ਸੁੰਦਰਤਾ ਹੈ ਮਨੁੱਖ ਦੇ ਸੁਪਨਿਆਂ ਵਿੱਚ! ਅਤੇ ਕਿੰਨੀ ਸਮਰਥਾ ਹੈ ਸਨਅਤੀ ਸੰਸਾਰ ਕੋਲ ਮਨੁੱਖੀ ਮਨ ਦੇ ਸੁਪਨਿਆਂ ਨੂੰ ਸੰਭਾਵਨਾਵਾਂ ਤੋਂ ਸੱਚ ਬਣਾ ਦੇਣ ਲਈ।

ਕੁਝ ਦਿਨ ਪਹਿਲਾਂ ਸੁਮੀਤ ਦੇ ਸਮੁੱਚੇ ਪਰਿਵਾਰ ਦੇ ਭਿਆਨਕ ਅੰਤ ਬਾਰੇ ਤੈਨੂੰ ਲਿਖਿਆ ਸੀ ਅਤੇ ਅੱਜ ਨੀਲੂ ਦੇ ਮਾਤਾ ਪਿਤਾ.....। ਇਹ ਸਭ ਕੁਝ ਲਿਖਣਾ ਪੈ ਰਿਹਾ ਹੈ ਮੈਨੂੰ ? ਮੈਨੂੰ ਹੀ ਕਿਉਂ ? ਮੈਨੂੰ ਇਹ ਸਭ ਲਿਖਣ ਦੀ ਰੀਝ ਨਹੀਂ ਸੀ। ਮੈਂ ਤਾਂ ਇੱਕ ਤੋਂ ਬਾਅਦ ਦੂਸਰੀ ਅਤੇ ਦੂਸਰੀ ਤੋਂ ਬਾਅਦ ਤੀਸਰੀ ਸੁੰਦਰਤਾ ਨੂੰ ਸ਼ਬਦਾਂ ਦਾ ਰੂਪ ਦੇਣ ਦੀ ਆਸ ਨਾਲ ਲਿਖਣਾ ਆਰੰਭ ਕੀਤਾ ਸੀ। ਹੋਰ ਕਿੰਨੀਆਂ ਕੁ ਪੀੜਾਂ ਨੂੰ ਪ੍ਰੋਣਾ ਹੈ ਅਜੇ ਮੇਰੀ ਕਲਮ ਨੇ ਵਾਕਾਂ ਦੀ ਵੇਦਨ-ਮਾਲਾ ਵਿੱਚ!

ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ ਨੀਲੂ ਜੀ! ਉਹ ਟੁੱਟ ਕਿਉਂ ਨਾ ਗਏ ? ਬਿਖਰ ਕਿਉਂ ਨਾ ਗਏ ? ਕਿੱਥੋਂ ਆ ਗਿਆ ਉਨ੍ਹਾਂ ਵਿੱਚ ਸਾਹਸ ਆਪਣੇ ਸੁਮੀਤ ਨੂੰ ਮੁੜ ਉਨ੍ਹਾਂ ਦੇ ਆਦਰਸ਼ਾਂ ਦੇ ਸੱਚੇ ਵਿੱਚ ਢਾਲਣ ਦਾ ਜਿਨ੍ਹਾਂ ਦੇ ਟੁੱਟ ਜਾਣ ਦਾ ਖ਼ਿਆਲ ਹੀ ਅਸਹਿ

ਹੈ ? ਕਿਉਂ ਹਨ ਏਡੀਆਂ ਵੱਡੀਆਂ ਵੱਡੀਆਂ ਆਸਾਂ ਸੁਮੀਤ ਨੂੰ ਉਸੇ ਕਲਾ ਉੱਤੇ ਜਿਹੜੀ ਵੀਭੱਤਸ, ਭਿਆਨਕ, ਰੌਦਰ ਅਤੇ ਬੀਰ ਆਦਿਕ ਮਨੋਰੋਗਾਂ ਨੂੰ 'ਰਸ' ਬਣਾਉਂਦੀ ਹੋਈ, ਮਨੁੱਖੀ ਮਨੋਰੰਜਨ ਦਾ ਆਧਾਰ ਮੰਨ ਕੇ, ਮਨ ਵਿਚਲੇ ਕੋਝਾਂ ਅਤੇ ਜੀਵਨ ਵਿਚਲੇ ਕਲੇਸ਼ਾਂ ਦੀ ਉਮਰ ਲੰਮੀ ਕਰਨ ਦਾ ਅਪਰਾਧ ਕਰਦੀ ਆ ਰਹੀ ਹੈ; ਜਿਹੜੀ ਕਾਮੁਕਤਾ ਅਤੇ ਵਿਲਾਸ ਨੂੰ, ਸ਼ਿੰਗਾਰ ਦੇ ਉਹਲੇ ਵਿੱਚ, ਰਸ-ਰਾਜ ਆਖਣ ਦੀ ਚਤੁਰਾਈ ਕਰਦੀ ਆ ਰਹੀ ਹੈ ? ਨਾ ਤਾਂ ਸਭਿਅਤਾ ਦਾ ਆਦਿ ਸਤੰਭ, ਧਰਮ ਹੀ ਮਨੁੱਖੀ ਮਨ ਦੀ ਕਠੋਰਤਾ ਵਿੱਚ ਘਾਟਾ ਕਰ ਸਕਿਆ ਹੈ ਅਤੇ ਨਾ ਹੀ ਕਲਾ। ਵਿਗਿਆਨ ਦਾ ਇਹ ਖੇਤਰ ਨਹੀਂ। ਆਪਣੇ ਪਾਪਾ ਨੂੰ ਪੁੱਛੀਂ, ਕੀ ਫਲਸਫਾ (ਦਰਸ਼ਨ) ਇਨ੍ਹਾਂ ਤੋਂ ਵੱਧ ਭਰੋਸੇਯੋਗ ਹੈ ? ਮਨੁੱਖਤਾ ਕਿਹੜੇ ਦਰ ਉੱਤੇ ਦਸਤਕ ਦੇਵੇ ?

ਤੇਰੀ,
ਉਦਾਸ ਪੁਸ਼ਪੇਂਦ੍ਰ।

# 19

ਈਸਟ ਹੈਮ,
14.1.96.

ਪੁਸ਼ਪੇਂਦ੍ਰ,

ਤੇਰਾ ਪੱਤ੍ਰ ਵੀਰਵਾਰ ਸਵੇਰ ਦੀ ਡਾਕ ਵਿੱਚ ਮਿਲਿਆ ਸੀ। ਇਸ ਉੱਤੇ ਖਿੱਲਰੇ ਹੋਏ ਸ਼ਬਦਾਂ ਦਾ, ਚਾਈਂ ਚਾਈਂ ਪਿੱਛਾ ਕਰਦੀ ਰਹੀ। ਖ਼ੁਸ਼ੀਆਂ, ਖ਼ੂਬਸੂਰਤੀਆਂ ਅਤੇ ਸਿਆਣਪਾਂ ਨਾਲ ਸਾਂਝਾਂ ਪਾਉਂਦੇ ਹੋਏ ਇਹ ਉਦਾਸੀਆਂ ਤੱਕ ਪਹੁੰਚ ਗਏ, ਇਨ੍ਹਾਂ ਨਾਲ ਮੈਂ ਵੀ। ਮੈਂ ਚਾਹੁੰਦੀ ਸਾਂ ਕਿ ਉਸ ਸੁਹਣੇ ਮਨੁੱਖ ਦੀ ਸਾਤਵਿਕ ਸੋਚ ਨੂੰ ਇੱਕ ਵੇਰ ਫਿਰ ਆਪਣੀ ਬੌਧਕਤਾ ਵਿੱਚ ਪਰਵੇਸ਼ ਕਰਨ ਦਾ ਮੌਕਾ ਦਿਆਂ; ਪਰ ਉਦਾਸੀ ਦੇ ਖ਼ਿਆਲ ਨੇ ਦੁਬਾਰਾ ਪੜ੍ਹਨ ਦਾ ਹੀਆ ਨਾ ਪੈਣ ਦਿੱਤਾ। ਤੇਰਾ ਇਹ ਪੱਤ੍ਰ ਪਾਪਾ ਨੂੰ ਪੜ੍ਹਾਉਣੋਂ ਵੀ ਸੰਕੋਚ ਕਰਦੀ ਰਹੀ। ਬਹੁਤ ਉਦਾਸ ਰਹੀ ਮੈਂ ਦੋ ਦਿਨ। ਸਨਿੱਚਰਵਾਰ ਸਵੇਰੇ ਸਵੇਰੇ, ਕੋਈ ਸਾਢੇ ਤਿੰਨ ਵਜੇ, ਉੱਠ ਕੇ, ਇਸ਼ਨਾਨ ਆਦਿਕ ਤੋਂ ਵਿਹਲੀ ਹੋ ਕੇ ਕਿਚਨ ਵਿੱਚ ਪੁੱਜੀ ਤਾਂ ਵੇਖਿਆ ਕਿ ਪਾਪਾ ਚਾਹ ਬਣਾ ਰਹੇ ਸਨ। ਮੈਂ ਚੁੱਪ ਚਾਪ ਡਾਇਨਿੰਗ ਟੇਬਲ ਸਾਹਮਣੇ ਕੁਰਸੀ ਉੱਤੇ ਬੈਠ ਗਈ। ਪਾਪਾ ਨੇ ਚਾਹ ਦੀਆਂ ਦੋ ਪਿਆਲੀਆਂ ਮੇਜ਼ ਉੱਤੇ ਰੱਖਦੇ ਹੋਏ ਆਖਿਆ,

"ਦੋ ਕੁ ਦਿਨਾਂ ਤੋਂ ਬਹੁਤ ਉਦਾਸ ਹੈ ਮੇਰਾ ਬੇਟਾ।"

"ਹਾਂ, ਪਾਪਾ।"

ਮੈਂ ਕੁਝ ਵਧਾਉਣਾ ਜਾਂ ਛਪਾਉਣਾ ਨਹੀਂ ਸਾਂ ਚਾਹੁੰਦੀ। ਪਰ ਮੇਰੇ ਇਹ ਦੋ ਸ਼ਬਦ ਇੱਕ ਹੌਕੇ ਦੇ ਰੂਪ ਵਿੱਚ ਇਉਂ ਉਚਾਰੇ ਗਏ ਕਿ ਮੇਰੀ ਉਦਾਸੀ ਦੂਣੀ ਹੋ ਕੇ ਪ੍ਰਗਟ ਹੋਈ। ਪਾਪਾ ਨੇ ਮੇਰੇ ਸਿਰ ਉੱਤੇ ਹੱਥ ਰੱਖ ਕੇ ਆਖਿਆ, "ਅੱਜ ਹੀ ਦੋ ਟਿਕਟਾਂ ਲੈ ਲੈਂਦੇ ਹਾਂ। ਅਗਲੇ ਹਫ਼ਤੇ ਜਾ ਮਿਲੋ ਆਪਣੇ ਮਾਤਾ-ਪਿਤਾ ਅਤੇ ਸਹੇਲੀ ਨੂੰ।"

"ਤੁਹਾਡੇ ਕੋਲ ਰਹਿੰਦਿਆਂ ਕਿਸੇ ਕੋਲੋਂ ਦੂਰ ਹੋਣ ਦਾ ਅਹਿਸਾਸ ਕਦੇ ਨਹੀਂ ਹੋਇਆ, ਪਾਪਾ।" ਇਹ ਕਹਿ ਕੇ ਮੈਂ ਤੇਰਾ ਪੱਤ੍ਰ ਉਨ੍ਹਾਂ ਦੇ ਸਾਹਮਣੇ ਕਰ ਦਿੱਤਾ। ਉਨ੍ਹਾਂ ਨੇ ਪੜ੍ਹਿਆ ਅਤੇ ਆਖਿਆ,

*"ਜਬ ਸੇ ਜਹਾਂ ਹੈ ਤਬ ਸੇ ਖ਼ਰਾਬੀ ਯਹੀ ਹੈ ਮੀਰ*
*ਤੁਮ ਦੇਖ ਕਰ ਜ਼ਮਾਨੇ ਕੋ ਹੈਰਾਨ ਕਿਆ ਰਹੇ ?"*

"ਪਾਪਾ, ਪੁਸ਼ਪੇਂਦ੍ਰ ਦੇ ਪੱਤ੍ਰ ਦਾ ਅੰਤਲਾ ਹਿੱਸਾ ਮੇਰੇ ਦਿਲ ਦਿਮਾਗ਼ ਨੂੰ ਛੱਡਣ ਦਾ ਨਾਂ ਨਹੀਂ ਲੈਂਦਾ। ਮੇਰੀ ਹੋਂਦ ਦਾ ਇੱਕ ਹਿੱਸਾ ਦੂਜੇ ਕੋਲੋਂ ਉਹ ਸਾਰੇ ਪ੍ਰਸ਼ਨ ਪੁੱਛਦਾ ਹੈ ਜਿਹੜੇ ਇਸ ਪੱਤ੍ਰ ਦੇ ਅੰਤਲੇ ਵਾਕਾਂ ਵਿੱਚ ਹਨ। ਮੇਰੀ ਹੋਂਦ ਦਾ ਦੂਜਾ ਹਿੱਸਾ ਉੱਤਰ ਦੇਣ ਦੇ ਅਯੋਗ ਹੋਣ ਕਰਕੇ ਆਵਾਕ ਹੈ ਅਤੇ ਆਵਾਕ ਹੋਣ ਕਰਕੇ ਉਦਾਸ ਹੈ।"

"ਮੈਂ ਮਦਦ ਕਰ ਸਕਦਾ ਸਾਂ, ਸ਼ਾਇਦ।"

"ਉਦਾਸੀ ਨੇ ਹਾਲਤ ਇਹ ਕਰ ਰੱਖੀ ਸੀ ਕਿ 'ਦਾਮਨੇ ਖ਼ਯਾਲੇ ਯਾਰ ਭੀ ਛੂਟਾ ਜਾਏ ਥਾ (ਹੈ) ਮੁਝ ਸੇ'।"

"ਏਨੀ ਨਿਰਾਸ਼ਾ ਨੂੰ ਕੋਈ ਥਾਂ ਨਹੀਂ, ਬੇਟਾ ਜੀ ? ਅਜਿਹੇ ਸੁਆਲ ਮਨੁੱਖੀ ਮਨ ਦੀ ਸਿਹਤਮੰਦੀ ਦਾ ਸਬੂਤ ਹਨ; ਉਸ ਦੇ ਵਿਕਾਸਮੁਖੀ ਹੋਣ ਦੀ ਦਲੀਲ ਹਨ। ਆਦਿ ਕਾਲ ਤੋਂ ਮਨੁੱਖ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਦਾ ਆਇਆ ਹੈ; ਲੱਭਦਾ ਰਹੇਗਾ। ਉਦਾਸੀ ਕਿਉਂ ?"

"ਏਨੀਆਂ ਸੋਚਾਂ ਦੇ ਬਾਵਜੂਦ ਜੇ ਉੱਤਰ ਨਾ ਲੱਭੇ ਤਾਂ ਉਦਾਸੀ ਓਪਰੀ ਨਹੀਂ, ਪਾਪਾ।"

"ਕਿੰਨਾ ਕੁ ਸੋਚ ਲਿਆ ਹੈ ਮਨੁੱਖ ਨੇ, ਮੇਰੇ ਬੱਚੇ ? ਧਰਤੀ ਉਤਲਾ ਜੀਵਨ ਕਰੋੜਾਂ ਸਾਲਾਂ ਦੀ ਉਮਰ ਭੋਗ ਚੁੱਕਾ ਹੈ, ਉਸ ਦੇ ਟਾਕਰੇ ਵਿੱਚ ਮਨੁੱਖੀ ਸੋਚ ਦੀ ਉਮਰ ਇੱਕ ਦੋ ਪਲ ਤੋਂ ਵੱਧ ਨਹੀਂ ਜੇ ਸਮੁੱਚੇ ਜੀਵਨ ਦੀ ਉਮਰ ਨੂੰ ਸੌ ਸਾਲ ਮੰਨੀਏਂ। ਆਪਣੀ ਉਮਰ ਦਾ ਬਹੁਤ ਹਿੱਸਾ, ਮਨੁੱਖੀ ਸੋਚ, ਪਸ਼ੂ-ਸੋਚ ਵਾਂਗੂੰ, ਪਰਵਿਰਤੀ-ਪੱਧਰ ਉੱਤੇ ਹੀ ਟਿਕੀ ਰਹੀ ਹੈ। ਹਜ਼ਾਰਾਂ ਸਾਲਾਂ ਤਕ (ਸ਼ਾਇਦ) ਮਨੁੱਖ ਜੰਗਲੀ ਪਸ਼ੂ ਦੇ ਪੱਧਰ ਤੋਂ ਅਗੇਰੇ ਨਹੀਂ ਸੀ ਵੱਧ ਸਕਿਆ।"

"ਪਾਪਾ, ਕੀ ਜੰਗਲੀ ਮਨੁੱਖ ਦੀ ਮੁੱਢਲੀ ਚੇਤਨਾ ਅਤੇ ਉਸ ਚੇਤਨਾ ਦੇ ਪਰਵਿਰਤੀ ਰੂਪ ਪ੍ਰਗਟਾਵੇ ਨੂੰ 'ਸੋਚ' ਆਖਿਆ ਜਾ ਸਕਦਾ ਹੈ ?"

"ਕੁਝ ਲੋਕ ਉਸ ਨੂੰ 'ਸੋਚ' ਕਹਿੰਦੇ ਹਨ ਅਤੇ ਕੁਝ ਨਹੀਂ। ਜਿਹੜੇ ਕਹਿੰਦੇ ਹਨ ਉਨ੍ਹਾਂ ਅਨੁਸਾਰ ਪਸ਼ੂ ਵੀ ਸੋਚਦੇ ਹਨ। ਮੈਨੂੰ ਇਹ ਮੰਨਣਾ ਠੀਕ ਲੱਗਦਾ ਹੈ ਕਿ ਜੰਗਲੀ ਮਨੁੱਖ ਦੀ ਚੇਤਨਾ ਅਤੇ ਚੇਤਨਾ ਦਾ ਪਰਵਿਰਤੀ-ਰੂਪ ਪ੍ਰਗਟਾਵਾ 'ਸੋਚ' ਹੈ। ਮੈਂ ਇਹ ਵੀ ਮੰਨਣਾ ਚਾਹੁੰਦਾ ਹਾਂ ਕਿ ਪਸ਼ੂ ਸੋਚਦੇ ਹਨ। ਪਰ, ਇਸ ਸੋਚ ਦਾ ਬਹੁਤਾ ਸੰਬੰਧ ਭੁੱਖ ਅਤੇ ਭੋਜਨ ਨਾਲ ਹੈ। ਇਸ ਪੱਧਰ ਉੱਤੇ 'ਸਿਰ' ਦੀ ਨਹੀਂ, ਸਗੋਂ 'ਪੇਟ' ਦੀ ਪ੍ਰਭੁਤਾ ਹੈ। ਇਸ ਪੱਧਰ ਉੱਤੇ ਜੀਵੇ ਜਾਣ ਵਾਲੇ ਜੀਵਨ ਦਾ ਮਨੋਰਥ ਕੇਵਲ 'ਜੀਊਂਦੇ ਰਹਿਣਾ' ਹੈ ਅਤੇ ਜੀਵ ਇਹ ਜਾਣਦਾ ਹੈ ਕਿ ਮੇਰੇ ਚੌਗਿਰਦੇ ਨਾਲ ਮੇਰਾ ਸੰਬੰਧ ਮੇਰੇ ਮਨੋਰਥ ਦੀ ਪ੍ਰਾਪਤੀ ਜਾਂ ਅਪ੍ਰਾਪਤੀ ਦਾ ਮੂਲਾਧਾਰ ਹੈ। ਉਹ ਇਹ ਨਹੀਂ ਜਾਣਦਾ ਕਿ ਮੈਂ ਆਪਣੇ ਚੌਗਿਰਦੇ ਨਾਲ ਆਪਣੇ ਸੰਬੰਧਾਂ ਨੂੰ ਨਵੇਂ ਰੂਪ ਦੇ ਕੇ ਆਪਣੇ ਮਨੋਰਥ ਦੀ ਪ੍ਰਾਪਤੀ ਦੀਆਂ ਸੰਭਾਵਨਾਵਾਂ ਵਿੱਚ ਵਾਧਾ ਕਰ ਸਕਦਾ ਹਾਂ। ਉਹ ਸ਼ਕਤੀ ਨੂੰ ਸੁਰੱਖਿਆ ਦਾ ਪਰਮੁੱਖ ਸਾਧਨ ਮੰਨਦਾ ਹੈ ਅਤੇ ਇਸ ਦੀ ਵਰਤੋਂ ਵਿੱਚ ਉੱਚਿਤ-ਅਨੁਚਿਤ ਦੇ ਵਿਤ੍ਰੇਕ ਦੀ ਕੋਈ ਲੋੜ ਨਹੀਂ ਸਮਝਦਾ। ਇਸ ਅਵਸਥਾ ਨੂੰ ਸੋਚ ਦੇ ਬਚਪਨ ਦੀ ਅਵਸਥਾ ਕਹਿ ਸਕਦੇ ਹਾਂ। ਮਨੁੱਖੀ ਸੋਚ ਹਜ਼ਾਰਾਂ ਸਾਲਾਂ ਤਕ ਆਪਣੇ ਬਚਪਨ ਵਿੱਚ ਰਹੀ ਹੈ ਅਤੇ.....।"

"ਪਾਪਾ, ਇਸ ਲੇਖੇ ਇਹ ਵੀ ਆਖਿਆ ਜਾ ਸਕਦਾ ਹੈ ਕਿ ਅੱਜ ਵੀ ਮਨੁੱਖੀ ਸੋਚ ਬਾਲ-ਅਵਸਥਾ ਵਿੱਚ ਹੀ ਹੈ।"

"ਬਹੁਤ ਹੱਦ ਤੱਕ ਹੈ, ਮੇਰੇ ਬੱਚੇ ! ਜਿੱਥੇ ਜੀਵਨ ਸੁਰੱਖਿਅਤ ਨਹੀਂ ਉੱਥੇ ਸੋਚ ਵੀ ਵਿਕਸਿਤ ਨਹੀਂ। ਤਾਂ ਵੀ ਵਿਕਾਸ ਦੀਆਂ ਸੰਭਾਵਨਾਵਾਂ ਸਦਾ ਮੌਜੂਦ ਹੁੰਦੀਆਂ ਹਨ, ਜਿਵੇਂ ਕਿ ਜੰਗਲੀ ਜੀਵਨ ਵਿੱਚ ਵੀ ਮੌਜੂਦ ਸਨ। ਸੁਰੱਖਿਆ ਨੇ ਇਨ੍ਹਾਂ ਸੰਭਾਵਨਾਵਾਂ ਨੂੰ ਵਿਕਸਾਉਣ ਵਿੱਚ ਕਮਾਲ ਵੀ ਕੀਤਾ ਹੈ।"

"ਇਸ ਵਿਚਾਰ ਦਾ ਕੁਝ ਵਿਸਥਾਰ ਕਰੋ, ਪਾਪਾ।"

"ਬੇਟਾ ਜੀ, ਜੰਗਲੀ ਮਨੁੱਖ ਕੁਦਰਤ ਦੀਆਂ ਭਿਆਨਕ ਨਿਰਦਈ ਸ਼ਕਤੀਆਂ ਸਾਹਮਣੇ

ਬੇ-ਬੱਸ ਸੀ। ਖ਼ਤਰਿਆਂ ਤੋਂ ਬਚਣ ਦੇ ਬਹੁਤ ਸਾਰੇ ਸਾਧਨ ਉਸ ਕੋਲੋਂ ਖੋਹ ਲਏ ਗਏ ਸਨ। ਨਾ ਉਹ ਤੇਜ਼ ਦੌੜ ਸਕਦਾ ਸੀ ਨਾ ਅੱਖ ਦੇ ਫੋਰ ਵਿੱਚ ਰੁੱਖ ਉੱਤੇ ਚੜ੍ਹ ਸਕਦਾ ਸੀ। ਸਰਦੀ ਤੋਂ ਬਚਣ ਲਈ ਉਸ ਦੇ ਸਰੀਰ ਉੱਤੇ ਸੰਘਣੀ ਜੱਤ ਵੀ ਨਹੀਂ ਸੀ ਰਹੀ। ਨਾ ਸਿੰਙ ਸਨ ਨਾ ਪੰਜੇ ਅਤੇ ਨਾ ਹੀ ਬਹੁਤੀ ਸਰੀਰਕ ਸ਼ਕਤੀ। ਵਿਕਾਸ ਦੇ ਮੁੱਲ ਵਜੋਂ ਇਹ ਸਭ ਕੁਝ ਉਸ ਕੋਲੋਂ ਲੈ ਗਿਆ ਸੀ ਅਤੇ ਵਿਕਾਸ ਵਜੋਂ ਉਸ ਨੂੰ ਸੋਚ ਦਾ ਵਿਕਾਸ ਅਤੇ ਬੋਲਣ ਦੀ ਯੋਗਤਾ ਦੇ ਦਿੱਤੀ ਗਈ ਸੀ।"

ਤੇਰੇ ਜੀਜਾ ਜੀ ਹੁਣੇ ਹੁਣੇ ਕਿਚਨ ਵਿੱਚ ਆਏ ਸਨ, ਉਨ੍ਹਾਂ ਨੇ ਆਖਿਆ, "ਸੋਚਦੇ ਅਤੇ ਬੋਲਦੇ ਤਾਂ ਪਸ਼ੂ ਵੀ ਹਨ, ਪਾਪਾ।"

"ਬੋਲਦੇ ਹਨ ਅਤੇ ਸੋਚਦੇ ਵੀ ਹਨ; ਪਰ ਉਨ੍ਹਾਂ ਦੀ ਯੋਗਤਾ ਸੀਮਿਤ ਹੈ। ਮਨੁੱਖ ਦੇ ਸੋਚਣ ਅਤੇ ਬੋਲਣ ਦੀ ਯੋਗਤਾ, ਅਜੇ ਤਕ, ਅਸੀਮ ਲੱਗਦੀ ਹੈ। ਇਹ ਵਿਕਾਸਸ਼ੀਲ ਹੈ ਅਤੇ ਇਸ ਵਿਕਾਸ-ਯਾਤਰਾ ਬਾਰੇ ਅਸੀਂ ਗੱਲ ਕਰ ਰਹੇ ਹਾਂ—ਸੁਣ! ਅਤੇ ਚਾਹ ਵੀ ਪੀ! ਮੈਂ ਕਹਿ ਰਿਹਾ ਸਾਂ ਕਿ ਮਨੁੱਖ ਆਪਣੀਆਂ ਇਛਾਵਾਂ ਦੀ ਪੂਰਤੀ ਅਤੇ ਆਪਣੀ ਸੁਰੱਖਿਆ ਦੇ ਸੰਬੰਧ ਵਿੱਚ ਬੇ-ਬੱਸ ਸੀ, ਆਪਣੇ ਤੋਂ ਬਾਹਰਲੀ ਕਾਇਨਾਤ ਜਾਂ ਕੁਦਰਤ ਦੇ ਰਹਿਮ ਉੱਤੇ ਸੀ; ਪਰ ਸੋਚਣ, ਬੋਲਣ ਅਤੇ ਕਲਪਨਾ ਕਰਨ ਲਈ ਉਹ ਮੁਕਤ ਸੀ, ਸੁਤੰਤਰ ਸੀ। ਉਸ ਦੀ ਸੋਚ ਨੇ ਉਸ ਨੂੰ ਚੰਗੇ-ਬੁਰੇ ਅਤੇ ਉੱਚਿਤ-ਅਨੁਚਿਤ ਦੀ ਸੋਝੀ ਦਿੱਤੀ। ਇਹ ਸੋਚ ਦੀ ਪਹਿਲੀ ਮੰਜ਼ਿਲ ਸੀ। ਬਚਪਨ ਤੋਂ ਅਗਲੀ ਪ੍ਰਾਪਤੀ ਸੀ।"

"ਪਾਪਾ, ਚੰਗੇ-ਬੁਰੇ ਅਤੇ ਉੱਚਿਤ-ਅਨੁਚਿਤ ਦਾ ਭਾਵ ਇੱਕੋ ਹੈ ਜਾਂ ਇਨ੍ਹਾਂ ਵਿੱਚ ਕੁਝ ਫ਼ਰਕ ਹੈ?"

"ਇਹ ਇਕ-ਭਾਵੇ ਵੀ ਹੋ ਸਕਦੇ ਹਨ; ਪਰ ਮੈਂ ਏਥੇ ਇਨ੍ਹਾਂ ਨੂੰ ਨਿੱਕੇ ਜਹੇ ਭਾਵਾਂਤਰ ਦੇ ਖ਼ਿਆਲ ਨਾਲ ਵਰਤ ਰਿਹਾ ਹਾਂ।"

"ਇਨ੍ਹਾਂ ਦੇ ਭਾਵਾਂ ਦਾ ਅੰਤਰ ਵੀ ਦੱਸਦੇ ਜਾਓ, ਪਾਪਾ।"

"ਏਥੇ ਚੰਗੇ-ਬੁਰੇ ਦੇ ਵਿਤਰੇਕ ਨੂੰ ਜੀਵ ਦੇ ਨਿੱਜ ਨਾਲ ਸੰਬੰਧਤ ਮੰਨ ਰਿਹਾ ਹਾਂ। ਜੀਵ ਨੂੰ ਉਹ ਕੁਝ ਚੰਗਾ ਲੱਗਦਾ ਹੈ ਜੋ ਕੁਝ ਉਸ ਦੇ ਜੀਵਨ ਦੀ ਰੱਖਿਆ ਵਿੱਚ ਸਹਾਈ ਹੋਵੇ ਅਤੇ ਉਸ ਦੇ ਦੁੱਖਾਂ ਨੂੰ ਘਟਾਵੇ, ਉਸ ਦੀ ਪੀੜਾ ਹਰੇ। ਇਸ ਦੇ ਨਾਲ ਨਾਲ ਜੰਗਲੀ ਮਨੁੱਖ ਨੂੰ ਆਪਣੇ ਵਰਗੇ ਮਨੁੱਖ ਦੇ ਸਾਥ-ਸਹਾਰੇ ਦੀ ਵੀ ਲੋੜ ਸੀ। ਉਨ੍ਹਾਂ ਦੀ ਰੱਖਿਆ ਨੂੰ ਅਤੇ ਉਨ੍ਹਾਂ ਦੇ ਦੁਖ-ਸੁਖ ਨੂੰ ਵੀ ਉਹ 'ਆਪਣੇ' ਮੰਨਣ ਲਈ ਪ੍ਰੇਰਿਆ ਗਿਆ ਸੀ। ਆਪਣੇ ਜੀਵਨ ਨੂੰ ਹੋਣ ਵਾਲੀ ਹਰ ਹਾਨੀ ਨੂੰ ਉਹ 'ਬੁਰਾ' ਸਮਝਦਾ ਸੀ; ਪਰ, ਆਪਣੇ ਸਾਥੀਆਂ ਦੇ ਜੀਵਨ ਨੂੰ ਖ਼ਤਰੇ ਵਿੱਚ ਪਾ ਕੇ ਆਪਣੀ ਰੱਖਿਆ ਕਰਨ ਨੂੰ ਉਹ 'ਉਚਿਤ' ਨਹੀਂ ਸੀ ਮੰਨਦਾ। ਆਪਣੇ ਸਾਥੀਆਂ ਦੀ ਰੱਖਿਆ ਲਈ ਉਹ 'ਬੁਰਾਈ' ਨੂੰ ਵੀ 'ਉਚਿਤ' ਜਾਣਦਾ ਸੀ; ਪੀੜਾ ਨੂੰ ਵੀ ਜੀ-ਆਇਆਂ ਕਹਿਣ ਲਈ ਤਿਆਰ ਸੀ। 'ਰੱਖਿਆ ਅਤੇ ਰੱਜ' ਨੂੰ ਚੰਗਿਆਈ ਦੀ ਅਤੇ, 'ਮੌਤ ਅਤੇ ਭੁੱਖ' ਨੂੰ ਬੁਰਾਈ ਦੀ ਸੀਮਾ ਸਮਝਣ ਵਾਲਾ ਜੰਗਲੀ ਮਨੁੱਖ ਕੁਦਰਤ ਦੀ ਨਿਰਦੈਤਾ ਨੂੰ ਵਿਰੋਧੀ ਸ਼ਕਤੀਆਂ ਦਾ ਕੋਪ ਮੰਨਣ ਤੋਂ ਅਗੇਰੇ ਨਹੀਂ ਸੀ ਸੋਚ ਸਕਦਾ। ਜਦੋਂ ਵੀ ਇਸ ਸੰਬੰਧ ਵਿੱਚ ਸੋਚਣ ਦੀ ਲੋੜ ਪੈਂਦੀ ਸੀ, ਉਹ ਆਪਣੀ ਮਿਸਾਲ ਲੈਂਦਾ ਸੀ। ਆਪਣੀਆਂ ਮੁਸ਼ਕਲਾਂ ਦੇ ਹੱਲ ਲਈ ਸ਼ਕਤੀ ਤੋਂ ਵੱਖਰਾ ਕੋਈ ਸਾਧਨ ਉਸ ਕੋਲ ਨਹੀਂ ਸੀ; ਇਸ ਲਈ, ਉਹ ਸ਼ਕਤੀ ਨੂੰ ਹੀ ਸ੍ਰੇਸ਼ਟ ਮੰਨਣ ਲਈ ਮਜਬੂਰ ਸੀ। ਉਹ ਅਣਦਿੱਸਦੀਆਂ ਸ਼ਤਰੂ-ਸ਼ਕਤੀਆਂ ਨੂੰ ਆਪਣੀ ਸਭ ਤੋਂ ਵਡਮੁੱਲੀ ਵਸਤੂ ਭੇਂਟ ਕਰਨ ਨੂੰ ਤਿਆਰ ਸੀ। ਉਹ ਆਪਣੇ

ਕਲਪੇ-ਕਿਆਸੇ ਹੋਏ ਦੇਵਤਿਆਂ ਨੂੰ ਅੰਨ ਵੀ ਦਿੰਦਾ ਸੀ, ਪਸ਼ੂਆਂ ਦੀ ਬਲੀ ਵੀ ਅਤੇ ਮਨੁੱਖਾਂ ਦੀ ਕੁਰਬਾਨੀ ਵੀ। ਬਾਈਬਲ ਵਿੱਚ ਮੋਲੋਕ ਨਾਂ ਦੇ ਇੱਕ ਦੇਵਤੇ ਦਾ ਜ਼ਿਕਰ ਹੈ ਜਿਸ ਨੂੰ ਪ੍ਰਸੰਨ ਕਰਨ ਲਈ ਲੋਕ ਬੱਚਿਆਂ ਨੂੰ ਜੀਊਂਦਾ ਜਲਾਉਂਦੇ ਸਨ।"

"ਪਾਪਾ, ਇਹ ਉਵੇਂ ਹੀ ਨਹੀਂ ਜਿਵੇਂ ਅੰਗ੍ਰੇਜ਼ੀ ਬੋਲੀ ਵਿੱਚ ਬਾਈਬਲ ਦੀ ਇੱਕ ਉਕਤੀ ਨੂੰ ਉਲਟਾ ਕਰ ਕੇ ਆਖਿਆ ਜਾਂਦਾ ਹੈ 'ਮੈਨ ਕ੍ਰੀਏਟਿੰਗ ਗਾੱਡ ਇਨ ਹਿਜ਼ ਓਨ ਇਮੇਜ' (Man creating God in his own image)।"

"ਬਿਲਕੁਲ ਉਵੇਂ ਹੀ ਹੈ। ਸ਼ਕਤੀ ਤੋਂ ਅਗਾਂਹ ਜਾਂ ਵੱਖਰੀ ਕਿਸੇ ਜੁਗਤੀ ਤੋਂ ਜਾਣੂੰ ਨਾ ਹੋਣ ਕਰਕੇ ਜੰਗਲੀ ਮਨੁੱਖ ਨੇ ਸ਼ਕਤੀ ਦੀ ਪੂਜਾ ਵਿੱਚ ਜਿਸ ਜਿਸ ਭਿਆਨਕਤਾ ਅਤੇ ਜਿਹੜੀ ਜਿਹੜੀ ਕਰੂਪਤਾ ਦਾ ਪ੍ਰਦਰਸ਼ਨ ਕੀਤਾ ਹੈ, ਉਹ ਭਾਸ਼ਾ ਤੋਂ ਪਰੇ ਹੈ।"

"ਕੇਵਲ ਜੰਗਲੀ ਮਨੁੱਖ ਨੇ ਹੀ ਕਿਉਂ, ਪਾਪਾ ? ਸਭਿਅ ਮਨੁੱਖ ਵੀ ਇਸ ਪੂਜਾ ਵਿੱਚ ਪਿੱਛੇ ਨਹੀਂ। ਹਥਿਆਰਾਂ ਦੇ ਕਾਰਖ਼ਾਨੇ ਸ਼ਕਤੀ ਦੇ ਪੂਜਾ-ਮੰਦਰ ਹੀ ਤਾਂ ਹਨ। ਇਹ ਜੰਗਾਂ, ਜਹਾਦ, ਧਰਮ ਯੁੱਧ, ਇਨਕਲਾਬ ਆਦਿਕ ਮਨੁੱਖੀ ਕੁਰਬਾਨੀ ਜਾਂ ਬਲੀ ਦੇ ਅਵਸਰ ਹਨ। ਇਨ੍ਹਾਂ ਵਿੱਚ ਮਰਿਆਂ ਨੂੰ ਕੁਰਬਾਨ ਹੋਏ ਆਖਿਆ ਵੀ ਜਾਂਦਾ ਹੈ।"

"ਏਸੇ ਬਾਰੇ ਕੁਝ ਕਹਿਣ ਲੱਗਾ ਹਾਂ ਹੁਣ। ਸੋਚ ਆਪਣੀ ਪਹਿਲੀ ਮੰਜ਼ਿਲ ਉੱਤੇ ਖਲੋਤੀ ਨਹੀਂ ਰਹੀ, ਅਗੇਰੇ ਤੁਰਦੀ ਰਹੀ ਹੈ, ਤੁਰੀ ਜਾ ਰਹੀ ਹੈ। ਕਿਸੇ ਕਿਸੇ ਸੋਚ ਨੂੰ ਇਉਂ ਵੀ ਪਰਤੀਤ ਹੋਇਆ ਕਿ ਕਿਸੇ ਪ੍ਰਕਾਰ ਦੀ ਪੂਜਾ ਅਤੇ ਭੇਂਟ ਸ਼ਤਰੂ-ਸ਼ਕਤੀਆਂ ਦੇ ਕ੍ਰੋਧ ਨੂੰ ਦਇਆ ਵਿੱਚ ਬਦਲਣ ਦੇ ਸਮਰੱਥ ਨਹੀਂ ਹੋ ਸਕਦੀ। ਅਜੇਹੀ ਸੋਚ ਨੇ ਵੱਖਰੀਆਂ ਜੁਗਤੀਆਂ ਅਤੇ ਵੱਖਰੇ ਆਦਰਸ਼ਾਂ ਨੂੰ ਜਨਮ ਦਿੱਤਾ ਅਤੇ ਮਨੁੱਖ ਵਿੱਚ ਪਾਸ਼ਵਿਕਤਾ ਦੇ ਨਾਲ ਮਾਨਵੀ ਆਦਰਸ਼ਾਂ ਦਾ ਨਿਵਾਸ ਵੀ ਹੋਣਾ ਆਰੰਭ ਹੋ ਗਿਆ ਅਤੇ ਇਹ ਸੋਚਿਆ ਜਾਣ ਲੱਗ ਪਿਆ ਕਿ ਨਿਰਦਈ ਭਿਆਨਕ ਸ਼ਕਤੀਆਂ ਹੀ ਪੂਜਾ ਦੀਆਂ ਹੱਕਦਾਰ ਨਹੀਂ ਹਨ, ਮਿੱਤ੍ਰਤਾ ਦੇ ਆਦਰਸ਼ ਵੀ ਪੂਜਾ ਯੋਗ ਹਨ। ਇਹ ਸੋਚ ਦੀ ਦੂਜੀ ਪ੍ਰਾਪਤੀ ਸੀ। ਇਸ ਪੜਾਅ ਉੱਤੇ ਵੀ ਸ਼ਕਤੀ ਦੀ ਪੂਜਾ ਤੋਂ ਪਿੱਛਾ ਛੁਡਾਉਣਾ ਸੰਭਵ ਨਹੀਂ ਸੀ; ਇਸ ਲਈ ਇਸ ਵਿੱਚ ਸਭਿਅ ਸਮਾਜਕ ਆਦਰਸ਼ਾਂ ਦਾ ਮਿਸ਼ਰਣ ਕਰ ਕੇ ਇੱਕ ਸਰਵ-ਸ਼ਕਤੀਮਾਨ ਰੱਬ ਦੀ ਕਲਪਨਾ ਕਰ ਲਈ ਗਈ ਜਿਹੜਾ ਸਰਵ-ਸੱਤਾਧਾਰੀ ਹੋਣ ਦੇ ਨਾਲ ਨਾਲ 'ਨੇਕੀ ਕੁੱਲ' ਵੀ ਸੀ, ਗੁਣੀ ਗਹੀਰ ਵੀ ਸੀ, ਜਿਹੜਾ ਕਲਹ ਕਰਤਾ ਵੀ ਸੀ ਅਤੇ ਸ਼ਾਂਤ ਰੂਪ ਵੀ ਸੀ, ਮਹਾਂ ਕਾਲ ਵੀ ਸੀ ਅਤੇ ਕਰੁਣਾ ਨਿਧਾਨ ਵੀ ਸੀ।"

"ਪਾਪਾ, ਕੀ ਇਹ ਅਯੋਗ ਅਤੇ ਅਸੁਭਾਵਕ ਜਿਹਾ ਸੰਜੋਗ ਨਹੀਂ ਪਰਤੀਤ ਹੁੰਦਾ ?"

"ਹੁੰਦਾ ਹੈ; ਪਰੰਤੂ, ਮਜਬੂਰ ਮਨੁੱਖਤਾ ਲਈ ਇਸ ਨੂੰ ਪਰਵਾਨ ਕਰਨ ਤੋਂ ਬਿਨਾਂ ਚਾਰਾ ਨਹੀਂ ਸੀ। ਨਿਰੋਲ ਨੇਕੀ-ਰੂਪ ਅਤੇ ਸ਼ਕਤੀ-ਹੀਣ ਰੱਬ ਦੀ ਕਲਪਨਾ, ਉਸ ਸਮੇਂ ਨਾ ਸੰਭਵ ਸੀ ਨਾ ਸਾਰਥਕ। ਨਿਰੋਲ ਸ਼ਕਤੀ-ਰੂਪ ਅਤੇ ਨੇਕੀ-ਹੀਣ ਰੱਬ ਦੀ ਪੂਜਾ ਦੀ ਭਿਆਨਕਤਾ ਵੀ ਜੀਵਨ ਨੂੰ ਪਰਵਾਨ ਨਹੀਂ ਸੀ।"

"ਪਾਪਾ, ਰੱਬ ਨੂੰ ਨਿਰਾ ਸਰਵ-ਸ਼ਕਤੀਮਾਨ ਹੀ ਨਹੀਂ, ਸਗੋਂ ਅਨਾਦੀ ਅਤੇ ਅਨੰਤ ਵੀ ਮੰਨਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਉਸ ਦੀ ਸ਼ਕਤੀ 'ਬੁਰਾਈ' ਵਿਰੁੱਧ ਵਰਤੀ ਜਾਣ ਲਈ ਹੈ।"

"ਇਹ ਸਭ ਕੁਝ ਇਉਂ ਹੀ ਮੰਨਿਆ ਜਾਂਦਾ ਹੈ। ਤੂੰ ਦੱਸ ਇਸ ਬਾਰੇ ਕੀ ਕਹਿਣਾ ਚਾਹੁੰਦਾ ਹੈਂ ?"

"ਮੈਂ ਕੁਝ ਨਹੀਂ ਕਹਿਣਾ ਚਾਹੁੰਦਾ, ਪਾਪਾ। ਇਸ ਪ੍ਰਕਾਰ ਦੇ ਵਿਸ਼ਵਾਸ ਹੀ ਇਹ ਸਿੱਧ

ਕਰ ਰਹੇ ਹਨ ਕਿ ਅਨੰਤ ਕਾਲ ਤਕ ਬੁਰਾਈ ਦੇ ਵਿਰੁੱਧ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਰਹਿਣੀ ਹੈ। ਤਾਂ ਤੇ ਬੁਰਾਈ ਵੀ ਅਨਾਦੀ ਅਤੇ ਅਨੰਤ ਹੈ। ਸਰਵ-ਸ਼ਕਤੀਮਾਨ ਅਨੰਤ ਰੱਬ ਵਿੱਚ ਵਿਸ਼ਵਾਸ ਰੱਖਣ ਦਾ ਭਾਵ ਹੈ, ਬੁਰਾਈ ਦੀ ਸਦੀਵਤਾ ਅਤੇ ਸਰਵ-ਸ਼ਕਤੀਮਾਨਤਾ ਵਿੱਚ ਵਿਸ਼ਵਾਸ ਰੱਖਣਾ।"

"ਤੇਰੇ ਤੋਂ ਪਹਿਲਾਂ ਵੀ ਇਉਂ ਸੋਚਿਆ ਜਾਂਦਾ ਰਿਹਾ ਹੈ ਅਤੇ ਇਉਂ ਸੋਚਣ ਵਾਲੇ ਨਿਰ-ਈਸ਼ਵਰਵਾਦੀ ਹੋ ਜਾਂਦੇ ਰਹੇ ਹਨ। ਬੁੱਧ ਅਤੇ ਜੈਨ ਨਿਰ-ਈਸ਼ਵਰਵਾਦੀ ਸਨ ਅਤੇ ਬਹੁਤ ਸਾਰੇ ਯੂਨਾਨੀ ਵਿਚਾਰਵਾਨ ਵੀ। ਮਾਨਵ-ਮਨ ਨੇ ਈਸ਼ਵਰਵਾਦ ਰਾਹੀਂ ਇਹ ਕਹਿਣ ਦਾ ਜਤਨ ਕੀਤਾ ਸੀ ਕਿ ਮਮਤਾ, ਦਇਆ, ਕਰੁਣਾ, ਭ੍ਰਾਤਰੀ, ਮਿੱਤ੍ਰਤਾ, ਸਹਾਨੁਭੂਤੀ ਸਹਿਯੋਗ ਅਤੇ ਸਹਾਇਤਾ ਆਦਿਕ ਗੁਣ ਕਿਸੇ ਸਰਵ-ਸ਼ਕਤੀਮਾਨ ਦੀ ਮਾਲਕੀ ਨਹੀਂ ਹਨ, ਨਾ ਹੀ ਸ਼ਕਤੀ ਦੀ ਇਨ੍ਹਾਂ ਨਾਲ ਸਾਂਝ ਹੈ। ਇਹ ਮਨੁੱਖ ਦੀਆਂ ਲੋੜਾਂ-ਥੋੜਾਂ ਵਿੱਚੋਂ ਉਪਜੇ ਹੋਏ ਮਨੁੱਖੀ ਗੁਣ ਹਨ ਅਤੇ ਮਨੁੱਖ ਦੇ ਸੰਸਾਰਕ ਸੰਬੰਧਾਂ ਦਾ ਸੁੰਦਰ ਆਧਾਰ ਹਨ। ਇਹ ਮਨੁੱਖੀ ਸੋਚ ਦਾ ਤੀਜਾ ਪੜਾਅ ਸੀ। ਇਸ ਪੜਾਅ ਉੱਤੇ ਸੋਚ ਨੂੰ ਸ਼ਕਤੀ ਦੀ ਅਧੀਨਗੀ ਵਿੱਚੋਂ ਕੱਢਣ ਦੀ ਗੱਲ ਸੋਚੀ ਗਈ ਸੀ। ਸੰਸਾਰ ਦੇ ਸਮਾਜਕ-ਪਦਾਰਥਕ ਹਾਲਾਤ ਇਸ ਦੇ ਅਨੁਕੂਲ ਨਹੀਂ ਸਨ। ਸੰਸਾਰ ਦੀ ਸਿਆਸੀ ਹਾ.....।"

"ਪਾਪਾ, ਕੁਝ ਹੋਰ ਕਹਿਣ ਤੋਂ ਪਹਿਲਾਂ ਇਹ ਦੱਸਦੇ ਜਾਓ ਕਿ ਜਿਹੜੇ ਮਾਨਵੀ ਗੁਣਾਂ ਦਾ ਤੁਸਾਂ ਹੁਣੇ ਹੁਣੇ ਜ਼ਿਕਰ ਕੀਤਾ ਹੈ, ਦਇਆ, ਕਰੁਣਾ, ਸਹਾਨੁਭੂਤੀ ਆਦਿਕ, ਉਨ੍ਹਾਂ ਲਈ ਆਪਣੀ ਭਾਸ਼ਾ ਦਾ ਕੋਈ ਇੱਕ ਸ਼ਬਦ ਵਰਤ ਸਕਦੇ ਹਾਂ ਜਾਂ ਨਹੀਂ ?"

"ਇਹ ਸਾਰੇ ਗੁਣ ਆਦਮੀ ਕੋਲੋਂ ਤਿਆਗ ਦੀ ਮੰਗ ਕਰਦੇ ਹਨ—ਦੂਜਿਆਂ ਲਈ ਆਪਣੇ ਹਿੱਤਾਂ ਦੇ ਤਿਆਗ ਦੀ ਮੰਗ ਜਾਂ ਆਪਣੇ ਸੁਆਰਥ ਤੋਂ ਉੱਚੇ ਉੱਠਣ ਦੀ ਮੰਗ। ਬਹੁਤੀਆਂ ਪ੍ਰਾਪਤੀਆਂ ਦੇ ਮੋਹ ਵਾਲਾ ਮਨ ਇਨ੍ਹਾਂ ਗੁਣਾਂ ਦਾ ਧਾਰਨੀ ਨਹੀਂ ਹੋ ਸਕਦਾ। ਇਸ ਲਈ ਸ਼ਬਦ 'ਤਿਆਗ' ਹੀ ਮੈਨੂੰ ਠੀਕ ਲੱਗਦਾ ਹੈ। ਪ੍ਰਾਪਤੀਆਂ ਦਾ ਮੋਹ ਸ਼ਕਤੀ ਦੀ ਪੂਜਾ ਲਈ ਪ੍ਰੇਰਦਾ ਹੈ। ਸ਼ਕਤੀ ਦੀ ਪੂਜਾ ਕਠੋਰਤਾ, ਕਰੂਪਤਾ, ਹਿੰਸਾ, ਹੱਤਿਆ ਅਤੇ ਪਾਸ਼ਵਿਕਤਾ ਦੀ ਪ੍ਰੇਰਣਾ ਦਿੰਦੀ ਹੈ। ਇਸ ਪ੍ਰੇਰਣਾ ਤੋਂ ਪ੍ਰੇਰਿਤ ਮਨੁੱਖ, ਆਪਣੇ ਵਰਗੇ ਮਨੁੱਖਾਂ ਵਿਰੁੱਧ ਘੋਰ ਅਪਰਾਧ ਕਰਦੇ ਆਏ ਹਨ ਅਤੇ ਕਰ ਰਹੇ ਹਨ। 'ਜਬ ਸੇ ਜਹਾਂ ਹੈ ਖ਼ਰਾਬੀ ਯਹੀ ਹੈ ਮੀਰ।' ਇਹ ਖ਼ਰਾਬੀ ਵੀ ਜਾਰੀ ਹੈ ਅਤੇ ਸ਼ਕਤੀ ਅਤੇ ਭਗਤੀ, ਹਿੰਸਾ ਅਤੇ ਦਇਆ, ਸਰਬ-ਸ਼ਕਤੀਮਾਨ ਅਤੇ ਕਰੁਣਾ ਨਿਧਾਨ ਦੇ 'ਨਰੜ' ਦੀ ਵਕਾਲਤ ਵੀ ਜਾਰੀ ਹੈ। ਗਿਣਤੀ ਦੇ ਕੁਝ ਕੁ ਲੋਕਾਂ ਨੇ 'ਤਿਆਗ' ਦੇ ਆਦਰਸ਼ ਨੂੰ ਵੀ ਜੀਵਿਤ ਰੱਖਿਆ ਹੈ। ਉਨ੍ਹਾਂ ਲੋਕਾਂ ਵਿੱਚ ਈਸ਼ਵਰਵਾਦੀ ਵੀ ਹਨ ਅਤੇ ਨਿਰ-ਈਸ਼ਵਰਵਾਦੀ ਵੀ; ਪਰ ਇਸ ਪਿੜ ਦੇ ਈਸ਼ਵਰਵਾਦੀਆਂ ਦਾ ਈਸ਼ਵਰ ਵਿਰੋਧੀ ਗੁਣਾਂ ਦੀ ਪੰਡੋਕਲੀ ਨਹੀਂ, ਸਗੋਂ ਸਾਰੀ ਮਨੁੱਖਤਾ ਵਿੱਚ ਸਮਾਈ ਹੋਈ ਸਾਤਵਿਕਤਾ ਹੈ। ਸਾਡੀ ਨੀਲੂ ਵੀ ਉਨ੍ਹਾਂ ਸਾਤਵਿਕ ਵਿਅਕਤੀਆਂ ਵਿੱਚੋਂ ਇੱਕ ਹੈ। ਉਸ ਨੇ ਇਹ ਰਾਹ, ਆਪਣੇ ਪਿਤਾ ਵਾਂਗ, ਸੋਚ ਸਮਝ ਕੇ ਚੁਣਿਆ ਹੈ। ਉਸ ਦੀ ਸਾਤਵਿਕਤਾ ਨੂੰ ਨਮਸਕਾਰਨ ਦੀ ਲੋੜ ਹੈ। ਉਸ ਲਈ ਉਦਾਸ ਹੋਣ ਦੀ ਲੋੜ ਨਹੀਂ, ਸਨੇਹਾ।"

"ਤੁਹਾਡੀ ਆਗਿਆ ਸਿਰ ਮੱਥੇ, ਪਾਪਾ; ਪਰ ਮੈਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਸੋਚ ਦੇ ਦੂਜੇ ਪੜਾਅ ਉੱਤੇ ਜਦੋਂ ਸਰਵ-ਸ਼ਕਤੀਮਾਨਤਾ ਅਤੇ ਮਾਨਵੀ ਆਦਰਸ਼ਾਂ ਦਾ ਸੰਜੋਗ ਸਥਾਪਤ ਕਰ ਦਿੱਤਾ ਗਿਆ, ਉਦੋਂ ਸ਼ਕਤੀ ਦੀ ਵਰਤੋਂ ਵਿੱਚ ਕੋਈ ਫ਼ਰਕ ਪਿਆ ਜਾਂ ਨਹੀਂ ? ਇਸ ਦੀ ਕਰੂਪਤਾ ਅਤੇ ਭਿਆਨਕਤਾ ਵਿੱਚ ਕੁਝ ਘਾਟਾ ਹੋਇਆ ਕਿ ਨਹੀਂ ?"

"ਮੈਨੂੰ ਨਾ ਪੁੱਛੋ—ਬੇਟਾ। ਦੁਨੀਆ ਵੱਲ ਝਾਤੀ ਮਾਰੋ। ਵੀਤਨਾਮ, ਬੋਸਨੀਆ, ਯੂਗੰਡਾ, ਲਿਬਨਾਨ, ਸਾਊਥ ਅਫ਼ਰੀਕਾ, ਚੈਚਨੀਆ, ਅਫ਼ਗਾਨਿਸਤਾਨ, ਸ੍ਰੀ ਲੰਕਾ ਜਾਂ ਕਿਸੇ ਵੀ ਦੇਸ਼ ਵੱਲ ਵੇਖੋ; ਦੁਨੀਆ ਦੇ ਡਿਕਟੇਟਰਾਂ ਦੇ ਕਾਰਨਾਮੇ ਪੜ੍ਹੋ। ਕੋਈ ਲੋੜ ਨਹੀਂ ਵੱਡੇ ਵਿਸਥਾਰਾਂ ਵਿੱਚ ਪੈਣ ਦੀ, ਆਪਣੇ ਦੇਸ ਪੰਜਾਬ ਦੀ ਧਰਤੀ ਉੱਤੇ ਹੋਏ ਵਾਪਰੇ ਨੂੰ ਆਪਣੀ ਕਲਪਨਾ ਵਿੱਚ ਸਾਕਾਰ ਕਰਨ ਦੀ ਕੋਸ਼ਿਸ਼ ਕਰੋ। ਸਭਿਅ ਮਨੁੱਖ ਦਾ ਸਾਰਾ ਇਤਿਹਾਸ ਤੁਹਾਡੇ ਪ੍ਰਸ਼ਨ ਦਾ ਉੱਤਰ ਦੇ ਰਿਹਾ ਹੈ, ਬੇਟਾ। ਆਤੰਕਵਾਦ ਇਸ ਗੱਲ ਦਾ ਵੱਡਾ ਸਬੂਤ ਹੈ ਕਿ ਆਦਰਸ਼ ਅਤੇ ਸ਼ਕਤੀ ਦੇ ਮਿਸ਼ਰਣ ਨਾਲ ਸ਼ਕਤੀ ਦੀ ਕੁਰੂਪਤਾ ਅਤੇ ਭਿਆਨਕਤਾ ਵਿੱਚ ਵਾਧਾ ਹੋਇਆ ਹੈ ਅਤੇ ਹੋ ਰਿਹਾ ਹੈ।"

"ਪਾਪਾ, ਮਨੁੱਖੀ ਆਦਰਸ਼ ਤਾਂ ਮਨੁੱਖੀ ਸੋਚ ਦੀ ਸੁੰਦਰਤਾ ਹਨ। ਉਨ੍ਹਾਂ ਦਾ ਸੰਜੋਗ ਕੁਰੂਪਤਾ ਵਿੱਚ ਵਾਧੇ ਦਾ ਕਾਰਨ ਕਿਉਂ ਬਣ ਗਿਆ ?"

"ਕਿਉਂਕਿ ਇਹ ਸੰਜੋਗ ਨਹੀਂ। ਸ਼ਕਤੀ ਅਤੇ ਸਾਤਵਿਕਤਾ ਦਾ ਸੰਜੋਗ ਸੰਭਵ ਨਹੀਂ। ਸ਼ਕਤੀਮਾਨ ਕਦੇ ਸਾਤਵਿਕ ਨਹੀਂ ਹੋ ਸਕਦਾ। ਸਰਵ-ਸ਼ਕਤੀਮਾਨ ਦੀ ਕਲਪਨਾ ਕਰ ਕੇ ਅਤੇ ਮਾਨਵੀ ਆਦਰਸ਼ਾਂ ਨਾਲ ਉਸ ਦਾ 'ਨਰੜ' ਕਰ ਕੇ ਮਨੁੱਖ ਨੇ ਸ਼ਕਤੀ ਦੀ ਭਿਆਨਕਤਾ ਅਤੇ ਕੁਰੂਪਤਾ ਵਿੱਚ ਵਾਧੇ ਦਾ ਅਵਸਰ ਪੈਦਾ ਕਰ ਲਿਆ ਸੀ। ਸਰਵ-ਸ਼ਕਤੀਮਾਨ ਕਰੁਣਾ-ਨਿਧਾਨ ਦੀ ਕਲਪਨਾ ਤੋਂ ਪਹਿਲਾਂ ਮਨੁੱਖੀ ਸਮਾਜ ਆਪਣੀ ਲੋੜ ਲਈ, ਆਪਣੀ ਇੱਛਾ ਅਤੇ ਸਮਰਥਾ ਅਨੁਸਾਰ ਸ਼ਕਤੀ ਦੀ ਵਰਤੋਂ ਕਰਦੇ ਸਨ। ਇਸ 'ਸੰਜੋਗ' ਤੋਂ ਪਿੱਛੋਂ ਸ਼ਕਤੀ ਦੀ ਵਰਤੋਂ ਉਸ ਦਿਆਲੂ ਕਿਰਪਾਲੂ ਸਰਵ-ਸ਼ਕਤੀਮਾਨ ਦੇ ਹੁਕਮ ਨਾਲ ਕੀਤੀ ਜਾਣ ਲੱਗ ਪਈ ਸੀ, ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਮੰਨ ਲਿਆ ਗਿਆ ਸੀ। ਮੱਧ ਕਾਲ ਦਾ ਸਾਰਾ ਫਲਸਫਾ ਸ਼ਕਤੀ ਦੀ ਵਰਤੋਂ ਦੀ ਵਕਾਲਤ ਨਾਲ ਭਰਿਆ ਪਿਆ ਹੈ। ਜੰਗਲੀ ਮਨੁੱਖ ਲਈ ਸ਼ਕਤੀ ਉਸ ਦੀਆਂ ਮੁਸ਼ਕਲਾਂ ਦਾ ਹੱਲ ਸੀ—ਸਿਰਫ਼ ਹੱਲ। ਮੱਧ-ਕਾਲੀਨ ਵਕਾਲਤ ਦੀ ਕਿਰਪਾ ਨਾਲ ਇਹ 'ਸਿਰਫ਼ ਹੱਲ' ਨਾ ਰਹਿ ਕੇ 'ਸਰਵ ਸ੍ਰੇਸ਼ਟ ਹੱਲ' ਬਣ ਗਈ, 'ਆਖ਼ਰੀ ਹੱਲ' ਬਣ ਗਈ, 'ਇਲਾਹੀ ਹੱਲ' ਬਣ ਗਈ। ਕਈ ਪ੍ਰਕਾਰ ਦੇ ਹਥਿਆਰਾਂ ਦੀ ਕਾਢ ਨੇ ਇਸ 'ਆਖ਼ਰੀ ਹੱਲ' ਨੂੰ ਮੁੜ 'ਇੱਕੋ ਇੱਕ ਹੱਲ' ਬਣਾ ਦਿੱਤਾ ਹੈ। ਸਾਰੇ ਹੀਲਿਆਂ ਤੋਂ ਪਿੱਛੋਂ ਜੁ ਏਹੋ ਹੱਲ ਵਰਤਣਾ ਹੈ, ਪਹਿਲਾਂ ਹੀ ਕਿਉਂ ਨਾ ਵਰਤ ਲਿਆ ਜਾਵੇ, ਐਵੇਂ ਵਕਤ ਜ਼ਾਇਆ ਕਰਨ ਦਾ ਕੀ ਲਾਭ ? ਸਰਵ-ਸ਼ਕਤੀਮਾਨ ਦੇ ਸਾਥ ਨਾਲ ਮਾਨਵੀ ਆਦਰਸ਼ ਹਾਸੋਹੀਣੇ ਹੋ ਗਏ ਹਨ। ਹਾਸੋਹੀਣੇ ਹੀ ਨਹੀਂ, ਸਗੋਂ ਅਣਹੋਏ ਹੋ ਗਏ ਹਨ। ਜੇ ਇਸ ਸੰਜੋਗ ਵਿੱਚ ਇਨ੍ਹਾਂ ਦੀ ਕੋਈ ਹੋਂਦ ਹੁੰਦੀ ਤਾਂ ਇਹ ਸਾਕਾਰ ਹੋ ਗਏ ਹੁੰਦੇ, ਸਰਵ-ਸ਼ਕਤੀਮਾਨ ਲਈ ਕੁਝ ਵੀ ਅਸੰਭਵ ਨਹੀਂ।"

"ਪਾਪਾ, ਸੋਚ ਦੇ ਤੀਜੇ ਪੜਾਅ ਬਾਰੇ ਦੁਬਾਰਾ ਦੱਸਣ ਦੀ ਖੇਚਲ ਕਰੋ।"

"ਪਹਿਲੇ ਪੜਾਅ ਉੱਤੇ ਸੋਚ ਤਾਮਸਿਕ ਸੀ। ਨਿੱਜੀ ਰੱਖਿਆ ਅਤੇ ਵਿਅਕਤੀਗਤ ਹਿੱਤ ਇਸ ਸੋਚ ਦਾ ਆਧਾਰ ਸਨ। ਦੂਜੇ ਪੜਾਅ ਉੱਤੇ ਸੋਚ ਰਜੋਗੁਣੀ ਜਾਂ ਰਾਜਸਿਕ ਜਾਂ ਸ਼ਕਤੀ ਦੀ ਦਬੇਲ ਹੋ ਗਈ ਸੀ—ਹੁਣ ਤਕ ਹੈ। ਸੋਚ ਦੀ ਅਗਲੀ ਮੰਜ਼ਿਲ ਸਾਤਵਿਕਤਾ ਹੈ। ਸਾਤਵਿਕਤਾ ਦੀ ਪਹਿਲੀ ਸ਼ਰਤ ਹੈ ਸੋਚ ਦੀ ਸ਼ਕਤੀ ਤੋਂ ਸੁਤੰਤਰ ਹੋਣਾ ਅਤੇ ਦੂਜੀ ਸ਼ਰਤ ਹੈ ਦੇਸ਼ਾਂ, ਕੌਮਾਂ, ਰੰਗਾਂ ਅਤੇ ਨਸਲਾਂ ਦੀਆਂ ਵੰਡਾਂ ਤੋਂ ਪਰੇ ਜਾ ਕੇ ਸਰਵ-ਵਿਆਪਕ ਹੋਣਾ—ਨਿਰੋਲ ਮਾਨਵੀ ਸੋਚ ਹੋਣਾ। ਇਸ ਮੰਜ਼ਿਲ ਵੱਲ ਸੋਚ ਨੇ ਕਦਮ ਪੁੱਟੇ ਹਨ; ਪਰ ਸਫ਼ਰ ਸੁਖਾਵਾਂ ਨਹੀਂ ਹੋਇਆ। ਹਰ ਇੱਕ 'ਕੇਵਲ' ਨੂੰ ਹਰ ਇੱਕ ਕਦਮ ਉੱਤੇ ਰੁਕਣਾ ਪਿਆ ਹੈ।"

"ਪਾਪਾ, ਮੈਂ ਆਪਣੇ ਇਸ ਵਿਚਾਰ ਨੂੰ ਕੁਝ ਜ਼ਿਆਦਾ ਹੀ ਠੀਕ ਮੰਨਣ ਲੱਗ ਪਿਆ

ਹਾਂ ਕਿ ਸਰਵ-ਸ਼ਕਤੀਮਾਨ ਇੱਕ ਈਸ਼ਵਰ ਦਾ ਸਿਧਾਂਤ ਸ਼ਕਤੀ ਦੇ ਕੇਂਦਰੀਕਰਣ ਦਾ ਸਿਧਾਂਤ ਹੈ ਅਤੇ ਸ਼ਕਤੀ ਦੀ ਕੁਰੂਪ ਅਤੇ ਭਿਆਨਕ ਵਰਤੋਂ ਦੇ ਵਾਧੇ ਦਾ ਆਧਾਰ ਹੈ ਜਾਂ ਕਾਰਨ ਹੈ। ਸਰਗੁਣ ਜਾਂ ਵਿਅਕਤੀ ਰੂਪ ਰੱਬ ਦੇ ਯਹੂਦੀ ਖ਼ਿਆਲ ਬਾਰੇ ਇਹ ਗੱਲ ਭਰੋਸੇ ਨਾਲ ਆਖੀ ਜਾ ਸਕਦੀ ਹੈ। ਕੀ ਭਾਰਤੀ ਨਿਰਗੁਣ ਬਾਰੇ ਵੀ ਇਉਂ ਕਹਿ ਸਕਦੇ ਹਾਂ ?"

"ਬੇਟਾ ਜੀ, ਨਿਰਗੁਣ ਵੀ, ਬਹੁਤ ਹੱਦ ਤਕ, ਸਰਗੁਣ ਦਾ ਅਰਕ, ਨਿਚੋੜ ਜਾਂ ਸਾਰਾਂਸ਼ ਹੀ ਹੈ। ਗੱਲ ਸਰਗੁਣ ਜਾਂ ਨਿਰਗੁਣ ਦੀ ਨਹੀਂ। ਗੱਲ ਹੈ ਮਨੁੱਖੀ ਸੋਚ ਉੱਤੇ, ਮਨੁੱਖੀ ਅਮਲ ਜਾਂ ਕਰਮ ਉੱਤੇ ਇਨ੍ਹਾਂ ਦੇ ਪ੍ਰਭਾਵ ਦੀ। ਜੇ ਪ੍ਰਭਾਵ ਇੱਕੋ ਹੈ ਤਾਂ ਈਸ਼ਵਰ ਦੇ ਨਿਰਗੁਣ ਜਾਂ ਸਰਗੁਣ ਕਲਪਿਆ-ਕਿਆਸਿਆ ਜਾਣ ਲਈ ਕੋਈ ਫ਼ਰਕ ਨਹੀਂ ਪੈਂਦਾ। ਰੱਸੀ ਰੇਸ਼ਮ ਦੀ ਹੈ ਜਾਂ ਸਾਣੀ, ਜੇ ਬੰਨ੍ਹਣ ਵਿੱਚ ਸਮਰਥ ਹੈ ਤਾਂ ਕੇਵਲ ਰੱਸੀ ਹੈ—ਰੇਸ਼ਮੀ ਵੀ, ਸਾਣੀ ਵੀ।"

"ਤਾਂ ਵੀ, ਇੱਕ ਪਾਸੇ ਅਹਿੰਸਾ ਨੂੰ ਪਰਮ ਧਰਮ ਅਤੇ ਦਇਆ ਨੂੰ ਧਰਮ ਦਾ ਮੂਲ ਮੰਨਿਆ ਗਿਆ ਹੈ, ਦੂਜੇ ਪਾਸੇ ਈਰਖੀ ਅਤੇ ਗੁਸੈਲ ਰੱਬ ਨੂੰ ਕੁਰਬਾਨੀਆਂ ਦੇ ਕੇ ਪ੍ਰਸੰਨ ਕਰਨ ਦੀ ਕਠੋਰਤਾ ਵਿੱਚ ਵਿਸ਼ਵਾਸ ਹੈ। ਕੁਝ ਫ਼ਰਕ ਜ਼ਰੂਰ ਹੈ।"

"ਇਹ ਫ਼ਰਕ ਬੁੱਧ ਦੁਆਰਾ ਸਾਤਵਿਕ ਸੋਚ ਨਾਮੀਂ ਤੀਜੇ ਪੜਾਅ ਵਿੱਚ ਪਰਵੇਸ਼ ਕਰਨ ਦੇ ਜਤਨ ਕਰਕੇ ਹੈ। ਬੁੱਧ ਨੇ ਸਰਗੁਣ ਜਾਂ ਨਿਰਗੁਣ ਦੀ ਗੱਲ ਨਹੀਂ ਕੀਤੀ, ਸਗੋਂ ਦਇਆ, ਨਿਮ੍ਰਤਾ ਅਤੇ ਖ਼ਿਮਾ ਆਦਿਕ ਮਾਨਵੀ ਵਿਵਹਾਰ ਦੀ ਗੱਲ ਕੀਤੀ ਸੀ—ਸਾਤਵਿਕ ਮਾਨਵੀ ਵਿਵਹਾਰ ਦੀ ਗੱਲ। ਬੁੱਧ ਦਾ ਸਾਤਵਿਕ ਪ੍ਰਭਾਵ ਈਸਾਈਅਤ ਉੱਤੇ ਵੇਖਿਆ ਜਾ ਸਕਦਾ ਹੈ। ਪਰ, ਯੱਸੂ ਲਈ ਸਥਾਪਤ ਧਰਮ ਦੇ ਕੋਪ ਤੋਂ ਬਚ ਸਕਣਾ ਓਨਾ ਸੌਖਾ ਨਹੀਂ ਸੀ ਜਿੰਨਾ ਬੁੱਧ ਲਈ ਸੀ। ਇਸ ਲਈ ਯੱਸੂ ਯਹੂਦੀਆਂ ਦੇ ਈਰਖੀ ਰੱਬ ਨੂੰ ਛੱਡ ਨਹੀਂ ਸੀ ਸਕਦਾ। ਉਸ ਨੇ ਉਸ ਨੂੰ ਦਇਆਲੂ ਪਿਤਾ ਬਣਾਉਣ ਦਾ ਸਿਰਤੋੜ ਜਤਨ ਕੀਤਾ ਸੀ ਅਤੇ ਇਹ ਸੋਚ ਦੇ ਤੀਜੇ ਪੜਾਅ ਵੱਲ ਪੁੱਟਿਆ ਹੋਇਆ ਇੱਕ ਕਦਮ ਸੀ।"

"ਪਾਪਾ, ਯੂਨਾਨੀ ਫਲਸਫੇ ਦਾ ਵਿਕਾਸ ਯਹੂਦੀ ਧਰਮਾਂ ਦੇ ਪ੍ਰਭਾਵ ਦਾ ਸਿੱਟਾ ਨਹੀਂ। ਯੂਨਾਨੀਆਂ ਵਿੱਚ ਸਰਵ-ਸ਼ਕਤੀਮਾਨ ਦੀ ਕਲਪਨਾ ਨਹੀਂ ਉਪਜੀ ਜਾਪਦੀ। ਯੂਨਾਨੀ ਸੋਚ ਨੇ ਸ਼ਕਤੀ ਦੀ ਸੇਧ ਜਾਂ ਸੇਵਾ ਵਿੱਚ ਤੁਰਨਾ ਕਿਉਂ ਅਤੇ ਕਦੋਂ ਆਰੰਭ ਕੀਤਾ ?"

"ਮੈਂ ਪਹਿਲਾਂ ਵੀ ਕਿਹਾ ਹੈ ਕਿ ਪਸ਼ੂ-ਪੱਧਰ ਉੱਤੇ ਜੀਊਣ ਵਾਲੇ ਜੰਗਲੀ ਮਨੁੱਖ ਦੀ ਸੋਚ ਤਾਮਸਿਕ ਸੀ। ਉਹ ਸੁਰੱਖਿਆ ਅਤੇ ਸੁਖ ਦੇ ਦ੍ਰਿਸ਼ਟੀਕੋਣ ਤੋਂ ਸੋਚਦਾ ਸੀ। ਪਰੰਤੂ, ਸੁਰੱਖਿਆ ਅਤੇ ਸੁਖ ਦੀ ਪ੍ਰਾਪਤੀ ਲਈ ਉਹ ਪਸ਼ੂਆਂ ਵਾਂਙੂ ਨਿਪੁੰਨ ਨਹੀਂ ਸੀ; ਇਸ ਲਈ ਇਨ੍ਹਾਂ ਮਨੋਰਥਾਂ ਦੀ ਪ੍ਰਾਪਤੀ ਲਈ ਉਸ ਨੂੰ ਦੂਜੇ ਮਨੁੱਖਾਂ ਦੇ ਸਹਾਰੇ ਦੀ, ਸਾਥ ਦੀ, ਲੋੜ ਸੀ। ਇਸ ਲੋੜ ਨੇ ਮਨੁੱਖੀ ਸੋਚ ਵਿੱਚ ਉੱਚਿਤ-ਅਨੁਚਿਤ ਦਾ ਵਿਤ੍ਰੇਕ ਉਪਜਾਇਆ ਸੀ। ਇਹ ਵਿਤ੍ਰੇਕ ਪਸ਼ੂ-ਜੀਵਨ ਵਿੱਚ ਵੀ ਹੈ; ਪਰ, ਪਸ਼ੂ-ਜੀਵਨ ਵਿੱਚ ਇਸ ਵਿਤ੍ਰੇਕ ਦੇ ਵਿਕਾਸ ਦੀਆਂ ਸੰਭਾਵਨਾਵਾਂ ਨਹੀਂ ਹਨ—ਉਥੇ ਇਹ ਵਿਕਾਸਸ਼ੀਲ ਨਹੀਂ। ਉੱਚਿਤ-ਅਨੁਚਿਤ ਜਾਂ ਯੋਗ-ਅਯੋਗ ਦਾ ਵਿਕਾਸ ਮਨੁੱਖੀ ਸੋਚ ਦੇ ਵਿਕਾਸ ਦਾ ਪਹਿਲਾ ਪੜਾਅ ਸੀ। ਇਹ ਸਾਤਵਿਕਤਾ ਦੀ ਪਹਿਲੀ ਕਿਰਨ ਸੀ। ਜਿਨ੍ਹਾਂ ਸਿਆਸੀ/ਸਮਾਜੀ ਹਾਲਤਾਂ ਨੇ ਸਾਤਵਿਕਤਾ ਦੇ ਸੂਰਜ ਨੂੰ ਉਦੇ ਨਹੀਂ ਹੋਣ ਦਿੱਤਾ, ਉਹ ਸਮਾਜੀ/ਸਿਆਸੀ ਹਾਲਾਤ ਯੂਨਾਨ ਵਿੱਚ ਵੀ ਉਵੇਂ ਹੀ ਮੌਜੂਦ ਸਨ, ਜਿਵੇਂ ਸਭਿਅ ਸੰਸਾਰ ਦੇ ਦੂਜੇ ਭਾਗਾਂ ਵਿੱਚ ਸਨ। ਯੂਨਾਨ ਆਪੋ ਵਿੱਚ ਲੜਦੇ ਰਹਿਣ ਵਾਲੇ ਨਗਰ ਰਾਜਾਂ ਦਾ ਦੇਸ਼ ਸੀ। ਸਪਾਰਟਾ ਦਾ ਨਗਰ ਰਾਜ ਸਭ ਤੋਂ ਵੱਧ ਸ਼ਕਤੀਸ਼ਾਲੀ ਸੀ। ਲਾਗਲੇ ਨਗਰ ਰਾਜਾਂ ਲਈ ਭਿਆਨਕ ਬਣਿਆ ਰਹਿਣ ਲਈ ਸਪਾਰਟਾ ਨੇ ਸੋਚ ਦੇ ਵਿਕਾਸ ਦਾ ਰਾਹ

ਰੋਕ ਕੇ ਸ਼ਕਤੀ ਦੀ ਭਿਆਨਕਤਾ ਵਿੱਚ ਵਾਧਾ ਕਰਨ ਨੂੰ ਆਪਣਾ ਆਦਰਸ਼ ਬਣਾ ਲਿਆ ਸੀ। ਸਪਾਰਟਾ ਦੀਆਂ ਸਿਆਸੀ ਪ੍ਰਾਪਤੀਆਂ ਹਰ ਉਸ ਨਗਰ ਰਾਜ ਦੀਆਂ ਪੱਥ-ਪ੍ਰਦਰਸ਼ਕ ਬਣ ਜਾਂਦੀਆਂ ਸਨ ਜਿਹੜਾ ਦੂਜਿਆਂ ਨਾਲੋਂ ਜ਼ਰਾ ਵੀ ਅਗੇਰੇ ਨਿਕਲਣ ਦੀ ਇੱਛਾ ਕਰਦਾ ਸੀ। ਜਦੋਂ ਏਥਨਜ਼ ਫਲਸਫੇ ਅਤੇ ਕਲਾ ਵਿੱਚ ਜ਼ਰਾ ਅਗੇਰੇ ਵਧਣ ਲੱਗਾ ਤਾਂ ਘਰੋਂ ਬਾਹਰ ਪੈਰ ਪਾਉਂਦਿਆਂ ਹੀ ਸਪਾਰਟਾ ਉਸ ਦੇ ਮੱਥੇ ਲੱਗਾ। ਸੁਕਰਾਤ, ਪਲੇਟੋ ਅਤੇ ਅਰਸਤੂ ਆਦਿਕ, ਏਥਨਜ਼ ਦੇ ਫਿਲਾਸਫਰਾਂ ਨੇ ਸੋਚ ਨੂੰ ਸ਼ਕਤੀ ਦੀ ਦਾਸੀ ਬਣਾਉਣ ਦਾ ਭਰਪੂਰ ਜਤਨ ਕੀਤਾ ਹੈ; ਇਹ ਅਸੀਂ ਅੱਗੇ ਚੱਲ ਕੇ ਵੇਖਾਂਗੇ। ਪਲੇਟੋ ਇਸ ਮੁਆਮਲੇ ਵਿੱਚ ਸਭ ਤੋਂ ਵੱਧ ਪ੍ਰਮਾਣਿਕ ਹੈ। ਉਸ ਨੇ ਚੇਤਨ ਤੌਰ ਉੱਤੇ ਐਲਾਨੀਆਂ ਇਹ ਗੱਲ ਆਖੀ ਹੈ ਕਿ ਸੋਚ ਨੂੰ ਸ਼ਕਤੀ ਅਤੇ ਸਿਆਸਤ ਦੀ ਸੇਵਾਦਾਰ ਹੋਣਾ ਚਾਹੀਦਾ ਹੈ ਪਰ ਉਸ ਤੋਂ ਪਹਿਲਾਂ ਹੀ ਅਜਿਹੇ ਵਿਚਾਰਵਾਨ ਹੋਏ ਹਨ ਜਿਹੜੇ ਇਹ ਨਾ ਚਾਹੁੰਦਿਆਂ ਹੋਇਆਂ ਕਿ ਸੋਚ ਸ਼ਕਤੀ ਦੀ ਦਬੇਲ ਹੋਵੇ, ਏਹੋ ਜੇਹੀਆਂ ਗੱਲਾਂ ਲਿਖ ਗਏ ਸਨ ਜਿਨ੍ਹਾਂ ਦੇ ਆਧਾਰ ਉੱਤੇ ਪੁਰਾਤਨ ਸਮੇਂ ਵਿੱਚ ਪਲੇਟੋ ਆਦਿਕ ਅਤੇ ਆਧੁਨਿਕ ਸਮੇਂ ਵਿੱਚ ਹੀਗਲ ਅਤੇ ਨੀਸ਼ਾ (ਨੀਤਸ਼ੇ) ਆਦਿਕ ਇਉਂ ਕਹਿਣ ਦੀ ਭਿਆਨਕ ਭੁੱਲ ਕਰ ਸਕੇ ਹਨ। ਯੂਨਾਨੀ ਰਹੱਸਵਾਦੀ ਹੇਰਾਕਲੀਟੱਸ ਅਜਿਹੇ ਪੁਰਾਤਨ ਵਿਚਾਰਵਾਨਾਂ ਵਿੱਚੋਂ ਇੱਕ ਸੀ। ਇਸ ਦਾ ਵਿਅਕਤੀਗਤ ਜੀਵਨ, ਇਸ ਦੇ ਵਿਚਾਰ, ਇਸ ਦਾ ਸੁਭਾਅ ਅਤੇ ਉਸ ਸੁਭਾਅ ਦੇ ਫਲਸਰੂਪ ਦੂਜੇ ਮਨੁੱਖਾਂ ਪ੍ਰਤੀ ਇਸ ਦਾ ਵਿਵਹਾਰ, ਇਹ ਸਾਰੇ ਅੰਸ਼ ਇੱਕ ਸਮੇਂ ਅਤੇ ਇੱਕ ਵਿਅਕਤੀ ਵਿੱਚ ਇਉਂ ਇਕੱਠੇ ਹੋ ਗਏ ਸਨ ਕਿ ਇਸ ਦੇ ਅਧਿਅਨ ਤੋਂ ਸ਼ਕਤੀ ਅਤੇ ਸੋਚ ਦੇ ਉਸ ਸੰਬੰਧ ਦੀ ਸੋਝੀ ਮਿਲ ਜਾਂਦੀ ਹੈ ਜਿਹੜਾ ਸੰਬੰਧ ਢਾਈ ਹਜ਼ਾਰ ਸਾਲ ਬਿਲਕੁਲ ਕੁਦਰਤੀ, ਅਨਾਦੀ ਅਤੇ ਅਨੰਤ ਸੰਬੰਧ ਬਣਿਆ ਰਿਹਾ ਹੈ; ਜਿਸ ਸੰਬੰਧ ਨੂੰ ਸਿਆਸੀ, ਸਮਾਜੀ ਅਤੇ ਧਾਰਮਕ ਪ੍ਰਵਾਨਗੀ ਪ੍ਰਾਪਤ ਰਹੀ ਹੈ; ਅਤੇ ਜਿਹੜਾ ਸੰਬੰਧ ਸੋਚ ਨੂੰ ਆਪਣੇ ਤੀਜੇ ਪੜਾਅ ਵੱਲ ਕਦਮ ਪੁੱਟਣ ਦੀ ਦਲੇਰੀ ਕਰਨ ਉੱਤੇ ਅੱਜ ਵੀ ਘੂਰੀਆਂ ਕੱਢਦਾ ਹੈ। ਇਸ ਵਿਚਾਰਵਾਨ, ਹੇਰਾਕਲੀਟੱਸ ਦਾ ਸਿਧਾਂਤ ਸੀ ਕਿ ਸੰਸਾਰ ਵਿੱਚ ਕੁਝ ਵੀ ਸਥਿਰ ਨਹੀਂ, ਸਭ ਕੁਝ ਬਦਲਦਾ ਹੈ। ਏਸੇ ਦੇ ਲਗਪਗ ਸਮਕਾਲੀ ਪਰਮੀਨਾਈਡੀਜ਼ ਦਾ ਵਿਚਾਰ ਸੀ ਕਿ ਅਸਲ ਵਿੱਚ ਕੁਝ ਨਹੀਂ ਬਦਲਦਾ, ਸਭ ਜਿਉਂ ਦਾ ਤਿਉਂ ਰਹਿੰਦਾ ਹੈ। ਇਨ੍ਹਾਂ ਵਿਰੋਧੀ ਦਿਸਦੇ ਵਿਚਾਰਾਂ ਵਿੱਚ ਇੱਕ ਅਨੋਖੀ ਸਾਂਝ ਹੈ, ਜਿਸ ਦਾ ਭੇਤ ਲੱਭ ਕੇ ਪਲੇਟੋ ਨੇ ਇਨ੍ਹਾਂ ਨੂੰ ਇੱਕ ਸਿਧਾਂਤ ਦਾ ਰੂਪ ਦੇ ਦਿੱਤਾ ਸੀ। ਹੇਰਾਕਲੀਟੱਸ ਇੱਕ ਅਨੋਖੀ ਪ੍ਰਕਾਰ ਦਾ ਰਹੱਸਵਾਦੀ ਸੀ। ਇਸ ਦਾ ਆਯੂ-ਕਾਲ 540 ਪੂ.ਈ. ਤੋਂ ਲੈ ਕੇ 480 ਪੂ.ਈ. ਤੱਕ ਮੰਨਿਆ ਜਾਂਦਾ ਹੈ। ਇਸ ਦੀਆਂ ਲਿਖਤਾਂ ਵੱਖਰੇ ਰੂਪ ਵਿੱਚ ਪ੍ਰਾਪਤ ਨਹੀਂ ਹਨ। ਇਸ ਤੋਂ ਪਿੱਛੋਂ ਹੋਣ ਵਾਲੇ ਵਿਚਾਰਵਾਨਾਂ, ਪਲੇਟੋ ਅਤੇ ਅਰਸਤੂ ਆਦਿਕਾਂ, ਦੀਆਂ ਲਿਖਤਾਂ ਤੋਂ ਇਸ ਦੇ ਸਿਧਾਂਤਾਂ ਦਾ ਪਤਾ ਲੱਗਦਾ ਹੈ। ਇਨ੍ਹਾਂ ਵਿਚਾਰਵਾਨਾਂ ਨੇ ਇਸ ਦੇ ਸਿਧਾਂਤਾਂ ਅਤੇ ਉਕਤੀਆਂ ਦੀ ਭਰਪੂਰ ਆਲੋਚਨਾ ਕੀਤੀ ਹੈ; ਪਰ ਉਸ ਦੇ ਪ੍ਰਭਾਵ ਤੋਂ ਬਚੇ ਨਹੀਂ ਰਹਿ ਸਕੇ। ਉਸ ਦਾ ਪ੍ਰਭਾਵ ਆਧੁਨਿਕ ਯੁਗ ਦੇ ਜਰਮਨ ਵਿਚਾਰਵਾਨਾਂ ਵਿੱਚ ਵੀ ਆਸਾਨੀ ਨਾਲ ਵੇਖਿਆ ਜਾ ਸਕਦਾ ਹੈ।"

"ਪਾਪਾ, ਪਹਿਲਾਂ ਇਸ ਦੇ ਸੁਭਾਅ ਬਾਰੇ ਹੀ ਦੱਸ ਲਵੋ।"

"ਬੇਟਾ ਜੀ, ਇਹ ਵਿਚਾਰਵਾਨ ਅੱਤ ਦਰਜੇ ਦਾ ਈਰਖੀ, ਕ੍ਰੋਧੀ ਅਤੇ ਘਿਰਣਾਲੂ ਸੀ— ਬਹੁਤ ਜ਼ਿੱਦੀ ਅਤੇ ਝਗੜਾਲੂ ਵੀ। ਥੋੜ੍ਹੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਇਹ ਰਜੋ ਗੁਣੀ ਆਦਮੀ ਸੀ। ਇਹ ਇਓਨੀਆ ਦੇ ਨਗਰਰਾਜ ਇਫੀਸਸ ਦੇ ਰਾਜ ਘਰਾਣੇ ਵਿੱਚੋਂ ਸੀ ਅਤੇ ਆਪਣੇ ਅਧਿਕਾਰ ਆਪਣੇ ਭਰਾ ਨੂੰ ਸੌਂਪ ਕੇ ਆਪ ਤਿਆਗੀ ਹੋ ਗਿਆ ਸੀ। ਇਹ ਆਪਣੇ

ਸਮੇਂ ਦੇ ਅਤੇ ਆਪਣੇ ਤੋਂ ਪਹਿਲਾਂ ਹੋਏ ਸਾਰੇ ਵਿਚਾਰਵਾਨਾਂ ਦੀ ਕਰੜੀ ਆਲੋਚਨਾ ਕਰਦਾ ਸੀ। ਇਹ ਕਿਸੇ ਧਰਮ ਨਾਲ ਸੰਤੁਸ਼ਟ ਨਹੀਂ ਸੀ ਅਤੇ ਧਰਮ ਪ੍ਰਚਾਰਕਾਂ ਦੀ ਰੱਜ ਕੇ ਨਿੰਦਾ ਕਰਦਾ ਸੀ। ਆਪਣੇ ਨਗਰ ਨਿਵਾਸੀਆਂ ਨਾਲ ਖ਼ਾਸ ਕਰਕੇ ਅਤੇ ਸਾਰੇ ਮਨੁੱਖਾਂ ਨਾਲ ਆਮ ਕਰਕੇ ਨਫ਼ਰਤ ਕਰਦਾ ਸੀ। ਆਪਣੇ ਨਗਰ ਨਿਵਾਸੀਆਂ ਬਾਰੇ ਕਹਿੰਦਾ ਸੀ ਕਿ ਇਫੀਸਸ ਦੇ ਸਾਰੇ ਵਸਨੀਕਾਂ ਨੂੰ ਫਾਹ ਲੈ ਕੇ ਮਰ ਜਾਣਾ ਚਾਹੀਦਾ ਹੈ ਅਤੇ ਨਗਰ ਦਾ ਕਾਰੋਬਾਰ ਅਣ-ਦਾੜ੍ਹੀਏ ਮੁੰਡਿਆਂ ਨੂੰ ਸੌਂਪ ਦੇਣਾ ਚਾਹੀਦਾ ਹੈ।"

"ਇਸ ਦਾ ਕੋਈ ਕਾਰਨ, ਪਾਪਾ ?"

"ਕਾਰਨ ਇਹ ਕਿ—'ਉਹ ਸਿਆਣਪ ਦੀ ਕਦਰ ਨਹੀਂ ਕਰਦੇ। ਮੈਂ ਕਹਿੰਦਾ ਹਾਂ ਕਿ ਮਨੁੱਖੀ ਜੀਵਨ ਦਾ ਇੱਕੋ ਇੱਕ ਮਨੋਰਥ ਹੈ 'ਸ਼ਬਦ ਬ੍ਰਹਮ' ਨੂੰ ਜਾਣਨਾ। ਮੇਰੇ ਦੱਸਣ ਉੱਤੇ ਵੀ ਉਹ ਸ਼ਬਦ ਬ੍ਰਹਮ (Logos) ਦੇ ਰਹੱਸ ਨੂੰ ਸਮਝ ਨਹੀਂ ਸਕਦੇ।' ਉਹ ਇਹ ਵੀ ਕਹਿੰਦਾ ਸੀ ਕਿ, 'ਦੁਨੀਆ ਦੇ ਲੋਕ ਪਸ਼ੂਆਂ ਵਰਗੇ ਹਨ। ਜਿਵੇਂ ਪਸ਼ੂ ਨੂੰ ਚਾਰਨ ਲਈ ਲੈ ਜਾਣ ਵਾਸਤੇ ਡੰਡੇ ਦੀ ਵਰਤੋਂ ਕਰਨੀ ਪੈਂਦੀ ਹੈ ਉਵੇਂ ਹੀ ਮਨੁੱਖਾਂ ਨੂੰ ਉਨ੍ਹਾਂ ਦੇ ਭਲੇ ਦੀ ਗੱਲ ਸਖ਼ਤੀ ਕਰ ਕੇ ਮੰਨਵਾਉਣੀ ਪੈਂਦੀ ਹੈ।' ਇਹ ਸੰਖੇਪ ਅਤੇ ਗੂੜ੍ਹ ਉਕਤੀਆਂ ਵਿੱਚ ਗੱਲਾਂ ਕਰਦਾ ਸੀ। ਲੋਕ ਇਸ ਨੂੰ ਦੁਰਬੋਧ ਆਖਦੇ ਸਨ। ਇਸ ਦੀਆਂ ਲਗਪਗ ਸੌ ਉਕਤੀਆਂ ਵਿਦਵਾਨਾਂ ਦੀ ਚਰਚਾ ਦਾ ਵਿਸ਼ਾ ਬਣੀਆਂ ਹਨ। ਬਹੁਤੀਆਂ ਪ੍ਰਸਿੱਧ ਇਹ ਹਨ :

- ਮਨੁੱਖੀ ਜੀਵਨ ਦਾ ਮਨੋਰਥ ਸ਼ਬਦ ਬ੍ਰਹਮ ਦਾ ਗਿਆਨ ਹੈ।
- ਸ਼ਬਦ ਬ੍ਰਹਮ ਉਸ ਪ੍ਰਕ੍ਰਿਆ ਦਾ ਨਾਂ ਹੈ ਜਿਸ ਦੁਆਰਾ ਇਸ ਸੰਸਾਰ ਵਿੱਚ ਉਤਪਤੀ ਅਤੇ ਵਿਨਾਸ਼ ਦੀ ਕਿਰਿਆ ਹੋਂਦ ਵਿੱਚ ਆਉਂਦੀ ਹੈ।
- ਇਹ ਜਗਤ ਕਿਸੇ ਦਾ ਬਣਾਇਆ ਹੋਇਆ ਨਹੀਂ, ਸਗੋਂ ਅਨਾਦੀ ਅਤੇ ਅਨੰਤ ਹੈ।
- ਸੰਸਾਰ ਵਿੱਚ ਕੁਝ ਵੀ ਸਦੀਵੀ ਨਹੀਂ—ਸਭ ਕੁਝ ਬਦਲ ਰਿਹਾ ਹੈ। ਤੁਸੀਂ ਇੱਕ ਨਦੀ ਵਿੱਚ ਦੋ ਵੇਰ ਪਰਵੇਸ਼ ਨਹੀਂ ਕਰ ਸਕਦੇ, ਹਰ ਛਿਨ ਨਵਾਂ ਪਾਣੀ ਆ ਰਿਹਾ ਹੈ। ਤਬਦੀਲੀ ਹੀ ਅਨੰਤ ਹੈ।
- ਤਬਦੀਲੀ ਦਾ ਮੂਲ ਅਗਨੀ ਹੈ। ਅਗਨੀ ਕੁਝ ਜਲਾਉਂਦੀ ਹੈ, ਕੁਝ ਬਣਾਉਂਦੀ ਹੈ; ਕਿਧਰੇ ਬੁਝਦੀ ਹੈ, ਕਿਧਰੇ ਬਲਦੀ ਹੈ। ਸਦਾ ਬਲਦੀ-ਬੁਝਦੀ ਅਗਨੀ ਦੀ ਜਲਾਉਣ ਅਤੇ ਉਪਜਾਉਣ ਦੀ ਪ੍ਰਕ੍ਰਿਆ ਅਟਲ, ਅਬਦਲ, ਅਨਾਦੀ ਅਤੇ ਅਨੰਤ ਹੈ।
- ਭਲਾ, ਬੁਰਾ ਸਭ ਬਰਾਬਰ ਹੈ, ਸਭ ਰੱਬ ਹੈ। ਰੱਬ ਹੀ ਦਿਨ ਹੈ, ਰੱਬ ਹੀ ਰਾਤ ਹੈ। ਸੰਸਾਰ ਦੇ ਸਾਰੇ ਵਿਰੋਧਾਂ ਵਿੱਚ ਏਕਤਾ ਹੈ ਅਤੇ ਏਕਤਾ ਵਿੱਚ ਸਾਰੇ ਵਿਰੋਧ ਸਮਾਏ ਹੋਏ ਹਨ। ਵਿਰੋਧਾਂ ਬਿਨਾਂ ਏਕਤਾ ਸੰਭਵ ਨਹੀਂ। ਵਿਰੋਧੀ ਤੱਤਾਂ ਦੀ ਟੱਕਰ ਹੀ ਏਕਤਾ ਨੂੰ ਜਨਮ ਦਿੰਦੀ ਹੈ।
- ਇਹ ਜਗਤ ਵਿਰੋਧਾਂ ਜਾਂ ਸੰਘਰਸ਼ਾਂ ਦੀ ਉਪਜ ਹੈ। ਵਿਰੋਧਾਂ ਦੇ ਅੰਤ ਦੀ ਜਾਂ ਅਮਨ ਦੀ ਇੱਛਾ ਜੀਵਨ ਦੇ ਅੰਤ ਦੀ ਇੱਛਾ ਹੈ।
- ਜੰਗ ਸਰਵ-ਸ੍ਰੇਸ਼ਟ ਕਿਰਿਆ ਹੈ—ਇਹ ਕਿਸੇ ਨੂੰ ਜੀਵਨ ਕਿਸੇ ਨੂੰ ਮੌਤ ਦਿੰਦੀ ਹੈ, ਕਿਸੇ ਨੂੰ ਬੀਰ ਬਹਾਦਰ ਅਤੇ ਦੇਵਤਾ ਬਣਾ ਦਿੰਦੀ ਹੈ ਅਤੇ ਕਿਸੇ ਨੂੰ ਦਾਸ।

- ਸ੍ਰੇਸ਼ਟ ਆਤਮਾਵਾਂ ਵਿੱਚ ਅਗਨੀ ਵਧੇਰੇ ਹੁੰਦੀ ਹੈ ਅਤੇ ਘਟੀਆ ਆਤਮਾਵਾਂ ਸਿੱਲ੍ਹ ਵਾਲੀਆਂ ਹੁੰਦੀਆਂ ਹਨ। ਸੁਖ-ਰਹਿਣੇ ਆਦਮੀਆਂ ਦੀਆਂ ਆਤਮਾਵਾਂ ਪਾਣੀ ਬਣ ਗਈਆਂ ਹੁੰਦੀਆਂ ਹਨ।
- ਸਾਰੇ ਨਾਸ਼ਵਾਨ ਅਮਰ ਹਨ ਅਤੇ ਸਾਰੇ ਅਮਰ ਨਾਸ਼ਵਾਨ। ਇੱਕ ਦੀ ਮੌਤ ਵਿੱਚ ਦੂਜੇ ਦਾ ਜੀਵਨ ਹੈ ਅਤੇ ਦੂਜੇ ਦੀ ਮੌਤ ਵਿੱਚ ਪਹਿਲੇ ਦੀ ਜ਼ਿੰਦਗੀ।
- ਦੁਨੀਆ ਦੇ ਆਦਮੀ ਗਧੇ ਹਨ। ਗਧੇ ਨੂੰ ਸੋਨੇ ਨਾਲੋਂ ਕੂੜਾ ਚੰਗਾ ਲੱਗਦਾ ਹੈ; ਪਰ, ਪਸ਼ੂ ਦੇ ਭਲੇ ਲਈ ਡੰਡਾ ਵਰਤਿਆ ਜਾਣਾ ਜ਼ਰੂਰੀ ਹੈ।"

"ਪਾਪਾ, ਹੁਣੇ ਜਿਹੇ ਤੁਸੀਂ ਤਿਆਗ ਦੀ ਉਸਤਤਿ ਕੀਤੀ ਸੀ। ਇਹ ਭਲਾ ਪੁਰਸ਼ ਵੀ ਤਿਆਗੀ ਸੀ। ਆਪਣਾ ਰਾਜ ਅਧਿਕਾਰ ਤਿਆਗ ਕੇ ਫ਼ਕੀਰ ਹੋ ਗਿਆ ਸੀ। ਇਸ ਨੂੰ ਵੇਖ ਕੇ ਕੋਈ ਵੀ ਤਿਆਗ ਨੂੰ ਚੰਗਾ ਨਹੀਂ ਆਖੇਗਾ।"

"ਬੇਟਾ, ਤੂੰ ਭੁੱਲਦਾ ਹੈਂ। ਇਹ ਤਿਆਗੀ ਨਹੀਂ, ਸਗੋਂ ਤਪੱਸਵੀ ਸੀ। ਤਪੱਸਵੀ ਕਦੇ ਤਿਆਗੀ ਨਹੀਂ ਹੁੰਦੇ। ਉਨ੍ਹਾਂ ਨੇ ਕੋਈ ਨਿੱਜੀ ਮਨੋਰਥ ਮੁੱਖ ਰੱਖਿਆ ਹੁੰਦਾ ਹੈ ਅਤੇ ਉਸ ਦੀ ਪ੍ਰਾਪਤੀ ਲਈ ਤਪ ਕਰਦੇ ਹਨ। ਕਰੜੀ ਸਾਧਨਾ ਕਰਦੇ ਕਰਦੇ ਕਠੋਰ ਅਤੇ ਨਿਰਦਈ ਹੋ ਜਾਂਦੇ ਹਨ। ਨਾ ਤਾਂ ਆਪਣੇ ਆਪ ਨਾਲ ਕੋਈ ਰਿਆਇਤ ਕਰਦੇ ਹਨ, ਨਾ ਦੂਜਿਆਂ ਨੂੰ ਖ਼ਿਮਾ ਯੋਗ ਸਮਝਦੇ ਹਨ। ਨਿੱਕੀ ਨਿੱਕੀ ਗੱਲੇ ਸਰਾਪ ਦੇਈ ਜਾਂਦੇ ਹਨ। ਇਹ ਵੀ ਉਨ੍ਹਾਂ ਵਿੱਚੋਂ ਇੱਕ ਸੀ। ਜਦੋਂ ਕੋਈ ਆਦਮੀ ਦੂਜਿਆਂ ਲਈ ਆਪਣੇ ਹਿੱਤਾਂ ਦਾ ਤਿਆਗ ਕਰਦਾ ਹੈ, ਉਦੋਂ ਉਹ ਸਾਤਵਿਕ 'ਬੁੱਧ' ਹੋ ਨਿਬੜਦਾ ਹੈ। ਸਾਰੇ ਤਪੱਸਵੀ ਰਜੋਗੁਣੀ ਮਨੁੱਖ ਹੁੰਦੇ ਹਨ। ਤਮੋਗੁਣੀ ਲਈ ਤਿਆਗ ਸੰਭਵ ਹੀ ਨਹੀਂ। ਰਜੋਗੁਣੀ ਮਨੁੱਖ ਸਾਧਾਰਣ ਜੀਵਨ ਦੀ ਸਾਧਾਰਣਤਾ ਦਾ ਤਿਆਗ ਕਰ ਕੇ ਬਿਖੜੇ ਅਤੇ ਕਠੋਰ ਤਪਾਂ ਦੀ ਅਸਾਧਾਰਣਤਾ ਨੂੰ ਅਪਣਾਉਂਦਾ ਹੈ। ਸਤੋਗੁਣੀ ਲੋਕਾਂ ਦਾ ਤਿਆਗ ਹੈ—ਸਾਧਾਰਣ ਜੀਵਨ ਜੀਊਂਦਿਆਂ ਹੋਇਆਂ ਸੁਆਰਥ ਦੀ ਵਲਗਣ ਵਿੱਚੋਂ ਨਿਕਲ ਜਾਣਾ।"

"ਪਾਪਾ, ਹੋ ਸਕਦਾ ਹੈ ਮੇਰਾ ਖ਼ਿਆਲ ਗ਼ਲਤ ਹੋਵੇ; ਪਰ ਮੈਂ ਸਮਝਦੀ ਹਾਂ ਕਿ ਹੇਰਾਕਲੀਟੱਸ ਤਬਦੀਲੀ ਦਾ ਵਿਸ਼ਵਾਸੀ ਘੱਟ ਹੈ ਅਤੇ ਸਥਿਰਤਾ ਦਾ ਜ਼ਿਆਦਾ। ਉਹ ਸਾਰੇ ਵਿਰੋਧਾਂ ਪਿੱਛੇ ਕੋਈ ਏਕਤਾ ਵੇਖਦਾ ਹੈ; ਅਗਨੀ ਦੀ ਪ੍ਰਕ੍ਰਿਆ ਨੂੰ ਅਨਾਦੀ, ਅਨੰਤ ਅਤੇ ਨਿਰੰਤਰ ਮੰਨਦਾ ਹੈ; ਉਸ ਦਾ ਸ਼ਬਦ ਬ੍ਰਹਮ ਸਦਾ ਬਦਲਦੀ ਵਸਤੂ ਨਹੀਂ, ਸਗੋਂ ਸੰਸਾਰ ਦੀ ਉਤਪਤੀ ਅਤੇ ਪ੍ਰਲੈ ਦਾ ਅਟੱਲ ਸਦੀਵੀ ਨੇਮ ਹੈ। ਇਸ ਦੇ ਨਾਲ ਨਾਲ ਇਸ ਸਦੀਵੀ ਨੇਮ ਨੂੰ ਉਹ ਸੂਖ਼ਮ ਰੂਪ ਵਿੱਚ ਉਸ ਅਗਨੀ ਦੇ ਰੂਪ ਵਿੱਚ ਵੇਖਦਾ ਹੈ, ਜਿਹੜੀ ਹਰ ਸਥੂਲ ਵਸਤੂ ਨੂੰ ਭਸਮ ਕਰ ਦੇਣ ਦੇ ਸਮਰੱਥ ਹੈ। ਉਸ ਤੋਂ ਪਹਿਲਾਂ ਹੋਏ ਯੂਨਾਨੀ ਵਿਚਾਰਵਾਨ ਇੱਕ ਰੱਬ ਦੇ ਖ਼ਿਆਲ ਤੋਂ ਜਾਣੂੰ ਸਨ। ਇਸ ਦਾ ਅਗਨੀ ਰੂਪ ਸ਼ਬਦ ਬ੍ਰਹਮ ਇੱਕ ਰੱਬ ਦੀ ਸਰਬ-ਸ਼ਕਤੀਮਾਨਤਾ ਦਾ ਲਖਾਇਕ ਹੈ। ਇਹ ਯਹੂਦੀਆਂ ਦੁਆਰਾ ਕਲਪੇ ਗਏ ਵਿਅਕਤੀ-ਰੂਪ ਈਰਖੀ ਰੱਬ ਦਾ ਨਿਰਗੁਣ ਰੂਪ ਆਖਿਆ ਜਾ ਸਕਦਾ ਹੈ। ਇਹ ਵਿਚਾਰਵਾਨ—ਅਗਨੀ, ਸੱਤਾ ਅਤੇ ਸੰਘਰਸ਼ ਦੀ ਗੱਲ ਕਰ ਕੇ ਸ਼ਕਤੀ ਦੀ ਸਰਦਾਰੀ ਦੀ ਵਕਾਲਤ ਕਰ ਰਿਹਾ ਹੈ; ਟੱਕਰ ਜਾਂ ਵਿਰੋਧ ਵਿੱਚੋਂ ਨਵ-ਨਿਰਮਾਣ ਦੀ ਗੱਲ ਕਰ ਕੇ ਹੀਗਲ ਦੇ ਥੀਸਿਸ, ਐਂਟੀ-ਥੀਸਿਸ ਅਤੇ ਸਿੰਥਿਸਿਸ ਦੀ ਨੀਂਹ ਰੱਖ ਰਿਹਾ; ਅਤੇ ਜਨ ਸਾਧਾਰਣ ਨੂੰ ਨਿਗੁਣੇ ਨਿਕੰਮੇ ਕਹਿ ਕੇ ਪੁਰਸ਼ ਸ੍ਰੇਸ਼ਟ ਜਾਂ ਸੁਪਰਮੈਨ ਦੇ ਸਿਧਾਂਤ ਵੱਲ ਸੰਕੇਤ ਕਰ ਰਿਹਾ ਹੈ। ਇਹ ਸਾਰਾ ਕੁਝ ਅੱਗੇ ਚੱਲ

ਕੇ ਮਨੁੱਖੀ ਸਮਾਜਾਂ ਦੇ ਜੀਵਨ ਵਿੱਚ ਦੁਖ ਬੀਜਣ ਦਾ ਕੰਮ ਕਰ ਸਕਦਾ ਹੈ। ਹੈਰਾਨੀ ਵਾਲੀ ਗੱਲ ਨਹੀਂ ਕਿ ਇਸ ਪ੍ਰਕਾਰ ਦੀ ਸੋਚ ਵਾਲਾ ਆਦਮੀ ਆਪਣੇ ਤੋਂ ਛੁੱਟ ਹੋਰ ਸਾਰਿਆਂ ਨੂੰ ਨਫ਼ਰਤ ਕਰੇ।"

"ਸਾਰਿਆਂ ਨੂੰ ਨਹੀਂ, ਬੇਟਾ ਜੀ, ਟੂਟੈਮਸ ਨਾਂ ਦੇ ਇੱਕ ਵਿਚਾਰਵਾਨ ਨੂੰ ਇਸ ਨੇ ਸਲਾਹਿਆ ਵੀ ਹੈ। ਉਹ ਇਸ ਲਈ ਕਿ ਟੂਟੈਮਸ ਨੇ ਆਖਿਆ ਸੀ, 'ਦੁਨੀਆ ਵਿੱਚ ਬੁਰੇ ਆਦਮੀ ਬਹੁਤੇ ਹਨ'।"

"ਪਾਪਾ, ਅੱਜ ਤੁਹਾਡੇ ਦੂਜੇ ਸਾਥੀ ਕਿੱਥੇ ਹਨ?"

"ਪਤਾ ਨਹੀਂ, ਬੇਟਾ। ਸਨੇਹਾ ਨੂੰ ਸ਼ਾਇਦ ਕੋਈ ਪਤਾ ਹੋਵੇ।"

"ਪਾਪਾ, ਕਮਲ ਅਤੇ ਨੀਰਜ ਦੀ ਅੱਡ ਡਿਊਟੀ ਹੈ। ਚਾਚਾ ਜੀ ਕਿਸੇ ਸ਼ਾਦੀ ਵਿਆਹ ਵਿੱਚ ਗਏ ਹਨ ਅਤੇ ਅੰਕਲ ਜੀ ਦੀ ਤਬੀਅਤ ਠੀਕ ਨਹੀਂ। ਮੇਰੀ ਡਿਊਟੀ ਲੱਗੀ ਹੋਈ ਹੈ ਅੱਜ ਦੀ ਗੱਲ ਉਨ੍ਹਾਂ ਤੱਕ ਪੁਚਾਉਣ ਦੀ।"

ਪੁਸ਼ਪੇਂਦ੍ਰ,

ਇਸ ਵਿਚਾਰ ਦੀਆਂ ਨਕਲਾਂ ਕਰ ਕੇ ਬਾਕੀ ਸਾਰਿਆਂ ਨੂੰ ਪੋਸਟ ਕਰਨੀਆਂ ਹਨ। ਕੰਮ ਲੰਮਾ ਹੈ। ਇਸ ਲਈ ਇਸ ਤੋਂ ਵੱਧ ਕੁਝ ਨਾ ਲਿਖਦੀ ਹੋਈ, ਏਥੇ ਹੀ ਸਮਾਪਤ ਕਰਦੀ ਹਾਂ।

ਤੇਰੀ,
ਸਨੇਹਾ।

# 20

ਗੁਰਦਾਸਪੁਰ,
4.2.96.

ਸਨੇਹਾ,

ਸ਼ੁਕਰਵਾਰ ਦੀ ਸ਼ਾਮ ਨੂੰ ਇਹ ਪਤਾ ਲੱਗ ਗਿਆ ਸੀ ਕਿ ਕੱਲ ਸੁਮੀਤ ਆਪਣੇ ਘਰ ਨਹੀਂ ਹੋਵੇਗਾ, ਅੰਕਲ ਜੀ ਨੂੰ ਨਾਲ ਲੈ ਕੇ ਉਹ ਬਟਾਲੇ ਜਾਵੇਗਾ। ਜਿਹੜਾ ਮਕਾਨ ਉਸ ਦੇ ਪਿਤਾ ਨੇ ਬਟਾਲੇ ਤੋਂ ਬਾਹਰਵਾਰ ਬਣਾਇਆ ਸੀ, ਉਹ ਕਾਲਜ ਦੇ ਨੇੜੇ ਹੋਣ ਕਰਕੇ ਕਾਲਜ-ਸਟਾਫ਼ ਦੀ ਰਿਹਾਇਸ਼ ਲਈ ਖ਼ਰੀਦਿਆ ਜਾ ਰਿਹਾ ਸੀ। ਸੁਮੀਤ ਉਸ ਮਕਾਨ ਦੀ ਵਿਕਰੀ ਵਿੱਚੋਂ ਮਿਲਣ ਵਾਲੇ ਪੈਸੇ ਨੂੰ, ਆਪਣੇ ਨਾਨਾ ਜੀ, ਕੇਵਲ ਕ੍ਰਿਸ਼ਨ ਦੇ ਸੁਪਨ ਲੋਕ ਦੀ ਉਸਾਰੀ ਵਿੱਚ ਲਾਉਣਾ ਚਾਹੁੰਦਾ ਸੀ। ਮੈਂ ਕੱਲ ਸਵੇਰੇ ਹੀ ਸੁਮੀਤ ਦੇ ਮਾਤਾ ਜੀ ਕੋਲ ਜਾ ਪੁੱਜੀ। ਅੰਕਲ ਜੀ ਅਤੇ ਸੁਮੀਤ ਦੇ ਚਲੇ ਜਾਣ ਪਿੱਛੋਂ ਨੀਲੂ ਜੀ ਨੇ ਮੈਨੂੰ ਦੱਸਿਆ ਕਿ ਉਹ ਆਂਟੀ ਨੂੰ ਨਾਲ ਲੈ ਕੇ ਈਸ਼ਰਪੁਰ ਜਾਣਾ ਚਾਹੁੰਦੇ ਸਨ। ਮੈਨੂੰ ਯਾਦ ਆਇਆ ਕਿ ਇੱਕ ਵੇਰ ਸੁਮੀਤ ਨੇ ਆਖਿਆ ਸੀ ਕਿ 'ਹੌਲੀ ਹੌਲੀ ਇਨ੍ਹਾਂ ਪਿੰਡਾਂ ਦੇ ਜੀਵਨ ਨੂੰ ਜਾਣ ਕੇ ਤੁਸੀਂ ਮੇਰੀ ਮਾਂ ਨੂੰ ਪਛਾਣ ਸਕੋਗੇ।' ਸੁਹਣੇ ਲੋਕਾਂ ਦੇ ਸਵਰਗੀ ਸੁਪਨਿਆਂ ਦੀ ਅਦਭੁੱਤ ਸੁੰਦਰਤਾ ਵਿੱਚ, ਨਿੱਕੀ ਜਿਹੀ ਝਾਤੀ ਪਾ ਸਕਣ ਦਾ ਸੁਭਾਗ ਸੀ ਇਹ ਅਵਸਰ—ਅਤੇ ਮਿਲਿਆ ਸੀ ਅਚਾਨਕ, ਅਣ-ਮੰਗਿਆ। ਏਨੀ ਵੱਡੀ ਖ਼ੁਸ਼ੀ ਨੂੰ ਸਾਂਭ ਕੇ ਰੱਖਣ ਦੀ ਸਮਰੱਥਾ ਅਤੇ ਸਿਆਣਪ ਮੇਰੇ ਮਨ ਵਿੱਚ ਨਹੀਂ ਸੀ। ਚੰਚਲ ਬਾਲ ਵਾਂਗ ਨੀਲੂ ਜੀ ਨਾਲ ਚੰਬੜ ਕੇ ਮੈਂ ਆਖਿਆ, "ਮੈਨੂੰ ਵੀ ਨਾਲ ਲੈ ਚੱਲੋਗੇ ਨਾ ?"

ਮੈਨੂੰ ਮੇਰੇ ਮੋਢਿਆਂ ਤੋਂ ਪਕੜ ਕੇ, ਆਪਣੇ ਨਾਲੋਂ ਜ਼ਰਾ ਕੁ ਪਰੇ ਕਰ ਕੇ, ਮੇਰੀਆਂ ਅੱਖਾਂ ਵਿੱਚ ਵੇਖਦੇ ਹੋਏ ਉਨ੍ਹਾਂ ਆਖਿਆ, "ਪੁਸ਼ਪੇਂਦ੍ਰ, ਮੈਨੂੰ ਯਕੀਨ ਹੈ ਕਿ ਤੂੰ ਬਹੁਤ ਦੂਰ ਤਕ ਮੇਰੇ ਨਾਲ ਜਾਵੇਂਗੀ।"

ਜਾਪੂਵਾਲ ਤੋਂ ਝੈਰ, ਝੈਰਾਂ ਤੋਂ ਨਵਾਂ ਪਿੰਡ ਅਤੇ ਨਵੇਂ ਪਿੰਡ ਤੋਂ ਈਸ਼ਰਪੁਰ ਬਹੁਤੀ ਦੂਰ ਨਹੀਂ, ਪਰੰਤੂ ਇਨ੍ਹਾਂ ਪਿੰਡਾਂ ਦੇ ਜੀਵਨ ਵਿੱਚ ਜਿਸ ਸੁੰਦਰਤਾ ਦਾ ਸੁਪਨਾ ਨੀਲੂ ਜੀ ਨੇ ਉਲੀਕਿਆ ਹੋਇਆ ਸੀ, ਉਸ ਦਾ ਸਫ਼ਰ ਬਹੁਤ ਲੰਮਾ ਪਰਤੀਤ ਹੁੰਦਾ ਸੀ। ਗੱਲਾਂ ਗੱਲਾਂ ਵਿੱਚ ਉਸ ਸਫ਼ਰ ਦੀ ਦੀਰਘਤਾ ਦਾ ਜ਼ਿਕਰ ਕੀਤੇ ਜਾਣ ਉੱਤੇ ਉਨ੍ਹਾਂ ਆਖਿਆ, "ਇਹ ਸਫ਼ਰ ਵਿਕਾਸ ਦੀ ਮੱਧਮ ਤੋਰੇ ਕੀਤਾ ਜਾਵੇਗਾ, ਇਸ ਲਈ ਥਕਾਊ ਨਹੀਂ ਹੋਵੇਗਾ; ਨਾ ਹੀ ਇਸ ਦੇ ਅਕਾਊ ਹੋਣ ਦੀ ਸੰਭਾਵਨਾ ਹੈ, ਕਿਉਂਕਿ ਇਹ ਸਫ਼ਰ ਆਨੰਦ ਦੀ ਅਗਵਾਈ ਵਿੱਚ ਕੀਤਾ ਜਾਵੇਗਾ। ਹੁਣ ਤਕ 'ਮੁਕਾਬਲੇ' ਨੂੰ ਵਿਕਾਸ ਦਾ ਆਧਾਰ ਮੰਨਿਆ ਜਾਂਦਾ ਰਿਹਾ ਹੈ। ਮੁਕਾਬਲਾ ਉਤੇਜਨਾ ਉਪਜਾਉਂਦਾ ਰਿਹਾ ਹੈ ਅਤੇ ਮਨੁੱਖ ਉਤੇਜਨਾ ਨੂੰ ਆਨੰਦ ਕਹਿਣ ਦੀ ਭੁੱਲ ਕਰਦਾ

ਆਇਆ ਹੈ। ਵਿਕਾਸ ਕਿਸੇ 'ਕਾਰਨ' ਵਿੱਚੋਂ ਉਪਜਣ ਵਾਲਾ ਕਾਰਜ ਨਹੀਂ। ਇਹ ਸ੍ਰਿਸ਼ਟੀ ਦਾ ਸੁਭਾਅ ਹੈ, ਅਸਲਾ ਹੈ। ਇਹ ਆਪਣੇ ਆਪ ਵਿੱਚ ਕਾਰਨ ਹੈ ਅਤੇ ਹੋਰ ਸਭ ਕੁਝ ਜੋ ਹੋ ਰਿਹਾ ਹੈ ਇਸ 'ਕਾਰਨ' ਵਿੱਚੋਂ ਉਪਜਣ ਵਾਲਾ ਕਾਰਜ ਹੈ। ਮੁਕਾਬਲਾ ਵੀ ਵਿਕਾਸ ਵਿੱਚੋਂ ਉਪਜਿਆ ਹੋਇਆ ਇੱਕ ਕਾਰਜ ਹੈ, ਜਿਸ ਨੂੰ ਕਾਰਨ ਕਹਿਣ ਦੀ ਭੁੱਲ ਜਾਂ ਮਜਬੂਰੀ ਦਾ ਸ਼ਿਕਾਰ ਰਹੀ ਹੈ ਮਨੁੱਖਤਾ। ਇਸ ਭੁੱਲ ਜਾਂ ਮਜਬੂਰੀ ਵਿੱਚੋਂ ਕੋਝ ਅਤੇ ਕਲੇਸ਼ ਉਪਜਦੇ ਆਏ ਹਨ ਅਤੇ ਮਨੁੱਖੀ ਸੋਚ ਇਨ੍ਹਾਂ ਕੋਝਾਂ-ਕਲੇਸ਼ਾਂ ਦੀ ਵਕਾਲਤ ਕਰਨ ਲਈ ਮਜਬੂਰ ਹੁੰਦੀ ਆਈ ਹੈ, ਸਿਰਫ਼ ਇਸ ਲਈ ਕਿ ਕਾਰਜ ਨੂੰ ਕਾਰਨ ਕਹਿਣ ਅਤੇ ਮੰਨਣ ਦੀ ਭੁੱਲ ਹੋ ਗਈ ਸੀ।"

ਜਦੋਂ ਨੀਲੂ ਜੀ ਦੀ ਗੱਲ ਸਮਾਪਤ ਹੋਈ ਜਾਂ ਰੁਕ ਗਈ, ਉਦੋਂ ਅਸੀਂ ਉਨ੍ਹਾਂ ਦੇ ਵਿਚਾਰਾਂ ਜਿੰਨੇ ਹੀ ਸੁੰਦਰ ਵਿਹੜੇ ਵਿੱਚ ਪਰਵੇਸ਼ ਕਰ ਚੁੱਕੇ ਸਾਂ। ਦੋ ਕੁੜੀਆਂ ਸਾਡੇ ਸੁਆਗਤ ਲਈ ਵਿਹੜੇ ਵਿੱਚ ਆਈਆਂ। ਉਨ੍ਹਾਂ ਦੀ ਖ਼ੁਸ਼ੀ ਸਾਹਮਣੇ ਵਿਹੜੇ ਦੀ ਸਾਰੀ ਸਫ਼ਾਈ ਅਤੇ ਖ਼ੂਬਸੂਰਤੀ ਫਿੱਕੀ ਪੈਂਦੀ ਜਾਪਣ ਲੱਗੀ। ਕਮਰੇ ਵਿੱਚ ਵੜਦਿਆਂ ਹੀ ਮੇਰੀ ਨਜ਼ਰ ਇੱਕ ਵੱਡੀ ਤਸਵੀਰ ਉੱਤੇ ਜਾ ਪਈ। ਬੇ-ਵਸਾ ਹੀ ਮੇਰੇ ਮੂੰਹੋਂ ਨਿਕਲ ਗਿਆ, "ਦੀਪੂ ਅੰਕਲ ?"

ਆਂਟੀ ਜੀ ਨੇ ਉੱਤਰ ਦਿੱਤਾ, "ਹਾਂ! ਆਪਣੇ ਪਿਤਾ ਜੀ ਦੀ ਇਹ ਤਸਵੀਰ ਰੂਪਲ ਨੇ ਬਣਾਈ ਹੈ।"

"ਅਤੇ ਉਹ ਚਰਖਿਆਂ ਵਾਲਾ ਚਿੱਤ੍ਰ ਵੀ। ਮੈਨੂੰ ਇਨ੍ਹਾਂ ਦੋਹਾਂ ਸਹੇਲੀਆਂ ਉੱਤੇ ਬਹੁਤ ਮਾਣ ਹੈ। ਕਾਸ਼! ਇਨ੍ਹਾਂ ਨੂੰ ਸਰਦਾਰ ਸੋਭਾ ਸਿੰਘ ਜੀ ਵਰਗੇ ਸ੍ਰੇਸ਼ਟ ਚਿੱਤ੍ਰਕਾਰ ਦੀ ਸੁਹਬਤ ਪ੍ਰਾਪਤ ਹੋਈ ਹੁੰਦੀ।" ਕਹਿੰਦਿਆਂ ਹੋਇਆਂ ਨੀਲੂ ਜੀ ਨੇ ਰੂਪਲ ਅਤੇ ਸੋਨਲ ਨੂੰ ਆਪਣੇ ਗਲ ਨਾਲ ਲਾ ਲਿਆ। ਉਨ੍ਹਾਂ ਦੇ ਇਸ ਅੰਤਲੇ ਵਾਕ ਵਿੱਚ ਇੱਕ ਪ੍ਰਕਾਰ ਦੀ ਨਿਰਾਸ਼ਾ ਜਿਹੀ ਦਾ ਅਨੁਭਵ ਕਰਦਿਆਂ ਹੋਇਆਂ ਮੈਂ ਆਖਿਆ, "ਤਾਂ ਕੀ ਹੋਇਆ ? ਤੁਸੀਂ ਸਿਖਾ ਰਹੇ ਹੋ ਇਨ੍ਹਾਂ ਨੂੰ, ਕਿਸੇ ਦੂਜੇ ਚਿੱਤ੍ਰਕਾਰ ਕੋਲੋਂ ਸਿੱਖ ਸਕਦੀਆਂ ਹਨ ਇਹ।"

"ਮੈਂ ਸਿੱਖਿਆ ਦੀ ਨਹੀਂ, ਸੁਹਬਤ ਦੀ ਗੱਲ ਕਰਦੀ ਹਾਂ, ਪੁਸ਼ਪੇਂਦ੍ਰ। ਸਿੱਖਿਆ ਆਪਣੀ ਥਾਂ ਇੱਕ ਮਹੱਤਵਪੂਰਣ ਵਸਤੂ ਹੈ, ਪਰੰਤੂ ਸਾਤਵਿਕ ਮਨੁੱਖਾਂ ਦੀ ਸੁਹਬਤ ਵਿੱਚੋਂ ਮਿਲੀ ਹੋਈ ਸਿੱਖਿਆ ਵਰਦਾਨ ਹੈ। ਸਾਤਵਿਕ ਮਨੁੱਖ ਅਤੇ ਸਫਲ ਕਲਾਕਾਰ ਵਿੱਚ ਬਹੁਤ ਫ਼ਰਕ ਹੋ ਸਕਦਾ ਹੈ। ਵਿਕਾਸ ਦਾ ਮਨੋਰਥ 'ਸਫਲ ਕਲਾਕਾਰ' ਨਹੀਂ, ਸਗੋਂ ਸੁੰਦਰ ਸਾਤਵਿਕ 'ਆਚਰਣ' ਹੈ। ਇਸ ਮਨੋਰਥ ਤੋਂ ਹੀਣੀ ਕਲਾ ਅਫਲ ਬਿਰਖ ਜਾਂ ਕੰਡਿਆਲੀ ਝਾੜੀ ਵਰਗੀ ਹੈ। ਇਸ ਸਮੇਂ ਮੈਂ ਤੇਰੇ ਨਾਲ ਬਹੁਤੀ ਲੰਮੀ ਚਰਚਾ ਨਹੀਂ ਕਰ ਸਕਦੀ, ਪੁਸ਼ਪੇਂਦ੍ਰ। ਇਹ ਵਕਤ ਰੂਪਲ ਅਤੇ ਸੋਨਲ ਲਈ ਹੈ। ਤੂੰ ਆਂਟੀ ਜੀ ਨੂੰ ਨਾਲ ਲੈ ਕੇ ਪਿੰਡ ਵਿੱਚ ਘੁੰਮ ਫਿਰ ਸਕਦੀ ਹੈਂ। ਅੱਜ ਸਕੂਲ ਵਿੱਚ ਭਾਵੇਂ ਛੁੱਟੀ ਹੈ ਪਰ ਬੱਚਿਆਂ ਨੂੰ ਛੁੱਟੀ ਨਹੀਂ। ਉਹ ਆਪਣੇ ਪਿੰਡ ਦੀ ਸਫ਼ਾਈ ਕਰਦੇ ਵੇਖੇ ਜਾ ਸਕਦੇ ਹਨ।"

ਮੈਨੂੰ ਨਾਲ ਲੈ ਕੇ ਆਂਟੀ ਜੀ ਘਰੋਂ ਬਾਹਰ, ਪਿੰਡ ਵਿੱਚ ਆ ਗਏ। ਪਿੰਡ ਦੇ ਚਾਰ ਚੁਫੇਰੇ ਫਿਰ ਕੇ ਵੇਖਿਆ। ਪਿੰਡ ਦਾ ਚੌਗਿਰਦਾ ਸਾਡੀ ਸਰਕਾਰੀ ਕੋਠੀ ਦੇ ਚੌਗਿਰਦੇ ਨਾਲੋਂ ਘੱਟ ਸਾਫ਼ ਨਹੀਂ ਸੀ। ਖਾਦ ਜਾਂ ਰੂੜੀ ਦਾ ਕੋਈ ਢੇਰ ਕਿਧਰੇ ਨਹੀਂ ਸੀ; ਚਿੱਕੜ-ਚੋਭੇ ਦਾ ਨਾਂ-ਨਿਸ਼ਾਨ ਨਹੀਂ ਸੀ; ਗਲੀਆਂ ਵਿਚਲੀਆਂ ਨਾਲੀਆਂ ਓਨੀਆਂ ਸਾਫ਼ ਸਨ, ਜਿਸ ਤੋਂ ਵੱਧ ਉਹ ਸਾਫ਼ ਕੀਤੀਆਂ ਹੀ ਨਹੀਂ ਸਨ ਜਾ ਸਕਦੀਆਂ। ਪਿੰਡ ਦੀਆਂ ਤਿੰਨ ਨੁੱਕਰਾਂ ਉੱਤੇ ਤਿੰਨ ਪਾਰਕਾਂ ਸਨ ਅਤੇ ਚੌਥੀ ਨੁੱਕਰੇ ਪ੍ਰਾਇਮਰੀ ਸਕੂਲ। ਆਂਟੀ ਨੇ ਦੱਸਿਆ, "ਇਹ ਤਿੰਨੇ ਪਾਰਕਾਂ ਪਹਿਲਾਂ ਇਸ ਪਿੰਡ ਦੇ ਤਿੰਨ ਛੱਪੜ ਸਨ। ਬਰਸਾਤਾਂ ਦੇ ਮੌਸਮ ਵਿੱਚ ਇਹ ਛੱਪੜ ਪਾਣੀ

ਨਾਲ ਭਰ ਜਾਂਦੇ ਸਨ। ਇਹ ਪਾਣੀ ਸੜਨ, ਬੋ ਮਾਰਨ ਅਤੇ ਮੱਛਰ ਪੈਦਾ ਕਰਨ ਤੋਂ ਸਿਵਾ ਹੋਰ ਕਿਸੇ ਕੰਮ ਨਹੀਂ ਸੀ ਆਉਂਦਾ। ਪਿਛਲੇ ਵਕਤਾਂ ਵਿੱਚ ਲੋਕ ਛੱਪੜਾਂ ਦਾ ਪਾਣੀ ਸੁੱਕ ਕੇ ਘਟ ਜਾਣ ਉੱਤੇ, ਉਨ੍ਹਾਂ ਵਿੱਚ ਘਾਣੀ ਕਰ ਕੇ ਆਪਣੇ ਕੰਧਾਂ ਕੋਠੇ ਲਿੰਬਦੇ ਹੁੰਦੇ ਸਨ; ਸਣ ਦੇ ਨਿੱਕੇ ਨਿੱਕੇ ਪੂਲੇ ਬੰਨ੍ਹ ਕੇ, ਗਰਨ ਲਈ, ਛੱਪੜਾਂ ਦੇ ਪਾਣੀ ਵਿੱਚ ਡੋਬ ਜਾਂ ਦੱਬ ਛੱਡਦੇ ਸਨ, ਜਾਂ ਫਿਰ ਟਾਲ੍ਹੀ ਦੇ ਮੋਛੇ, ਗਾਖਣ ਲਈ ਜਾਂ ਪੱਕੇ ਕਰਨ ਲਈ, ਛੱਪੜ ਵਿੱਚ ਸੁੱਟ ਛੱਡਦੇ ਸਨ। ਹੁਣ ਇਹ ਸਭ ਕੁਝ ਪੰਜਾਬ ਦੇ ਜੀਵਨ ਦਾ ਹਿੱਸਾ ਨਹੀਂ ਰਿਹਾ; ਇਸ ਲਈ ਛੱਪੜ ਨਿਰੇ ਬੇ-ਲੋੜੇ ਹੀ ਨਹੀਂ, ਸਗੋਂ ਜ਼ਿੰਦਗੀ ਲਈ ਹਾਨੀਕਾਰਕ ਅਤੇ ਕੋਝੇ ਵੀ ਬਣ ਗਏ ਹਨ। ਇਸ ਲਈ ਇਨ੍ਹਾਂ ਨੂੰ ਪੂਰ ਕੇ ਇਹ ਪਾਰਕਾਂ ਬਣਾ ਦਿੱਤੀਆਂ ਗਈਆਂ ਹਨ।"

"ਇਨ੍ਹਾਂ ਨੂੰ ਪੂਰਨ ਲਈ ਮਿੱਟੀ ਵੀ ਤਾਂ ਕਿਧਰੋਂ ਆਈ ਹੋਵੇਗੀ, ਆਂਟੀ।"

"ਕਿਧਰੋਂ ਬਾਹਰੋਂ ਨਹੀਂ, ਏਥੋਂ ਹੀ," ਕਹਿ ਕੇ ਆਂਟੀ ਮੈਨੂੰ ਇੱਕ ਪਾਸੇ ਵੱਲ ਲੈ ਤੁਰੇ। ਅਸੀਂ ਇਕ ਪਹੇ ਉੱਤੇ ਤੁਰ ਰਹੀਆਂ ਸਾਂ। ਸਰਕੜਿਆਂ, ਦ੍ਰਾਂਟਿਆਂ ਅਤੇ ਮਲ੍ਹਿਆਂ ਵਿੱਚ ਘਿਰੇ ਹੋਏ ਇਸ ਪਹੇ ਦੀ ਸੁੰਦਰਤਾ ਬਿਲਕੁਲ ਨਵੇਕਲੀ ਪ੍ਰਕਾਰ ਦੀ ਸੀ। ਆਂਟੀ ਨੇ ਦੱਸਿਆ ਕਿ ਉਸ ਪਹੇ ਦੇ ਹੇਠਾਂ ਸੀਮੈਂਟ-ਕਨਕ੍ਰੀਟ ਦੇ ਬਣੇ, ਵੱਡੇ ਵੱਡੇ ਪਾਈਪ ਵਿਛਾ ਕੇ ਇੱਕ ਨਾਲੀ ਬਣਾ ਲਈ ਗਈ ਸੀ, ਜਿਸ ਰਾਹੀਂ ਪਿੰਡ ਦੀਆਂ ਗਲੀਆਂ ਦਾ ਸਾਰਾ ਪਾਣੀ, ਸਣੇ ਬਰਸਾਤੀ ਪਾਣੀ ਦੇ, ਇੱਕ ਵੱਡੇ ਤਲਾਬ ਵਿੱਚ ਇਕੱਠਾ ਕਰਨ ਦਾ ਪ੍ਰਬੰਧ ਕਰ ਲਿਆ ਗਿਆ ਸੀ। ਇਸ ਤਲਾਬ ਵਾਲੀ ਥਾਂ ਤੋਂ ਪੁੱਟੀ ਗਈ ਮਿੱਟੀ ਨਾਲ ਪਿੰਡ ਦੇ ਤਿੰਨ ਛੱਪੜ ਪੂਰ ਦਿੱਤੇ ਗਏ ਸਨ। "ਉਹ ਪਾਰਕਾਂ ਬਣ ਕੇ ਜੀਵਨ ਦੇ ਸੁਹਜ ਵਿੱਚ ਵਾਧਾ ਕਰ ਰਹੇ ਹਨ ਅਤੇ ਇਹ ਤਾਲਾਬ ਪਿੰਡ ਦੀ ਜਲ-ਨਿਧੀ ਬਣ ਕੇ ਔੜ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਦਾ ਹੈ।" ਤਲਾਬ ਦੇ ਚੌਫੇਰੇ ਬਣੇ ਮਜ਼ਬੂਤ ਜੰਗਲੇ ਨੂੰ ਆਪਣੀਆਂ ਅਰਕਾਂ ਦਾ ਸਹਾਰਾ ਬਣਾ ਕੇ ਝੁਕ ਕੇ ਖਲੋਂਦਿਆਂ ਆਂਟੀ ਨੇ ਉਪਰੋਕਤ ਵਾਕ ਉਚਾਰਿਆ।

"ਆਂਟੀ, ਇਹ ਸਭ ਸੁੱਝਾ ਕਿਸ ਨੂੰ ?"

"ਲੋਕ ਕਹਿੰਦੇ ਹਨ ਨੀਲੂ ਦੇ ਪਿਤਾ, 'ਕੇਵਲ' ਨੂੰ; ਕੇਵਲ ਕਹਿੰਦਾ ਸੀ (ਤੁਹਾਡੇ ਅੰਕਲ) 'ਦੇਵੇਂਦ੍ਰ' ਨੂੰ; ਤੁਹਾਡੇ ਅੰਕਲ ਜੀ ਕਹਿੰਦੇ ਹਨ 'ਪੱਛਮ ਦੇ ਲੋਕਾਂ ਨੂੰ'; ਪਰ ਨੀਲੂ ਅਤੇ ਸੁਮੀਤ ਕਹਿੰਦੇ ਹਨ ਇਹ 'ਮਨੁੱਖ' ਨੂੰ ਸੁੱਝਿਆ ਹੈ—ਮਨੁੱਖ ਵਿਚਲੀ 'ਸਾਤਵਿਕ ਸੋਚ' ਨੂੰ ਸੁੱਝਿਆ ਹੈ। ਸੁੰਦਰਤਾ ਕਿਸੇ ਕੌਮ ਜਾਂ ਨਸਲ ਦੀ ਮਾਲਕੀ ਨਹੀਂ; ਇਹ ਮਨੁੱਖਤਾ ਦੀ ਸਾਂਝੀ ਪ੍ਰਾਪਤੀ ਹੈ। ਦੇਸ਼ਾਂ ਅਤੇ ਕੌਮਾਂ ਦੀਆਂ ਮਾਲਕੀਆਂ ਮੰਨੀਆਂ ਜਾਣ ਕਰਕੇ ਸੁੰਦਰਤਾ ਅਤੇ ਸਾਤਵਿਕਤਾ ਵਰਗੀਆਂ ਮਾਨਤਾਵਾਂ ਵੀ ਜੀਵਨ ਲਈ ਕਸ਼ਟਾਂ ਦੇ ਕਾਰਨ ਬਣਦੀਆਂ ਆਈਆਂ ਹਨ।"

"ਕਿੰਨੀ ਰਮਣੀਕ ਥਾਂ ਬਣ ਗਈ ਹੈ ਇਹ! ਔਹ ਕਮਰਾ ਜਿਹਾ ਕੀ ਹੈ ?"

"ਇਹ ਪੰਪ ਹਾਊਸ ਹੈ। ਤਾਲਾਬ ਦਾ ਪਾਣੀ ਨੀਵਾਂ ਹੈ। ਇਸ ਪੰਪ ਨਾਲ ਖਿੱਚ ਕੇ ਫ਼ਸਲਾਂ ਤਕ ਪਹੁੰਚਾਇਆ ਜਾਂਦਾ ਹੈ। ਬਰਸਾਤਾਂ ਨੂੰ ਪਾਣੀ ਦਾ ਲੈਵਲ ਉੱਚਾ ਹੋ ਜਾਣ ਉੱਤੇ, ਜੇ ਲੋੜ ਪਵੇ, ਪੰਪ ਆਪਣੇ ਆਪ ਵੀ ਚਾਲੂ ਹੋ ਜਾਂਦੇ ਹਨ। ਪਰ ਅਜੇਹਾ ਕਦੇ ਹੋਇਆ ਨਹੀਂ।"

"ਆਂਟੀ, ਇਹ ਸਭ ਖ਼ਰਚ ਕਿਸ ਨੇ ਕੀਤਾ ਹੈ ?"

"ਕੁਝ ਏਥੋਂ ਦੇ ਲੋਕਾਂ ਨੇ, ਕੁਝ ਪੱਛਮੀ ਸਹਾਇਤਾ ਨੇ।"

"ਸਾਡੇ ਲੋਕ ਹਾਈਂ ਮਾਈਂ ਏਹੋ ਜਿਹੇ ਕੰਮਾਂ ਲਈ ਤਿਆਰ ਨਹੀਂ ਹੁੰਦੇ। ਇਨ੍ਹਾਂ ਲੋਕਾਂ ਨੂੰ ਕਿਵੇਂ ਮਨਾ ਲਿਆ ਗਿਆ ਹੈ ?"

"ਪੁਸ਼ਪੇਂਦ੍ਰ, ਸੌਂਦਰਯ-ਸੰਕਲਪ ਉਪਜਦਾ ਹੈ ਸੁਰੱਖਿਆ ਦੇ ਭਰੋਸੇ ਦੀ ਭੂਮੀ ਵਿੱਚ। ਜਿਸ

ਜੀਵਨ ਨੂੰ ਸੁਰੱਖਿਆ ਦਾ ਭਰੋਸਾ ਨਹੀਂ, ਉਸ ਨੂੰ ਤੁਸੀਂ ਕਿਸੇ ਸੁੰਦਰਤਾ ਲਈ ਤਿਆਰ ਨਹੀਂ ਕਰ ਸਕਦੇ। ਸੁਰੱਖਿਅਤ ਹੋਣ ਉੱਤੇ ਵੀ ਜੀਵਨ ਨੂੰ 'ਸੁਰੱਖਿਆ ਦਾ ਭਰੋਸਾ' ਓਨਾ ਚਿਰ ਨਹੀਂ ਹੁੰਦਾ ਜਿੰਨਾ ਚਿਰ ਜੀਵਨ ਵਿੱਚੋਂ ਮੁਕਾਬਲਾ, ਤੌਖ਼ਲਾ ਅਤੇ ਬੇ-ਵਸਾਹੀ ਖ਼ਤਮ ਨਹੀਂ ਹੋ ਜਾਂਦੇ ਜਾਂ ਘੱਟ ਨਹੀਂ ਜਾਂਦੇ। ਸੰਘਰਸ਼ਮਈ ਜੀਵਨ, ਜਿੰਨਾ ਮਰਜ਼ੀ ਸੁਰੱਖਿਅਤ ਹੋਵੇ, ਸੁਰੱਖਿਆ ਦੇ ਭਰੋਸੇ ਦਾ ਜੀਵਨ ਨਹੀਂ ਹੁੰਦਾ। ਕੇਵਲ ਦਾ ਆਪਣਾ ਬਚਪਨ ਅਸੁਰੱਖਿਅਤ ਸੀ। ਉਸ ਦੇ ਮਨ ਵਿੱਚ ਸੁੰਦਰਤਾ ਦੇ ਅਖੁੱਟ ਭੰਡਾਰ ਸਨ, ਜਿਹੜੇ ਸੁਰੱਖਿਆ ਦੇ ਭਰੋਸੇ ਦੀ ਪ੍ਰਾਪਤੀ ਦੀ ਉਡੀਕ ਵਿੱਚ ਸਨ। ਤੇਰੇ ਅੰਕਲ ਅਤੇ ਹਰਦੀਪ ਸਿੰਘ ਦੀ ਮਿੱਤ੍ਰਤਾ ਨੇ ਉਸ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ। ਇਨ੍ਹਾਂ ਰਾਹੀਂ ਉਸ ਦਾ ਮੇਲ ਬਾਪੂ ਜੀ ਨਾਲ ਹੋਇਆ। ਉਨ੍ਹਾਂ ਦੀ ਪਾਰਖੂ ਅੱਖ ਨੇ ਉਸ ਵਿਚਲੇ ਸੁਹਣੇ ਮਨੁੱਖ ਨੂੰ ਪਛਾਣ ਕੇ ਉਸ ਦਾ ਹੌਂਸਲਾ ਵਧਾਇਆ। ਲੋਕਾਂ ਦੀ 'ਮਿੱਤ੍ਰਤਾ' ਅਤੇ ਮਿਹਨਤ ਨਾਲ ਕਮਾਏ 'ਧਨ' ਨੇ ਉਸ ਦੇ ਭਰੋਸੇ ਨੂੰ ਪੂਰਣਤਾ ਤਕ ਪੁਚਾ ਕੇ ਉਸ ਦੇ ਮਨ ਵਿਚਲੀ ਸੁੰਦਰਤਾ ਲਈ, ਕਿਰਿਆ ਰੂਪ ਵਿੱਚ ਅਭਿਅਵਿਅਕਤ ਹੋਣ ਦਾ ਅਵਸਰ ਪੈਦਾ ਕਰ ਦਿੱਤਾ। ਉਹ 'ਸੁਹਣਾ' ਹੋਣ ਦੇ ਨਾਲ ਨਾਲ ਸਿਆਣਾ ਵੀ ਸੀ; ਸੰਤੋਖੀ ਸੀ। ਉਸ ਨੂੰ ਕਾਹਲ ਨਹੀਂ ਸੀ। ਸਭ ਤੋਂ ਪਹਿਲਾਂ ਉਸ ਨੇ ਆਪਣੇ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਪੈਦਾ ਕੀਤਾ। ਇਸ ਮਨੋਰਥ ਦੀ ਪ੍ਰਾਪਤੀ ਲਈ ਉਸ ਨੂੰ ਕਿੰਨਾ ਕੁਝ ਕਰਨਾ ਪਿਆ। ਉਸ ਨਾਲ ਵਧੀਕੀਆਂ ਹੋਈਆਂ, ਕੁਝ ਇੱਕ ਨੇ ਉਸ ਨਾਲ ਚਾਲਾਕੀ ਅਤੇ ਹੇਰਾ-ਫੇਰੀ ਵੀ ਕੀਤੀ; ਪਰ ਉਸ ਨੇ ਕਦੇ ਕਿਸੇ ਗੱਲ ਨੂੰ ਉਥੱਲਿਆ ਨਾ। ਇਨ੍ਹਾਂ ਵਧੀਕੀਆਂ ਨੂੰ ਉਹ ਜੀਵਨ ਦੇ ਰੋਗ ਦੀਆਂ ਅਲਾਮਤਾਂ ਆਖਦਾ ਹੁੰਦਾ ਸੀ। ਇਨ੍ਹਾਂ ਪਿੰਡਾਂ ਦੀ ਨਵੀਂ ਪੀੜ੍ਹੀ ਲਈ ਉਸ ਨੇ ਵੈਲਫ਼ੇਅਰ ਸਟੇਟ ਦੇ ਸੰਕਲਪ ਦੀ ਉਸਾਰੀ ਕਰ ਦਿੱਤੀ ਸੀ। ਕਿਸੇ ਦੇ ਹਿੱਤਾਂ ਦੀ ਕੋਈ ਹਾਨੀ ਨਾ ਹੋਵੇ, ਇਸ ਗੱਲ ਦਾ ਉਹ ਪੂਰਾ ਖ਼ਿਆਲ ਰੱਖਦਾ ਸੀ। ਸਾਂਝੇ ਜਾਂ ਸਮਾਜਕ ਹਿੱਤਾਂ ਦੇ ਟਾਕਰੇ ਵਿੱਚ ਵਿਅਕਤੀਗਤ ਹਿੱਤਾਂ ਨੂੰ ਉਹ ਵਧੇਰੇ ਮਹੱਤਵਪੂਰਣ ਸਮਝਦਾ ਸੀ। ਆਪਣੀ ਅਤੇ ਆਪਣੇ ਬੱਚਿਆਂ ਦੀ ਵਿੱਦਿਆ ਅਤੇ ਰੋਜ਼ਗਾਰ ਦੀ ਚਿੰਤਾ ਤੋਂ ਮੁਕਤ ਹੋਣ ਉੱਤੇ ਕਈ ਲੋਕ, ਆਪਣੇ ਗੁਜ਼ਾਰੇ ਜੋਗਾ ਰੱਖ ਕੇ ਬਾਕੀ ਸਾਰੀ ਕਮਾਈ ਉਸ ਨੂੰ ਦੇਣ ਲਈ ਤਿਆਰ ਸਨ। ਉਹ ਇਉਂ ਕਰਨ ਨੂੰ ਮੰਨਦਾ ਨਹੀਂ ਸੀ ਤਾਂ ਵੀ ਰੂਪਲ ਦਾ ਪਿਤਾ ਦਲੀਪ ਸਿੰਘ (ਦੀਪੂ) ਜੋ ਤੁਹਾਡੇ ਕੋਲ ਕੰਮ ਕਰਦਾ ਹੈ, ਆਪਣੀ ਅੱਧੀ ਤਨਖ਼ਾਹ ਸਾਂਝੇ ਖਾਤੇ ਜਮ੍ਹਾਂ ਕਰਵਾ ਦਿੰਦਾ ਹੈ; ਪਰ ਇਹ ਇੱਕ ਅੱਪਵਾਦ ਹੈ, ਸਾਧਾਰਣ ਜੀਵਨ ਦਾ ਸਾਂਝਾ ਨੇਮ ਨਹੀਂ।"

"ਪੱਛਮੀ ਵਿਦੇਸ਼ੀ ਸਹਾਇਤਾ ਦਾ ਕੀ ਰਹੱਸ ਹੈ ?"

"ਇਹ ਕੋਈ ਰਹੱਸ ਨਹੀਂ। ਤੇਰੇ ਅੰਕਲ ਜੀ ਇੱਕ ਮਕਾਨ ਖ਼ਰੀਦ ਕੇ ਛੱਡ ਆਏ ਸਨ। ਹੁਣ ਤਕ ਉਸ ਉੱਤੇ ਚੁੱਕਿਆ ਹੋਇਆ ਕਰਜ਼ਾ ਵਾਪਸ ਹੋ ਚੁੱਕਾ ਹੈ। ਸੁਮੀਤ (ਨੀਲੂ ਦੇ ਪਤੀ) ਦਾ ਇੱਕ ਮਿੱਤ੍ਰ ਹੈ ਲੰਡਨ ਵਿੱਚ, ਡਾਕਟਰ ਹੈ। ਉਹ ਵੀ ਸਹਾਇਤਾ ਕਰਦਾ ਹੈ। ਪੰਜ ਛੇ ਲੱਖ ਰੁਪਏ ਸਾਲਾਨਾ ਦੀ ਸਹਾਇਤਾ ਮਿਲ ਜਾਂਦੀ ਹੈ। ਇਸ ਨੂੰ ਉੱਨਤ ਦੇਸ਼ਾਂ ਵੱਲੋਂ, ਘੱਟ ਉੱਨਤ ਦੇਸ਼ਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਦਾ ਇੱਕ ਰੂਪ ਆਖਿਆ ਜਾ ਸਕਦਾ ਹੈ। ਫ਼ਰਕ ਸਿਰਫ਼ ਏਨਾ ਹੈ ਕਿ ਇਸ ਵਿੱਚ ਸਿਆਸੀ ਸ਼ੈਤਾਨੀ ਦਾ ਕੋਈ ਦਖ਼ਲ ਨਾ ਹੋਣ ਕਰਕੇ ਇਹ ਲੋਕਾਂ ਦੇ ਕੰਮ ਆਉਂਦੀ ਹੈ ਅਤੇ ਲੋਕਾਂ ਦੀ ਮਰਜ਼ੀ ਅਨੁਸਾਰ ਖ਼ਰਚੀ ਜਾਣ ਕਰਕੇ ਉਨ੍ਹਾਂ ਦੀ ਜੀਵਨ ਜਾਚ ਨੂੰ ਸਾਂਭਣ ਅਤੇ ਸੁਆਰਨ ਦੇ ਜਤਨ ਕਰਦੀ ਹੈ। ਇਹ ਉਸ ਪ੍ਰਕਾਰ ਦੀ ਪੱਛਮੀ ਸਹਾਇਤਾ ਨਹੀਂ, ਜਿਹੜੀ ਗ੍ਰੀਨ ਰੈਵੋਲਿਊਸ਼ਨ ਦੀ ਕਿਰਪਾ ਨਾਲ ਪੰਜਾਬ ਦੇ ਕੁਝ ਕੁ ਲੋਕਾਂ ਨੂੰ ਬੇਗਾਨਗੀ ਦਾ ਰੋਗ ਲਾ ਦੇਵੇ।"

"ਔਹ ਸਫ਼ੇਦ ਰੰਗ ਦੀ ਵੱਡੀ ਇਮਾਰਤ ਕਿਸੇ ਦੀ ਕੋਠੀ ਹੈ ?"

"ਕਦੇ ਸੀ; ਹੁਣ ਨਹੀਂ। ਹੁਣ ਇਹ ਪਿੰਡ ਦਾ ਪ੍ਰਾਇਮਰੀ ਸਕੂਲ ਹੈ।"

"ਇੱਕ ਰਿਹਾਇਸ਼ੀ ਮਕਾਨ ਆਖ਼ਰ ਪ੍ਰਾਇਮਰੀ ਸੂਕਲ ਕਿਵੇਂ ਬਣ ਗਿਆ, ਆਂਟੀ ?"

"ਸਰਦਾਰ ਈਸ਼ਰ ਸਿੰਘ ਇਸ ਇਲਾਕੇ ਦਾ ਮੰਨਿਆ ਦੰਨਿਆ ਆਦਮੀ ਸੀ। ਉਸ ਦੇ ਵੱਡੇ ਵਡੇਰਿਆਂ ਨੇ ਆਪਣੀ ਜ਼ਮੀਨ ਦੀ ਵੱਡੀ ਢੇਰੀ ਉੱਤੇ ਆਪਣਾ ਰਿਹਾਇਸ਼ੀ ਮਕਾਨ ਬਣਾ ਲਿਆ ਅਤੇ ਆਪਣੀ ਜ਼ਮੀਨ ਉੱਤੇ ਕੰਮ ਕਰਨ ਵਾਲੇ ਲੋਕਾਂ ਨੂੰ ਆਪਣੇ ਲਾਗੇ ਵੱਸਣ ਲਈ ਥਾਂ ਦੇ ਕੇ ਇਸ ਪਿੰਡ ਦੀ ਨੀਂਹ ਰੱਖੀ ਸੀ। ਈਸ਼ਰ ਸਿੰਘ ਬਹੁਤਾ ਪੜ੍ਹਿਆ ਹੋਇਆ ਨਹੀਂ ਸੀ; ਪਰ ਨੇਕ ਅਤੇ ਸਮਝਦਾਰ ਬਹੁਤ ਸੀ। ਬਾਪੂ ਜੀ ਨਾਲ ਉਸ ਦਾ ਬਹੁਤ ਨੇੜ ਸੀ। ਉਹ ਕੇਵਲ ਕ੍ਰਿਸ਼ਨ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਸਦਾ ਏਹੋ ਕਹਿੰਦਾ ਹੁੰਦਾ ਸੀ, 'ਦੇਖ ਬਈ, ਕੇਵਲਾ, ਸਾਰਾ ਭਾਰ ਆਪੇ ਨਾ ਚੁੱਕੀ ਜਾ, ਸਾਨੂੰ ਵੀ ਸੇਵਾ ਦਾ ਮੌਕਾ ਦੇ'। ਕੇਵਲ ਕਹਿ ਛੱਡਦਾ ਸੀ, 'ਸਭ ਕੁਝ ਤੁਸੀਂ ਕਰ ਰਹੇ ਹੋ, ਸਰਦਾਰ ਜੀ।' ਇੱਕ ਘਾਟਾ ਸੀ ਸਰਦਾਰ ਈਸ਼ਰ ਸਿੰਘ ਦੇ ਜੀਵਨ ਵਿੱਚ। ਉਸ ਦੀ ਔਲਾਦ ਕੋਈ ਨਹੀਂ ਸੀ। ਆਪਣੀ ਪਤਨੀ ਦੀ ਮੌਤ ਪਿੱਛੋਂ ਉਹ ਬਹੁਤਾ ਚਿਰ ਨਾ ਜੀ ਸਕਿਆ। ਮਰਨ ਤੋਂ ਪਹਿਲਾਂ ਉਸ ਨੇ ਕੇਵਲ ਨੂੰ ਮਨਾ ਲਿਆ ਅਤੇ ਇੱਕ ਟ੍ਰਸਟ ਬਣਾ ਕੇ ਆਪਣੀ ਜਾਇਦਾਦ ਟ੍ਰਸਟ ਦੇ ਹਵਾਲੇ ਕਰ ਗਿਆ। ਉਸ ਸਰਦਾਰ ਦਾ ਘਰ ਹੁਣ ਪ੍ਰਾਇਮਰੀ ਸਕੂਲ ਹੈ ਅਤੇ ਇਸ ਪਿੰਡ ਨੂੰ ਸੁਹਣੇ ਮਨੁੱਖੀ ਜੀਵਨ ਦੀ ਇੱਕ ਮਿਸਾਲ ਬਣਾਉਣ ਦੇ ਇਰਾਦੇ ਨਾਲ ਏਥੇ ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਆਰੰਭ ਵਿੱਚ ਇਸ ਪਿੰਡ ਦਾ ਨਾਂ 'ਕੋਠੇ' ਸੀ। ਸਰਦਾਰ ਸਾਹਿਬ ਦੇ ਸੁਰਗਵਾਸ ਪਿੱਛੋਂ ਲੋਕਾਂ ਨੇ ਇਸ ਦਾ ਨਾਂ ਈਸ਼ਰਪੁਰ ਰੱਖ ਦਿੱਤਾ।"

ਅਸੀਂ ਮੁੜ ਕੇ ਪਿੰਡ ਵਿੱਚ ਆ ਚੁੱਕੇ ਸਾਂ। ਮੈਂ ਸਕੂਲ ਉੱਤੇ ਇੱਕ ਝਾਤੀ ਪਾਈ ਅਤੇ ਪਿੰਡ ਦੀਆਂ ਤਿੰਨ ਪਾਰਕਾਂ ਵੇਖੀਆਂ। ਮੈਂ ਪੂਰੇ ਭਰੋਸੇ ਨਾਲ ਕਹਿ ਸਕਦੀ ਹਾਂ ਕਿ ਪੰਜਾਬ ਵਿੱਚ ਸਫ਼ਾਈ ਅਤੇ ਸੁੰਦਰਤਾ ਉੱਤੋਂ ਚੰਡੀਗੜ੍ਹ ਦਾ ਏਕਾਧਿਕਾਰ ਛੇਤੀ ਹੀ ਖ਼ਤਮ ਹੋਣ ਵਾਲਾ ਹੈ। ਇਸ ਪਿੰਡ ਦੇ ਬੱਚਿਆਂ ਦੇ ਨਿੱਕੇ ਨਿੱਕੇ ਕੋਮਲ ਹੱਥਾਂ ਵਿੱਚ ਆਖ਼ਰਾਂ ਦਾ ਹੁਨਰ ਹੈ। ਇੱਕ ਸੁਸਿੱਖਿਅਤ ਮਾਲੀ ਦੀ ਅਗਵਾਈ ਵਿੱਚ ਇਹ ਕਿੰਨੀ ਸਾਰੀ ਸੁੰਦਰਤਾ ਪੈਦਾ ਕਰ ਲੈਂਦੇ ਹਨ। ਪਾਰਕਾਂ ਦੁਆਲੇ ਏਨੇ ਮਜ਼ਬੂਤ ਅਸਪਾਤੀ ਜੰਗਲਿਆਂ ਦਾ ਪ੍ਰਬੰਧ ਕਿਉਂ ਕੀਤਾ ਗਿਆ ਸੀ ? ਇਹ ਪ੍ਰਸ਼ਨ ਪੁੱਛਣ ਦੀ ਲੋੜ ਮੈਨੂੰ ਮਹਿਸੂਸ ਨਹੀਂ ਹੋਈ।

ਸਿਆਲੀ ਦਿਨ ਛੇਤੀ ਹੀ ਢਾਲੇ ਪੈ ਗਿਆ। ਈਸ਼ਰਪੁਰੋਂ ਚੱਲ ਕੇ ਝੌਰੀਂ ਅਤੇ ਆਂਟੀ ਨੂੰ ਘਰ ਛੱਡ ਕੇ ਅਸੀਂ ਜਾਪੂਵਾਲ ਸੁਮੀਤ ਦੇ ਘਰ ਆ ਗਏ। ਡਰਾਇੰਗਰੂਮ ਵਿੱਚ ਵੜਦਿਆਂ ਹੀ ਮੈਂ ਵੇਖਿਆ, "ਉਂਜ ਤਾਂ ਹਰ ਨਵਾਂ ਦਿਨ ਆਪਣੇ ਆਪ ਵਿੱਚ ਇੱਕ ਪ੍ਰਾਪਤੀ ਹੈ; ਪਰ ਅੱਜ ਦੇ ਦਿਨ ਮੈਨੂੰ ਇਸ ਤੋਂ ਇਲਾਵਾ ਕਿੰਨਾ ਕੁਝ ਪ੍ਰਾਪਤ ਹੋਇਆ ਹੈ। ਨੀ....। ਖ਼ੈਰ, ਸਭ ਤੋਂ ਪਹਿਲਾਂ ਮੈਨੂੰ ਇਹ ਦੱਸੋ ਕਿ ਮੈਂ ਤੁਹਾਨੂੰ ਕੀ ਕਹਿ ਕੇ ਸੰਬੋਧਨ ਹੋਇਆ ਕਰਾਂ ? ਹੁਣ ਤਕ ਤੁਹਾਡੀ ਆਗਿਆ ਤੋਂ ਬਗ਼ੈਰ ਹੀ ਕਈ ਸੰਬੋਧਨ ਅਪਣਾ ਚੁੱਕੀ ਹਾਂ ਮੈਂ।"

"ਇਸ ਸਮੇਂ ਤੂੰ ਨੀਲੂ ਕਹਿਣ ਲੱਗੀ ਸੈਂ, ਬਸ ਏਹੋ ਠੀਕ ਹੈ। ਮੇਰੇ ਲਈ ਇਹ ਕੁਦਰਤੀ ਸੰਬੋਧਨ ਹੈ।"

"ਮੇਰੇ ਲਈ ਇਹ ਓਨਾ ਹੀ ਗ਼ੈਰ ਕੁਦਰਤੀ ਹੈ। ਸੁਮੀਤ ਜੀ ਕਿਵੇਂ ਸੰਬੋਧਨ ਹੁੰਦੇ ਹਨ ਤੁਹਾਨੂੰ ?"

"ਜਿਵੇਂ ਉਸ ਦਾ ਜੀਅ ਕਰੇ। ਕਦੇ ਮਾਂ, ਕਦੇ ਮਾਤਾ, ਕਦੇ ਨੀਲੂ, ਕਦੇ ਤੋਸ਼ੀ। ਕਾਨ੍ਹ ਵਾਸਤੇ ਯਸ਼ੋਧਾ ਸਭ ਕੁਝ ਹੈ, ਯਸ਼ੋਧਾ ਲਈ ਕਾਨ੍ਹ ਸਭ ਕੁਝ। ਮੇਰਾ ਅਤੇ ਉਸ ਦਾ ਰਿਸ਼ਤਾ ਮਮਤਾ

ਦਾ ਨਹੀਂ, ਪਿਆਰ ਦਾ ਹੈ; ਸੰਸਾਰਕ ਨਹੀਂ, ਅਲੌਕਿਕ ਹੈ; ਸਾਧਾਰਣ ਨਹੀਂ, ਆਦਰਸ਼ਕ ਹੈ।"

"ਮੈਂ ਯਸ਼ੋਧਾ ਦਾ ਕਾਨ੍ਹ ਨਹੀਂ ਹਾਂ।"

"ਗੰਗਾ ਵਿੱਚ ਪੈ ਕੇ ਸਭ ਨਦੀਆਂ ਨਾਲੇ ਗੰਗਾ ਹੋ ਜਾਂਦੇ ਹਨ ਪੁਸ਼ਪੇ।"

"ਅਤੇ ਕਿਨਾਰੇ ?"

"ਤੀਰਥ ਬਣ ਜਾਂਦੇ ਹਨ।" ਮੁਸਕਰਾ ਕੇ ਬਾਹਾਂ ਖਿਲਾਰਦਿਆਂ ਉਨ੍ਹਾਂ ਨੇ ਆਖਿਆ।

"ਅੱਜ ਤੁਸੀਂ ਬਹੁਤ ਖ਼ੁਸ਼ ਹੋ, ਨੀਲੂ ਜੀ।"

"ਤੀਰਥ ਯਾਤਰਾ ਖ਼ੁਸ਼ੀ ਦਾ ਕਾਰਨ ਹੁੰਦੀ ਹੈ।"

"ਤੁਹਾਨੂੰ ਕੋਈ ਵਰਦਾਨ ਮਿਲਿਆ ਲੱਗਦਾ ਹੈ; ਨਿਰੀ ਯਾਤਰਾ ਥਕਾ ਵੀ ਸਕਦੀ ਹੈ।"

"ਹਾਂ ਪੁਸ਼ਪੇਂਦ੍ਰ, ਅੱਜ ਦੇ ਦਿਨ ਮੇਰਾ ਸੁਮੀਤ ਮੈਨੂੰ ਵਰਦਾਨ ਦੇ ਰੂਪ ਵਿੱਚ ਮਿਲਿਆ ਸੀ। ਤਿੰਨ ਫ਼ਰਵਰੀ ਹੈ ਨਾ ਅੱਜ ?"

"ਜੀ ਹਾਂ, ਤਿੰਨ ਫ਼ਰਵਰੀ। ਕੀ ਮੈਂ ਜਾਣ ਸਕਦੀ ਹਾਂ ਕੀ ਹੋਇਆ ਸੀ, ਅੱਜ ਦੇ ਦਿਨ ?"

"ਅਸੀਂ ਡਾਕਟਰ ਗੁਰਬਖ਼ਸ਼ ਸਿੰਘ ਦੀ ਕਾਰ ਵਿੱਚ, ਅੰਮ੍ਰਿਤਸਰੋਂ ਪਿੰਡ ਵੱਲ ਆ ਰਹੇ ਸਾਂ। ਬਹੁਤ ਹੀ ਸਵੇਰੇ ਤੁਰ ਪਏ ਸਾਂ ਅਸੀਂ। ਕੋਈ ਜ਼ਰੂਰੀ ਕੰਮ ਸੀ ਗੁਰਬਖ਼ਸ਼ ਸਿੰਘ ਨੂੰ। ਮੈਨੂੰ ਯਾਦ ਨਹੀਂ ਕਿ ਕੀ ਕੰਮ ਸੀ; ਕਿਉਂਕਿ ਉਸ ਕੰਮ ਵੱਲ ਉਨ੍ਹਾਂ ਦਾ ਧਿਆਨ ਹੀ ਨਹੀਂ ਸੀ ਜਾ ਸਕਿਆ। ਉਸ ਨਾਲੋਂ ਜ਼ਰੂਰੀ ਕੰਮ ਨੇ ਉਨ੍ਹਾਂ ਨੂੰ ਪਕੜ ਲਿਆ ਸੀ। ਮੂੰਹ ਅਨ੍ਹੇਰਾ ਹੀ ਸੀ ਅਜੇ, ਜਦੋਂ ਸਾਡੀ ਕਾਰ ਵਟਾਲੇ ਤੋਂ ਚਾਰ ਪੰਜ ਮੀਲ ਦੀ ਵਿੱਥ ਉੱਤੇ ਸੀ। ਸਾਹਮਣੇ ਵੱਲ ਦੂਰ ਦੁਰਾਡੇ ਕਿਧਰੇ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਅੰਮ੍ਰਿਤ ਵੇਲੇ ਦੀ ਖ਼ਾਮੋਸ਼ੀ ਜਿਵੇਂ ਸਹਿਮ ਗਈ; ਉਸ ਦੇ ਨਾਲ ਅਸੀਂ ਵੀ। ਮੀਲ ਭਰ ਸਫ਼ਰ ਕੀਤਾ ਹੋਵੇਗਾ ਕਿ ਅੱਗੋਂ ਦੋ ਮੋਟਰ ਸਾਈਕਲਾਂ ਉੱਤੇ ਚਾਰ ਸਵਾਰ ਆਉਂਦੇ ਮਿਲੇ। ਬਹੁਤ ਤੇਜ਼ ਸਾਡੇ ਕੋਲੋਂ ਲੰਘ ਗਏ। ਸਾਡੇ ਸਹਿਮ ਵਿੱਚ ਹੋਰ ਵਾਧਾ ਹੋ ਗਿਆ। ਇਉਂ ਲੱਗਾ ਜਿਵੇਂ ਸਾਨੂੰ ਸਾਰੀ ਗੱਲ ਦੀ ਸਮਝ ਆ ਗਈ ਸੀ। ਮੀਲ ਡੇਢ ਮੀਲ ਹੋਰ ਅਗੇਰੇ ਗਏ ਤਾਂ ਵੇਖਿਆ ਕੁਝ ਆਦਮੀ ਸਾਡੀ ਕਾਰ ਨੂੰ ਰੋਕਣ ਦੇ ਇਰਾਦੇ ਨਾਲ ਬਾਹਾਂ ਹਿਲਾ ਰਹੇ ਸਨ। ਅਸੀਂ ਰੁਕ ਗਏ। ਉਹ ਲੋਕ ਅਵਾਕ ਉਦਾਸ, ਸਾਨੂੰ ਇੱਕ ਪਾਸੇ ਵਲ ਲੈ ਤੁਰੇ। ਕੋਈ ਨਾ ਬੋਲਿਆ; ਜਿਵੇਂ ਬੋਲਣ ਦੀ ਜਾਚ ਹੀ ਭੁੱਲ ਗਈ ਸੀ ਉਨ੍ਹਾਂ ਨੂੰ। ਉਨ੍ਹਾਂ ਨੇ ਸਾਨੂੰ ਮਨੁੱਖੀ ਲਾਸ਼ਾਂ ਦੇ ਲਾਗੇ ਲਿਆ ਖਲ੍ਹਾਰਿਆ। ਬੋਲਣ ਦੀ ਜਾਚ ਜਿਵੇਂ ਸਾਨੂੰ ਵੀ ਭੁੱਲ ਗਈ ਸੀ। ਪਰ ਡਾਕਟਰ ਹੋਣ ਕਰਕੇ ਸਾਡੇ ਹੱਥਾਂ ਨੂੰ ਪਤਾ ਸੀ ਕਿ ਕੀ ਕਰਨਾ ਚਾਹੀਦਾ ਹੈ। ਅਸਾਂ ਤਿੰਨਾਂ ਨੇ ਸਾਰੇ ਸਰੀਰਾਂ ਦੀ ਜਾਂਚ ਕੀਤੀ। ਚੌਦਾਂ ਕੁ ਸਾਲ ਦੇ ਇੱਕ ਬੱਚੇ ਦੀ ਛਾਤੀ ਵਿਚਲੇ ਦਿਲ ਦੀ ਮੱਧਮ ਹੁੰਦੀ ਜਾ ਰਹੀ ਧੜਕਣ ਮਹਿਸੂਸ ਕਰ ਕੇ ਮੇਰੀ ਚੀਕ ਨਿਕਲ ਗਈ, 'ਸੁਮੀਤ।' ਉਸ ਬੱਚੇ ਨੇ ਅੱਖਾਂ ਖੋਲ੍ਹੀਆਂ ਅਤੇ ਮੁੜ ਬੰਦ ਨਾ ਕਰ ਸਕਿਆ। ਸੁਮੀਤ ਮੇਰੀ ਆਵਾਜ਼ ਸੁਣ ਕੇ ਮੇਰੇ ਕੋਲ ਆ ਗਿਆ ਅਤੇ ਗੁਰਬਖ਼ਸ਼ ਸਿੰਘ ਵੀ। ਅਸਾਂ ਸਾਰਿਆਂ ਜਾਣ ਲਿਆ ਕਿ ਉਹ ਜੀਵਿਤ ਸੀ; ਪਰ ਲਹੂ ਦੀ ਘਾਟ ਹੋ ਜਾਣ ਕਰ ਕੇ ਉਸ ਦੀਆਂ ਪਲਕਾਂ ਰੁਕ ਗਈਆਂ ਸਨ। ਅਸਾਂ ਲੋੜੀਂਦੀ ਕਾਰਵਾਈ ਕਰਨ ਪਿੱਛੋਂ ਉਸ ਨੂੰ ਕਾਰ ਵਿੱਚ ਪਾਇਆ ਅਤੇ ਕਿਸੇ ਨੂੰ ਬਿਨਾਂ ਕੁਝ ਦੱਸੇ ਪੁੱਛੇ ਆਪਣੇ ਰਾਹੇ ਪੈ ਗਏ। ਮੈਂ ਅਤੇ ਸੁਮੀਤ ਉਸ ਦਾ ਲਹੂ ਵਗਣੋਂ ਰੋਕਣ ਦਾ ਜਤਨ ਕਰਦੇ ਰਹੇ ਅਤੇ ਗੁਰਬਖ਼ਸ਼ ਸਿੰਘ ਕਾਰ ਚਲਾਈ ਗਏ। ਉਸ ਬੱਚੇ ਦੀ ਜ਼ਿੰਦਗੀ ਸਾਡੇ ਹੱਥਾਂ ਵਿੱਚ ਸੀ ਅਤੇ ਸਾਡੇ ਪੇਸ਼ੇ ਦੀ ਲਾਜ ਉਸ ਦੀ ਜ਼ਿੰਦਗੀ ਉੱਤੇ ਨਿਰਭਰ ਕਰਨ ਲੱਗ ਪਈ ਸੀ। ਤਿੰਨ ਡਾਕਟਰਾਂ ਦੀ ਮੌਜੂਦਗੀ ਵਿੱਚ ਇੱਕ ਜੀਵਨ ਹੌਲੀ ਹੌਲੀ ਮੌਤ ਦੇ ਸੁੰਨਸਾਨ ਹਨੇਰਿਆਂ ਵੱਲ ਸਰਕਦਾ ਜਾ ਰਿਹਾ ਸੀ।"

"ਘਰ ਪੁੱਜ ਕੇ ਅਸਾਂ ਉਸ ਬੱਚੇ ਨੂੰ ਇਸ ਕਮਰੇ ਵਿੱਚ ਲੈ ਆਂਦਾ, ਜਿਸ ਨੂੰ ਹੁਣ ਮੁਕੰਮਲ ਤੌਰ ਉੱਤੇ ਆਪ੍ਰੇਸ਼ਨ ਥਿਏਟਰ ਬਣਾ ਲਿਆ ਗਿਆ ਹੈ। ਉਸ ਸਮੇਂ ਇਉਂ ਨਹੀਂ ਸੀ। ਤਾਂ ਵੀ ਕੁਝ ਲੋੜੀਂਦੀਆਂ ਸਹੂਲਤਾਂ ਮੌਜੂਦ ਸਨ। ਉਸ ਦਾ ਬਲੱਡ ਗਰੁੱਪ ਪਤਾ ਕੀਤਾ, ਓ ਮਾਈਨਸ, ਮੇਰਾ ਗਰੁੱਪ ਸੀ। ਸ਼ੁਕਰ ਕੀਤਾ ਕਿ ਇੱਕ ਵੱਡੀ ਲੋੜ ਸਹਿਜੇ ਹੀ ਪੂਰੀ ਹੋ ਗਈ। ਇੱਕ ਗੋਲੀ ਉਸ ਦੀ ਬਾਂਹ ਵਿੱਚੋਂ ਪਾਰ ਹੋ ਗਈ ਸੀ ਅਤੇ ਵੱਡਾ ਜ਼ਖ਼ਮ ਕਰ ਗਈ ਸੀ; ਦੂਜੀ ਉਸ ਦੇ ਮੋਢੇ ਦੀ ਹੱਡੀ ਵਿੱਚ ਅਟਕ ਗਈ ਸੀ। ਗੋਲੀ ਕੱਢ ਕੇ ਉਸ ਦੇ ਜ਼ਖ਼ਮਾਂ ਦੀ ਪੱਟੀ ਕਰ ਦਿੱਤੀ ਗਈ। ਗੁਰਦਾਸਪੁਰੋਂ ਲੋੜੀਂਦਾ ਡਾਕਟਰੀ ਸਾਮਾਨ ਛੇਤੀ ਛੇਤੀ ਖ਼ਰੀਦ ਲਿਆ ਜਾਣ ਕਰਕੇ ਇਉਂ ਲੱਗਣ ਲੱਗਾ ਪਿਆ ਸੀ ਕਿ ਉਹ ਕਿਸੇ ਘਰ ਦੇ ਕਮਰੇ ਵਿੱਚ ਨਹੀਂ ਪਿਆ ਹੋਇਆ, ਸਗੋਂ ਕਿਸੇ ਚੰਗੇ ਹਸਪਤਾਲ ਦੇ ਇੱਕ ਪ੍ਰਾਈਵੇਟ ਕਮਰੇ ਵਿੱਚ ਵਧੀਆ ਡਾਕਟਰੀ ਸਹੂਲਤਾਂ ਅਤੇ ਸੁਸਿੱਖਿਅਤ ਡਾਕਟਰਾਂ ਦੀ ਨਿਗਰਾਨੀ ਵਿੱਚ ਰੱਖਿਆ ਗਿਆ ਸੀ। ਠੀਕ ਦੋ ਦਿਨਾਂ ਪਿੱਛੋਂ ਉਸ ਨੇ ਅੱਖਾਂ ਖੋਲ੍ਹੀਆਂ। ਮੈਂ ਉਸ ਦੇ ਕੋਲ ਬੈਠੀ ਸਾਂ। ਉਸ ਨੇ ਮੇਰੇ ਵੱਲ, ਓਪਰੀ ਜਿਹੀ ਝਾਤੀ ਪਾਈ। ਕੁਝ ਕਹਿਣ ਦਾ ਜਤਨ ਕੀਤਾ; ਪਰ ਉਸ ਕੋਲੋਂ ਬੋਲਿਆ ਨਾ ਗਿਆ। ਇੱਕ ਵੇਰ ਅੱਖਾਂ ਬੰਦ ਕਰ ਕੇ ਮੁੜ ਖੋਲ੍ਹੀਆਂ। ਇਸ ਵੇਰ ਉਸ ਦੀਆਂ ਅੱਖਾਂ ਦੀ ਚਮਕ ਇਹ ਦੱਸ ਰਹੀ ਸੀ ਕਿ ਜੀਵਨ-ਜੋਤੀ ਵਾਧੇ ਉੱਤੇ ਹੈ। ਉਸ ਨੇ ਮੈਨੂੰ ਪਛਾਣਨ ਦਾ ਜਤਨ ਕੀਤਾ; ਪਰ ਨਿਰਾਸ਼ ਹੋ ਕੇ ਅੱਖਾਂ ਪਰੇ ਕਰ ਲਈਆਂ। ਉਸ ਦੀ ਨਜ਼ਰ ਹੌਲੀ ਹੌਲੀ ਕਮਰੇ ਦੀਆਂ ਕੰਧਾਂ ਉੱਤੇ ਫਿਰਨ ਲੱਗ ਪਈ। ਸਭ ਕੁਝ ਬੇ-ਪਛਾਣ ਸੀ—ਓਪਰਾ ਸੀ; ਪਰ ਇਸ ਓਪਰੇਪਨ ਨੇ ਉਸ ਨੂੰ ਦੁਖੀ ਨਹੀਂ ਸੀ ਕੀਤਾ। ਉਸ ਨੇ ਇੱਕ ਵੇਰ ਫਿਰ ਮੇਰੇ ਵੱਲ ਵੇਖਿਆ, ਮੈਨੂੰ ਬਹੁਤ ਖ਼ੁਸ਼ੀ ਹੋਈ। ਮੈਂ ਹੌਲੀ ਨਾਲ ਆਖਿਆ, "ਮੇਰਾ ਬੀਬਾ ਬੇਟਾ" ਅਤੇ ਆਪਣਾ ਹੱਥ ਉਸ ਦੇ ਮੱਥੇ ਉੱਤੇ ਰੱਖ ਦਿੱਤਾ। ਉਹ ਨਿੰਮ੍ਹਾ ਜਿਹਾ ਮੁਸਕਰਾਇਆ। ਮੇਰੀ ਖ਼ੁਸ਼ੀ ਮੇਰੇ ਕੋਲੋਂ ਸੰਭਾਲੀ ਨਾ ਗਈ। ਮੈਂ ਸੁਮੀਤ ਨੂੰ ਆਵਾਜ਼ ਦੇ ਕੇ ਆਪਣੀ ਖ਼ੁਸ਼ੀ ਦਾ ਹਿੱਸੇਦਾਰ ਬਣਾਉਣ ਲਈ ਬੁਲਾਇਆ। ਸੁਮੀਤ ਅੰਦਰ ਆਇਆ। ਬੱਚੇ ਨੇ ਉਸ ਵੱਲ ਵੇਖਿਆ, ਧਿਆਨ ਨਾਲ ਵੇਖਿਆ। ਉਸ ਦੀਆਂ ਅੱਖਾਂ ਏਧਰ ਓਧਰ ਉਲਟਣ-ਪਰਤਣ ਲੱਗ ਪਈਆਂ, ਲੱਤਾਂ ਬਾਹਾਂ ਨੂੰ ਇੱਕ ਦੋ ਝਟਕੇ ਲੱਗੇ, ਇੱਕ ਭਿਆਨਕ ਚੀਕ ਨਿਕਲੀ ਅਤੇ ਉਹ ਮੁੜ ਬੇਹੋਸ਼ ਹੋ ਗਿਆ।

"ਸਾਨੂੰ ਦੋਹਾਂ ਨੂੰ ਹੱਥੇ ਪੱਥੇ ਪੈ ਗਏ। ਕੁਝ ਨਾ ਕੀਤਾ ਜਾ ਸਕਿਆ। ਹੁਣ ਤਕ ਉਹ ਸਾਰਾ ਕੁਝ ਘਰ ਵਿੱਚ ਲਿਆਂਦਾ ਜਾ ਚੁੱਕਾ ਸੀ ਜੋ ਕਿਸੇ ਵੀ ਹਸਪਤਾਲ ਵਿੱਚ ਕਿਸੇ ਮਰੀਜ਼ ਦੀ ਸਮੁੱਚੀ ਸਰੀਰਕ ਹਾਲਤ ਦਾ ਹਿਸਾਬ ਕਿਤਾਬ ਰੱਖਣ ਲਈ ਲੋੜੀਂਦਾ ਸੀ। ਮਸ਼ੀਨਾਂ ਕਹਿ ਰਹੀਆਂ ਸਨ ਕਿ ਮਰੀਜ਼ ਦੀ ਹਾਲਤ ਸਥਿਰ ਹੈ। ਇਸ ਲਈ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਛੱਡ ਕੇ ਸੁਮੀਤ ਆਪਣੀ ਡਿਊਟੀ ਉੱਤੇ ਅਮ੍ਰਿਤਸਰ ਚਲਾ ਗਿਆ। ਅਗਲੇ ਦਿਨ ਉਸ ਨੂੰ ਫਿਰ ਹੋਸ਼ ਆਈ। ਉਹ ਪਹਿਲਾਂ ਨਾਲੋਂ ਵਧੇਰੇ ਤੰਦਰੁਸਤ ਲੱਗਦਾ ਸੀ। ਅੰਕਲ ਜੀ ਪਤਾ ਕਰਨ ਆਏ। ਉਨ੍ਹਾਂ ਨੂੰ ਵੇਖ ਕੇ ਉਹ ਡੌਰ ਭੌਰ ਹੋ ਗਿਆ। ਮੈਂ ਛੇਤੀ ਨਾਲ ਉਸ ਕੋਲ ਗਈ। ਉਹ ਮੇਰੇ ਨਾਲ ਚਿਮਟ ਗਿਆ। ਸਾਰਾ ਸਰੀਰ ਥਰ ਥਰ ਕੰਬ ਰਿਹਾ ਸੀ ਉਸ ਦਾ। ਅੰਕਲ ਜੀ ਜਿੰਨਾ ਚਿਰ ਸਾਡੇ ਕੋਲ ਰਹੇ ਉਹ ਅਤਿਅੰਤ ਭੈ-ਭੀਤ ਰਿਹਾ। ਉਨ੍ਹਾਂ ਦੇ ਜਾਣ ਪਿੱਛੋਂ ਉਸ ਦੀ ਹਾਲਤ ਸੁਧਰਦੀ ਗਈ।"

"ਪੰਦਰਾਂ ਕੁ ਦਿਨਾਂ ਪਿੱਛੋਂ ਜਦੋਂ ਸੁਮੀਤ ਘਰ ਆਇਆ, ਉਦੋਂ ਉਹ ਉੱਠ ਕੇ ਤੁਰਨ ਫਿਰਨ ਜੋਗਾ ਹੋ ਗਿਆ ਸੀ। ਸੁਮੀਤ ਨੂੰ ਵੇਖ ਕੇ ਉਹ ਬਹੁਤ ਡਰਿਆ। ਉਸ ਦੀ ਹਾਜ਼ਰੀ ਵਿੱਚ ਉਹ ਮੇਰੇ ਨਾਲ ਚੰਬੜਿਆ ਰਹਿਣਾ ਪਸੰਦ ਕਰਦਾ ਸੀ। ਉਸ ਦੇ ਘਰੋਂ ਚਲੇ ਜਾਣ ਉੱਤੇ

ਕੁਝ ਨਾਰਮਲ ਜਿਹਾ ਹੋ ਜਾਂਦਾ ਸੀ। ਅੰਕਲ ਜੀ ਦੇ ਆਉਣ ਨਾਲ ਵੀ ਉਸ ਦੀ ਹਾਲਤ ਖ਼ਰਾਬ ਹੋ ਜਾਂਦੀ ਸੀ। ਸੁੱਖ ਸਾਂਦ ਪੁੱਛਣ ਆਏ ਹਰ ਆਦਮੀ ਨੂੰ ਵੇਖ ਕੇ ਉਹ ਡਰ ਜਾਂਦਾ ਸੀ। ਇਸਤਰੀਆਂ ਕੋਲੋਂ ਉਸ ਨੂੰ ਡਰ ਨਹੀਂ ਸੀ ਲੱਗਦਾ। ਹੌਲੀ ਹੌਲੀ ਅਸੀਂ ਉਸ ਦੇ ਡਰ ਦਾ ਭੇਤ ਸਮਝ ਗਏ। ਮੈਂ ਕੰਮ ਤੋਂ ਛੁੱਟੀ ਲੈ ਕੇ ਉਸ ਦੀ ਸੰਭਾਲ ਕਰਨ ਲੱਗ ਪਈ ਅਤੇ ਸੁਮੀਤ ਉਸ ਤੋਂ ਦੂਰ ਰਹਿਣ ਲੱਗ ਪਿਆ।"

"ਉਹ ਬਿਲਕੁਲ ਠੀਕ ਹੋ ਗਿਆ। ਉਸ ਨੇ ਆਪਣੇ ਮਾਤਾ-ਪਿਤਾ ਅਤੇ ਭੈਣ ਬਾਰੇ ਮੈਨੂੰ ਦੱਸਿਆ, ਆਪਣੇ ਘਰ ਬਾਰੇ ਦੱਸਿਆ, ਘਰ ਦੀ ਚੱਠ ਬਾਰੇ ਦੱਸਿਆ, ਬੱਸ ਦੇ ਸਫ਼ਰ ਬਾਰੇ, ਗੋਲੀਆਂ ਚੱਲਣ ਬਾਰੇ ਅਤੇ ਆਪਣੇ ਪਰਿਵਾਰ ਦੇ ਮਾਰੇ ਜਾਣ ਬਾਰੇ ਦੱਸਿਆ। ਉਹ ਡਡਿਆ ਕੇ ਮੇਰੇ ਗਲ ਲੱਗ ਗਿਆ; ਬਹੁਤ ਰੋਇਆ, ਰੋਈ ਗਿਆ ਅਤੇ ਰੋਂਦਾ ਰੋਂਦਾ ਮੇਰੇ ਮੋਢੇ ਲੱਗ ਕੇ ਸੌਂ ਗਿਆ। ਉਸ ਦਿਨ ਮੇਰੇ ਸੁਮੀਤ ਨੂੰ ਇਸ ਘਰ ਵਿੱਚ ਆਇਆਂ ਸਵਾ ਮਹੀਨਾ ਹੋ ਚੁੱਕਾ ਸੀ। ਇਹ ਹੈ ਸੁਮੀਤ ਦੇ ਜਨਮ ਦੀ ਕਥਾ। ਇਹ ਦੁਖਦਾਇਕ ਹੈ, ਕਿਉਂ ਜੁ ਇਸ ਵਿੱਚ ਪ੍ਰਸੂਤ ਪੀੜਾ ਹੈ; ਇਹ ਸੁਖਦਾਇਕ ਹੈ ਕਿਉਂਜੁ ਉਹ ਸੁਮੀਤ ਦੇ ਆਗਮਨ ਦੀ ਕਥਾ ਹੈ। ਪ੍ਰਸੂਤ ਪੀੜਾ ਕਿਸੇ ਮਾਂ ਨੇ ਕਦੇ ਯਾਦ ਨਹੀਂ ਰੱਖੀ, ਪੁੱਤ੍ਰ-ਪ੍ਰਾਪਤੀ ਦੀਆਂ ਵਧਾਈਆਂ ਸਦਾ ਹੀ ਉਸ ਦੀ ਮਮਤਾ ਦਾ ਮੂੰਹ ਰੁਸ਼ਨਾਈ ਰੱਖਦੀਆਂ ਹਨ। ਅੱਜ ਦੇ ਦਿਨ, ਇੱਕ ਵਰਦਾਨ ਦੇ ਰੂਪ ਵਿੱਚ ਸੁਮੀਤ ਮੈਨੂੰ ਮਿਲਿਆ ਸੀ; ਅੱਜ ਦੇ ਦਿਨ ਮੈਂ ਬਹੁਤ ਖ਼ੁਸ਼ ਹਾਂ। ਤਿੰਨ ਫ਼ਰਵਰੀ ਹੈ ਨਾ ਅੱਜ?"

ਲੌਢੇ ਵੇਲੇ ਅੰਕਲ ਜੀ ਅਤੇ ਸੁਮੀਤ ਦੇ ਆ ਜਾਣ ਉੱਤੇ ਮਾਂ-ਪੁੱਤ੍ਰ ਦੋਹਾਂ ਨੂੰ ਅਨੰਦ ਮਹਾਂ ਸਾਗਰ ਦੀਆਂ ਤਾਰੀਆਂ ਲਾਉਂਦੇ ਛੱਡ ਕੇ ਅਸੀਂ (ਅੰਕਲ ਜੀ ਅਤੇ ਮੈਂ) ਜਾਪੂਵਾਲੋਂ ਆ ਗਏ। ਮੈਂ ਸੋਚ ਰਹੀ ਸਾਂ ਕਿੰਨੀ ਵਿਚਿਤ੍ਰ ਹੈ ਨੀਲੂ ਜੀ ਦੀ ਇਹ ਖ਼ੁਸ਼ੀ। ਕਿੰਨੀ ਵੱਡੀ ਉਦਾਸੀ ਵਿੱਚੋਂ ਜਨਮ ਲਿਆ ਹੈ ਇਸ ਅਨੰਦ ਨੇ। ਸੁਮੀਤ ਨਾਂ ਦੇ ਜਿਸ ਪੇੜ ਦੀ ਛਾਵੇਂ ਬੈਠੇ ਇਹ ਸੁਖ ਦਾ ਸੁਪਨਾ ਵੇਖ ਰਹੇ ਹਨ, ਉਸ ਦੀ ਜੜ੍ਹ ਵਿੱਚ ਕਿੰਨੀਆਂ ਪੀੜਾਂ ਹਨ। ਹਰ ਪੀੜ ਕਿਸੇ ਸੁਖ ਨੂੰ ਜਨਮ ਦੇ ਰਹੀ ਹੈ ਅਤੇ ਹਰ ਖ਼ੁਸ਼ੀ ਕਿਸੇ ਉਦਾਸੀ ਵੱਲ ਤੁਰੀ ਜਾ ਰਹੀ ਹੈ। ਇਸ ਬਦਲਦੇ ਜਗਤ ਨੂੰ ਹੇਰਾਕਲੀਟੱਸ ਨੇ ਅੱਗ ਦੀ ਖੇਡ ਦੇ ਰੂਪ ਵਿੱਚ ਵੇਖਿਆ ਸੀ। ਉਹ ਕਿਧਰੇ ਠੀਕ ਹੀ ਤਾਂ ਨਹੀਂ, ਸਨੇਹਾ! ਕਿੰਨਾ ਸੱਚ ਹੈ ਉਸ ਦੇ ਕਥਨ ਵਿੱਚ ਕਿ—'ਸਭ ਅਮਰ ਹਨ ਅਤੇ ਸਾਰੇ ਨਾਸ਼ਵਾਨ ਹਨ। ਹਰ ਮੌਤ ਵਿੱਚੋਂ ਜੀਵਨ ਉਪਜ ਰਿਹਾ ਹੈ ਅਤੇ ਹਰ ਜੀਵਨ ਕਿਸੇ ਦੀ ਮੌਤ ਹੈ। ਇਸ ਸੰਸਾਰ ਵਿੱਚ ਸਥਿਰ ਕੁਝ ਨਹੀਂ, ਸਭ ਕੁਝ ਬਦਲ ਰਿਹਾ ਹੈ। ਕੇਵਲ ਤਬਦੀਲੀ ਹੀ ਸਦੀਵੀ ਹੈ।'

ਸਨੇਹਾ, ਸੰਸਾਰ ਦਾ ਸਾਰਾ ਇਤਿਹਾਸ ਹੇਰਾਕਲੀਟੱਸ ਦੇ ਹੱਕ ਵਿੱਚ ਗਵਾਹੀ ਦੇ ਰਿਹਾ ਹੈ। ਹਜ਼ਾਰਾਂ ਸਾਲਾਂ ਤੋਂ ਮਨੁੱਖਤਾ ਅੱਗ ਦੀ ਖੇਡ ਖੇਡਦੀ ਆ ਰਹੀ ਹੈ। ਕਿਉਂ ਬੰਨ੍ਹਦਾ ਹੈ ਵੱਡੇ ਵੱਡੇ ਬਾਨ੍ਹਣੂੰ ਇਹ ਮਜਬੂਰ ਜਿਹਾ ਮਨੁੱਖ, ਜੇ ਕੁਝ ਵੀ ਸਥਿਰ ਨਹੀਂ ਇਸ ਦੁਨੀਆ ਵਿੱਚ? ਜੇ ਸਥਿਰਤਾ ਕਿਧਰੇ ਹੈ ਹੀ ਨਹੀਂ ਤਾਂ ਕਿਉਂ ਨਹੀਂ ਨਿਰਯਤਨ ਹੋ ਕੇ ਬੈਠ ਜਾਂਦੇ ਪਸ਼ੂ, ਪੰਛੀ ਮਨੁੱਖ ਅਤੇ ਹੋਰ ਸਾਰੇ ਜੀਵ ਜੰਤੂ? ਜੇ ਹਰ ਜਤਨ ਨੇ ਕਿਸੇ ਨਾਕਾਮੀ ਵਿੱਚ ਲੀਨ ਹੋ ਜਾਣਾ ਹੈ ਤਾਂ ਕਿਉਂ ਸੁਹਣੇ ਲੱਗਦੇ ਹਨ ਨਾਕਾਮੀਆਂ ਦੀ ਸੇਧੇ ਤੁਰੇ ਜਾਂਦੇ ਸੁਮੀਤ, ਨੀਲੂ ਅਤੇ ਕੇਵਲ ਵਰਗੇ ਲੋਕ? ਅਨੇਕ ਪ੍ਰਸ਼ਨ ਉੱਠ ਰਹੇ ਸਨ ਮੇਰੇ ਮਨ ਵਿੱਚ। ਜਦੋਂ ਮੈਂ ਘਰ ਪੁੱਜ ਕੇ ਬੀ ਜੀ ਦੇ ਪ੍ਰਸ਼ਨਾਂ ਦੇ ਉੱਤਰ ਲੱਭਣ ਦਾ ਜਤਨ ਕਰਨ ਲੱਗੀ, ਤਾਂ ਹੀ ਇਨ੍ਹਾਂ ਪ੍ਰਸ਼ਨਾਂ ਨੇ ਮੇਰਾ ਪਿੱਛਾ ਛੱਡਿਆ।

ਤੇਰੀ,
ਪੁਸ਼ਪੇਂਦ੍ਰ।

# 21

ਈਸਟ ਹੈਮ,
14.2.96.

ਪੁਸ਼ਪੇਂਦ੍ਰ,

ਪੱਤ੍ਰ ਆਰੰਭ ਕਰਨ ਤੋਂ ਪਹਿਲਾਂ ਤੇਰੀ ਵੱਡੀ ਮੂਰਖ਼ਤਾ ਬਾਰੇ ਇੱਕ ਨਿੱਕਾ ਜਿਹਾ ਗਿਲਾ ਕਰਨ ਲੱਗੀ ਹਾਂ। ਤੂੰ ਅਜਿਹੇ ਲੋਕਾਂ ਦੇ ਸੰਪਰਕ ਵਿੱਚ ਹੈਂ, ਜਿਨ੍ਹਾਂ ਨੂੰ ਕੱਲਰ ਵਿੱਚ ਕੰਵਲ ਆਖਿਆ ਜਾ ਸਕਦਾ ਹੈ। ਉਹ ਲੋਕ ਆਪਣੇ ਆਲੇ-ਦੁਆਲੇ ਦੇ ਜੀਵਨ ਵਿੱਚ ਸੁਖ ਅਤੇ ਸੁੰਦਰਤਾ ਦੇ ਸੰਚਾਰ ਦਾ ਸੁਪਨਾ ਵੇਖਦੇ ਹੀ ਨਹੀਂ, ਸਗੋਂ ਸਾਕਾਰ ਕਰਨ ਦੇ ਜਤਨ ਵੀ ਕਰਦੇ ਹਨ। ਇਨ੍ਹਾਂ ਲੋਕਾਂ ਦੇ ਜਤਨਾਂ ਵਿੱਚ ਇੱਕ ਅਜੇਹਾ ਆਦਮੀ ਸ਼ਾਮਲ ਹੈ ਜਿਹੜਾ ਏਥੇ ਲੰਡਨ ਵਿੱਚ ਰਹਿੰਦਾ ਹੈ ਅਤੇ ਪ੍ਰੋਫ਼ੈਸਰ ਅੰਕਲ ਦਾ ਮਿੱਤ੍ਰ ਹੈ। ਆਂਟੀ ਨੇ ਤੇਰੇ ਨਾਲ ਉਸ ਆਦਮੀ ਦਾ ਜ਼ਿਕਰ ਵੀ ਕੀਤਾ; ਪਰ ਤੂੰ ਉਨ੍ਹਾਂ ਕੋਲੋਂ ਉਸ ਦਾ ਪਤਾ ਟਿਕਾਣਾ ਪੁੱਛ ਕੇ ਮੈਨੂੰ ਦੱਸਣ ਦੀ ਸਿਆਣਪ ਨਾ ਕਰ ਸਕੀ। ਸ਼ਾਇਦ ਤੂੰ ਕਹਿਣਾ ਚਾਹੁੰਦੀ ਹੈਂ ਕਿ ਤੂੰ ਉਸ ਸਮੇਂ ਕਿਸੇ ਦੂਜੀ ਦੁਨੀਆ ਵਿੱਚ ਗੁਆਚੀ ਹੋਈ ਹੋਣ ਕਰਕੇ ਇਸ ਦੁਨੀਆ ਵੱਲੋਂ ਬੇ-ਖ਼ਬਰ ਸੈਂ।

ਚੱਲ ਇਵੇਂ ਹੀ ਸਹੀ। ਇਸ ਪੱਤ੍ਰ ਦੇ ਮਿਲਨ ਤਕ ਇਸ ਦੁਨੀਆ ਵਿੱਚ (ਜੇ) ਪਰਤ ਆਈ ਹੋਵੇਂ ਤਾਂ ਉਸ ਦਾ ਪਤਾ ਮੈਨੂੰ ਲਿਖੀਂ। ਸ਼ਾਇਦ ਤੂੰ ਜਾਣ ਨਹੀਂ ਸਕਦੀ ਕਿ ਕਿੰਨੀ ਤੀਬਰਤਾ ਹੈ ਮੇਰੇ ਮਨ ਵਿੱਚ, ਉਸ ਸੁਹਣੇ ਮਨੁੱਖ ਨੂੰ ਵੇਖਣ ਦੀ।

ਪਿਛਲੇ ਐਤਵਾਰ ਕਮਲ ਤੋਂ ਸਿਵਾ ਬਾਕੀ ਸਭ ਹਾਜ਼ਰ ਹੋਏ ਸਨ। ਇੱਕ ਮੀਟਿੰਗ ਵਿੱਚੋਂ ਗ਼ੈਰ-ਹਾਜ਼ਰ ਹੋ ਗਏ ਹੋਣ ਕਰਕੇ ਜਿਵੇਂ ਕੋਈ ਕਾਹਲ ਜਿਹੀ ਸੀ ਮਨਾਂ ਵਿੱਚ। ਬਿਨਾਂ ਏਧਰ ਓਧਰ ਦੀਆਂ ਗੱਲਾਂ ਕੀਤੇ, ਪਾਪਾ ਦੇ ਮਿੱਤ੍ਰ ਨੇ ਆਖਣਾ ਆਰੰਭ ਕੀਤਾ, "ਵੀਰ ਜੀ, ਇਸ ਤੋਂ ਪਹਿਲੀ ਬੈਠਕ ਵਿੱਚ ਹਾਜ਼ਰ ਨਾ ਹੋ ਸਕਣ ਨਾਲ ਕਾਫ਼ੀ ਨੁਕਸਾਨ ਹੋ ਜਾਣਾ ਸੀ, ਜੇ ਬੇਟੇ ਨੇ ਸਿਆਣਪ ਨਾ ਕੀਤੀ ਹੁੰਦੀ ਤਾਂ।"

"ਉਹ ਕਿਹੜੀ ਸਿਆਣਪ ਹੋ ਗਈ, ਬਈ ?"

"ਦੀਦੀ ਨੇ ਪਿਛਲੀ ਬੈਠਕ ਵਿੱਚ ਹੋਈ ਵਿਚਾਰ ਦੀਆਂ ਕਾਪੀਆਂ ਕਰ ਕੇ ਸਾਨੂੰ ਸਾਰਿਆਂ ਨੂੰ ਭੇਜ ਦਿੱਤੀਆਂ ਸਨ। ਅਸਾਂ ਸਾਰੀ ਵਿਚਾਰ ਧਿਆਨ ਨਾਲ ਪੜ੍ਹੀ ਹੈ। ਸੱਚ ਇਹ ਹੈ ਕਿ ਮੀਟਿੰਗ ਵਿੱਚ ਹਾਜ਼ਰ ਨਾ ਹੋਣ ਦਾ ਕੁਝ ਲਾਭ ਹੀ ਹੋਇਆ ਹੈ। ਗੰਭੀਰ ਵਿਚਾਰ ਨੂੰ ਸੁਣਨਾ ਹੋਰ ਗੱਲ ਹੈ ਅਤੇ ਪੜ੍ਹਨਾ ਹੋਰ। ਪੜ੍ਹਨ ਵਿੱਚ ਇਕਾਗਰਤਾ ਜ਼ਿਆਦਾ ਹੋਣ ਕਰਕੇ ਸਮਝ ਵੀ ਜ਼ਿਆਦਾ ਆਉਂਦੀ ਹੈ ਅਤੇ ਆਨੰਦ ਦੀ ਪ੍ਰਾਪਤੀ ਵੀ ਵੱਧ ਹੁੰਦੀ ਹੈ। ਦੀਦੀ ਨੇ ਇਹ ਵੀ ਚੰਗਾ ਕੀਤਾ ਜੋ ਪੁਸ਼ਪੇਂਦ੍ਰ ਦੇ ਪੱਤ੍ਰ ਦੀਆਂ ਕਾਪੀਆਂ ਵੀ ਸਾਨੂੰ ਘੱਲ ਦਿੱਤੀਆਂ। ਪਾਪਾ, ਜੇ ਆਗਿਆ ਹੋਵੇ ਤਾਂ ਮੈਂ ਇੱਕ ਪ੍ਰਸ਼ਨ ਪੁੱਛਾਂ ?"

"ਪੁੱਛੋ, ਪਰ ਮੈਨੂੰ ਉੱਤਰ ਦੇਣ ਦੀ ਆਗਿਆ ਪਹਿਲਾਂ ਦੇ ਲਵੋ, ਬੇਟਾ।"

"ਸੌਰੀ ਪਾਪਾ; ਮੇਰਾ ਪ੍ਰਸ਼ਨ ਇਹ ਹੈ ਕਿ ਹੇਰਾਕਲੀਟੱਸ ਦਾ ਤਬਦੀਲੀ ਦਾ ਸਿਧਾਂਤ ਪੜ੍ਹ ਕੇ ਮੇਰੇ ਮਨ ਨੇ ਵੀ ਉਹੋ ਪ੍ਰਭਾਵ ਗ੍ਰਹਿਣ ਕੀਤਾ ਹੈ ਜਿਹੜਾ ਪੁਸ਼ਪੇਂਦ੍ਰ ਨੇ ਕੀਤਾ ਹੈ। ਦੂਜੇ ਪਾਸੇ ਨੀਲੂ ਜੀ ਦਾ ਮਨ ਹੈ, ਜਿਹੜਾ ਇਸ ਬਦਲਦੇ ਬਿਨਸਦੇ ਜਗਤ ਦੀਆਂ ਕੌੜੀਆਂ ਅਸਲੀਅਤਾਂ ਨੂੰ ਸਾਡੇ ਨਾਲੋਂ ਵੱਖਰੇ ਢੰਗ ਨਾਲ ਵੇਖਦਾ ਹੈ ਅਤੇ ਵੱਖਰੇ ਪ੍ਰਭਾਵ ਗ੍ਰਹਿਣ ਕਰਦਾ ਹੈ। ਪੁਸ਼ਪੇਂਦ੍ਰ ਦੁਆਰਾ ਪੁੱਛੇ ਗਏ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਵੀ ਕਦੇ ਨੀਲੂ ਜੀ ਦੇ ਸਨਮੁਖ ਹੋਣ ਦੀ ਦਲੇਰੀ ਨਹੀਂ ਕਰਦਾ। ਕਿਉਂ ?"

"ਬੇਟਾ ਜੀ, ਤੁਹਾਡੇ ਪ੍ਰਸ਼ਨ ਦਾ ਉੱਤਰ ਸਾਰੇ ਰਲ ਮਿਲ ਕੇ ਲੱਭਾਂਗੇ; ਪਰ ਉਸ ਤੋਂ ਪਹਿਲਾਂ ਇੱਕ ਹੋਰ ਗੱਲ ਕਰ ਲੈਣੀ ਚਾਹੁੰਦਾ ਹਾਂ। ਤੁਸਾਂ ਆਪਣੀ ਗੱਲ-ਬਾਤ ਵਿੱਚ 'ਸਮਝ' ਅਤੇ 'ਆਨੰਦ' ਦਾ ਜ਼ਿਕਰ ਕੀਤਾ ਹੈ। ਉਸ ਸੰਬੰਧ ਵਿੱਚ ਆਖਣਾ ਚਾਹੁੰਦਾ ਹਾਂ ਕਿ ਗੰਭੀਰ ਵਿਚਾਰ ਦੇ ਸੰਬੰਧ ਵਿੱਚ 'ਸਮਝ' ਅਤੇ 'ਆਨੰਦ' ਦੋ ਵੱਖ ਵੱਖ ਵਸਤੂਆਂ ਨਹੀਂ ਹਨ। ਇਸ ਲਈ ਇਹ ਕਹਿਣਾ ਠੀਕ ਨਹੀਂ ਕਿ ਸਮਝ ਵੀ ਵੱਧ ਆਉਂਦੀ ਹੈ ਅਤੇ ਆਨੰਦ ਵੀ ਵੱਧ ਪ੍ਰਾਪਤ ਹੁੰਦਾ ਹੈ।"

"ਵੀਰ ਜੀ, ਹੁਣ ਨਹੀਂ, ਪਰ ਫੇਰ ਕਿਸੇ ਵੇਲੇ ਆਨੰਦ ਦੇ ਵਿਸ਼ੇ ਬਾਰੇ ਵਿਸਥਾਰ ਨਾਲ ਕੁਝ ਦੱਸਣ ਦਾ ਚੇਤਾ ਰੱਖਿਓ।"

"ਮੈਨੂੰ ਕਿਉਂ ਮੁਸੀਬਤ ਪਾਉਂਦੇ ਹੋ; 'ਸੁੰਦਰਤਾ ਅਤੇ ਆਨੰਦ' ਨਾਂ ਦੀ ਪੁਸਤਕ ਪੜ੍ਹ ਲਵੋ। ਮੈਂ ਵੀ ਤੁਹਾਡੀ ਗੱਲ ਚੇਤੇ ਰੱਖਾਂਗਾ। ਇਸ ਸਮੇਂ ਹੇਰਾਕਲੀਟੱਸ ਦੇ ਸਿਧਾਂਤ ਦੀ ਪੜਚੋਲ ਕਰਦੇ ਹਾਂ।"

"ਭਾ ਜੀ, ਇਸ ਸੰਬੰਧ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੁਸ਼ਪੇਂਦ੍ਰ ਅਤੇ ਨੀਲੂ ਦੇ ਮਨਾਂ ਦੀ 'ਅਵਸਥਾ' ਹੀ ਇਸ ਗੱਲ ਦੀ ਜ਼ਿੰਮੇਦਾਰ ਹੈ ਕਿ—ਕਿਸੇ ਨੇ ਕਿਸੇ ਸਿਧਾਂਤ ਦਾ ਕਿਹੋ ਜਿਹਾ ਪ੍ਰਭਾਵ ਗ੍ਰਹਿਣ ਕਰਨਾ ਹੈ।"

"ਵੀਰ ਜੀ, ਮੈਂ 'ਕਿਹੋ ਜਿਹਾ ਪ੍ਰਭਾਵ' ਨਾਲ ਸਹਿਮਤ ਨਹੀਂ ਹਾਂ। ਇਸ ਦਾ ਇਹ ਭਾਵ ਹੈ ਕਿ ਕਿਸੇ ਸਿਧਾਂਤ ਦੇ ਦੋ ਜਾਂ ਦੋ ਤੋਂ ਵੱਧ ਪ੍ਰਭਾਵ ਹੋ ਸਕਦੇ ਹਨ; ਅਤੇ ਕੋਈ ਮਨ ਉਨ੍ਹਾਂ ਵਿੱਚੋਂ ਕਿਸੇ ਇੱਕ ਪ੍ਰਕਾਰ ਦੇ ਪ੍ਰਭਾਵ ਨੂੰ ਗ੍ਰਹਿਣ ਕਰ ਸਕਦਾ ਹੈ। ਮੇਰਾ ਖ਼ਿਆਲ ਹੈ ਕਿ ਹਰ ਸਿਧਾਂਤ ਆਪਣਾ ਵੱਖਰਾ ਸੁਨੇਹਾ ਜਾਂ ਪ੍ਰਭਾਵ ਲੈ ਕੇ ਸਾਡੇ ਮਨ ਤੱਕ ਪੁੱਜਦਾ ਹੈ। ਉਸ ਪ੍ਰਭਾਵ ਨੂੰ ਸਾਡੇ ਮਨ ਨੇ 'ਕਿਵੇਂ' ਗ੍ਰਹਿਣ ਕਰਨਾ ਹੈ, ਇਹ ਸਾਡੇ ਮਨ ਦੀ 'ਅਵਸਥਾ' ਉੱਤੇ ਨਿਰਭਰ ਕਰਦਾ ਹੈ। ਸਾਡੇ ਮਨ ਜਾਂ ਇਉਂ ਕਹੋ ਕਿ ਸਾਡੀ ਬੁੱਧੀ ਨੇ ਕਿਸੇ ਸਿਧਾਂਤ ਦੀ ਕਿਸ ਪ੍ਰਕਾਰ ਦੀ ਪ੍ਰਤੀਕਿਰਿਆ ਪ੍ਰਗਟ ਕਰਨੀ ਹੈ, ਇਹ ਸਾਡੇ ਮਨ ਦੀ ਅਵਸਥਾ ਉੱਤੇ ਨਿਰਭਰ ਹੈ। ਸਿਧਾਂਤ ਦਾ ਪ੍ਰਭਾਵ ਇੱਕ ਹੈ; ਮਨਾਂ ਦੇ ਗ੍ਰਹਿਣ ਕਰਨ ਦੀ ਵਿਧੀ ਅਤੇ ਯੋਗਤਾ ਵੱਖਰੀ ਵੱਖਰੀ ਹੈ।"

"ਇਸ ਲਈ ਨੀਰਜ ਦੇ ਪ੍ਰਸ਼ਨ ਦਾ ਉੱਤਰ ਹੇਰਾਕਲੀਟੱਸ ਦੇ ਸਿਧਾਂਤ ਵਿੱਚੋਂ ਲੱਭਿਆ ਜਾਣਾ ਚਾਹੀਦਾ ਹੈ—ਪੁਸ਼ਪੇਂਦ੍ਰ ਜਾਂ ਕਿਸੇ ਹੋਰ ਦੇ ਮਨ ਦੀ ਪ੍ਰਤੀਕਿਰਿਆ ਵਿੱਚੋਂ ਨਹੀਂ। ਆਓ, ਲੱਭੀਏ। ਪਹਿਲੀ ਗੱਲ ਇਹ ਹੈ, ਵਿਚਾਰ ਗੋਚਰੀ, ਕਿ ਹੇਰਾਕਲੀਟੱਸ ਤਬਦੀਲੀ ਦੇ ਕਾਰਨ ਦੱਸਣ ਦੀ ਕੋਸ਼ਿਸ਼ ਕਰਦਾ ਹੈ, ਪਰ ਇਸ ਦਾ ਮਨੋਰਥ ਨਹੀਂ ਦੱਸਦਾ। ਕਾਰਨ ਹੈ ਅਗਨੀ, ਸ਼ਕਤੀ, ਵਿਰੋਧ ਜਾਂ ਟੱਕਰ; ਪਰ ਮਨੋਰਥ ਕੀ ਹੈ ?"

"ਉਸ ਨੇ ਜੀਵਨ ਦਾ ਮਨੋਰਥ ਸ਼ਬਦ ਬ੍ਰਹਮ ਦੀ ਸੋਝੀ ਦੱਸਿਆ ਹੈ, ਪਾਪਾ।"

"ਇਸ 'ਮਨੋਰਥ' ਵਿੱਚ ਅਤੇ 'ਤਬਦੀਲੀ' ਵਿੱਚ ਬੁਨਿਆਦੀ ਸਾਂਝ ਉਹ ਨਹੀਂ ਦੱਸ ਸਕਿਆ। ਤਬਦੀਲੀ ਸ਼ਬਦ ਬ੍ਰਹਮ ਦੀ ਸੋਝੀ ਦਾ ਸਾਧਨ ਨਹੀਂ ਮੰਨੀ ਗਈ।"

"ਖ਼ਿਮਾ ਕਰਨਾ, ਵੀਰ ਜੀ, ਤਬਦੀਲੀ ਦੇ ਰਹੱਸ ਦੀ ਸੋਝੀ ਨੂੰ ਹੀ ਉਹ ਸ਼ਬਦ ਬ੍ਰਹਮ ਕਹਿੰਦਾ ਹੈ।"

"ਇਸ ਸੋਝੀ ਜਾਂ ਗਿਆਨ ਨੂੰ ਪ੍ਰਾਪਤ ਕਰਨ ਦਾ ਮਨੋਰਥ ?"

"ਤੱਤਾਂ ਦੀ ਰਸਾਇਣਕ ਕਿਰਿਆ ਦੀ ਸੋਝੀ ਪ੍ਰਾਪਤ ਕਰ ਕੇ ਜੀਵਨ ਨੇ ਆਪਣੀਆਂ ਕਿੰਨੀਆਂ ਸੰਭਾਵਨਾਵਾਂ ਨੂੰ ਸਾਕਾਰ ਕਰ ਲਿਆ ਹੈ; ਪਤਾ ਨਹੀਂ ਕਿੰਨੀਆਂ ਹੋਰ ਸਾਕਾਰ ਕੀਤੀਆਂ ਜਾਣਗੀਆਂ।"

"ਮੇਰਾ ਪ੍ਰਸ਼ਨ ਤੁਹਾਨੂੰ ਜਾਂ ਜੀਵਨ ਨੂੰ ਨਹੀਂ, ਹੇਰਾਕਲੀਟੱਸ ਨੂੰ ਹੈ। ਅਤੇ ਉਸ ਕੋਲ ਇਸ ਦਾ ਕੋਈ ਜੁਆਬ ਨਹੀਂ। ਇਸੇ ਲਈ ਉਸ ਦਾ ਸਿਧਾਂਤ ਮਨੁੱਖੀ ਮਨ ਨੂੰ ਪ੍ਰਸ਼ਨਾਂ ਦੀ ਭੀੜ ਵਿੱਚ ਛੱਡ ਕੇ ਆਪ ਇੱਕ ਪਾਸੇ ਹੋ ਜਾਂਦਾ ਹੈ। ਚੇਤਨ ਮਨੁੱਖ, ਅਗਨੀ ਨੂੰ ਉਪਜਾਉਣ-ਜਲਾਉਣ ਦੀ ਕਿਰਿਆ ਵਿੱਚ ਲੱਗੀ ਵੇਖ ਕੇ ਹੈਰਾਨ ਹੁੰਦਾ ਹੈ—ਘਬਰਾ ਕੇ ਪੁੱਛਦਾ ਹੈ, 'ਇਹ ਸਾਰੀ ਭਿਆਨਕ ਖੇਡ ਕਿਉਂ ?' ਪੁਸ਼ਪੇਂਦ੍ਰ ਵੀ ਇਵੇਂ ਹੀ ਪੁੱਛ ਰਹੀ ਹੈ। ਸੂਝਵਾਨ ਮਨੁੱਖ ਇਸ ਉੱਤਰ ਨਾਲ ਵੀ ਸੰਤੁਸ਼ਟ ਨਹੀਂ ਹੋਵੇਗਾ ਕਿ 'ਇਹ ਅਗਨੀ ਦੀ ਲੀਲ੍ਹਾ ਹੈ,' ਜਿਸ ਲੀਲ੍ਹਾ ਵਿੱਚ ਕਿਸੇ ਪ੍ਰਕਾਰ ਦੀ ਦਖ਼ਲ-ਅੰਦਾਜ਼ੀ ਦਾ ਸਾਨੂੰ ਹੱਕ ਨਹੀਂ, ਉਸ ਦਾ ਰਹੱਸ ਜਾਣ ਕੇ ਅਸੀਂ ਕੀ ਕਰਾਂਗੇ ? ਹੇਰਾਕਲੀਟੱਸ ਦਾ ਸਿਧਾਂਤ ਅਧੂਰਾ ਵੀ ਹੈ ਅਤੇ ਭਿਆਨਕ ਵੀ। ਇਹ ਬੇਕਸੂਰ ਅਤੇ ਬੇ-ਬੱਸ ਜੀਵਨ ਨੂੰ ਦਿੱਤੇ ਜਾਣ ਵਾਲੇ ਦੰਡ ਦਾ ਵਿਧਾਨ ਹੈ। ਅਗਨੀ ਨਾਮ ਦਾ ਅੰਨਿਆਏਧੀਸ਼ ਹੀ ਅਨਾਦੀ ਅਤੇ ਅਨੰਤ ਹੈ, ਬਾਕੀ ਸਭ ਕੁਝ ਨਾਸ਼ਮਾਨ ਹੈ; ਵਿਨਾਸ਼ਮੁਖੀ ਹੈ। ਸਾਧਾਰਣ ਮਨੁੱਖੀ ਮਨ ਨੂੰ ਇਸ ਸਿਧਾਂਤ ਦੀ ਸੋਝੀ ਨਿਸਚੇ ਹੀ ਭੈਭੀਤ ਕਰੇਗੀ।"

"ਇਸ ਦਾ ਕਾਰਨ, ਪਾਪਾ ?"

"ਜ਼ਰਾ ਲੰਮੀ ਵਿਚਾਰ ਹੈ, ਬੇਟਾ।"

"ਸਗੋਂ ਚੰਗਾ ਹੈ।"

"ਪਹਿਲਾ ਕਾਰਨ ਇਹ ਹੈ ਕਿ ਸ੍ਰਿਸ਼ਟੀ ਵਿੱਚ ਨੀਵੀਂ ਤੋਂ ਨੀਵੀਂ ਸ਼੍ਰੇਣੀ ਦੇ ਜੀਵ ਮਨੋਰਥ ਦੀ ਚੇਤਨਾ ਰੱਖਦੇ ਹਨ। ਹਰ ਜੀਵ ਆਪਣੇ ਮਨੋਰਥ ਤੋਂ ਜਾਣੂੰ ਹੈ, ਮਨੋਰਥ ਦੀ ਪ੍ਰਾਪਤੀ ਦੇ ਸਾਧਨਾਂ ਦੀ ਸੋਝੀ ਰੱਖਦਾ ਹੈ, ਉਨ੍ਹਾਂ ਸਾਧਨਾਂ ਦੀ ਵਰਤੋਂ ਦੀ ਪੂਰੀ ਮੁਹਾਰਤ ਹੈ ਹਰ ਜੀਵ ਨੂੰ। ਸਾਰਿਆਂ ਨਾਲੋਂ ਵੱਧ ਚੇਤਨ ਹੈ ਮਨੁੱਖ। ਜਦੋਂ ਕੋਈ ਦਾਰਸ਼ਨਿਕ ਇਹ ਦੱਸਣ ਦਾ ਜਤਨ ਕਰੇ ਕਿ ਜੀਵਨ ਦੀ ਖੇਡ ਮਨੋਰਥਹੀਣ ਹੈ, ਤਾਂ ਮਨੁੱਖੀ ਮਨ ਆਪਣੀ ਸਾਰੀ ਯਤਨਸ਼ੀਲਤਾ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣਾ ਸ਼ੁਰੂ ਕਰ ਦੇਵੇਗਾ। ਇਹ ਅਵਸਥਾ ਸੁਖਦਾਈ ਨਹੀਂ; ਸਗੋਂ ਦੁਬਿਧਾ ਦੀ ਅਵਸਥਾ ਹੈ। ਅਤੇ ਨਾ ਹੀ ਜੀਵਨ ਲਈ ਇਹ ਵਿਸ਼ਵਾਸ ਸੁਖਦਾਇਕ ਹੈ ਕਿ ਅਨੰਤਕਾਲ ਤਕ ਉਸ ਨੂੰ ਭਿਆਨਕ ਸ਼ਕਤੀਆਂ ਦੇ ਰਹਿਮ ਉੱਤੇ ਛੱਡ ਦਿੱਤਾ ਗਿਆ ਹੈ।"

"ਵੀਰ ਜੀ, ਜੇ ਇਹ ਇੱਕ ਸੱਚਾਈ ਹੋਵੇ ਤਾਂ ?"

"ਆਪਣੀ ਨੀਵੀਂ ਤੋਂ ਨੀਵੀਂ, ਕਮਜ਼ੋਰ ਤੋਂ ਕਮਜ਼ੋਰ ਹਾਲਤ ਵਿੱਚ ਵੀ ਜੀਵਨ ਨੇ ਇਸ ਨੂੰ ਸੱਚ ਮੰਨ ਕੇ ਹਿੰਮਤ ਨਹੀਂ ਹਾਰੀ। ਕੀੜੇ ਮਕੌੜਿਆਂ ਦੇ ਰੂਪ ਵਿੱਚ, ਬਿਰਖਾਂ ਬੂਟਿਆਂ ਦੇ ਰੂਪ ਵਿੱਚ, ਜੰਗਲੀ ਪਸ਼ੂਆਂ ਦੇ ਰੂਪ ਵਿੱਚ, ਅਸੱਭਿਆ ਜੰਗਲੀ ਮਨੁੱਖੀ ਜੀਵਨ ਦੇ ਰੂਪ ਵਿੱਚ ਜੀਵਨ ਨੇ ਆਪਣੇ ਆਪ ਨੂੰ ਭਿਆਨਕ ਨਿਰਦਈ ਸ਼ਕਤੀਆਂ ਸਾਹਮਣੇ ਲਾਚਾਰ ਸਮਝ ਕੇ ਅਗੇਰੇ ਵਿਕਸਣੋਂ ਇਨਕਾਰ ਨਹੀਂ ਕੀਤਾ।"

"ਭਾੱ ਜੀ, ਨੀਵੀਂ ਸ਼੍ਰੇਣੀ ਦੇ ਜੀਵਾਂ ਨੂੰ ਇਹ ਸੋਝੀ ਹੀ ਨਹੀਂ ਹੁੰਦੀ ਕਿ ਉਹ ਇਹ ਜਾਣ ਸਕਣ ਕਿ ਅਸੀਂ ਵਿਰੋਧੀ ਸ਼ਕਤੀ ਸਾਹਮਣੇ ਬੇ-ਬੱਸ ਹਾਂ।"

"ਕੀ ਗਿਆਨਵਾਨ ਹੋਣ ਦਾ ਮਤਲਬ ਕਰਮਹੀਣ ਹੋਣਾ ਹੈ ? ਸਮੁੱਚੇ ਜੀਵਨ ਵਿੱਚ ਗਿਆਨ ਅਤੇ ਕਰਮ ਦਾ ਸਹਿਯੋਗ ਹੈ। ਹਰ ਕਰਮ ਨਵੇਂ ਗਿਆਨ ਨੂੰ ਜਨਮ ਦਿੰਦਾ ਹੈ, ਗਿਆਨ ਵਿੱਚ ਹੋਣ ਵਾਲਾ ਹਰ ਵਾਧਾ ਮਨੁੱਖੀ ਕਰਮ ਨੂੰ ਨਵਾਂ ਰੂਪ, ਨਵੀਂ ਸੇਧ ਦਿੰਦਾ ਹੈ। ਨਾ ਹੀ ਇਹ ਸੱਚ ਹੈ ਕਿ ਜੀਵਨ ਭਿਆਨਕ ਸ਼ਕਤੀਆਂ ਸਾਹਮਣੇ ਬੇ-ਬੱਸ ਹੈ ਅਤੇ ਨਾ ਹੀ ਅਜੇਹਾ ਕੋਈ ਖ਼ਿਆਲ ਮਨੁੱਖੀ ਗਿਆਨ ਦਾ ਜਾਂ ਜੀਵਨ ਦੇ ਗਿਆਨ ਦਾ ਹਿੱਸਾ ਮੰਨਿਆ ਜਾ ਸਕਦਾ ਹੈ। ਹੇਰਾਕਲੀਟੱਸ ਨੇ ਤਬਦੀਲੀ ਨੂੰ ਵਿਕਾਸ ਦੇ ਰੂਪ ਵਿੱਚ ਪਛਾਣਨ ਦਾ ਜਤਨ ਨਹੀਂ ਕੀਤਾ, ਜੇ ਕਰਦਾ ਤਾਂ ਵੇਖਦਾ ਕਿ ਜੀਵਨ ਸਿਰਫ਼ ਜਨਮ-ਮਰਨ ਦੀ ਖੇਡ ਨਹੀਂ ਖੇਡ ਰਿਹਾ, ਸਗੋਂ ਇਸ ਖੇਡ ਵਿੱਚ ਨਵੇਂ ਰੂਪਾਂ ਦਾ ਵਿਕਾਸ ਕਰ ਰਿਹਾ ਹੈ। ਉਹ ਵਿਨਾਸ਼ ਨੂੰ ਜਾਂ ਵਿਨਾਸ਼ ਵੱਲ ਵਧਦੇ ਜਾਣ ਨੂੰ ਤਬਦੀਲੀ ਮੰਨਣ ਦੀ ਭੁੱਲ ਕਰ ਰਿਹਾ ਸੀ। ਇਹ ਠੀਕ ਹੈ ਕਿ ਵਿਅਕਤੀਗਤ ਰੂਪ ਵਿੱਚ ਕੋਈ ਜੀਵ ਸਦਾ ਜੀਵਿਤ ਨਹੀਂ ਰਹਿ ਸਕਦਾ; ਪਰ, ਇਹ ਵੀ ਸੱਚ ਹੈ ਕਿ ਹਰ ਜੀਵ ਜੀਊਂਦਾ ਰਹਿਣਾ ਚਾਹੁੰਦਾ ਹੈ। ਨਿਮਨ ਸ਼੍ਰੇਣੀ ਦੇ ਜੀਵਨ ਨੂੰ ਭੂਤ, ਭਵਿੱਖ ਅਤੇ ਵਰਤਮਾਨ ਦਾ ਗਿਆਨ ਨਹੀਂ; ਉਸ ਲਈ ਅਮਰ ਅਤੇ ਨਾਸ਼ਮਾਨ ਦਾ ਨਿਖੇੜਾ ਸੰਭਵ ਨਹੀਂ। ਉਸ ਲਈ ਜੀਵਤ ਹੋਣਾ ਹੀ ਅਮਰ ਹੋਣ ਦੇ ਤੁੱਲ ਹੈ ਅਤੇ ਹਰ ਉਹ ਹਾਲਤ ਜਿਹੜੀ ਉਸ ਦੇ ਜੀਵਨ ਨੂੰ ਸੁਰੱਖਿਅਤ ਕਰਦੀ ਹੈ, ਉਸ ਲਈ 'ਅਮਰਾ-ਪਦ-ਦਾਤੀ' ਹੈ। ਉਹ ਜਦੋਂ ਵੀ ਕਿਸੇ ਖ਼ਤਰੇ ਤੋਂ ਬਚ ਜਾਂਦਾ ਹੈ ਉਦੋਂ ਹੀ ਅਮਰ ਹੋ ਜਾਂਦਾ ਹੈ। ਜਿਵੇਂ ਜਿਵੇਂ ਜੀਵਨ ਵਿਕਾਸ ਕਰਦਾ ਗਿਆ ਹੈ ਤਿਵੇਂ ਤਿਵੇਂ ਉਸ ਨੂੰ ਇਹ ਭਰੋਸਾ ਹੁੰਦਾ ਗਿਆ ਹੈ ਕਿ ਆਪਣਾ ਘਰ ਸਭ ਤੋਂ ਵੱਧ ਸੁਰੱਖਿਅਤ ਥਾਂ ਹੈ। ਸੁਰੱਖਿਆ ਨੂੰ 'ਅਮਰਾ-ਪਦ' ਅਤੇ 'ਘਰ' ਨੂੰ ਸਦੀਵੀ ਸੁਰੱਖਿਆ ਦਾ ਟਿਕਾਣਾ ਮੰਨਣ ਵਾਲਾ ਜੀਵਨ ਘਰ ਦੇ ਪਿਆਰ ਵਿੱਚ ਸਦੀਵਤਾ ਮੰਨਦਾ ਆਇਆ ਹੈ। ਜੀਵਨ ਵਿੱਚ 'ਘਰ' ਦੇ ਅਰਥ ਪਰਿਵਾਰ, ਕਬੀਲਾ, ਬਰਾਦਰੀ ਅਤੇ ਕੌਮ ਵਿੱਚ ਬਦਲਦੇ-ਵਿਕਸਦੇ ਗਏ ਹਨ ਅਤੇ ਮਨੁੱਖੀ ਮਨ ਇਸ ਉਪਜਦੇ ਬਿਨਸਦੇ ਜਗਤ ਵਿੱਚ 'ਘਰ' ਨੂੰ (ਹਰ ਅਰਥ ਵਿੱਚ) 'ਸਥਿਰ' ਮੰਨਦਾ ਆਇਆ ਹੈ। ਸਥਿਰਤਾ ਦੀ ਇੱਛਾ ਅਧੀਨ ਸੱਭਿਅ ਸਿਆਣੇ ਮਨੁੱਖ ਨੇ ਮੁਕਤੀ, ਨਿਰਵਾਣ, ਰੱਬ, ਜੰਨਤ ਅਤੇ ਅਮਰਾ-ਪਦ ਦੀ ਕਲਪਨਾ ਕੀਤੀ ਹੈ। ਮੰਦਰਾਂ, ਮਸਜਿਦਾਂ, ਮੀਨਾਰਾਂ, ਮਕਬਰਿਆਂ, ਕਿਲ੍ਹਿਆਂ, ਗਿਰਜਿਆਂ, ਮਿਸਰ ਦੇ ਪਿਰਾਮਿਡਾਂ, ਪਰਬਤਾਂ-ਚੱਟਾਨਾਂ ਨੂੰ ਖ਼ੁਰਚ ਖੋਦ ਕੇ ਬਣਾਈਆਂ ਗਈਆਂ ਗੁਫ਼ਾਵਾਂ, ਅਜੰਤਾ, ਅਲੋਰਾ, ਬੇਬੀਲੋਨੀਆ, ਸੀਰੀਆ, ਯੂਨਾਨ, ਰੋਮ ਆਦਿਕ ਦੇ ਖੰਡਰਾਂ ਅਤੇ ਚੀਨ ਦੀ ਦੀਵਾਰ ਆਦਿਕ ਦੀ ਉਸਾਰੀ ਨੂੰ ਗੰਭੀਰਤਾ ਨਾਲ ਵਿਚਾਰੀਏ ਤਾਂ ਸਥਿਰਤਾ ਲਈ ਤਾਂਘਦੇ ਤਰਸਦੇ ਮਨੁੱਖੀ ਮਨ ਦੇ ਤਰਲੇ ਹਨ ਇਹ ਸਾਰੇ। ਆਧੁਨਿਕ ਵਿਗਿਆਨਕ ਉੱਨਤੀ ਨੇ ਇਨ੍ਹਾਂ ਤਰਲਿਆਂ ਦਾ ਰੂਪ ਬੇਸ਼ੱਕ ਬਦਲ ਦਿੱਤਾ ਹੈ; ਪਰ ਮਨੁੱਖੀ ਮਨ ਦੇ ਇਸ ਵਿਸ਼ਵਾਸ ਦਾ ਅੰਤ ਨਹੀਂ ਕਰ ਸਕੀ ਕਿ ਇਸ ਨਾਸ਼ਮਾਨ ਜਗਤ ਵਿੱਚ ਕਿਧਰੇ ਨਾ ਕਿਧਰੇ ਕੁਝ ਅਜੇਹਾ ਹੈ ਜੋ ਸਥਿਰ ਹੈ, ਜੋ ਬਦਲਦਾ ਨਹੀਂ—ਅਤੇ ਜੋ ਬਦਲਦਾ ਨਹੀਂ ਉਸ ਨੂੰ 'ਆਪਣਾ ਘਰ' ਜਾਂ 'ਅਸਲੀ ਟਿਕਾਣਾ' ਕਹਿ ਕੇ ਮਨੁੱਖੀ ਮਨ ਇਹ ਸਿੱਧ ਕਰ ਰਿਹਾ ਹੈ ਕਿ ਉਸ ਵਿੱਚ ਸਦੀਵਤਾ ਅਤੇ ਸਥਿਰਤਾ ਦੀ ਤਾਂਘ ਅਨਾਦੀ ਅਤੇ ਅਨੰਤ ਹੈ। ਯੂਨਾਨ ਦੇ ਇੱਕ ਸਿਆਣੇ, ਪਰਮੀਨਾਈਡੀਜ਼, ਨੇ ਮਨੁੱਖੀ ਮਨ ਦੀ ਇਸੇ ਤਾਂਘ ਦੀ ਤਰਜਮਾਨੀ ਇਹ ਕਹਿ ਕੇ ਕੀਤੀ ਸੀ ਕਿ 'ਕੁਝ ਬਦਲਦਾ ਨਹੀਂ, ਸਭ ਜਿਉਂ ਦਾ ਤਿਉਂ ਹੈ'।"

"ਵੀਰ ਜੀ, ਇਸ ਆਦਮੀ ਨੇ ਤਾਂ ਅਜੀਬ ਦਾਅਵਾ ਕਰ ਦਿੱਤਾ ਹੈ। ਹੇਰਾਕਲੀਟੱਸ ਦੇ ਕਥਨ ਦੀ ਪ੍ਰੋੜ੍ਹਤਾ ਲਈ ਮਨੁੱਖ ਦਾ ਇੰਦ੍ਰੀ-ਅਨੁਭਵ ਮੌਜੂਦ ਹੈ। ਸਾਧਾਰਣ ਰੂਪ ਵਿੱਚ ਹਰ

ਸ਼ੈ ਵਿਨਾਸ਼ ਵੱਲ ਤੁਰੀ ਜਾਂਦੀ ਹੈ; ਪਰ ਇਸ ਨਵੇਂ ਕਥਨ ਦੀ ਪ੍ਰੌੜਤਾ ਸਾਡੇ ਸਾਧਾਰਣ ਅਨੁਭਵ ਦੁਆਰਾ ਨਹੀਂ ਹੁੰਦੀ।"

"ਅੰਕਲ ਜੀ, ਪਰਮੀਨਾਈਡੀਜ਼ ਬਾਰੇ ਮੈਂ ਕੁਝ ਕਹਿੰਦੀ ਹਾਂ। ਪਾਪਾ ਥੋੜ੍ਹਾ ਆਰਾਮ ਕਰ ਲੈਂਦੇ ਹਨ। ਇਸ ਆਦਮੀ ਨੇ ਆਪਣੇ ਕਥਨ ਦੀ ਪੁਸ਼ਟੀ ਲਈ ਤਰਕ ਦਾ ਸਹਾਰਾ ਲਿਆ ਸੀ। ਇਸ ਨੂੰ ਪੱਛਮ ਵਿੱਚ ਤਰਕ-ਸ਼ਾਸਤਰ ਦਾ ਮੋਢੀ ਮੰਨਿਆ ਜਾਂਦਾ ਹੈ। ਇਸ ਨੇ ਤਰਕ ਅਤੇ ਪਰਾਭੌਤਕ ਦੇ ਸੰਜੋਗ ਦੀ ਨੀਂਹ ਰੱਖੀ ਸੀ। ਇਸ ਨੇ ਪੱਛਮੀ ਜਗਤ ਵਿੱਚ, ਇਹ ਸੋਚਣ ਦੀ ਪਹਿਲ ਕੀਤੀ ਸੀ ਕਿ ਮਨੁੱਖ ਦੀ ਬੋਲੀ, ਦੁਨਿਆਵੀ ਕਾਰੋਬਾਰ ਵਿੱਚ ਕੰਮ ਆਉਣ ਵਾਲਾ ਇੱਕ ਸੰਸਾਰਕ ਸਾਧਨ ਹੀ ਨਹੀਂ, ਇਸ ਦਾ ਵੱਖਰਾ ਰੂਹਾਨੀ ਮਹੱਤਵ ਹੈ। ਹੇਰਾਕਲੀਟੱਸ ਵੀ ਉਤਪਤੀ ਅਤੇ ਵਿਨਾਸ਼ ਦੇ ਨੇਮ ਨੂੰ ਸ਼ਬਦ ਬ੍ਰਹਮ ਮੰਨਦਾ ਸੀ; ਪਰੰਤੂ, ਪਰਮੀਨਾਈਡੀਜ਼ ਦੇ ਸ਼ਾਗਿਰਦਾਂ ਨੇ ਹੌਲੀ ਹੌਲੀ ਸ਼ਬਦ ਨੂੰ ਸ੍ਰਿਸ਼ਟੀ ਦਾ ਉਹ ਆਧਾਰ ਬਣਾ ਦਿੱਤਾ ਜੋ ਹਰ ਨੇਮ ਤੋਂ ਮੁਕਤ ਜਾਂ ਪਰੇ ਹੈ। ਮੱਧ-ਕਾਲ ਦੇ ਈਸਾਈ ਵਿਚਾਰਵਾਨਾਂ ਨੇ ਇਸ ਗੱਲ ਉੱਤੇ ਬਹੁਤ ਚਰਚਾ ਕੀਤੀ ਹੈ ਕਿ 'ਆਰੰਭ ਵਿੱਚ ਸ਼ਬਦ ਸੀ'। ਅੱਜ ਕੱਲ੍ਹ ਮਨੁੱਖੀ ਭਾਸ਼ਾ ਨੂੰ ਮਨੁੱਖ ਦੀ ਸਹਾਇਕ ਅਤੇ ਸੇਵਕ ਹੋਣ ਤੋਂ ਵੱਖਰੇ ਜਿਹੜੇ ਸਨਮਾਨ ਅਤੇ ਸਿੰਘਾਸਨ ਪੇਸ਼ ਕੀਤੇ ਜਾਂਦੇ ਹਨ, ਉਨ੍ਹਾਂ ਦੀ ਬੁਨਿਆਦ ਵਿੱਚ ਪਰਮੀਨਾਈਡੀਜ਼ ਹੀ ਬਿਰਾਜਮਾਨ ਹੈ। ਇਸੇ ਦੇ ਸਿਧਾਂਤਾਂ ਦੇ ਆਧਾਰ ਉੱਤੇ ਮਨੋ-ਵਿਗਿਆਨ, ਤਰਕ ਅਤੇ ਪਰਾਭੌਤਕ ਵਿੱਚ ਸੰਬੰਧ ਸਥਾਪਤ ਹੋਇਆ ਸੀ। ਇਸ ਸੰਜੋਗ ਦਾ ਵੱਡਾ ਔਗੁਣ ਇਹ ਸੀ ਕਿ ਮਨੋਵਿਗਿਆਨ ਨੂੰ ਪਰਾਭੌਤਕ ਅਤੇ ਤਰਕ ਨਾਲੋਂ ਨੀਵਾਂ ਦਰਜਾ ਦਿੱਤਾ ਜਾਣ ਕਰਕੇ, ਮੱਧ-ਕਾਲ ਦਾ ਸਾਰਾ ਫਲਸਫਾ, ਸਾਡੀ ਧਰਤੀ ਦੇ ਜੀਵਨ-ਸੌਂਦਰਯ ਦੀ ਚਿੰਤਾ ਕਰਨ ਦੀ ਥਾਂ, ਮੌਤ ਤੋਂ ਪਿੱਛੋਂ ਕਿਸੇ ਅਣਜਾਣੇ, ਅਣਦਿਸਦੇ ਸੂਰਗ ਦੀ ਪ੍ਰਾਪਤੀ ਦੇ ਸੁਪਨੇ ਉਲੀਕਦਾ ਰਿਹਾ ਹੈ।"

"ਵੀਰ ਜੀ, ਮੈਨੂੰ ਲੱਗਦਾ ਹੈ ਕਿ ਬੇਟੀ ਸਨੇਹਾ ਨੇ ਜੋ ਕੁਝ ਆਖਿਆ ਹੈ ਇਸ ਦਾ ਵਿਸਥਾਰ ਕੀਤਾ ਜਾਣਾ ਜ਼ਰੂਰੀ ਹੈ। ਬੇਟੇ ਨੇ ਇਉਂ ਕੀਤਾ ਹੈ ਕਿ ਜਿਵੇਂ ਕਿਸੇ ਮੀਟਿੰਗ ਦਾ ਏਜੰਡਾ ਤਿਆਰ ਕੀਤਾ ਜਾ ਰਿਹਾ ਹੋਵੇ।"

"ਮਨੁੱਖੀ ਸੋਚ ਦੇ ਇਤਿਹਾਸ ਵਿੱਚ ਇਸ ਆਦਮੀ ਦਾ ਸਥਾਨ ਇਹ ਮੰਗ ਕਰਦਾ ਹੈ ਕਿ ਇਸ ਬਾਰੇ ਵਿਸਥਾਰ ਨਾਲ ਕੁਝ ਆਖਿਆ ਸੁਣਿਆ ਜਾਵੇ; ਏਸੇ ਕਰਕੇ ਹੀ ਸਨੇਹਾ ਨੇ ਉਨ੍ਹਾਂ ਸਾਰੇ ਨੁਕਤਿਆਂ ਵੱਲ ਇਸ਼ਾਰਾ ਕੀਤਾ ਹੈ। ਪਹਿਲਾਂ ਆਦਮੀ ਬਾਰੇ ਕੁਝ ਜਾਣਨ ਦਾ ਜਤਨ ਕਰਦੇ ਹਾਂ, ਫਿਰ ਇਸ ਦੇ ਵਿਚਾਰਾਂ ਵੱਲ ਆਵਾਂਗੇ। ਪਰਮੀਨਾਈਡੀਜ਼ ਦੱਖਣੀ ਇਟਲੀ ਦੀ ਯੂਨਾਨੀ ਬਸਤੀ ਈਲਿਆ ਦਾ ਵਸਨੀਕ ਸੀ। ਦੱਖਣੀ ਇਟਲੀ ਦੇ ਯੂਨਾਨੀ ਵਿਚਾਰਵਾਨ ਪਿਥਾਗੋਰਸ ਦੇ ਪ੍ਰਭਾਵ ਕਾਰਨ ਰਹੱਸਵਾਦੀ ਝੁਕਾਵਾਂ ਵਾਲੇ ਹੋਏ ਹਨ। ਪਰਮੀਨਾਈਡੀਜ਼ ਵੀ ਪਿਥਾਗੋਰਸ ਦਾ ਸ਼ਰਧਾਲੂ ਸੀ। ਤੁਹਾਨੂੰ ਇਹ ਯਾਦ ਹੋਵੇਗਾ ਕਿ ਜ਼ੀਨੋਫੇਨੀਜ਼ ਰੱਬ ਨੂੰ 'ਇੱਕ' ਅਤੇ 'ਅਬਦਲ' ਮੰਨਦਾ ਸੀ। ਉਸ ਦੇ ਇਸ ਸਿਧਾਂਤ ਨੇ ਪਰਮੀਨਾਈਡੀਜ਼ ਦਾ ਮਾਰਗ ਦਰਸ਼ਨ ਕੀਤਾ ਆਖਿਆ ਜਾ ਸਕਦਾ ਹੈ। ਉੱਚ ਵਰਗ ਦੇ ਜੰਮ-ਪਲ ਪਰਮੀਨਾਈਡੀਜ਼ ਦਾ ਜੀਵਨ-ਕਾਲ ਨੀਅਤ ਕਰਨ ਲਈ ਪਲੈਟੋ ਦੇ ਇਸ ਕਥਨ ਦੀ ਸਹਾਇਤਾ ਲਈ ਜਾਂਦੀ ਹੈ ਕਿ ਸੁਕਰਾਤ ਜੁਆਨੀ ਦੀ ਉਮਰੇ ਪਰਮੀਨਾਈਡੀਜ਼ ਨੂੰ ਮਿਲਿਆ ਸੀ ਅਤੇ ਉਸ ਕੋਲੋਂ ਬਹੁਤ ਕੁਝ ਸਿੱਖਣ ਵਿੱਚ ਸਫਲ ਹੋਇਆ ਸੀ। ਇਸ ਮੁਲਾਕਾਤ ਸਮੇਂ ਪਰਮੀਨਾਈਡੀਜ਼ ਦੀ ਉਮਰ ਪੈਂਠ ਸਾਲ ਸੀ। ਪਲੈਟੋ ਦੀ ਇਸ ਗੱਲ ਨੂੰ ਸੱਚ ਮੰਨਦਿਆਂ ਹੋਇਆਂ, ਪਰਮੀਨਾਈਡੀਜ਼ ਦਾ ਜਨਮ 539 ਪੂਰਵ ਈਸਵੀ ਦੇ ਲਾਗੇ ਚਾਗੇ ਮੰਨਿਆ ਜਾਂਦਾ ਹੈ।".

"ਵੀਰ ਜੀ, ਇਸ ਦਾ ਮਤਲਬ ਇਹ ਹੋਇਆ ਕਿ ਇਹ ਹੇਰਾਕਲੀਟੱਸ ਦਾ ਸਮਕਾਲੀ ਸੀ।"

"ਹਾਂ, ਪਰ ਸੁਭਾਅ ਵਜੋਂ ਉਸ ਨਾਲੋਂ ਵੱਖਰਾ ਸੀ। ਇਸ ਤੋਂ ਪਿੱਛੋਂ ਹੋਏ ਵਿਚਾਰਵਾਨਾਂ ਨੇ ਵੱਖ-ਵੱਖ ਰੂਪਾਂ ਵਿੱਚ ਇਸ ਦੇ ਪ੍ਰਭਾਵ ਨੂੰ ਕਬੂਲਿਆ ਹੈ ਅਤੇ ਇਹ ਗੱਲ ਉਸ ਦੇ ਹਰਮਨ ਪਿਆਰਾ ਹੋਣ ਦੀ ਦਲੀਲ ਮੰਨੀ ਜਾ ਸਕਦੀ ਹੈ। ਉਸ ਨੇ ਆਪਣੇ ਵਿਚਾਰ ਇੱਕ ਕਵਿਤਾ ਰਾਹੀਂ ਪ੍ਰਗਟ ਕੀਤੇ ਸਨ। ਉਸ ਕਵਿਤਾ ਦੀਆਂ ਇੱਕ ਸੌ ਸੱਠ ਸਤਰਾਂ ਸੰਭਾਲੀਆਂ ਜਾ ਸਕੀਆਂ ਹਨ। ਇਹ ਕਵਿਤਾ ਤਿੰਨ ਹਿੱਸਿਆਂ ਵਿੱਚ ਵੰਡੀ ਹੋਈ ਹੈ। ਇਹ ਤਿੰਨ ਭਾਗ ਹਨ: 1. ਕਵਿਤਾ, 2. ਸੱਚ, ਅਤੇ 3. ਵਿਸ਼ਵਾਸ। ਸਮੁੱਚੀ ਕਾਵਿ-ਰਚਨਾ ਦਾ ਸਿਰਲੇਖ ਹੈ 'ਸ੍ਰਿਸ਼ਟੀ'। ਆਪਣੀ ਰਚਨਾ ਦੇ ਪਹਿਲੇ ਭਾਗ (ਕਵਿਤਾ) ਵਿੱਚ ਉਹ ਆਪਣੀ ਯਾਤਰਾ ਦਾ ਵਰਣਨ ਕਰਦਾ ਹੈ। ਅੰਧਕਾਰ ਤੋਂ ਚਾਨਣ ਵੱਲ ਦੀ ਇਹ ਯਾਤਰਾ ਸੂਰਜ ਦੇਵਤਾ ਦੀਆਂ ਧੀਆਂ ਦੇ ਸਾਥ ਵਿੱਚ ਇੱਕ ਰੱਥ ਉੱਤੇ ਸਵਾਰ ਹੋ ਕੇ ਕੀਤੀ ਗਈ ਹੈ। ਇਹ ਰੱਥ ਇੱਕ ਦੇਵੀ ਦੇ ਮੰਦਰ ਤੱਕ ਲੈ ਜਾਂਦਾ ਹੈ। ਇਸ ਦੇਵੀ ਦਾ ਕੋਈ ਨਾਂ ਨਹੀਂ ਦੱਸਿਆ ਗਿਆ। ਅਸੀਂ ਇਸ ਨੂੰ ਕੁਦਰਤ ਰਾਣੀ ਜਾਂ ਸਿਆਣਪ ਦੀ ਦੇਵੀ ਕਹਿ ਸਕਦੇ ਹਾਂ।"

"ਭਾੱ ਜੀ, ਸਰਸ੍ਵਤੀ ਕਹਿਣ ਵਿੱਚ ਕੀ ਹਰਜ ਹੈ?"

"ਜਿਵੇਂ ਠੀਕ ਸਮਝੋ। ਸਰਸ੍ਵਤੀ ਪਰਮੀਨਾਈਡੀਜ਼ ਨੂੰ ਕਹਿੰਦੀ ਹੈ ਕਿ ਇਸ ਦੁਨੀਆ ਵਿੱਚ ਵੱਸਦੇ ਮਨੁੱਖਾਂ ਵਿੱਚੋਂ ਕੁਝ ਕੁ ਹੀ ਹਨ ਜਿਨ੍ਹਾਂ ਨੂੰ ਅਸਲੀਅਤ ਦਾ ਗਿਆਨ ਹੈ, ਬਾਕੀ ਸਾਰੇ ਵਿਸ਼ਵਾਸ ਦੇ ਸਹਾਰੇ ਵਿਚਰਦੇ ਵਰਤਦੇ ਹਨ। ਅਸਲੀਅਤ ਦਾ ਗਿਆਨ ਹੀ ਸੱਚਾ ਗਿਆਨ ਹੈ, ਪਰ ਵਿਸ਼ਵਾਸ ਬਾਰੇ ਜਾਣਨਾ ਵੀ ਜ਼ਰੂਰੀ ਹੈ ਕਿਉਂਕਿ ਇਹ ਉਪਯੋਗੀ ਹੈ। ਅਗਲੀ ਸਾਰੀ ਕਵਿਤਾ ਉਸ ਦੇਵੀ ਦੁਆਰਾ ਉਚਾਰੀ ਗਈ ਹੈ। ਦੇਵੀ (ਸਰਸ੍ਵਤੀ) ਕਹਿੰਦੀ ਹੈ—"ਅਸਲੀਅਤ ਸਦਾ 'ਹੈ'। ਜਿਸ ਬਾਰੇ ਕਿਸੇ ਸਮੇਂ ਇਹ ਆਖਿਆ ਜਾ ਸਕੇ ਕਿ ਉਹ 'ਨਹੀਂ ਹੈ', ਉਹ ਅਸਲੀਅਤ ਨਹੀਂ। ਹੋਂਦ ਨਾ ਉਪਜਦੀ ਹੈ ਨਾ ਬਿਨਸਦੀ ਜਾਂ ਬਦਲਦੀ ਹੈ। ਜੇ ਹੋਂਦ ਨੂੰ ਉਪਜਦੀ ਮੰਨੀਏ ਤਾਂ ਇਹ ਮੰਨਣਾ ਪਵੇਗਾ ਕਿ ਕਿਸੇ ਸਮੇਂ ਉਹ 'ਨਹੀਂ' ਸੀ। ਇਹ ਅਸੰਭਵ ਹੈ। 'ਨਹੀਂ ਸੀ' ਦਾ ਕਿਆਸ ਹੀ ਅਸੰਭਵ ਹੈ। ਜੋ 'ਨਹੀਂ ਹੈ' ਉਸ ਬਾਰੇ ਨਾ ਸੋਚਿਆ ਜਾ ਸਕਦਾ ਹੈ, ਨਾ ਕੁਝ ਆਖਿਆ ਜਾ ਸਕਦਾ ਹੈ, ਕਿਉਂਜੁ ਆਖਣਾ ਅਤੇ ਸੋਚਣਾ ਇੱਕ ਗੱਲ ਹੈ। ਜੋ 'ਹੈ' ਉਸ ਬਾਰੇ ਇਹ ਵੀ ਨਹੀਂ ਕਹਿ ਸਕਦੇ ਕਿ ਉਹ ਜੋ ਕੁਝ ਭੂਤਕਾਲ ਵਿੱਚ ਸੀ, ਉਸ ਨਾਲੋਂ ਹੁਣ ਵੱਖਰਾ ਹੈ ਅਤੇ ਜੋ ਕੁਝ ਹੁਣ ਹੈ ਭਵਿੱਖ ਵਿੱਚ ਵਿਕਾਸ ਕਰ ਕੇ ਇਸ ਨਾਲੋਂ ਭਿੰਨ ਹੋ ਜਾਏਗਾ। ਹੋਂਦ ਸਦਾ ਸੰਪੂਰਨ ਹੈ, ਹੋਂਦ ਸਦਾ ਇਕ-ਰਸ ਹੈ, ਹੋਂਦ ਸਦਾ ਅਟੱਲ ਅਤੇ ਅਚੱਲ ਹੈ। ਅਣਹੋਂਦ ਸੰਭਵ ਨਹੀਂ, ਨਾ ਹੀ ਅਣਹੋਂਦ ਦਾ ਗਿਆਨ ਸੰਭਵ ਹੈ। ਜਦੋਂ ਕੋਈ ਇਹ ਕਹਿੰਦਾ ਹੈ ਕਿ ਇਸ ਬਦਲਦੇ ਵਿਕਸਦੇ ਸੰਸਾਰ ਤੋਂ ਪਰੇ ਅ-ਬਦਲ, ਅਚਲ ਹੋਂਦ ਜਾਂ ਅਸਲੀਅਤ ਨਹੀਂ ਹੈ, ਤਾਂ ਉਹ ਇਹ ਕਹਿ ਰਿਹਾ ਹੁੰਦਾ ਹੈ ਕਿ—ਉਸ ਨੂੰ 'ਅਣਹੋਂਦ' ਦਾ ਗਿਆਨ ਹੈ। ਇਹ ਅਸੰਭਵ ਹੈ। ਜੋ ਹੈ ਹੀ ਨਹੀਂ, ਉਸ ਦਾ ਗਿਆਨ ਕਿਵੇਂ ਮੁਮਕਿਨ ਹੈ। 'ਨਹੀਂ ਹੈ' ਦਾ ਕਿੱਸਾ ਏਥੇ ਮੁੱਕ ਜਾਣਾ ਚਾਹੀਦਾ ਹੈ। ਕੁਝ ਬੁੱਧੀਹੀਣ ਇਹ ਵੀ ਕਹਿੰਦੇ ਹਨ ਕਿ—'ਹੋਂਦ ਹੈ ਵੀ' ਅਤੇ 'ਨਹੀਂ ਵੀ ਹੈ।' ਅਸਲੀਅਤ ਨੂੰ ਉਹੋ ਜਾਣ ਸਕਦਾ ਹੈ ਜੋ ਇਹ ਮੰਨੇ ਕਿ 'ਹੋਂਦ ਹੈ'।"

"ਵੀਰ ਜੀ, ਇਉਂ ਲੱਗਦਾ ਹੈ ਕਿ ਦਰਸ਼ਨ ਦੀ ਦੁਨੀਆ ਵਿੱਚ ਕੋਈ ਨਵੀਂ ਹਿਲ-ਜੁਲ ਹੋਈ ਹੈ।"

"ਇਹ ਵੀ ਦੱਸੋ ਕਿ ਕੀ ਨਵੀਂ ਗੱਲ ਹੋਈ ਹੈ?"

"ਇਸ ਤੋਂ ਪਹਿਲਾਂ ਇਸ ਦਿੱਸਦੇ ਭਾਸਦੇ ਸਥੂਲ ਜਗਤ ਤੋਂ ਪਰੇ ਦੇਵਤਿਆਂ ਦੀ

ਕਲਪਨਾ ਕੀਤੀ ਗਈ ਸੀ। ਉਹ ਦੇਵਤੇ ਮਨੁੱਖਾਂ ਵਰਗੇ ਹੀ ਸਨ ਅਤੇ ਮਨੁੱਖਾਂ ਵਾਂਗ ਹੀ ਰੀਝਾਏ ਅਤੇ ਰੁਸਾਏ ਜਾ ਸਕਦੇ ਸਨ। ਉਨ੍ਹਾਂ ਦੀ ਹੋਂਦ ਦਾ ਕੋਈ ਸਬੂਤ ਨਹੀਂ ਸੀ। ਬੱਸ ਇਹ ਮੰਨ ਲਿਆ ਗਿਆ ਸੀ ਕਿ ਉਹ 'ਹਨ' ਅਤੇ ਇਉਂ ਮੰਨ ਲੈਣ ਵਿੱਚ ਯੂਨਾਨੀ ਬੌਧਕਤਾ ਦੀ ਕੋਈ ਵਿਸ਼ੇਸ਼ਤਾ ਨਹੀਂ ਸੀ। ਦੁਨੀਆ ਦੇ ਜੰਗਲੀ ਮਨੁੱਖ ਵੀ ਇਹ ਮੰਨਦੇ ਆਏ ਸਨ ਕਿ ਦੇਵਤੇ ਹਨ। ਇਸ ਵਿਚਾਰਵਾਨ ਨੇ ਇਸ ਸੰਸਾਰ ਦੀ ਅਸਲੀਅਤ ਨੂੰ ਮਨੁੱਖਾਂ ਵਰਗੇ ਦੇਵਤਿਆਂ ਨਾਲੋਂ ਵੱਖਰਾ ਰੂਪ ਦਿੱਤਾ ਹੈ ਅਤੇ ਉਸ ਦੀ ਹੋਂਦ ਨੂੰ ਨਿਰੀ ਮਨੌਤ ਉੱਤੇ ਹੀ ਟਿਕਿਆ ਨਹੀਂ ਰਹਿਣ ਦਿੱਤਾ, ਸਗੋਂ ਤਰਕ ਨਾਲ ਸਿੱਧ ਕੀਤਾ ਹੈ ਜਾਂ ਕਰਨ ਦਾ ਜਤਨ ਕੀਤਾ ਹੈ।"

"ਨੀਰਜ ਬੇਟਾ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ?"

"ਹਾਂ ਪਾਪਾ! ਮੈਨੂੰ ਤਾਂ ਇਸ ਵਿੱਚ ਤਰਕ ਘੱਟ ਅਤੇ ਭਾਸ਼ਾਈ ਚਤੁਰਤਾ ਵੱਧ ਵਿਖਾਈ ਦਿੰਦੀ ਹੈ।"

"ਆਪੋ ਆਪਣੀ ਥਾਂ ਤੁਸੀਂ ਦੋਵੇਂ ਠੀਕ ਹੋ। ਭਾਸ਼ਾਈ ਚਤੁਰਤਾ ਦੀ ਥਾਂ ਭਾਸ਼ਾਈ ਸੂਖ਼ਮਤਾ ਕਹਿਣਾ ਠੀਕ ਹੈ। ਤਰਕ ਇੱਕ ਬੌਧਿਕ ਕਿਰਿਆ ਹੈ ਜਿਹੜੀ ਬੋਲੀ ਦੇ ਬਾਹਰੀ ਜਾਂ ਬੈਖਰੀ ਰੂਪ ਰਾਹੀਂ ਵਿਅਕਤ ਜਾਂ ਪ੍ਰਗਟ ਹੁੰਦੀ ਹੈ। ਤਰਕ ਦੇ ਸਫਲ ਪ੍ਰਗਟਾਵੇ ਲਈ ਬੈਖਰੀ ਭਾਸ਼ਾ ਦਾ ਵਿਕਾਸ ਜ਼ਰੂਰੀ ਹੈ। ਪਰਮੀਨਾਈਡੀਜ਼ ਨੇ ਸੰਸਾਰ ਦੀ ਅਸਲੀਅਤ ਨੂੰ ਪਰਾਸਰੀਰਕ ਆਖਿਆ ਹੈ ਅਤੇ ਇਸ ਪਰਾਸਰੀਰਕ ਜਾਂ ਪਰਾਭੌਤਿਕ ਹੋਂਦ ਨੂੰ ਸਿੱਧ ਕਰਨ ਲਈ ਤਰਕ ਦਾ ਸਹਾਰਾ ਲਿਆ ਹੈ। ਪਰਾਭੌਤਕ ਅਤੇ ਤਰਕ ਦੇ ਸੰਜੋਗ ਨੂੰ ਭਾਸ਼ਾ ਰਾਹੀਂ ਬਿਆਨ ਕਰਨ ਦੇ ਜਤਨ ਕਾਰਨ ਭਾਸ਼ਾ ਦੀਆਂ ਸੂਖ਼ਮ ਸੰਭਾਵਨਾਵਾਂ ਨੂੰ ਇੱਕ ਚੁਨੌਤੀ ਦਿੱਤੀ ਗਈ ਹੈ ਅਤੇ ਭਾਸ਼ਾ ਦੀ ਯੋਗ ਵਰਤੋਂ ਕਰ ਕੇ ਪਰਾਸਰੀਰਕ ਅਤੇ ਤਰਕ ਦੇ ਇੱਕ ਨਵੇਂ ਸੰਬੰਧ ਦੀ ਨੀਂਹ ਵੀ ਰੱਖੀ ਗਈ ਹੈ। ਇਸ ਨੀਂਹ ਉੱਤੇ ਅਨੇਕ ਪ੍ਰਕਾਰ ਦੀ ਉਸਾਰੀ ਹੁੰਦੀ ਤੁਸੀਂ ਵੇਖੋਗੇ। ਇਸ ਉਸਾਰੀ ਦਾ ਆਰੰਭ ਪਰਮੀਨਾਈਡੀਜ਼ ਨੇ ਇਹ ਕਹਿ ਕੇ ਕੀਤਾ ਸੀ ਕਿ ਅਨਾਦੀ, ਅਨੰਤ, ਅ-ਬਦਲ, ਸੰਪੂਰਣ ਹੋਂਦ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ 'ਸੀ' ਜਾਂ ਇਹ ਕਿ ਉਹ 'ਹੋਵੇਗੀ'। ਹੋਂਦ ਲਈ ਇੱਕੋ 'ਹੈ' ਹੀ ਵਰਤਿਆ ਜਾਣਾ ਯੋਗ ਹੈ। ਉਸ ਲਈ ਭੂਤ-ਭਵਿੱਖ ਦਾ ਅੰਤਰ ਨਹੀਂ ਹੈ।"

"ਭਾ ਜੀ, ਇਸ ਗੱਲ ਨੂੰ ਜ਼ਰਾ ਚੰਗੀ ਤਰ੍ਹਾਂ ਸਮਝਾਓ।"

"ਔਖਾ ਕੰਮ ਹੈ; ਮੈਂ ਜਤਨ ਕਰਦਾ ਹਾਂ। ਮੰਨ ਲਓ, ਤੁਸੀਂ ਆਪਣੇ ਬਚਪਨ ਦੀ ਕਿਸੇ ਘਟਨਾ ਦਾ ਜ਼ਿਕਰ ਕਰਦੇ ਹੋ। ਅੱਜ ਤੋਂ ਤੀਹ ਜਾਂ ਚਾਲੀ ਸਾਲ ਪਹਿਲਾਂ ਵਿਦਿਆਰਥੀ ਜੀਵਨ ਜੀਊਂਦਿਆਂ ਹੋਇਆਂ ਤੁਸੀਂ ਕਿਸੇ ਅਧਿਆਪਕ ਦੇ ਕੋਪ ਦਾ ਨਿਸ਼ਾਨਾ ਬਣ ਗਏ ਸਓ। ਅੱਜ ਜਦੋਂ ਤੁਸੀਂ ਉਸ ਘਟਨਾ ਦਾ ਜ਼ਿਕਰ ਕਰਦੇ ਹੋ, ਉਦੋਂ ਸਾਧਾਰਣ ਸੰਸਾਰਕ ਰੂਪ ਵਿੱਚ ਨਾ ਉਹ ਅਧਿਆਪਕ ਹੀ ਇਸ ਸੰਸਾਰ ਵਿੱਚ ਮੌਜੂਦ ਹੈ ਅਤੇ ਨਾ ਹੀ ਉਹ ਘਟਨਾ। ਤਾਂ ਤੇ ਤੁਸੀਂ ਕਿਸੇ 'ਅਣਹੋਂਦ' ਬਾਰੇ ਸੋਚ ਰਹੇ ਹੋ, ਕਿਸੇ 'ਅਣਹੋਂਦ' ਦੀ ਗੱਲ ਕਰ ਰਹੇ ਹੋ। ਪਰਮੀਨਾਈਡੀਜ਼ ਇਸ ਨੂੰ ਅਸੰਭਵ ਮੰਨਦਾ ਹੈ। ਅਸੀਂ ਵੀ ਮੰਨਦੇ ਹਾਂ ਕਿ ਸਾਡਾ ਗਿਆਨ ਅਸਲੀਅਤ ਉੱਤੇ ਆਧਾਰਿਤ ਹੈ, ਕੋਈ ਅਸਲੀਅਤ ਸਾਡੇ ਗਿਆਨ ਉੱਤੇ ਆਧਾਰਿਤ ਨਹੀਂ। ਕਿਸੇ ਘਟਨਾ ਦਾ ਵਰਣਨ ਵੀ ਆਪਣੇ ਆਪ ਵਿੱਚ ਕੋਈ ਅਨੋਖੀ ਗੱਲ ਨਹੀਂ। ਫਿਰ ਸਮੱਸਿਆ ਦਾ ਹੱਲ ਕੀ ਹੋਇਆ ? ਅਸੀਂ ਵੇਖਾਂਗੇ ਕਿ ਅਸੀਂ ਭੂਤ-ਕਾਲ ਦੀ ਘਟਨਾ ਨੂੰ ਆਪਣੀ ਯਾਦ-ਸ਼ਕਤੀ ਵਿੱਚ ਮੁੜ ਉਜਾਗਰ ਕਰਦੇ ਹਾਂ। ਪਰੰਤੂ ਪਰਮੀਨਾਈਡੀਜ਼ ਆਖੇਗਾ—'ਕਿਸੇ ਅਣਹੋਂਦ ਨੂੰ ਹੋਂਦ ਵਿੱਚ ਨਹੀਂ ਬਦਲਿਆ ਜਾ ਸਕਦਾ। ਉਹ ਘਟਨਾ ਕਿਸੇ ਨਾ ਕਿਸੇ ਰੂਪ ਵਿੱਚ ਸਦਾ ਹੈ। ਹੋਂਦ ਭੂਤ-ਭਵਿੱਖ ਤੋਂ ਪਰੇ ਹੈ'।"

"ਵੀਰ ਜੀ, ਇਹ ਤਾਂ ਬਹੁਤ ਗੁੰਝਲਦਾਰ ਬੁਝਾਰਤ ਹੈ। ਜੇ ਹੋਂਦ ਜਾਂ ਅਸਲੀਅਤ ਸਦਾ ਹੈ, ਕਦੇ ਉਪਜਦੀ ਜਾਂ ਬਿਨਸਦੀ ਨਹੀਂ ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਸਾਡੇ ਬਚਪਨ ਦੀ ਘਟਨਾ ਉਸ ਸਮੇਂ ਨਹੀਂ ਸੀ ਉਪਜੀ, ਸਗੋਂ ਸਦਾ ਤੋਂ ਸੀ; ਜੇ ਉਸ ਨੂੰ ਸਦੀਵੀ ਨਾ ਮੰਨੀਏ ਤਾਂ ਉਸ ਦੀ ਹੋਂਦ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਅਣਹੋਂਦ ਸੰਭਵ ਨਹੀਂ। ਇਸ ਲਈ ਇਹ ਮੰਨਣਾ ਪਵੇਗਾ ਕਿ ਜੋ ਕੁਝ ਵੀ 'ਹੈ' ਉਹ ਇਸ ਸੰਸਾਰ ਵਿੱਚ ਜਾਂ ਇਸ ਤੋਂ ਪਰੇ ਸਦਾ ਹੈ।"

"ਪਾਪਾ, ਮੇਰਾ ਖ਼ਿਆਲ ਹੈ ਕਿ ਪਲੈਟੋ ਦੇ ਆਈਡੀਅਲਿਜ਼ਮ ਜਾਂ ਆਦਰਸ਼ਵਾਦ ਵਿੱਚ ਇਸ ਗੁੰਝਲਦਾਰ ਬੁਝਾਰਤ ਦਾ ਹੱਲ ਲੱਭਿਆ ਜਾਵੇਗਾ। ਹੁਣੇ ਤੁਸਾਂ ਆਖਿਆ ਹੈ ਕਿ ਕੋਈ ਅਸਲੀਅਤ ਸਾਡੇ ਗਿਆਨ ਉੱਤੇ ਆਧਾਰਿਤ ਨਹੀਂ, ਸਾਡਾ ਗਿਆਨ ਅਸਲੀਅਤ ਉੱਤੇ ਆਧਾਰਿਤ ਹੈ। ਇਸ ਦੀ ਕੁਝ ਵਿਆਖਿਆ ਕਰਦੇ ਜਾਓ।"

"ਬਹੁਤ ਸਿੱਧੀ ਜਿਹੀ ਗੱਲ ਹੈ ਬੇਟਾ—ਕੀ ਤੁਹਾਨੂੰ ਯਾਦ ਹੈ ਜਾਂ ਤੁਹਾਨੂੰ ਪਤਾ ਹੈ ਕਿ 15 ਫ਼ਰਵਰੀ, 1994 ਨੂੰ ਸਵੇਰੇ ਨਾਸ਼ਤੇ ਸਮੇਂ ਤੁਸਾਂ ਕੀ ਖਾਧਾ ਸੀ ? ਜੇ ਪਤਾ ਨਹੀਂ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਤੁਸਾਂ ਉਸ ਦਿਨ ਕੁਝ ਖਾਧਾ ਹੀ ਨਹੀਂ ਸੀ। 'ਤੁਸਾਂ ਕੁਝ ਖਾਧਾ ਸੀ' ਇਹ ਅਸਲੀਅਤ ਹੈ ਅਤੇ ਇਹ ਅਸਲੀਅਤ ਹੀ ਰਹੇਗੀ ਭਾਵੇਂ ਤੁਸੀਂ ਇਸ ਬਾਰੇ ਜਾਣਦੇ ਹੋਵੋ ਭਾਵੇਂ ਨਾ। ਪਰੰਤੂ, ਜੇ ਇਹ ਅਸਲੀਅਤ ਨਾ ਹੋਵੇ ਤਾਂ ਇਸ ਦਾ ਗਿਆਨ ਸੰਭਵ ਨਹੀਂ। ਗਿਆਨ ਦਾ ਆਧਾਰ ਅਸਲੀਅਤ ਜਾਂ ਹੋਂਦ ਹੈ। ਹੋਂਦ ਕਿਸੇ ਗਿਆਨ ਉੱਤੇ ਆਧਾਰਿਤ ਨਹੀਂ। ਇਸੇ ਲਈ ਪਰਮੀਨਾਈਡੀਜ਼ ਕਹਿੰਦਾ ਸੀ ਕਿ ਜਿਸ ਦਾ ਸਾਨੂੰ ਗਿਆਨ ਹੈ, ਜਿਸ ਬਾਰੇ ਅਸੀਂ ਕੁਝ ਕਹਿ ਸਕਦੇ ਹਾਂ, ਉਹ ਕੁਝ ਕਿਸੇ ਨਾ ਕਿਸੇ ਰੂਪ ਵਿੱਚ, ਕਿਤੇ ਨਾ ਕਿਤੇ ਜ਼ਰੂਰ ਹੈ। ਜੇ ਨਾ ਹੁੰਦਾ ਤਾਂ ਗਿਆਨ ਜਾਂ ਉਸ ਬਾਰੇ ਸੋਚ ਜਾਂ ਉਸ ਦੀ ਵਿਆਖਿਆ ਸੰਭਵ ਨਹੀਂ ਸੀ।"

"ਭਾਅ ਜੀ, ਉਸ ਦੀ ਇਹ ਗੱਲ ਕੁਝ ਜਚੀ ਨਹੀਂ। ਇਉਂ ਕਹਿ ਕੇ ਉਹ ਇਹ ਕਹਿ ਰਿਹਾ ਪਰਤੀਤ ਹੁੰਦਾ ਹੈ ਕਿ ਹੋਂਦ ਜਾਂ ਅਸਲੀਅਤ ਗਿਆਨ ਉੱਤੇ ਆਧਾਰਿਤ ਹੈ। ਅੱਜ-ਕੱਲ੍ਹ ਟੈਲੀਵਿਜਨ ਉੱਤੇ ਪੁਲਾੜ ਯਾਤਰਾ ਦੀਆਂ ਕਹਾਣੀਆਂ ਵਿਖਾਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਅਨੋਖੇ ਜੀਵ-ਧਾਰੀਆਂ ਦੀ ਹੋਂਦ ਦਾ ਵਰਣਨ ਕੀਤਾ ਜਾਂਦਾ ਹੈ। ਕੀ ਗਲਪਕਾਰਾਂ ਦੇ ਇਸ ਗਿਆਨ ਦਾ ਆਧਾਰ ਵੀ ਕੋਈ ਅਸਲੀ ਹੋਂਦ ਹੈ ?"

"ਜੇ ਤੁਹਾਡਾ ਇਹ ਪ੍ਰਸ਼ਨ ਪਰਮੀਨਾਈਡੀਜ਼ ਨੂੰ ਕੀਤਾ ਗਿਆ ਹੁੰਦਾ ਤਾਂ ਉਸ ਦਾ ਉੱਤਰ ਸ਼ਾਇਦ 'ਹਾਂ' ਵਿੱਚ ਹੋਣਾ ਸੀ। ਮੈਂ ਇਸ ਬਾਰੇ ਇਸ ਤੋਂ ਵੱਧ ਕੁਝ ਨਹੀਂ ਕਹਿ ਸਕਦਾ। ਉਸ ਦੀ ਇੱਕ ਹੋਰ ਗੱਲ ਦਾ ਜ਼ਿਕਰ ਕਰ ਕੇ ਉਸ ਦੀ ਕਵਿਤਾ ਦੇ ਦੂਜੇ ਹਿੱਸੇ ਵੱਲ ਮੁੜਦੇ ਹਾਂ। ਉਹ ਕਹਿੰਦਾ ਸੀ ਕਿ ਹੋਂਦ ਜਾਂ ਅਸਲੀਅਤ ਸਰਵ-ਵਿਆਪਕ ਹੈ, ਨਿਰੰਤਰ ਹੈ, ਲਗਾਤਾਰ ਹੈ ਅਤੇ ਗੋਲਾਕਾਰ ਹੈ। ਸ਼ਬਦ 'ਗੋਲਾਕਾਰ' ਤੋਂ ਕੁਝ ਵਿਚਾਰਵਾਨਾਂ ਨੇ ਇਹ ਭਾਵ ਲਿਆ ਹੈ ਕਿ ਉਸ ਦੁਆਰਾ ਵਰਣਿਤ ਹੋਂਦ ਜਾਂ ਅਸਲੀਅਤ ਪਦਾਰਥਕ ਹੈ। ਇਸ ਸ਼ਬਦ ਨੇ ਯੂਨਾਨੀਆਂ ਵਿੱਚ ਇੱਕ ਵੱਖਰੀ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ। ਉਸ ਦਾ ਵਰਣਨ ਅੱਗੇ ਚੱਲ ਕੇ ਕਰਾਂਗੇ। ਕਵਿਤਾ ਦੇ ਦੂਜੇ ਹਿੱਸੇ ਦਾ ਨਾਂ ਹੈ 'ਵਿਸ਼ਵਾਸ' ਜਾਂ 'ਰਾਏ'। ਇਸ ਹਿੱਸੇ ਵਿੱਚ ਉਹ ਕਹਿੰਦਾ ਹੈ ਜਾਂ ਦੇਵੀ (ਸਰਸ੍ਵਤੀ) ਉਸ ਨੂੰ ਕਹਿੰਦੀ ਹੈ ਕਿ—ਹੋਂਦ ਇੱਕ ਹੈ, ਅਨਾਦੀ ਅਤੇ ਅਨੰਤ ਹੈ, ਇਸ ਲਈ ਆਉਣ-ਜਾਣ, ਜਨਮ-ਮਰਨ, ਇਹ ਅਨੇਕਤਾ ਅਤੇ ਭਿੰਨਤਾ ਜੋ ਵੀ ਸਾਨੂੰ ਦਿਸਦੀ ਹੈ, ਅਸਲੀਅਤ ਨਹੀਂ ਹੈ, ਸਗੋਂ ਭਰਮ ਹੈ। ਇੱਕ ਹੋਂਦ ਅਗਨੀ ਅਤੇ ਅੰਧਕਾਰ ਦੇ ਦੋ ਰੂਪਾਂ ਵਿੱਚ ਪ੍ਰਗਟ ਹੋ ਕੇ ਸਾਰੇ ਸੰਸਾਰ ਦੀ ਉਤਪਤੀ ਕਰਦੀ ਹੈ। ਅਗਨੀ ਸੂਖ਼ਮ, ਨਰਮ, ਹਲਕੀ ਅਤੇ ਸਮਰੂਪ ਹੈ; ਅੰਧਕਾਰ ਕਾਲਾ, ਗਾੜ੍ਹਾ ਅਤੇ ਭਾਰੀ ਹੈ। ਇਨ੍ਹਾਂ ਦੋਹਾਂ ਤੋਂ ਚੰਨ, ਸੂਰਜ ਅਤੇ

ਧਰਤੀ ਆਦਿਕ ਦੀ ਉਤਪਤੀ ਹੋਈ ਹੈ। ਇਨ੍ਹਾਂ ਤੋਂ ਹੀ ਪਸ਼ੂ-ਪੰਛੀ ਆਦਿਕ ਉਪਜੇ ਹਨ। ਇਨ੍ਹਾਂ ਤੋਂ ਹੀ ਚੇਤਨਾ ਉਪਜੀ ਹੈ। ਸਜਾਤੀ, ਸਜਾਤੀ ਨੂੰ ਜਾਣ ਸਕਦਾ ਹੈ—ਸਾਡੀ ਚੇਤਨਾ ਅਸਲੀਅਤ ਨੂੰ ਜਾਣ ਸਕਦੀ ਹੈ। ਗਿਆਨ ਇੰਦ੍ਰੀਆਂ ਦੁਆਰਾ ਜੋ ਕੁਝ ਜਾਣਿਆ ਜਾਂਦਾ ਹੈ, ਉਹ ਹੋਂਦ ਜਾਂ ਅਸਲੀਅਤ ਦਾ ਬਾਹਰੀ ਰੂਪ ਹੈ ਜੋ ਸਦਾ ਉਪਜਦਾ ਬਿਨਸਦਾ ਰਹਿੰਦਾ ਹੈ।"

"ਪਾਪਾ, ਉਹ ਅਸਲੀਅਤ ਨੂੰ ਇੱਕ ਮੰਨਦਾ ਹੈ ਅਤੇ ਅਗਨੀ ਤੇ ਅੰਧਕਾਰ ਤੋਂ ਸੰਸਾਰ ਦੀ ਉਤਪਤੀ ਹੋਈ ਦੱਸਦਾ ਹੈ। ਇਉਂ ਉਹ ਆਪੇ ਆਪਣੀ ਗੱਲ ਦਾ ਵਿਰੋਧ ਕਰ ਰਿਹਾ ਪਰਤੀਤ ਹੁੰਦਾ ਹੈ। ਉਹ ਅਦ੍ਵੈਤਵਾਦ ਦੀ ਥਾਂ ਦ੍ਵੈਤਵਾਦ ਦਾ ਧਾਰਣੀ ਹੈ।"

"ਕੁਝ ਸਿਆਣੇ ਉਸ ਨੂੰ ਦ੍ਵੈਤਵਾਦੀ ਆਖਦੇ ਹਨ। ਕਈ ਇਹ ਵੀ ਕਹਿੰਦੇ ਹਨ ਕਿ ਉਹ ਇੱਕ ਬੁਨਿਆਦੀ ਤੱਤ ਦੀ ਹੋਂਦ ਦਾ ਵਿਸ਼ਵਾਸੀ ਸੀ। ਅੰਧਕਾਰ ਦੀ ਆਪਣੀ ਕੋਈ ਹੋਂਦ ਨਹੀਂ। ਅੰਧਕਾਰ ਦਾ ਭਾਵ ਹੈ—ਅਗਨੀ ਦੀ ਗ਼ੈਰ-ਹਾਜ਼ਰੀ। ਠੰਢੇ ਹੋਣ ਦਾ ਭਾਵ ਹੈ—ਗਰਮ ਨਾ ਹੋਣਾ। ਪਰੰਤੂ, ਇਹ ਦਲੀਲ ਵਜ਼ਨ ਨਹੀਂ ਰੱਖਦੀ। ਜੇ ਅੰਧਕਾਰ ਦਾ ਭਾਵ ਅਗਨੀ ਦੀ ਅਣਹੋਂਦ ਜਾਂ ਗ਼ੈਰ-ਹਾਜ਼ਰੀ ਲਿਆ ਜਾਵੇ ਤਾਂ ਕਿਸੇ ਹੋਂਦ ਨੂੰ ਅਣਹੋਂਦ ਵਿੱਚ ਤਬਦੀਲ ਹੁੰਦਾ ਮੰਨ ਰਹੇ ਹੋਵਾਂਗੇ। ਇਸ ਲਈ ਦੋ ਤੱਤਾਂ ਦੀ ਹੋਂਦ ਮੰਨ ਕੇ ਉਸ ਨੂੰ ਦ੍ਵੈਤਵਾਦੀ ਹੀ ਮੰਨਣਾ ਪਵੇਗਾ। ਇਸ ਦੇ ਉਲਟ ਉਸ ਨੂੰ ਅਦ੍ਵੈਤਵਾਦੀ ਆਖਣ ਵਾਲੇ ਇਹ ਕਹਿੰਦੇ ਹਨ ਕਿ ਦੋ ਤੱਤਾਂ ਦਾ ਜ਼ਿਕਰ ਉਹ ਇਸ ਲਈ ਕਰਦਾ ਸੀ ਕਿ ਸੰਸਾਰਕ ਕਿਰਿਆ ਦੀ ਵਿਆਖਿਆ ਲਈ ਇਸ ਦੀ ਲੋੜ ਸੀ ਅਤੇ ਸੰਸਾਰਕ ਕਿਰਿਆ ਨੂੰ ਸਮਝਣਾ ਜਾਣਨਾ ਵੀ ਉਹ ਜ਼ਰੂਰੀ ਸਮਝਦਾ ਸੀ। ਸਾਡੀਆਂ ਗਿਆਨ ਇੰਦ੍ਰੀਆਂ ਸਾਨੂੰ ਅਨੇਕਤਾ ਵਿੱਚ ਵਿਸ਼ਵਾਸ ਕਰਨ ਉੱਤੇ ਮਜਬੂਰ ਕਰਦੀਆਂ ਹਨ। ਜਦੋਂ ਤਕ ਅਸੀਂ ਅਸਲੀਅਤ ਨੂੰ ਨਹੀਂ ਜਾਣ ਜਾਂਦੇ, ਉਦੋਂ ਤਕ ਅਸੀਂ ਗਿਆਨ ਇੰਦ੍ਰੀਆਂ ਦੁਆਰਾ ਦੱਸੇ ਗਏ ਦੇ ਵਿਸ਼ਵਾਸੀ ਰਹਾਂਗੇ ਅਤੇ ਇਹ ਸਾਨੂੰ ਦ੍ਵੈਤ ਵਿੱਚ ਰੱਖਣਗੀਆਂ।"

"ਪਾਪਾ, ਪਰਮੀਨਾਈਡੀਜ਼ ਭਾਰਤੀ ਰਿਸ਼ੀਆਂ ਦੀ ਬੋਲੀ ਬੋਲਦਾ ਪਰਤੀਤ ਹੁੰਦਾ ਹੈ। ਆਮ ਕਰਕੇ ਅਸੀਂ ਇਹ ਸਮਝਦੇ ਹਾਂ ਕਿ ਬੋਧੀ ਭਿਕਸ਼ੂਆਂ ਨੂੰ ਭਾਰਤੀ ਮਨੋਵਿਗਿਆਨ ਅਤੇ ਅਧਿਆਤਮਵਾਦ ਨੂੰ ਸੰਸਾਰ ਵਿੱਚ ਫੈਲਾਇਆ ਹੈ। ਇਹ ਯੂਨਾਨੀ ਵਿਚਾਰਵਾਨ ਬੋਧੀ ਪਰਚਾਰਕਾਂ ਤੋਂ ਪਹਿਲਾਂ ਹੋਇਆ ਹੈ। ਇਸ ਦੇ ਵਿਚਾਰਾਂ ਵਿੱਚ ਭਾਰਤੀ ਅਧਿਆਤਮਵਾਦ ਦਾ ਮਿਸ਼ਰਣ ਕਿਵੇਂ ਸੰਭਵ ਹੋਇਆ ਹੋਵੇਗਾ?"

"ਨੀਰਜ, ਇਹ ਵਿਚਾਰਵਾਨ ਬੋਧੀ ਪਰਚਾਰਕਾਂ ਤੋਂ ਪਹਿਲਾਂ ਹੋਇਆ ਹੈ; ਪਰ, ਬੁੱਧ (ਗੌਤਮ) ਤੋਂ ਪਹਿਲਾਂ ਨਹੀਂ। ਬੋਧੀ ਲੋਕਾਂ ਨੇ ਦੇਸ਼ ਤੋਂ ਬਾਹਰ ਜਾ ਕੇ ਪਿਆਰ ਦਾ ਪੈਗ਼ਾਮ ਦੇਣਾ ਕਦੋਂ ਆਰੰਭਿਆ? ਇਸ ਬਾਰੇ ਭਰੋਸੇ ਨਾਲ ਕੁਝ ਨਹੀਂ ਆਖਿਆ ਜਾ ਸਕਦਾ। ਇਹ ਮੰਨਿਆ ਜਾ ਸਕਦਾ ਹੈ ਕਿ ਪਿਆਰ ਅਤੇ ਭ੍ਰਾਤਰੀ ਦੇ ਜਿਸ ਪਰਸਾਰ ਨੂੰ ਅਸ਼ੋਕ ਨੇ ਆਪਣੇ ਜੀਵਨ ਦਾ ਮਨੋਰਥ ਬਣਾਇਆ ਸੀ, ਉਹ ਕੰਮ ਪਹਿਲਾਂ ਤੋਂ ਹੀ ਹੋ ਰਿਹਾ ਹੋਵੇ ਅਤੇ ਇੱਕ ਹੋ ਰਹੇ ਕੰਮ ਨੂੰ ਸਰਕਾਰੀ ਸਹਾਇਤਾ ਅਤੇ ਸੁਰੱਖਿਆ ਦੇਣ ਕਰਕੇ ਹੀ ਅਸ਼ੋਕ ਇਸ ਕੰਮ ਨੂੰ ਆਰੰਭ ਕਰਨ ਵਾਲਾ ਮੰਨਿਆ ਗਿਆ ਹੋਵੇ। ਇਹ ਵਿਚਾਰ ਵੀ ਗ਼ਲਤ ਨਹੀਂ ਕਿ ਗੌਤਮ ਬੁੱਧ ਤੋਂ ਪਹਿਲਾਂ ਭਾਰਤੀ ਲੋਕ, ਮਨੋਵਿਗਿਆਨ ਅਤੇ ਅਧਿਆਤਮਵਾਦ ਦੇ ਨੇੜਲੇ ਸੰਬੰਧ ਤੋਂ ਜਾਣੂੰ ਵੀ ਸਨ ਅਤੇ ਇਸ ਸੰਬੰਧ ਦੀ ਚਰਚਾ ਵੀ ਕਰਦੇ ਸਨ। ਭਾਰਤ ਨਾਲ ਯੂਨਾਨ ਦੇ ਵਪਾਰਕ ਸੰਬੰਧ ਵੀ ਸੈਨਿਕ ਸੰਬੰਧਾਂ ਤੋਂ ਪਹਿਲਾਂ ਸਥਾਪਤ ਹੋ ਚੁੱਕੇ ਸਨ। ਜਿੱਥੇ ਸੈਨਿਕ ਸੰਬੰਧ ਮਨੁੱਖੀ ਸਮਾਜਾਂ ਵਿੱਚ 'ਅੜੇ ਸੋ ਝੜੇ, ਸ਼ਰਨ ਪੜੇ ਸੋ ਤਰੇ' ਦੇ ਕੋਝੇ ਅਤੇ ਘਿਨਾਉਣੇ

ਰਿਸ਼ਤੇ ਦਾ ਆਧਾਰ ਬਣਦੇ ਆਏ ਹਨ, ਓਥੇ ਵਪਾਰਕ ਸੰਬੰਧ ਲੋੜ ਦੀਆਂ ਵਸਤੂਆਂ ਦੇ ਵਟਾਂਦਰੇ ਦੇ ਨਾਲ ਨਾਲ ਵਿਚਾਰਾਂ ਦੇ ਵਟਾਂਦਰੇ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਵਿੱਚ ਸਹਾਈ ਹੁੰਦੇ ਆਏ ਹਨ। ਇਸੇ ਲਈ ਕਈ ਸਿਆਣੇ, ਪਿਥਾਗੋਰਸ ਦੁਆਰਾ ਪਰਚਾਰੇ ਗਏ ਪੁਨਰ ਜਨਮ ਦੇ ਸਿਧਾਂਤ ਨੂੰ ਭਾਰਤੋਂ ਗਿਆ ਹੋਇਆ ਮੰਨਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਪਿੱਛੋਂ ਮੈਂ ਇਹ ਕਹਿਣਾ ਚਾਹਵਾਂਗਾ ਕਿ ਅੱਜ ਵਿਗਿਆਨ ਸਾਨੂੰ ਇਹ ਦੱਸਣ ਵਿੱਚ ਸਫਲ ਹੈ ਕਿ ਸ੍ਰਿਸ਼ਟੀ ਦਾ ਮੂਲ ਕੋਈ ਇੱਕ ਤੱਤ ਹੈ; ਉਹ ਹਾਈਡ੍ਰੋਜਨ ਹੈ ਜਾਂ ਹੀਲੀਅਮ ਜਾਂ ਕੁਝ ਹੋਰ, ਇਸ ਬਾਰੇ ਵਿਗਿਆਨਿਕ ਖੋਜ ਜਾਰੀ ਰਹੇਗੀ; ਬਹੁਤ ਚੰਗੀ ਗੱਲ ਹੈ। ਜੇ ਸਾਰੇ ਪਦਾਰਥਕ ਪਸਾਰੇ ਦਾ ਮੂਲ ਇੱਕ ਹੈ ਤਾਂ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਵਿਅਕਤੀਗਤ ਮਨ ਦੇ ਮੂਲ ਵਿੱਚ ਕਿਧਰੇ ਵਿਸ਼ਵ-ਮਨ ਵੀ ਸੰਭਵ ਹੈ ਅਤੇ ਇਹ ਵਿਸ਼ਵ-ਮਨ ਇੱਕੋ ਜਿਹੀ ਸੋਚ ਜਾਂ ਚੇਤਨਾ ਦਾ ਧਾਰਨੀ ਹੈ ਅਤੇ ਇਹ ਚੇਤਨਾ ਵੱਖ-ਵੱਖ ਥਾਵਾਂ ਉੱਤੇ ਇੱਕੋ ਜਿਹੇ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਜਨਮ ਵੀ ਦੇ ਸਕਦੀ ਹੈ। ਜੇ ਦੁਨੀਆ ਦੇ ਹਰ ਹਿੱਸੇ ਉੱਤੇ ਸ਼ਿਕਾਰੀ ਜੀਵ ਆਪਣੇ ਸ਼ਿਕਾਰ ਨੂੰ ਕਾਬੂ ਕਰਨ ਲਈ ਇੱਕੋ ਜਿਹੇ ਤਰੀਕੇ ਵਰਤਦੇ ਹਨ ਅਤੇ ਦੂਜੇ ਜੀਵ ਆਪਣੀ ਰੱਖਿਆ ਲਈ ਇੱਕੋ ਪ੍ਰਕਾਰ ਦੇ ਤਰਲੇ ਲੈਂਦੇ ਹਨ ਤਾਂ ਇਹ ਕਿਵੇਂ ਅਸੰਭਵ ਹੈ ਕਿ ਮਨੁੱਖੀ ਮਨ ਵੱਖ ਵੱਖ ਥਾਵਾਂ ਉੱਤੇ ਇੱਕੋ ਢੰਗ ਨਾਲ ਸੋਚ ਸਕੇ ?"

"ਵੀਰ ਜੀ, ਮੈਨੂੰ ਅਖ਼ੀਰਲਾ ਵਿਚਾਰ ਪਸੰਦ ਹੈ। ਇਹ ਠੀਕ ਹੈ ਜਾਂ ਗ਼ਲਤ, ਇਸ ਚੱਕਰ ਵਿੱਚ ਮੈਂ ਨਹੀਂ ਪੈਣਾ ਚਾਹੁੰਦਾ। ਇਹ ਮਨੁੱਖੀ ਮਨ ਨੂੰ ਝੂਠੇ ਕੌਮੀ ਗੌਰਵ ਦੀ ਜਿੱਲ੍ਹਣ ਵਿੱਚੋਂ ਨਿਕਲਣ ਦੀ ਪ੍ਰੇਰਣਾ ਦਿੰਦਾ ਹੋਣ ਕਰਕੇ ਸੁੰਦਰ ਹੈ; ਇਸ ਲਈ ਮੈਨੂੰ ਪਸੰਦ ਹੈ। ਮੈਂ ਸੱਚ ਦਾ ਦਾਅਵੇਦਾਰ ਹੋਣ ਨਾਲੋਂ ਸੁੰਦਰਤਾ ਦਾ ਉਪਾਸ਼ਕ ਅਤੇ ਸੁਹਿਰਦਤਾ ਦਾ ਸੇਵਕ ਹੋਣ ਵਿੱਚ ਮਨੁੱਖ ਮਾਤ੍ਰ ਦੀ ਕਲਿਆਣ ਸਮਝਦਾ ਹਾਂ।"

"ਮੈਂ ਤੁਹਾਡੇ ਨਾਲ ਸਹਿਮਤ ਹਾਂ। ਕਿਸੇ ਸੱਚ ਨੂੰ ਜਾਣਨ ਦਾ ਦਾਅਵੇਦਾਰ ਮੈਂ ਨਹੀਂ ਹਾਂ। ਸਿਰਫ਼ ਇਹ ਕਹਿੰਦਾ ਹਾਂ ਕਿ ਇਸ ਬਦਲਦੇ ਬਿਨਸਦੇ ਸੰਸਾਰ ਦੀ ਭਰਮਾਊ ਹੋਂਦ ਪਿੱਛੇ ਜੇ ਕੋਈ ਅਟੱਲ, ਅ-ਬਦਲ, ਸਥਿਰ ਅਤੇ ਸੰਪੂਰਨ ਹੋਂਦ ਹੈ ਤਾਂ ਵੀ ਇਸ ਸੰਸਾਰ ਦਾ ਦੁਖ-ਸੁਖ ਉਨ੍ਹਾਂ ਜੀਵਾਂ ਦੇ ਆਪਸੀ ਸੰਬੰਧਾਂ ਅਤੇ ਵਿਵਹਾਰਾਂ ਉੱਤੇ ਆਧਾਰਿਤ ਹੈ, ਜਿਹੜੇ ਇਸ ਭਰਮ ਵਿੱਚ ਵਿਚਰਦੇ ਹਨ ਕਿ 'ਸਥੂਲ ਸੰਸਾਰ ਹੀ ਸੱਤ ਹੈ'। ਜਿਹੜੇ ਸਥੂਲ ਸੰਸਾਰ ਦੇ ਸੂਖ਼ਮ ਅਸਲੇ ਨੂੰ ਜਾਣ ਲੈਂਦੇ ਹਨ, ਉਹ ਵੀ ਆਪਣੇ ਚੌਗਿਰਦੇ ਦੀ ਸਥੂਲਤਾ ਦਾ ਸਤਿਕਾਰ ਕਰਨ ਲਈ ਮਜਬੂਰ ਹੁੰਦੇ ਹਨ। ਪਰਮੀਨਾਈਡੀਜ਼ ਵੀ ਮਜਬੂਰ ਸੀ; ਇਸੇ ਲਈ ਉਸ ਨੇ ਆਪਣੀ ਕਵਿਤਾ ਦੇ ਤੀਜੇ ਹਿੱਸੇ ਵਿੱਚ ਸਥੂਲ ਜਗਤ ਬਾਰੇ ਆਪਣੇ ਵਿਚਾਰ ਦੱਸਣ ਦਾ ਭਰਪੂਰ ਜਤਨ ਕੀਤਾ ਹੈ।"

"ਪਾਪਾ, ਤੁਸੀਂ ਪਰਮੀਨਾਈਡੀਜ਼ ਨੂੰ ਰਜੋਗੁਣੀ ਵਿਚਾਰਵਾਨ ਕਿਉਂ ਕਹਿੰਦੇ ਹੋ ?"

"ਨੀਰਜ, ਸਾਰੇ ਦਾਅਵੇਦਾਰ ਰਜੋਗੁਣੀ ਹੁੰਦੇ ਹਨ। ਦਾਅਵੇਦਾਰੀ ਅਤੇ ਸਾਤਵਿਕਤਾ ਵਿੱਚ ਸੰਬੰਧ ਨਹੀਂ। ਹੇਰਾਕਲੀਟੱਸ ਦੀ ਰਾਜਸਿਕਤਾ ਪ੍ਰਗਟ ਹੈ, ਪਰਮੀਨਾਈਡੀਜ਼ ਦੀ ਪ੍ਰੋਖ। ਸਾਡਾ ਇੰਦ੍ਰੀ-ਅਨੁਭਵ ਸਾਨੂੰ ਯਕੀਨ ਦਿਵਾਉਂਦਾ ਹੈ ਕਿ ਸਥੂਲ ਜਗਤ ਸੱਚ ਹੈ, ਅਸਲੀਅਤ ਹੈ। ਇੱਕ ਪ੍ਰਗਟ ਸੱਚ ਦੇ ਸਾਹਮਣੇ ਇਉਂ ਡੱਟ ਕੇ ਖੜੇ ਹੋਣ ਦੀ ਭਾਵਨਾ ਆਪਣੇ ਆਪ ਵਿੱਚ ਰਜੋਗੁਣੀ ਭਾਵਨਾ ਹੈ। ਸਾਧਾਰਣ ਮਨੁੱਖਾਂ ਦੇ ਸਾਧਾਰਣ ਅਨੁਭਵ ਨੂੰ 'ਭਰਮ' ਕਹਿ ਕੇ (ਕੁਝ ਕੁ) ਅਸਾਧਾਰਣ ਵਿਅਕਤੀਆਂ ਦੇ ਅਸਾਧਾਰਣ ਅਨੁਭਵ ਨੂੰ ਸੱਤ ਅਤੇ ਸ੍ਰੇਸ਼ਟ ਦੱਸਣਾ, ਕਿਸੇ ਵਿਅਕਤੀ ਦੀ ਸਾਤਵਿਕਤਾ ਦਾ ਸਬੂਤ ਨਹੀਂ। 'ਇਹ ਆਉਣ-ਜਾਣ, ਉਪਜਣ-ਬਿਨਸਣ, ਦੁਖ-ਸੁਖ ਸਭ ਭਰਮ ਹੈ।' ਇਸ ਸਿਧਾਂਤ-ਰੂਪ ਪਰਦੇ ਪਿੱਛੇ ਅਕਹਿ ਅਤੇ ਅਸਹਿ ਪੀੜਾਂ ਪਲੀਆਂ

ਹਨ, ਪਲ ਰਹੀਆਂ ਹਨ। ਇਸ ਨੇ ਸਾਧਾਰਣ ਆਦਮੀ ਨੂੰ ਆਕਾਸ਼ਾਂ ਵੱਲ ਵੇਖਣ ਦੀ ਅਤੇ ਅਸਾਧਾਰਣ ਆਦਮੀਆਂ ਨੂੰ ਧਰਤੀ ਉਤਲੇ ਜੀਵਨ ਦਾ ਨਿਰਾਦਰ ਕਰਨ ਦੀ ਸਲਾਹ ਦਿੱਤੀ ਹੈ। ਮਨੋਵਿਗਿਆਨ ਇਸ ਵਿਚਾਰ ਦਾ ਹਿੱਸਾ ਬਣਿਆ ਹੈ; ਪਰ ਮਨੁੱਖ ਦਾ ਸਾਰਾ ਮਾਨਸਿਕ ਅਨੁਭਵ ਭਰਮ ਕਹਿ ਕੇ ਛੁਟਿਆਇਆ ਗਿਆ ਹੈ ਅਤੇ ਜੋ ਭਰਮ ਹੈ, ਕਾਲਪਨਿਕ ਹੈ, ਉਸ ਨੂੰ ਅਟੱਲ ਸੱਚਾਈ ਆਖਿਆ ਗਿਆ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਸਾਰਾ ਮੱਧ-ਕਾਲੀਨ ਈਸਾਈ ਅਤੇ ਇਸਲਾਮੀ ਫਲਸਫਾ ਮਨ ਨੂੰ 'ਸ਼ੈਤਾਨ' ਅਤੇ ਸੁਤੰਤਰ ਸੋਚ ਨੂੰ 'ਕੁਫ਼ਰ' ਕਹਿੰਦਾ ਰਿਹਾ ਹੈ। ਜਿਹੜੀ ਸੋਚ ਇਨ੍ਹਾਂ ਨਤੀਜਿਆਂ ਉੱਤੇ ਪੁੱਜੀ ਹੈ, ਉਸ ਨੂੰ ਸਾਤਵਿਕ ਨਹੀਂ ਕਿਹਾ ਜਾ ਸਕਦਾ। ਰੁੱਖ ਨੇ, ਆਖ਼ਰ ਫਲ ਤੋਂ ਹੀ ਪਛਾਣਿਆ ਜਾਣਾ ਹੈ।"

"ਪਾਪਾ, ਜਾਂ ਤਾਂ ਮੈਂ ਧਿਆਨ ਨਾਲ ਸੁਣ ਨਹੀਂ ਸਕਿਆ, ਜਾਂ ਸੁਣ ਕੇ ਸਮਝ ਨਹੀਂ ਸਕਿਆ ਕਿ ਪਰਮੀਨਾਈਡੀਜ਼ ਹਰ ਸ਼ੈ ਦੀ ਹੋਂਦ ਨੂੰ ਭੂਤ-ਭਵਿੱਖ ਤੋਂ ਪਰੇ ਸਦਾ ਵਰਤਮਾਨ ਵਿੱਚ ਜਿਉਂ ਦੀ ਤਿਉਂ ਕਿਵੇਂ ਮੰਨਦਾ ਹੈ। ਤੁਸਾਂ 'ਘਟਨਾ' ਦੀ ਮਿਸਾਲ ਦਿੱਤੀ ਸੀ। ਉਸ ਨੂੰ ਦੁਹਰਾ ਦਿਓ।"

"ਆਪਣੇ ਕਥਨ ਦੀ ਪੁਸ਼ਟੀ ਲਈ ਪਰਮੀਨਾਈਡੀਜ਼ ਨੇ ਕੋਈ ਮਿਸਾਲ ਨਹੀਂ ਦਿੱਤੀ। ਅਸੀਂ ਅਨੁਮਾਨ ਲਾ ਸਕਦੇ ਹਾਂ ਕਿ ਉਸ ਦਾ ਭਾਵ ਇਹ ਸੀ ਕਿ ਜਦੋਂ ਤੁਸੀਂ ਭੂਤ ਕਾਲ ਵਿੱਚ ਹੋਈ ਘਟਨਾ ਜਾਂ ਭਵਿੱਖ ਵਿੱਚ ਹੋ ਸਕਣ ਵਾਲੀ ਕਿਸੇ ਸੰਭਾਵਨਾ ਦਾ ਜ਼ਿਕਰ ਕਰਦੇ ਹੋ, ਉਦੋਂ ਉਹ ਘਟਨਾ ਜਾਂ ਸੰਭਾਵਨਾ ਤੁਹਾਡੇ ਸਾਹਮਣੇ ਨਹੀਂ ਹੁੰਦੀ ਜੋ ਕੁਝ ਤੁਸੀਂ ਕਹਿ ਜਾਂ ਦੱਸ ਰਹੇ ਹੁੰਦੇ ਹੋ, ਉਹ ਤੁਹਾਡੇ ਮਨ ਵਿੱਚ ਵਾਪਰ ਰਿਹਾ ਹੁੰਦਾ ਹੈ ਅਤੇ ਉਦੋਂ ਹੀ ਵਾਪਰ ਰਿਹਾ ਹੁੰਦਾ ਹੈ ਜਦੋਂ ਤੁਸੀਂ ਉਸ ਦਾ ਜ਼ਿਕਰ ਕਰ ਰਹੇ ਹੁੰਦੇ ਹੋ। ਤੁਸੀਂ ਜੋ ਵੀ ਕਹਿੰਦੇ ਹੋ, ਭੂਤ ਜਾਂ ਭਵਿੱਖ ਦੀ ਗੱਲ ਨਹੀਂ, ਤੁਹਾਡੇ ਆਪਣੇ ਮਨ ਵਿੱਚ ਮੌਜੂਦ ਵਰਤਮਾਨ ਦੀ ਗੱਲ ਹੈ। ਜਦੋਂ ਕਿਸੇ ਘਟਨਾ ਜਾਂ ਵਿਅਕਤੀ ਨੂੰ ਦੇਖਦੇ ਹੋਏ ਤੁਸੀਂ ਉਸ ਘਟਨਾ ਜਾਂ ਵਿਅਕਤੀ ਬਾਰੇ ਕੁਝ ਕਹਿੰਦੇ ਹੋ, ਉਦੋਂ ਵੀ ਤੁਸੀਂ ਬਾਹਰਲੀ ਕਿਸੇ ਪ੍ਰੇਰਣਾ ਜਾਂ ਸਟਿਮੂਲਸ (Stimulus) ਦੁਆਰਾ ਆਪਣੇ ਮਨ ਵਿੱਚ ਉਪਜੀ ਉਸ ਉਤੇਜਨਾ ਦਾ ਜ਼ਿਕਰ ਕਰਦੇ ਹੋ ਜਿਹੜੀ ਤੁਹਾਡੀਆਂ ਗਿਆਨ ਇੰਦ੍ਰੀਆਂ ਦੀ ਸਹਾਇਤਾ ਨਾਲ ਤੁਹਾਡੇ ਮਨ ਵਿੱਚ ਉਪਜੀ ਹੈ। ਉਹ ਘਟਨਾ ਜਾਂ ਵਸਤੂ ਤੁਹਾਨੂੰ ਬਾਹਰ ਦਿਸਦੀ ਹੈ; ਪਰ ਵਿਗਿਆਨੀ ਦੱਸਦਾ ਹੈ ਕਿ ਉਸ ਦਾ ਇਹ ਚਿੱਤ੍ਰ ਜੋ ਤੁਹਾਨੂੰ ਬਾਹਰ ਦਿਸਦਾ ਹੈ, ਅਸਲ ਵਿੱਚ ਤੁਹਾਡੇ ਦਿਮਾਗ਼ ਵਿੱਚ ਬਣਿਆ ਹੈ। ਤੁਸੀਂ ਉਸੇ ਨੂੰ ਬਾਹਰ ਵੇਖ ਰਹੇ ਹੋ। ਇਵੇਂ ਹੀ ਆਵਾਜ਼ ਵੀ ਸਾਡੇ ਕੰਨਾਂ ਦੇ ਅੰਦਰਵਾਰ ਬਣਦੀ ਹੈ; ਬਾਹਰੋਂ ਤਾਂ ਕੇਵਲ ਕੋਈ ਹਰਕਤ ਹੀ ਕੰਨਾਂ ਤੱਕ ਪੁੱਜਦੀ ਹੈ। ਫਿਰ ਵੀ ਸਾਨੂੰ ਇਹੋ ਜਾਪਦਾ ਹੈ ਕਿ ਆਵਾਜ਼ ਬਾਹਰੋਂ ਆ ਰਹੀ ਹੈ। ਭੂਤਕਾਲ ਦੀ ਘਟਨਾ ਉਵੇਂ ਹੀ ਸਾਡੇ ਮਨ ਵਿੱਚ ਸੰਮ੍ਰਿਤੀ ਦੁਆਰਾ ਉਜਾਗਰ ਹੁੰਦੀ ਹੈ ਜਿਵੇਂ ਵਰਤਮਾਨ ਦੀ ਘਟਨਾ ਗਿਆਨ ਇੰਦ੍ਰੀਆਂ ਦੁਆਰਾ। ਇਹ ਸਭ ਕੁਝ ਵਰਤਮਾਨ ਵਿੱਚ ਹੁੰਦਾ ਹੈ।"

ਪੁਸ਼ਪੇਂਦ੍ਰ, ਇਹ ਵਿਚਾਰ ਏਥੇ ਹੀ ਸਮਾਪਤ ਕਰ ਦਿੱਤੀ ਗਈ। ਮੈਂ ਇਸ ਮਨੋਵਿਗਿਆਨਕ ਗੁੰਝਲ ਨੂੰ ਸਮਝਣ ਦਾ ਜਤਨ ਕਰ ਰਹੀ ਹਾਂ; ਤੂੰ ਵੀ ਕਰ।

ਤੇਰੀ,
ਸਨੇਹਾ।

# 22

ਗੁਰਦਾਸਪੁਰ,
11.3.96.

ਸਨੇਹਾ,

ਪਿਛਲੇ ਦੋ ਤਿੰਨ ਹਫ਼ਤੇ ਸੁਮੀਤ ਦੇ ਘਰ ਦੁਆਲੇ ਬਣੀ ਹੋਈ ਉੱਚੀ ਕੰਧ ਨੂੰ ਢਾਹੁਣ ਦਾ ਕੰਮ ਹੁੰਦਾ ਰਿਹਾ ਸੀ। ਇਸ ਵੇਰ ਜਦੋਂ ਉੱਥੇ ਗਈ ਤਾਂ ਇਹ ਕੰਮ ਸਮਾਪਤ ਹੋ ਚੁੱਕਾ ਸੀ। ਉੱਚੀ ਦੀਵਾਰ ਦੇ ਹਟਾਏ ਜਾਣ ਨਾਲ ਘਰ ਦੀ ਸੁੰਦਰਤਾ ਨੂੰ ਚਾਰ ਚੰਨ ਲੱਗ ਗਏ ਸਨ। ਏਨੀ ਮਿਹਨਤ ਨਾਲ ਉਪਜਾਈ ਹੋਈ ਸੁੰਦਰਤਾ ਨੂੰ ਇਉਂ ਪਰਦਿਆਂ ਪਿੱਛੇ ਲੁਕਾਉਣ ਦਾ ਕਾਰਨ ਕੀ ਸੀ ਅਤੇ ਹੁਣ ਇਹ ਪਰਦੇ ਹਟਾਏ ਕਿਉਂ ਗਏ ਹਨ ? ਇਸ ਪ੍ਰਸ਼ਨ ਦਾ ਕਿਸੇ ਕੋਮਲ ਕਲਾ ਜਾਂ ਕਿਸੇ ਦਾਰਸ਼ਨਿਕਤਾ ਨਾਲ ਕੋਈ ਸੰਬੰਧ ਨਹੀਂ ਤਾਂ ਵੀ ਇਸ ਦਾ ਉੱਤਰ ਜਾਣਨ ਲਈ ਮੈਂ ਉਤਸੁਕ ਸਾਂ।

ਘਰ ਸਾਹਮਣੇ ਪੁੱਜੀ; ਫ਼ੌਲਾਦੀ ਚਾਦਰ ਦਾ ਬਣਿਆ ਹੋਇਆ ਵੱਡਾ ਗੇਟ ਉੱਥੇ ਨਹੀਂ ਸੀ। ਘਰ ਦੀ ਸ੍ਵੱਛ ਸੁੰਦਰਤਾ ਦਾ ਬੇ-ਰੋਕ ਨਜ਼ਾਰਾ ਮੈਨੂੰ ਮੇਰਾ ਸੁਆਗਤ ਕਰਦਾ ਪਰਤੀਤ ਹੋਇਆ। ਬਗ਼ੀਚੇ ਵਿੱਚ ਖਿੜਿਆ ਹੋਇਆ ਹਰ ਫੁੱਲ ਮੈਨੂੰ ਆਪਣੇ ਕੋਲ ਬੁਲਾ ਰਿਹਾ ਸੀ। ਸਾਰੇ ਫੁੱਲ ਖ਼ੁਸ਼ੀਆਂ ਦੀਆਂ ਗੱਲਾਂ ਕਰ ਕੇ ਆਪੋ ਆਪਣਾ ਖੇੜਾ ਮੇਰੇ ਨਾਲ ਸਾਂਝਾ ਕਰਨ ਲਈ ਉਤਾਵਲੇ ਜਾਪਦੇ ਸਨ। ਮੈਨੂੰ ਕੋਈ ਹੋਰ ਖਿੱਚ ਸੀ, ਇਸ ਲਈ ਮੈਂ ਰੁਕ ਨਾ ਸਕੀ। ਕਿਸੇ ਫੁੱਲ ਨੂੰ ਕੋਈ ਨਿਰਾਸ਼ਾ ਨਾ ਹੋਈ। ਉਨ੍ਹਾਂ ਦੀ ਵਿਦਾਇਗੀ ਵੀ ਖੇੜਿਆਂ ਭਰੀ ਸੀ। ਮੈਨੂੰ ਲੱਗਾ ਜਿਵੇਂ ਮੈਂ ਉਨ੍ਹਾਂ ਦਾ ਹਾਸਾ ਸੁਣ ਵੀ ਰਹੀ ਹਾਂ।

ਖੇੜਿਆਂ ਅਤੇ ਸੁਗੰਧਾਂ ਨੂੰ ਪਿੱਛੇ ਛੱਡਦੇ ਹੋਏ ਸੁਮੀਤ ਦੇ ਘਰ ਵੱਲ, ਅਗੇਰੇ ਹੀ ਅਗੇਰੇ ਤੁਰਦੇ ਗਏ—ਇਸ ਰਾਹ ਦੇ ਜਾਣੂੰ, ਮੇਰੇ ਪੈਰ ਅਤੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਦੇ ਭਰੋਸੇ ਨਾਲ ਭਰਪੂਰ, ਮੇਰਾ ਮਨ। ਨੀਲੂ ਜੀ ਨੇ ਸ਼ਾਇਦ ਮੈਨੂੰ ਆਉਂਦਿਆਂ ਵੇਖ ਲਿਆ ਸੀ; ਡ੍ਰਾਇੰਗ-ਰੂਮ ਦਾ ਦਰਵਾਜ਼ਾ ਖੋਲ੍ਹ ਕੇ ਬਰਾਮਦੇ ਵਿੱਚ ਹੀ ਮੈਨੂੰ ਆ ਮਿਲੇ; ਮੈਂ ਉਨ੍ਹਾਂ ਦੀ ਫੈਲੀਆਂ ਹੋਈਆਂ ਬਾਹਾਂ ਵਿੱਚ ਜਿਵੇਂ ਡਿੱਗ ਹੀ ਪਈ। ਅੰਦਰ ਜਾ ਕੇ ਵੇਖਿਆ, ਡ੍ਰਾਇੰਗ-ਰੂਮ ਬਿਲਕੁਲ ਬਦਲਿਆ ਹੋਇਆ ਸੀ। ਕੰਧਾਂ ਉੱਤੇ ਨਵੀਆਂ ਤਸਵੀਰਾਂ ਲਗਾ ਦਿੱਤੀਆਂ ਗਈਆਂ ਸਨ; ਸੋਫ਼ਿਆਂ ਦੇ ਥਾਂ ਬਦਲ ਦਿੱਤੇ ਗਏ ਸਨ, ਖਿੜਕੀਆਂ ਦੇ ਪਰਦੇ ਵੀ ਤਸਵੀਰਾਂ ਨਾਲ ਰਲਦੇ ਮਿਲਦੇ ਸਨ, ਅੰਗੀਠੀ-ਪੋਸ਼ ਵੀ ਅਤੇ ਉਨ੍ਹਾਂ ਉੱਤੇ ਰੱਖੀਆਂ ਹੋਈਆਂ ਸਜਾਵਟਾਂ ਵੀ। ਇਹ ਸਭ ਕੁਝ ਕਿਸੇ ਇੱਕ ਪ੍ਰਭਾਵ ਦੀ ਉਸਾਰੀ ਕਰ ਰਿਹਾ ਸੀ। ਮੈਨੂੰ ਯੂਨਾਨੀ ਨਾਟਕ ਦੀਆਂ ਤਿੰਨ ਏਕਤਾਵਾਂ ਦਾ ਖ਼ਿਆਲ ਆ ਗਿਆ। ਮੈਂ ਆਖਿਆ, "ਘਰਾਂ ਦੀ ਅੰਦਰਲੀ ਸਜਾਵਟ ਇੱਕ ਕਲਾ ਹੈ। ਕਿੰਨਾ ਮਿੱਠਾ ਅਤੇ ਠੰਢਾ ਪ੍ਰਭਾਵ ਹੈ ਤੁਹਾਡੇ ਡ੍ਰਾਇੰਗ-ਰੂਮ ਦਾ!"

"ਬਾਹਰਲੇ ਪ੍ਰਭਾਵ ਨਾਲੋਂ ਬਿਲਕੁਲ ਉਲਟ; ਹੈ ਨਾ ?"

"ਹੈ; ਪਰ ਦੋਹਾਂ ਦੇ ਆਪਸੀ ਅੰਤਰ ਨੂੰ ਮੈਂ ਸਮਝ ਨਹੀਂ ਸਕੀ, ਅਨੁਭਵ ਜ਼ਰੂਰ ਕੀਤਾ ਹੈ।"

"ਕਲਾ, ਸਮਝ ਨਾਲੋਂ ਅਨੁਭਵ ਦੀ ਵਸਤੂ ਵਧੇਰੇ ਹੈ, ਪੁਸ਼ਪੇ।"

"ਪਰੰਤੂ ਸਮਝ ਨੂੰ ਵੀ ਕੁਝ ਥਾਂ ਪ੍ਰਾਪਤ ਹੈ।"

"ਹਾਂ। ਸਾਹਿਤ ਵਿੱਚ ਸਭ ਤੋਂ ਜ਼ਿਆਦਾ; ਚਿੱਤ੍ਰ-ਕਲਾ, ਨ੍ਰਿਤ, ਮੂਰਤੀ-ਕਲਾ, ਸੰਗੀਤ, ਇਮਾਰਤੀ ਕਲਾ, ਬਾਗ਼ਬਾਨੀ ਅਤੇ ਅੰਦਰੂਨੀ ਸਜਾਵਟ ਦੀ ਕਲਾ ਵੱਲ ਨੂੰ ਆਉਂਦਿਆਂ ਹੋਇਆਂ ਸਮਝ ਦਾ ਸਥਾਨ ਹੌਲੀ ਹੌਲੀ ਘਟਦਾ ਜਾਂ ਗੌਣ ਹੁੰਦਾ ਜਾਂਦਾ ਹੈ; ਕਲਾਕਾਰ ਲਈ ਨਹੀਂ, ਮਾਣਨਹਾਰ ਲਈ।"

"ਜਿਵੇਂ ?"

ਕਿਸੇ ਸਾਹਿਤਕ ਰਚਨਾ ਦਾ ਆਨੰਦ ਲੈਣ ਲਈ ਉਸ ਨੂੰ ਪੜ੍ਹਨਾ, ਸਮਝ ਸੋਚ ਕੇ ਪੜ੍ਹਨਾ ਜਾਂ ਧਿਆਨ ਨਾਲ ਸੁਣ ਕੇ ਵਿਚਾਰਨਾ ਜ਼ਰੂਰੀ ਹੈ। ਚਿਤ੍ਰ-ਕਲਾ ਵੀ ਸੂਝਵਾਨਾਂ ਦੇ ਮਾਣਨ ਦਾ ਵਿਸ਼ਾ ਹੈ। ਓਪਰੀ ਨਜ਼ਰੇ ਵੇਖਿਆਂ ਅਸੀਂ ਏਹੋ ਆਖਾਂਗੇ ਕਿ ਤਸਵੀਰ ਦੇ ਰੰਗ ਸਾਡੀ ਬੁੱਧੀ ਦੀ ਸਹਾਇਤਾ ਬਿਨਾਂ ਹੀ ਸਾਨੂੰ ਆਨੰਦ ਮਗਨ ਕਰ ਦਿੰਦੇ ਹਨ; ਪਰ ਇਹ ਗੱਲ ਏਨੀ ਸਰਲ ਨਹੀਂ। ਤਸਵੀਰਾਂ ਅਤੇ ਮੂਰਤੀਆਂ ਦੇ ਪੈਰਾਂ ਵਿੱਚ ਕਦੇ ਕਦੇ ਇੱਕ ਅੱਧਾ ਵਾਕ ਲਿਖ ਕੇ ਸਾਮਾਜਿਕਾਂ ਦੀ ਸਹਾਇਤਾ ਲਈ ਬੌਧਕ ਸੰਕੇਤ ਵੀ ਕੀਤੇ ਗਏ ਹੁੰਦੇ ਹਨ। ਨਵੀਨ ਚਿੱਤ੍ਰ-ਕਲਾ ਜਿਸ ਨੂੰ ਐਬਸਟ੍ਰੈਕਟ ਆਰਟ ਵੀ ਆਖਿਆ ਜਾਂਦਾ ਹੈ, ਏਨੀ ਗੁੰਝਲਦਾਰ ਹੈ ਕਿ ਉਸ ਨੂੰ ਸਮਝਣ ਲਈ ਜਿਸ ਬੌਧਿਕ ਚੇਤਨਾ ਵਿੱਚ ਪਰਵੇਸ਼ ਕਰਨਾ ਪੈਂਦਾ ਹੈ, ਉਸ ਵਿੱਚ ਪੁੱਜੇ ਹੋਏ ਵਿਅਕਤੀ ਦੇ ਆਨੰਦ ਮਗਨ ਹੋਣ ਦਾ ਕਿਆਸ ਹੀ ਓਪਰਾ ਹੈ। ਆਮ ਆਦਮੀ ਨ੍ਰਿਤ ਨਾਲੋਂ ਅਭਿਨੈ (ਐਕਟਿੰਗ) ਨੂੰ ਵਧੇਰੇ ਮਾਣਦਾ ਹੈ, ਕਿਉਂ ਜੁ ਐਕਟਿੰਗ ਬਹੁਤ ਹੀ ਸਰਲ ਪ੍ਰਕਾਰ ਦਾ ਨ੍ਰਿਤ ਹੈ ਅਤੇ ਵਾਰਤਾਲਾਪ ਇਸ ਨੂੰ ਸਮਝਣ ਵਿੱਚ ਸਹਾਈ ਵੀ ਹੁੰਦੀ ਹੈ। ਕੱਥਕ ਅਤੇ ਕਥਾਕਲੀ ਨੂੰ ਮਾਣਨ ਲਈ ਵੀ ਪ੍ਰਿਸ਼ਟ-ਭੂਮੀ ਵਿੱਚ ਕੁਝ ਉਚਾਰਿਆ ਜਾਣ ਦੀ ਲੋੜ ਪੈਂਦੀ ਹੈ। ਕਿਸੇ ਸੁੰਦਰ ਬਗ਼ੀਚੇ ਦੇ ਪ੍ਰਭਾਵ ਲਈ ਕਿਸੇ ਵਿਆਖਿਆ ਦੀ ਲੋੜ ਨਹੀਂ। ਸੁਹਣੇ-ਸੁਖਾਵੇਂ ਚੌਗਿਰਦੇ ਨੂੰ ਸਮਝਣ ਦੀ ਲੋੜ ਨਹੀਂ ਹੁੰਦੀ। ਉਸ ਵਿੱਚ ਵਿਚਰਦੇ ਹੋਏ ਓਸੇ ਵਰਗੇ ਹੋ ਜਾਈਦਾ ਹੈ। ਤੂੰ ਬਸੰਤ ਰੁੱਤ ਦੀ ਮਾਦਕਤਾ ਵਿੱਚੋਂ ਲੰਘਦੀ ਆਈ ਸੈਂ; ਇਸ ਕਮਰੇ ਵਿੱਚ ਪਰਵੇਸ਼ ਕਰਦਿਆਂ ਹੀ ਰਤੀ ਦੇ ਪ੍ਰਭਾਵ ਵਿੱਚੋਂ ਨਿਕਲ ਕੇ ਸ਼ਾਂਤ ਵੱਲ ਆਉਣਾ ਆਰੰਭ ਹੋ ਜਾਣ ਉੱਤੇ ਹੀ ਤੂੰ ਅਚੰਭਿਤ ਹੋਈ ਸੈਂ। ਠੀਕ ?"

"ਓ ਹੋ! ਤੁਸਾਂ ਬਸੰਤ ਰੁੱਤ ਦੇ ਰਤੀ-ਭਾਵ-ਨਿਵਾਰਨ ਹਿੱਤ ਹੀ ਆਪਣੇ ਡ੍ਰਾਇੰਗ-ਰੂਮ ਨੂੰ ਸਰਸ੍ਵਤੀ ਦਾ ਮੰਦਿਰ ਬਣਾਇਆ ਹੋਇਆ ਹੈ ?"

"ਤੂੰ ਠੀਕ ਸਮਝਿਆ ਹੈ।"

"ਇੱਕ ਗੱਲ ਹੋਰ ਵੀ ਸਮਝੀ ਹੈ ਮੈਂ।"

"ਉਹ ਕੀ ?'

"ਤੁਸੀਂ ਸ਼ਾਤ ਰਸ ਨੂੰ ਬਹੁਤ ਮਹੱਤਵ ਦੇਂਦੇ ਹੋ।"

"ਮੈਂ ਸ਼ਾਂਤ-ਰਸ ਨੂੰ ਰਸ-ਰਾਜ ਮੰਨਦੀ ਹਾਂ, ਪੁਸ਼ਪੇ।"

"ਕੁਝ ਸਾਹਿਤਾਚਾਰੀਆ ਤਾਂ ਸ਼ਾਂਤ ਨੂੰ ਰਸ ਹੀ ਨਹੀਂ ਮੰਨਦੇ।"

"ਇਹ ਸਾਮੰਤੀ ਸਮਾਜ ਦੀ ਮਨੌਤ ਹੈ। ਐਸ਼ਵਰਜ ਵਿੱਚ ਜੀਣਾ ਜਾਂ ਐਸ਼ਵਰਜ ਲਈ ਤਰਸਣਾ ਉਸ ਜੀਵਨ ਦੇ ਵਿਆਪਕ ਸੱਚ ਸਨ। ਉਸ ਸਮੇਂ ਦੀ ਕਲਾ ਲਈ ਸ਼ਿੰਗਾਰ ਹੀ

ਰਸ-ਰਾਜ ਹੋ ਸਕਦਾ ਸੀ। ਇਹ ਇੱਕ ਸਮਾਜਕ ਲੋੜ ਸੀ। ਸ਼ਾਂਤ, ਸਮਾਜਕ ਲੋੜ ਤੋਂ ਪਹਿਲਾਂ ਵਿਅਕਤੀਗਤ ਲੋੜ ਹੈ।"

"ਸ਼ਿੰਗਾਰ ਦੀ ਸਰਦਾਰੀ ਉੱਤੇ ਇਤਰਾਜ਼ ਮੈਨੂੰ ਪਹਿਲਾਂ ਹੀ ਸੀ; ਪਰੰਤੂ, ਸ਼ਾਂਤ ਦੇ ਮਹੱਤਵ ਨੂੰ, ਵਿਸ਼ੇਸ਼ ਕਰਕੇ ਇਸ ਦੇ ਵਿਅਕਤੀਗਤ ਮਹੱਤਵ ਨੂੰ, ਜ਼ਰਾ ਵਿਸਥਾਰ ਨਾਲ ਸੁਣਨਾ ਚਾਹੁੰਦੀ ਹਾਂ।"

"ਮੇਰੀ ਅੱਜ ਦੀ ਇਕਾਂਤ ਤੇਰੇ ਨਾਂ ਲੱਗ ਜਾਵੇਗੀ। ਖ਼ੈਰ, ਕੋਈ ਗੱਲ ਨਹੀਂ। ਸੱਭਿਅ ਸਮਾਜ ਵਿੱਚ ਰਹਿਣ ਵਾਲੇ ਹਰ ਆਦਮੀ ਵਿੱਚ ਦੋ ਮਨੁੱਖ ਵੱਸਦੇ ਹਨ। ਜਾਂ ਇਹ ਵੀ ਕਹਿ ਸਕਦੇ ਹਾਂ ਕਿ ਹਰ ਆਦਮੀ ਦੇ ਦੋ ਰੂਪ ਹਨ ਇੱਕ ਨਾਗਰਿਕ-ਰੂਪ ਅਤੇ ਦੂਜਾ ਵਿਅਕਤੀ-ਰੂਪ। ਵਿਅਕਤੀ ਦੀਆਂ ਇੱਛਾਵਾਂ ਅਤੇ ਸਮਾਜ ਦੀ ਮਰਿਆਦਾ-ਮਾਨਤਾ ਵਿੱਚ ਪੈਦਾ ਹੋਣ ਵਾਲਾ ਵਿਰੋਧ ਵਿਅਕਤੀ ਅਤੇ ਨਾਗਰਿਕ ਦੇ ਸੰਬੰਧਾਂ ਨੂੰ ਸੁਖਾਵੇਂ ਨਹੀਂ ਰਹਿਣ ਦਿੰਦਾ। ਵਿਅਕਤੀ ਦੀਆਂ ਖ਼ਾਹਿਸ਼ਾਂ ਅਤੇ ਸਮਾਜ ਦੀਆਂ ਮਾਨਤਾਵਾਂ ਵਿਚਲੇ ਵਿਰੋਧ ਨੂੰ ਮਿਰਜ਼ਾ ਸਾਹਿਬ ਨੇ ਬਹੁਤ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ। ਇਸ ਵਿਰੋਧ ਜਾਂ ਇਸ ਸਮੱਸਿਆ....।"

"ਖ਼ਿਮਾ ਕਰਨਾ, ਤੁਸੀਂ ਮਿਰਜ਼ਾ ਸਾਹਿਬ ਦੀ ਗੱਲ ਵਿੱਚੋਂ ਛੱਡ ਕੇ ਜਾ ਰਹੇ ਹੋ।"

"ਅਰੇ ਹਾਂ, ਉਨ੍ਹਾਂ ਨੇ ਲਿਖਿਆ ਹੈ :

*ਈਮਾਂ ਮੁਝੇ ਰੋਕੇ ਹੈ, ਜੋ ਖੀਂਚੇ ਹੈ ਮੁਝੇ ਕੁਫ਼ਰ,*
*ਕਾਅਬਾ ਮਿਰੇ ਪੀਛੇ ਹੈ ਕਲੀਸਾ ਮਿਰੇ ਆਗੇ।*

ਕਾਅਬਾ ਅਤੇ ਕਲੀਸਾ ਦੀ ਸਮੱਸਿਆ ਦਾ ਹੱਲ ਸ਼ਰ੍ਹਾ ਹੈ।"

"ਤੁਹਾਡਾ ਭਾਵ ਹੈ ਕਿ ਮਨੁੱਖ ਵਿਚਲੇ ਨਾਗਰਿਕ ਦੀ ਰੱਖਿਆ ਲਈ ਜਾਂ ਸਹਾਇਤਾ ਲਈ ਕਾਨੂੰਨ ਦੀ ਘਾੜਤ ਘੜੀ ਗਈ ਹੈ।"

"ਤੂੰ ਬਿਲਕੁਲ ਠੀਕ ਆਖਿਆ ਹੈ, ਪੁਸ਼ਪੇ। ਕਾਨੂੰਨ ਆਮ ਕਰਕੇ ਨਾਗਰਿਕ ਦੀ ਸਹਾਇਤਾ ਕਰਦਾ ਹੈ। ਨਾਗਰਿਕ ਹੋਣਾ ਕੋਈ ਬੁਰੀ ਗੱਲ ਨਹੀਂ; ਪਰ ਵਿਅਕਤੀ ਦੇ ਮੁੱਲੋਂ ਖ਼ਰੀਦਿਆ ਹੋਇਆ ਨਾਗਰਿਕ ਕਈ ਵੇਰ ਸਮਾਜ ਨੂੰ ਬਹੁਤ ਮਹਿੰਗਾ ਪੈਂਦਾ ਹੈ।"

"ਅਤੇ ਵਿਅਕਤੀ ਨੂੰ ਇਹ ਸੌਦਾ ਉੱਕਾ ਮਨਜ਼ੂਰ ਨਹੀਂ ਹੁੰਦਾ।"

"ਜਿੰਨਾ ਚਿਰ ਉਹ ਵਿਅਕਤੀ ਹੈ, ਉਹ ਮਨਸੂਰ ਹੀ ਰਹੇਗਾ। ਸੂਲੀ ਚੜ੍ਹ ਜਾਵੇਗਾ; ਪਰ ਸ਼ਰ੍ਹਾ ਦੀ ਈਨ ਨਹੀਂ ਮੰਨੇਗਾ। ਸੂਲੀਆਂ ਦੇ ਦ੍ਰਿਸ਼ ਨਾ ਸੁੰਦਰ ਹਨ, ਨਾ ਗੌਰਵ ਭਰਪੂਰ। ਇਸ ਲਈ ਵਿਅਕਤੀ ਅਤੇ ਨਾਗਰਿਕ ਵਿਚਕਾਰ ਦੰਡਾਧਾਰਿਤ ਕਾਨੂੰਨੀ ਸੰਧੀ ਦੀ ਥਾਂ ਪ੍ਰੇਮਾਧਾਰਿਤ ਬੌਧਕ ਮਿੱਤ੍ਰਤਾ ਹੋਣੀ ਚਾਹੀਦੀ ਹੈ। ਸੰਧੀਆਂ ਵੀ ਸਦੀਵੀ ਹੋ ਸਕਦੀਆਂ ਹਨ; ਪਰ, ਆਮ ਕਰਕੇ ਟੁੱਟਦੀਆਂ ਆਈਆਂ ਹਨ। ਮਿੱਤ੍ਰਤਾ ਵੀ ਟੁੱਟ ਸਕਦੀ ਹੈ; ਪਰ, ਇਸ ਵਿੱਚ ਸਦੀਵਤਾ ਦੀਆਂ ਸੰਭਾਵਨਾਵਾਂ ਸਦਾ ਕਾਇਮ ਰਹਿੰਦੀਆਂ ਹਨ। ਹੁਣ ਤਕ ਦੇ ਮਨੁੱਖੀ ਜੀਵਨ ਵਿੱਚ ਸੰਧੀਆਂ ਦਾ ਸਤਿਕਾਰ ਵਧੇਰੇ ਹੈ ਅਤੇ ਮਿੱਤ੍ਰਤਾ ਦਾ ਮਾਣ ਘੱਟ।"

"ਵਿਅਕਤੀ ਅਤੇ ਨਾਗਰਿਕ ਦੀ ਮਿੱਤ੍ਰਤਾ ਮਨੁੱਖ ਦੇ ਅੰਦਰਲੇ ਦੀ ਕੋਈ ਅਵਸਥਾ ਜਾਂ ਮਨ ਦਾ ਕੋਈ ਵਿਕਾਸ ਹੈ ਜਾਂ ਕੁਝ ਹੋਰ ?"

"ਇਸ ਤੋਂ ਛੁੱਟ ਹੋਰ ਕੁਝ ਹੋ ਹੀ ਨਹੀਂ ਸਕਦੀ। ਇਹ ਰਿਸ਼ਤਾ ਇੱਕੋ ਮਨੁੱਖ ਦੇ ਦੋ ਵਿਰੋਧੀ ਝੁਕਾਵਾਂ ਦਾ ਰਿਸ਼ਤਾ ਹੈ।"

"ਇਸ ਵਿੱਚ ਸ਼ਾਂਤ-ਰਸ ਕਿਵੇਂ ਸਹਾਈ ਹੈ ?"

"ਹੋ ਜਾਵੇਗਾ। ਇਹ ਰਿਸ਼ਤਾ ਮਨੁੱਖੀ ਮਨ ਦੇ ਵਿਕਾਸ ਦੀ ਮੰਗ ਕਰਦਾ ਹੈ—ਸਾਤਵਿਕ ਵਿਕਾਸ ਦੀ ਮੰਗ।"

"ਕੇਵਲ ਵਿਕਾਸ ਕਹਿਣਾ ਹੀ ਕਾਫ਼ੀ ਹੈ, ਕਿਉਂਜੁ ਤੁਹਾਡੇ ਸਿਧਾਂਤ ਅਨੁਸਾਰ ਵਿਕਾਸ ਹੈ ਹੀ ਸਾਤਵਿਕ। ਜੋ ਸਾਤਵਿਕ ਨਹੀਂ, ਉਹ ਵਿਕਾਸ ਨਹੀਂ।"

"ਬਹੁਤ ਖ਼ੂਬ ! ਚੰਚਲ ਜਾਂ ਅਸਥਿਰ ਮਨ ਵਿਕਾਸ ਨਹੀਂ ਕਰਦੇ ਜਾਂ ਛੇਤੀ ਛੇਤੀ ਵਿਕਾਸ ਦੇ ਰਾਹ ਨਹੀਂ ਪੈਂਦੇ।"

"ਪਰੰਤੂ ਚੰਚਲਤਾ ਤਾਂ ਮਨ ਦਾ ਅਸਲਾ ਹੈ।"

"ਨਾ ਮੇਰੇ ਬੱਚੇ, ਮਨ ਕੇਵਲ ਮਨ ਹੈ। ਚੰਚਲਤਾ ਉਸ ਦਾ ਇੱਕ ਗੁਣ ਜਾਂ ਔਗੁਣ ਹੈ। ਇਸੇ ਤਰ੍ਹਾਂ ਸਥਿਰਤਾ ਜਾਂ ਅਡੋਲਤਾ ਵੀ ਉਸ ਦਾ ਇੱਕ ਗੁਣ ਹੈ। ਜੀਵਨ ਵਿਚਲੀ ਭੱਜ-ਦੌੜ, ਇਸ ਦੀਆਂ ਚਿੰਤਾਵਾਂ, ਸਮੱਸਿਆਵਾਂ, ਇਸ ਵਿਚਲੀਆਂ ਆਸ਼ਾਵਾਂ, ਅਕਾਂਕਸ਼ਾਵਾਂ, ਇਸ ਦੇ ਸਹਿਮ, ਸੁਪਨੇ ਅਤੇ ਵਿਰੋਧ—ਮਨ ਨੂੰ ਚੰਚਲ ਕਰਦੇ ਹਨ, ਇਸ ਦੇ ਵਿਕਾਸ ਦਾ ਰਾਹ ਰੋਕਦੇ ਹਨ। ਇਸ ਮਹਾਂ ਉੱਦਿਆਨ ਦੀ ਭਟਕਣ ਵਿੱਚ ਕਲਾ, ਮਨੁੱਖੀ ਮਨ ਨੂੰ ਸਥਿਰਤਾ ਅਤੇ ਇਕਾਗਰਤਾ ਦੀ ਉਂਗਲੀ ਲਾ ਕੇ ਵਿਕਾਸ-ਮਾਰਗ ਉੱਤੇ ਤੋਰ ਸਕਦੀ ਹੈ। ਅਜੇਹਾ ਕਰਨ ਲਈ ਕਲਾ ਦਾ ਸ਼ਾਂਤ-ਰਸ-ਪ੍ਰਧਾਨ ਹੋਣਾ ਜ਼ਰੂਰੀ ਹੈ।"

"ਰੌਦਰ, ਵੀਭਸਤ, ਭਿਆਨਕ ਅਤੇ ਬੀਰ-ਰਸ ਨੂੰ ਤਾਂ ਕਲਾ ਦੇ ਘਰ ਕੋਈ ਥਾਂ ਨਹੀਂ ਮਿਲੇਗਾ। ਹਾਸ ਅਤੇ ਸ਼ਿੰਗਾਰ ਨੂੰ ਵੀ ਕਰੜੀ ਮਰਿਆਦਾ ਵਿੱਚ ਰਹਿਣਾ ਪਵੇਗਾ। ਤੁਸੀਂ ਕਲਾ ਦਾ ਘੇਰਾ ਸੀਮਿਤ ਕਰ ਦਿਉਗੇ।"

"ਕਰ ਦੇਣਾ ਚਾਹੁੰਦੀ ਹਾਂ। ਕਰ ਸਕਾਂਗੀ—ਇਸ ਬਾਰੇ ਕੁਝ ਨਹੀਂ ਕਹਿ ਸਕਦੀ। ਸ੍ਰੇਸ਼ਟ ਕਲਾ ਉਂਜ ਵੀ ਥੋੜ੍ਹੀ ਜਿਹੀ ਹੁੰਦੀ ਹੈ। ਰੁੱਖ ਨੂੰ ਨਿਰੇ ਫਲ ਜਾਂ ਫੁੱਲ ਹੀ ਨਹੀਂ ਲੱਗਦੇ, ਪੁਸ਼ਪੇਂਦ੍ਰ, ਟਾਹਣ, ਟਹਿਣੀਆਂ, ਸ਼ਾਖਾਂ, ਪੱਤੇ ਅਤੇ ਕੰਡੇ ਆਦਿਕ ਬਿਰਖ ਦਾ ਬਹੁਤਾ ਭਾਗ ਹੁੰਦੇ ਹਨ—ਸਦੀਵੀ ਭਾਗ। ਫਲ-ਫੁੱਲ ਦੀ ਬਹਾਰ ਤਾਂ ਸਾਲ ਵਿੱਚ ਇੱਕ ਵੇਰ ਆਉਂਦੀ ਹੈ।"

"ਇੱਕ ਗੱਲ ਹੋਰ ਕਹਿਣੀ ਚਾਹਵਾਂਗੀ—ਇਸ ਨੂੰ ਆਪਣੇ ਵਿਚਾਰਾਂ ਦਾ ਵਿਰੋਧ ਨਾ ਸਮਝਣਾ, ਕੋਮਲ ਭਾਵ ਵੀ ਤਾਂ ਮਨ ਨੂੰ ਚੰਚਲ ਕਰਦੇ ਹਨ।"

"ਨਹੀਂ ਪੁਸ਼ਪੇ, ਭਾਵ-ਸ਼ੂਨ ਮਨ ਸੁੰਦਰ ਨਹੀਂ ਹੁੰਦਾ—ਬੀਮਾਰ ਹੁੰਦਾ ਹੈ, ਓਨਾ ਹੀ ਜਿੰਨਾ ਕਠੋਰ ਭਾਵੀ ਮਨ—ਉਸ ਨਾਲੋਂ ਵੀ ਬਹੁਤਾ ਬੀਮਾਰ। ਦਇਆ, ਕਰੁਣਾ, ਸਹਾਨੁਭੂਤੀ ਅਤੇ ਵਾਸਤਲ ਆਦਿਕ ਕੋਮਲ ਭਾਵ ਮਨ ਦੀ ਸੁੰਦਰਤਾ ਹਨ। ਇਹ ਮਨ ਦੀ ਸਿਹਤ ਦੇ ਲਖਾਇਕ ਹਨ। ਇਹ ਸ਼ਾਂਤ ਦੇ ਸਹਿਯੋਗੀ ਵੀ ਹਨ। ਮੂਲੋਂ ਅੰਤ ਤਾਂ ਸ਼ਾਇਦ ਕਿਸੇ ਭਾਵ ਦਾ ਵੀ ਇੱਛਿਤ ਨਹੀਂ। ਮਨੋਰਥ ਹੈ ਮਨ ਦਾ ਅਜੇਹਾ ਵਿਕਾਸ, ਜਿਸ ਦੁਆਰਾ ਉਹ ਵਿਕਾਰਾਂ ਦੇ ਅਧੀਨ ਨਾ ਰਹਿ ਕੇ ਭਾਵਾਂ ਨੂੰ ਬੌਧਕ ਅਗਵਾਈ ਵਿੱਚ ਵਰਤ ਸਕੇ।"

"ਇਹ ਦੱਸਣ ਦੀ ਖੇਚਲ ਵੀ ਕਰੋ ਕਿ ਕਲਾ ਦਾ ਕਿਹੜਾ ਰੂਪ ਮਨ ਨੂੰ ਇਕਾਗਰ ਅਤੇ ਸ਼ਾਂਤ ਕਰਨ ਵਿੱਚ ਵਧੇਰੇ ਸਮਰੱਥ ਸਿੱਧ ਹੋ ਸਕਦਾ ਹੈ।"

"ਕਲਾ ਦੇ ਹਰ ਰੂਪ ਵਿੱਚ ਇਹ ਸਮਰੱਥਾ ਹੈ। ਮੇਰਾ ਖ਼ਿਆਲ ਹੈ, ਹੈ ਵੀ ਇੱਕੋ ਜੇਹੀ। ਤਾਂ ਵੀ ਬਾਗ਼ਬਾਨੀ ਅਤੇ ਇਮਾਰਤਸਾਜ਼ੀ ਨੂੰ ਮੈਂ ਵਧੇਰੇ ਆਦਰਯੋਗ ਸਮਝਦੀ ਹਾਂ।"

"ਉਹ ਕਿਉਂ ?"

"ਹਾਸੇ ਵਾਲੀ ਗੱਲ ਹੈ, ਬੇਟਾ ਜੀ ! ਸੁਣੋ; ਪਰ ਹੱਸਿਓ ਨਾ। ਪਹਿਲਾ ਕਾਰਨ ਇਹ ਹੈ ਕਿ ਇਹ ਕਲਾਂ ਬਹੁਤ ਸਾਰੇ ਮਨੁੱਖਾਂ ਨੂੰ ਕਲਾਕਾਰ ਹੋਣ ਦਾ ਅਵਸਰ ਦਿੰਦੀਆਂ ਹਨ। ਬਾਗ਼ਬਾਨੀ

ਤਾਂ ਹਰ ਕਿਸੇ ਨੂੰ ਆਪਣੇ ਜੋਗਾ ਕਲਾਕਾਰ ਬਣਾ ਦਿੰਦੀ ਹੈ। ਦੂਜਾ ਕਾਰਨ ਇਹ ਹੈ ਕਿ ਘਰ ਦੀ ਇਮਾਰਤ ਅਤੇ ਘਰ ਦੇ ਬਗ਼ੀਚੇ ਵਿੱਚ ਸਮਾਈ ਹੋਈ ਕਲਾ, ਸਾਡੇ ਜੀਵਨ ਦਾ ਬਹੁਤਾ ਸਮਾਂ ਸਾਡੇ ਸੰਪਰਕ ਵਿੱਚ ਰਹਿੰਦੀ ਹੈ, ਬਹੁਤ ਸਮੇਂ ਲਈ ਸਾਨੂੰ ਆਪਣੇ ਆਂਚਲ ਵਿੱਚ ਲੁਕਾਈ ਰੱਖਦੀ ਹੈ, ਆਪਣੀ ਗੋਦ ਵਿੱਚ ਖਿਡਾਉਂਦੀ ਹੈ, ਸਾਡੀ ਗੋਦ ਵਿੱਚ ਖੇਡਦੀ ਹੈ ਅਤੇ ਇਸ ਦਾ ਆਨੰਦ ਸੋਚਾਂ ਸਮਝਾਂ ਦੇ ਮਾਧਿਅਮ ਰਾਹੀਂ ਨਹੀਂ, ਸਗੋਂ ਗਿਆਨ ਇੰਦ੍ਰੀਆਂ ਰਾਹੀਂ ਸਿੱਧਾ ਹਿਰਦੇ ਵਿੱਚ ਪਰਵੇਸ਼ ਕਰਦਾ ਹੈ। ਬਹੁਤ ਹੋ ਗਈ ਇਹ ਚਰਚਾ। ਹੁਣ ਕੋਈ ਆਪਣੀ ਗੱਲ ਕਰੋ, ਬੇਟਾ।"

"ਪੁੱਛਣਾ ਤਾਂ ਇਹ ਚਾਹੁੰਦੀ ਸਾਂ ਮੈਂ ਕਿ ਘਰ ਦੁਆਲੇ ਕੀਤੀ ਹੋਈ ਇਹ ਦੀਵਾਰ ਹਟਾਈ ਕਿਉਂ ਗਈ ਹੈ। ਪਰ ਗੱਲਾਂ ਦਾ ਰੁਖ਼ ਕੁਝ ਵਧੇਰੇ ਗੰਭੀਰ ਹੋ ਗਿਆ ਲੱਗਦਾ ਹੈ।"

"ਕੋਈ ਵਕਤੀ ਲੋੜ ਸੀ, ਪੁਸ਼ਪਿਆ, ਜਿਸ ਲਈ ਇਹ ਦੀਵਾਰ ਉਸਾਰੀ ਗਈ ਸੀ। ਲੱਗਪੱਗ ਦਸ ਸਾਲ, ਸ਼ਾਇਦ ਇਸ ਤੋਂ ਵੀ ਜ਼ਿਆਦਾ, ਇਹ ਦੀਵਾਰ ਇਸ ਘਰ ਨੂੰ ਘੇਰ ਕੇ ਖਲੋਤੀ ਰਹੀ ਹੈ। ਹੁਣ ਇਸ ਦਾ ਮਲਬਾ ਕਿਸੇ ਚੰਗੇਰੇ ਕੰਮ ਲਈ ਵਰਤਿਆ ਜਾਵੇਗਾ। ਸੜਕ ਲਈ ਜਾਂ ਸਕੂਲ ਲਈ ਜਾਂ ਕਿਸੇ ਹੋਰ ਕੰਮ ਲਈ, ਇਹ ਫ਼ੈਸਲਾ ਮਾਲਕਾਂ ਦੇ ਹੱਥ ਹੈ; ਲੋਕਾਂ ਦੇ ਹੱਥ ਹੈ। ਕਿੰਨਾ ਸੁਹਣਾ ਦਿਨ ਹੈ, ਲਾਅਨ ਵਿੱਚ ਬੈਠ ਕੇ ਧੁੱਪ ਸੇਕੀਏ।"

ਅਸੀਂ ਲਾਅਨ ਵਿੱਚ ਆ ਬੈਠੀਆਂ। ਕੁਝ ਚਿਰ ਚੁੱਪ ਬੈਠਣ ਪਿੱਛੋਂ ਨੀਲੂ ਜੀ ਨੇ ਆਖਿਆ, "ਕਿੰਨੀ ਸੁਆਦਲੀ ਹੈ ਇਹ ਧੁੱਪ! ਕਵੀ ਨੇ ਐਵੇਂ ਨਹੀਂ ਆਖਿਆ, 'ਆ ਚੇਤਰ ਦੀਆਂ ਧੁੱਪਾਂ ਫੱਕੀਏ, ਬਹਿ ਕਿੱਕਰਾਂ ਦੀ ਛਾਵੇਂ'।"

"ਜਦੋਂ ਮੈਂ ਪਹਿਲੀ ਵੇਰ ਇਸ ਘਰ ਵਿੱਚ ਆਈ ਸਾਂ, ਉਦੋਂ ਇਹ ਪ੍ਰਸ਼ਨ ਮੇਰੇ ਮਨ ਵਿੱਚ ਉਪਜਿਆ ਸੀ ਕਿ ਇਸ ਅਲੌਕਿਕ ਸੁੰਦਰਤਾ ਨੂੰ ਉੱਚੀ ਚਾਰਦੀਵਾਰੀ ਵਿੱਚ ਕੈਦ ਕਿਉਂ ਕੀਤਾ ਗਿਆ ਹੈ ? ਅੱਜ ਜਦੋਂ ਉਹ ਚਾਰਦੀਵਾਰੀ ਹਟਾ ਦਿੱਤੀ ਗਈ ਹੈ ਤਾਂ ਫਿਰ ਉਹੋ ਪ੍ਰਸ਼ਨ ਪੁੱਛਣ ਦੀ ਇੱਛਾ ਹੋਈ ਹੈ।"

"ਪੁਸ਼ਪੇ, ਜਦੋਂ ਸੁਮੀਤ ਨੇ ਇਸ ਘਰ ਵਿੱਚ ਪਰਵੇਸ਼ ਕੀਤਾ ਸੀ, ਉਦੋਂ ਇਹ ਦੀਵਾਰ ਏਥੇ ਨਹੀਂ ਸੀ। ਇਹ ਘਰ ਅਜੇ ਅਧੂਰਾ ਸੀ। ਇਹ ਕਿਆਰੀਆਂ ਅਤੇ ਲਾਅਨ ਅਜੇ ਆਪਣੇ ਬਚਪਨ ਵਿੱਚ ਹੀ ਸਨ। ਗਰਮੀਆਂ ਦੀ ਰੁੱਤੇ, ਪੂਰਨਮਾਸ਼ੀ ਦੀ ਸਾਰੀ ਸਾਰੀ ਰਾਤ ਮੈਂ ਅਤੇ ਸੁਮੀਤ (ਤੇਰੇ ਅੰਕਲ ਜੀ), ਘਰ ਦੀ ਸਜਾਵਟ, ਬਗ਼ੀਚੇ ਦੀ ਵਿਉਂਤ ਅਤੇ ਆਪਣੇ ਆਲੇ-ਦੁਆਲੇ ਦੇ ਜੀਵਨ ਨੂੰ ਸੁਖਾਵਾਂ ਬਣਾਉਣ ਬਾਰੇ ਸੋਚਦੇ ਅਤੇ ਸਲਾਹਾਂ ਕਰਦੇ ਰਹਿੰਦੇ ਸਾਂ। ਬਗ਼ੀਚੇ ਦੀ ਇਹ ਵਿਉਂਤ ਸਾਨੂੰ ਦੋਹਾਂ ਨੂੰ ਪਸੰਦ ਆਈ ਸੀ ਅਤੇ ਇਸ ਅਨੁਸਾਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਸੀ। ਜਿਸ ਸਾਲ ਸੁਮੀਤ ਨੇ ਇਸ ਘਰ ਵਿੱਚ ਪਰਵੇਸ਼ ਕੀਤਾ ਸੀ, ਉਦੋਂ ਬਗ਼ੀਚੇ ਦਾ ਕੰਮ ਲੱਗਪੱਗ ਖ਼ਤਮ ਹੋ ਚੁੱਕਾ ਸੀ। ਤੇਰੇ ਅੰਕਲ ਜੀ ਜਦੋਂ ਵੀ ਘਰ ਆਉਂਦੇ, ਸੁਮੀਤ ਦੀ ਵਿੱਦਿਆ ਬਾਰੇ ਗੱਲਾਂ ਕਰਦੇ ਰਹਿੰਦੇ ਸਨ। ਸਾਲ ਦੇ ਵਿੱਚ ਵਿੱਚ ਸੁਮੀਤ ਬਿਲਕੁਲ ਤੰਦਰੁਸਤ ਹੋ ਗਿਆ ਸੀ ਅਤੇ ਇਸ ਸਮੇਂ ਵਿੱਚ ਉਸ ਦੀ ਵਿੱਦਿਆ ਦੀ ਵਿਉਂਤ ਬਣਾ ਕੇ ਲੋੜੀਂਦੀ ਸਾਮੱਗਰੀ ਇਕੱਠੀ ਕਰ ਲਈ ਗਈ ਸੀ ਅਤੇ ਹਸਪਤਾਲ ਦੀ ਨੌਕਰੀ ਛੱਡ ਦੇਣ ਦੀ ਸਲਾਹ ਕਰ ਲਈ ਸੀ ਤੇਰੇ ਅੰਕਲ ਨੇ।"

".....ਉਸ ਦਿਨ ਉਨ੍ਹਾਂ ਨੇ ਵਾਪਸ ਅੰਮ੍ਰਿਤਸਰ ਜਾਣਾ ਸੀ। ਸਵੇਰੇ ਦੋ ਢਾਈ ਵਜੇ ਉੱਠ ਕੇ ਇਸੇ ਲਾਅਨ ਵਿੱਚ ਆ ਗਏ। ਸੁਮੀਤ ਅਜੇ ਸੁੱਤਾ ਹੋਇਆ ਸੀ। ਮੈਂ ਉੱਠ ਕੇ ਚਾਹ ਬਣਾਉਣ ਵਿੱਚ ਰੁੱਝ ਗਈ। ਪਿਛਲੀ ਰਾਤ ਦੇ ਚੰਦ ਦੀ ਮੱਧਮ ਲੋਅ ਵਿੱਚ ਹੌਲੀ ਹੌਲੀ ਤੁਰਦੇ ਤੇਰੇ ਅੰਕਲ ਜੀ ਨੂੰ ਮੈਂ ਕਿਚਨ ਵਿੱਚੋਂ ਵੇਖ ਰਹੀ ਸਾਂ। ਚਾਹ ਦੇ ਦੋ ਪਿਆਲੇ ਬਰਾਂਡੇ ਵਿਚਲੀ ਮੇਜ਼ ਉੱਤੇ

ਰੱਖ ਕੇ, ਮੈਂ ਉਨ੍ਹਾਂ ਵੱਲ ਜਾਣ ਹੀ ਲੱਗੀ ਸਾਂ ਕਿ ਸੜਕ ਵਾਲੇ ਪਾਸਿਉਂ, ਉਨ੍ਹਾਂ ਉੱਤੇ ਗੋਲੀਆਂ ਦਾ ਜਿਵੇਂ ਮੀਂਹ ਵਰ੍ਹ ਪਿਆ। ਮੈਂ ਦੌੜ ਕੇ ਗਈ ਅਤੇ ਧਰਤੀ ਉੱਤੇ ਪਏ ਸੁਮੀਤ ਉੱਤੇ ਡਿੱਗ ਪਈ। ਸੁਮੀਤ ਉੱਤੇ ਪਈ ਮੈਂ ਹੋਰ ਗੋਲੀਆਂ ਦੀ ਉਡੀਕ ਕਰ ਰਹੀ ਸਾਂ। ਗੋਲੀ ਨਾ ਚਲਾਈ ਗਈ। ਮੈਂ ਸਿਰ ਚੁੱਕ ਕੇ ਸੜਕ ਵੱਲ ਵੇਖਿਆ। ਚੰਨ ਦੀ ਮੱਧਮ ਚਾਨਣੀ ਵਿੱਚ ਇੱਕ ਮਨੁੱਖੀ ਆਕਾਰ ਖਲੋਤਾ ਦਿੱਸਿਆ। ਮੇਰੇ ਵੇਖਦਿਆਂ ਉਸ ਨੇ ਆਪਣੀ ਬੰਦੂਕ ਆਪਣੇ ਮੋਢੇ ਉੱਤੇ ਟੰਗ ਲਈ। ਇੱਕ ਮੋਟਰ ਸਾਈਕਲ ਉਸ ਕੋਲ ਆ ਕੇ ਰੁਕੀ। ਉਹ ਇਸ ਦੀ ਪਿਛਲੀ ਸੀਟ ਉੱਤੇ ਬੈਠ ਗਿਆ। ਮੋਟਰ ਸਾਈਕਲ ਦੇ ਚੱਲਦਿਆਂ ਹੀ ਦੋ ਗੋਲੀਆਂ ਚੱਲਣ ਦੀ ਆਵਾਜ਼ ਆਈ ਅਤੇ ਮੁੜ ਸੰਨਾਟਾ ਪੱਸਰ ਗਿਆ। ਮੈਂ ਸੁਮੀਤ ਨੂੰ ਚੁੱਕ ਕੇ ਘਰ ਵੱਲ ਲੈ ਜਾਣ ਦਾ ਜਤਨ ਕਰ ਰਹੀ ਸਾਂ ਕਿ ਪਿੰਡ ਦੇ ਲੋਕ ਮੇਰੀ ਸਹਾਇਤਾ ਲਈ ਆ ਗਏ। ਮੂੰਹ ਭਾਰ ਡਿੱਗੇ ਸੁਮੀਤ ਦਾ ਸਾਰਾ ਸਰੀਰ ਛੇਕੋ-ਛੇਕ ਹੋਇਆ ਪਿਆ ਸੀ। ਅਸਹਿ ਪੀੜ ਨਾਲ ਉਸ ਦੇ ਅੰਗ ਮਰੋੜੇ ਖਾ ਰਹੇ ਸਨ। ਉਸ ਨੇ ਆਪਣੇ ਦੋਹਾਂ ਹੱਥਾਂ ਨਾਲ ਕਿਆਰੀ ਦੇ ਘਾਹ ਦੀਆਂ ਮੁੱਠਾਂ ਭਰੀਆਂ ਹੋਈਆਂ ਸਨ। ਏਨਾ ਘੁੱਟ ਕੇ ਫੜਿਆ ਹੋਇਆ ਸੀ ਉਸ ਨੇ ਘਾਹ ਨੂੰ ਜਿਵੇਂ ਉਹ ਘਾਹ ਨਹੀਂ, ਉਸ ਦਾ ਜੀਵਨ ਸੀ ਅਤੇ ਉਹ ਆਪਣੇ ਜੀਵਨ ਦੀ ਪਕੜ ਨੂੰ ਢਿੱਲੀ ਨਹੀਂ ਸੀ ਹੋਣ ਦੇਣਾ ਚਾਹੁੰਦਾ।"

".....ਲੋਕ ਉਸ ਨੂੰ ਚੁੱਕ ਕੇ ਆਪ੍ਰੇਸ਼ਨ ਥੀਏਟਰ ਵਿੱਚ ਲੈ ਗਏ। ਲਹੂ ਤੋਂ ਸਿਵਾ ਹੋਰ ਸਭ ਕੁਝ ਸੀ ਥੀਏਟਰ ਵਿੱਚ। ਸੁਮੀਤ ਦੇ ਸਰੀਰ ਵਿੱਚੋਂ ਬੇਰੋਕ ਲਹੂ ਵਗ ਰਿਹਾ ਸੀ। ਕਿੱਥੋਂ ਕਿੱਥੋਂ ਰੋਕਦੀ ਮੈਂ ਲਹੂ ਨੂੰ ਵਗਣੋਂ। ਇਕੱਲੀ ਦੇ ਵੱਸ ਦੀ ਗੱਲ ਨਹੀਂ ਸੀ। ਸੁਮੀਤ ਵੀ ਉੱਠ ਕੇ ਆ ਗਿਆ ਸੀ। ਹੈਰਾਨ ਖੜਾ ਵੇਖੀ ਜਾ ਰਿਹਾ ਸੀ। ਮੈਨੂੰ ਉਸ ਦਾ ਫ਼ਿਕਰ ਹੋਣ ਲੱਗ ਪਿਆ। ਏਨੇ ਨੂੰ ਪ੍ਰੋਫ਼ੈਸਰ ਅੰਕਲ ਜੀ ਵੀ ਆ ਗਏ। ਮੈਨੂੰ ਕੁਝ ਧਰਵਾਸ ਮਿਲੀ। ਸੁਮੀਤ ਨੂੰ ਪੂਰੀ ਹੋਸ਼ ਸੀ ਅਤੇ ਉਹ ਆਪਣੀ ਪੀੜ ਨਾਲ ਘੁਲ ਰਿਹਾ ਸੀ, ਪੂਰਾ ਜ਼ੋਰ ਲਾ ਕੇ। ਮੈਂ ਆਪ੍ਰੇਸ਼ਨ ਦਾ ਸਾਮਾਨ ਤਿਆਰ ਕਰਨ ਲੱਗ ਪਈ। ਪਿੰਡ ਦੀਆਂ ਸੁਘੜ ਕੁੜੀਆਂ ਮੇਰੀ ਪੂਰੀ ਪੂਰੀ ਮਦਦ ਕਰ ਰਹੀਆਂ ਸਨ। ਉਹ ਇਸ ਕੰਮੋਂ ਉੱਕੀਆਂ ਅਣਜਾਣ ਨਹੀਂ ਸਨ।"

ਪਿੰਡ ਦੇ ਲੋਕਾਂ ਨੇ ਬੰਦੂਕਧਾਰੀ ਨੂੰ ਫੜ ਲਿਆ ਸੀ। ਉਸ ਨੂੰ ਦੋ ਗੋਲੀਆਂ ਲੱਗ ਚੁੱਕੀਆਂ ਸਨ। ਉਸ ਦਾ ਸਾਥੀ ਉਸ ਨੂੰ ਮੋਟਰ ਸਾਈਕਲ ਉੱਤੋਂ ਥੱਲੇ ਸੁੱਟ ਕੇ ਆਪ ਜਾਨ ਬਚਾ ਕੇ ਦੌੜ ਗਿਆ ਸੀ। ਲੋਕ ਉਸ ਜ਼ਖ਼ਮੀ ਨੂੰ ਵੀ ਅੰਦਰ ਲੈ ਆਏ। ਮੈਂ ਉਸ ਵੱਲ ਵੇਖਿਆ, ਉਸ ਨੇ ਮੇਰੇ ਵੱਲ ਵੇਖਿਆ ਅਤੇ ਨੀਵੀਂ ਪਾ ਲਈ। ਅਸੀਂ ਇੱਕ ਦੂਜੇ ਨੂੰ ਪਛਾਣਦੇ ਸਾਂ। ਉਹ ਸੁਮੀਤ ਦਾ ਸਹਿਪਾਠੀ ਸੀ। ਦੋਹਾਂ ਨੇ ਇਕੱਠਿਆਂ ਐਮ.ਬੀ.ਬੀ.ਐਸ. ਕੀਤੀ ਸੀ। ਸੁਮੀਤ ਨੇ ਮੈਨੂੰ ਆਪਣੇ ਕੋਲ ਬੁਲਾ ਕੇ ਆਖਿਆ, "ਨੀਲੂ, ਮੈਂ ਬਚ ਨਹੀਂ ਸਕਦਾ। ਇਸ ਲਈ ਮੈਨੂੰ ਛੱਡ ਕੇ ਉਸ ਆਦਮੀ ਦੀ ਫ਼ਿਕਰ ਕਰ।"

"ਸੁਮੀਤ, ਉਹ ਤੇਰਾ ਕਾਤਿ.....।"

"ਤੂੰ ਇੱਕ ਸਰਜਨ ਹੈਂ; ਆਪ੍ਰੇਸ਼ਨ ਥੀਏਟਰ ਵਿੱਚ ਖੜੀ ਹੈਂ; ਉਹ ਇੱਕ ਜ਼ਖ਼ਮੀ ਹੈ; ਤੇਰਾ ਕੰਮ ਸਜ਼ਾ ਦੇਣਾ ਨਹੀਂ, ਜਾਨ ਬਚਾਉਣਾ ਤੇਰਾ ਕੰਮ ਹੈ.....।"

ਅਤੇ ਕਹਿੰਦਾ ਕਹਿੰਦਾ ਸੁਮੀਤ ਅਸ਼ਕਤ ਹੋਣ ਲੱਗ ਪਿਆ। ਉਸ ਦੇ ਬੁੱਲ੍ਹ ਫਰਕੇ ਅਤੇ ਹੌਲੀ ਹੌਲੀ ਆਵਾਜ਼ ਆਈ, "ਆਪਣੀ ਸੌਗੰਧ ਚੇਤੇ ਕਰੋ ਨੀਲੋ ਜੀ.....।"

ਡਾਕਟਰ ਹੋਣ ਦੇ ਨਾਤੇ ਮੈਨੂੰ ਪਤਾ ਸੀ ਕਿ ਸੁਮੀਤ ਨੂੰ ਬਚਾਉਣਾ ਅਸੰਭਵ ਹੈ। ਇਸ ਲਈ ਉਸ ਦੀ ਇੱਛਾ ਜਾਂ ਆਗਿਆ ਦਾ ਪਾਲਣ ਕਰਦੀ ਹੋਈ ਮੈਂ ਆਪਣੇ ਦੂਜੇ ਮਰੀਜ਼ ਵੱਲ ਮੁੜ ਪਈ। ਦੁਨਾਲੀ ਬੰਦੂਕ ਦੀ ਗੋਲੀ ਦੇ ਚਾਰ ਮੋਟੇ ਛੱਰੇ ਉਸ ਦੇ ਮੌਰਾਂ ਵਿੱਚ ਖੁੱਭੇ ਹੋਏ

ਸਨ। ਇੱਕ ਇੱਕ ਕਰ ਕੇ ਸਾਰੇ ਕੱਢ ਦਿੱਤੇ ਗਏ। ਉਸ ਦੀ ਪੱਟੀ ਕਰ ਕੇ ਜਦੋਂ ਮੈਂ ਵਿਹਲੀ ਹੋ ਕੇ ਸੁਮੀਤ ਵੱਲ ਮੁੜੀ ਤਾਂ ਵੇਖਿਆ, ਉਸ ਦੇ ਚਿਹਰੇ ਉੱਤੇ ਇੱਕ ਸੁੰਦਰ ਮੁਸਕਾਨ ਫੈਲੀ ਹੋਈ ਸੀ। ਅਲਵਿਦਾ ਕਹਿਣ ਲਈ ਜਾਂ ਅਸ਼ੀਰਵਾਦ ਦੇਣ ਲਈ ਉਸ ਨੇ ਹੱਥ ਉੱਪਰ ਚੁੱਕਣੇ ਚਾਹੇ; ਚੁੱਕੇ ਨਾ ਗਏ, ਉਸ ਦੀ ਛਾਤੀ ਉੱਤੇ ਡਿੱਗ ਪਏ। ਉਸ ਦੀਆਂ ਦੋਹਾਂ ਮੁੱਠਾਂ ਵਿੱਚ ਪਕੜਿਆ ਘਾਹ ਡਿੱਗ ਕੇ ਉਸ ਦੀ ਚੌੜੀ ਹਿੱਕ ਉੱਤੇ ਖਿੱਲਰ ਗਿਆ।"

"....ਦਿਨ ਚੜ੍ਹਨ ਉੱਤੇ ਪੁਲੀਸ ਨੂੰ ਰਿਪੋਰਟ ਦੇ ਦਿੱਤੀ ਗਈ ਕਿ ਸੁਮੀਤ ਦੀ ਹੱਤਿਆ ਕਰ ਕੇ ਆਤੰਕਵਾਦੀ ਫ਼ਰਾਰ ਹੋ ਗਏ ਹਨ। ਸੁਮੀਤ ਦਾ ਅੰਤਮ ਸੰਸਕਾਰ ਕਰ ਲਿਆ ਜਾਣ ਪਿੱਛੋਂ ਇਸ ਘਰ ਦੁਆਲੇ ਉੱਚੀ ਦੀਵਾਰ ਦੀ ਉਸਾਰੀ ਆਰੰਭ ਹੋ ਗਈ।"

"ਨੀਲੂ ਜੀ ਖ਼ਾਮੋਸ਼ ਹੋ ਗਏ। ਮੂੰਹ ਉਤਾਂਹ ਨੂੰ ਕਰ ਕੇ ਨਿਰਮਲ ਨੀਲਾਣ ਵਿੱਚ ਵੇਖਦਿਆਂ ਵੇਖਦਿਆਂ ਉਨ੍ਹਾਂ ਨੇ ਹੌਲੀ ਹੌਲੀ ਅੱਖਾਂ ਬੰਦ ਕਰ ਲਈਆਂ। ਕੁਝ ਚਿਰ ਇਵੇਂ ਚੁੱਪ ਰਹਿ ਕੇ ਬੋਲੇ, "ਧੁੱਪ ਚੁਭਣ ਲੱਗ ਪਈ ਹੈ, ਪੁਸ਼ਪੇ।"

ਮੈਨੂੰ ਇਉਂ ਲੱਗਾ ਜਿਵੇਂ ਉਹਨਾਂ ਦੀ ਆਵਾਜ਼ ਮੈਂ ਸੁਣੀ; ਪਰ ਉਨ੍ਹਾਂ ਦੀ ਗੱਲ ਨਹੀਂ ਸੀ ਸਮਝੀ। ਇਸ ਲਈ ਉਨ੍ਹਾਂ ਦੀ ਅੰਤਲੀ ਗੱਲ ਵੱਲ ਧਿਆਨ ਦਿੱਤੇ ਬਿਨਾਂ ਹੀ ਮੈਂ ਪੁੱਛਿਆ, "ਉਸ ਹਤਿਆਰੇ ਦਾ ਕੀ ਬਣਿਆ।"

ਨੀਲੂ ਜੀ ਨੇ ਇੱਕ ਲੰਮਾ ਸਾਹ ਲੈ ਕੇ ਆਖਿਆ, "ਹ.....ਤਿ.....ਆ.....ਰਾ.....? ਨਹੀਂ ਹਤਿਆਰਾ ਨਹੀਂ, ਡਾਕਟਰ ਦੇਵ। ਕੁਝ ਦਿਨਾਂ ਵਿੱਚ ਹੀ ਉਹ ਠੀਕ ਹੋ ਗਿਆ ਸੀ। ਪ੍ਰੋਫ਼ੈਸਰ ਅੰਕਲ ਨੇ ਉਸ ਨੂੰ ਪੁੱਛਿਆ, "ਸੁਣਾ ਬਰਖ਼ੁਰਦਾਰ, ਤੂੰ ਕਿੱਥੇ ਜਾਣਾ ਚਾਹੁੰਦਾ ਹੈਂ ? ਤੇਰੇ ਜਾਣ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ; ਪਰ ਤੇਰੀ ਏ.ਕੇ. 47 ਤੈਨੂੰ ਵਾਪਸ ਨਹੀਂ ਦਿੱਤੀ ਜਾ ਸਕੇਗੀ। ਉਹ ਜ਼ਾਇਆ ਕਰ ਦਿੱਤੀ ਗਈ ਹੈ।"

ਉਸ ਨੇ ਨੀਵੀਂ ਪਾਈ ਉੱਤਰ ਦਿੱਤਾ, "ਪ੍ਰੋਫ਼ੈਸਰ ਸਾਹਿਬ, ਮੈਂ ਕਿਤੇ ਜਾਣਾ ਨਹੀਂ ਚਾਹੁੰਦਾ। ਇਹ ਜੀਵਨ ਹੁਣ ਤੋਂ ਮੇਰਾ ਨਹੀਂ, ਤੁਹਾਡੀ ਸਾਰਿਆਂ ਦੀ ਅਮਾਨਤ ਹੈ। ਤੁਸੀਂ ਜਿਵੇਂ ਚਾਹੋ.....।"

"ਉਹ ਢਾਈ ਮਹੀਨੇ ਇਸ ਘਰ ਵਿੱਚ ਰਿਹਾ ਸੀ। ਉਪਰੋਕਤ ਸ਼ਬਦਾਂ ਤੋਂ ਸਿਵਾ ਉਸ ਨੇ ਹੋਰ ਇੱਕ ਵੀ ਸ਼ਬਦ ਕਦੇ ਮੂੰਹੋਂ ਨਹੀਂ ਸੀ ਬੋਲਿਆ। ਘਰੋਂ ਬਾਹਰ ਵੀ ਕਦੇ ਨਹੀਂ ਸੀ ਨਿਕਲਿਆ। ਅੰਕਲ ਜੀ ਨੇ ਆਪਣਾ ਅਸਰ ਰਸੂਖ਼ ਵਰਤ ਕੇ ਉਸ ਦੇ ਲੰਡਨ ਜਾਣ ਦਾ ਪ੍ਰਬੰਧ ਕਰ ਦਿੱਤਾ। ਜਾਣ ਲੱਗਿਆਂ ਉਹ ਸੁਮੀਤ ਦੇ ਗਲ ਲੱਗ ਕੇ ਬਹੁਤ ਰੋਇਆ। ਆਪਣੀ ਪੱਗ ਨਾਲੋਂ ਇੱਕ ਨਿੱਕੀ ਜਿਹੀ ਲੀਰ ਪਾੜ ਕੇ ਉਸ ਨੇ ਮੈਨੂੰ ਦਿੱਤੀ ਅਤੇ ਆਪਣਾ ਸੱਜਾ ਹੱਥ ਮੇਰੇ ਸਾਹਮਣੇ ਕਰ ਦਿੱਤਾ। ਕਿਸੇ ਦੁਚਿਤੀ ਵਿੱਚ ਸਾਂ ਮੈਂ। ਪ੍ਰੋਫ਼ੈਸਰ ਅੰਕਲ ਨੇ ਮੇਰੇ ਮੋਢੇ ਉੱਤੇ ਹੱਥ ਰੱਖ ਕੇ ਮੇਰਾ ਮਾਰਗ-ਦਰਸ਼ਨ ਕੀਤਾ। ਅੱਜ ਮੈਂ ਇੱਕ ਚੰਗੇ ਭਰਾ ਦੀ ਭੈਣ ਹਾਂ।"

ਸਨੇਹਾ, ਸੁਮੀਤ ਦੇ ਆ ਜਾਣ ਨਾਲ ਘਰ ਦਾ ਵਾਤਾਵਰਣ ਬਿਲਕੁਲ ਬਦਲ ਗਿਆ। ਉਹ ਆਪਣੇ ਨਾਲ ਕਈ ਗੰਭੀਰ ਵਿਸ਼ੇ ਲੈ ਕੇ ਆਇਆ ਸੀ। ਦਿਨ ਦਾ ਬਾਕੀ ਹਿੱਸਾ ਉਹ ਦੋਵੇਂ ਉਨ੍ਹਾਂ ਬਾਰੇ ਗੱਲਾਂ ਕਰਦੇ ਰਹੇ। ਉਸ ਵਾਰਤਾਲਾਪ ਵਿੱਚ ਮੈਂ, ਇੱਕ ਤਰ੍ਹਾਂ ਦੀ, ਨਿਮਰ ਸ੍ਰੋਤਾ ਹੀ ਸਾਂ। ਸੁਣਦਿਆਂ ਸੁਣਦਿਆਂ ਇੱਕ ਵਿਸਮਾਦ ਵਿੱਚ ਲੀਨ ਹੋ ਗਈ। ਉਨ੍ਹਾਂ ਦੇ ਲਾਗੇ ਬੈਠਣਾ ਕਿਸੇ ਸੌਂਦਰਯ-ਸਰੋਵਰ ਦੇ ਕੰਢੇ ਬੈਠਣ ਤੁੱਲ ਸੀ।

ਪ੍ਰੋਫ਼ੈਸਰ ਅੰਕਲ ਦੇ ਲੰਡਨ ਨਿਵਾਸੀ ਮਿੱਤ੍ਰ ਦਾ ਪਤਾ ਮੈਂ ਨਹੀਂ ਪੁੱਛ ਸਕੀ। ਸੋਚਦੀ ਹਾਂ, ਕਿਤੇ ਉਹ ਆਦਮੀ ਨੀਲੂ ਜੀ ਦਾ ਧਰਮ-ਭਰਾ ਹੀ ਤਾਂ ਨਹੀਂ।

ਪੁਸ਼ਪੇਂਦ੍ਰ।

## 23

ਈਸਟ ਹੈਮ,
22.3.96.

ਪੁਸ਼ਪੇਂਦ੍ਰ,

19 ਮਾਰਚ, ਮੰਗਲਵਾਰ ਨੂੰ ਸਵੇਰ ਦੀ ਡਾਕ ਵਿੱਚ ਤੇਰਾ ਪੱਤ੍ਰ ਮਿਲਿਆ ਸੀ। ਪੜ੍ਹ ਕੇ ਮੇਰੇ ਪੈਰਾਂ ਹੇਠੋਂ ਧਰਤੀ ਜਿਵੇਂ ਨਿਕਲ ਹੀ ਗਈ। ਡਾਕਟਰ ਦੇਵ ਬਾਰੇ ਮੈਂ ਨੀਰਜ ਕੋਲੋਂ ਸੁਣ ਕੇ ਅਣ-ਸੁਣਿਆ ਕਰ ਦਿੱਤਾ ਸੀ। ਕੁਝ ਇਸ ਤਰ੍ਹਾਂ ਸੋਚ ਲਿਆ ਸੀ ਕਿ ਉਸ ਨੇ ਨੀਰਜ ਨੂੰ ਸਮਝਾਉਣ ਲਈ ਕੋਈ ਕਹਾਣੀ ਘੜ ਲਈ ਹੋਵੇਗੀ। ਇਹ ਕਿਵੇਂ ਹੋ ਸਕਦਾ ਹੈ ਕਿ ਇੱਕ ਪੜ੍ਹਿਆ ਲਿਖਿਆ ਨੇਕ ਆਦਮੀ ਏਨਾ ਭਿਆਨਕ.....। ਇਸ ਸੰਬੰਧ ਵਿੱਚ ਪਾਪਾ ਨਾਲ ਕੋਈ ਗੱਲ ਕਰਨੀ ਮੈਨੂੰ ਉਚਿਤ ਨਾ ਲੱਗੀ। ਸਵੇਰ ਦੇ ਘਰੇਲੂ ਕੰਮ ਤੋਂ ਵਿਹਲੀ ਹੋ ਕੇ ਮੈਂ ਕਾਰ ਵਿੱਚ ਬੈਠੀ ਅਤੇ ਰਾਇਲ ਲੰਡਨ ਹਾਸਪੀਟਲ ਵਾਈਟਚੈਪਲ ਜਾ ਕੇ ਤੇਰਾ ਪੱਤ੍ਰ ਨੀਰਜ ਨੂੰ ਪਕੜਾ ਦਿੱਤਾ। ਪੱਤ੍ਰ ਪੜ੍ਹ ਲੈਣ ਪਿੱਛੋਂ ਉਸ ਨੇ ਆਪਣੀ ਹੈਰਾਨੀ ਇਨ੍ਹਾਂ ਸ਼ਬਦਾਂ ਵਿੱਚ ਪ੍ਰਗਟ ਕੀਤੀ, "ਦੀਦੀ, ਡਾ.....ਕ.....ਟ.....ਰ ਦੇਵ ?"

ਉਸ ਨੂੰ ਮੋਢਿਉਂ ਫੜ ਕੇ ਹਲੂਣਦਿਆਂ ਹੋਇਆਂ ਮੈਂ ਆਖਿਆ, "ਨੀਰਜ ਤੂੰ ਤਾਂ ਇਹ ਸਭ ਉਸ ਦੇ ਮੂੰਹੋਂ ਸੁਣਿਆ ਹੋਇਆ ਹੈ। ਫਿਰ ਏਨੀ ਹੈਰਾਨੀ ਕਿਉਂ ?"

"ਦੀਦੀ ਸੁਣਿਆ ਸੀ, ਪਰ ਸੱਚ ਨਹੀਂ ਸੀ ਮੰਨਿਆ; ਹੁਣ ਵੀ ਮੰਨਣ ਨੂੰ ਜੀ ਨਹੀਂ ਕਰਦਾ।"

"ਸੱਚ ਨਹੀਂ ਸੀ ਮੰਨਿਆ ? ਫਿਰ ਤੂੰ ਏਡੀ ਛੇਤੀ ਬਦਲ ਕਿਵੇਂ ਗਈ ?"

"ਮੇਰੇ ਵਿਚਾਰਾਂ ਵਿੱਚ ਤਬਦੀਲੀ ਦਾ ਕਾਰਨ ਕਿਸੇ ਕਹਾਣੀ ਦੀ ਭਿਆਨਕਤਾ ਜਾਂ ਕਿਸੇ ਘਟਨਾ ਦੀ ਅਸਾਧਾਰਣਤਾ ਨਹੀਂ ਸੀ। ਨਾ ਹੀ ਇਹ ਏਨੀ ਛੇਤੀ ਬਦਲੇ ਸਨ। ਇਸ ਤਬਦੀਲੀ ਦਾ ਕਾਰਨ ਸੀ ਡਾਕਟਰ ਦੇਵ ਜੀ ਦੇ ਵਿਵਹਾਰ ਦੀ ਸੁੰਦਰਤਾ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਵਿਗਿਆਨਕਤਾ। ਪਰੰਤੂ ਦੀਦੀ, ਇਨ੍ਹਾਂ ਗੱਲਾਂ ਲਈ ਇਹ ਯੋਗ ਥਾਂ ਨਹੀਂ। ਸ਼ਾਮ ਨੂੰ ਮੈਂ ਤੁਹਾਡੇ ਕੋਲ ਆਵਾਂਗੀ। ਇਸ ਸਮੇਂ ਮੈਂ ਇਹ ਸੋਚਣਾ ਚਾਹੁੰਦੀ ਹਾਂ ਕਿ ਇਹ ਸਭ ਕੁਝ ਜਾਣ ਲੈਣ ਪਿੱਛੋਂ ਹੁਣ ਮੈਂ ਦੇਵ ਵੀਰ ਜੀ ਵੱਲ ਵੇਖਣਾ ਕਿਵੇਂ ਹੈ। ਇਹ ਪੱਤ੍ਰ ਮੈਨੂੰ ਦੇਂਦੇ ਜਾਉ। ਮੈਂ ਇੱਕ ਵੇਰ ਮੁੜ ਪੜ੍ਹਨਾ ਚਾਹੁੰਦੀ ਹਾਂ।"

ਪੱਤ੍ਰ ਨੀਰਜ ਨੂੰ ਦੇ ਕੇ ਮੈਂ ਘਰ ਪਰਤ ਆਈ। ਨੀਰਜ ਉਸੇ ਦਿਨ ਸ਼ਾਮ ਨੂੰ ਮੈਨੂੰ ਆ ਮਿਲੀ ਅਤੇ ਦੱਸਿਆ, "ਦੀਦੀ, ਇਸ ਪੱਤ੍ਰ ਨੂੰ ਦੁਬਾਰਾ ਪੜ੍ਹ ਕੇ ਅਤੇ ਦੇਵ ਵੀਰ ਜੀ ਦੀ ਦੱਸੀ ਗੱਲ ਨੂੰ ਚੰਗੀ ਤਰ੍ਹਾਂ ਚੇਤੇ ਕਰ ਕੇ ਮੈਨੂੰ ਪੂਰਾ ਭਰੋਸਾ ਹੋ ਗਿਆ ਕਿ ਨੀਲੂ ਜੀ, ਜਿਸ ਆਦਮੀ ਦਾ ਜ਼ਿਕਰ ਕਰ ਰਹੇ ਹਨ, ਉਹ ਸਾਡੇ ਡਾ. ਦੇਵ ਜੀ ਹੀ ਹਨ। ਇਹ ਯਕੀਨ ਹੋ

ਜਾਣ ਉੱਤੇ ਉਨ੍ਹਾਂ ਨੂੰ ਮਿਲਨ ਦੀ ਇੱਛਾ ਵਿੱਚ ਵੀ ਵਾਧਾ ਹੋਇਆ ਅਤੇ ਝਿਜਕ ਵੀ ਵੱਧ ਗਈ ਹੈ। ਮੈਂ ਇਕੱਲੀ ਉਨ੍ਹਾਂ ਦੇ ਸਾਹਮਣੇ ਨਹੀਂ ਜਾ ਸਕਦੀ। ਸ਼ਾਇਦ ਕੋਈ ਵੀ ਉਨ੍ਹਾਂ ਕੋਲੋਂ ਇਸ ਸੰਬੰਧ ਵਿੱਚ ਕੁਝ ਪੁੱਛ ਨਹੀਂ ਸਕਦਾ। ਕਿੰਨੀ ਅਜੀਬ ਪਰਸਥਿਤੀ ਹੈ! ਅਚਾਨਕ....।"

"ਕੀ ਹੋ ਗਿਆ ਹੈ ਅਚਾਨਕ, ਨੀਰਜ ਬੇਟਾ ?" ਡ੍ਰਾਇੰਗ-ਰੂਮ ਵਿੱਚ ਆਉਂਦਿਆਂ ਮਾਤਾ ਜੀ ਨੇ ਨੀਰਜ ਦਾ ਆਖ਼ਰੀ ਸ਼ਬਦ ਸੁਣ ਕੇ ਅਤੇ ਸਾਡੇ ਚਿਹਰਿਆਂ ਉੱਤੇ ਸਾਡੀ ਪਰੇਸ਼ਾਨੀ ਪੜ੍ਹ ਕੇ ਪੁੱਛਿਆ। ਅਸੀਂ ਦੋਵੇਂ ਇੱਕ ਦੂਜੀ ਵੱਲ ਦੇਖ ਕੇ ਇਸ ਫ਼ੈਸਲੇ ਉੱਤੇ ਪੁੱਜਣ ਦਾ ਜਤਨ ਕਰ ਰਹੀਆਂ ਸਾਂ ਕਿ ਮਾਤਾ ਜੀ ਦੇ ਪ੍ਰਸ਼ਨ ਦਾ ਉੱਤਰ 'ਕੀ' ਅਤੇ ਸਾਡੇ ਦੋਹਾਂ ਵਿੱਚੋਂ 'ਕਿਸ' ਦੁਆਰਾ ਦਿੱਤਾ ਜਾਵੇ ਕਿ ਪਾਪਾ ਵੀ ਆ ਗਏ। ਇਸ ਤੋਂ ਪਹਿਲਾਂ ਕਿ ਉਹ ਕੁਝ ਪੁੱਛਦੇ, ਨੀਰਜ ਨੇ ਤੇਰਾ ਪੱਤ੍ਰ ਉਨ੍ਹਾਂ ਨੂੰ ਦੇ ਦਿੱਤਾ ਅਤੇ ਆਪ ਕਿਚਨ ਵੱਲ ਚਲੇ ਗਈ। ਮੈਂ ਵੀ ਉਸ ਦੇ ਪਿੱਛੇ ਪਿੱਛੇ ਕਿਚਨ ਵਿੱਚ ਆ ਗਈ ਅਤੇ ਬੇ-ਧਿਆਨੀ ਜਿਹੀ ਵਿੱਚ ਚਾਹ ਦਾ ਪ੍ਰਬੰਧ ਕਰਨ ਲੱਗ ਪਈ।

ਜਦੋਂ ਤਕ ਚਾਹ ਬਣ ਕੇ ਡਾਈਨਿੰਗ ਟੇਬਲ ਉੱਤੇ ਰੱਖੀ ਗਈ, ਪਾਪਾ ਨੇ ਲੱਗਪੱਗ ਸਾਰਾ ਪੱਤ੍ਰ ਪੜ੍ਹ ਲਿਆ ਸੀ। ਚਾਹ ਪੀਂਦਿਆਂ ਹੋਇਆਂ ਬਾਕੀ ਰਹਿੰਦਾ ਵੀ ਪੜ੍ਹਿਆ ਗਿਆ। ਚਹੁੰਆਂ ਵਿਚਲੀ ਅਸਾਧਾਰਣ ਚੁੱਪ ਨੂੰ ਤੋੜਦਿਆਂ ਹੋਇਆਂ ਮਾਤਾ ਜੀ ਨੇ ਆਖਿਆ, "ਚੁੱਪ ਕਿਉਂ ਹੋ ਸਾਰੇ; ਚਿੱਠੀ ਪੜ੍ਹੀ ਗਈ ਹੈ, ਕੋਈ ਗੱਲ ਕਰੋ।"

"ਏਹੋ ਸੋਚ ਰਹੇ ਹਾਂ ਕਿ ਗੱਲ ਸ਼ੁਰੂ ਕਿੱਥੋਂ ਕਰੀਏ।"

"ਲਓ, ਮੈਂ ਸ਼ੁਰੂ ਕਰਦੀ ਹਾਂ, ਨੀਰਜ ਬੇਟਾ, ਕਮਲ ਦਾ ਕੀ ਹਾਲ ਹੈ ?" ਨੀਰਜ ਕੁਝ ਨਾ ਬੋਲੀ। ਉਸ ਦੀ ਥਾਂ ਪਾਪਾ ਨੇ ਉੱਤਰ ਦਿੱਤਾ, "ਕਮਲ ਠੀਕ ਹੈ। ਇਸ ਪੱਤ੍ਰ ਦੇ ਅੰਤ ਵਿੱਚ ਕੀ ਲਿਖਿਆ ਹੈ, ਪੜ੍ਹੋ।"

ਪੜ੍ਹ ਕੇ ਮਾਤਾ ਜੀ ਨੇ ਆਖਿਆ, "ਇਹ ਤਾਂ ਤੁਹਾਨੂੰ ਪਤਾ ਸੀ ਕਿ ਇੱਕ ਨਾ ਇੱਕ ਦਿਨ ਇਉਂ ਹੋਣਾ ਹੈ, ਸੋ ਹੋ ਗਿਆ। ਹੁਣ ਚਿੰਤਾ ਕੀਤਿਆਂ ਕੁਝ ਅਣਹੋਇਆ ਨਹੀਂ ਹੋ ਸਕਦਾ।"

ਮਾਤਾ ਜੀ ਅਤੇ ਪਾਪਾ ਜੀ ਦੀ ਉਪਰੋਕਤ ਸੰਖੇਪ ਜਿਹੀ ਵਾਰਤਾਲਾਪ ਤੋਂ ਸਪੱਸ਼ਟ ਹੋ ਗਿਆ ਕਿ ਉਨ੍ਹਾਂ ਨੂੰ ਇਸ ਘਟਨਾ ਬਾਰੇ ਪਹਿਲਾਂ ਤੋਂ ਹੀ ਪਤਾ ਸੀ। ਇਸ ਜਾਣਕਾਰੀ ਨੇ ਮੈਨੂੰ ਅਤੇ ਨੀਰਜ ਨੂੰ ਇੱਕੋ ਜਿਹਾ ਹੈਰਾਨ ਕੀਤਾ। ਅਸੀਂ ਦੋਵੇਂ ਮੂੰਹ ਚੁੱਕੀ ਪਾਪਾ ਵੱਲ ਵੇਖਣ ਲੱਗ ਪਈਆਂ।

"ਹਾਂ, ਬੇਟਾ ਮੈਨੂੰ ਇਹ ਸਭ ਪਤਾ ਹੈ। ਦੇਵ ਨੂੰ ਉਸ ਦੁਰਘਟਨਾ ਤੋਂ ਪਿੱਛੋਂ, ਇੱਥੇ ਮੇਰੇ ਕੋਲ ਹੀ ਘੱਲਿਆ ਗਿਆ ਸੀ। ਕਿੰਨਾ ਉਦਾਸ ਸੀ ਉਹ! ਕਿੰਨਾ ਸ਼ਰਮਸਾਰ ਸੀ! ਆਪਣੇ ਜੀਵਨ ਨੂੰ ਅਣਤੋਲਿਆ ਭਾਰ ਜਾਣ ਕੇ ਉਸ ਹੇਠ ਦੱਬਿਆ ਹੋਇਆ ਸੀ, ਦੇਵ! ਇਸ ਭਾਰ ਨੂੰ ਵਗਾਹ ਮਾਰਨਾ ਚਾਹੁੰਦਾ ਸੀ ਉਹ! ਪਰ ਜਿਸ ਮਿਹਨਤ, ਲਗਨ, ਸ਼ਰਧਾ, ਸਿਆਣਪ, ਤਿਆਗ, ਵਿਵਸਾਇਕ (ਪੇਸ਼ਾਵਰਾਨਾ) ਈਮਾਨਦਾਰੀ ਅਤੇ ਨਿਸ਼ਕਾਮਤਾ ਨੇ ਉਸ ਨੂੰ ਜੀਵਨ-ਦਾਨ ਦਿੱਤਾ ਸੀ, ਉਸ ਦਾ ਨਿਰਾਦਰ ਕਰ ਸਕਣਾ ਸੰਭਵ ਨਹੀਂ ਸੀ। ਏਅਰ ਪੋਰਟ ਤੋਂ ਘਰ ਆ ਕੇ ਉਸ ਨੇ ਤੁਹਾਡੇ ਪ੍ਰੋਫ਼ੈਸਰ ਅੰਕਲ ਦੀ ਚਿੱਠੀ ਮੈਨੂੰ ਦਿੱਤੀ। ਮੈਂ ਚਿੱਠੀ ਪੜ੍ਹੀ। ਪੜ੍ਹ ਲੈਣ ਪਿੱਛੋਂ ਉਸ ਵੱਲ ਵੇਖਿਆ। ਉਹ ਨੀਵੀਂ ਪਾਈ ਖਲੋਤਾ ਸੀ। ਮੈਂ ਉਸ ਦੇ ਮੋਢੇ ਉੱਤੇ ਹੱਥ ਰੱਖ ਕੇ ਆਖਿਆ, "ਦੇਵ.....।" ਦੇਵ ਤਾਂ ਜਿਵੇਂ ਫਿੱਸ ਹੀ ਪਿਆ। ਕੋਈ ਕਰੁਣਾ ਸੀ ਉਸ ਦੇ ਰੋਣ ਵਿੱਚ! ਕੋਈ ਬੇ-ਬਸੀ ਸੀ! ਕੋਈ ਪਛਤਾਵਾ ਸੀ!! ਮੈਂ ਉਸ ਨੂੰ ਗਲ ਨਾਲ ਲਾ

ਲਿਆ। ਤੁਹਾਡੇ ਮਾਤਾ ਜੀ ਨੇ ਉਸ ਦੀ ਪਿੱਠ ਉੱਤੇ ਹੱਥ ਫੇਰਦਿਆਂ ਹੋਇਆਂ ਆਖਿਆ, "ਪੁੱਤ੍ਰ ਤੂੰ ਤਾਂ ਪੜ੍ਹਿਆ ਲਿਖਿਆ ਏਂ, ਸੋਚ, ਇਹ ਕੋਈ ਨਵੀਂ ਗੱਲ ਹੋਈ ਏ ? ਏਹੋ ਕੁਝ ਹੁੰਦਾ ਆਇਆ ਦੁਨੀਆ ਵਿੱਚ। ਤਵਾਰੀਖ਼ਾਂ ਭਰੀਆਂ ਹੋਈਆਂ ਨੇ ਜੰਗਾਂ ਨਾਲ, ਫ਼ਸਾਦਾਂ ਨਾਲ। ਕਿਸੇ ਨੂੰ ਕਦੇ ਸ਼ਰਮ ਨਹੀਂ ਆਈ, ਕੋਈ ਨਹੀਂ ਪਛਤਾਇਆ। ਤੂੰ ਕਿਸੇ ਸਿਆਣੀ ਮਾਂ ਦਾ ਸੁੱਚਾ ਦੁੱਧ ਪੀਤਾ ਹੈ, ਮੇਰੇ ਬੱਚੇ। ਰੋ ਨਾ, ਸ਼ੁਕਰ ਕਰ। ਸਵੇਰ ਦਾ ਭੁੱਲਾ ਸ਼ਾਮ ਨੂੰ ਘਰ ਆਵੇ ਤਾਂ ਭੁੱਲਾ ਨਹੀਂ ਆਖਿਆ ਜਾਂਦਾ....।"

"....ਪਰ ਉਹ ਅਜੇ ਘਰ ਨਹੀਂ ਸੀ ਆਇਆ। ਇੱਕ ਤੋਂ ਪਿੱਛੋਂ ਦੂਜੀ ਭੁੱਲ ਹੋ ਰਹੀ ਸੀ ਉਸ ਕੋਲੋਂ। ਉਸ ਦੀ ਪਹਿਲੀ ਭਿਆਨਕ ਭੁੱਲ ਪਿੱਛੇ ਉਸ ਦੀ ਹਉਮੈ ਦਾ ਹੱਥ ਸੀ। ਪੰਜਾਬ ਕਿਸਾਨਾਂ ਦਾ ਦੇਸ਼ ਹੈ। ਏਥੋਂ ਦੇ ਕਿਸਾਨਾਂ (ਵਿਸ਼ੇਸ਼ ਕਰਕੇ ਜੱਟਾਂ) ਨੂੰ ਇਸ ਦੀ ਆਰਥਕਤਾ ਦੇ ਮਾਲਕ ਹੋਣ ਦਾ ਮਾਣ ਹੈ। ਦੇਵ ਨਿਰਾ ਕਿਸਾਨ ਪਰਿਵਾਰ ਵਿੱਚੋਂ ਹੀ ਨਹੀਂ, ਸਗੋਂ ਅਜਿਹੇ ਪਰਿਵਾਰ ਵਿੱਚੋਂ ਸੀ, ਜਿਸ ਕੋਲ ਜ਼ਮੀਨ ਵੀ ਲੋੜੋਂ ਵੱਧ ਹੈ। ਉਸ ਦਾ ਧਾਰਮਕ ਇਤਿਹਾਸ ਅਜੇਹਾ ਸੀ, ਜੋ ਉਸ ਦੀ ਪਰਿਵਾਰਕ-ਆਰਥਕ ਹਉਮੈ ਨੂੰ ਹਵਾ ਦਿੰਦਾ ਆਇਆ ਸੀ। ਵਧੀ ਹੋਈ ਹਉਮੈ ਵਾਲੇ ਮਨੁੱਖ ਦੀ ਹਰ ਪ੍ਰਾਪਤੀ ਉਸ ਦੀ ਹਉਂ ਵਿੱਚ ਵਾਧਾ ਕਰਦੀ ਹੈ। ਵਿੱਦਿਆ ਨੇ ਵੀ ਇਹੋ ਕੁਝ ਕੀਤਾ ਸੀ ਅਤੇ ਦੇਵ ਆਪਣੀ ਹਉਮੈ ਨੂੰ ਹੀ ਆਪਣਾ ਆਪਾ ਮੰਨਣ ਲੱਗ ਪਿਆ ਸੀ। ਸਿਆਸੀ ਆਦਰਸ਼ ਦੇ ਮੋਹ ਅਤੇ ਇਤਿਹਾਸਕ ਪ੍ਰੇਰਣਾ ਦੀ ਪਕੜ ਵਿੱਚ ਆਈ ਹੋਈ ਹਉਮੈ ਨੇ ਦੇਵ ਕੋਲੋਂ ਵੱਡਾ ਕੁਕਰਮ ਕਰਵਾ ਦਿੱਤਾ ਸੀ। ਇਉਂ ਹੋ ਜਾਣ ਪਿੱਛੋਂ ਉਸ ਦਾ ਪਛਤਾਵਾ ਵੀ ਵਧੀ ਹੋਈ ਹਉਮੈ ਦਾ ਹੀ ਦੂਜਾ ਰੂਪ ਸੀ। 'ਮੈਂ.....ਇੱਕ ਪੜ੍ਹਿਆ ਲਿਖਿਆ ਆਦਮੀ, ਇੱਜ਼ਤਦਾਰ ਖ਼ਾਨਦਾਨੀ ਆਦਮੀ! ਮੈਂ ਕੀ ਕਰ ਬੈਠਾ ? ਕੀ ਹੋ ਗਿਆ ਮੇਰੇ ਕੋਲੋਂ ? ਮੇਰੇ ਕੋਲੋਂ ਹੀ ਕਿਉਂ.....?"

".....ਉਸ ਦੇ ਇਸ ਪ੍ਰਸ਼ਨ ਦੇ ਉੱਤਰ ਵਿੱਚ, ਇੱਕ ਦਿਨ, ਮੈਂ ਆਖਿਆ, "ਪਛਤਾਵੇ ਦੀ ਤੀਬਰਤਾ ਵੀ ਹਉਮੈ ਦੀ ਲਖਾਇਕ ਹੈ। ਨਿਰਲੇਪਤਾ ਦਾ ਸ੍ਵਾਂਗ ਵੀ ਅਸਾਧਾਰਣ ਹਉਮੈ ਹੀ ਕਰ ਸਕਦੀ ਹੈ ਅਤੇ ਪਛਤਾਵੇ ਦੀ ਅੱਗ ਵੀ ਅਸਾਧਾਰਣ ਹਉਮੈ ਦੇ ਹੀ ਹਿੱਸੇ ਆਈ ਹੈ। ਸਾਧਾਰਣ ਆਦਮੀ ਸਦਾ ਸਾਧਾਰਣ ਹੈ। ਉਸ ਦੇ ਮਨ ਵਿੱਚ ਅਭੁੱਲ ਹੋਣ ਦੀ ਹਉਮੈ ਨਹੀਂ ਹੁੰਦੀ।"

"ਤੁਸੀਂ ਸੱਚ ਕਹਿ ਰਹੇ ਹੋ। ਪਰ ਇੱਕ ਸੱਚ ਨਾਲ ਦੂਜੇ ਸੱਚ ਨੂੰ ਝੂਠ ਵਿੱਚ ਨਹੀਂ ਬਦਲਿਆ ਜਾ ਸਕਦਾ। ਮੇਰੇ ਨਾਲ ਵਾਪਰਿਆ ਹੋਇਆ ਸੱਚ ਅਤੇ ਉਸ ਸੱਚ ਦੇ ਸਿੱਟੇ ਵਜੋਂ ਹੁਣ ਮੇਰੇ ਨਾਲ ਵਾਪਰ ਰਿਹਾ ਸੱਚ ਮੇਰਾ ਪਿੱਛਾ ਨਹੀਂ ਛੱਡ ਰਿਹਾ। ਮੈਂ ਕੀ ਕਰਾਂ ? ਮੈਂ ਆਪਣੇ ਆਪ ਤੋਂ ਦੂਰ ਦੌੜ ਜਾਣਾ ਚਾਹੁੰਦਾ ਹਾਂ। ਕਿੰਨਾ ਔਖਾ ਹੈ ਆਪਣੇ ਆਪ ਨੂੰ, ਆਪਣੇ ਆਪ ਕੋਲੋਂ ਲੁਕਾਉਣਾ। ਕਾਸ਼.....ਮੇਰੀ ਬੁਰਾਈ ਦਾ ਉੱਤਰ ਬੁਰਾਈ ਵਿੱਚ ਦਿੱਤਾ ਗਿਆ ਹੁੰਦਾ। ਮੈਨੂੰ ਇਹ ਧਰਵਾਸ ਹੁੰਦੀ ਹੈ ਕਿ ਮੈਂ ਆਪਣੇ ਵਰਗੇ ਲੋਕਾਂ ਵਿੱਚ ਵਿਚਰ ਰਿਹਾ ਹਾਂ। ਮੇਰੇ ਮੁਕਾਬਲੇ ਵਿੱਚ ਖਲੋਤੇ ਲੋਕਾਂ ਦੀ ਚੰਗਿਆਈ ਨੇ ਮੈਨੂੰ ਕਾਸੇ ਜੋਗਾ ਨਹੀਂ ਛੱਡਿਆ। ਕਿੰਨਾ ਬੁਰਾ ਹਾਂ ਮੈਂ! ਚਾਹ ਰਿਹਾ ਹਾਂ ਕਿ ਲੋਕ ਬੁਰੇ ਹੋਣ, ਤਾਂ ਜੁ ਮੈਨੂੰ ਅੱਖਾਂ ਨੀਵੀਆਂ ਨਾ ਕਰਨੀਆਂ ਪੈਣ। ਕਿੰਨੇ ਚੰਗੇ ਹਨ ਉਹ ਲੋਕ, ਜਿਨ੍ਹਾਂ ਨੇ ਮੇਰੇ ਮਨ ਨੂੰ ਗਿਲਾਨੀ ਤੋਂ ਬਚਾਈ ਰੱਖਣ ਲਈ ਢਾਈ ਮਹੀਨੇ ਆਪਣੇ ਦੁਖ ਨੂੰ ਆਪਣੇ ਦਿਲਾਂ ਵਿੱਚ ਦਫ਼ਨ ਕਰੀ ਰੱਖਿਆ ਅਤੇ ਇਉਂ ਹੱਸਦੇ ਖੇਡਦੇ ਰਹੇ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ! ਨਾ ਉਹ ਸਾਧਾਰਣ ਹਨ; ਨਾ ਮੈਂ ਸਾਧਾਰਣ ਹਾਂ। ਹਾਂ.....ਕੌਮੀ ਸੁਤੰਤਰਤਾ.....ਕੁਰਬਾਨੀ.....ਜ਼ੁਲਮ ਦਾ ਨਾਸ.....ਹੋਮਲੈਂਡ—ਕਿੰਨੇ ਅਸਾਧਾਰਣ

ਆਦਰਸ਼ ਸਨ ਮੇਰੇ ਸਾਹਮਣੇ! ਕਿਵੇਂ ਕੱਠ-ਪੁਤਲੀ ਬਣਾ ਲਿਆ ਸੀ ਮੈਨੂੰ ਇਨ੍ਹਾਂ ਨੇ! ਕਿੰਨਾ ਮਹਾਨ ਮੰਨਦੀ ਰਹੀ ਹੈ ਕੱਠ-ਪੁਤਲੀ ਆਪਣੀ ਮੂਰਖ਼ਤਾ ਅਤੇ ਆਪਣੀ ਪਰਾਧੀਨਤਾ ਨੂੰ!"

"ਉਹ ਕਿੰਨਾ ਚਿਰ ਬੋਲਦਾ ਰਿਹਾ ਅਤੇ ਮੈਂ ਉਸ ਨੂੰ ਮਨ ਦਾ ਭਾਰ ਹੌਲਾ ਕਰਨ ਦਾ ਅਵਸਰ ਦਿੰਦਾ ਰਿਹਾ। ਗੱਲਾਂ ਗੱਲਾਂ ਵਿੱਚ ਉਸ ਨੇ ਦੱਸਿਆ ਕਿ ਉਹ ਆਪਣੀ ਜਥੇਬੰਦੀ ਵਿੱਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਹੋਣ ਕਰਕੇ ਜਥੇਬੰਦੀ ਦਾ ਸਰਦਾਰ ਬਣਨ ਦੇ ਸੁਪਨੇ ਵੇਖਦਾ ਸੀ। ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਹ ਥੋੜੇ ਸਮੇਂ ਵਿੱਚ ਵੱਧ ਤੋਂ ਵੱਧ ਵਾਰਦਾਤਾਂ ਕਰਨ ਦੀ ਕਾਹਲ ਵਿੱਚ ਸੀ; ਕਿਉਂਜੁ ਜਥੇਬੰਦੀ ਵਿੱਚ ਉੱਨਤੀ ਦਾ ਏਹੋ ਹੀ ਇੱਕੋ ਇੱਕ ਤਰੀਕਾ ਸੀ। ਏਸੇ ਉੱਨਤੀ ਦੀ ਸ਼ੈਤਾਨੀ ਸੜਕੇ ਤੁਰਦਿਆਂ ਉਸ ਨੂੰ ਇਹ ਸੋਚਣ ਦੀ ਲੋੜ ਮਹਿਸੂਸ ਨਹੀਂ ਸੀ ਹੋਈ ਕਿ ਇਹ ਉੱਨਤੀ ਜੀਵਨ ਵਿੱਚ ਕਿੰਨੀ ਕੁ ਪੀੜ ਪੈਦਾ ਕਰ ਰਹੀ ਹੈ। ਪੀੜ ਹੀ ਪ੍ਰਾਪਤੀ ਦਾ ਮਾਰਗ ਮੰਨੀ ਜਾਣ ਕਰਕੇ ਇਸ ਦਾ ਪਰਸਾਰ ਹੀ ਉਨ੍ਹਾਂ ਦਾ ਆਦਰਸ਼ ਬਣ ਗਿਆ ਸੀ।"

"ਪਾਪਾ, ਅਜਿਹੇ ਲੋਕਾਂ ਨੂੰ ਇੱਕ ਹੋਰ ਵਿਸ਼ਵਾਸ ਵੀ ਦਿਵਾਇਆ ਜਾਂਦਾ ਹੈ। ਉਹ ਇਹ ਕਿ ਐਂਡਜ਼ ਵਿੱਲ ਜਸਟੀਫਾਈ ਦੀ ਮੀਨਜ਼ (Ends will justify the means)। ਇਹੋ ਜਿਹੇ ਨਾਅਰੇ ਮਹਾਨ ਆਦਰਸ਼ਾਂ ਦੀ ਪ੍ਰਾਪਤੀ ਲਈ ਕੋਝੇ-ਕਮੀਨੇ ਤਰੀਕਿਆਂ ਨੂੰ ਅਪਣਾਉਣ ਦੀ ਪ੍ਰੇਰਣਾ ਦੇਣ ਵਿੱਚ ਸਫਲ ਹੁੰਦੇ ਆ ਰਹੇ ਹਨ। ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਦੇਵ ਸੁਮੀਤ ਦੇ ਸਹਿਪਾਠੀ ਸਨ; ਇੱਕ ਮਿੱਤ੍ਰ ਦੀ ਹੱਤਿਆ ਦਾ ਬੀੜਾ ਉਨ੍ਹਾਂ ਨੇ ਕਿਵੇਂ ਚੁੱਕ ਲਿਆ?"

"ਇਹ ਖ਼ਿਆਲ ਮੈਨੂੰ ਵੀ ਆਇਆ ਸੀ, ਬੇਟਾ ਅਤੇ ਮੈਂ ਉਸ ਨੂੰ ਇਹ ਪ੍ਰਸ਼ਨ ਪੁੱਛਿਆ ਵੀ ਸੀ। ਇਸ ਦੇ ਉੱਤਰ ਵਿੱਚ ਉਸ ਨੇ ਦੱਸਿਆ ਸੀ ਕਿ ਆਤੰਕਵਾਦੀ ਜਥੇਬੰਦੀਆਂ ਦੇ ਨੇਮ ਬਹੁਤ ਹੀ ਗੁੰਝਲਦਾਰ ਅਤੇ ਭਿਆਨਕ ਹੁੰਦੇ ਹਨ। ਆਤੰਕ ਅਤੇ ਹੱਤਿਆ ਦਾ ਅੰਤਲਾ ਆਦਰਸ਼ ਹੀ ਸਾਰਿਆਂ ਦਾ ਸਾਂਝਾ ਹੁੰਦਾ ਹੈ। ਜਥੇਬੰਦੀ ਦੇ ਮੈਂਬਰਾਂ ਦੀ ਪਰਖ ਕਰਨ ਲਈ ਉਨ੍ਹਾਂ ਕੋਲੋਂ ਸਕੇ-ਸੰਬੰਧੀਆਂ ਦੇ ਕਤਲ ਵੀ ਕਰਵਾਏ ਜਾਂਦੇ ਹਨ।"

"ਪਾਪਾ, ਕੀ ਵੀਰ ਜੀ ਇਸ ਕੰਮ ਤੋਂ ਇਨਕਾਰ ਨਹੀਂ ਸਨ ਕਰ ਸਕਦੇ?"

"ਨਹੀਂ, ਨੀਰਜ, ਇਉਂ ਨਹੀਂ ਸੀ ਹੋ ਸਕਦਾ। ਦੇਵ ਨੇ ਦੱਸਿਆ ਸੀ ਕਿ ਉਹ ਵਿਦੇਸ਼ ਵਿੱਚੋਂ ਆਤੰਕਵਾਦ ਦੀ ਟ੍ਰੇਨਿੰਗ ਲੈ ਕੇ ਆਇਆ ਸੀ। ਆਤੰਕਵਾਦੀਆਂ ਨੂੰ ਇਹ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਕਿ ਉਨ੍ਹਾਂ ਦਾ ਆਦਰਸ਼ ਸੰਸਾਰ ਦੇ ਹਰ ਸੰਬੰਧ ਨਾਲੋਂ ਸ੍ਰੇਸ਼ਟ ਹੈ। ਸੰਸਾਰਕ ਸੰਬੰਧਾਂ ਦੇ ਸਤਿਕਾਰ ਅਤੇ ਆਤੰਕਵਾਦ ਵਿੱਚ ਕੋਈ ਸਾਂਝ ਨਹੀਂ। ਆਤੰਕਵਾਦੀ ਨੂੰ ਆਪਣੀ ਨਜ਼ਰ ਹਮੇਸ਼ਾ ਆਪਣੇ ਆਦਰਸ਼ ਉੱਤੇ ਰੱਖਣੀ ਪੈਂਦੀ ਹੈ, ਉਵੇਂ ਹੀ ਜਿਵੇਂ ਅਰਜਨ ਆਪਣੇ ਨਿਸ਼ਾਨੇ ਤੋਂ ਸਿਵਾ ਹੋਰ ਕੁਝ ਨਹੀਂ ਵੇਖਦਾ।"

"ਪਾਪਾ, ਜੇ ਗੱਲ ਨੂੰ ਉਲਟਾ ਕਰ ਕੇ ਆਖੀਏ ਤਾਂ ਇਉਂ ਕਹਾਂਗੇ ਕਿ ਹਰ ਪਾਸਿਉਂ ਹਟਾ ਕੇ ਕੇਵਲ ਆਦਰਸ਼ ਉੱਤੇ ਨਜ਼ਰ ਰੱਖਣੀ ਵੀ ਆਤੰਕਵਾਦ ਹੈ, ਤਾਂ ਕੀ ਇਹ ਵੀ ਸੱਚ ਹੋਵੇਗਾ?"

"ਸਨੇਹਾ, ਜੇ ਇਹ ਆਤੰਕਵਾਦ ਨਹੀਂ, ਤਾਂ ਵੀ ਅੱਤਵਾਦ ਤਾਂ ਜ਼ਰੂਰ ਹੀ ਹੈ। ਇਸ ਤੋਂ ਅੱਗੇ ਆਦਰਸ਼ ਦੇ ਅਸਲੇ ਨੇ ਇਹ ਨਿਰਣਾ ਕਰਨਾ ਹੁੰਦਾ ਹੈ ਕਿ ਉਸ ਦੀ ਇੱਛਾ ਕਰਨ ਵਾਲਾ ਅੱਤਵਾਦੀ, ਆਤੰਕਵਾਦੀ ਬਣੇਗਾ ਜਾਂ ਨਹੀਂ। ਸੰਸਾਰਕ ਸੰਬੰਧਾਂ ਦਾ ਨਿਰਾਦਰ ਸਿਖਾਉਣ ਵਾਲੇ ਸਾਰੇ ਧਾਰਮਕ, ਸਮਾਜਕ ਅਤੇ ਰਾਜਨੀਤਕ ਆਦਰਸ਼ ਆਤੰਕਵਾਦ ਦੀ

ਪ੍ਰੇਰਣਾ ਨਾਲ ਭਰਪੂਰ ਹੁੰਦੇ ਹਨ। ਜਿੰਨੇ ਬਹੁਤੇ ਸੂਖ਼ਮ ਅਤੇ ਸੁੰਦਰ ਰਿਸ਼ਤੇ ਦਾ ਨਿਰਾਦਰ ਕੀਤਾ ਜਾਵੇ ਓਨਾ ਹੀ ਵੱਧ ਆਤੰਕ ਫੈਲਦਾ ਹੈ। ਏਸੇ ਲਈ ਆਤੰਕਵਾਦੀ ਬਹੁਤੇ ਤੋਂ ਬਹੁਤੇ ਬੇ-ਕਸੂਰ ਬੰਦਿਆਂ ਅਤੇ ਮਾਸੂਮ ਬੱਚਿਆਂ ਦੀ ਹੱਤਿਆ ਕਰਨ ਤੋਂ ਗੁਰੇਜ਼ ਨਹੀਂ ਕਰਦੇ।"

"ਪਾਪਾ, ਦੇਵ ਜੀ ਧੰਨ ਹਨ, ਜਿਹੜੇ ਨੀਚਤਾ ਦੀ ਧੁਰ ਹੇਠਲੀ ਤਹਿ ਤੋਂ ਉੱਭਰ ਆਏ ਹਨ। ਆਚਰਣ ਦੀ ਜਿਸ ਬੁਲੰਦੀ ਉੱਤੇ ਉਹ ਅੱਜ ਖੜੇ ਹਨ, ਓਥੋਂ ਹੇਠਾਂ ਵੱਲ ਵੇਖ ਕੇ ਕਦੇ ਕਦੇ ਜ਼ਰੂਰ ਕੰਬ ਜਾਂਦੇ ਹੋਣਗੇ। ਕਿੰਨਾ ਘੋਲ ਕਰਨਾ ਪਿਆ ਹੋਵੇਗਾ ਆਪਣੇ ਆਪ ਨਾਲ !!"

"ਉਸ ਦੀ ਜਤਨ-ਯਾਤਰਾ ਬਹੁਤ ਲੰਮੀ ਹੈ। ਉਹ ਡੂੰਘੀ ਖੱਡ ਵਿੱਚ ਡਿੱਗ ਭਾਵੇਂ ਪਿਆ ਸੀ; ਪਰ, ਆਪਣੇ ਆਪ ਵਿੱਚ 'ਨੀਵਾਂ' ਉਹ ਨਹੀਂ ਸੀ। ਤੁਹਾਡੇ ਮਾਤਾ ਜੀ ਦੇ ਸ਼ਬਦਾਂ ਵਿੱਚ ਉਸ ਨੇ 'ਕਿਸੇ ਸਿਆਣੀ ਮਾਂ ਦਾ ਸੁੱਚਾ ਦੁੱਧ ਚੁੰਘਿਆ ਹੋਇਆ ਸੀ।' ਉਸ ਦੇ ਸੰਸਕਾਰ ਵੀ ਚੰਗੇ ਸਨ ਅਤੇ ਪਰਿਵਾਰਕ ਵਾਤਾਵਰਣ ਵਧੀਆ ਸੀ, ਜਿਸ ਕਰਕੇ ਉਸ ਦੀ ਪਰਵਰਿਸ਼ ਵੀ ਚੰਗੇਰੀ ਸੀ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਇੱਕ ਨੌਕਰੀ ਲਈ ਇੰਟਰਵਿਊ ਵਿੱਚ ਉਸ ਨੂੰ ਰੱਦ ਕੇ ਕਿਸੇ ਸਿਫ਼ਾਰਸ਼ੀ ਨੂੰ ਚੁਣ ਲਿਆ ਜਾਣ ਉੱਤੇ ਉਸ ਦੀ ਹਉਮੈ ਨੂੰ ਕਰੜੀ ਸੱਟ ਵੱਜੀ ਸੀ। ਇਸ ਨਿੱਜੀ ਰੋਸ ਨੂੰ ਉਸ ਨੇ ਵੱਡਾ ਕੌਮੀ ਆਕਾਰ ਦੇ ਲਿਆ ਅਤੇ ਆਤੰਕ ਦੇ ਰਸਤੇ ਤੁਰ ਪਿਆ। ਬਹੁਤੀ ਦੂਰ ਨਹੀਂ ਸੀ ਗਿਆ ਕਿ ਸੁਮੀਤ ਨਾਂ ਦੀ ਇੱਕ ਰੁਕਾਵਟ ਨਾਲ ਠੇਡਾ ਲੱਗਣ ਉੱਤੇ ਡਿੱਗ ਪਿਆ। ਡਿੱਗੇ ਨੂੰ ਨੀਲੂ ਨੇ ਉਠਾਇਆ, ਸੰਭਾਲਿਆ ਅਤੇ ਪ੍ਰੋਫ਼ੈਸਰ ਸਾਹਿਬ ਨੇ ਸਹਾਰਾ ਦੇ ਕੇ ਉਸ ਰਾਹੇ ਤੋਰ ਦਿੱਤਾ, ਜਿਸ ਰਾਹੇ ਤੁਰਨਾ ਉਸ ਦੀ ਹੋਣੀ ਸੀ। ਉਸ ਦੇ ਅੰਦਰਲੇ ਸੁਹਣੇ ਮਨੁੱਖ ਨੂੰ ਵਿਕਸਣ ਲਈ ਸੁਹਣੇ, ਸੁਯੋਗ ਵਾਤਾਵਰਣ ਦੀ ਲੋੜ ਸੀ। ਏਥੇ ਉਹ ਵਾਤਾਵਰਣ ਉਸ ਨੂੰ ਮਿਲ ਗਿਆ ਅਤੇ ਉਸ ਵਿਚਲਾ ਮਨੁੱਖ ਪਰਵਾਨ ਚੜ੍ਹ ਗਿਆ।"

"ਵਾਤਾਵਰਣ ਤਾਂ ਸਾਰਿਆਂ ਲਈ ਇੱਕੋ ਜਿਹਾ ਹੈ, ਪਾਪਾ।"

"ਦੇਵ ਦੀ ਹਾਲਤ ਵੱਖਰੀ ਸੀ, ਨੀਰਜ ! ਉਹ ਡਿੱਗ ਪਿਆ ਸੀ ਅਤੇ ਉਸ ਵਿੱਚੋਂ ਉਸ ਦਾ ਸਮੁੱਚਾ ਆਪਾ ਡੁੱਲ੍ਹ ਗਿਆ ਸੀ। ਉਹ ਖ਼ਾਲੀ ਹੋ ਗਿਆ ਸੀ ਅਤੇ ਆਪਣੇ ਵਿਚਲੇ ਖਿਲਾਅ ਨੂੰ ਭਰਨਾ ਲੋਚਦਾ ਸੀ। ਉਸ ਦੇ ਡੁੱਲ੍ਹੇ ਆਪੇ ਦੀ ਸਮ੍ਰਿਤੀ ਉਸ ਦੇ ਖਿਲਾਅ ਨੂੰ ਮੱਲੀ ਬੈਠੀ ਸੀ। ਜਿੰਨਾ ਚਿਰ ਇਹ ਯਾਦ ਏਧਰ ਓਧਰ ਹੋ ਕੇ ਕੁਝ ਥਾਂ ਖ਼ਾਲੀ ਨਾ ਕਰੇ, ਓਨਾ ਚਿਰ ਨਵਾਂ ਕੁਝ ਵੀ ਉਸ ਵਿੱਚ ਸਮਾ ਨਹੀਂ ਸੀ ਸਕਦਾ। ਉਹ ਕਿਸੇ ਅਜੇਹੀ ਥਾਂ ਇਕੱਲਾ ਰਹਿਣਾ ਚਾਹੁੰਦਾ ਸੀ, ਜਿੱਥੇ ਉਸ ਦੇ ਅਤੀਤ ਨੂੰ ਕੋਈ ਜਾਣਦਾ ਨਾ ਹੋਵੇ। ਤੁਹਾਡੇ ਪ੍ਰੋਫ਼ੈਸਰ ਅੰਕਲ ਜੀ ਦਾ ਇੱਕ ਮਕਾਨ ਏਥੇ ਇਲਫਰਡ ਵਿੱਚ ਹੈ। ਉਸ ਵਿੱਚ ਵਿਦਿਆਰਥੀ ਰਹਿੰਦੇ ਹਨ। ਜਦੋਂ ਦੇਵ ਏਥੇ ਆਇਆ ਸੀ, ਓਦੋਂ ਉਹ ਖ਼ਾਲੀ ਸੀ। ਸਾਰੇ ਵਿਦਿਆਰਥੀ ਘਰੋ-ਘਰੀ ਗਏ ਹੋਏ ਸਨ। ਪੜ੍ਹਾਈ ਦੀ ਨਵੀਂ ਟਰਮ ਸ਼ੁਰੂ ਹੋਣ ਵਿੱਚ ਅਜੇ ਡੇਢ ਮਹੀਨਾ ਬਾਕੀ ਸੀ। ਦੇਵ ਉਸ ਮਕਾਨ ਵਿੱਚ ਰਹਿਣ ਲੱਗ ਪਿਆ। ਦੋ ਹਫ਼ਤੇ ਵੀ ਨਹੀਂ ਸਨ ਬੀਤੇ ਕਿ ਉਸ ਨੇ ਮੁੜ ਏਥੇ ਆ ਰਹਿਣ ਦੀ ਇੱਛਾ ਪ੍ਰਗਟ ਕੀਤੀ।"

"ਉਹ ਕਿਉਂ, ਪਾਪਾ ?"

"ਇਸ ਲਈ ਕਿ ਇਕੱਲ ਵਿੱਚ, ਉਸ ਦਾ ਅਤੀਤ, ਉਸ ਦੀ ਸਦੀਵੀ ਸਾਥ ਹੋਣ ਦਾ ਹੱਕ ਜਮਾਉਣ ਲੱਗ ਪਿਆ ਸੀ। ਇਕੱਲ ਤੋਂ ਘਬਰਾਏ ਹੋਏ ਨੇ ਮੈਨੂੰ ਆਖਿਆ, "ਪਾਪਾ, ਮੈਂ ਉੱਚੀ ਉੱਚੀ ਪੁਕਾਰ ਕੇ ਸਾਰੀ ਦੁਨੀਆ ਨੂੰ ਆਪਣੇ ਅਤੀਤ ਬਾਰੇ ਦੱਸ ਦੇਣਾ ਚਾਹੁੰਦਾ ਹਾਂ ਤਾਂ ਜੁ ਇਸ ਦੀ ਯਾਦ ਮੇਰੇ ਅੰਦਰੋਂ ਬਾਹਰ ਚਲੀ ਜਾਵੇ।"

"ਅੰਦਰੋਂ ਉਸ ਦਾ ਬੀਜ ਨਾਸ ਨਹੀਂ ਹੋਵੇਗਾ, ਦੇਵ ! ਹਾਂ, ਲੋਕਾਂ ਦੇ ਉਪਜਾਊ ਮਨਾਂ

ਵਿੱਚ ਇਸ ਦੀ ਫ਼ਸਲ ਖ਼ੂਬ ਮੌਲੇਗੀ। ਆਪਣਾ ਬੀਜਿਆ ਆਪ ਵੱਢਣਾ ਵੀ ਪੈਂਦਾ ਹੈ; ਵੱਢ ਸਕੇਂਗਾ ?"

"ਫਿਰ ਮੈਂ ਕਰਾਂ ਕੀ ?"

"ਅਸੀਂ ਸੰਬੰਧ-ਸੰਸਾਰ ਦੇ ਵਾਸੀ ਹਾਂ। ਸੰਬੰਧਾਂ ਵਿੱਚ ਸੁੰਦਰਤਾ ਪੈਦਾ ਕਰਨਾ ਸਾਡਾ ਧਰਮ ਹੈ। ਇਕਾਂਤਵਾਸੀ ਹੋਣਾ ਕਦੇ ਕਦੇ ਨੁਕਸਾਨ ਵੀ ਕਰਦਾ ਹੈ। ਸੰਬੰਧਾਂ ਦੀ ਕੁਰੂਪਤਾ ਨੇ ਸਾਨੂੰ ਆਤਮ ਗਿਲਾਨੀ ਦਿੱਤੀ ਹੈ। ਸੰਬੰਧਾਂ ਦੀ ਸੁੰਦਰਤਾ ਦਾ ਗੌਰਵ ਹੀ ਇਸ ਗਿਲਾਨੀ ਦੀ ਥਾਂ ਲੈ ਸਕਦਾ ਹੈ। ਸੰਬੰਧ ਉਪਜਦਾ ਹੈ ਕਿਰਿਆ ਤੋਂ, ਕੰਮ ਤੋਂ, ਕਰਮ ਤੋਂ। ਏਸੇ ਲਈ ਕਰਮ ਨੂੰ ਬੰਧਨ ਰੂਪ ਆਖਿਆ ਗਿਆ ਹੈ। ਪਰ ਬੰਧਨ ਆਖਣਾ ਮੈਨੂੰ ਚੰਗਾ ਨਹੀਂ ਲੱਗਦਾ। ਇਸ ਦੀ ਥਾਂ 'ਸੰਬੰਧ' ਠੀਕ ਹੈ। ਇਹ ਸੰਸਾਰ ਕਰਮ-ਭੂਮੀ ਹੈ। ਏਥੇ ਅਕ੍ਰੈ ਹੋਣਾ ਸੰਭਵ ਨਹੀਂ। ਸੰਬੰਧਾਂ ਦੀ ਸੁੰਦਰਤਾ ਦੀ ਸੇਧ ਵਿੱਚ ਕਰਮ ਕਰਨਾ ਹੀ ਪੁਰਸ਼ਾਰਥ ਹੈ।"

"ਪਾਪਾ, ਮੈਨੂੰ ਕਿਸੇ ਕੰਮ ਲਾਓ।"

"ਤੇਰੀ ਵਿੱਦਿਆ ਰਜਿਸਟਰ ਕਰਵਾ ਦਿੱਤੀ ਗਈ ਹੈ। ਛੇਤੀ ਹੀ ਤੈਨੂੰ ਸੱਦਾ ਆ ਜਾਵੇਗਾ। ਕਿਸੇ ਹਸਪਤਾਲ ਵਿੱਚ ਨੌਕਰੀ ਕਰਨ ਤੋਂ ਪਹਿਲਾਂ ਤੈਨੂੰ ਇੱਕ ਕੋਰਸ ਕਰਨਾ ਪਵੇਗਾ। ਓਨੇ ਚਿਰ ਲਈ.....।"

"ਓਨੇ ਚਿਰ ਲਈ ਉਸ ਦੀ ਵਾਗਡੋਰ ਤੁਹਾਡੇ ਮਾਤਾ ਜੀ ਦੇ ਹੱਥ ਦੇ ਦਿੱਤੀ ਗਈ। ਦੇਵ ਨੂੰ ਆਹਰ ਚਾਹੀਦਾ ਸੀ ਅਤੇ ਇਨ੍ਹਾਂ ਨੂੰ ਆਹਰੇ ਲਾਈ ਰੱਖਣ ਦੀ ਜਾਚ ਹੈ। ਹੌਲੀ ਹੌਲੀ ਘਰ ਦੇ ਕੰਮਾਂ ਵਿੱਚ ਇਨ੍ਹਾਂ ਦਾ ਸਾਥ ਖ਼ੂਬ ਪੱਕਾ ਹੋਣ ਲੱਗ ਪਿਆ। ਹਰ ਸੰਭਵ ਢੰਗ ਨਾਲ ਉਸ ਨੂੰ ਰੁਝਾਈ ਰੱਖਣ ਦਾ ਜਤਨ ਕੀਤਾ ਗਿਆ। ਡ੍ਰਾਈਵਿੰਗ ਲਾਈਸੈਂਸ ਲਈ ਕਾਰ ਚਲਾਉਣੀ ਸਿੱਖਣ ਦੇ ਕੰਮ ਲਾ ਦਿੱਤਾ ਗਿਆ। ਡ੍ਰਾਈਵਿੰਗ ਉਹ ਪਹਿਲਾਂ ਹੀ ਜਾਣਦਾ ਸੀ, ਤਾਂ ਵੀ ਏਥੋਂ ਦੇ ਨੇਮਾਂ ਦਾ ਸਿੱਖਣਾ ਜ਼ਰੂਰੀ ਸੀ। ਕਮਲ ਨੂੰ ਉਸ ਦੇ ਅਤੀਤ ਬਾਰੇ ਕੁਝ ਦੱਸੇ ਬਿਨਾਂ ਉਸ ਨਾਲ ਉਸ ਦੀ ਜਾਣਕਾਰੀ ਕਰਵਾ ਦਿੱਤੀ ਗਈ। ਉਦੋਂ ਕਮਲ ਅਜੇ ਵਿਦਿਆਰਥੀ ਸੀ। ਇਸ ਮਿੱਤ੍ਰਤਾ ਦਾ ਦੋਹਾਂ ਨੂੰ ਲਾਭ ਹੋਇਆ। ਕਮਲ ਦੇ ਸਾਥ ਨਾਲ ਦੇਵ ਨੇ ਏਥੋਂ ਦੇ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਆਦਿਕ ਦੀ ਪੂਰੀ ਪੂਰੀ ਜਾਣਕਾਰੀ ਪ੍ਰਾਪਤ ਕਰ ਲਈ ਅਤੇ ਕਮਲ ਨੇ ਦੇਵ ਦੀ ਸਹਾਇਤਾ ਨਾਲ ਇਮਤਿਹਾਨ ਵਿੱਚ ਡਿਸਟਿੰਕਸ਼ਨ ਪ੍ਰਾਪਤ ਕੀਤੀ। ਕਮਲ ਦੀ ਕਾਮਯਾਬੀ ਦੇਵ ਲਈ ਵੱਡਾ ਸਹਾਰਾ ਬਣੀ।"

"ਪਾਪਾ, ਕੀ ਕਮਲ ਨੂੰ ਅਜੇ ਵੀ ਦੇਵ ਜੀ ਬਾਰੇ ਪਤਾ ਨਹੀਂ ?"

"ਬਹੁਤ ਕੁਝ ਪਤਾ ਹੈ; ਪਰ ਜਿਸ ਗੱਲ ਬਾਰੇ ਤੁਸੀਂ ਪੁੱਛ ਰਹੇ ਹੋ, ਉਸ ਬਾਰੇ ਬਿਲਕੁਲ ਨਹੀਂ। ਮਈ-ਜੂਨ ਵਿੱਚ ਸਾਡੇ ਬਗ਼ੀਚੇ ਵਿੱਚ ਏਨੇ ਫੁੱਲ ਖਿੜੇ ਕਿ ਉਸ ਸਾਲ ਦਾ 'ਬੈਸਟ ਬੈਕ ਗਾਰਡਨ' ਦਾ ਇਨਾਮ ਸਾਨੂੰ ਮਿਲਿਆ। ਪਲਾਸਟਿਕ ਦੀ ਵੱਡੀ ਸਾਰੀ ਪੁਰਾਣੀ ਬਾਲਟੀ ਵਿੱਚ ਲਾਇਆ ਹੋਇਆ ਡੈਲੀਏ ਦਾ ਇੱਕ ਬੂਟਾ ਏਨਾ ਵੱਡਾ ਹੋਇਆ ਅਤੇ ਉਸ ਨੂੰ ਏਨੇ ਫੁੱਲ ਲੱਗੇ ਕਿ ਈਸਟ ਹੈਮ ਕੌਂਸਲ ਨੇ ਉਸ ਨੂੰ ਲੰਡਨ ਦੇ ਫਲਾਵਰ ਸ਼ੋਅ ਵਿੱਚ ਲੈ ਜਾਣ ਦੀ ਸਲਾਹ ਦਿੱਤੀ। ਓਥੇ ਉਹ ਬੂਟਾ ਤੀਜੇ ਨੰਬਰ ਉੱਤੇ ਆਇਆ। ਪਹਿਲੇ ਉੱਤੇ ਆ ਸਕਦਾ ਸੀ; ਪਰ ਪਲਾਸਟਿਕ ਦੀ ਪੁਰਾਣੀ ਬਾਲਟੀ ਨੇ ਕੰਮ ਖ਼ਰਾਬ ਕਰ ਦਿੱਤਾ। ਪਹਿਲੇ ਅਤੇ ਦੂਜੇ ਨੰਬਰ ਉੱਤੇ ਉਨ੍ਹਾਂ ਆਉਣ ਵਾਲੇ ਦੋਵੇਂ ਬੂਟੇ ਚੀਨੀ ਦੇ ਸੁੰਦਰ ਗਮਲਿਆਂ ਵਿੱਚ ਲੱਗੇ ਹੋਏ ਸਨ। ਉਹ ਗਮਲੇ ਉਨ੍ਹਾਂ ਦੀ ਸੁੰਦਰਤਾ ਦੇ ਸਮੁੱਚੇ ਪ੍ਰਭਾਵ ਵਿੱਚ ਵਾਧਾ ਕਰ ਰਹੇ ਸਨ ਅਤੇ ਇਨਾਮ ਪ੍ਰਭਾਵ ਨੂੰ ਹੀ ਮਿਲਨਾ ਸੀ। ਉਨ੍ਹਾਂ ਬੂਟਿਆਂ ਦੇ ਲਿਆਉਣ ਵਾਲਿਆਂ ਨੂੰ ਫਲਾਵਰ ਸ਼ੋਅ ਦਾ ਲੰਮੇਰਾ

ਅਨੁਭਵ ਸੀ ਅਤੇ ਸਾਡੇ ਲਈ ਇਹ ਪਹਿਲਾ ਮੌਕਾ ਸੀ। ਈਸਟ ਹੈਮ ਕੌਂਸਲ ਵਾਲਿਆਂ ਨੇ ਤੁਹਾਡੇ ਮਾਤਾ ਜੀ ਅਤੇ ਦੇਵ ਦੇ ਆਦਰ ਵਜੋਂ, ਟਾਊਨ ਹਾਲ ਵਿੱਚ ਇੱਕ ਮੀਟਿੰਗ ਕੀਤੀ ਅਤੇ ਮਾਣ ਪੱਤ੍ਰ ਅਤੇ ਸ਼ੀਲਡ ਪੇਸ਼ ਕੀਤੀ। ਦੇਵ ਨੂੰ ਆਪਣੀ ਹੋਂਦ ਦੀ ਉਪਯੋਗਤਾ ਉੱਤੇ ਯਕੀਨ ਹੋਣ ਲੱਗ ਪਿਆ।"

"ਪਾਪਾ, ਮੈਂ ਹੁਣ ਸਮਝੀ ਹਾਂ ਕਿ ਦੇਵ ਵੀਰ ਜੀ ਨੂੰ ਫੁੱਲਾਂ ਦਾ ਏਨਾ ਸ਼ੌਕ ਕਿਉਂ ਹੈ। ਉਨ੍ਹਾਂ ਦੇ ਘਰ ਦੇ ਫ਼ਰੰਟ ਅਤੇ ਬੈਕ, ਦੋਵੇਂ ਗਾਰਡਨ ਫੁੱਲਾਂ ਨਾਲ ਭਰੇ ਰਹਿੰਦੇ ਹਨ। ਕਮਲ ਨੂੰ ਫੁੱਲਾਂ ਦਾ ਉੱਕਾ ਸ਼ੌਕ ਨਹੀਂ। ਪਤਾ ਨਹੀਂ, ਉਸ ਨੂੰ ਗੁਆਂਢੀ ਦੀ ਮੱਤ ਕਿਉਂ ਨਹੀਂ ਆਈ।"

"ਤੂੰ ਵੀ ਤਾਂ ਉਸ ਦੀ ਗੁਆਂਢਣ ਹੈਂ, ਨੀਰਜ! ਤੂੰ ਹੀ ਲੈ ਲੈ ਥੋੜ੍ਹੀ ਜਿਹੀ ਮੱਤ। ਦੇਵ ਨੇ ਕੋਰਸ ਪਾਸ ਕਰ ਲਿਆ ਅਤੇ ਰਾਇਲ ਲੰਡਨ ਹਾਸਪੀਟਲ ਵਿੱਚ ਉਸ ਨੂੰ ਨੌਕਰੀ ਵੀ ਮਿਲ ਗਈ। ਉਸ ਸਮੇਂ ਤਕ ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਏਥੇ ਜੀਵਨ ਦੀ ਸੇਵਾ ਦੇ ਬਹੁਤ ਸਾਰੇ ਮੌਕੇ ਮਿਲ ਸਕਦੇ ਸਨ। ਤੁਸੀਂ ਐਂਬੂਲੈਂਸ ਸਰਵਿਸ ਵਾਲਿਆਂ ਨੂੰ ਆਪਣਾ ਨਾਂ ਦੇ ਕੇ ਇਹ ਕਹਿ ਸਕਦੇ ਹੋ ਕਿ ਹਫ਼ਤੇ ਦੇ ਫਲਾਣੇ ਦਿਨ, ਇਸ ਸਮੇਂ ਤੋਂ ਇਸ ਸਮੇਂ ਤਕ ਅਸੀਂ ਤੁਹਾਡੇ ਕੰਮ ਆ ਸਕਦੇ ਹਾਂ। ਸਾਡੇ ਕੋਲ ਇਸ ਪ੍ਰਕਾਰ ਦੀ ਕਾਰ ਹੈ। ਉਹ ਲੋੜ ਪੈਣ ਉੱਤੇ ਤੁਹਾਡੇ ਕੋਲੋਂ ਮਦਦ ਮੰਗ ਸਕਦੇ ਹਨ। ਕੁਝ ਜਥੇਬੰਦੀਆਂ ਬਿਰਧਾਂ ਅਤੇ ਲਾਵਾਰਸ ਬੱਚਿਆਂ ਨੂੰ ਛੁੱਟੀ ਵਾਲੇ ਦਿਨ ਏਧਰ ਓਧਰ ਘੁਮਾਉਣ ਲੈ ਜਾਣ ਲਈ ਵੀ ਤੁਹਾਡੀ ਸੇਵਾ ਦਾ ਲਾਭ ਲੈ ਸਕਦੀਆਂ ਹਨ। ਏਥੇ ਕੁਝ ਅਜੇਹੀਆਂ ਜਥੇਬੰਦੀਆਂ ਵੀ ਹਨ, ਜਿਹੜੀਆਂ ਉਨ੍ਹਾਂ ਮਰੀਜ਼ਾਂ ਦੀ ਸੇਵਾ ਕਰਦੀਆਂ ਹਨ, ਜਿਨ੍ਹਾਂ ਬਾਰੇ ਡਾਕਟਰਾਂ ਨੇ ਇਹ ਕਹਿ ਦਿੱਤਾ ਹੁੰਦਾ ਹੈ ਕਿ ਇਨ੍ਹਾਂ ਨੂੰ ਹਸਪਤਾਲਾਂ ਵਿੱਚ ਰੱਖਣ ਦਾ ਕੋਈ ਲਾਭ ਨਹੀਂ। ਇਨ੍ਹਾਂ ਦਾ ਅੰਤ ਸਮਾਂ ਨੇੜੇ ਹੈ, ਇਨ੍ਹਾਂ ਨੂੰ ਘਰ ਲੈ ਜਾਉ, ਇਨ੍ਹਾਂ ਦੀ ਸੇਵਾ ਕਰੋ। ਉਨ੍ਹਾਂ ਜਥੇਬੰਦੀਆਂ ਕੋਲ ਸਪੈਸ਼ਲਿਸਟ ਡਾਕਟਰ ਵੀ ਹੁੰਦੇ ਹਨ, ਸੁਸਿੱਖਿਅਤ ਨਰਸਾਂ ਵੀ ਹੁੰਦੀਆਂ ਹਨ ਅਤੇ ਲੋੜੀਂਦਾ ਡਾਕਟਰੀ ਸਾਮਾਨ ਵੀ ਹੁੰਦਾ ਹੈ। ਮਰੀਜ਼ ਦੀ ਲੋੜ ਅਨੁਸਾਰ ਇਹ ਜਥੇਬੰਦੀਆਂ ਦਵਾਈ, ਡਾਕਟਰ ਅਤੇ ਨਰਸ ਦਾ ਪ੍ਰਬੰਧ ਕਰਦੀਆਂ ਹਨ। ਨਰਸਾਂ ਦਿਨ ਰਾਤ ਮਰੀਜ਼ ਦੇ ਕੋਲ ਰਹਿੰਦੀਆਂ ਹਨ ਅਤੇ ਡਾਕਟਰ ਰਾਤ-ਬਰਾਤੇ ਕਦੇ ਵੀ ਬੁਲਾਉਣ ਉੱਤੇ ਹਾਜ਼ਰ ਹੁੰਦਾ ਹੈ ਅਤੇ ਘੰਟਿਆਂ-ਬੱਧੀ ਮਰੀਜ਼ ਦੇ ਕੋਲ ਵੀ ਬੈਠਾ ਰਹਿੰਦਾ ਹੈ। ਇਹ ਸਾਰਾ ਪ੍ਰਬੰਧ ਮੁਫ਼ਤ ਹੁੰਦਾ ਹੈ। ਇਹ ਜਥੇਬੰਦੀਆਂ ਦਾਨ ਉੱਤੇ ਨਿਰਭਰ ਕਰਦੀਆਂ ਹਨ। ਤੁਸੀਂ ਕਿਸੇ ਜਥੇਬੰਦੀ ਵਿੱਚ ਸੇਵਾ ਲਈ ਵਾਲੰਟੀਅਰ ਹੋ ਸਕਦੇ ਹੋ, ਦੇਵ ਹੈ।"

"ਪਾਪਾ, ਸਾਡੇ ਦੇਸ਼ ਦੇ ਮੁਕਾਬਲੇ.....।"

"ਨਾ.....ਨਾ, ਸਨੇਹਾ, ਇਹ ਤੁਲਨਾ ਅਨੁਚਿਤ ਹੈ, ਅਸੰਭਵ ਹੈ, ਇਸ ਦਾ ਕੋਈ ਅਸਤਿਤ੍ਵ ਨਹੀਂ। ਅਸੀਂ ਕਿਸੇ ਹੋਂਦ ਦੀ ਗੱਲ ਕਰ ਰਹੇ ਹਾਂ। ਹੋਂਦ ਦਾ ਅਣਹੋਂਦ ਨਾਲ ਮੁਕਾਬਲਾ ਨਾ ਕਰੋ, ਬੇਟਾ। ਦੇਵ ਨੇ ਇਸ ਵਾਤਾਵਰਣ ਵਿਚਲੀਆਂ ਸਾਰੀਆਂ ਸਹੂਲਤਾਂ ਦਾ ਪੂਰਾ ਲਾਭ ਲਿਆ ਹੈ। ਆਪਣੇ ਆਪ ਨੂੰ ਜੀਵਨ ਲਈ ਵੱਧ ਤੋਂ ਵੱਧ ਉਪਯੋਗੀ ਬਣਾਉਣ ਦੇ ਜਤਨਾਂ ਕਾਰਨ ਅੱਜ ਉਹ ਆਈ ਸਪੈਸ਼ਲਿਸਟ ਵੀ ਹੈ, ਹਾਰਟ ਸਪੈਸ਼ਲਿਸਟ ਵੀ ਹੈ, ਗਾਈਨੋਕਾਲੋਜਿਸਟ ਵੀ ਹੈ ਅਤੇ ਨਿਊਰੋ ਸਰਜਨ ਵੀ। ਇਸ ਦੇਸ਼ ਦੇ ਹਸਪਤਾਲਾਂ ਵਿੱਚ ਹੋਣ ਵਾਲੇ ਵੱਡੇ ਵੱਡੇ ਆਪ੍ਰੇਸ਼ਨਾਂ ਸਮੇਂ ਉਸ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਂਦੀ ਹੈ। ਅੱਜ ਤੋਂ ਦੋ ਸਾਲ ਪਹਿਲਾਂ ਉਸ ਦੇ ਪੜੋਸੀ ਮਿਸਟਰ ਅਤੇ ਮਿਸਿਜ਼ ਆਹਲੂਵਾਲੀਆ ਨੂੰ ਇਸ ਦੇਸ਼ ਦੀ ਰਾਣੀ ਨੇ ਵਾਤਾਵਰਣ ਦੀ ਸੁੰਦਰਤਾ ਵਿਚ ਵਾਧਾ ਕਰਨ ਦੇ ਜਤਨਾਂ ਲਈ ਸਨਮਾਨਿਤ ਕੀਤਾ ਸੀ। ਉਨ੍ਹਾਂ ਨੇ ਇੱਕ ਸੌ ਭਾਰਤੀ ਪਰਿਵਾਰਾਂ ਨੂੰ ਆਪਣੇ ਬਗ਼ੀਚੇ ਸਾਂਭਣ ਅਤੇ ਸੁਆਰਨ ਲਈ ਉਤਸ਼ਾਹਿਤ ਕੀਤਾ

ਸੀ। ਮਿਸਟਰ ਅਤੇ ਮਿਸਿਜ਼ ਆਹਲੂਵਾਲੀਆ ਨੂੰ ਇਸ ਕੰਮ ਲਈ ਪ੍ਰੇਰਣਾ ਅਤੇ ਅਗਵਾਈ ਦੇਵ ਕੋਲੋਂ ਮਿਲੀ ਸੀ।"

"ਮੁੜ ਕਦੀ ਵੀਰ ਜੀ ਨੇ ਫਲਾਵਰ ਸ਼ੋਅ ਵਿੱਚ ਐਂਟਰੀ ਨਹੀਂ ਲਈ ?"

"ਇੱਕ ਐਂਟਰੀ ਪਿੱਛੋਂ ਉਹ ਜਿੱਤ-ਹਾਰ ਨਾਲ ਸੰਬੰਧ ਰੱਖਣ ਵਾਲੇ ਸਾਰੇ ਉੱਦਮਾਂ ਅਤੇ ਅਵਸਰਾਂ ਤੋਂ ਪਰੇ ਰਹਿਣ ਲੱਗ ਪਿਆ ਸੀ।"

"ਭਲਾ, ਉਹ ਕਿਉਂ, ਪਾਪਾ ?"

"ਸਭ ਕੁਝ ਮੇਰੇ ਕੋਲੋਂ ਨਾ ਪੁੱਛੋ, ਮੇਰੇ ਬੱਚਿਓ; ਇਸ ਬਾਰੇ ਆਪ ਸੋਚੋ।"

ਪੁਸ਼ਪੇਂਦ੍ਰ, ਪਾਪਾ ਨਾਲ ਗੱਲਾਂ ਕਰ ਕੇ ਕਿੰਨੀ ਵੱਡੀ ਮਾਨਸਿਕ ਉੱਥਲ-ਪੁੱਥਲ ਵਿੱਚੋਂ ਬਾਹਰ ਆ ਗਈ ਹਾਂ।

ਤੇਰੀ,
ਸਨੇਹਾ।

# 24

ਗੁਰਦਾਸਪੁਰ,
15.4.96.

ਸਨੇਹਾ,

ਤੇਰੇ ਪੱਤ੍ਰ ਦੁਆਰਾ ਆਪਣੇ ਅਨੁਮਾਨ ਦੀ ਪ੍ਰੌੜਤਾ ਹੋ ਜਾਣ ਉੱਤੇ ਜੋ ਹਾਲਤ ਮੇਰੇ ਮਨ ਦੀ ਹੋਈ ਹੈ, ਉਸ ਤੋਂ ਤੇਰੇ ਅਤੇ ਨੀਰਜ ਦੇ ਮਨਾਂ ਦੀ ਉੱਥਲ-ਪੁੱਥਲ ਦਾ ਅੰਦਾਜ਼ਾ ਭਲੀ-ਭਾਂਤ ਲਾ ਸਕਦੀ ਹਾਂ। ਕਿੰਨੀ ਤੀਬਰਤਾ ਨਾਲ ਮੈਂ ਇਹ ਚਾਹੁੰਦੀ ਸਾਂ ਕਿ ਮੇਰਾ ਅੰਦਾਜ਼ਾ ਗ਼ਲਤ ਹੋਵੇ। ਇਹ ਵੀ ਚੰਗਾ ਹੋਇਆ ਕਿ ਇਸ ਬਾਰੇ ਕੁਝ ਕੁਝ ਜਾਣਕਾਰੀ ਤੁਹਾਨੂੰ ਪਹਿਲਾਂ ਪ੍ਰਾਪਤ ਹੋ ਚੁੱਕੀ ਸੀ ਨਹੀਂ ਤਾਂ.....।

ਪਤਾ ਨਹੀਂ ਯੁਗਾਂ-ਯੁਗਾਂਤਰਾਂ ਤੋਂ ਇਹ ਸਭ ਕੁਝ ਕਿਉਂ ਹੁੰਦਾ ਆ ਰਿਹਾ ਹੈ ? ਇਸ ਦਾ ਕੋਈ ਅੰਤ ਵੀ ਕਿਧਰੇ ਹੈ ਜਾਂ ਨਹੀਂ ? ਇਨ੍ਹਾਂ ਸੋਚਾਂ ਵਿੱਚ ਏਨਾ ਉਲਝਿਆ ਹੋਇਆ ਹੈ ਮੇਰਾ ਮਨ ਕਿ ਏਨੇ ਸੁਹਜਾਂ, ਏਨੀਆਂ ਸਿਆਣਪਾਂ ਦਾ ਸਹਿਵਾਸੀ ਹੁੰਦਾ ਹੋਇਆ ਵੀ ਕੁਝ ਦਿਨ ਬਹੁਤ ਉਦਾਸ ਰਿਹਾ। ਆਖ਼ਰਕਾਰ ਇਸ ਉਦਾਸੀ ਵਿੱਚੋਂ ਬਾਹਰ ਨਿਕਲਣ ਦਾ ਇੱਕ ਬਹਾਨਾ ਬਣ ਹੀ ਗਿਆ।

ਏਧਰ, ਪੰਜਾਬ ਵਿੱਚ, ਕੁਝ ਚਿਰ ਤੋਂ ਸਾਹਿਤਕ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸਾਡੀ ਸਰਕਾਰ ਇਨ੍ਹਾਂ ਵਿੱਚ ਉਚੇਚੀ ਦਿਲਚਸਪੀ ਲੈ ਰਹੀ ਹੈ। ਲੋਕਾਂ ਦੇ ਇਕੱਠ ਦਾ ਕੋਈ ਮੌਕਾ ਹੱਥੋਂ ਜਾਣ ਨਹੀਂ ਦਿੱਤਾ ਜਾਂਦਾ। ਦਸਹਿਰਾ, ਦੀਵਾਲੀ ਜਾਂ ਹੋਲੀ, ਵਿਸਾਖੀ, ਕੋਈ ਵੀ ਤਿਉਹਾਰ ਹੋਵੇ, ਉਸ ਨੂੰ ਮਨਾਉਣ ਮਾਣਨ ਲਈ ਇਕੱਠੇ ਹੋਏ ਲੋਕਾਂ ਵਿੱਚ ਸ਼ਾਮਲ ਸਾਹਿਤਿਕ ਰੁਚੀਆਂ ਵਾਲੇ ਵਿਅਕਤੀਆਂ ਲਈ ਇੱਕ ਵੱਖਰਾ ਮੰਚ ਤਿਆਰ ਕੀਤਾ ਜਾਂਦਾ ਹੈ। ਇਸ ਵਿਸਾਖੀ ਦੇ ਮੌਕੇ ਉੱਤੇ ਇੱਕ ਅਜੇਹਾ ਮੇਲਾ ਵੇਖਣ ਦਾ ਮੌਕਾ ਮੈਨੂੰ ਅਤੇ ਸੁਮੀਤ ਨੂੰ ਵੀ ਮਿਲ ਗਿਆ। ਇਸ ਮੇਲੇ ਦੇ ਪ੍ਰਬੰਧ ਵੱਲ ਪਾਪਾ ਨੂੰ ਧਿਆਨ ਦੇਣ ਦੀ ਲੋੜ ਸੀ। ਇਹ ਮੇਲਾ ਗੁਰਦਾਸ ਨੰਗਲ ਲਾਗੇ ਬਾਬੇ ਬੰਦੇ ਦੇ ਥੇਹ ਉੱਤੇ ਹੋਣਾ ਨੀਯਤ ਹੋਇਆ ਸੀ। ਇਹ ਥੇਹ ਗੁਰਦਾਸ ਨੰਗਲ ਅਤੇ ਜਾਪੂਵਾਲ ਦੇ ਵਿਚਾਲੇ ਜਿਹੇ ਸਥਿਤ ਹੈ। ਜਿਨ੍ਹਾਂ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਮੇਲੇ ਦੇ ਪ੍ਰਬੰਧਕ ਥਾਪਿਆ ਗਿਆ ਸੀ, ਉਨ੍ਹਾਂ ਨੇ ਮੇਰੇ ਤੋਂ ਪਹਿਲੇ ਇੱਕ ਐਤਵਾਰ ਇਸ ਥੇਹ ਉੱਤੇ ਇਕੱਠੇ ਹੋ ਕੇ ਮੇਲੇ ਦੀ ਯੋਜਨਾ ਬਣਾਉਣੀ ਸੀ। ਪਾਪਾ ਨੇ ਮੈਨੂੰ ਅਤੇ ਕਰਨਜੀਤ ਨੂੰ ਵੀ ਨਾਲ ਜਾਣ ਲਈ ਤਿਆਰ ਕਰ ਲਿਆ। ਸਵੇਰੇ ਜਦੋਂ ਘਰੋਂ ਤੁਰਨ ਲੱਗੇ ਤਾਂ ਕਰਨਜੀਤ ਕਾਰ ਦੀ ਅਗਲੀ ਸੀਟ ਉੱਤੇ ਮੇਰੇ ਲਾਗੇ ਆ ਬੈਠਾ। ਪਾਪਾ ਨੇ ਕਾਰ ਦੀ ਪਿਛਲੀ ਸੀਟ ਉੱਤੇ ਬੈਠਦਿਆਂ ਆਖਿਆ, "ਮਹਾਂਰਥੀ, ਕਦੇ ਸਾਡੇ ਲਾਗੇ ਵੀ ਬੈਠ ਜਾਇਆ ਕਰ, ਸਾਨੂੰ ਵੀ ਪਤਾ ਲੱਗੇ ਕਿ ਜਵਾਨ ਪੁੱਤਰ ਦੇ ਬਰਾਬਰ ਬੈਠਣ ਵਿੱਚ ਕਿੰਨਾ ਕੁ ਆਨੰਦ ਹੈ।"

ਕਰਨਜੀਤ ਸੰਗਦਾ ਸੰਗਦਾ ਉਨ੍ਹਾਂ ਕੋਲ ਜਾ ਬੈਠਾ। ਮੈਂ ਆਖਿਆ, "ਤੁਸਾਂ ਪਿਉ-ਪੁੱਤ ਨੇ ਮਿਲ ਕੇ ਮੈਨੂੰ ਆਪਣੀ ਸ਼ੋਫ਼ਰ ਬਣਾ ਲਿਆ ਹੈ।"

"ਸ਼ੋਫ਼ਰ ਨਹੀਂ, ਬੇਟਾ, ਸਾਰਥੀ।"

"ਪਾਪਾ, ਤੁਸੀਂ ਤਾਂ ਵਿਅੰਗ ਕਰਨ ਲੱਗ ਪਏ ਹੋ।"

"ਤੇਰੇ ਸੁਮੀਤ.....ਮੇਰਾ ਮਤਲਬ ਸੁਮੀਤ ਦੇ ਸੁਹਬਤੀ ਜੁ ਹੋ ਗਏ, ਇਸ ਲਈ।" ਪਾਪਾ ਦੇ ਮੂੰਹੋਂ 'ਤੇਰੇ ਸੁਮੀਤ' ਅਚਾਨਕ ਨਿਕਲ ਗਿਆ ਸੀ। ਜੇ ਉਨ੍ਹਾਂ ਦਾ ਭਾਵ ਵੀ ਏਹੋ ਹੁੰਦਾ ਤਾਂ ਮੇਰੇ ਲਈ ਕਾਰ ਚਲਾਉਣੀ ਮੁਸ਼ਕਲ ਹੋ ਜਾਣੀ ਸੀ; 'ਕਿ ਖ਼ੁਸ਼ੀ ਸੇ ਮਰ ਨ ਜਾਤੇ ਅਗਰ ਏਤਬਾਰ ਹੋਤਾ'।

ਗੱਲਾਂ ਕਰਦੇ ਅਸੀਂ ਝੌਰੀਂ ਪੁੱਜ ਗਏ। ਕਰਨਜੀਤ ਸਾਰਾ ਰਾਹ ਚੁੱਪ ਰਿਹਾ। ਪ੍ਰੋਫ਼ੈਸਰ ਅੰਕਲ ਤਿਆਰ ਬੈਠੇ ਸਨ। ਪਾਪਾ ਨੇ ਉਨ੍ਹਾਂ ਨਾਲ ਸ਼ਾਇਦ ਪਹਿਲਾਂ ਤੋਂ ਹੀ ਓਥੇ ਜਾਣ ਬਾਰੇ ਗੱਲ ਕੀਤੀ ਹੋਈ ਸੀ। ਮੈਂ ਜੀਵਨਵਾਲ ਵੱਲ ਜਾਣ ਦੀ ਥਾਂ ਜਾਪੂਵਾਲ ਦੇ ਸੂਏ ਦੀ ਪੱਟੜੀ ਵੱਲ ਕਾਰ ਮੋੜ ਲਈ। ਜਰਨੈਲੀ ਸੜਕ ਤੋਂ ਦੋ ਕੁ ਫ਼ਰਲਾਂਗ ਉਰੇ ਸਾਂ ਕਿ ਪਾਪਾ ਨੇ ਕਾਰ ਰੋਕਣ ਲਈ ਕਿਹਾ ਅਤੇ ਕਾਰ ਵਿੱਚੋਂ ਨਿਕਲਦਿਆਂ ਹੋਇਆਂ ਉਨ੍ਹਾਂ ਨੇ ਆਖਿਆ, "ਦਵਿੰਦਰ, ਇਹ ਦੁਨੀਆ ਦਾ ਅੱਠਵਾਂ ਅਜੂਬਾ ਕੀ ਹੈ ਬਈ?"

"ਪਹਿਲਾਂ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਤੂੰ ਮੈਨੂੰ ਪੁੱਛ ਰਿਹਾ ਹੈਂ ਜਾਂ ਦੱਸ ਰਿਹਾ ਹੈਂ ਕਿ ਇਹ ਦੁਨੀਆ ਦਾ ਅੱਠਵਾਂ ਅਜੂਬਾ ਹੈ।"

"ਬਈ, ਪੁੱਛ ਰਿਹਾ ਹਾਂ। ਮੈਂ ਤਾਂ ਜਦੋਂ ਦਾ ਏਥੇ ਆਇਆ ਹਾਂ, ਇੱਕ ਉੱਚੀ ਚਾਰਦੀਵਾਰੀ ਵੇਖਦਾ ਰਿਹਾ ਹਾਂ। ਉਹ ਕਿੱਥੇ ਗਈ? ਅਤੇ ਇਹ ਘਰ, ਬਗ਼ੀਚਾ, ਕਮਾਲ ਹੈ। ਕਿਸ ਦਾ ਘਰ ਹੈ ਇਹ?"

"ਅੰਦਰ ਜਾ ਕੇ ਵੇਖੇਂਗਾ ਕਿ ਇਹ ਘਰ ਨਹੀਂ ਇੱਕ ਦੇਸ਼ ਹੈ—ਇੱਕ ਦੇਸ਼ ਹੀ ਕਿਉਂ ਇੱਕ ਵੱਖਰੀ ਦੁਨੀਆ ਹੈ।"

"ਚੱਲ ਯਾਰ ਵੇਖੀਏ।"

"ਅਤੇ ਉਹ ਮੇਲੇ ਦੀ ਮੁਸੀਬਤ? ਤੇਰੀ ਬਰਾਦਰੀ ਤੈਨੂੰ ਉਡੀਕ ਰਹੀ ਹੈ ਓਥੇ।"

"ਉਸ ਪਾਸੇ ਦਾ ਕੰਮ ਮੁਕਾ ਕੇ ਆਉਂਦੇ ਹਾਂ।"

"ਵਾਹ! ਕਿਆ ਸ਼ਊਰ ਹੈ; ਜਦੋਂ ਜੀ ਕੀਤਾ ਮੂੰਹ ਚੁੱਕੀ ਕਿਸੇ ਦੇ ਘਰ ਜਾ ਵੜੇ। ਮੇਰੇ ਦੋਸਤ, ਦੂਜੇ ਦੇਸ਼ ਵਿੱਚ ਜਾਣ ਲਈ ਵੀਜ਼ੇ ਦੀ ਲੋੜ ਹੁੰਦੀ ਹੈ ਅਤੇ ਦੂਜੀ ਦੁਨੀਆ ਵਿੱਚ ਜਾਣ ਲਈ ਤਾਂ ਬਹੁਤ ਕੁਝ ਕਰਨਾ ਪਵੇਗਾ।"

ਵਾਪਸ ਕਾਰ ਵਿੱਚ ਬੈਠਦਿਆਂ ਪਾਪਾ ਨੇ ਪੁੱਛਿਆ, "ਤੂੰ ਕਦੇ ਗਿਆ ਹੈਂ ਏਥੇ?"

ਕਾਰ ਵਿੱਚ ਬੈਠ ਕੇ ਅੰਕਲ ਨੇ ਉੱਤਰ ਦਿੱਤਾ, "ਮੈਂ ਤਾਂ ਰਹਿੰਦਾ ਹੀ ਏਥੇ ਹਾਂ।"

ਥੇਹ ਉੱਤੇ ਪੁੱਜੇ ਕਰਮਚਾਰੀ ਅਤੇ ਅਫ਼ਸਰ ਪਾਪਾ ਦੀ ਉਡੀਕ ਕਰ ਰਹੇ ਸਨ। ਬਾਕੀ ਸਾਰੇ ਆਦਮੀ ਆਪੋ-ਆਪਣੀਆਂ ਸਲਾਹਾਂ ਦੇਣ ਲੱਗ ਪਏ; ਕਰਨਜੀਤ ਅਤੇ ਮੈਂ ਅੰਕਲ ਨਾਲ ਗੱਲੀਂ ਪਏ ਥੇਹ ਦੇ ਸਿਖਰ ਉੱਤੇ ਬਣੇ ਨਿੱਕੇ ਜਿਹੇ ਗੁਰਦੁਆਰੇ ਵੱਲ ਚਲੇ ਗਏ। ਡੇਢ-ਦੋ ਘੰਟਿਆਂ ਪਿੱਛੋਂ ਜਦੋਂ ਅਸੀਂ ਵਾਪਸ ਆਏ, ਉਦੋਂ ਇਹ ਫ਼ੈਸਲਾ ਕੀਤਾ ਜਾਣਾ ਅਜੇ ਬਾਕੀ ਸੀ ਕਿ ਦਰਸ਼ਕਾਂ/ਸਰੋਤਿਆਂ ਨੂੰ ਕਿਸ ਵਿਉਂਤ ਵਿੱਚ ਬਿਠਾਇਆ ਜਾਵੇ ਅਤੇ ਸਟੇਜ ਕਿੱਥੇ ਬਣਾਈ ਜਾਵੇ। ਬਹੁਤੇ ਆਦਮੀ ਇਹ ਸਲਾਹ ਦੇ ਰਹੇ ਸਨ ਕਿ ਥੇਹ ਦੀ ਪੱਛਮੀ ਢਲਵਾਨ ਉੱਤੇ ਉੱਚੇ ਪਾਸੇ ਸਟੇਜ ਬਣਾਈ ਜਾਵੇ ਅਤੇ ਨੀਵੇਂ ਪਾਸੇ ਦਰਸ਼ਕਾਂ ਦੇ ਬੈਠਣ ਦਾ ਪ੍ਰਬੰਧ ਕੀਤਾ ਜਾਵੇ।

ਮੈਨੂੰ ਇਹ ਵਿਉਂਤ ਓਪਰੀ ਲੱਗੀ। ਮੈਂ ਪਾਪਾ ਨੂੰ ਕਿਹਾ ਕਿ ਜੇ ਸਟੇਜ ਨੀਵੇਂ ਪਾਸੇ ਹੋਵੇ ਤੇ ਦਰਸ਼ਕ ਢਲਾਣ ਦੇ ਉੱਚੇ ਪਾਸੇ ਬਿਠਾਏ ਜਾਣ ਤਾਂ ਇਹ ਢਲਾਨ ਗੈਲਰੀ ਦਾ ਕੰਮ ਦੇ ਸਕਦੀ ਹੈ। ਇਹ ਗੱਲ ਸਭ ਦੇ ਮਨ ਲੱਗੀ। ਹਰ ਕਿਸੇ ਨੂੰ ਉਸ ਦੀ ਡਿਊਟੀ ਸੌਂਪੀ ਜਾਣ ਪਿੱਛੋਂ ਇਹ ਇਕੱਠ ਸਮਾਪਤ ਕਰ ਦਿੱਤਾ ਗਿਆ। ਅਸੀਂ ਮੁੜ ਝੌਰੀਂ ਆ ਗਏ। ਘਰ ਬੈਠ ਕੇ ਇਹ ਸਲਾਹ ਬਣਾਈ ਕਿ ਅਗਲੇ ਐਤਵਾਰ, ਮੇਲੇ ਦੀ ਸਮਾਪਤੀ ਤੋਂ ਪਿੱਛੋਂ, ਪਾਪਾ, ਉਸ ਅਨੋਖੇ ਘਰ ਨੂੰ ਵੇਖਣ ਜਾਣਗੇ। ਅੰਕਲ ਜੀ ਇਸ ਸੰਬੰਧ ਵਿੱਚ ਲੋੜੀਂਦਾ ਪ੍ਰਬੰਧ ਕਰ ਛੱਡਣਗੇ।

ਮੇਲਾ ਖ਼ੂਬ ਭਰਿਆ। ਸਾਰੇ ਪੰਜਾਬ ਦੇ ਚੋਣਵੇਂ ਕਵੀ, ਸੰਗੀਤਕਾਰ ਅਤੇ ਨਚਾਰ ਇਸ ਵਿੱਚ ਸ਼ਾਮਲ ਹੋਏ। ਸਿਆਸੀ ਨੇਤਾਵਾਂ ਅਤੇ ਸਕੂਲਾਂ/ਕਾਲਜਾਂ ਦੇ ਅਧਿਆਪਕ/ਅਧਿਆਪਕਾਵਾਂ ਨੇ ਵੀ ਭਾਗ ਲਿਆ। ਦਰਸ਼ਕਾਂ ਦੇ ਉਤਸ਼ਾਹ ਦੀ ਕੋਈ ਸੀਮਾ ਨਹੀਂ ਸੀ। ਲੰਮੇ ਸਮੇਂ ਦੇ ਸਹਿਮ ਪਿੱਛੋਂ ਮਿਲੇ ਮੌਕਿਆਂ ਦਾ ਪੂਰਾ ਪੂਰਾ ਲਾਭ ਲੈ ਰਿਹਾ ਹੈ ਅਜੋਕਾ ਪੰਜਾਬੀ ਜੀਵਨ। ਗੀਤ, ਸੰਗੀਤ ਅਤੇ ਕਵਿਤਾਵਾਂ ਦਾ ਦੌਰ ਮੁੱਕਣ ਉੱਤੇ ਸਿਆਸੀ ਸਪੀਚਾਂ ਅਤੇ ਪ੍ਰਧਾਨਗੀ ਭਾਸ਼ਣਾਂ ਦਾ ਕੰਮ ਸ਼ੁਰੂ ਹੋ ਗਿਆ। ਮੈਂ ਅਤੇ ਸੁਮੀਤ, ਭਰਿਆ ਮੇਲਾ ਛੱਡ ਕੇ ਜਾਪੂਵਾਲ ਆ ਗਏ। ਨੀਲੂ ਜੀ ਸਵੇਰ ਤੋਂ ਹੀ ਝੌਰੀਂ ਗਏ ਹੋਏ ਸਨ। ਪਾਪਾ ਨੇ ਬਣੇ ਹੋਏ ਪ੍ਰੋਗਰਾਮ ਅਨੁਸਾਰ ਮੇਲੇ ਤੋਂ ਪਿੱਛੋਂ ਸੁਮੀਤ ਦੇ ਘਰ ਆਉਣਾ ਸੀ। ਉਨ੍ਹਾਂ ਲਈ ਚਾਹ ਦਾ ਪ੍ਰਬੰਧ ਅਸਾਂ ਕਰਨਾ ਸੀ। ਪਾਪਾ ਅਤੇ ਪਿਤਾ ਜੀ ਤੋਂ ਇਲਾਵਾ ਤਿੰਨ ਅਣ-ਪਛਾਤੇ ਆਦਮੀ ਹੋਰ ਆ ਰਹੇ ਸਨ। ਉਹ ਪਾਪਾ ਦੇ ਜਾਣੂੰ ਸਨ, ਪਿਤਾ ਜੀ ਅਤੇ ਅੰਕਲ ਲਈ ਓਪਰੇ ਸਨ। ਸਨ ਬਹੁਤ ਮਿੱਠੇ, ਮਿਲਾਪੜੇ ਅਤੇ ਜ਼ਿੰਮੇਦਾਰ। ਪਾਪਾ ਨੇ ਉਨ੍ਹਾਂ ਨੂੰ ਉਚੇਚਾ ਬੁਲਾਇਆ ਸੀ, ਮੇਲੇ ਉੱਤੇ। ਉਨ੍ਹਾਂ ਵਿੱਚ ਇਕ, ਦਾਮੋਦਰ ਅੰਕਲ ਨੂੰ ਮੈਂ ਜਾਣਦੀ ਸਾਂ।

ਪ੍ਰਾਹੁਣਿਆਂ ਦੀਆਂ ਕਾਰਾਂ ਨੂੰ ਘਰ ਵੱਲ ਮੁੜਦਾ ਵੇਖ ਕੇ ਸੁਮੀਤ ਅਤੇ ਮੈਂ ਬਗ਼ੀਚੇ ਵਿੱਚ ਆ ਗਏ। ਕਾਰ ਵਿੱਚੋਂ ਨਿਕਲਦਿਆਂ ਹੀ ਵਿਸਮਾਦ ਜਿਹੇ ਵਿੱਚੋਂ, ਦਾਮੋਦਰ ਅੰਕਲ ਨੇ ਆਖਿਆ, "ਬਈ ਵਾਹ, ਮਜ਼ਾ ਆ ਗਿਆ! 'ਹਮੀ ਅਸਤੋ, ਹਮੀ ਅਸਤੋ, ਹਮੀ ਅਸਤ' ਆਖਣ ਨੂੰ ਜੀਅ ਕਰਦਾ ਹੈ। ਬਗ਼ੀਚੇ ਦੀ ਪਲੈਨਿੰਗ ਖ਼ੂਬ ਕਰਵਾਈ ਹੈ, ਪ੍ਰਿਥੀਪਾਲ, ਮੰਨ ਗਏ ਤੇਰਾ ਟੇਸਟ!"

ਪਾਪਾ ਨੇ ਓਨੀ ਹੀ ਹੈਰਾਨੀ ਨਾਲ ਉੱਤਰ ਦਿੱਤਾ, "ਪਲੈਨਿੰਗ ਤਾਂ ਕਮਾਲ ਹੈ, ਟੇਸਟ ਨੂੰ ਮੈਂ ਵੀ ਮੰਨ ਗਿਆ ਹਾਂ; ਪਰ ਇਹ ਘਰ ਮੇਰਾ ਨਹੀਂ, ਦਾਮੋਦਰ।"

ਅਸੀਂ ਦੋਵੇਂ ਉਨ੍ਹਾਂ ਦੇ ਸਾਹਮਣੇ ਜਾ ਖਲੋਤੇ ਅਤੇ ਹੱਥ ਜੋੜ, ਸਤਿ ਸ੍ਰੀ ਅਕਾਲ ਬੁਲਾਈ। ਮੇਰੇ ਸਿਰ ਉੱਤੇ ਪਿਆਰ ਦਿੰਦਿਆਂ ਦਾਮੋਦਰ ਅੰਕਲ ਨੇ ਆਖਿਆ, "ਪ੍ਰਿਥੀ, ਘਰ ਤੇਰਾ ਹੋਇਆ ਜਾਂ ਪੁਸ਼ਪੇਂਦ੍ਰ ਬੇਟੀ ਦਾ, ਇੱਕੋ ਗੱਲ ਹੈ।"

ਪਾਪਾ ਨੇ ਸਾਨੂੰ ਦੋਹਾਂ ਨੂੰ ਸੰਬੋਧਨ ਹੁੰਦਿਆਂ ਪੁੱਛਿਆ, "ਤੁਸੀਂ ਏਥੇ ਕਿੱਥੇ?" ਅਤੇ ਦੂਜੇ ਵਾਕ ਵਿੱਚ ਪ੍ਰੋਫ਼ੈਸਰ ਅੰਕਲ ਨੂੰ ਕਹਿਣ ਲੱਗੇ, "ਦਵਿੰਦਰ, ਲਿਆ ਬਈ, ਕਿੱਥੇ ਹਨ ਘਰ ਦੇ ਮਾਲਕ?"

"ਘਰ ਦੇ ਮਾਲਕ ਘਰ ਵਿੱਚ ਹੋਣਗੇ; ਏਨਾ ਕਾਹਲਾ ਕਿਉਂ ਪੈਂਦਾ ਹੈਂ?"

ਡ੍ਰਾਇੰਗ-ਰੂਮ ਵਿੱਚ ਪਰਵੇਸ਼ ਕਰਦਿਆਂ ਹੀ ਉਨ੍ਹਾਂ ਦਾ ਵਿਸਮਾਦ ਸ਼ਾਂਤ ਵਿੱਚ ਬਦਲ ਗਿਆ। ਸੋਫ਼ਿਆਂ ਉੱਤੇ ਬੈਠਣ ਤੋਂ ਪਹਿਲਾਂ ਅੰਕਲ ਤੋਂ ਸਿਵਾ ਬਾਕੀ ਸਾਰਿਆਂ ਨੇ ਕਮਰੇ ਦੀਆਂ ਕੰਧਾਂ ਨੂੰ ਧਿਆਨ ਨਾਲ ਵੇਖਿਆ। ਕਮਰੇ ਦਾ ਪ੍ਰਭਾਵ ਜਿਸ ਅਦਬ ਦਾ ਅਧਿਕਾਰੀ ਸੀ, ਉਹ ਸਾਰਿਆਂ ਦੇ ਬੈਠਣ-ਢੰਗ ਵਿੱਚੋਂ ਪ੍ਰਗਟ ਹੋ ਰਿਹਾ ਸੀ। "ਤੁਸੀਂ ਆਰਾਮ ਕਰੋ, ਅਸੀਂ ਚਾਹ ਦਾ

ਪ੍ਰਬੰਧ ਕਰਦੇ ਹਾਂ।" ਕਹਿ ਕੇ ਮੈਂ ਸੁਮੀਤ ਨੂੰ ਨਾਲ ਆਉਣ ਦਾ ਇਸ਼ਾਰਾ ਕਰ ਕੇ ਡਾਈਨਿੰਗ-ਰੂਮ ਵਿੱਚ ਆ ਗਈ।

ਚਾਹ ਪੀਂਦਿਆਂ ਸਾਰੇ ਦੇ ਸਾਰੇ ਆਦਮੀ ਘਰ ਦੇ ਵਾਤਾਵਰਣ ਨਾਲ ਇਕਸੁਰ ਹੋ ਗਏ ਅਤੇ ਮੇਲੇ (ਜਾਂ ਸਾਹਿਤਿਕ ਮੇਲੇ) ਦੀਆਂ ਗੱਲਾਂ ਚੱਲ ਪਈਆਂ। ਕਿਸੇ ਨੇ ਥਾਂ ਦੀ ਚੋਣ ਨੂੰ ਸਲਾਹਿਆ ਅਤੇ ਕਿਸੇ ਨੇ ਪ੍ਰਬੰਧ ਨੂੰ। ਦਾਮੋਦਰ ਅੰਕਲ ਨੇ ਡਾ. ਕੁਲਤਾਰ ਦੀ ਸਟੇਜ ਉੱਤੇ ਆਖੀ ਹੋਈ ਗੱਲ ਨੂੰ ਦੁਹਰਾਉਂਦਿਆਂ ਅਤੇ ਸਲਾਹੁੰਦਿਆਂ ਹੋਇਆਂ ਆਖਿਆ, "ਕੁਲਤਾਰ ਹੁਰਾਂ ਦੀ ਇਸ ਗੱਲ ਵਿੱਚ ਬਹੁਤ ਵਜ਼ਨ ਹੈ ਕਿ 'ਸਾਹਿਤਕਾਰ ਨੂੰ ਸੱਚ ਦਾ ਸਾਥ ਦੇਣਾ ਚਾਹੀਦਾ ਹੈ'। ਉਨ੍ਹਾਂ ਨੇ ਦਲੇਰੀ ਅਤੇ ਨਿਰਪੱਖਤਾ ਨਾਲ ਇਹ ਗੱਲ ਆਖੀ ਹੈ ਕਿ—'ਪਿਛਲੇ ਕਈ ਸਾਲ ਪੰਜਾਬ ਦਾ ਜਨ-ਜੀਵਨ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਸੀ। ਇਹ ਗੱਲ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਪੰਜਾਬੀ ਦੇ ਕੁਝ ਸਾਹਿਤਕਾਰ ਅਤੇ ਕਵੀ ਸੱਚ ਦੇ ਪੱਖ ਵਿੱਚ ਲਿਖਣ-ਬੋਲਣ ਦੀ ਦਲੇਰੀ ਨਹੀਂ ਕਰ ਸਕੇ'।"

ਇਸ ਨੁਕਤੇ ਉੱਤੇ ਆ ਕੇ ਉਨ੍ਹਾਂ ਦੀ ਗੱਲ-ਬਾਤ ਜਿਵੇਂ ਅਟਕ ਜਿਹੀ ਗਈ। ਹਰ ਕੋਈ ਆਪੋ-ਆਪਣੇ ਢੰਗ ਨਾਲ ਸਾਹਿਤਕਾਰ ਦੇ ਸੱਚ-ਪੱਖੀ ਹੋਣ ਦੀ ਇੱਕੋ ਗੱਲ ਨੂੰ ਦੁਹਰਾਉਣ ਲੱਗ ਪਿਆ। ਦਾਮੋਦਰ ਅੰਕਲ ਨੇ ਕਿਹਾ, "ਜਿਸ ਨੂੰ ਸੱਚ ਦਾ ਸਤਿਕਾਰ ਕਰਨਾ ਨਹੀਂ ਆਉਂਦਾ, ਉਹ ਸਾਹਿਤਕਾਰ ਨਹੀਂ ਹੋ ਸਕਦਾ।"

ਪ੍ਰੋਫ਼ੈਸਰ ਅੰਕਲ ਤੋਂ ਛੁੱਟ ਬਾਕੀ ਸਾਰਿਆਂ ਨੇ ਯੱਕ-ਜ਼ੁਬਾਨ ਹੋ ਕੇ ਤਾਈਦ ਕਰਦਿਆਂ ਆਖਿਆ, "ਬਿਲਕੁਲ, ਬਿਲਕੁਲ।"

ਸੁਮੀਤ ਨੇ ਮੁਸਕਰਾਉਂਦਿਆਂ ਹੋਇਆਂ ਪੁੱਛਿਆ, "ਇਹ ਦੱਸਣ ਦੀ ਖੇਚਲ ਵੀ ਕਰੋ ਕਿ ਕਿਸ ਸੱਚ ਦਾ ਸਤਿਕਾਰ।"

ਦੋ ਨਵੇਂ ਆਦਮੀਆਂ ਵਿੱਚੋਂ ਇੱਕ ਨੇ ਉੱਤਰ ਦਿੱਤਾ, " 'ਕਿਸ ਸੱਚ ਦਾ ?' ਤੋਂ ਤੇਰਾ ਕੀ ਮਤਲਬ ਹੈ ? ਸੱਚ ਤਾਂ ਸੱਚ ਹੀ ਹੈ; ਬੱਸ ਸੱਚ ਦਾ ਸਤਿਕਾਰ।"

"ਮੈਨੂੰ ਤਾਂ ਸਾਰੇ ਇਤਿਹਾਸ ਵਿੱਚ ਸੱਚ ਦੇ ਅਨੇਕ ਰੂਪ ਨਜ਼ਰ ਆਏ ਹਨ। ਯੂਨਾਨੀਆਂ ਦਾ ਸੱਚ ਹੋਰ ਸੀ, ਈਰਾਨੀਆਂ ਦਾ ਹੋਰ। ਰੋਮਨਾਂ ਦਾ ਸੱਚ ਯਹੂਦੀਆਂ ਦੇ ਸੱਚ ਤੋਂ ਵੱਖਰਾ ਸੀ। ਹਿਟਲਰੀ ਸੱਚ, ਚਰਚਲੀ ਸੱਚ ਨਾਲੋਂ ਭਿੰਨ ਸੀ। ਅੱਜ ਵੀ ਚੀਨ ਦਾ ਸੱਚ ਤਿੱਬਤ ਦੇ ਸੱਚ ਨਾਲ ਮੇਲ ਨਹੀਂ ਖਾਂਦਾ। ਭਾਰਤ ਦਾ ਸੱਚ ਪਾਕਿਸਤਾਨ ਦੇ ਪਸੰਦ ਨਹੀਂ। ਰੂਸ ਦੇ ਸੱਚ ਦਾ ਅਸਲਾ ਅਮਰੀਕੀ ਸੱਚ ਨਾਲੋਂ ਵੱਖਰੀ ਪ੍ਰਕਾਰ ਦਾ ਹੈ। ਸਾਹਿਤ ਅਤੇ ਸਾਹਿਤਕਾਰ, ਕਵਿਤਾ ਅਤੇ ਕਵੀ, ਕਲਾ ਅਤੇ ਕਲਾਕਾਰ ਕਿਸ ਸੱਚ ਦਾ ਸਾਥ ਦੇਣ ? ਪੰਜਾਬ ਦੇ ਜਿਸ ਸੰਕਟ ਦੇ ਸੰਦਰਭ ਵਿੱਚ ਡਾਕਟਰ ਕੁਲਤਾਰ ਜੀ ਗੱਲ ਕਰ ਰਹੇ ਸਨ, ਉਸ ਸੰਕਟ ਵਿੱਚ ਵੀ ਦੋ ਵਿਰੋਧੀ ਧੜੇ ਆਪੋ-ਆਪਣੇ ਸੱਚ ਦੇ ਪੱਖ ਵਿੱਚ ਖੜੇ ਸਨ।"

ਦੂਜਾ ਓਪਰਾ ਆਦਮੀ ਬੋਲਿਆ, "ਬਰਖ਼ੁਰਦਾਰ, ਜਦੋਂ ਦੋ ਪੱਖ ਇੱਕ ਦੂਜੇ ਦੇ ਵਿਰੋਧ ਵਿੱਚ ਹੋਣ ਉਦੋਂ ਦੋਵੇਂ ਸੱਚੇ ਨਹੀਂ ਹੋ ਸਕਦੇ। ਇੱਕ ਨਿਸਚੇ ਹੀ ਝੂਠਾ ਹੋਵੇਗਾ ਅਤੇ ਦੂਜਾ ਸੱਚਾ। ਕੋਈ ਪ੍ਰਸਥਾਪਨਾ ਇੱਕੋ ਸਮੇਂ ਉੱਤੇ ਸੱਚ ਵੀ ਹੋ ਸਕਦੀ ਹੈ ਅਤੇ ਝੂਠ ਵੀ, ਇਹ ਸੰਦੇਹਵਾਦ ਦਾ ਨਜ਼ਰੀਆ ਹੈ ਜਿਹੜਾ ਅਮੂਰਤ ਵਿਚਾਰ-ਮੰਡਲ ਵਿੱਚ ਬੇਸ਼ੱਕ ਕੋਈ ਕੀਮਤ ਰੱਖਦਾ ਹੋਵੇਗਾ; ਪਰੰਤੂ ਅਮਲੀ ਸੰਸਾਰਕ ਜੀਵਨ ਵਿੱਚ ਇਸ ਨੂੰ ਕੋਈ ਥਾਂ ਨਹੀਂ।"

"ਏਸੇ ਲਈ ਮੈਂ ਅਮੂਰਤ ਵਿਚਾਰ-ਮੰਡਲ ਦੀ ਨਹੀਂ, ਸਗੋਂ ਸਿੱਧੇ ਸਾਦੇ ਸੰਸਾਰਕ ਜੀਵਨ ਦੀ ਗੱਲ ਕਰ ਰਿਹਾ ਹਾਂ, ਜਿਸ ਵਿੱਚ ਦੋ ਵਿਰੋਧੀ ਸੱਚ ਇੱਕ ਦੂਜੇ ਦੇ ਸਨਮੁਖ ਹੁੰਦੇ ਆਏ

ਹਨ—ਹੋ ਰਹੇ ਹਨ ਅਤੇ ਹੁੰਦੇ ਰਹਿਣੇ ਹਨ, ਕਿਉਂਜੁ ਸੰਸਾਰਕ ਸੱਚ ਨਿਰਪੇਖ ਨਹੀਂ, ਸਗੋਂ ਸੰਬੰਧ-ਮੂਲਕ ਸੱਚ ਹਨ।"

ਬਹੁਤ ਗੰਭੀਰ ਲਹਿਜ਼ੇ ਨਾਲ ਪਿਤਾ ਜੀ ਬੋਲੇ, "ਕੋਈ ਮਿਸਾਲ ਦੇ, ਬਈ ਸੁਮੀਤ।"

"ਮੰਨ ਲਓ, ਇੱਕ ਮੂਰਤੀ-ਪੂਜ ਆਪਣੇ ਅਗਿਆਨ, ਆਪਣੇ ਭੋਲੇਪਨ ਅਤੇ ਮਿਲੀ ਹੋਈ ਧਾਰਮਕ ਸਿੱਖਿਆ ਮੁਤਾਬਕ ਸੁਹਿਰਦਤਾ, ਸ਼ਰਧਾ ਅਤੇ ਭਰੋਸੇ ਨਾਲ ਇੱਕ ਮੂਰਤੀ ਦੀ ਪੂਜਾ ਕਰਦਾ ਹੋਇਆ ਇਸ ਵਿਸ਼ਵਾਸ ਨਾਲ ਭਰਪੂਰ ਹੈ ਕਿ ਉਸ ਦੀ ਪੂਜਾ ਕਿਸੇ ਅਗਿਆਤ, ਅਲੌਕਿਕ ਭਗਵਾਨ ਨੂੰ ਪ੍ਰਸੰਨ ਕਰ ਕੇ, ਉਸ ਦੇ ਨਿੱਕੇ ਜਿਹੇ ਪਰਿਵਾਰ-ਸੰਸਾਰ ਨੂੰ ਸੰਕਟ ਤੋਂ ਬਚਾਉਂਦੀ ਹੈ। ਇੱਕ ਬੁੱਤ-ਸ਼ਿਕਨ (ਮੂਰਤੀ-ਪੂਜਾ ਦਾ ਵਿਰੋਧੀ) ਸੱਚੇ ਦਿਲੋਂ, ਪੂਰੀ ਈਮਾਨਦਾਰੀ ਨਾਲ ਇਹ ਵਿਸ਼ਵਾਸ ਰੱਖਦਾ ਹੈ ਕਿ ਇਹ ਬੁੱਤ-ਪੂਜ ਆਪਣੀ ਇਸ ਮੂਰਖ਼ਤਾ ਕਾਰਨ ਕਿਸੇ ਰੱਬ ਨੂੰ ਨਾਰਾਜ਼ ਕਰ ਰਿਹਾ ਹੈ ਅਤੇ ਰੱਬ ਦੀ ਨਾਰਾਜ਼ਗੀ ਕਾਰਨ ਇਸ ਭਲੇ ਆਦਮੀ ਨੂੰ ਨਰਕ ਵਿੱਚ ਪੈਣਾ ਪਵੇਗਾ। ਇਸ ਲਈ ਉਸ ਆਦਮੀ ਨੂੰ ਉਸ ਕੰਮੋਂ ਰੋਕ ਕੇ ਉਸ ਦੇ ਭਲੇ ਅਤੇ ਆਪਣੇ ਸੁਆਬ ਲਈ ਉਹ ਉਸ ਦੀ ਮੂਰਤੀ ਤੋੜ ਦਿੰਦਾ ਹੈ। ਇਹ ਦੋ ਸੱਚ ਆਪਸ ਵਿੱਚ ਟਕਰਾ ਗਏ ਹਨ। ਬੁੱਤ-ਪ੍ਰਸਤ ਵਾਂਗ ਬੁੱਤ-ਸ਼ਿਕਨ ਵੀ ਈਮਾਨਦਾਰੀ ਨਾਲ ਇਸ ਗੱਲ ਦਾ ਵਿਸ਼ਵਾਸੀ ਹੈ ਕਿ ਮੂਰਤੀ ਤੋੜਨ ਨਾਲ ਉਹ ਮੂਰਤੀ ਦੇ ਪੁਜਾਰੀ ਦੀ ਕਿਸੇ ਤਰ੍ਹਾਂ ਦੀ ਹਾਨੀ ਨਹੀਂ ਕਰ ਰਿਹਾ, ਸਗੋਂ ਉਸ ਦੀ ਭਲਾਈ ਚਾਹ ਰਿਹਾ ਹੈ। ਕਵੀ ਜਾਂ ਸਾਹਿਤਕਾਰ ਕਿਸ ਦਾ ਸਾਥ ਦੇਵੇ ?"

"ਦੋ ਭਲੇ ਆਦਮੀਆਂ ਨੇ ਆਪਣੀ ਅਨ-ਪੜ੍ਹਤਾ ਅਤੇ ਮੂਰਖ਼ਤਾ ਕਾਰਨ ਦੋ ਬੇ-ਬੁਨਿਆਦ ਗੱਲਾਂ ਨੂੰ ਸੱਚ ਮੰਨ ਲਿਆ ਹੈ। ਸਾਹਿਤਕਾਰ ਦੋਹਾਂ ਵਿੱਚੋਂ ਕਿਸੇ ਇੱਕ ਦਾ ਵੀ ਸਾਥ ਨਾ ਦੇ ਕੇ ਇਨ੍ਹਾਂ ਦੋਹਾਂ ਵਿਸ਼ਵਾਸਾਂ ਦੇ ਖੋਖਲੇਪਨ ਨੂੰ ਜ਼ਾਹਰ ਕਰੇ," ਦੂਜੇ ਓਪਰੇ ਆਦਮੀ ਨੇ ਵਿਜਈ ਸੁਰ ਵਿੱਚ ਆਖਿਆ।

"ਤਾਂ ਜੁ ਜੀਵਨ ਦੇ ਇੱਕ ਹਿੱਸੇ ਲਈ ਇੱਕ ਤੀਜੇ ਬੇ-ਬੁਨਿਆਦ ਜਾਂ ਸਾਪੇਖ ਸੱਚ ਦੀ ਘਾੜਤ ਘੜੀ ਜਾਵੇ ਅਤੇ ਜੀਵਨ ਦੇ ਅਖਾੜੇ ਵਿੱਚ ਦੋ ਦੀ ਥਾਂ ਸੱਚ ਦੇ ਤਿੰਨ ਪਹਿਲਵਾਨਾਂ ਦਾ ਭੇੜ ਹੋਣ ਲੱਗ ਪਵੇ।"

"ਜਦੋਂ ਸੋਚ ਸਮਝ ਕੇ, ਤਰਕ ਦੀ ਕਸਵੱਟੀ ਉੱਤੇ ਪਰਖ ਕੇ ਕੋਈ ਮਾਨਤਾ ਜੀਵਨ ਸਾਹਮਣੇ ਰੱਖੀ ਜਾਵੇਗੀ, ਉਦੋਂ ਉਸ ਦੇ ਬੇ-ਬੁਨਿਆਦ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।"

"ਇਹ ਜ਼ਰੂਰੀ ਨਹੀਂ ਕਿ ਜੋ ਕੁਝ ਸੋਚਿਆ ਸਮਝਿਆ ਹੋਇਆ ਅਤੇ ਤਰਕ ਦੀ ਬੁਨਿਆਦ ਉੱਤੇ ਉੱਸਰਿਆ ਹੈ ਉਹ ਨਿਰੋਲ ਸੱਚ ਵੀ ਹੋਵੇ। ਪਿਛਲੇ ਸੱਤਰ-ਅੱਸੀ ਸਾਲਾਂ ਤੋਂ ਤਰਕ ਅਤੇ ਦਾਰਸ਼ਨਿਕਤਾ ਦੀਆਂ ਪੱਕੀਆਂ ਬੁਨਿਆਦਾਂ ਉੱਤੇ ਖਲੋਤਾ ਮਾਰਕਸਵਾਦੀ-ਸਮਾਜਵਾਦੀ-ਰੂਸੀ ਸਾਪੇਖ ਸੱਚ, ਸੱਤਾ ਸੈਨਾ, ਐਟਮੀ ਹਥਿਆਰਾਂ ਅਤੇ ਦਲੀਲਬਾਜ਼ੀ ਆਦਿਕ ਦੇ ਅਨੇਕ ਸਹਾਰਿਆਂ ਦੇ ਬਾਵਜੂਦ ਬੇ-ਬੁਨਿਆਦ ਹੋ ਗਿਆ ਹੈ; ਝੂਠ ਮੰਨਿਆ ਜਾਣ ਲੱਗ ਪਿਆ ਹੈ ਅਤੇ ਉਸ ਦੀ ਥਾਂ ਮਾਰਕਿਟ ਅਕਾਨੋਮੀ ਨਾਂ ਦੇ ਪੂੰਜੀਵਾਦੀ ਸਾਪੇਖ ਸੱਚ ਨੂੰ ਗੱਦੀ-ਨਸ਼ੀਨ ਕੀਤਾ ਜਾ ਰਿਹਾ ਹੈ। ਭੋਲੇ ਆਦਮੀਆਂ ਦੁਆਰਾ ਅਪਣਾਇਆ ਹੋਇਆ ਬੇ-ਬੁਨਿਆਦ 'ਸੱਚ' ਉਨ੍ਹਾਂ ਦੇ ਮਨ ਨੂੰ ਧਰਵਾਸ ਦਿੰਦਾ ਹੈ ਅਤੇ ਉਸ ਸੱਚ ਦੀ ਹਾਨੀ ਹੋਣ ਉੱਤੇ ਜਿਹੜੀ ਪੀੜ ਉਨ੍ਹਾਂ ਦਾ ਮਨ ਮਹਿਸੂਸ ਕਰਦਾ ਹੈ, ਉਹ ਧਰਵਾਸ ਅਤੇ ਉਹ ਪੀੜ ਤਾਂ ਸੱਚੀ ਹੁੰਦੀ ਹੈ। ਕਿਸੇ ਬਾ-ਬੁਨਿਆਦ ਅਤੇ ਸਦੀਵੀ ਸੱਚ ਦਾ ਭਰਮ ਪੈਦਾ ਕਰਨ ਤੋਂ ਪਹਿਲਾਂ ਕੋਈ ਸਾਹਿਤਕਾਰ ਉਸ ਧਰਵਾਸ ਅਤੇ ਉਸ ਪੀੜ ਦਾ ਖ਼ਿਆਲ ਕਿਉਂ ਨਾ ਕਰੇ ? ਜੀਵਨ ਦੀ ਪੀੜ ਤੋਂ ਅਭਿੱਜ, ਸਦੀਆਂ ਤੋਂ ਭਿੜਦੇ ਆ ਰਹੇ ਹਨ 'ਸੱਚ ਦੇ ਸਾਨ੍ਹ'। ਜੇਤੂ ਦੁਆਰਾ ਅਪਣਾਇਆ ਹੋਇਆ

ਸੱਚ ਜਿੱਤ ਜਾਂਦਾ ਹੈ, ਸੱਚ ਹੋ ਜਾਂਦਾ ਹੈ। ਹਾਰਨ ਵਾਲੇ ਦਾ ਸੱਚ ਝੂਠ ਬਣ ਜਾਂਦਾ ਹੈ। ਸੱਤਾ ਫ਼ੈਸਲਾ ਕਰਦੀ ਹੈ ਕਿ ਸੱਚਾ ਕੌਣ ਹੈ। ਕਿਸੇ ਸਾਹਿਤਕਾਰ ਉੱਤੇ ਸੱਚ ਦੀ ਪਾਬੰਦੀ ਲਾਉਣੀ ਉਸ ਨੂੰ ਸੱਤਾ ਦੀ ਅਧੀਨਗੀ ਕਰਨ ਉੱਤੇ ਮਜਬੂਰ ਕਰਨਾ ਹੈ।"

ਦਾਮੋਦਰ ਅੰਕਲ ਜੀ ਬੋਲੇ, "ਤੇਰੀਆਂ ਗੱਲਾਂ ਬਹੁਤ ਸੁਆਦਲੀਆਂ ਹਨ, ਬਰਖ਼ੁਰਦਾਰ। ਤਾਂ ਵੀ ਸਾਹਿਤ ਨੂੰ ਸਾਹਿਤ ਹੋਣ ਲਈ ਜੀਵਨ ਦੇ ਹਿੱਤਾਂ ਦੀ ਸੋਝੀ ਦੀ ਲੋੜ ਹੈ। ਜਿਸ ਵਿੱਚ ਜੀਵਨ ਦਾ ਹਿੱਤ ਹੈ, ਉਹੋ ਗੱਲ ਸਾਹਿਤਕਾਰ ਲਈ ਸੱਤ ਹੈ ਜਾਂ ਸੱਚ ਹੈ।"

"ਤੁਸਾਂ ਠੀਕ ਆਖਿਆ ਹੈ, ਪਰ ਜਿਵੇਂ ਸੱਚ ਸੱਤਾ ਦਾ ਖਿਲੌਣਾ ਹੈ, ਉਵੇਂ ਹੀ ਲੋਕਾਂ ਦੇ ਹਿੱਤ ਸੱਤਾ ਦੇ ਹਥਿਆਰ ਹਨ।"

"ਫਿਰ ਤੂੰ ਕੀ ਕਹਿਣਾ ਚਾਹੁੰਦਾ ਹੈਂ?" ਪਿਤਾ ਜੀ ਨੇ ਪੁੱਛਿਆ।

"ਇਹ ਕੀ ਸੱਤਿਅਮ ਅਤੇ ਸ਼ਿਵਮ ਸਾਹਿਤਕਾਰ ਦਾ ਖੇਤਰ ਨਹੀਂ ਹਨ। ਉਸ ਦੀ ਦੁਨੀਆ ਦੋਹਾਂ ਤੋਂ ਅਗੇਰੇ, ਸੁੰਦਰਮ ਵਿੱਚ ਹੈ। ਸੱਚ-ਝੂਠ ਦੇ ਝਮੇਲੇ ਸਾਰੀ ਦੁਨੀਆ ਵਿੱਚ ਪਸਰੇ ਹੋਏ ਹਨ; ਹਿੱਤ-ਅਹਿੱਤ ਦੀ ਹਾਹਾਕਾਰ ਸਾਰੇ ਸੰਸਾਰ ਵਿੱਚ ਮੱਚੀ ਹੋਈ ਹੈ। ਇਹ ਲੜਾਈ ਹਰ ਕੋਈ ਲੜ ਰਿਹਾ ਹੈ—ਹਰ ਜਣੇ-ਖਣੇ ਦੀ ਫ਼ਿਤਰਤ ਵਿੱਚ ਹੈ ਇਹ। ਸੁਹਜ-ਸੁਆਦ, ਸ੍ਵੈ-ਰੱਖਿਆ ਦੇ ਸੰਘਰਸ਼ ਤੋਂ ਪਰੇ ਦੀ ਭੁੱਖ ਹੈ। ਸੱਚ-ਝੂਠ ਸ੍ਵੈ-ਰੱਖਿਆ ਦੇ ਸੰਦ ਹਨ।"

ਕਿੰਨਾ ਚਿਰ ਚੁੱਪ ਰਹਿਣ ਪਿੱਛੋਂ ਪਹਿਲੇ ਓਪਰੇ ਆਦਮੀ ਨੇ ਆਖਿਆ, "ਮੇਰੇ ਮਿੱਤਰ, ਜਦੋਂ ਜੀਵਨ ਸੰਕਟ ਵਿੱਚ ਹੋਵੇ, ਜਿਵੇਂ ਪਿਛਲੇ ਕਈ ਸਾਲ ਪੰਜਾਬ ਦਾ ਜੀਵਨ ਸੀ ਅਤੇ ਧਰਤੀ ਦੇ ਕਈ ਹਿੱਸਿਆਂ ਉੱਤੇ ਹੁਣ ਵੀ ਹੈ, ਉਦੋਂ ਸੁੰਦਰਤਾ ਦੇ ਦੇਸ਼ ਵਿੱਚ ਵੜੇ ਰਹਿਣ ਨੂੰ ਜੀਵਨ ਨਾਲ ਬੇ-ਵਫ਼ਾਈ ਅਤੇ ਜੀਵਨ ਦੇ ਦੁਖ-ਸੁਖ ਵੱਲੋਂ ਉਦਾਸੀਨਤਾ ਕਿਉਂ ਨਾ ਆਖਿਆ ਜਾਵੇ?"

"ਇਸ ਲਈ ਕਿ ਦੇਸ਼ ਉੱਤੇ ਕਿਸੇ ਦੂਜੇ ਦੇਸ਼ ਦੁਆਰਾ ਹਮਲਾ ਹੋ ਜਾਣ ਕਾਰਨ ਭਿਆਨਕ ਜੰਗ ਛਿੜ ਜਾਣ ਉੱਤੇ ਵੀ ਦੇਸ਼ ਦੇ ਡਾਕੀਏ ਚਿੱਠੀਆਂ ਵੰਡੀ ਜਾਂਦੇ ਹਨ, ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਮਜ਼ਦੂਰੀ ਕਰੀ ਜਾਂਦੇ ਹਨ, ਦੇਸ਼ ਦੇ ਡਾਕਟਰ ਬੀਮਾਰਾਂ ਨੂੰ ਦਵਾਈ ਦੇਈ ਜਾਂਦੇ ਹਨ, ਉਨ੍ਹਾਂ ਨੂੰ ਦੇਸ਼ ਦੇ ਗ਼ੱਦਾਰ ਅਤੇ ਦੇਸ਼ ਦੇ ਹਾਨੀ-ਲਾਭ ਤੋਂ ਉਦਾਸੀਨ ਜਾਂ ਅਭਿੱਜ ਆਖਣ ਵਿੱਚ ਥੋੜਾ ਜਿਹਾ ਅਨਿਆਂ ਹੈ। ਪਰੰਤੂ ਕਵੀ ਜਾਂ ਕਲਾਕਾਰ, ਡਾਕਟਰ, ਡਾਕੀਏ ਅਤੇ ਮਜ਼ਦੂਰ ਤੋਂ ਵੱਖਰੀ ਪ੍ਰਕਾਰ ਦਾ ਵਿਅਕਤੀ ਹੁੰਦਾ ਹੈ। ਉਹ ਸੰਵੇਦਨਸ਼ੀਲਤਾ ਦੇ ਰੂਪ ਵਿੱਚ ਇਨ੍ਹਾਂ ਸਾਰਿਆਂ ਵਿੱਚ ਸਮਾਇਆ ਹੋਇਆ ਹੋ ਸਕਦਾ ਹੈ। ਉਸ ਦੇ ਸੰਵੇਦਨਸ਼ੀਲ ਆਪੇ ਨੂੰ ਪਤਾ ਹੈ ਕਿ ਸੰਕਟ ਸਮੇਂ ਜੀਵਨ ਨੂੰ ਨਾ ਸੁੰਦਰਤਾ ਨਾਲ ਕੋਈ ਸਾਂਝ ਰਹਿ ਜਾਂਦੀ ਹੈ, ਨਾ ਸੱਚ ਝੂਠ ਦੇ ਨਿਰਣਿਆਂ ਵਿੱਚੋਂ ਕੋਈ ਧਰਵਾਸ ਮਿਲਦੀ ਹੈ। ਸੰਕਟ ਸਮੇਂ ਜੀਵਨ ਸ਼ਿਵਮ, ਕਲਿਆਣ ਜਾਂ ਸੁਰੱਖਿਆ ਲਈ ਤਾਂਘ ਰਿਹਾ ਹੁੰਦਾ ਹੈ। ਜੀਵਨ ਦੇ ਸੰਕਟ ਸਮੇਂ ਕਲਾ ਅਤੇ ਕਲਾਕਾਰ ਵੀ ਜੀਵਨ ਵਿਚਲਾ ਸੰਕਟ ਭੋਗਦੇ ਹਨ। ਸੱਚ ਝੂਠ ਦੇ ਨਿਰਣੇ ਨਹੀਂ ਕਰਦੇ।"

ਦਾਮੋਦਰ ਅੰਕਲ ਨੇ ਆਖਿਆ, "ਜੀਵਨ ਨੂੰ ਤਾਂ ਸਦੀਵੀ ਮਹਾਂਭਾਰਤ ਮੰਨਿਆ ਜਾਂਦਾ ਹੈ; ਤਾਂ ਤੇ ਕਲਾ ਲਈ ਕੋਈ ਥਾਂ ਨਾ ਹੋਈ ਜੀਵਨ ਵਿੱਚ।"

"ਵੇਦ ਵਿਆਸ ਨੇ ਮਹਾਂਭਾਰਤ ਤੋਂ ਪਿੱਛੋਂ ਕਿਸੇ ਨਵੇਂ ਯੁਗ ਦੇ ਨਿਰਮਾਣ ਵੱਲ ਵੀ ਇਸ਼ਾਰਾ ਕੀਤਾ ਹੈ। ਇਸ ਲਈ ਇਹ ਮੰਨਣਾ ਮੁਸ਼ਕਿਲ ਹੈ ਕਿ ਉਹ ਸੰਸਾਰ ਨੂੰ ਸਦੀਵੀ ਕੁਰੂਕਸ਼ੇਤਰ ਦੇ ਰੂਪ ਵਿੱਚ ਵੇਖਦਾ ਸੀ। ਹਾਂ, ਇਹ ਗੱਲ ਉਹ ਵੀ ਮੰਨਦਾ ਪਰਤੀਤ ਹੁੰਦਾ ਹੈ ਕਿ ਜੇ ਜੀਵਨ ਸਦੀਵੀ ਮਹਾਂਭਾਰਤ ਹੈ ਤਾਂ ਇਸ ਵਿੱਚ ਸੁੰਦਰਤਾ ਜਾਂ ਕਲਾ ਲਈ ਕੋਈ ਥਾਂ

ਨਹੀਂ ਹੋ ਸਕਦੀ। ਉਸ ਨੇ ਆਪਣੇ ਇਸ ਵਿਚਾਰ ਨਾਲ ਪੂਰਾ ਪੂਰਾ ਇਨਸਾਫ਼ ਕੀਤਾ ਹੈ। ਕਿਉਂ ਜੁ ਉਸ ਦੀ ਰਚਨਾ ਦਾ ਵਿਸ਼ਾ ਸੰਘਰਸ਼ ਹੈ, ਇਸ ਲਈ ਉਸ ਨੇ ਸ਼ਕੁਨੀ ਤੋਂ ਲੈ ਕੇ ਵਾਸੂਦੇਵ ਤਕ, ਸਾਰਿਆਂ ਨੂੰ ਕਪਟੀ ਅਤੇ ਕਠੋਰ ਚਿੱਤਰਿਆ ਹੈ। ਸੁੰਦਰਤਾ ਜੇ ਵਿਖਾਈ ਹੈ ਤਾਂ ਕੇਵਲ ਉਨ੍ਹਾਂ ਵਿੱਚ ਜਿਹੜੇ ਸੰਘਰਸ਼ੀ ਨਹੀਂ ਹਨ।"

ਆਪਣੀ ਐਨਕ ਉਤਾਰ ਕੇ ਸ਼ੀਸ਼ੇ ਸਾਫ਼ ਕਰਦਿਆਂ ਦਾਮੋਦਰ ਅੰਕਲ ਨੇ ਆਖਿਆ, "ਬਰ.....ਖ਼ੁਰ.....ਦਾ.....ਰ, ਬਹੁਤ ਨਾਜ਼ੁਕ ਥਾਂ ਉੱਤੇ ਉਂਗਲੀ ਰੱਖ ਦਿੱਤੀ ਹੈ ਤੂੰ। ਧਰਮ-ਅਧਰਮ ਦਾ ਨਿਰਣਾ ਕਰਨ ਅਤੇ ਪੱਥ-ਭ੍ਰਸ਼ਟ ਮਨੁੱਖ ਦਾ ਮਾਰਗ-ਦਰਸ਼ਨ ਕਰਨ ਵਾਲੀ ਮਹਾਨ ਰਚਨਾ ਹੈ ਮਹਾਂਭਾਰਤ।"

"ਜਦੋਂ ਸਾਧਾਰਣ ਜਾਂ ਵਿਆਪਕ ਰੂਪ ਵਿੱਚ ਇਹ ਆਖਿਆ ਜਾਵੇ ਕਿ ਸੱਚ-ਝੂਠ ਜਾਂ ਧਰਮ-ਅਧਰਮ ਦਾ ਨਿਰਣਾ ਅਤੇ ਹਿੱਤ-ਅਹਿਤ ਦਾ ਸੰਘਰਸ਼ ਕਲਾ ਦਾ ਅਧਿਕਾਰ-ਖੇਤਰ ਨਹੀਂ ਹਨ, ਉਦੋਂ ਮਹਾਂਭਾਰਤ ਅਤੇ ਵੇਦ-ਵਿਆਸ ਉੱਤੇ ਕਿੰਤੂ ਹੋ ਹੀ ਜਾਂਦਾ ਹੈ। ਇਸ ਸਮੇਂ ਇਸ ਗ੍ਰੰਥ ਦਾ ਜ਼ਿਕਰ ਕੀਤਾ ਜਾਣ ਕਰਕੇ ਗੱਲ ਜ਼ਰਾ ਵਧੇਰੇ ਸਿੱਧੀ (Direct) ਹੈ; ਸਿੱਧੀ ਹੈ; ਪਰ ਅਸਚਰਜ-ਜਨਕ ਨਹੀਂ। ਮੈਂ ਮਹਾਂਭਾਰਤ ਦੀ ਮਹਾਨਤਾ ਤੋਂ ਇਨਕਾਰ ਨਹੀਂ ਕਰਦਾ; ਪਰ, ਮੇਰੇ ਲਈ ਮਹਾਨਤਾ ਅਤੇ ਕਲਾਤਮਕਤਾ ਦੋ ਵੱਖ ਵੱਖ ਵਸਤੂਆਂ ਹਨ। ਇਨ੍ਹਾਂ ਦਾ ਸੰਜੋਗ ਸੰਭਵ ਹੈ, ਪਰ ਜ਼ਰੂਰੀ ਨਹੀਂ। ਸਿਕੰਦਰ ਮਹਾਨ ਸੀ, ਪਰ ਕਲਾਕਾਰ ਨਹੀਂ ਸੀ। ਬਾਵਾ ਬਲਵੰਤ ਕਲਾਕਾਰ ਸੀ, ਪਰ ਮਹਾਨ ਨਹੀਂ ਸੀ। ਮਿਸਰ ਦੇ ਪਿਰਾਮਿਡ ਮਹਾਨ ਹਨ, ਪਰ ਕਲਾ-ਕ੍ਰਿਤੀਆਂ ਨਹੀਂ ਹਨ। ਯੂਨਾਨੀ ਮੂਰਤੀਆਂ ਛੋਟੀਆਂ ਹਨ, ਪਰ ਕਲਾ-ਕ੍ਰਿਤੀਆਂ ਹਨ। ਮਾਈਕਲ ਐਂਜਿਲੋ ਦੀਆਂ ਸਾਰੀਆਂ ਮੂਰਤੀਆਂ ਇੱਕ ਪਿਰਾਮਿਡ ਦੀ ਇੱਕ ਨੁੱਕਰੇ ਇਉਂ ਸਮਾ ਜਾਣਗੀਆਂ ਜਿਵੇਂ ਓਥੇ ਹੋਣ ਹੀ ਨਾ। ਪਿਰਾਮਿਡਾਂ ਦੀ ਮਹਾਨਤਾ ਹੈਰਾਨਕੁੰਨ ਹੈ, ਮੂਰਤੀਆਂ ਵਿਚਲੀ ਸੁੰਦਰਤਾ ਆਨੰਦਦਾਇਕ ਹੈ।"

"ਆਖ਼ਰ ਹੁਣ ਤਕ ਹੋਮਰ ਅਤੇ ਵੇਦ ਵਿਆਸ ਦੀਆਂ ਰਚਨਾਵਾਂ ਦੇ ਕਲਾ-ਕ੍ਰਿਤੀਆਂ ਹੋਣ ਦਾ ਭੁਲੇਖਾ ਕਿਉਂ ਪਿਆ ਰਿਹਾ ਹੈ, ਜੇ ਇਹ ਭੁਲੇਖਾ ਹੀ ਹੈ, ਤਾਂ ?" ਅਨਜਾਣੇ ਪ੍ਰਾਹੁਣਿਆਂ ਵਿੱਚ ਇੱਕ ਨੇ ਪੁੱਛਿਆ।

"ਇਹ ਭੁਲੇਖਾ ਨਹੀਂ ਸੀ, ਮਜਬੂਰੀ ਸੀ। ਮਨੁੱਖਤਾ ਦਾ ਸਾਰਾ ਇਤਿਹਾਸ ਸੰਘਰਸ਼, ਮੁਕਾਬਲੇ ਅਤੇ ਜਿੱਤ ਹਾਰ ਦਾ ਇਤਿਹਾਸ ਹੈ। ਸ਼ਕਤੀ, ਹਿੰਸਾ ਅਤੇ ਹੱਤਿਆ ਨੂੰ ਸਾਰੇ ਇਤਿਹਾਸ ਵਿੱਚ ਕੇਂਦਰੀ ਥਾਂ ਪ੍ਰਾਪਤ ਰਹੀ ਹੈ। ਮਨੁੱਖਤਾ ਨੂੰ ਆਪਣਿਆਂ ਅਤੇ ਪਰਾਇਆਂ, ਚੰਗਿਆਂ ਅਤੇ ਬੁਰਿਆਂ, ਧਰਮੀਆਂ ਅਤੇ ਅਧਰਮੀਆਂ, ਪੁੰਨੀਆਂ ਅਤੇ ਪਾਪੀਆਂ ਵਿੱਚ ਵੰਡ ਕੇ ਵੇਖਣ ਦੀ ਮਜਬੂਰੀ ਤੋਂ ਪਿੱਛਾ ਛੁਡਾਉਣ ਵਿੱਚ ਉਂਗਲੀਆਂ ਉੱਤੇ ਗਿਣੇ ਜਾਣ ਜੋਗੇ ਆਦਮੀ ਹੀ ਸਫਲ ਹੋ ਸਕੇ ਹਨ ਹਜ਼ਾਰਾਂ ਸਾਲਾਂ ਦੇ ਲੰਮੇ ਇਤਿਹਾਸ ਵਿੱਚ। ਮਨੁੱਖ ਦੇ ਸਾਰੇ ਦੇ ਸਾਰੇ ਸੰਸਾਰਕ ਅਤੇ ਅਧਿਆਤਮਕ ਪ੍ਰਬੰਧ ਸ਼ਕਤੀ-ਕੇਂਦਰਿਤ ਅਤੇ ਭੈ-ਆਧਾਰਿਤ ਹਨ। ਅਜੇਹੀ ਹਾਲਤ ਵਿੱਚ ਕਲਾ ਕੋਲੋਂ ਜਿੰਨੀ ਕੁ ਆਸ ਰੱਖੀ ਜਾ ਸਕਦੀ ਸੀ, ਉਸ ਨਾਲੋਂ ਕੁਝ ਵੱਧ ਹੀ ਕੀਤਾ ਹੈ ਇਸ ਨੇ।"

"ਤੇਰਾ ਕੀ ਖ਼ਿਆਲ ਹੈ ਹੁਣ ਹਾਲਾਤ ਬਣ ਜਾਣਗੇ ?"

"ਵਿਕਾਸ ਕੁਦਰਤੀ ਹੈ।"

"ਇਸ ਦੀ ਦਿਸ਼ਾ ?"

"ਸਾਤਵਿਕਤਾ।"

"ਸਰੂਪ ?"

"ਨਿਰਭਰਤਾ ਅਤੇ ਸਹਿਯੋਗ।"

ਪਾਪਾ ਨੇ ਆਖਿਆ, "ਭਲਿਓ ਮਾਣਸੋ, ਸਾਡੇ ਪੱਲੇ ਵੀ ਪਾਉ ਕੁਝ।"

"ਦੁਨੀਆ ਦੇ ਲੋਕ ਨੇਕਾਂ-ਬਦਾਂ ਵਿੱਚ ਵੰਡੇ ਹੋਏ ਨਹੀਂ, ਸਗੋਂ ਨੇਕੀ-ਬਦੀ ਦਾ ਮਿਸ਼ਰਣ ਹਨ। ਮਨੁੱਖੀ ਸਮਾਜ ਸੁਖੀ ਜੀਵਨ ਲਈ ਇੱਕ ਦੂਜੇ ਉੱਤੇ ਨਿਰਭਰ ਹਨ। ਸ਼ਕਤੀ ਨਾਲ ਖੋਹ ਲੈਣ ਦੀ ਥਾਂ ਵਪਾਰਕ ਸਹਿਯੋਗ ਦਾ ਤਰੀਕਾ ਵਰਤਿਆ ਜਾਵੇ ਤਾਂ ਨਿਰਭਰਤਾ ਇੱਕ ਮਜਬੂਰੀ ਹੋਣ ਦੀ ਥਾਂ ਸਮਾਜਕ ਸੰਬੰਧਾਂ ਦੀ ਸੁੰਦਰਤਾ ਦਾ ਆਧਾਰ ਬਣ ਸਕਦੀ ਹੈ। ਇਹ 'ਸਾਤਵਿਕ ਸੋਚ' ਢੇਰ ਪੁਰਾਣੀ ਹੈ; ਪਰ ਮਨੁੱਖ ਦੇ ਵਿਸ਼ਵਾਸਾਂ ਦਾ ਹਿੱਸਾ ਨਹੀਂ ਬਣੀ ਅਜੇ। ਮੇਰਾ ਖ਼ਿਆਲ ਹੈ ਵਿਅਕਤੀਗਤ ਵਿਸ਼ਵਾਸਾਂ ਵਿੱਚ ਉਤਰਨ ਤੋਂ ਪਹਿਲਾਂ ਇਹ ਸਮਾਜਕ ਵਿਸ਼ਵਾਸਾਂ ਅਤੇ ਵਤੀਰਿਆਂ ਵਿੱਚ ਪ੍ਰਗਟ ਹੋਵੇਗੀ। ਮਨੁੱਖ ਦੇ ਵਪਾਰਕ, ਵਿੱਦਿਅਕ, ਸੰਚਾਰਕ, ਉਦਯੋਗਕ ਅਤੇ ਰਾਜਨੀਤਕ ਪ੍ਰਬੰਧਾਂ ਲਈ ਇਨ੍ਹਾਂ ਵਿਸ਼ਵਾਸਾਂ ਅਨੁਸਾਰ ਵਿਚਰਨਾ ਜ਼ਰੂਰੀ ਹੁੰਦਾ ਜਾਵੇਗਾ; ਹੁੰਦਾ ਜਾ ਰਿਹਾ ਹੈ।"

"ਇਸ ਵਿੱਚ ਸਾਹਿਤ ਅਤੇ ਸਾਹਿਤਕਾਰ ਦਾ ਜਾਂ ਕਲਾ ਅਤੇ ਕਲਾਕਾਰ ਦਾ ਸਥਾਨ ?"

"ਇਨ੍ਹਾਂ ਨੇ ਜਨ-ਸਾਧਾਰਣ ਦੇ ਮਨ ਨੂੰ ਸਾਂਝੀਵਾਲਤਾ ਦਾ ਵਿਸ਼ਵਾਸੀ ਬਣਾਉਣਾ ਹੈ। ਵੱਡੇ ਵੱਡੇ ਪ੍ਰਬੰਧ ਕਿਸੇ ਸੁਆਰਥ-ਵੱਸ ਜਾਂ ਕਿਸੇ ਮਜਬੂਰੀ-ਵੱਸ ਸਾਂਝੀਵਾਲਤਾ ਵੱਲ ਆ ਰਹੇ ਹਨ। ਜਨ-ਸਾਧਾਰਣ ਨੇ ਕੇਵਲ ਸੁਹਿਰਦਤਾ-ਵੱਸ ਇਉਂ ਕਰਨਾ ਹੈ ਅਤੇ ਉਹ ਸੁਹਿਰਦਤਾ ਸਾਹਿਤਕਾਰ ਅਤੇ ਕਲਾਕਾਰ ਨੇ ਉਪਜਾਉਣੀ-ਵਿਕਸਾਉਣੀ ਹੈ। ਉਸ ਨੇ ਮਨੁੱਖਾਂ ਨੂੰ ਧਰਮੀਆਂ-ਅਧਰਮੀਆਂ, ਸੱਚਿਆਂ-ਝੂਠਿਆਂ ਜਾਂ ਪਾਪੀਆਂ-ਪੁੰਨੀਆਂ ਦੀਆਂ ਵੰਡਾਂ ਵਿੱਚ ਵੰਡ ਕੇ ਨਹੀਂ ਵੇਖਣਾ। ਨਾ ਹੀ ਕਿਸੇ ਸੱਚ ਦਾ ਪੱਖ ਪੂਰਨਾ ਹੈ। ਵੰਡਾਂ ਦਾ ਵਿਸ਼ਵਾਸੀ ਮਨੁੱਖ ਕਠੋਰ-ਭਾਵੀ ਹੋ ਜਾਂਦਾ ਹੈ। ਓਪਰੀ ਨਜ਼ਰੇ ਵੇਖਿਆਂ ਵੰਡਾਂ ਭਾਵੇਂ ਸੱਚ ਅਤੇ ਧਰਮ ਵਰਗੇ ਕਿੰਨੇ ਵੀ ਸੁੰਦਰ ਵਿਚਾਰਾਂ ਅਤੇ ਵਿਸ਼ਵਾਸਾਂ ਦੇ ਪਰਦਿਆਂ ਪਿੱਛੇ ਲੁਕੀਆਂ ਹੋਈਆਂ ਦਿੱਸਣ, ਅਸਲ ਵਿੱਚ ਇਹ ਕਠੋਰਤਾ ਦੀ ਉਪਜ ਹਨ ਅਤੇ ਕਠੋਰਤਾ ਉਪਜਾਉਂਦੀਆਂ ਹਨ। ਕੋਮਲਤਾ ਅਤੇ ਸੁਹਿਰਦਤਾ ਕੁਰੂਕਸ਼ੇਤਰ ਵਿੱਚ ਵੀ, ਸੱਚ ਅਤੇ ਝੂਠ ਵਿੱਚ ਚੋਣ ਕਰਨ ਦੀ ਥਾਂ, ਰੈੱਡ ਕਰਾਸ ਦੇ ਰੂਪ ਵਿੱਚ, ਉਨ੍ਹਾਂ ਲੋੜਵੰਦਾਂ ਦੀ ਸੇਵਾ ਕਰੇਗੀ ਜਿਹੜੇ (ਜ਼ਖ਼ਮੀ ਹੋ ਜਾਣ ਕਾਰਨ ਹੀ ਸਹੀ) ਸੱਚ-ਝੂਠ ਅਤੇ ਧਰਮ-ਅਧਰਮ ਦੀ ਵਲਗਣੋਂ ਪਾਰ ਹੋ ਗਏ ਹਨ।"

"ਸੁਮੀਤ, ਨੀਲੂ ਦੇ ਆਉਣ ਦਾ ਸਮਾਂ ਆ ਗਿਆ ਹੈ," ਕਹਿ ਕੇ ਪ੍ਰੋਫ਼ੈਸਰ ਅੰਕਲ ਨੇ ਸਾਰੇ ਪ੍ਰਾਹੁਣਿਆਂ ਨੂੰ ਡ੍ਰਾਇੰਗ-ਰੂਮ ਵਿੱਚ ਜਾਣ ਲਈ ਆਖਿਆ। ਕੁਰਸੀ 'ਤੋਂ ਉੱਠਦੇ ਹੋਏ ਪਾਪਾ ਨੇ ਪੁੱਛਿਆ, "ਇਹ ਨੀਲੂ ਕੌਣ ਹੈ, ਦਵਿੰਦਰ ?"

"ਸੁਮੀਤ ਦੀ ਮਾਤਾ।"

"ਇਹ ਘਰ ਸੁਮੀਤ ਦਾ ਹੈ ?"

"ਹਾਂ, ਸੁਮੀਤ ਦਾ।"

ਡ੍ਰਾਇੰਗ-ਰੂਮ ਵਿੱਚ ਦਾਖ਼ਲ ਹੁੰਦਿਆਂ ਦਾਮੋਦਰ ਅੰਕਲ ਨੇ ਪੁੱਛਿਆ, "ਇਹ ਨੌਜੁਆਨ ਕੀ ਕੰਮ ਕਰਦਾ ਹੈ ?"

"ਫ਼ਿਲਹਾਲ ਸਾਡੇ ਡੀ.ਸੀ. ਦੇ ਦਫ਼ਤਰ ਵਿੱਚ ਚਪੜਾਸੀ ਹੈ।"

ਪ੍ਰੋਫ਼ੈਸਰ ਅੰਕਲ ਦਾ ਉੱਤਰ ਸੁਣ ਕੇ ਤਿੰਨੇ ਨਵੇਂ ਆਦਮੀ ਹੈਰਾਨ ਹੋਏ ਅਤੇ ਪਾਪਾ ਦੇ ਚਿਹਰੇ ਉੱਤੇ ਹਲਕੀ ਜਿਹੀ ਸ਼ਰਮਿੰਦਗੀ ਦੇ ਮੱਧਮ ਜਿਹੇ ਚਿੰਨ੍ਹ ਚਮਕ ਉੱਠੇ।

ਤਿੰਨੇ ਪ੍ਰਾਹੁਣੇ ਉੱਥੋਂ ਹੀ ਜਲੰਧਰ ਨੂੰ ਚਲੇ ਗਏ। ਪ੍ਰੋਫ਼ੈਸਰ ਅੰਕਲ ਅਤੇ ਸੁਮੀਤ ਨੂੰ ਓਥੇ ਛੱਡ ਕੇ ਪਾਪਾ, ਪਿਤਾ ਜੀ ਅਤੇ ਮੈਂ, ਗੁਰਦਾਸਪੁਰ ਆ ਗਏ। ਸਾਰਾ ਪੈਂਡਾ ਪਾਪਾ ਇਹੋ ਕਹਿੰਦੇ ਆਏ ਕਿ ਸੁਮੀਤ ਦੇ ਕੰਮ ਅਤੇ ਕਾਬਲੀਅਤ ਵਿੱਚ ਸੁਮੇਲ ਨਹੀਂ। ਇਸ ਨੂੰ ਉਚੇਰੀ ਵਿੱਦਿਆ ਕਿਉਂ ਨਹੀਂ ਦਿਵਾਈ ਗਈ ?" ਪਿਤਾ ਜੀ ਦਾ ਇੱਕੋ ਉੱਤਰ ਸੀ, "ਕੀ ਆਖਿਆ ਜਾ ਸਕਦਾ ਹੈ। ਹੋਵੇਗਾ ਕੋਈ ਕਾਰਨ।"

ਪਤਾ ਨਹੀਂ ਪਾਪਾ ਇਸ ਸੰਬੰਧ ਵਿੱਚ ਏਨਾ ਕਿਉਂ ਸੋਚਦੇ ਹਨ। ਖ਼ੈਰ, ਇਹ ਉਨ੍ਹਾਂ ਦੀ ਸਮੱਸਿਆ ਹੈ। ਮੈਂ ਇਹ ਸੋਚਦੀ ਹਾਂ ਕਿ ਜੀਵਨ ਵਿੱਚ ਕਿੰਨਾ ਕੁਝ ਵਾਪਰ ਜਾਣ ਉੱਤੇ ਵੀ ਜੀਵਨ ਆਪਣੀ ਚਾਲੇ ਤੁਰਿਆ ਰਹਿੰਦਾ ਹੈ। ਮੁੜ ਉਹੋ ਆਸ਼ਾ ਅਤੇ ਉਤਸ਼ਾਹ, ਮੁੜ ਉਹੋ ਚਾਲ ਅਤੇ ਚੁਸਤੀ—ਆਪੋ-ਆਪਣੀ ਮੰਜ਼ਿਲ ਅਤੇ ਆਪੋ-ਆਪਣਾ ਮਾਰਗ। ਤੇਰੀ ਚਿ.....ਪੱਤ੍ਰਿਕਾ ਵਿੱਚ ਇਸ ਵੇਰ ਦਾਰਸ਼ਨਿਕ ਦੁਨੀਆ ਦਾ ਕੋਈ ਦ੍ਰਿਸ਼ ਵੇਖਣ ਨੂੰ ਨਹੀਂ ਮਿਲਿਆ। ਇਸ ਦੁਨੀਆ ਦੀ ਸੈਰ ਦਾ ਸੁਆਦ ਜਿਹਾ ਪੈ ਗਿਆ ਹੈ। ਇਸ ਵਿੱਚ ਪਰਵੇਸ਼ ਕਰਨ ਨਾਲ ਤੈਨੂੰ ਤੇਰੇ ਅਸਲੀ ਰੂਪ ਵਿੱਚ ਵੇਖਣ ਦਾ ਅਵਸਰ ਮਿਲਦਾ ਹੈ। ਆਸ ਹੈ ਮੈਨੂੰ ਇਹ ਮੌਕਾ ਮਿਲਦਾ ਰਹੇਗਾ।

ਪੁਸ਼ਪੇਂਦ੍ਰ।

# 25

ਈਸਟ ਹੈਮ,
29.4.96

ਪੂਜ਼ਪੋਂਦੂ,

ਪਿਛਲੇ ਕੁਝ ਦਿਨ ਮੇਰਾ ਮਨ ਨਿਰ-ਉਤਸ਼ਾਹਿਤ ਰਿਹਾ ਹੈ—ਅਜੇ ਵੀ ਹੈ। ਨੀਲੂ ਜੀ, ਸੁਮੀਤ ਅਤੇ ਦੇਵ ਜੀ ਨਾਲ ਵਾਪਰੀਆਂ ਘਟਨਾਵਾਂ ਨੂੰ ਚੇਤੇ ਵਿੱਚੋਂ ਕੱਢਣਾ ਮੁਸ਼ਕਿਲ ਹੋ ਗਿਆ ਹੈ। ਇਹੋ ਹਾਲਤ ਨੀਰਜ ਦੇ ਮਨ ਦੀ ਵੀ ਹੈ। ਇਸ ਐਤਵਾਰ ਉਹ ਸੁਵੱਖਤੇ ਹੀ ਆ ਗਈ। ਮੈਂ ਪੁੱਛਿਆ, "ਨੀਰਜ, ਏਨੇ ਸਵੇਰੇ ?"

"ਕਮਲ ਦੀ ਡਿਊਟੀ ਹੈ, ਇਕੱਲ ਵਿੱਚ ਮੇਰਾ ਮਨ ਦੇਵ ਵੀਰ ਜੀ ਬਾਰੇ ਸੋਚਣ ਲੱਗ ਪੈਂਦਾ ਹੈ।"

"ਨੀਰਜ, ਅੱਜ ਪਾਪਾ ਦੇ ਮਿੱਤਰਾਂ ਵਿੱਚੋਂ ਕਿਸੇ ਦੇ ਆਉਣ ਦੀ ਆਸ ਨਹੀਂ। ਇਸ ਲਈ ਅਸੀਂ ਪਾਪਾ ਨਾਲ ਦੇਵ ਜੀ ਬਾਰੇ ਗੱਲਾਂ ਕਰ ਸਕਾਂਗੀਆਂ।"

ਮੇਰੀ ਗੱਲ ਅਜੇ ਮੁੱਕੀ ਹੀ ਸੀ ਕਿ ਫ਼ੋਨ ਦੀ ਘੰਟੀ ਵੱਜ ਪਈ। ਪਾਪਾ ਦੇ ਮਿੱਤਰ ਨੇ ਦੱਸਿਆ ਕਿ ਉਹ ਸਾਡੇ ਵੱਲ ਆ ਰਹੇ ਸਨ। ਉਨ੍ਹਾਂ ਦੇ ਆ ਜਾਣ ਕਰਕੇ ਵੀ ਮੈਂ ਆਪਣੇ ਮਨ ਨੂੰ ਬੀਤੀਆਂ ਘਟਨਾਵਾਂ ਦੇ ਘੇਰੇ ਵਿੱਚੋਂ ਬਾਹਰ ਨਾ ਕੱਢ ਸਕੀ। ਪਾਪਾ ਦੇ ਮਿੱਤਰ ਨੇ ਮੇਰੀ ਪਰੇਸ਼ਾਨੀ ਨੂੰ ਤਾੜ ਲਿਆ ਅਤੇ ਪਾਪਾ ਨੂੰ ਸੰਬੋਧਨ ਹੋ ਕੇ ਪੁੱਛਿਆ, "ਕੀ ਗੱਲ ਹੈ, ਵੀਰ ਜੀ, ਅੱਜ ਸਨੇਹਾ ਬੇਟੀ ਕੁਝ ਪਰੇਸ਼ਾਨ ਦਿੱਸ ਰਹੀ ਹੈ ?"

"ਮਾਪਿਆਂ ਦੀ ਯਾਦ ਆ ਗਈ ਹੋਵੇਗੀ।" ਪਾਪਾ ਦੇ ਉੱਤਰ ਦਾ ਮਨੋਰਥ ਗੱਲ ਦਾ ਰੁਖ਼ ਮੋੜਨਾ ਸੀ।

"ਤੁਹਾਡੀ ਚੰਗਿਆਈ ਅਤੇ ਬੇਟੇ ਦੀ ਸਿਆਣਪ ਦੇ ਬਾਵਜੂਦ ?"

"ਕੁਝ ਗੱਲਾਂ ਚੰਗਿਆਈਆਂ ਅਤੇ ਸਿਆਣਪਾਂ ਦੀ ਵਲਗਣ ਪਰਵਾਨ.....।"

ਪਾਪਾ ਦੀ ਗੱਲ ਟੋਕ ਕੇ ਮੈਂ ਪਾਪਾ ਨੂੰ ਪੁੱਛਿਆ, "ਪਾਪਾ, ਚੰਗਿਆਈ ਅਤੇ ਸਿਆਣਪ ਦੇ ਟਾਕਰੇ ਵਿੱਚ ਬੁਰਾਈ ਅਤੇ ਅਗਿਆਨ ਦੇ ਵੱਟੇ ਪਾ ਕੇ ਜ਼ਿੰਦਗੀ ਦੀ ਤੱਕੜੀ ਦੇ ਛਾਬਿਆਂ ਨੂੰ ਸਮਤੋਲ ਅਤੇ ਡੰਡੀ ਨੂੰ ਸਿੱਧੀ ਰੱਖਣ ਦਾ ਜਤਨ ਕਰਦਾ ਆਇਆ ਹੈ ਮਨੁੱਖ। ਉਸ ਦੇ ਸਾਰੇ ਜਤਨਾਂ ਅਤੇ ਉਸ ਦੀਆਂ ਸਾਰੀਆਂ ਸਿਆਣਪਾਂ ਨੇ ਅੰਤ ਵਿੱਚ ਉਸ ਨੂੰ ਬੁਰਾਈ ਦੇ ਅਨਾਦੀ ਅਤੇ ਅਨੰਤ ਹੋਣ ਦਾ ਵਿਸ਼ਵਾਸ ਕਰਵਾ ਦਿੱਤਾ ਹੈ। ਆਪਣੇ ਵਿਚਲੀ ਬੁਰਾਈ ਹੱਥੋਂ ਕਿੰਨਾ ਬੇ-ਬੱਸ, ਕਿੰਨਾ ਲਾਚਾਰ ਹੈ ਮਨੁੱਖ। ਕਿੰਨੀ ਨਿਪੁੰਨਸਿਕਤਾ ਹੈ ਇਹ ਮੰਨਣ ਵਿੱਚ ਕਿ ਝੂਠ ਤੋਂ ਬਿਨਾਂ ਸੱਚ ਦੀ ਕੋਈ ਹੋਂਦ ਨਹੀਂ, ਹਨੇਰੇ ਦੀ ਗ਼ੈਰ ਹਾਜ਼ਰੀ ਵਿੱਚ ਰੋਸ਼ਨੀ ਦਾ ਕਿਆਸ ਸੰਭਵ ਨਹੀਂ; ਦੁਖ ਦੀ ਹੋਂਦ ਹੀ ਸੁਖ ਦਾ ਆਧਾਰ ਹੈ। ਆਪਣੇ ਇਸ ਵਿਚਾਰ ਨੂੰ ਪਰਮ ਸੱਚ

ਸਮਝਣ ਦੇ ਲੋਰ ਵਿੱਚ ਮਨੁੱਖ ਦੀ ਸਿਆਣਪ ਨੇ ਇਹ ਸੋਚਣ ਦੀ ਲੋੜ ਵੀ ਨਹੀਂ ਸਮਝੀ ਕਿ ਉਹ ਆਪ ਹੀ ਮੂਰਖ਼ਤਾ ਨੂੰ ਆਪਣਾ ਆਧਾਰ ਸਿੱਧ ਕਰ ਰਹੀ ਹੈ। ਨੇਕੀ ਅਤੇ ਬਦੀ ਦੇ ਅਨਾਦੀ ਅਤੇ ਅਨੰਤ ਘੋਲ ਦੇ ਵਿਸ਼ਵਾਸੀ ਮਨੁੱਖ ਦਾ ਰੱਬ ਵੀ ਸ਼ੈਤਾਨ ਦੇ ਆਸਰੇ ਜੀ ਰਿਹਾ ਹੈ—ਜਿੰਨਾ ਵੱਡਾ ਰੱਬ, ਓਨਾ ਤਕੜਾ ਸ਼ੈਤਾਨ। ਅਦ੍ਵੈਤਵਾਦ ਨੂੰ ਵੀ ਬੁਰਾਈ ਅੱਗੇ ਸਿਰ ਝੁਕਾਉਣਾ ਪਿਆ ਹੈ। ਅਵਿਨਾਸ਼ੀ ਬ੍ਰਹਮ ਦਾ ਹਿੱਸਾ ਹੋਣ ਕਰਕੇ ਬੁਰਾਈ ਵੀ ਅਮਰ ਅਤੇ ਅਵਿਨਾਸ਼ੀ ਹੋ ਗਈ ਹੈ। ਅਮਰ, ਅਵਿਨਾਸ਼ੀ ਬੁਰਾਈ ਦਾ ਨਾਸ ਕਰਨ ਲਈ ਯੁਗ ਯੁਗ ਅਵਤਾਰ ਧਾਰ ਕੇ ਆਉਣ ਵਾਲਾ ਭਗਵਾਨ ਆਪਣੇ ਹੀ ਇੱਕ ਹਿੱਸੇ ਨੂੰ ਨਾਸ਼ ਕਰਨ ਦੇ ਆਹਰ ਵਿੱਚ ਹੈ, ਇਹ ਜਾਣਦਿਆਂ ਹੋਇਆਂ ਕਿ ਉਹ ਹਿੱਸਾ ਵੀ ਉਸ ਵਾਂਗ ਅਵਿਨਾਸ਼ੀ ਹੈ ਅਤੇ ਅਵਿਨਾਸ਼ੀ ਦਾ ਨਾਸ਼ ਸੰਭਵ ਨਹੀਂ, ਇਹ ਇੱਕ ਅਸੰਗਤੀ ਹੈ, ਬੇ-ਥਵੀ ਜਿਹੀ ਗੱਲ ਹੈ। ਇਨ੍ਹਾਂ ਬੇ-ਤੁਕੀਆਂ ਨੇ ਮਨੁੱਖ ਨੂੰ ਦੋ ਹਿੱਸਿਆਂ ਵਿੱਚ ਵੰਡੀ ਰੱਖਿਆ ਹੈ। ਆਪਣੇ ਆਪ ਵਿੱਚ ਵੰਡਿਆ ਹੋਇਆ ਮਨੁੱਖ ਨੇਕੀ ਬਦੀ ਦੇ ਚੱਕਰ ਦਾ ਵਿਸ਼ਵਾਸੀ ਬਣ ਕੇ ਰਹਿ ਗਿਆ ਹੈ ਅਤੇ ਇਸ ਵਿਸ਼ਵਾਸ ਅਨੁਸਾਰ ਵਿਚਰਦੀ ਹੋਈ ਮਨੁੱਖਤਾ ਹਰ ਦੂਜੇ ਚੌਥੇ ਦਹਾਕੇ ਲਹੂ ਦੀ ਹੋਲੀ ਖੇਡਦੀ ਹੈ ਅਤੇ ਹੌਕਿਆਂ ਦੀ ਹਾਹਾਕਾਰ ਮਚ ਜਾਂਦੀ ਹੈ। ਕੀ ਕਾਰਨ ਹੈ ? ਕੋਈ ਅੰਤ ਹੈ ਵੀ ਜਾਂ ਨਹੀਂ ? ਪਾਪਾ, ਹੈ ਕੋਈ ਰਸਤਾ, ਕੋਈ ਸੇਧ ?"

"ਵੀਰ ਜੀ, ਮੇਰਾ ਅਨੁਮਾਨ ਠੀਕ ਸੀ। ਬੇਟੇ ਦੇ ਮਨ ਵਿੱਚ ਕੋਈ ਵੱਡੀ ਹਲਚਲ ਹੈ।"

"ਹਾਂ, ਬੇਟੇ ਦਾ ਧਿਆਨ ਪਿਛਲੇ ਦਹਾਕੇ ਦੇ ਇਤਿਹਾਸ ਵੱਲ ਚਲਾ ਗਿਆ ਹੈ।"

"ਜਿਹੜੀਆਂ ਗੱਲਾਂ ਬੇਟੇ ਨੇ ਕੀਤੀਆਂ ਹਨ, ਉਹ ਇਸ ਦਹਾਕੇ ਦੇ ਇਤਿਹਾਸ ਵੱਲ ਸੰਕੇਤ ਨਹੀਂ ਕਰਦੀਆਂ। ਬੇਟਾ ਜੀ ਪੀੜਾ ਦੇ ਸਦੀਵੀ ਸਿਲਸਿਲੇ ਵੱਲ ਸੰਕੇਤ ਕਰ ਰਹੇ ਹਨ। ਹੋ ਸਕਦਾ ਹੈ ਕਿਸੇ ਵਕਤੀ ਘਟਨਾ ਨੂੰ ਇਸ ਪਾਸੇ ਧਿਆਨ ਮੋੜ ਦਿੱਤਾ ਹੋਵੇ। ਗੱਲ ਬਹੁਤ ਗੰਭੀਰ ਅਤੇ ਜ਼ਰੂਰੀ ਹੈ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸਾਡੀ ਸੋਚ ਸੰਸਾਰ ਦੇ ਇਤਿਹਾਸ ਦਾ ਰੁਖ਼ ਮੋੜ ਸਕਦੀ ਹੈ; ਪਰ ਮੈਂ ਇਹ ਜ਼ਰੂਰ ਮੰਨਦਾ ਹਾਂ ਕਿ ਜਿਨ੍ਹਾਂ ਸੋਚਾਂ ਵੱਲ ਬੇਟੇ ਨੇ ਇਸ਼ਾਰਾ ਕੀਤਾ ਹੈ, ਉਨ੍ਹਾਂ ਸੋਚਾਂ ਦਾ ਇਹ ਮਾਰੂ ਪ੍ਰਭਾਵ ਜ਼ਰੂਰ ਪਿਆ ਹੈ ਕਿ ਮਨੁੱਖਤਾ ਨੇ ਪੀੜਾ ਅਤੇ ਬੇ-ਸ਼ਰਮੀਆਂ ਨਾਲ ਭਰੇ ਇਤਿਹਾਸ ਨੂੰ ਆਪਣੇ ਲਈ ਕਿਸੇ ਸ਼ਰਮਿੰਦਗੀ ਦਾ ਕਾਰਨ ਕਦੇ ਨਹੀਂ ਮੰਨਿਆ। ਇਸ ਦੇ ਉਲਟ ਉਸ ਨੇ ਇਤਿਹਾਸ ਦੇ ਦੁਹਰਾਏ ਜਾਣ ਨੂੰ ਸਾਧਾਰਣ ਜਿਹੀ, ਕੁਦਰਤੀ ਜਿਹੀ ਗੱਲ ਮੰਨਿਆ ਹੈ। ਹੁਣ ਮਨੁੱਖਤਾ ਪੀੜਾ ਅਤੇ ਸ਼ਰਮਸਾਰੀਆਂ ਦੀ ਸਦੀਵਤਾ ਦੀ ਵਿਸ਼ਵਾਸੀ ਬਣ ਗਈ ਲੱਗਦੀ ਹੈ।"

"ਪੀੜ ਜਾਂ ਸ਼ਰਮਿੰਦਗੀ ਦਾ ਅਹਿਸਾਸ (ਜਾਂ ਕੋਈ ਵੀ ਅਹਿਸਾਸ) ਕੇਵਲ ਵਿਅਕਤੀ ਨੂੰ ਹੁੰਦਾ ਹੈ। ਮਨੁੱਖਤਾ ਇੱਕ ਧਾਰਣਾ ਹੈ—ਇੱਕ ਕਲਪਨਾ ਹੈ। ਇਹ ਕੋਈ ਵਿਅਕਤੀ ਨਹੀਂ ਜਿਸ ਵੱਲ ਇਸ਼ਾਰਾ ਕਰ ਕੇ ਅਸੀਂ ਕਹਿ ਸਕੀਏ ਕਿ 'ਔਹ ਮਨੁੱਖਤਾ ਹੈ, ਆਓ ਉਸ ਕੋਲੋਂ ਪੁੱਛੀਏ ਕਿ ਤੂੰ ਇਹ ਕਿਉਂ ਕੀਤਾ, ਉਹ ਕਿਉਂ ਸੋਚਿਆ'।"

"ਵੀਰ ਜੀ, ਤੁਹਾਡੀ ਗੱਲ ਠੀਕ ਹੈ। ਮਨੁੱਖਤਾ ਨਾਂ ਦਾ ਕੋਈ ਵਿਅਕਤੀ ਸਾਡੀ ਕਿਸੇ ਪੁੱਛ ਦਾ ਉੱਤਰ ਦੇਣ ਲਈ ਮੌਜੂਦ ਨਹੀਂ। ਤਾਂ ਵੀ ਜਿਨ੍ਹਾਂ ਲੋਕਾਂ ਨੇ ਇਤਿਹਾਸ ਬਾਰੇ ਲਿਖਿਆ ਅਤੇ ਦੱਸਿਆ ਹੈ, ਉਹ ਤਾਂ ਵਿਅਕਤੀ ਹੀ ਸਨ। ਉਨ੍ਹਾਂ ਵਿੱਚ ਸੋਚਾਂ ਸਿਆਣਪਾਂ ਦੇ ਨਾਲ ਨਾਲ ਅਹਿਸਾਸ ਨਾਂ ਦੀ ਕੋਈ ਚੀਜ਼ ਵੀ ਮੌਜੂਦ ਸੀ। ਉਨ੍ਹਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਹ ਮਨੁੱਖਤਾ ਦੇ ਇਸ ਦੁਖਾਂਤ ਨੂੰ ਏਨਾ ਕੁਦਰਤੀ ਅਤੇ ਸਦੀਵੀ ਕਿਉਂ ਸਮਝਦੇ ਰਹੇ ਹਨ। ਇਹ ਠੀਕ ਹੈ ਕਿ ਉਹ ਸਾਡੇ ਪ੍ਰਸ਼ਨ ਦਾ ਉੱਤਰ ਦੇਣ ਲਈ ਸਾਡੇ ਕੋਲ ਮੌਜੂਦ ਨਹੀਂ ਹਨ

ਪਰੰਤੂ, ਉਨ੍ਹਾਂ ਦੀ ਸੋਚ ਉੱਤੇ ਨਿਰਪੱਖਤਾ ਨਾਲ ਵਿਚਾਰ ਕਰਨ ਦਾ ਭਾਵ ਹੈ, ਉਨ੍ਹਾਂ ਨੂੰ ਆਪਣੇ ਕੋਲ ਬੈਠੇ ਮੰਨਦਿਆਂ ਹੋਇਆਂ ਉਨ੍ਹਾਂ ਨੂੰ ਪੁੱਛਣਾ। ਇਉਂ ਪੁੱਛਣ ਨਾਲ ਵਿਚਾਰ-ਵਿਮਰਸ਼ ਉੱਤੇ ਨਵੀਆਂ ਕਰੂੰਬਲਾਂ ਫੁੱਟਣ ਦੀ ਸੰਭਾਵਨਾ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਕੋਈ ਇੱਕ ਕਰੂੰਬਲ ਘਣ-ਛਾਵਾਂ ਬੂਟਾ ਬਣ ਜਾਵੇ। ਮਨੁੱਖਤਾ ਦੇ ਇਤਿਹਾਸ ਨੇ ਅਗਲੀਆਂ ਇੱਕ ਦੋ ਸਦੀਆਂ ਵਿੱਚ ਸਮਾਪਤ ਤਾਂ ਹੋ ਨਹੀਂ ਜਾਣਾ। ਕੌਣ ਜਾਣੇ ਸਮੇਂ ਅਤੇ ਸੰਜੋਗ ਦਾ ਸਹਾਰਾ ਪਾ ਕੇ ਕਿਸ ਬੀਜ ਨੇ ਬੋੜ੍ਹ ਬਣ ਜਾਣਾ ਹੈ।"

"ਮਨੁੱਖ ਵਿੱਚ ਕਠੋਰ ਭਾਵਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਨਾ ਹੀ ਇਨ੍ਹਾਂ ਦਾ ਸਰਵਥਾ ਅਲੋਪ ਹੋ ਜਾਣਾ ਕਿਆਸਿਆ ਜਾ ਸਕਦਾ ਹੈ। ਹੋ ਸਕਦਾ ਹੈ ਬੁਰਾਈ ਦੀ ਸਦੀਵਤਾ ਦਾ ਭੇਤ ਇਨ੍ਹਾਂ ਵਿੱਚ ਲੁਕਿਆ ਹੋਇਆ ਹੋਵੇ।"

"ਪਾਪਾ, ਤੁਹਾਨੂੰ ਕੁਝ ਦੱਸਣਾ ਸੂਰਜ ਨੂੰ ਦੀਵਾ ਵਿਖਾਉਣਾ ਹੈ, ਤਾਂ ਵੀ ਮੈਂ ਆਪਣੇ ਮਨ ਦੀ ਗੱਲ ਕਰਾਂਗੀ। ਵਿਅਕਤੀ ਦੇ ਕਠੋਰ ਭਾਵ ਸਿਰਫ਼ ਵਿਅਕਤੀਗਤ ਰੂਪ ਵਿੱਚ ਹੀ ਵਿਅਕਤ ਹੁੰਦੇ ਹਨ। ਹਰ ਆਦਮੀ ਆਪੋ-ਆਪਣੀ ਥਾਂ ਕ੍ਰੋਧ ਜਾਂ ਡਰ ਆਦਿਕ ਦੇ ਅਸਰ ਅਧੀਨ ਹੁੰਦਾ ਹੈ। ਇੱਕ ਆਦਮੀ ਦਾ ਗ਼ੁੱਸਾ ਮਨੁੱਖਤਾ ਦੇ ਵੱਡੇ ਹਿੱਸੇ ਨੂੰ ਲਹੂ-ਲੁਹਾਨ ਕਰਨ ਦੀ ਤਾਕਤ ਨਹੀਂ ਰੱਖਦਾ। ਮਨੁੱਖਤਾ ਉਦੋਂ ਸ਼ਰਮਸਾਰ ਹੁੰਦੀ ਹੈ, ਜਦੋਂ ਬਹੁਤ ਸਾਰੇ ਲੋਕ ਕਿਸੇ ਆਦਰਸ਼ ਦੁਆਰਾ ਵਰਗਲਾਏ ਜਾਂਦੇ ਹਨ ਅਤੇ ਸੋਚਹੀਣ ਹੋ ਜਾਂਦੇ ਹਨ। ਕਿਸੇ ਸੈਨਾ ਦੇ ਦੋ ਚਾਰ ਹਜ਼ਾਰ ਜਾਂ ਦੋ ਚਾਰ ਸੌ ਸਿਪਾਹੀਆਂ ਨੂੰ ਇੱਕੋ ਸਮੇਂ ਗ਼ੁੱਸੇ ਵਿੱਚ ਆਏ ਹੋਏ ਕਦੇ ਕਿਸੇ ਨੇ ਨਹੀਂ ਵੇਖਿਆ। ਦਿੱਲੀ ਦੇ ਕਤਲਾਮ ਦਾ ਹੁਕਮ ਦੇਣ ਲੱਗਿਆਂ ਗ਼ੁੱਸਾ ਕੇਵਲ ਨਾਦਰ ਜਾਂ ਅਹਿਮਦ ਨੂੰ ਹੁੰਦਾ ਸੀ, ਸਿਪਾਹੀ ਉਨ੍ਹਾਂ ਦੀ ਆਗਿਆ ਦਾ ਪਾਲਨ ਕਰਦੇ ਸਨ। ਜੇ ਕਿਸੇ ਆਦਰਸ਼ ਦੇ ਪ੍ਰੇਰੇ ਹੋਏ ਜਾਂ ਕਿਸੇ ਮਜਬੂਰੀ ਦੇ ਮਾਰੇ ਹੋਏ ਸਿਪਾਹੀ ਨਾਲ ਨਾ ਹੋਣ ਤਾਂ ਕਿਸੇ ਨਾਦਰ ਜਾਂ ਹਿਟਲਰ ਦਾ ਕਠੋਰ ਭਾਵ ਏਨਾ ਵਿਰਾਟ ਰੂਪ ਧਾਰਨ ਨਹੀਂ ਕਰ ਸਕਦਾ ਅਤੇ ਜਿਨ੍ਹਾਂ ਦੇ ਬਲ-ਬੂਤੇ ਇਨ੍ਹਾਂ ਲੋਕਾਂ ਦਾ ਗ਼ੁੱਸਾ ਕਿਆਮਤੀ ਕਹਿਰ ਦਾ ਕਾਰਨ ਬਣਦਾ ਹੈ, ਉਨ੍ਹਾਂ ਲੋਕਾਂ ਦੇ ਕਠੋਰ ਭਾਵਾਂ ਨੂੰ ਉਭਾਰਨ ਜਾਂ ਵਿਕਸਾਉਣ ਦਾ ਜਤਨ ਕਦੇ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਕੇਵਲ ਸੋਚਹੀਣ ਕੀਤਾ ਜਾਂਦਾ ਹੈ। ਉਹ ਬੰਗਲਡ (Bungled) ਅਤੇ ਬਾੱਸ਼ਡ (Boshed) ਹੁੰਦੇ ਹਨ।"

"ਸਨੇਹਾ, ਉਚੇਚੇ ਤੌਰ ਉੱਤੇ ਸੂਝਵਾਨ ਅਤੇ ਸੋਚ-ਸੰਪੰਨ ਹੋਣਾ ਆਮ ਆਦਮੀ ਦੇ ਹਿੱਸੇ ਨਹੀਂ ਆਇਆ। ਜਿਸ ਤਰ੍ਹਾਂ ਉਸ ਦੇ ਭਾਵਾਂ ਦੀ ਕਠੋਰਤਾ ਦੀ ਇੱਕ ਸੀਮਾ ਹੈ, ਉਸੇ ਤਰ੍ਹਾਂ ਉਸ ਦੀ ਬੌਧਕਤਾ ਵੀ ਸੀਮਾਂਬੱਧ ਹੈ। ਅਸਾਧਾਰਣ ਤੌਰ ਉੱਤੇ ਸਿਆਣੇ ਲੋਕਾਂ ਦੇ ਟਾਕਰੇ ਵਿੱਚ ਸਾਧਾਰਣ ਆਦਮੀ ਸਦਾ ਹੀ ਸੋਚਹੀਣ ਹੁੰਦਾ ਹੈ। ਉਸ ਦੀ ਸਾਧਾਰਣਤਾ ਨੂੰ ਕਿਸੇ ਮਹਾਨ ਆਦਰਸ਼ ਦੀ ਮ੍ਰਿਗ-ਤ੍ਰਿਸ਼ਨਾ ਵਿਖਾ ਦੇਣਾ ਹੀ ਉਸ ਨੂੰ ਬੰਗਲ ਅਤੇ ਬਾੱਸ਼ ਕਰਨਾ ਹੈ। ਸਰਵ ਸਾਂਝੀ ਭਾਵੁਕਤਾ ਅਤੇ ਸਾਧਾਰਣ ਬੌਧਕਤਾ ਦੇ ਸੁਮੇਲ ਨਾਲ ਸਾਧਾਰਣ ਸੰਸਾਰਕ ਜੀਵਨ ਜੀਊਣ ਵਾਲੇ ਲੋਕ ਕਸ਼ਟਾਂ, ਕਲੇਸ਼ਾਂ ਅਤੇ ਕਿਆਮਤਾਂ ਦਾ ਕਾਰਨ ਨਹੀਂ ਬਣ ਸਕਦੇ। ਮੈਂ ਤੁਹਾਡੀਆਂ ਅਤੇ ਤੁਹਾਡੇ ਅੰਕਲ ਦੀਆਂ ਗੱਲਾਂ ਨਾਲ ਪੂਰੀ ਤਰ੍ਹਾਂ ਸਹਿਮਤੀ ਰੱਖਦਾ ਹਾਂ, ਪਰ ਇੱਕ ਗੱਲ ਕਹਿਣੀ ਚਾਹਵਾਂਗਾ।"

"ਉਹ ਕਿਹੜੀ, ਪਾਪਾ।"

"ਉਹ ਇਹ ਕਿ ਇਤਿਹਾਸ ਨੂੰ ਨਿਰਪੱਖ ਹੋ ਕੇ ਵਾਚਣਾ-ਵੇਖਣਾ ਚਾਹੀਦਾ ਹੈ, ਅਨਾਤਮ ਢੰਗ ਨਾਲ, ਆਪਣੇ ਆਪ ਨੂੰ ਇਸ ਤੋਂ ਪਰੇ ਰੱਖਦਿਆਂ ਹੋਇਆਂ। ਜੇ ਇਤਿਹਾਸ ਨਾਲ ਜਜ਼ਬਾਤੀ

ਸਾਂਝ ਪੈ ਜਾਵੇ ਤਾਂ ਇਹ ਹਾਨੀਕਾਰਕ ਸਾਬਤ ਹੁੰਦਾ ਹੈ, ਪਰਮ ਸੱਚ ਹੋਣ ਦਾ ਭੁਲੇਖਾ ਪਾ ਕੇ ਆਪਣੇ ਆਪ ਨੂੰ ਦੁਹਰਾਉਂਦਾ ਦਿੱਸਣ ਲੱਗ ਪੈਂਦਾ ਹੈ। ਪਰਮ ਸੱਚ ਦੇ ਰੂਪ ਸਰੂਪ ਨੂੰ ਅਸੀਂ ਸਮੇਂ ਦੀ ਸੀਮਾਂ ਤੋਂ ਮੁਕਤ ਮੰਨਦੇ ਹਾਂ। ਅਸੀਂ ਇਹ ਨਹੀਂ ਮੰਨ ਸਕਦੇ ਕਿ ਪੁਰਾਣੇ ਸਮੇਂ ਵਿੱਚ ਪਰਮ ਸੱਚ ਦਾ ਰੂਪ ਹੋਰ ਸੀ, ਹੁਣ ਹੋਰ ਹੈ ਅਤੇ ਭਵਿੱਖ ਵਿੱਚ ਹੋਰ ਹੋਵੇਗਾ। ਜਦੋਂ ਇਤਿਹਾਸ ਨਾਲ ਭਾਵੁਕ ਸਾਂਝ ਪੈ ਜਾਣ ਉੱਤੇ ਇਹ ਸਾਡੇ ਲਈ ਪਰਮ ਸੱਚ ਬਣ ਜਾਂਦਾ ਹੈ, ਉਦੋਂ ਪੁਰਾਤਨ, ਵਰਤਮਾਨ ਅਤੇ ਭਵਿੱਖ ਦੇ ਇਤਿਹਾਸ ਵਿੱਚ ਏਕਤਾ ਵੇਖਣ ਦੀ ਮਜਬੂਰੀ ਹੋ ਜਾਂਦੀ ਹੈ। ਅਸੀਂ ਪੁਰਾਤਨ ਅਤੇ ਵਰਤਮਾਨ ਦੇ ਇਤਿਹਾਸ ਵਿੱਚ ਸਮਰੂਪਤਾ ਵੇਖਣ ਦੀ ਕੋਸ਼ਿਸ਼ ਕਰਦੇ ਹਾਂ ਅਤੇ ਇਹ ਮੰਨਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਅ ਰਿਹਾ ਹੈ। ਅਸਲ ਵਿੱਚ ਹਰ ਘਟਨਾ ਆਪਣੇ ਵੱਖਰੇ ਕਾਰਨਾਂ ਕਰਕੇ ਵਾਪਰਦੀ ਹੈ। ਘਟਨਾਵਾਂ ਵਿੱਚ ਆਪਣੀ ਕੋਈ ਚੇਤਨਾ ਨਹੀਂ। ਇਤਿਹਾਸਕ ਘਟਨਾਵਾਂ ਮਨੁੱਖੀ ਚੇਤਨ ਦਾ ਸਿੱਟਾ ਹੁੰਦੀਆਂ ਹਨ ਅਤੇ ਮਨੁੱਖੀ ਚੇਤਨਾ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੀਆਂ ਹਨ। ਮਨੁੱਖਤਾ ਦਾ ਇਤਿਹਾਸ ਭਿਆਨਕ ਘਟਨਾਵਾਂ ਨਾਲ ਓਤ-ਪੋਤ ਹੈ। ਇਨ੍ਹਾਂ ਦੇ ਭਿਆਨਕ ਪ੍ਰਭਾਵ ਤੋਂ ਬਚਣ ਦਾ ਚੇਤਨ ਜਤਨ ਕੀਤਾ ਜਾਣਾ ਜ਼ਰੂਰੀ ਹੈ। ਉਹ ਜਤਨ ਹੈ ਇਤਿਹਾਸ ਨੂੰ ਇਤਿਹਾਸ ਤੋਂ ਵੱਖਰੇ ਹੋ ਕੇ ਵੇਖਣਾ।”

“ਪਾਪਾ, ਜਿਨ੍ਹਾਂ ਨਾਲ ਇਹ ਸਭ ਕੁਝ ਵਾਪਰਦਾ ਹੈ, ਉਹ ਇਤਿਹਾਸ ਤੋਂ ਵੱਖਰੇ ਕਿਵੇਂ ਹੋਣ ?”

“ਬੇਟਾ ਜੀ, ਇਸ ਪ੍ਰਸ਼ਨ ਦੇ ਉੱਤਰ ਲਈ ਸਾਨੂੰ ਮਨੁੱਖਤਾ ਦੇ ਦੋ ਹਿੱਸੇ ਕਰਨੇ ਪੈਣਗੇ। ਇੱਕ ਉਹ ਭਾਗ ਜਿਸ ਦੀਆਂ ਦੈਨਿਕ ਲੋੜਾਂ ਸੌਖੀਆਂ ਪੂਰੀਆਂ ਹੁੰਦੀਆਂ ਹਨ ਅਤੇ ਦੂਜਾ ਉਹ ਜਿਸ ਨੂੰ ਆਪਣੇ ਨਿਰਬਾਹ ਲਈ ਫ਼ਿਕਰਮੰਦ ਅਤੇ ਜਤਨਸ਼ੀਲ ਰਹਿਣਾ ਪੈਂਦਾ ਹੈ। ਮਨੁੱਖਤਾ ਦੇ ਦੂਜੇ ਭਾਗ ਨੂੰ ਇਤਿਹਾਸ ਨਾਲ ਬੰਨ੍ਹ ਕੇ ਰੱਖਣਾ ਔਖਾ ਹੈ। ਕੋਈ ਭਿਆਨਕ ਤੋਂ ਭਿਆਨਕ ਹਾਦਸਾ ਉਨ੍ਹਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਤੋਂ ਬਹੁਤੇ ਲੰਮੇ ਸਮੇਂ ਲਈ ਬੇ-ਧਿਆਨ ਕਰਨ ਵਿੱਚ ਸਫਲ ਨਹੀਂ ਹੋ ਸਕਦਾ। ਮਨੁੱਖਤਾ ਦੀ ਪਹਿਲੀ ਵੰਡ (ਜਿਸ ਨੂੰ ਦੈਨਿਕ ਜੀਵਨ ਦੀ ਚਿੰਤਾ ਨਹੀਂ) ਵਿੱਚ ਕੁਝ ਲੋਕ ਅਜਿਹੇ ਹੁੰਦੇ ਹਨ, ਜਿਹੜੇ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਹਰ ਭਿਆਨਕਤਾ ਦਾ ਸਹਾਰਾ ਲੈਣਾ ਜਾਇਜ਼ ਸਮਝਦੇ ਹਨ। ਉਨ੍ਹਾਂ ਦੇ ਮਨ ਦੀਆਂ ਅੱਖਾਂ ਉੱਤੇ ਆਦਰਸ਼ ਦੀ ਪੱਟੀ ਬੱਝੀ ਹੋਣ ਕਰਕੇ ਆਪਣੇ ਕਿਸੇ ਕੰਮ ਦੀ ਕੋਈ ਭਿਆਨਕਤਾ ਉਨ੍ਹਾਂ ਨੂੰ ਦਿੱਸਦੀ ਹੀ ਨਹੀਂ। ਜੇ ਕਿਸੇ ਕਾਰਨ ਕਿਸੇ ਇੱਕਾ-ਦੁੱਕਾ ਦੀ ਪੱਟੀ ਖੁੱਲ੍ਹ ਜਾਵੇ ਤਾਂ ਉਸ ਲਈ ਜੀਵਨ ਦੁਖਦਾਈ ਹੋ ਜਾਂਦਾ ਹੈ ਅਤੇ ਓਨਾ ਚਿਰ ਦੁਖਦਾਈ ਰਹਿੰਦਾ ਹੈ, ਜਿੰਨਾ ਚਿਰ ਕਿਸੇ ਸਾਤਵਿਕ ਆਦਰਸ਼ ਦੀ ਟੋਹ ਪ੍ਰਾਪਤ ਨਾ ਹੋ ਜਾਵੇ।”

“ਵੀਰ ਜੀ, ਆਪਣੇ ਦੈਨਿਕ ਜੀਵਨ ਦੀਆਂ ਲੋੜਾਂ ਦੀ ਚਿੰਤਾ ਵਾਲੇ ਲੋਕ ਵੀ ਇਤਿਹਾਸ ਨਾਲ ਬੱਝੇ ਹੁੰਦੇ ਹਨ। ਜਦੋਂ ਜੀ ਕਰੇ ਉਦੋਂ ਉਨ੍ਹਾਂ ਨੂੰ ਜਾਂ ਉਨ੍ਹਾਂ ਵਿੱਚੋਂ ਚੋਖੀ ਸੰਖਿਆ ਨੂੰ ਉਪੱਦਰ ਲਈ ਪ੍ਰੇਰਿਆ ਜਾ ਸਕਦਾ ਹੈ। ਇਹ ਕਿਉਂ ?”

“ਕਿਉਂਕਿ ਦੁਨੀਆ ਦੇ ਹਰ ਦੇਸ਼ ਨੇ, ਹਰ ਧਰਮ ਨੇ, ਹਰ ਫ਼ਿਰਕੇ ਨੇ ਆਪੋ-ਆਪਣੇ ਇਤਿਹਾਸ ਨੂੰ ਜਜ਼ਬਾਤੀ ਪੁੱਠ ਚਾੜ੍ਹੀ ਹੁੰਦੀ ਹੈ, ਕਲਾਤਮਕ ਰੰਗ ਵਿੱਚ ਰੰਗਿਆ ਹੁੰਦਾ ਹੈ ਅਤੇ ਦਾਰਸ਼ਨਿਕਤਾ ਦੇ ਸਹਾਰੇ ਸ੍ਰਿਸ਼ਟੀ ਦੇ ਵਿਕਾਸ ਦਾ ਕੇਂਦਰ-ਬਿੰਦੂ ਸਿੱਧ ਕਰਨ ਦਾ ਜਤਨ ਕੀਤਾ ਹੁੰਦਾ ਹੈ, ਜਿਵੇਂ ਹੀਗਲ ਨੇ ਜਰਮਨ ਕੌਮ ਦੇ ਇਤਿਹਾਸ ਨੂੰ ਅਤੇ ਮਾਰਕਸ ਨੇ ਕਮਿਊਨਿਜ਼ਮ ਦੇ ਇਤਿਹਾਸ ਨੂੰ। ਜਜ਼ਬਾਤੀ ਪੁੱਠ ਉਨ੍ਹਾਂ ਲੋਕਾਂ ਨੂੰ ਇਤਿਹਾਸ ਨਾਲ ਬੰਨ੍ਹਣ

ਵਿੱਚ ਸਫਲ ਹੁੰਦੀ ਹੈ, ਜਿਨ੍ਹਾਂ ਨੂੰ ਇਤਿਹਾਸ ਬਾਰੇ ਜਾਣਕਾਰੀ ਜਾਂ ਬਹੁਤੀ ਜਾਣਕਾਰੀ ਨਹੀਂ ਹੁੰਦੀ। ਕਲਾਤਮਕ ਰੰਗ ਉਨ੍ਹਾਂ ਲਈ ਇਤਿਹਾਸ ਨੂੰ ਸਤਿਕਾਰਯੋਗ ਬਣਾਉਂਦਾ ਹੈ ਜਿਹੜੇ ਇਤਿਹਾਸ ਦੀ ਜਾਣਕਾਰੀ ਰੱਖਦੇ ਹਨ ਅਤੇ ਇਸ ਨੂੰ ਬਦਲਣ ਦੇ ਭਰਮ ਪਾਲਦੇ ਹਨ। ਦਾਰਸ਼ਨਿਕਤਾ ਅਤੇ ਇਤਿਹਾਸ ਦਾ ਮੇਲ ਅਖਾਉਤੀ ਬੁੱਧੀਜੀਵੀਆਂ ਨੂੰ ਆਪੋ-ਆਪਣੀ ਪਸੰਦ ਦੇ ਇਤਿਹਾਸ ਦਾ ਪੁਜਾਰੀ ਬਣਾਉਂਦਾ ਹੈ। ਸੂਝਵਾਨ ਸੰਤੁਲਿਤ ਮਨੁੱਖ ਨਾ ਇਤਿਹਾਸ ਦਾ ਪੁਜਾਰੀ ਹੈ, ਨਾ ਪ੍ਰੇਮੀ ਹੈ ਅਤੇ ਨਾ ਹੀ ਨੌਕਰ ਹੈ। ਉਹ ਇਤਿਹਾਸ ਨੂੰ ਬਾਹਰੋਂ ਵੇਖਦਾ ਹੈ— ਉਸ ਤੋਂ ਪਰੇ ਹੋ ਕੇ, ਉਚੇਰਾ ਹੋ ਕੇ, ਨਿਰਪੱਖ ਹੋ ਕੇ। ਉਹ ਇਸ ਬਾਰੇ ਆਪਣੀ ਰਾਏ ਰੱਖਦਾ ਹੈ; ਠੀਕ ਜਾਂ ਗ਼ਲਤ, ਪਰ ਉਹ ਉਸ ਦੀ ਆਪਣੀ ਹੁੰਦੀ ਹੈ।"

"ਵੀਰ ਜੀ, ਇੱਕ ਰਾਏ ਇਹ ਵੀ ਹੈ ਕਿ ਜੋ ਕੁਝ ਹੋ ਰਿਹਾ ਹੈ ਇਹ ਕਿਸੇ ਅਦ੍ਰਿਸ਼ਟ, ਅਤੇ ਅਗੋਯ ਚੇਤਨ ਸ਼ਕਤੀ ਦੀ ਇੱਛਾ ਅਨੁਸਾਰ ਹੋ ਰਿਹਾ ਹੈ। ਕਿਸੇ ਦੀ ਰਾਇ ਦਾ ਕੋਈ ਮਹੱਤਵ ਨਹੀਂ।

"ਹੋ ਸਕਦਾ ਹੈ ਇਵੇਂ ਹੀ ਹੋਵੇ। ਇਨ੍ਹਾਂ ਗੱਲਾਂ ਸੰਬੰਧੀ ਆਖ਼ਰੀ ਫ਼ੈਸਲਾ ਨਹੀਂ ਦਿੱਤਾ ਜਾ ਸਕਦਾ। ਪਰ ਇੱਕ ਗੱਲ ਸਪੱਸ਼ਟ ਹੈ। ਹਰ ਕਿਸੇ ਦੀ ਰਾਏ ਦਾ ਮਹੱਤਵ ਹੈ। ਇਹ ਠੀਕ ਹੈ ਕਿ ਕਿਸੇ ਵਿਅਕਤੀ ਦੀ ਰਾਏ ਸੰਸਾਰ ਦੀਆਂ ਘਟਨਾਵਾਂ ਦਾ ਜਾਂ ਇਤਿਹਾਸ ਦਾ ਰੁਖ਼ ਨਹੀਂ ਮੋੜ ਸਕਦੀ; ਪਰ ਵਿਅਕਤੀ ਦੀ ਇਨ੍ਹਾਂ ਘਟਨਾਵਾਂ ਨੂੰ ਵੇਖਣ ਦੀ ਦ੍ਰਿਸ਼ਟੀ ਅਤੇ ਇਨ੍ਹਾਂ ਤੋਂ ਉਪਜਣ ਵਾਲਾ ਪ੍ਰਤੀਕਰਮ ਵਿਅਕਤੀ ਦੀ ਉਸ ਰਾਏ ਦਾ ਸਿੱਟਾ ਹੁੰਦੇ ਹਨ ਜੋ ਉਸ ਨੇ ਇਨ੍ਹਾਂ ਦੀ ਉਤਪਤੀ ਬਾਰੇ ਬਣਾਈ ਹੁੰਦੀ ਹੈ। ਹਰ ਵਿਅਕਤੀ ਦਾ ਪ੍ਰਤੀਕਰਮ ਉਸ ਲਈ ਅਤੇ ਉਸ ਵਰਗੇ ਦੂਜੇ ਲੋਕਾਂ ਲਈ ਮਹੱਤਵਪੂਰਣ ਹੁੰਦਾ ਹੈ। ਇਸ ਲਈ ਘਟਨਾਵਾਂ ਦੇ ਕਾਰਨਾਂ ਨਾਲ ਸੰਬੰਧਤ ਸਿਧਾਂਤਾਂ ਦੀ ਜਾਣਕਾਰੀ ਇੱਕ ਮਹੱਤਵ ਰੱਖਦੀ ਹੈ। ਇਨ੍ਹਾਂ ਸਿਧਾਂਤਾਂ ਦਾ ਬਾਹਰੀ ਰੂਪ-ਸਰੂਪ ਭਾਵੇਂ ਕਿੰਨਾ ਵੀ ਓਪਰਾ ਅਤੇ ਅਜੀਬ ਲੱਗਦਾ ਹੋਵੇ, ਇਨ੍ਹਾਂ ਦੇ ਪ੍ਰਭਾਵ ਵੱਲੋਂ ਬੇ-ਧਿਆਨ ਹੋਣਾ ਠੀਕ ਨਹੀਂ। ਆਪਣੇ ਆਰੰਭਕ ਰੂਪ ਵਿੱਚ ਹਾਸੋ-ਹੀਣੇ ਢਕਾਉਂਸਲੇ ਅੱਗੇ ਚੱਲ ਕੇ ਵੱਡੇ ਵੱਡੇ ਵਿਗਿਆਨਕ ਸਿਧਾਂਤਾਂ ਵਿੱਚ ਵਿਕਸਦੇ ਗਏ ਹਨ। ਯੂਨਾਨ ਦੇ ਇੱਕ ਪੁਰਾਤਨ ਸੋਚਵਾਨ ਐਮਪੀਡੋਕਲੀਜ਼ ਦਾ ਸਿਧਾਂਤ ਕੁਝ ਇਸੇ ਤਰ੍ਹਾਂ ਦਾ ਢਕਾਉਂਸਲਾ ਹੀ ਸੀ।"

"ਪਾਪਾ, ਐਮਪੀਡੋਕਲੀਜ਼ ਤਾਂ ਵਿਗਿਆਨੀ ਅਤੇ ਡਾਕਟਰ ਵੀ ਸੀ। ਮੇਰਾ ਖ਼ਿਆਲ ਹੈ ਤੁਸੀਂ ਪੈਰੀਕਲੀਜ਼ ਦੇ ਸਮਕਾਲੀ ਐਮਪੀਡੋਕਲੀਜ਼ ਦਾ ਜ਼ਿਕਰ ਕਰ ਰਹੇ ਹੋ, ਜਿਹੜਾ ਸਿਸਲੀ ਦੇ ਨਗਰ ਰਾਜ ਐਕਰਾਗਸ ਦਾ ਵਸਨੀਕ ਸੀ। ਇਸ ਆਦਮੀ ਨੂੰ ਤਾਂ ਪਿਥਾਗੋਰਸ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ। ਇਹ ਪਿਥਾਗੋਰਸ ਤੋਂ ਸੌ ਕੁ ਸਾਲ ਪਿੱਛੋਂ ਹੋਇਆ ਹੈ। ਇਸ ਨੇ ਉਦਕਰਖੀ ਸ਼ਕਤੀ (ਸੈਂਟ੍ਰੀਫਿਊਗਲ ਫੋਰਸ) ਬਾਰੇ ਸਭ ਤੋਂ ਪਹਿਲਾਂ ਗੱਲ ਕੀਤੀ ਸੀ ਅਤੇ ਆਪਣੀ ਗੱਲ ਸਿੱਧ ਕਰਨ ਲਈ ਇਸ ਨੇ ਤਜਰਬਿਆਂ ਦਾ ਸਹਾਰਾ ਲਿਆ ਸੀ। ਇਸ ਨੂੰ ਇਟਲੀ ਦੀ ਚਕਿਤਸਾ ਪ੍ਰਣਾਲੀ ਦਾ ਮੋਢੀ ਮੰਨਿਆ ਜਾਂਦਾ ਹੈ। ਇਸ ਨੇ ਦੱਸਿਆ ਸੀ ਕਿ ਹਵਾ ਦਾ ਵੱਖਰਾ ਵਜੂਦ ਹੈ ਅਤੇ ਜਿੰਨਾ ਚਿਰ ਹਵਾ ਕਿਸੇ ਬਰਤਨ ਵਿੱਚੋਂ ਕੱਢੀ ਨਾ ਜਾਵੇ ਓਨਾ ਚਿਰ ਕੋਈ ਹੋਰ ਪਦਾਰਥ ਉਸ ਬਰਤਨ ਵਿੱਚ ਪਾਇਆ ਨਹੀਂ ਜਾ ਸਕਦਾ। ਇਹ ਕਹਿਣ ਵਾਲਾ ਵੀ ਇਹ ਪਹਿਲਾ ਆਦਮੀ ਸੀ ਕਿ ਬਿਰਖਾਂ ਵਿੱਚ ਕੁਝ ਇਸਤ੍ਰੀ-ਲਿੰਗ ਹੁੰਦੇ ਹਨ ਅਤੇ ਕੁਝ ਪੁਲਿੰਗ। ਇਸ ਨੇ ਪਹਿਲਾਂ ਕਿਹਾ ਸੀ ਕਿ ਚੰਨ ਦੀ ਰੌਸ਼ਨੀ ਆਪਣੀ ਨਹੀਂ ਅਤੇ ਹੋ ਸਕਦਾ ਹੈ ਸੂਰਜ ਵੀ ਕਿਸੇ ਦੂਸਰੇ ਦੀ ਰੌਸ਼ਨੀ ਨੂੰ ਪਰਤਾਉਂਦਾ ਹੋਵੇ।

"ਪਾਪਾ, ਇਸ ਦੀਆਂ ਲਿਖਤਾਂ ਨੇ ਲੂਕ੍ਰੀਟੀਅਜ਼ ਵਰਗੇ ਪਰਕਿਰਤੀਵਾਦੀਆਂ ਨੂੰ

ਪ੍ਰਭਾਵਤ ਕੀਤਾ ਹੈ। ਇਸ ਨੇ ਸਭ ਤੋਂ ਪਹਿਲਾਂ ਕੁਦਰਤੀ ਤੱਤਾਂ ਵਿੱਚ ਪ੍ਰਜਾਤਾਂਤ੍ਰਿਕ ਤੱਤਾਂ ਨੂੰ ਵਿਚਰਦੇ ਵੇਖਿਆ ਅਤੇ ਆਖਿਆ। ਇਸ ਦੇ ਸਮੇਂ ਇਸ ਦੇ ਨਗਰ ਰਾਜ ਵਿੱਚ ਜਮਹੂਰੀਅਤ ਅਤੇ ਤਾਨਾਸ਼ਾਹੀ ਵਿੱਚ ਵਿਰੋਧ ਚਾਲੂ ਸੀ। ਜਿਹੜਾ ਧੜਾ ਹਾਰ ਜਾਂਦਾ ਸੀ, ਉਹ ਵਿਰੋਧੀਆਂ ਤੋਂ ਡਰਦਾ ਨਗਰ ਰਾਜ ਛੱਡ ਕੇ ਦੁਸ਼ਮਣਾਂ ਨਾਲ ਜਾ ਰਲਦਾ ਸੀ। ਇਸ ਦਾ ਧੜਾ ਜਦੋਂ ਹਾਰ ਗਿਆ ਤਾਂ ਇਹ ਵਿਰੋਧੀਆਂ ਨਾਲ ਗੱਠਜੋੜ ਕਰਨ ਦੀ ਥਾਂ ਰਾਜਨੀਤੀ ਨੂੰ ਛੱਡ ਗਿਆ ਅਤੇ ਆਪਣਾ ਸਾਰਾ ਧਿਆਨ ਇਸ ਨੇ ਸੋਚ ਅਤੇ ਵਿਗਿਆਨ ਵੱਲ ਮੋੜ ਲਿਆ। ਈਸਾ ਤੋਂ ਸਾਢੇ ਚਾਰ ਸੌ ਸਾਲ ਪਹਿਲਾਂ ਇਹ ਸਭ ਕੁਝ ਕਰਨ ਅਤੇ ਸੋਚਣ ਵਾਲਾ ਇਹ ਆਦਮੀ ਯੂਨਾਨੀ ਧਰਮ ਵਿਚਲੀਆਂ ਹਿੰਸਕ ਰੁਚੀਆਂ ਦਾ ਵਿਰੋਧੀ ਸੀ। ਕੀ ਇਸ ਨੂੰ ਢਕਾਉਂਸਲੇਬਾਜ਼ ਆਖਿਆ ਜਾਣਾ ਯੋਗ ਹੈ ?"

"ਵੀਰ ਜੀ, ਬੇਟੇ ਨੇ ਲੰਮੀ ਚੌੜੀ ਵਕਾਲਤ ਕਰ ਮਾਰੀ ਹੈ।"

"ਮੈਂ ਆਪਣਾ ਪੱਖ ਪੇਸ਼ ਕਰਦਾ ਹਾਂ। ਯੋਗ ਅਯੋਗ ਦਾ ਨਿਰਣਾ ਤੁਹਾਡੇ ਉੱਤੇ ਛੱਡਿਆ ਜਾਂਦਾ ਹੈ। ਇਹ ਆਦਮੀ ਨਿਰਾ ਕਵੀ, ਸਿਆਸਤਦਾਨ, ਸਾਇੰਸਦਾਨ ਅਤੇ ਦਾਰਸ਼ਨਿਕ ਹੀ ਨਹੀਂ ਸੀ, ਇਹ ਆਪਣੇ ਆਪ ਨੂੰ ਪੈਗੰਬਰ ਵੀ ਸਮਝਦਾ ਸੀ। ਸਾਇੰਸ ਸੰਬੰਧੀ ਕੀਤੀਆਂ ਖੋਜਾਂ ਅਤੇ ਦੱਸੀਆਂ ਗੱਲਾਂ ਬਾਰੇ ਇਸ ਨੇ ਤਜਰਬੇ ਕੀਤੇ ਹਨ ਅਤੇ ਸਿੱਧ ਕੀਤਾ ਹੈ ਕਿ ਜੋ ਮੈਂ ਕਹਿ ਰਿਹਾ ਹਾਂ ਉਹ ਉਸੇ ਰੂਪ ਵਿੱਚ ਹੁੰਦਾ ਹੋਇਆ ਵੇਖਿਆ ਪਰਖਿਆ ਜਾ ਸਕਦਾ ਹੈ। ਪਾਣੀ ਦੀ ਭਰੀ ਗੜਵੀ ਦੇ ਗਲਮੇ ਨਾਲ ਰੱਸੀ ਬੰਨ੍ਹ ਕੇ ਉਸ ਨੂੰ ਆਪਣੇ ਚਾਰ ਚੁਫੇਰੇ ਘੁਮਾ ਕੇ ਇਹ ਦੱਸਣ ਵਾਲਾ ਆਦਮੀ ਕਿ ਗੜਵੀ ਦੇ ਮੂਧੀ ਹੋ ਜਾਣ ਉੱਤੇ ਗੜਵੀ ਵਿਚਲਾ ਪਾਣੀ ਕਿਉਂ ਨਹੀਂ ਡਿੱਗਦਾ ਜਾਂ ਡੁੱਲ੍ਹਦਾ, ਆਪਣੇ ਪੈਗੰਬਰੀ ਦਾਅਵਿਆਂ ਦੀ ਪ੍ਰਮਾਣੀਕਤਾ ਦਾ ਕੋਈ ਸਬੂਤ ਪੇਸ਼ ਨਹੀਂ ਸੀ ਕਰ ਸਕਦਾ। ਉਸ ਦੀ ਸ਼ਖ਼ਸੀਅਤ ਸਾਇੰਸਦਾਨੀ ਅਤੇ ਪੈਗੰਬਰੀ ਦੀਆਂ ਦੋ ਵੰਡਾਂ ਵਿੱਚ ਵੰਡੀ ਹੋਈ ਸੀ। ਇਸੇ ਕਰਕੇ ਉਹ ਆਪਣੀ ਕਵਿਤਾ ਵਿੱਚ ਆਪਣੇ ਆਪ ਨੂੰ ਪੈਗੰਬਰ ਅਤੇ ਸਰਵ-ਸ੍ਰੇਸ਼ਟ ਵੀ ਕਹਿੰਦਾ ਹੈ ਅਤੇ ਵੱਡਾ ਪਾਪੀ ਵੀ ਆਖਦਾ ਹੈ। ਉਸ ਦਾ ਖ਼ਿਆਲ ਸੀ ਕਿ ਉਹ ਮੋਏ ਜਿਵਾਲ ਸਕਦਾ ਹੈ ਅਤੇ ਹਵਾਵਾਂ ਦਾ ਰੁਖ਼ ਮੋੜ ਸਕਦਾ ਹੈ। ਇਹ ਸਭ ਕੁਝ ਉਸ ਦੇ ਮਾਨਸਿਕ ਉਲਾਰ ਦਾ ਲਖਾਇਕ ਹੈ—ਜਿਸ ਉਲਾਰ ਕਾਰਨ ਆਪਣੇ ਆਪ ਨੂੰ ਦੇਵਤਾ ਸਿੱਧ ਕਰਨ ਲਈ ਉਸ ਨੇ ਐਟਨਾ ਨਾਂ ਦੇ ਜੁਆਲਾਮੁਖੀ ਵਿੱਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ ਸੀ।

"ਉਸ ਦਾ ਖ਼ਿਆਲ ਸੀ ਕਿ ਸ੍ਰਿਸ਼ਟੀ ਦੀ ਉਤਪਤੀ ਅੱਗ, ਪਾਣੀ, ਹਵਾ ਅਤੇ ਮਿੱਟੀ ਚਹੁੰਆਂ ਦੇ ਮਿਸ਼ਰਣ ਤੋਂ ਹੋਈ ਹੈ। ਇਹ ਚਾਰੇ ਤੱਤ ਅਨਾਦੀ ਅਤੇ ਅਨੰਤ ਹਨ। ਇਹ ਤੱਤ ਵੱਖ ਵੱਖ ਮਿਕਦਾਰ ਵਿੱਚ ਮਿਲ ਕੇ ਵੱਖ ਵੱਖ ਚੀਜ਼ਾਂ ਦੀ ਉਤਪਤੀ ਕਰਦੇ ਹਨ। ਦੋਸਤੀ ਅਤੇ ਦੁਸ਼ਮਣੀ ਜਾਂ ਪਿਆਰ ਅਤੇ ਵਿਰੋਧ ਇਨ੍ਹਾਂ ਤੱਤਾਂ ਦੇ ਅਸਲੇ ਵਿੱਚ ਮੌਜੂਦ ਹੈ। ਪਿਆਰ ਇਨ੍ਹਾਂ ਤੱਤਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ; ਵਿਰੋਧ ਇੱਕ ਦੂਜੇ ਤੋਂ ਦੂਰ ਕਰ ਦਿੰਦਾ ਹੈ। ਦੂਰ ਹੋਣ ਉੱਤੇ ਮਿੱਟੀ ਮਿੱਟੀ ਨਾਲ ਜਾ ਰਲਦੀ ਹੈ ਅਤੇ ਪਾਣੀ ਪਾਣੀ ਵਿੱਚ ਲੀਨ ਹੋ ਜਾਂਦਾ ਹੈ। ਇਉਂ ਸਾਰੇ ਸਮ-ਸੁਭਾਵੀ ਤੱਤ ਵੱਖ ਵੱਖ ਇਕੱਠੇ ਹੋ ਕੇ ਸ੍ਰਿਸ਼ਟੀ ਦਾ ਅੰਤ ਕਰ ਦਿੰਦੇ ਹਨ। ਜਦੋਂ ਪਿਆਰ ਦਾ ਪ੍ਰਭਾਵ ਹੁੰਦਾ ਹੈ, ਉਦੋਂ ਵਿਰੋਧੀ ਸੁਭਾਵਾਂ ਵਾਲੇ ਤੱਤ ਆਪਣੇ ਵਿਰੋਧਾਂ ਨੂੰ ਭੁੱਲ ਕੇ ਇੱਕ ਦੂਜੇ ਨਾਲ ਮਿਲ ਜਾਂਦੇ ਹਨ। ਇਉਂ ਵੱਖ-ਵੱਖ ਮਿਕਦਾਰ ਵਿੱਚ ਮਿਲ ਕੇ ਵੱਖ ਵੱਖ ਚੀਜ਼ਾਂ ਦੀ ਉਤਪਤੀ ਕਰਦੇ ਹਨ। ਜੀਵਧਾਰੀਆਂ ਦੀ ਉਤਪਤੀ ਬਾਰੇ ਉਸ ਨੇ ਲਿਖਿਆ ਹੈ ਕਿ ਕਿਸੇ ਸਮੇਂ ਧਰਤੀ ਉੱਤੇ ਇੱਕੋ ਪ੍ਰਕਾਰ ਦੇ ਅੰਗ ਸਨ। ਕਿਧਰੇ ਹੱਥ ਹੀ

ਹੱਥ ਸਨ, ਕਿਧਰੇ ਪੈਰ ਹੀ ਪੈਰ ਸਨ, ਕਿਧਰੇ ਧੜ ਹੀ ਧੜ ਅਤੇ ਕਿਧਰੇ ਸਿਰ ਹੀ ਸਿਰ ਸਨ। ਇਹ ਵਿਰੋਧ ਜਾਂ ਦੁਸ਼ਮਣੀ ਦਾ ਸਮਾਂ ਸੀ। ਫਿਰ ਪਿਆਰ ਦਾ ਪਹਿਰਾ ਆਰੰਭ ਹੋਇਆ। ਵੱਖ ਵੱਖ ਪ੍ਰਕਾਰ ਦੇ ਅੰਗ ਆਪੋ ਵਿੱਚ ਮਿਲਣ ਲੱਗ ਪਏ। ਹੱਥਾਂ, ਪੈਰਾਂ, ਲੱਤਾਂ, ਬਾਹਵਾਂ, ਸਿਰ ਅਤੇ ਧੜ ਆਦਿਕਾਂ ਨੇ ਮਿਲ ਕੇ ਵੱਖ ਵੱਖ ਪ੍ਰਕਾਰ ਦੇ ਜੀਵਧਾਰੀਆਂ ਦੀ ਉਤਪਤੀ ਕਰ ਦਿੱਤੀ। ਨ਼ਫਰਤ ਦਾ ਯੁਗ ਸ਼ੁਰੂ ਹੋਵੇਗਾ ਅਤੇ ਇਹ ਅੰਗ ਫਿਰ ਆਪਣੇ ਪਹਿਲੇ ਰੂਪ ਵਿੱਚ ਆ ਜਾਣਗੇ। ਸਾਰੇ ਹੱਥ ਇੱਕ ਥਾਂ ਇਕੱਠੇ ਹੋ ਜਾਣਗੇ ਅਤੇ ਸਾਰੇ ਸਿਰ ਕਿਸੇ ਦੂਜੀ ਥਾਂ। ਮੁੜ ਪਿਆਰ ਦੀ ਵਾਰੀ ਆਵੇਗੀ ਅਤੇ ਮੁੜ ਵੱਖ ਵੱਖ ਪ੍ਰਕਾਰ ਦੇ ਪਸ਼ੂਆਂ, ਪੰਛੀਆਂ ਅਤੇ ਮਨੁੱਖਾਂ ਆਦਿਕ ਦੀ ਉਤਪਤੀ ਹੋਵੇਗੀ।

"ਇਸ ਅਨੁਮਾਨ ਨੂੰ ਢਕਾਉਂਸਲਾ ਕਹਿਣ ਵਿੱਚ ਕੋਈ ਵਧੀਕੀ ਨਹੀਂ। ਪਰ ਜਦੋਂ ਤੁਸੀਂ ਸੈੱਲ, ਟਿਸ਼ੂ, ਆਰਗਨ (ਅੰਗ), ਸਿਸਟਮ (ਪ੍ਰਣਾਲੀ) ਅਤੇ ਇਨ੍ਹਾਂ ਸਾਰਿਆਂ ਦੇ ਇਕੱਠ ਜਾਂ ਸੰਜੋਗ ਨਾਲ ਹੋਂਦ ਵਿੱਚ ਆਉਣ ਵਾਲੇ ਸਮੁੱਚੇ ਸਰੀਰ ਦੇ ਵਿਕਾਸ ਦੀ ਦ੍ਰਿਸ਼ਟੀ ਤੋਂ ਵੇਖਦੇ ਹੋ ਤਾਂ ਇਹ ਢਕਾਉਂਸਲਾ ਨਾ ਰਹਿ ਕੇ ਇੱਕ ਵਿਗਿਆਨਕ ਸਿਧਾਂਤ ਦਾ ਮੁੱਢਲਾ ਰੂਪ ਬਣ ਜਾਂਦਾ ਹੈ।"

"ਪਾਪਾ, ਅਸਾਂ ਡਾਕਟਰੀ ਦੀ ਪੜ੍ਹਾਈ ਵਿੱਚ ਇਸ ਆਦਮੀ ਬਾਰੇ ਕੁਝ ਜਾਣਿਆ ਸੀ। ਅੱਜ ਪਤਾ ਲੱਗਾ ਕਿ ਜੋ ਅਸਾਂ ਜਾਣਿਆ ਸੀ, ਉਸ ਨਾਲੋਂ ਇਹ ਕਿਤੇ ਵੱਡਾ ਅਤੇ ਵੱਖਰਾ ਸੀ। ਢਕਾਉਂਸਲੇ ਜਾਂ ਤੁੱਕੇ-ਬਾਜ਼ੀਆਂ ਧਰਮ, ਵਿਗਿਆਨ, ਮੈਡੀਕਲ ਸਾਇੰਸ ਆਦਿਕ ਸਭ ਕਾਸੇ ਵਿੱਚ ਹਨ। ਉਨ੍ਹਾਂ ਵਿੱਚੋਂ ਕੁਝ ਇੱਕ ਗੰਭੀਰ ਸਿਧਾਂਤਾਂ ਦੀ ਬੁਨਿਆਦ ਬਣ ਚੁੱਕੀਆਂ ਹਨ।"

ਪੁਸ਼ਪੇਂਦ੍ਰ, ਇਸ ਤਰ੍ਹਾਂ ਅੰਕਲ ਦੀ ਥਾਂ ਨੀਰਜ ਨੇ ਫ਼ੈਸਲਾ ਸੁਣਾ ਕੇ ਇਸ ਗੱਲ-ਬਾਤ ਨੂੰ ਸਮਾਪਤ ਕੀਤਾ। ਮਨ ਅਜੇ ਵੀ ਉਦਾਸ ਜਿਹਾ ਹੈ।

ਸਨੇਹਾ।

# 26

ਗੁਰਦਾਸਪੁਰ,
20.5.96.

ਸਨੇਹਾ,

ਤੇਰੇ ਪੱਤ੍ਰ ਨੂੰ ਦੋ ਤਿੰਨ ਵੇਰ ਪੜ੍ਹ ਕੇ ਵੀ ਕੁਝ ਗੱਲਾਂ ਸਪੱਸ਼ਟ ਨਹੀਂ ਹੋ ਸਕੀਆਂ। ਖ਼ਾਸ ਤੌਰ ਉੱਤੇ ਹਿਸਟਰੀ ਸੰਬੰਧੀ ਤੇਰੀ ਅਤੇ ਤੇਰੇ ਪਾਪਾ ਦੀ ਗੱਲ-ਬਾਤ ਕੁਝ ਧੁੰਦਲੀ ਜੇਹੀ ਹੈ। ਪਿਛਲੇ ਐਤਵਾਰ ਪਾਪਾ ਅਤੇ ਬੀਜੀ ਨੇ, ਕਿਸੇ ਕੰਮ, ਚੰਡੀਗੜ੍ਹ ਜਾਣਾ ਸੀ। ਉਹ ਸਵੇਰੇ ਹੀ ਘਰੋਂ ਨਿਕਲ ਗਏ। ਘਰ ਦੀ ਚਾਰ-ਦੀਵਾਰੀ ਵਿੱਚ ਘਿਰੀ ਰਹਿਣ ਨੂੰ ਮੇਰਾ ਵੀ ਜੀ ਨਾ ਕੀਤਾ। ਖ਼ਿਆਲ ਤਾਂ ਪ੍ਰੋਫ਼ੈਸਰ ਅੰਕਲ ਵੱਲ ਜਾਣ ਦਾ ਸੀ; ਪਰ ਮੈਨੂੰ ਪਤਾ ਵੀ ਨਾ ਲੱਗਾ ਕਿ ਮੇਰੀ ਕਾਰ ਸੁਮੀਤ ਦੇ ਦਰਵਾਜ਼ੇ ਸਾਹਮਣੇ ਕਿਵੇਂ ਜਾ ਖਲੋਤੀ। ਕੁਝ ਅਜੀਬ ਜਿਹਾ ਲੱਗਾ। ਸੋਚਿਆ, ਸੂਏ ਦੀ ਪੱਟੜੀ ਪੈ ਕੇ ਝੋਰੀਂ ਚਲੀ ਜਾਵਾਂ। ਅਜੇ ਕਿਸੇ ਫ਼ੈਸਲੇ ਉੱਤੇ ਨਹੀਂ ਸਾਂ ਪੁੱਜੀ ਕਿ ਸੁਮੀਤ ਨੇ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਆਖਿਆ, "ਪੁਸ਼ਪੇਂਦ੍ਰ, ਆਓ, ਕੀ ਸੋਚ ਰਹੇ ਹੋ ? ਚੰਗਾ ਹੋਇਆ ਤੁਸੀਂ ਆ ਗਏ; ਵਰਨਾ ਮੈਂ ਤੁਹਾਡੇ ਵੱਲ ਆਉਣ ਵਾਲਾ ਸਾਂ। ਮਾਤਾ ਜੀ ਅੱਜ ਸਾਰਾ ਦਿਨ ਨਵੇਂ ਪਿੰਡ ਰਹਿਣਗੇ, ਕੋਈ ਐਮਰਜੈਂਸੀ ਹੈ, ਇੱਕ ਸਿਜ਼ੇਰੀਅਨ ਬਰਥ ਕਰਨਾ ਹੈ। ਮੈਂ ਇਕੱਲ ਮਹਿਸੂਸ ਕਰ ਰਿਹਾ ਸਾਂ। ਪ੍ਰੋਫ਼ੈਸਰ ਅੰਕਲ ਅਤੇ ਆਂਟੀ ਵੀ ਮਾਤਾ ਜੀ ਦੇ ਨਾਲ ਹਨ।"

ਮੇਰੀ ਦੁਚਿੱਤੀ ਵਿੱਚ ਵਾਧਾ ਹੋ ਗਿਆ। ਸੁਮੀਤ ਨੇ ਮੇਰਾ ਸੱਜਾ ਹੱਥ ਫੜ ਕੇ ਮੈਨੂੰ ਕਾਰ ਅਤੇ ਦੁਚਿੱਤੀ ਵਿੱਚੋਂ ਬਾਹਰ ਆਉਣ ਵਿੱਚ ਮੇਰੀ ਸਹਾਇਤਾ ਕਰਦਿਆਂ ਆਖਿਆ, "ਆਓ, ਅੱਜ ਤੁਹਾਨੂੰ ਸਰਸ੍ਵਤੀ-ਮੰਦਰ ਵਿਖਾਵਾਂ।"

ਉਸ ਦੇ ਹੱਥ ਦੀ ਨਿਸ਼ਕਪਟ ਛੋਹ ਅਤੇ ਉਸ ਦੇ ਚਿਹਰੇ ਉੱਤੇ ਫੈਲੀ ਹੋਈ ਮਧੁਰ ਮੁਸਕਾਨ ਨੇ ਮੈਨੂੰ ਮੇਰੀ ਦੁਚਿੱਤੀ ਵਿੱਚੋਂ ਕੱਢ ਕੇ ਸਰਸ੍ਵਤੀ-ਮੰਦਰ ਦੀ ਵਿਸਮਾਦੀ ਸੁੰਦਰਤਾ ਦੇ ਕਲਪਨਾ-ਲੋਕ ਵਿੱਚ ਲੈ ਆਂਦਾ। ਸੱਚ ਮੰਨੀਂ, ਸਨੇਹਾ, ਮੈਨੂੰ ਪਤਾ ਹੀ ਨਾ ਲੱਗਾ ਕਿ ਇੱਕ ਦੂਜੇ ਦਾ ਹੱਥ ਫੜੀ ਡ੍ਰਾਇੰਗ-ਰੂਮ ਦੇ ਪਿਛਲੇ ਕਮਰੇ ਵਿੱਚ ਬਣੀਆਂ ਪੌੜੀਆਂ ਚੜ੍ਹਦੇ ਹੋਏ ਅਸੀਂ ਕਦੋਂ ਪਹਿਲੀ ਮੰਜ਼ਿਲ ਉੱਤੇ ਬਣੇ ਇੱਕ ਵਿਸ਼ਾਲ ਕਮਰੇ ਵਿੱਚ ਪੁੱਜ ਗਏ। ਤੂੰ ਸੋਚ ਸਕਦੀ ਹੈਂ ਕਿ ਇਸ ਕਮਰੇ ਵਿੱਚ ਜੋ ਕੁਝ ਮੈਂ ਵੇਖਿਆ, ਉਹ ਕਿੰਨਾ ਕੁ ਹੈਰਾਨਕੁੰਨ ਹੋਵੇਗਾ ਕਿ ਸੁਮੀਤ ਦੇ ਖੱਬੇ ਹੱਥ ਵਿੱਚੋਂ ਆਪਣਾ ਸੱਜਾ ਹੱਥ, ਅਣਜਾਣੇ ਹੀ ਛੁਡਾ ਕੇ, ਆਪਣੇ ਦੋਹਾਂ ਹੱਥਾਂ ਨੂੰ ਆਪਣੀ ਠੋਡੀ ਦੇ ਲਾਗੇ ਜਿਹੇ ਇਕੱਠੇ ਕਰ ਕੇ, ਆਪਣੇ ਸਿਰ ਨੂੰ ਉੱਪਰ ਚੁੱਕਦਿਆਂ ਹੋਇਆਂ, ਬੱਚਿਆਂ ਵਾਂਗ ਖ਼ੁਸ਼ ਅਤੇ ਹੈਰਾਨ ਹੋ ਕੇ ਮੈਂ ਆਖਿਆ, "ਅਰੇ.....ਵਾਹ ! ਵਟ ਏ ਟ੍ਰਈਜਰ !" ਮੇਰੇ ਚਿਹਰੇ ਨੂੰ ਪ੍ਰਸੰਨਤਾ ਨਾਲ ਵੇਖਦਿਆਂ ਹੋਇਆਂ ਸੁਮੀਤ ਨੇ ਆਖਿਆ, "ਤੁਹਾਡੇ ਵਰਗਾ ਪ੍ਰਸ਼ੰਸਕ ਇਸ ਤੋਂ ਪਹਿਲਾਂ ਏਥੇ ਕਦੀ ਨਹੀਂ ਆਇਆ।"

ਉਸ ਦੀ ਗੱਲ ਦਾ ਕੋਈ ਉੱਤਰ ਦਿੱਤੇ ਬਗ਼ੈਰ ਮੈਂ ਕਮਰੇ ਵਿਚਲੀਆਂ ਅਲਮਾਰੀਆਂ, ਸ਼ੈਲਫ਼ਾਂ, ਮੇਜ਼ਾਂ ਅਤੇ ਕੁਰਸੀਆਂ ਦੁਆਲੇ ਘੁੰਮਣ ਲੱਗ ਪਈ। ਮੇਰੇ ਪਿੱਛੇ ਪਿੱਛੇ ਸੁਮੀਤ ਵੀ ਇਨ੍ਹਾਂ ਚੀਜ਼ਾਂ ਦੀਆਂ ਪਰਕਰਮਾਂ ਕਰਨ ਲੱਗ ਪਿਆ। ਅਲਮਾਰੀਆਂ ਵਿੱਚ ਅਤੇ ਸ਼ੈਲਫ਼ਾਂ ਉੱਤੇ ਪੁਸਤਕਾਂ ਇਸ ਸੁਚੱਜ ਅਤੇ ਸੁਹਜ ਨਾਲ ਟਿਕਾਈਆਂ ਹੋਈਆਂ ਸਨ ਕਿ ਅਦਭੁਤ ਅਤੇ ਸ਼ਿੰਗਾਰ ਦਾ ਸੰਜੋਗ ਹੋਇਆ ਲੱਗਦਾ ਸੀ। ਕਮਰੇ ਵਿੱਚ ਪਏ ਹੋਏ ਛੇ ਮੀਟਰ ਲੰਮੇ ਅਤੇ ਦੋ ਮੀਟਰ ਚੌੜੇ ਵਿਸ਼ਾਲ ਮੇਜ਼ ਉੱਤੇ ਪਈਆਂ ਪੰਜ-ਛੇ ਪੁਸਤਕਾਂ ਦੱਸ ਰਹੀਆਂ ਸਨ ਕਿ ਇਸ ਲਾਇਬ੍ਰੇਰੀ ਨੂੰ ਲਗਾਤਾਰ ਵਰਤਿਆ ਜਾਂਦਾ ਹੈ। ਫ਼ਰਨੀਚਰ ਇਸ ਗੱਲ ਦੀ ਗਵਾਹੀ ਦੇ ਰਿਹਾ ਸੀ ਕਿ ਉਸ ਉੱਤੇ ਖ਼ਰਚ ਕਰਨ ਲੱਗਿਆਂ ਅੱਗਾ ਪਿੱਛਾ ਨਹੀਂ ਸੀ ਵੇਖਿਆ ਗਿਆ। ਚੀਨੀ, ਭਾਰਤੀ, ਮੱਧ-ਪੂਰਬੀ, ਯੂਨਾਨੀ, ਰੋਮਨ ਅਤੇ ਯੂਰਪੀ ਦਰਸ਼ਨ ਦੇ ਮਹਾਨ ਗ੍ਰੰਥਾਂ ਨੂੰ ਵੱਖ ਵੱਖ ਅਲਮਾਰੀਆਂ ਵਿੱਚ ਰੱਖਿਆ ਹੋਇਆ ਸੀ। ਵਿਗਿਆਨ, ਮਨੋਵਿਗਿਆਨ, ਗਲਪ ਅਤੇ ਕਾਵਿ ਤੋਂ ਛੁੱਟ ਭਾਰਤੀ, ਚੀਨੀ, ਯੂਨਾਨੀ, ਪੱਛਮੀ ਚਕਿਤਸਾ ਪ੍ਰਣਾਲੀਆਂ ਦੇ ਮਹਾਨ ਗ੍ਰੰਥ ਮੌਜੂਦ ਸਨ। ਸੰਸਾਰ ਦੀਆਂ ਸਭਿਅਤਾਵਾਂ ਅਤੇ ਸਲਤਨਤਾਂ ਦੇ ਇਤਿਹਾਸ ਸੰਬੰਧੀ ਲਿਖੀਆਂ ਗਈਆਂ ਮਹਾਨ ਪੁਸਤਕਾਂ ਨਾਲ ਭਰੇ ਸ਼ੈਲਫ਼ਾਂ ਸਾਹਮਣੇ ਖਲੋਤੀ ਹੋਈ ਸਾਂ ਮੈਂ, ਜਦੋਂ ਮੈਨੂੰ ਤੇਰੇ ਪੱਤ੍ਰ ਦਾ ਚੇਤਾ ਆਇਆ। ਮੈਂ ਸੁਮੀਤ ਨੂੰ ਆਖਿਆ, "ਹਿਸਟਰੀ ਦੀਆਂ ਪੁਸਤਕਾਂ ਵੇਖ ਕੇ ਮੈਨੂੰ ਯਾਦ ਆਇਆ ਕਿ ਮੈਂ ਕਿਸ ਕੰਮ ਆਈ ਹਾਂ।"

"ਭਾਵੇਂ ਦੇਰ ਨਾਲ ਨਹੀਂ ਆਏ, ਪਰ ਦਰੁਸਤ ਆਏ ਹੋ।"

"ਸਨੇਹਾ ਦੀ ਚਿੱਠੀ ਆਈ ਹੈ, ਜਿਸ ਵਿੱਚ ਇਤਿਹਾਸ ਸੰਬੰਧੀ ਆਪਣੇ ਪਾਪਾ ਨਾਲ ਹੋਈ ਗੱਲ ਬਾਤ ਲਿਖੀ ਹੈ ਉਸ ਨੇ। ਚੰਗਾ ਹੈ ਤੁਸੀਂ ਆਪ ਹੀ ਪੜ੍ਹ ਲਵੋ। ਚਿੱਠੀ ਕਾਰ ਵਿੱਚ ਪਈ ਹੈ, ਮੈਂ ਲਿਆਉਂਦਾ ਹਾਂ।"

ਮੈਨੂੰ ਕੁਰਸੀ ਉੱਤੇ ਬਿਠਾ ਕੇ ਸੁਮੀਤ ਥੱਲੇ ਗਿਆ ਅਤੇ ਕਾਰ ਵਿੱਚੋਂ ਚਿੱਠੀ ਕੱਢ ਲਿਆਇਆ। ਏਨੇ ਵੱਡੇ ਵਿਸਮਾਦ ਦੇ ਸਨਮੁਖ ਬੈਠੀ ਰਹਿਣਾ ਮੇਰੇ ਲਈ ਸੰਭਵ ਨਹੀਂ ਸੀ। ਮੈਂ ਉੱਠ ਕੇ ਕਿਤਾਬਾਂ ਕੋਲ ਚਲੇ ਗਈ ਅਤੇ ਕਦੇ ਇੱਕ ਨੂੰ, ਕਦੇ ਦੂਜੀ ਨੂੰ ਸ਼ੈਲਫ ਉੱਤੋਂ ਚੁੱਕ ਕੇ, ਖੋਲ੍ਹ ਕੇ, ਜ਼ਰਾ ਕੁ ਵੇਖ ਕੇ, ਮੁੜ ਉਸੇ ਟਿਕਾਣੇ ਰੱਖਣ ਦੀ (ਬਹੁਤ ਹੀ ਜ਼ਰੂਰੀ ਦਿੱਸਦੀ ਪਰ ਉਂਜ) ਨਿਰਾਰਥਕ ਜਿਹੀ ਕਾਰੇ ਲੱਗ ਗਈ। ਜਿੰਨਾ ਚਿਰ ਉਹ ਪੱਤ੍ਰ ਪੜ੍ਹਦਾ ਰਿਹਾ, ਮੈਂ ਕਿਤਾਬਾਂ ਵਿੱਚ ਝਾਤੀਆਂ ਮਾਰਦੀ ਰਹੀ। "ਗ੍ਰੇਟ ਆਈਡੀਆਜ਼ ਆਫ਼ ਦੀ ਵੈਸਟਰਨ ਵਰਲਡ" ਨਾਂ ਦੇ ਸੈੱਟ ਕੋਲ ਆ ਕੇ ਮੈਂ ਰੁਕ ਗਈ। ਪੰਜਾਹ ਤੋਂ ਵੱਧ ਜਿਲਦਾਂ ਦਾ ਇਹ ਸੈੱਟ ਤਿੰਨ ਹਜ਼ਾਰ ਸਾਲਾਂ ਵਿੱਚ ਲਿਖੀਆਂ ਗਈਆਂ ਸਾਰੀਆਂ ਮਹਾਨ ਲਿਖਤਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਸੀ। ਇਸ ਅਨੋਖੇ ਪੁਸਤਕ ਭੰਡਾਰ ਵਿੱਚ ਖੜੀ ਮੈਂ ਆਪਣੇ ਆਪ ਵਿੱਚ ਅਮੁੱਕ ਗਿਆਨ-ਪਿਪਾਸਾ ਮਹਿਸੂਸ ਕਰ ਰਹੀ ਸਾਂ ਅਤੇ ਆਪਣੀ ਇਸ ਥੁੜ ਦੇ ਅਹਿਸਾਸ ਉੱਤੇ ਮੈਨੂੰ ਉਚੇਚਾ ਗੌਰਵ ਹੋ ਰਿਹਾ ਸੀ। ਪੱਤ੍ਰ ਪੜ੍ਹ ਰਹੇ ਸੁਮੀਤ ਦੇ ਗੰਭੀਰ ਚਿਹਰੇ ਵੱਲ ਮੈਂ ਦੋ-ਤਿੰਨ ਵੇਰ ਮੁੜ ਕੇ ਵੇਖਿਆ। 'ਅੱਜ, ਮੈਂ ਉਸ ਦੀ ਬੌਧਕ ਅਮੀਰੀ ਦੇ ਭੇਤ ਤੋਂ ਕੁਝ ਕੁ ਜਾਣੂੰ ਹੋ ਗਈ ਹਾਂ'—ਇਹ ਸੋਚ ਕੇ ਮੈਨੂੰ ਉਸੇ ਪ੍ਰਕਾਰ ਦਾ ਆਨੰਦ ਮਿਲਿਆ ਜਿਹੋ ਜਿਹਾ ਆਨੰਦ, ਬਚਪਨ ਵਿੱਚ ਕਿਸੇ ਨਵੀਂ ਬੁਝਾਰਤ ਨੂੰ ਬੁੱਝ ਲੈਣ ਉੱਤੇ ਕਦੇ ਕਦੇ ਮਿਲਦਾ ਸੀ।

ਪੱਤ੍ਰ ਪੜ੍ਹ ਲੈਣ ਪਿੱਛੋਂ ਸੁਮੀਤ ਨੇ ਕਿਹਾ, "ਹਾਂ ਜੀ, ਪੜ੍ਹੀ ਗਈ ਚਿੱਠੀ; ਪਰ ਇਸ ਵਿੱਚ ਇਤਿਹਾਸ ਸੰਬੰਧੀ ਅਜੇਹਾ ਕੁਝ ਨਹੀਂ ਲਿਖਿਆ ਗਿਆ, ਜਿਸ ਨੂੰ ਪੁਸ਼ਪੇਂਦ੍ਰ ਵਰਗਾ ਵਿਅਕਤੀ ਸਮਝ ਨਾ ਸਕੇ।"

"ਗੱਲ ਸਮਝਣ ਤੱਕ ਹੀ ਹੋਵੇ ਤਾਂ ਠੀਕ ਹੈ; ਜਦੋਂ ਸਮਝ ਕੇ ਮਨਨ ਕਰਨਾ ਹੋਵੇ ਅਤੇ ਮਨਨ ਦੇ ਨਤੀਜੇ ਵਜੋਂ ਕਿਸੇ ਖ਼ਿਆਲ ਜਾਂ ਸਿਧਾਂਤ ਨੂੰ ਅਪਣਾਉਣਾ ਜਾਂ ਤਿਆਗਣਾ ਹੋਵੇ, ਉਦੋਂ ਗੱਲ ਗੁੰਝਲਦਾਰ ਹੋ ਜਾਂਦੀ ਹੈ।"

"ਤੁਸੀਂ ਇਸ ਪੱਤ੍ਰ ਵਿੱਚ ਛੋਹੇ ਨੁਕਤਿਆਂ ਦੀ ਗੱਲ ਕਰੋ ਤਾਂ ਕੁਝ ਪਤਾ ਲੱਗੇ।"

"ਸਨੇਹਾ ਨੂੰ ਦਰਸ਼ਨ ਅਤੇ ਇਤਿਹਾਸ ਦੋਹਾਂ ਉੱਤੇ ਸਾਂਝਾ ਇਤਰਾਜ਼ ਹੈ। ਦਰਸ਼ਨ ਨੇ ਸੱਚ ਅਤੇ ਝੂਠ ਨੂੰ, ਨੇਕੀ ਅਤੇ ਬਦੀ ਨੂੰ, ਪੁੰਨ ਅਤੇ ਪਾਪ ਨੂੰ ਇੱਕ ਦੂਜੇ ਦੇ ਸਹਾਇਕ ਅਤੇ ਪੂਰਕ, ਏਥੋਂ ਤਕ ਕਿ ਇੱਕ ਦੂਜੇ ਦੀ ਹੋਂਦ-ਹਸਤੀ ਦੇ ਆਧਾਰ ਕਹਿ ਕੇ ਜੀਵਨ ਨੂੰ ਇਨ੍ਹਾਂ ਦੇ ਭੇੜ ਵਿੱਚੋਂ ਉਪਜਣ ਵਾਲੇ ਸਦੀਵੀ ਕਲੇਸ਼ ਦਾ ਭੋਗਣਹਾਰ ਦੱਸਿਆ ਹੈ ਅਤੇ ਇਤਿਹਾਸਕਾਰ ਨੇ ਸੰਸਾਰ ਦੇ ਸਮੁੱਚੇ ਇਤਿਹਾਸ ਨੂੰ ਇਸ ਸੋਗੀ ਸਿਧਾਂਤ ਦੇ ਸਮਰਥਨ ਦੀ ਦਲੀਲ ਦੇ ਰੂਪ ਵਿੱਚ ਬਿਆਨ ਕੀਤਾ ਹੈ। ਪਾਪਾ ਕੋਲ ਇਸ ਦੇ ਉੱਤਰ ਵਿੱਚ ਕੇਵਲ ਏਨਾ ਕੁਝ ਹੀ ਕਹਿਣ ਨੂੰ ਹੈ ਕਿ ਇਤਿਹਾਸ ਨੂੰ ਇਤਿਹਾਸ ਤੋਂ ਪਰੇ ਹੋ ਕੇ ਪੜ੍ਹਨਾ ਚਾਹੀਦਾ ਹੈ। ਉਸ ਟਿਕਾਣੇ ਦਾ ਕੋਈ ਥਹੁ ਪਤਾ ਨਹੀਂ ਦਿੱਤਾ ਜਿੱਥੋਂ ਖੜੇ ਹੋ ਕੇ ਵੇਖਿਆਂ ਸੰਸਾਰ ਦਾ ਇਤਿਹਾਸ ਕਲੇਸ਼-ਕਹਾਣੀ ਨਾ ਦਿਸੇ।"

"ਪਾਪਾ ਵਰਗੇ ਅਨੁਭਵੀ ਆਦਮੀ ਦੀ ਗੱਲ ਉੱਤੇ ਮੇਰੇ ਵਰਗਾ ਬੱਚਾ ਨਿਰਣੇ ਦਿੰਦਾ ਚੰਗਾ ਨਹੀਂ ਲੱਗਦਾ। ਉਨ੍ਹਾਂ ਨੇ ਬਹੁਤ ਕੁਝ ਵੇਖਿਆ ਪਰਖਿਆ ਹੈ; ਮੈਂ ਕੇਵਲ ਪੜ੍ਹਿਆ ਹੈ।"

"ਜਿਨ੍ਹਾਂ ਦਾ ਲਿਖਿਆ ਤੁਸਾਂ ਪੜ੍ਹਿਆ ਹੈ ਉਨ੍ਹਾਂ ਨੇ ਵੀ ਤਾਂ ਆਪਣੇ ਅਨੁਭਵ ਵਿੱਚੋਂ ਲਿਖਿਆ ਹੈ; ਨਿਰਖ ਪਰਖ ਕੇ ਲਿਖਿਆ ਹੈ। ਇਸ ਲਈ ਤੁਹਾਡੀ ਗੱਲ ਦਾ ਵਜ਼ਨ ਏਸ ਲਈ ਘੱਟ ਕਿਉਂ ਹੋਵੇ ਕਿ ਤੁਸੀਂ ਕੇਵਲ ਪੜ੍ਹ ਕੇ ਜਾਣਿਆ ਹੈ ? ਵੱਧ ਕਿਉਂ ਨਾ ਹੋਵੇ (ਕਿਉਂਜੁ) ਤੁਸੀਂ ਪਹਿਲਾਂ ਹੋਏ ਲੋਕਾਂ ਦੇ ਅਨੁਭਵ ਵਿੱਚ ਵਾਧਾ ਕਰਨ ਦੀ ਸੰਭਾਵਨਾ ਰੱਖਦੇ ਹੋ ?"

"ਹੁਣ ਤਾਂ ਗੱਲ ਕਰਨੀ ਹੀ ਪਵੇਗੀ। ਦੀਦੀ ਅਤੇ ਪਾਪਾ ਦੋਵੇਂ ਆਪੋ ਆਪਣੀ ਥਾਂ ਠੀਕ ਹਨ। ਉਨ੍ਹਾਂ ਦੀਆਂ ਗੱਲਾਂ ਵਿਸਥਾਰ ਮੰਗਦੀਆਂ ਹਨ, ਕਿਧਰੇ ਕਿਧਰੇ ਥੋੜ੍ਹੀ ਜੇਹੀ ਸੋਧ ਵੀ। ਕਿੱਥੋਂ ਸ਼ੁਰੂ ਕਰੀਏ ?"

"ਸ਼ੁਰੂ ਤੋਂ।" ਮੇਰਾ ਉੱਤਰ ਸੁਣ ਕੇ ਉਹ ਹੱਸ ਪਿਆ।

"ਬਿਲਕੁਲ ਠੀਕ ਹੈ; ਸ਼ੁਰੂ ਤੋਂ ਸ਼ੁਰੂ ਕਰਦੇ ਹਾਂ। ਅੰਗਰੇਜ਼ੀ ਭਾਸ਼ਾ ਦਾ ਸ਼ਬਦ 'ਹਿਸਟਰੀ' ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਨਾਲ ਸੰਬੰਧਤ ਹੈ। ਇੱਕ ਹੈ ਹਿਸਟਰ (Histor) ਅਤੇ ਦੂਜਾ ਹਿਸਟੋਰੀਆ (Historia) ਹਿਸਟਰ ਦੇ ਅਰਥ ਹਨ ਸਿਆਣਾ, ਦਾਨਾਅ ਅਤੇ ਹਿਸਟੋਰੀਆ ਦੇ ਅਰਥ ਹਨ ਖੋਜ, ਪੁੱਛ-ਗਿੱਛ, ਪੜਤਾਲ। ਪੁਰਾਣੇ ਯੂਨਾਨੀ ਇਤਿਹਾਸਕਾਰਾਂ, ਵਿਸ਼ੇਸ਼ ਕਰਕੇ ਇਤਿਹਾਸ ਦੇ ਪਿਤਾਮਾ, ਹਿਰੋਡੋਟਸ ਦੀਆਂ ਇਤਿਹਾਸਕ ਲਿਖਤਾਂ ਨੂੰ ਰੀਸਰਚਿਜ਼ (Reserches) ਆਖਿਆ ਜਾਣ ਦਾ ਰਿਵਾਜ ਸੀ। ਸਮੇਂ-ਸਥਾਨ ਵਿੱਚ ਵਾਪਰਨ ਵਾਲੀਆਂ ਵੱਡੀਆਂ ਵੱਡੀਆਂ ਘਟਨਾਵਾਂ ਨੂੰ ਵੀ ਇਤਿਹਾਸ ਆਖਿਆ ਜਾਂਦਾ ਹੈ ਅਤੇ ਉਨ੍ਹਾਂ ਘਟਨਾਵਾਂ ਦੇ ਲਿਖਤੀ ਰੂਪ ਨੂੰ ਵੀ ਇਤਿਹਾਸ ਦਾ ਨਾਂ ਦਿੱਤਾ ਜਾਂਦਾ ਹੈ। ਆਮ ਬੋਲ-ਚਾਲ ਵਿੱਚ ਇਸ ਸ਼ਬਦ, ਇਤਿਹਾਸ ਨੂੰ ਚਾਰ ਵੱਖ ਵੱਖ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਜਦੋਂ ਇਹ ਆਖਿਆ ਜਾਵੇ ਕਿ ਕਿਰਪਾ ਰਾਮ ਨੂੰ ਇਤਿਹਾਸ ਦੀ ਬਹੁਤ ਜਾਣਕਾਰੀ ਹੈ, ਉਦੋਂ ਇਤਿਹਾਸ ਦੇ ਅਰਥ ਹਨ 'ਵਿਸ਼ੇਸ਼ ਪ੍ਰਕਾਰ ਦਾ ਗਿਆਨ'। ਜਦੋਂ ਇਹ ਆਖੀਏ ਕਿ ਸਰਦਾਰ ਖ਼ੁਸ਼ਵੰਤ ਸਿੰਘ ਨੇ ਸਿੱਖਾਂ ਦਾ ਇਤਿਹਾਸ ਲਿਖਿਆ ਹੈ ਤਾਂ ਇਤਿਹਾਸ ਦਾ ਭਾਵ ਹੈ ਕਿ ਕਿਤਾਬ ਜਾਂ ਇੱਕ ਖ਼ਾਸ ਕਿਸਮ ਦਾ ਸਾਹਿਤ। ਜਦੋਂ ਇਹ ਆਖਿਆ ਜਾਂਦਾ ਹੈ ਕਿ ਇਸ ਪੁਸਤਕ ਵਿੱਚ ਰੋਮਨਾਂ ਦਾ ਇਤਿਹਾਸ ਅੰਕਤ ਕੀਤਾ ਗਿਆ ਹੈ ਉਦੋਂ ਇਤਿਹਾਸ ਦਾ ਮਾਅਨਾ ਹੈ ਰੋਮਨ ਰਾਜ ਦੇ ਵੇਲੇ ਦੀਆਂ ਮਹਾਨ

ਘਟਨਾਵਾਂ ਅਤੇ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਨੈਪੋਲੀਅਨ ਨੇ ਯੌਰਪ ਦਾ ਇਤਿਹਾਸ ਬਦਲ ਦਿੱਤਾ ਜਾਂ ਇਹ ਕਿ ਮਹਾਨ ਆਦਮੀ ਇਤਿਹਾਸ ਦੀ ਸਿਰਜਨਾ ਕਰਦੇ ਹਨ, ਉਦੋਂ ਇਤਿਹਾਸ ਤੋਂ ਸਾਡਾ ਮਤਲਬ ਹੁੰਦਾ ਹੈ 'ਜੀਵਨ ਢੰਗ'।

"ਜ਼ਰਾ ਸਾਹ ਲੈ ਲਵੋ, ਸੁਮੀਤ, ਤੁਸੀਂ ਤਾਂ ਇਕਸਾਹੇ ਬੋਲੀ ਜਾ ਰਹੇ ਹੋ।"

"ਗੱਲ ਜ਼ਰਾ ਲੰਮੀਂ ਹੈ, ਗਿੱਲਾ ਪੀਹਣ ਪਾਇਆਂ ਮੁੱਕਣੀ ਨਹੀਂ। ਹੈ ਵੀ ਰੁੱਖੀ ਜਿਹੀ; ਇਸ ਲਈ ਜ਼ਰਾ ਧੀਰਜ ਨਾਲ ਸੁਣੋ। ਪਹਿਲੋਂ ਦੋ ਅਰਥਾਂ (ਗਿਆਨ ਅਤੇ ਸਾਹਿਤ) ਵਿੱਚ ਇਤਿਹਾਸ ਦੋ ਪ੍ਰਕਾਰ ਦਾ ਹੈ: (1) ਪਰਕਿਰਤੀ ਦਾ ਇਤਿਹਾਸ ਅਤੇ (2) ਮਾਨਵ ਦਾ ਇਤਿਹਾਸ। ਮਾਨਵੀ ਇਤਿਹਾਸ ਦੀਆਂ ਦੋ ਪਰਮੁੱਖ ਵੰਡਾਂ ਹਨ: (1) ਧਾਰਮਕ ਅਤੇ (2) ਸਮਾਜਕ। ਸਮਾਜਕ ਜੀਵਨ ਦੇ ਅਨੇਕ ਅੰਗ ਹਨ, ਜਿਵੇਂ—ਪਰਿਵਾਰ, ਵਿੱਦਿਆ, ਵਪਾਰ, ਰਾਜ-ਪ੍ਰਬੰਧ, ਖੇਤੀ, ਯੁੱਧ, ਬੋਲੀ, ਕਲਾ, ਉਦਯੋਗ, ਚਕਿਤਸਾ, ਆਵਾਜਾਈ ਅਤੇ ਨਾ ਜਾਣੇ ਕਿੰਨੇ ਹੋਰ। ਇਨ੍ਹਾਂ ਸਾਰੇ ਅੰਗਾਂ ਦਾ ਆਪੋ-ਆਪਣਾ ਨਵੇਕਲਾ ਇਤਿਹਾਸ ਹੈ। ਮੰਨ ਲਓ ਅਸੀਂ ਕਲਾ ਦੇ ਇਤਿਹਾਸ ਦੀ ਗੱਲ ਕਰਨਾ ਚਾਹੁੰਦੇ ਹਾਂ। ਕਲਾ ਦੇ ਕਈ ਰੂਪ ਹਨ। ਨ੍ਰਿਤ ਵੀ ਕਲਾ ਹੈ ਅਤੇ ਸੰਗੀਤ ਵੀ ਕਲਾ ਹੈ; ਚਿੱਤ੍ਰਕਾਰੀ ਵੀ ਕਲਾ ਹੈ ਅਤੇ ਬੁੱਤ-ਤ੍ਰਾਸ਼ੀ ਵੀ। ਕਲਾ ਦੇ ਇਨ੍ਹਾਂ ਅਤੇ ਹੋਰ ਸਾਰੇ ਰੂਪਾਂ ਦਾ ਆਪੋ-ਆਪਣਾ ਇਤਿਹਾਸ ਹੈ, ਕਿੰਨਾ ਵੱਡਾ ਖਿਲਾਰਾ ਹੈ ਇਤਿਹਾਸ ਦਾ! ਇਹ ਇੱਕ ਵਿਸਮਾਦੀ ਵਿਸ਼ਾ ਹੈ।"

ਇਹ ਕਹਿ ਕੇ ਸੁਮੀਤ ਨੇ ਅੱਖਾਂ ਬੰਦ ਕਰ ਲਈਆਂ ਜਾਂ ਇਉਂ ਆਖਿਆ ਜਾ ਸਕਦਾ ਹੈ ਕਿ ਕਿਸੇ ਵਿਸਮਾਦ ਕਾਰਨ ਉਸ ਦੀਆਂ ਅੱਖਾਂ ਮੁੰਦ ਗਈਆਂ। ਲੱਗਪੱਗ ਦੋ ਮਿੰਟ ਉਹ ਅੱਖਾਂ ਮੀਟੀ ਖ਼ਾਮੋਸ਼ ਬੈਠਾ ਰਿਹਾ। ਉਸ ਦਾ ਚਿਹਰਾ ਸਮਾਧੀ ਸਥਿਤ ਯੋਗੀ ਵਾਂਗ ਸ਼ਾਂਤ ਸੀ। ਉਸ ਨੇ ਅੱਖਾਂ ਖੋਲ੍ਹੀਆਂ, ਗਹੁ ਨਾਲ ਮੇਰੇ ਵੱਲ ਵੇਖਿਆ ਅਤੇ ਇਉਂ ਕਾਹਲੀ ਨਾਲ ਉੱਠ ਖੜਾ ਹੋਇਆ ਜਿਵੇਂ ਕਿਸੇ ਜ਼ਰੂਰੀ ਕੰਮ ਦਾ ਚੇਤਾ ਆ ਗਿਆ ਹੋਵੇ।

ਮੈਂ ਪੁੱਛਿਆ, "ਕੀ ਗੱਲ ਹੈ, ਨੀਲੂ ਜੀ ਦੇ ਆਉਣ ਦਾ ਸਮਾਂ ਹੋ ਗਿਆ ?"

"ਖ਼ਿਆਲ ਹੀ ਨਹੀਂ ਆਇਆ; ਤੁਹਾਨੂੰ ਚਾਹ-ਪਾਣੀ ਵੀ ਨਹੀਂ ਪੁੱਛਿਆ ਜਾ ਸਕਿਆ।"

"ਤੁਸੀਂ ਬੈਠੋ। ਇਹ ਚਿੰਤਾ ਤੁਹਾਡੀ ਨਹੀਂ ਮੇਰੀ ਹੈ। ਮੈਂ ਖਾ ਪੀ ਕੇ ਆਈ ਹਾਂ। ਤੁਹਾਡੇ ਬਾਰੇ ਹੋਈ ਅਵੱਗਿਆ ਦਾ ਕਾਰਨ ਦੱਸਣ ਦੀ ਲੋੜ ਨਹੀਂ। ਅੱਜ ਦੀ ਹਰ ਭੁੱਲ ਅਤੇ ਹਰ ਭੁੱਲ ਦੀ ਸਜ਼ਾ ਨੂੰ ਮੈਂ ਸਰਸ੍ਵਤੀ ਦਾ ਵਰਦਾਨ ਸਮਝਦੀ ਹਾਂ। ਨਾਸ਼ਤਾ ਕਰੋਗੇ ਜਾਂ.....?"

ਮੇਰੀ ਗੱਲ ਟੋਕ ਕੇ ਉਸ ਨੇ ਕਿਹਾ, "ਦੋਹਾਂ ਦੀ ਹਾਲਤ ਇੱਕੋ ਜੇਹੀ ਹੈ। ਤੁਹਾਡੇ ਨੀਲੂ ਜੀ ਮੈਨੂੰ ਨਾਸ਼ਤਾ ਕਰਵਾ ਕੇ ਗਏ ਸਨ। ਗਰਮੀ ਬਹੁਤ ਹੈ, ਤੇਹ ਲੱਗ ਰਹੀ ਹੈ, ਠੰਢਾ ਪਾਣੀ ਲਿਆਉਂਦਾ ਹਾਂ।"

ਉਹ ਹੇਠਾਂ ਕਿਚਨ ਵੱਲ ਜਾਣ ਲਈ ਉੱਠ ਖਲੋਤਾ। ਕੁਰਸੀ ਤੋਂ ਉਠਦਿਆਂ ਮੈਂ ਆਖਿਆ, "ਦੋਵੇਂ ਥੱਲੇ ਜਾਂਦੇ ਹਾਂ। ਮੈਂ ਵੀ ਓਥੇ ਹੀ ਪੀ ਲਵਾਂਗੀ।" ਪੌੜੀਆਂ ਕੋਲ ਪੁੱਜ ਕੇ ਮੈਂ ਉਸ ਦਾ ਸੱਜਾ ਹੱਥ ਆਪ੍ਣੇ ਖੱਬੇ ਹੱਥ ਵਿੱਚ ਫੜ ਲਿਆ। ਉਸ ਨੇ ਮੇਰੇ ਵੱਲ ਵੇਖਿਆ। ਉਸ ਦੀ ਤੱਕਣੀ ਹੈਰਾਨੀ ਰਲੀ ਕੋਮਲਤਾ ਸੀ। ਕੋਮਲਤਾ ਉਸ ਦਾ ਆਪਣਾ ਸੁਭਾਅ ਹੈ ਅਤੇ ਹੈਰਾਨੀ ਦਾ ਕਾਰਨ ਮੇਰਾ ਸ੍ਵੈ-ਭਰੋਸਾ ਸੀ। ਪਾਣੀ ਪੀ ਕੇ ਮੁੜ ਉੱਪਰ ਨੂੰ ਆਉਂਦਿਆਂ ਉਸ ਨੇ ਮੇਰਾ ਹੱਥ ਫੜ ਲਿਆ। ਸਵੇਰੇ ਕਾਰ ਵਿੱਚ ਵੀ ਉਸ ਨੇ ਮੈਨੂੰ ਹੱਥ ਫੜ ਕੇ ਬਾਹਰ ਕੱਢਿਆ ਸੀ; ਪਰ ਹੁਣ ਵਾਲੀ ਛੂਹ ਸਵੇਰ ਵਾਲੀ ਨਾਲੋਂ ਵੱਖਰੀ ਸੀ। ਉਹ ਉਸ ਦੇ ਆਪਣੇ ਭਰੋਸੇ

ਦਾ ਅਚੇਤ ਪ੍ਰਗਟਾਵਾ ਸੀ। ਇਹ ਮੇਰੇ ਭਰੋਸੇ ਦੀ ਸੁਚੇਤ ਪ੍ਰਸ਼ੰਸਾ ਸੀ। ਅਸੀਂ ਮੁੜ ਉਨ੍ਹਾਂ ਹੀ ਕੁਰਸੀਆਂ ਉੱਤੇ ਆ ਬੈਠੇ। ਸੁਮੀਤ ਨੇ ਸ਼ੈਲਫ਼ਾਂ ਉੱਤੇ ਟਿਕੀਆਂ ਕਿਤਾਬਾਂ ਵੱਲ ਇਸ਼ਾਰਾ ਕਰ ਕੇ ਕਿਹਾ, "ਇਨ੍ਹਾਂ ਵਿੱਚ ਇਤਿਹਾਸ ਦੇ ਵਿਸਮਾਦੀ ਰੰਗ ਸਾਂਭੇ ਹੋਏ ਹਨ। ਇਹ ਮਨੁੱਖ ਦਾ ਦੁਰਭਾਗ ਹੈ, ਮਜਬੂਰੀ ਹੈ ਕਿ ਉਹ ਹੁਣ ਤਕ ਯੁੱਧਾਂ, ਪੀੜਾਂ, ਤਬਾਹੀਆਂ ਅਤੇ ਨਮੋਸ਼ੀਆਂ ਨੂੰ ਭਾਸ਼ਾ-ਬੱਧ ਕਰ ਕੇ ਸਮੁੱਚੇ ਇਤਿਹਾਸ ਦਾ ਸ੍ਰੇਸ਼ਟ ਅਤੇ ਅੱਤ ਮਹੱਤਵਪੂਰਣ ਹਿੱਸਾ ਮੰਨਦਾ ਆਇਆ ਹੈ। ਹੁਣ ਤਕ ਇਸ ਸ੍ਰਿਸ਼ਟੀ ਦਾ ਈਸ਼ਵਰ, ਈਸ਼ਵਰ ਦੇ ਸਾਰੇ ਅਵਤਾਰ ਅਤੇ ਪੈਗ਼ੰਬਰ ਅਤੇ ਲੱਗਪੱਗ ਸਾਰੇ ਦੇ ਸਾਰੇ ਦਾਰਸ਼ਨਿਕ ਇਸ ਭਰੋਸੇ ਵਿੱਚ ਵਿੱਚਰਦੇ ਆਏ ਹਨ ਕਿ ਮਨੁੱਖ ਮਰਨ-ਮਾਰਨ ਅਤੇ ਜਿੱਤਣ-ਹਾਰਨ ਤੋਂ ਵੱਖਰੀ ਕਿਸੇ ਖੇਡ ਦਾ ਖਿਡਾਰੀ ਨਹੀਂ ਬਣਨਾ। ਯੁੱਧ ਨੂੰ ਸਰਵੋਤਮ ਮਨੁੱਖੀ ਮਾਨਤਾ ਮੰਨਦੇ ਆਏ ਹਨ ਸਾਰੇ ਅਤੇ ਹਰ ਯੁਗ ਵਿੱਚ ਪਹਿਲੀ ਨਾਲੋਂ ਵੱਧ ਭਿਆਨਕ ਮਹਾਂਭਾਰਤ ਦਾ ਇਕਰਾਰ ਕਰਦੇ ਰਹੇ ਹਨ। ਯੁੱਧ ਦੇ ਭਰੋਸੇ ਨਾਲ ਭਰਪੂਰ ਅਤੇ ਚਾਅ ਨਾਲ ਚਾਂਭਲੇ ਅਵਤਾਰਾਂ, ਆਗੂਆਂ, ਦਾਰਸ਼ਨਿਕਾਂ, ਕਵੀਆਂ ਅਤੇ ਕਲਾਕਾਰਾਂ ਨੇ ਕੁਕਰਮਾਂ ਅਤੇ ਕਲੇਸ਼ਾਂ ਦੇ ਇਤਿਹਾਸ ਨੂੰ ਹੀ ਇਤਿਹਾਸ ਆਖਿਆ ਹੈ ਅਤੇ ਉਸੇ ਮਾਨਵੀ ਮੂਰਖ਼ਤਾ ਬਾਰੇ ਪਾਪਾ ਅਤੇ ਦੀਦੀ ਵਿੱਚ ਨਿੱਕੀ ਜਿਹੀ ਗੱਲ-ਬਾਤ ਹੋਈ ਹੈ। ਸਾਡੇ ਸੈਨਿਕ ਪਸ਼ੂਪੁਣੇ ਦਾ ਇਤਿਹਾਸ ਸਮੁੱਚੇ ਸਮਾਜਕ ਇਤਿਹਾਸ ਦਾ ਨਿੱਕਾ ਜਿਹਾ ਹਿੱਸਾ ਹੈ। ਪਰੰਤੂ, ਇਸ ਦੇ ਰੰਗ ਏਨੇ ਗੂਹੜੇ ਕਰ ਦਿੱਤੇ ਗਏ ਹਨ ਕਿ ਇਤਿਹਾਸਾਂ ਦੇ ਭਰੇ ਮੇਲੇ ਵਿੱਚ ਪਹਿਲੀ ਨਜ਼ਰ ਏਸੇ ਉੱਤੇ ਪੈਂਦੀ ਹੈ। ਦੀਦੀ ਨੇ ਵੀ ਏਸੇ ਵੱਲ ਵੇਖਿਆ ਹੈ। ਸ਼ੀਲਾ, ਕੇਵਲ, ਸੁਮੀਤ, ਸਾਧੂ ਰਾਮ ਅਤੇ ਦੇਵ ਨਾਲ ਵਾਪਰੀਆਂ ਘਟਨਾਵਾਂ ਵਿੱਚੋਂ ਉਪਜੀ ਨਿੱਜੀ ਮਾਨਸਿਕ ਪੀੜਾ ਦੀ ਪ੍ਰਤੀਕਿਰਿਆ ਦੇ ਰੂਪ ਵਿੱਚ ਦੀਦੀ ਦੀ ਨਜ਼ਰ ਇਸ ਉੱਤੇ ਟਿਕ ਗਈ ਹੈ, ਇਸ ਇਤਿਹਾਸ ਨਾਲ ਜੁੜ ਗਈ ਹੈ। ਪਾਪਾ ਕਹਿੰਦੇ ਹਨ ਇਸ ਨੂੰ ਪਰੇ ਹੋ ਕੇ, ਇਸ ਤੋਂ ਉੱਚੇ ਹੋ ਕੇ ਪੜ੍ਹਨਾ ਚਾਹੀਦਾ ਹੈ। ਜਿਹੜਾ ਦੁਖਦਾਈ ਇਤਿਹਾਸ, ਸਥਾਨ, ਕਰਕੇ ਸਾਡੇ ਤੋਂ ਪਰੇ ਨਾ ਹੋਵੇ ਉਸ ਨੂੰ ਸਮਾਂ ਸਾਡੇ ਤੋਂ ਪਰੇ ਕਰ ਦੇਵੇਗਾ। ਅਗਲੀ ਪੀੜ੍ਹੀ ਸਾਡੇ ਇਸ ਇਤਿਹਾਸ ਤੋਂ ਪਰੇ ਹੋਵੇਗੀ, ਉੱਚੀ ਥਾਂ ਤੋਂ ਇਸ ਵੱਲ ਵੇਖੇਗੀ ਅਤੇ (ਸ਼ਾਇਦ) ਏਹੋ ਜਿਹਾ ਨਵਾਂ ਇਤਿਹਾਸ ਆਪਣੇ ਨੇੜੇ, ਆਪਣੇ ਉਚੇਚੇ ਜਤਨ ਨਾਲ ਸਿਰਜ ਲਵੇਗੀ ਅਤੇ ਆਪਣੀ ਮੂਰਖ਼ਤਾ ਨੂੰ ਰੱਬੀ ਨੇਮ ਸਿੱਧ ਕਰਨ ਲਈ ਆਖੇਗੀ : 'ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਆ ਰਿਹਾ ਹੈ'।"

ਉਹ ਉਦਾਸ ਜਿਹਾ ਹੋ ਕੇ ਖ਼ਾਮੋਸ਼ ਹੋ ਗਿਆ। ਉਸ ਨੇ ਅੱਖਾਂ ਚੁੱਕ ਕੇ ਮੇਰੇ ਵੱਲ ਵੇਖਿਆ। ਮੈਂ ਵੀ ਉਸ ਵੱਲ ਵੇਖ ਰਹੀ ਸਾਂ। ਮੈਨੂੰ ਲੱਗਾ ਉਸ ਦੀਆਂ ਨਜ਼ਰਾਂ ਕਹਿ ਰਹੀਆਂ ਸਨ, 'ਆਪਣੇ ਨਾਲ ਵਾਪਰੇ ਇਤਿਹਾਸ ਤੋਂ ਅਭਿੱਜ ਰਹਿਣਾ ਮੁਸ਼ਕਲ ਹੈ'; ਪਰ, ਉਸ ਨੇ ਇਹ ਨਾ ਆਖਿਆ ਅਤੇ ਮੈਨੂੰ ਪੁੱਛਿਆ, "ਪੁਸ਼ਪੇਂਦ੍ਰ ਜੀ, ਤੁਸੀਂ ਮਨੁੱਖ ਦੇ ਪਰਿਵਾਰਕ, ਵਪਾਰਕ, ਵਿੱਦਿਅਕ, ਉਦਯੋਗਿਕ ਅਤੇ ਆਵਾਜਾਈ ਆਦਿਕ ਦੇ ਇਤਿਹਾਸ ਨੂੰ ਦੁਹਰਾਉਂਦੇ ਵੇਖਿਆ, ਸੁਣਿਆ ਜਾਂ ਪੜ੍ਹਿਆ ਹੈ ?"

ਮੈਂ ਚੁੱਪ ਰਹੀ। ਉਸ ਨੇ ਮੁਸਕਰਾ ਕੇ ਆਖਿਆ, "ਅਰੇ ਬਈ, ਕੁੱਛ ਤੋ ਕਹੀਏ ! ਲਓ, ਮੈਂ ਹੀ ਕਹਿੰਦਾ ਹਾਂ। ਜੇ ਤੀਸਰਾ ਸੰਸਾਰ-ਯੁੱਧ ਨਾ ਹੋਇਆ ਤਾਂ ਸਭਿਅ ਮਨੁੱਖ ਦਾ ਵਾਪਾਰ ਵਸਤੂਆਂ ਦੇ ਵਟਾਂਦਰੇ ਦਾ ਰੂਪ ਧਾਰਨ ਨਹੀਂ ਕਰੇਗਾ; ਨਾ ਹੀ ਰੇਲਗੱਡੀਆਂ, ਮੋਟਰਾਂ ਅਤੇ ਹਵਾਈ ਜਹਾਜ਼ਾਂ ਦੀ ਵਰਤੋਂ ਛੱਡ ਕੇ ਲੋਕ ਖੋਤਿਆਂ, ਖੱਚਰਾਂ ਅਤੇ ਊਠਾਂ ਉੱਤੇ ਸਫ਼ਰ ਕਰਨਾ ਸ਼ੁਰੂ ਕਰ ਦੇਣਗੇ। ਜੇ ਕਿਸੇ ਪਾਲ ਪਾਟ ਨੇ ਮਜਬੂਰ ਨਾ ਕੀਤਾ ਤਾਂ ਲੋਕ ਝੌਂਪੜੀਆਂ ਅਤੇ ਗੁਫ਼ਾਵਾਂ ਵਿੱਚ ਵੱਸਣਾ ਵੀ ਪਸੰਦ ਨਹੀਂ ਕਰਨਗੇ।....ਮੈਨੂੰ ਪਤਾ ਹੈ ਤੁਸੀਂ ਕੀ ਕਹਿਣ ਲੱਗੇ

ਹੋ। ਮਹਾਂ ਪਰਲੈ ਤੋਂ ਪਿੱਛੋਂ ਇਹ ਵਿਕਾਸ ਮੁੜ ਆਰੰਭ ਹੋਵੇਗਾ; ਇਤਿਹਾਸ ਆਪਣੇ ਆਪ ਨੂੰ ਦੁਹਰਾਵੇਗਾ। ਠੀਕ ਸਮਝਿਆ ਹੈ ਨਾ ਮੈਂ ?"

ਉੱਤਰ ਵਿੱਚ ਮੈਂ ਨਿੱਕਾ ਜਿਹਾ ਹਾਸਾ ਹੱਸਿਆ, ਉਸ ਨੇ ਆਪਣੀ ਗੱਲ ਜਾਰੀ ਰੱਖੀ, "ਤੀਜੇ ਸੰਸਾਰ ਯੁੱਧ ਤੋਂ ਮੇਰਾ ਭਾਵ ਮਹਾਂ ਪਰਲੈ ਹੀ ਹੈ। ਪਰ ਮੈਂ ਇਸ ਦਾ ਵਿਸ਼ਵਾਸੀ ਨਹੀਂ ਹਾਂ। ਮੈਂ ਮਨੁੱਖੀ ਪਸ਼ੂਪੁਣੇ ਦੀ ਸਦੀਵਤਾ ਦਾ ਵਿਸ਼ਵਾਸੀ ਨਹੀਂ ਹਾਂ। ਮਨੁੱਖ ਦੇ ਸਮਾਜਕ ਇਤਿਹਾਸ ਦੇ ਬਾਕੀ ਸਾਰੇ ਰੂਪ ਦਿਸ਼ਾਤਮਕ ਹਨ; ਇੱਕ ਸੇਧ ਵਿੱਚ ਬਦਲ ਅਤੇ ਵਿਕਸ ਰਹੇ ਹਨ। ਕੇਵਲ ਪਸ਼ੂਪੁਣੇ ਦਾ ਇਤਿਹਾਸ ਹੀ ਆਪਣੇ ਆਪ ਨੂੰ ਦੁਹਰਾਅ ਰਿਹਾ ਹੈ। ਇਸ ਦਾ ਭਾਵ ਇਹ ਹੈ ਕਿ ਮਨੁੱਖ ਵਿੱਚੋਂ ਪਸ਼ੂ ਅਜੇ ਮਰਿਆ ਨਹੀਂ ਜਾਂ ਮਨੁੱਖ ਨੇ ਆਪਣੇ ਵਿਚਲੇ ਪਸ਼ੂ ਨੂੰ ਅਜੇ ਵੱਸ ਵਿੱਚ ਨਹੀਂ ਕੀਤਾ—ਸਾਧਿਆ ਨਹੀਂ। ਪਰ ਹੁਣ ਇਸ ਨੂੰ ਸਾਧਣਾ ਜ਼ਰੂਰੀ ਹੋ ਗਿਆ ਹੈ, ਕਿਉਂਜੁ ਇਹ ਬਹੁਤ ਭਿਆਨਕ ਹੋ ਗਿਆ ਹੈ। ਹੁਣ ਇਸ ਦੇ ਪਸ਼ੂਪੁਣੇ ਨੂੰ ਇਸ ਦਾ ਬਚਪਨ ਨਹੀਂ ਆਖਿਆ ਜਾ ਸਕਦਾ। ਹੁਣ ਇਹ ਸ਼ੈਤਾਨੀ ਆਕਾਰ ਪਾਸਾਰ ਧਾਰਨ ਕਰ ਗਿਆ ਹੈ। ਹੁਣ ਇਸ ਦੀ ਵਕਾਲਤ ਕਰਨ ਵਾਲੇ ਆਦਰਸ਼ਾਂ ਦਾ ਮੂੰਹ ਬੰਦ ਕਰ ਦਿੱਤਾ ਜਾਵੇਗਾ। ਉਂਜ ਧਿਆਨ ਨਾਲ ਵੇਖੋ ਤਾਂ ਇਸ ਪਸ਼ੂਪੁਣੇ ਦਾ ਇਤਿਹਾਸ ਵੀ ਇੱਕ ਦਿਸ਼ਾ ਵਿੱਚ ਅੱਗੇ ਹੀ ਅੱਗੇ ਵਧਦਾ ਆਇਆ ਹੈ; ਦੁਹਰਾਇਆ ਨਹੀਂ ਗਿਆ; ਨੇਜ਼ਿਆਂ-ਬਰਛਿਆਂ ਨਾਲ ਲੜਦਾ ਮਰਦਾ, ਮਾਰਦਾ ਮਨੁੱਖ ਹੁਣ ਮਿਜ਼ਾਇਲਾਂ ਅਤੇ ਹਾਈਡ੍ਰੋਜਨ ਬੰਬਾਂ ਤਕ ਆ ਗਿਆ ਹੈ। ਇਹ ਮੁੜ ਨੇਜ਼ੇ ਬਰਛੇ ਫੜ ਲਵੇਗਾ—ਇਹ ਕਿਆਸਿਆ ਨਹੀਂ ਜਾ ਸਕਦਾ। ਉਂਜ ਇਹ ਕੋਸ਼ਿਸ਼ ਹੋ ਰਹੀ ਹੈ ਕਿ ਇਹ ਰਾਕਟਾਂ ਤੋਂ ਪਿੱਛੇ ਮੁੜ ਕੇ ਨੇਜ਼ਿਆਂ ਬਰਛਿਆਂ ਉੱਤੇ ਆ ਜਾਵੇ ਅਤੇ ਪਸ਼ੂਪੁਣੇ ਦਾ ਇਤਿਹਾਸ ਆਪਣੇ ਆਪ ਨੂੰ ਦੁਹਰਾਉਣ ਦੀ 'ਦਾਨਾਈ' ਕਰੇ।"

"ਨਿੱਕਾ ਜਿਹਾ ਇੱਕ ਪ੍ਰਸ਼ਨ ਪੁੱਛਣਾ ਚਾਹੁੰਦੀ ਹਾਂ; ਥੱਕ ਤੁਸੀਂ ਜ਼ਰੂਰ ਗਏ ਹੋ। ਪਰ....।"

"ਛੇਤੀ ਪੁੱਛੋ; ਰੋਟੀ ਦਾ ਵੇਲਾ ਹੁੰਦਾ ਜਾ ਰਿਹਾ ਹੈ।"

"ਇਤਿਹਾਸ ਨੂੰ (ਵਿਸ਼ੇਸ਼ ਕਰ ਕੇ 'ਪਸ਼ੂਪੁਣੇ ਦੇ ਇਤਿਹਾਸ ਨੂੰ') ਇਸ ਤੋਂ ਜ਼ਰਾ ਕੁ ਪਰੇ ਹੋ ਕੇ ਪੜ੍ਹਨ ਲਈ ਕੀ ਕੀਤਾ ਜਾ ਸਕਦਾ ਹੈ ?"

"ਇਸ ਗੱਲ ਦਾ ਚੋਖਾ ਵਿਸਥਾਰ ਹੋ ਚੁੱਕਾ ਹੈ ਕਿ ਇਸ ਵਿਸ਼ਵਾਸ ਤੋਂ ਪਿੱਛਾ ਛੁਡਾ ਲਿਆ ਜਾਣਾ ਚਾਹੀਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਦੂਸਰਾ ਕੰਮ ਇਹ ਕਰਨਾ ਚਾਹੀਦਾ ਹੈ ਕਿ ਕਿਸੇ ਇਤਿਹਾਸ ਨੂੰ ਘੜੇ ਘੜਾਏ, ਪਹਿਲਾਂ ਮਿਥੇ ਆਦਰਸ਼ਾਂ ਦੀ ਪ੍ਰਾਪਤੀ ਲਈ ਵਾਪਰਦਾ ਨਹੀਂ ਮੰਨਿਆ ਜਾਣਾ ਚਾਹੀਦਾ। ਪਹਿਲਾਂ ਵਾਪਰ ਚੁਕੇ ਇਤਿਹਾਸ ਵਿੱਚੋਂ ਵਿਦਵਾਨਾਂ ਨੇ ਆਪਣੇ ਮਨ-ਚਾਹੇ ਅਰਥ ਕੱਢੇ ਹਨ ਅਤੇ ਭਵਿੱਖ ਦੇ ਇਤਿਹਾਸ ਦੇ ਸਨਮੁੱਖ ਆਪਣੇ ਕਲਪਿਤ ਆਦਰਸ਼ ਰੱਖੇ ਹਨ। ਇਸ ਕੰਮ ਵਿੱਚ ਹੀਗਲ ਅਤੇ ਮਾਰਕਸ ਹੋਰ ਸਾਰਿਆਂ ਨਾਲੋਂ ਅਗੇਰੇ ਹਨ। ਹੀਗਲ ਸਿੱਧ ਕਰਦਾ ਸੀ ਕਿ ਸਾਰਾ ਇਤਿਹਾਸ ਜਰਮਨ ਕੌਮ ਦੀ ਸਰਦਾਰੀ ਸਥਾਪਤ ਕਰਨ ਲਈ ਹੋਂਦ ਵਿੱਚ ਆਇਆ ਹੈ। ਮਾਰਕਸ ਦਾ ਖ਼ਿਆਲ ਸੀ ਕਿ ਸਾਰਾ ਵਿਕਾਸ ਪ੍ਰੋਲੇਤੇਰੀਅਤ ਦੀ ਡਿਕਟੇਟਰਸ਼ਿਪ ਰਾਹੀਂ ਬੇ-ਜਮਾਤ ਭਾਈਚਾਰੇ ਵੱਲ ਵਧ ਰਿਹਾ ਹੈ। ਇਉਂ ਮੰਨਣ ਵਾਲੇ ਮਨੁੱਖ ਇਤਿਹਾਸ ਤੋਂ ਉੱਚੇ ਨਹੀਂ ਹੋ ਸਕਦੇ, ਇਤਿਹਾਸ ਦੇ ਇਸ਼ਾਰੇ ਉੱਤੇ ਨੱਚਣ ਵਾਲੀ ਕਠਪੁਤਲੀ ਬਣ ਜਾਂਦੇ ਹਨ। ਕਠਪੁਤਲੀਆਂ ਦੀ ਸਹਾਇਤਾ ਨਾਲ ਹੀ ਮਨੁੱਖੀ ਪਸ਼ੂਪੁਣਾ ਦੁਹਰਾਇਆ ਜਾਂਦਾ ਰਿਹਾ ਹੈ। ਤੀਜੀ ਗੱਲ ਇਹ ਕਿ ਇਹ ਮੰਨਣਾ ਹਾਨੀਕਾਰਕ ਹੈ ਕਿ ਮਹਾਨ ਮਨੁੱਖ ਇਤਿਹਾਸ ਦੀ ਸਿਰਜਨਾ ਕਰਦੇ ਹਨ। ਟਾਲਸਟਾਏ ਦਾ ਵਿਚਾਰ ਹੈ ਕਿ 'ਜਦੋਂ ਘਾਹ ਅਤੇ ਪਾਣੀ ਦੀ ਭਾਲ ਵਿੱਚ ਪਸ਼ੂਆਂ ਨੇ ਜੰਗਲੋ ਜੰਗਲ ਜਾਣਾ ਹੁੰਦਾ ਹੈ, ਉਦੋਂ ਕਿਸੇ ਨਾ ਕਿਸੇ ਦਾ ਅੱਗੇ ਹੋਣਾ ਜ਼ਰੂਰੀ ਹੁੰਦਾ ਹੈ। ਇਵੇਂ ਹੀ ਪਾਲੀ ਦੁਆਰਾ ਹਿੱਕੇ ਜਾ ਰਹੇ ਡੰਗਰਾਂ ਵਿੱਚ ਵੀ ਕੁਝ ਇੱਕ ਅੱਗੇ ਹੋਣੇ

ਲਾਜ਼ਮੀ ਹਨ। ਅੱਗੇ ਤੁਰੇ ਜਾ ਰਹੇ ਡੰਗਰ ਬਾਰੇ ਇਹ ਸੋਚਣਾ ਕਿ ਉਹ ਚੇਤਨ ਜਤਨ ਅਤੇ ਸੂਝ ਬੂਝ ਅਨੁਸਾਰ ਬਾਕੀਆਂ ਨੂੰ ਨਿਸਚਿਤ ਦਿਸ਼ਾ ਵੱਲ ਲੈ ਜਾ ਰਿਹਾ ਹੈ, ਨਿਰੋਲ ਅਣਜਾਣਪੁਣਾ ਹੈ। ਮਨੁੱਖਾਂ ਲਈ ਆਦਰਸ਼ ਉਵੇਂ ਹੀ ਹਨ ਜਿਵੇਂ ਕੀੜੀਆਂ ਲਈ ਦਾਣੇ। ਉਹ ਕੀੜਾ ਜਾਂ ਪਸ਼ੂ ਜੋ ਸਾਰਿਆਂ ਦੇ ਅੱਗੇ ਹੈ, ਇਸ ਲਈ ਅੱਗੇ ਨਹੀਂ ਕਿ ਉਹ 'ਲੀਡਰ' ਹੈ, ਉਹ ਇਸ ਲਈ ਲੀਡਰ ਆਖਿਆ ਜਾਂਦਾ ਹੈ ਕਿ ਉਹ 'ਅੱਗੇ' ਹੈ'।"

"ਟਾਲਸਟਾਏ ਦੀ ਗੱਲ ਸਾਧਾਰਣ ਆਦਮੀ ਦੇ ਮੰਨਣ ਵਿੱਚ ਨਹੀਂ ਆਵੇਗੀ, ਸੁਮੀਤ।"

"ਬਿਲਕੁਲ ਨਹੀਂ ਆਵੇਗੀ। ਸਦੀਆਂ ਦੀ ਸੋਚ ਦਾ ਮੂੰਹ ਮੋੜਨਾ ਸੌਖਾ ਕੰਮ ਨਹੀਂ। ਪੁਰਾਤਨ ਅਤੇ ਮੱਧਕਾਲ ਸਾਧਾਰਣ ਆਦਮੀ ਦਾ ਯੁਗ ਨਹੀਂ ਸੀ। ਉਹ ਪੁਰਸ਼ ਵਿਸ਼ੇਸ਼ ਦਾ ਯੁਗ ਸੀ। ਹੁਣ ਹਾਲਤ ਹੋਰ ਹੁੰਦੀ ਜਾਵੇਗੀ। ਉਨ੍ਹਾਂ ਸਮਿਆਂ ਵਿੱਚ ਸਿਆਸੀ, ਸੈਨਿਕ ਅਤੇ ਰੂਹਾਨੀ ਨੇਤਾ ਰੱਬੋਂ ਆਏ ਮੰਨੇ ਜਾਂਦੇ ਸਨ। ਸਿਖਲਾਈ ਅਤੇ ਪਰਮੋਸ਼ਨ ਕਿਸੇ ਨੂੰ ਵੀ ਜਰਨੈਲ ਬਣਾ ਸਕਦੀ ਹੈ, ਕਿਸੇ ਵੀ ਢੰਗ ਨਾਲ ਪ੍ਰਾਪਤ ਕੀਤਾ ਹੋਇਆ ਲੋਕ-ਮੱਤ ਕਿਸੇ ਵੀ ਵਿਅਕਤੀ ਨੂੰ ਦੇਸ਼ ਦੀ ਰਾਜ-ਗੱਦੀ ਦਾ ਹੱਕਦਾਰ ਬਣਾ ਸਕਦਾ ਹੈ ਅਤੇ ਦਵਾਈਆਂ ਦੀ ਸਹਾਇਤਾ ਨਾਲ ਕਿਸੇ ਵਿੱਚ ਵੀ ਰੂਹਾਨੀਅਤ ਜਾਂ ਸਮਾਧੀ ਦੀ ਅਵਸਥਾ ਪੈਦਾ ਕੀਤੀ ਜਾ ਸਕਦੀ ਹੈ। ਸੈਨਿਕ, ਸਿਆਸੀ ਅਤੇ ਧਾਰਮਕ ਨੇਤਾ ਹੀ ਹੁਣ ਤਕ ਪੂਜ ਮੰਨੇ ਜਾਂਦੇ ਰਹੇ ਹਨ। ਸੰਸਾਰ ਦੀ ਸਾਰੀ ਸੋਚ ਸਦੀਆਂ ਤੋਂ ਇਨ੍ਹਾਂ ਦੀ ਸਰਦਾਰੀ ਨੂੰ ਸਹਾਰਾ ਦਿੰਦੀ ਆ ਰਹੀ ਹੈ, ਇਨ੍ਹਾਂ ਦੀ ਸੇਵਾ ਵਿੱਚ ਸਿਰ ਝੁਕਾਈ ਖਲੋਤੀ ਰਹੀ ਹੈ। ਇਨ੍ਹਾਂ ਦੇ ਇਤਿਹਾਸ ਨੂੰ ਹੀ ਇਤਿਹਾਸ ਆਖਿਆ ਜਾਂਦਾ ਰਿਹਾ ਹੈ। ਪੁਰਾਤਨਕਾਲ ਅਤੇ ਮੱਧਕਾਲ ਦੀ ਸੋਚ ਨੂੰ ਇਹ ਭਰੋਸਾ ਹੋ ਗਿਆ ਸੀ ਕਿ ਜੀਵਨ—ਸਿਆਸਤ, ਸੈਨਾ ਅਤੇ ਧਰਮ ਨੂੰ ਆਪਣਾ ਕੇਂਦਰ ਮੰਨਦਾ ਹੋਇਆ, ਸਦਾ ਹੀ ਇਨ੍ਹਾਂ ਦੀ ਪਰਕਰਮਾ ਕਰਦਾ ਹੋਇਆ ਚੱਕਰ ਕੱਟਦਾ ਰਹੇਗਾ। ਉਹ ਸਮੁੱਚੇ ਇਤਿਹਾਸਕ ਵਿਕਾਸ ਨੂੰ ਏਸੇ ਦ੍ਰਿਸ਼ਟੀਕੋਣ ਤੋਂ ਵੇਖਦੀ ਰਹੀ ਹੈ। ਸਨੇਹਾ ਦੀਦੀ ਨੂੰ ਏਹੋ ਇਤਰਾਜ਼ ਹੈ ਦੁਨੀਆ ਦੇ ਦਾਰਸ਼ਨਿਕਾਂ ਉੱਤੇ। ਹੁਣ ਜੀਵਨ ਦੀਆਂ ਉਨ੍ਹਾਂ ਰੁਚੀਆਂ ਦਾ ਇਤਿਹਾਸ ਵੀ ਮਨੁੱਖ ਲਈ ਸਤਿਕਾਰਯੋਗ ਬਣਦਾ ਜਾ ਰਿਹਾ ਹੈ ਜਿਹੜੀਆਂ ਜੀਵਨ ਨੂੰ ਪਾਪ-ਪੁੰਨ ਅਤੇ ਦੁਖ ਸੁਖ ਦੇ ਪਲਾਣੇ ਦਾ ਪਸ਼ੂ ਨਹੀਂ ਮੰਨਦੀਆਂ, ਸਗੋਂ ਇਸ ਨੂੰ ਮਨੁੱਖਤਾ ਦੀ ਮੰਜ਼ਿਲ ਦਾ ਮੁਸਾਫ਼ਿਰ ਮੰਨਦਿਆਂ ਹੋਇਆਂ, ਇਸ ਨਾਲ ਮਿਲ ਕੇ ਅਨੰਤ ਸੁੰਦਰਤਾ ਦੀ ਸੇਧੇ ਤੁਰਨ ਲਈ ਤਿਆਰ ਹਨ।"

ਆਪਣੀ ਗੱਲ ਖ਼ਤਮ ਕਰ ਕੇ ਸੁਮੀਤ ਖਿੜਕੀ ਕੋਲ ਜਾ ਖਲੋਤਾ ਅਤੇ ਦੂਰ ਦਿਸਹੱਦੇ ਵੱਲ ਵੇਖਣ ਲੱਗ ਪਿਆ। ਮੈਂ ਆਪਣੇ ਥਾਂ ਬੈਠੀ ਰਹੀ। ਖਿੜਕੀਓਂ ਬਾਹਰ ਦੇਖਦਿਆਂ ਹੋਇਆਂ, ਉਸ ਨੇ ਆਖਿਆ, "ਆਉਣ ਵਾਲੇ ਅਨੰਦ ਦੀ ਉਡੀਕ ਵਿੱਚ ਹੁਣ ਵਾਲੀ ਖ਼ੁਸ਼ੀ ਵੱਲੋਂ ਬੇ-ਖ਼ਬਰ ਹੋਣ ਵਿੱਚ ਸਿਆਣਪ ਨਹੀਂ। ਨਕਦ ਦੇ ਨੌਂ, ਉਧਾਰ ਦੇ ਤੇਰ੍ਹਾਂ ਨਾਲੋਂ ਬਹੁਤੇ ਮੰਨੇ ਜਾਂਦੇ ਹਨ।"

"ਠੀਕ ਹੈ, ਪਰ ਮੈਂ ਤੁਹਾਡਾ ਮਤਲਬ ਨਹੀਂ ਸਮਝੀ।"

"ਅਰੇ ਬਈ, ਰੋਟੀ ਦਾ ਵੇਲਾ ਹੋ ਗਿਆ ਹੈ, ਰਸੋਈ ਸਾਡੀ ਸਾਂਝੀ ਮੰਜ਼ਿਲ ਹੋਣੀ ਚਾਹੀਦੀ ਹੈ।"

ਸਨੇਹਾ, ਅਸੀਂ ਕਿਚਨ ਵਿੱਚ ਆ ਕੇ ਰੋਟੀ ਦੇ ਆਹਰ ਵਿੱਚ ਲੱਗ ਗਏ। ਕੰਮ ਕਰਦਿਆਂ ਕਰਦਿਆਂ ਮੈਂ ਕਈ ਵੇਰ ਉਸ ਵੱਲ ਵੇਖਿਆ। ਹਰ ਵੇਰ ਕਿਸੇ ਵਿਸਮਾਦ ਦਾ ਅਨੁਭਵ ਹੋਇਆ, ਕਿਸੇ ਨਵੇਂ ਕਰਮ-ਸੌਂਦ੍ਰਯ ਦੀ ਪਰਤੀਤੀ ਹੋਈ, ਕਿਸੇ ਬੁਲੰਦੀ ਵੱਲ ਵੇਖਦੀ ਹੋਣ ਦਾ ਅਹਿਸਾਸ ਹੋਇਆ ਅਤੇ ਉਹ ਅਭਿੱਜ, ਨਿਰਾਲਮ, ਕਮਲ, ਰਸੋਈ ਦੇ ਕੰਮ ਵਿੱਚ ਮੇਰੀ ਸਹਾਇਤਾ ਕਰ ਰਿਹਾ ਸੀ।

ਪੁਸ਼ਪੇਂਦ੍ਰ।

# 27

ਈਸਟ ਹੈਮ,
30.5.96.

ਪ੍ਰਸ਼ਪੇਂਦ੍ਰ,

ਤੇਰਾ ਪੱਤ੍ਰ ਪੜ੍ਹ ਕੇ ਮਨ ਦੁਖੀ ਹੋਇਆ ਸੀ। ਉਹੋ ਦੁੱਖ ਪਾਪਾ ਨਾਲ ਗੱਲ ਕਰਦਿਆਂ ਵੀ ਪ੍ਰਗਟ ਹੋਇਆ। ਸ਼ਾਇਦ ਏਹੋ ਕਾਰਨ ਸੀ ਕਿ ਮੇਰੇ ਪਿਛਲੇ ਪੱਤਰ ਵਿੱਚ ਲਿਖੀਆਂ ਗੱਲਾਂ ਕੁਝ ਅਸਪਸ਼ਟ ਰਹਿ ਗਈਆਂ। ਪਰ ਇੱਕ ਤਰ੍ਹਾਂ ਨਾਲ ਚੰਗਾ ਹੀ ਹੋਇਆ। ਇਨ੍ਹਾਂ ਗੱਲਾਂ ਦੇ ਸਪਸ਼ਟੀਕਰਣ ਲਈ ਤੂੰ ਸੁਮੀਤ ਦਾ ਸਹਾਰਾ ਲਿਆ ਅਤੇ ਇਸ ਬਹਾਨੇ ਉਸ ਦੀ ਪ੍ਰਤਿਭਾ ਦਾ ਇੱਕ ਨਵਾਂ ਪਾਸਾ ਸਾਹਮਣੇ ਆਇਆ।

ਸਮਾਂ ਬੀਤਣ ਨਾਲ ਦੁਖਦਾਈ ਘਟਨਾਵਾਂ ਦੀ ਜਾਣਕਾਰੀ ਵਿੱਚੋਂ ਉਪਜਿਆ ਹੋਇਆ ਮਾਨਸਿਕ ਸੰਤਾਪ ਭਾਵੇਂ ਘੱਟ ਗਿਆ ਸੀ; ਪਰ ਦੇਵ ਜੀ ਨੂੰ ਮਿਲਨ ਦੀ ਇੱਛਾ-ਉਤਸੁਕਤਾ ਵਧਦੀ ਹੀ ਗਈ। ਪਿਛਲੇ ਐਤਵਾਰ ਪਾਪਾ ਨੇ ਆਪਣੇ ਮਿੱਤਰਾਂ ਨਾਲ ਬ੍ਰਾਈਟਨ ਜਾਣਾ ਸੀ। ਢੋਅ ਅਜੇਹਾ ਬਣਿਆ ਕਿ ਨੀਰਜ ਦਾ ਵੀ ਦਿਨ ਆਫ਼ ਸੀ। ਦੇਵ ਜੀ ਤਾਂ ਲੱਗਪੱਗ ਹਰ ਸਨਿੱਚਰ, ਐਤਵਾਰ ਵੇਹਲੇ ਹੁੰਦੇ ਹਨ ਜੇ ਕੋਈ ਐਮਰਜੈਂਸੀ ਨਾ ਆ ਪਵੇ। ਪਿਛਲੇ ਐਤਵਾਰ ਉਨ੍ਹਾਂ ਨੇ ਵੀ ਕਿਸੇ ਮੇਜਰ ਆਪ੍ਰੇਸ਼ਨ ਦੀ ਨਿਗਰਾਨੀ ਜਾਂ ਸਰਜਨਾਂ ਦੀ ਸਹਾਇਤਾ ਕਰਨ ਨਹੀਂ ਸੀ ਜਾਣਾ। ਮੌਕੇ ਦਾ ਲਾਭ ਲੈ ਕੇ ਮੈਂ ਅਤੇ ਨੀਰਜ ਨੇ ਉਨ੍ਹਾਂ ਨੂੰ ਮਿਲਨ ਦਾ ਮਨ ਬਣਾ ਲਿਆ।

ਨੀਰਜ ਨੇ ਸਾਰਾ ਪਤਾ ਕਰ ਲਿਆ ਸੀ; ਇਸ ਕਰਕੇ ਸਾਨੂੰ ਉਨ੍ਹਾਂ ਦੇ ਘਰ ਹੋਣ ਦਾ ਭਰੋਸਾ ਸੀ। ਉਹ ਘਰ ਹੀ ਹੋਣਗੇ ਇਸ ਗੱਲ ਦਾ ਭਰੋਸਾ ਸੀ, ਇਸ ਲਈ ਅਸਾਂ ਨਾ ਤਾਂ ਉਨ੍ਹਾਂ ਨਾਲ ਕੋਈ ਅਪੁਆਇੰਟਮੈਂਟ ਬਣਾਈ ਅਤੇ ਨਾ ਹੀ ਫ਼ੋਨ ਕਰ ਕੇ ਉਨ੍ਹਾਂ ਨੂੰ ਆਪਣੇ ਆਉਣ ਦੀ ਸੂਚਨਾ ਦਿੱਤੀ, ਬੱਸ ਗਿਆਰਾਂ ਕੁ ਵਜੇ ਉਨ੍ਹਾਂ ਦੇ ਦਰਵਾਜ਼ੇ ਦੀ ਘੰਟੀ ਖੜਕਾਅ ਦਿੱਤੀ। ਦੇਵ ਜੀ ਨੇ ਦਰਵਾਜ਼ਾ ਖੋਲ੍ਹਿਆ। ਅਸਾਂ ਦੋਹਾਂ ਨੇ ਸਿਰ ਝੁਕਾਅ ਕੇ ਨਮਸਕਾਰ ਕੀਤੀ। ਉਨ੍ਹਾਂ ਨੇ ਇੱਕ ਹੱਥ ਨੀਰਜ ਦੇ ਅਤੇ ਦੂਜਾ ਮੇਰੇ ਸਿਰ ਉੱਤੇ ਰੱਖ ਕੇ ਆਖਿਆ, "ਵੁਹ ਆਏ ਘਰ ਹਮਾਰੇ.....।"

ਅਸੀਂ ਡ੍ਰਾਇੰਗ-ਰੂਮ ਵਿੱਚ ਜਾ ਬੈਠੇ। ਉਨ੍ਹਾਂ ਨੇ ਪੁੱਛਿਆ, "ਕੁਝ ਖਾਓ ਪੀਓਗੇ ?" ਉੱਤਰ ਵਿੱਚ ਨੀਰਜ ਨੇ ਕਿਹਾ, "ਨਹੀਂ, ਇਸ ਵਕਤ ਕੋਈ ਲੋੜ ਨਹੀਂ।"

"ਪਾਪਾ ਅਤੇ ਮਾਤਾ ਜੀ ਕਿਉਂ ਨਹੀਂ ਆਏ ?"

"ਉਹ ਡੇ ਆਊਟ ਲਈ ਬ੍ਰਾਈਟਨ ਗਏ ਹਨ।"

"ਹੁਣ ਇਹ ਦੱਸੋ ਕਿਵੇਂ ਆਉਣਾ ਹੋਇਆ ?"

"ਮੈਂ.....ਮੈਂ ਨਹੀਂ, ਦੀਦੀ ਤੁਹਾਡਾ ਘਰ ਵੇਖਣਾ ਚਾਹੁੰਦੀ ਸੀ।"

"ਵੈੱਲਕਮ.....ਪਰ ਨਿਰਾਸ਼ਾ ਹੋਵੇਗੀ। ਬਹੁਤਾ ਕੁਝ ਵੇਖਣ ਵਾਲਾ ਹੈ ਨਹੀਂ ਘਰ ਵਿੱਚ।"

"ਵੀਰ ਜੀ, ਨੀਰਜ.....ਠੀਕ ਨਹੀਂ ਕਹਿ ਰਹੀ। ਉਹ.....ਅਸੀਂ.....ਘਰ ਵੇਖਣ ਨਹੀਂ, ਤੁਹਾਨੂੰ ਵੇਖਣ.....ਮਿਲਨ ਆਏ ਹਾਂ।"

"ਸਨੇਹਾ, ਨੀਰਜ ਤਾਂ ਰੋਜ਼ ਮਿਲਦੀ ਹੈ। ਅੱਜ ਸ਼ਾਇਦ ਤੁਸੀਂ ਹੀ ਮਿਲਨ ਆਏ ਹੋ ਮੈਨੂੰ। ਇਸ ਦੀ 'ਕਿਉਂ' ਦਾ ਵੀ ਮੈਨੂੰ ਪਤਾ ਹੈ। ਜਾਂ ਇਹ ਕਹਿ ਲਵੋ ਕਿ ਪਤਾ ਦੇ ਦਿੱਤਾ ਗਿਆ ਹੈ। ਤੁਹਾਡੇ ਪਾਪਾ ਹਰ ਪਲ ਮੇਰਾ ਖ਼ਿਆਲ ਰੱਖਦੇ ਹਨ। ਅਚਾਨਕ ਕਿਸੇ ਸਿਚੂਏਸ਼ਨ ਵਿੱਚ ਪੈ ਕੇ ਮੈਂ ਅਪਸੈੱਟ ਨਾ ਹੋ ਜਾਵਾਂ, ਇਸ ਦੀ ਉਨ੍ਹਾਂ ਨੂੰ ਚਿੰਤਾ ਰਹਿੰਦੀ ਹੈ। ਤੁਹਾਡੇ ਆਉਣ ਬਾਰੇ ਉਨ੍ਹਾਂ ਨੇ ਮੈਨੂੰ ਸਾਵਧਾਨ ਕਰ ਦਿੱਤਾ ਸੀ। ਇਸ ਪੱਖੋਂ ਬਹੁਤੀ ਚਿੰਤਾ ਉਨ੍ਹਾਂ ਨੂੰ ਨਹੀਂ ਕਰਨੀ ਚਾਹੀਦੀ; ਪਰ ਉਹ ਆਪਣੀ ਮਰਜ਼ੀ ਦੇ ਮਾਲਕ ਹਨ।"

"ਵੀਰ ਜੀ, ਹੁਣ ਜਦੋਂ ਸਾਰੀ ਗੱਲ ਦਾ ਸਾਨੂੰ ਸਾਰਿਆਂ ਨੂੰ ਪਤਾ ਹੈ ਤਾਂ ਖੁੱਲ੍ਹ ਕੇ ਗੱਲ ਕਰਨ ਵਿੱਚ ਕੋਈ ਹਰਜ ਨਹੀਂ। ਅਸੀਂ ਦੋਵੇਂ ਇਹ ਸਮਝਦੀਆਂ ਸਾਂ ਕਿ ਇਹ ਸਭ ਕੁਝ ਜਾਣ ਲੈਣ ਪਿੱਛੋਂ ਤੁਹਾਡੇ ਸਾਹਮਣੇ ਹੋਣਾ ਇੱਕ ਕਠਨ ਜਿਹਾ, ਭਿਆਨਕ ਜਿਹਾ ਅਨੁਭਵ ਹੋਵੇਗਾ। ਜਿਨ੍ਹਾਂ ਨੂੰ ਤੁਹਾਡੇ ਬਾਰੇ ਇਹ ਸਭ ਜਾਣਕਾਰੀ ਹੈ ਉਨ੍ਹਾਂ ਦੇ ਸਨਮੁਖ ਹੋਣਾ ਤੁਹਾਡੇ ਲਈ ਦੁਖਦਾਈ ਹੋਵੇਗਾ। ਨੀਰਜ ਤਾਂ ਤੁਹਾਨੂੰ ਇਸ ਤੋਂ ਪਹਿਲਾਂ ਵੀ ਮਿਲਦੀ ਰਹੀ ਹੈ। ਮੈਂ ਅੱਜ ਤੁਹਾਡੇ ਸਾਹਮਣੇ ਆਈ ਹਾਂ। ਵੇਖ ਰਹੀ ਹਾਂ ਕਿ ਜੋ ਸੋਚਿਆ ਸੀ ਅਜੇਹਾ ਕੁਝ ਨਹੀਂ ਹੋਇਆ। ਇਸ ਦਾ ਕਾਰਨ ਦੱਸ ਸਕਦੇ ਹੋ ?"

"ਯਾਅਨੀ ਮੈਂ ਤੁਹਾਨੂੰ ਦੱਸਾਂ ਕਿ ਮੈਂ ਆਪਣੇ ਪਾਪਾਂ ਦੇ ਭਾਰ ਹੇਠ ਦੱਬਿਆ ਹੋਇਆ ਕਿਉਂ ਨਹੀਂ ਹਾਂ, ਆਪਣੇ ਆਪ ਤੋਂ ਸ਼ਰਮਸਾਰ ਅਤੇ ਜ਼ਿੰਦਗੀ ਤੋਂ ਅਵਾਜ਼ਾਰ ਕਿਉਂ ਨਹੀਂ ਹਾਂ।"

"ਮੈਂ ਆਪਣੀ ਭਾਵਨਾ ਦੀ ਕਠੋਰਤਾ ਲਈ ਸ਼ਰਮਸਾਰ ਹਾਂ; ਪਰੰਤੂ, ਆਪਣਾ ਪ੍ਰਸ਼ਨ ਪੁੱਛਣ ਲਈ ਮਜਬੂਰ ਹਾਂ, ਕਿਉਂਕਿ ਮੈਂ ਨਹੀਂ ਚਾਹੁੰਦੀ ਕਿ ਮੇਰੇ ਮਨ ਵਿੱਚ ਤੁਹਾਡੇ ਪ੍ਰਤੀ ਪ੍ਰਸ਼ਨ ਉਪਜਦੇ ਰਹਿਣ ਅਤੇ ਅਣ-ਜੁਆਬੇ ਪਏ ਰਹਿਣ। ਮੈਂ ਆਪਣੇ ਮਨ ਵਿਚਲੀ ਸਾਰੀ ਥਾਂ ਤੁਹਾਡੇ ਸਤਿਕਾਰ ਲਈ ਖ਼ਾਲੀ ਰੱਖਣੀ ਚਾਹੁੰਦੀ ਹਾਂ; ਸ਼ਾਇਦ ਨੀਰਜ ਵੀ।"

"ਵੀਰ ਜੀ (ਡਾ. ਦੇਵ) ਆਪਣਾ ਖੱਬਾ ਹੱਥ ਮੱਥੇ ਉੱਤੇ ਰੱਖ ਕੇ ਸੋਚੀਂ ਪੈ ਗਏ। ਮੈਂ ਕਿਹਾ, "ਵੀਰ ਜੀ, ਅਸਾਂ ਤੁਹਾਨੂੰ ਦੁਖੀ ਕਰ ਦਿੱਤਾ ਹੈ।"

"ਕੁਝ ਕਿਹਾ ਨਹੀਂ ਜਾ ਸਕਦਾ। ਜਿਸ ਭੇਤ ਦਾ ਮੈਨੂੰ ਸਭ ਤੋਂ ਪਹਿਲਾਂ ਪਤਾ ਹੈ ਓਸੇ ਨੂੰ ਕਿਸੇ ਦੂਜੇ ਕੋਲੋਂ ਸੁਣ ਕੇ ਦੁਖੀ ਹੋਣ ਦਾ ਭਾਵ ਇਹ ਹੋ ਸਕਦਾ ਹੈ ਕਿ ਮੈਂ ਨਹੀਂ ਸਾਂ ਚਾਹੁੰਦਾ ਕਿ ਇਹ ਭੇਤ ਕਿਸੇ ਨੂੰ ਪਤਾ ਲੱਗੇ। ਪਰ ਅਜੇਹਾ ਕਦੇ ਨਹੀਂ ਚਾਹਿਆ ਮੈਂ। ਸਾਰੀ ਦੁਨੀਆ ਨੂੰ ਦੱਸਣ ਦੇ ਕੋਈ ਅਰਥ ਨਹੀਂ ਹਨ ਅਤੇ ਆਪਣੀ ਦੁਨੀਆ ਕੋਲੋਂ ਆਪਣਾ ਕੁਝ ਲੁਕਾਉਣਾ ਮੈਨੂੰ ਚੰਗਾ ਨਹੀਂ ਲੱਗਦਾ। ਇਹ ਭੈ ਦਾ ਕਾਰਨ ਬਣ ਜਾਂਦਾ ਹੈ। ਮੈਂ ਇਹ ਵੀ ਨਹੀਂ ਕਹਿਣਾ ਚਾਹੁੰਦਾ ਕਿ ਬੀਤੇ ਦੀ ਯਾਦ ਮੈਨੂੰ ਉਦਾਸ ਨਹੀਂ ਕਰਦੀ। ਬਹੁਤ ਉਦਾਸ ਹੋਇਆ ਹਾਂ ਮੈਂ, ਬਹੁਤ ਦੁਖੀ ਹੋਇਆ ਹਾਂ, ਪਛਤਾਇਆ ਹਾਂ। ਹੌਲੀ ਹੌਲੀ ਪਾਪਾ ਕੋਲੋਂ ਪਤਾ ਲੱਗਾ ਕਿ ਅੱਤ ਦਾ ਪਛਤਾਵਾ ਅਸਲ ਵਿੱਚ ਹਉਮੈਂ ਦੀ ਖੇਡ ਹੈ। ਬਹੁਤਾ ਪਛਤਾਵਾ ਕਿਸੇ ਪਤਿਤ ਨੂੰ ਪੁਨੀਤ ਨਹੀਂ ਕਰਦਾ। ਭੁੱਲ ਦਾ ਅਹਿਸਾਸ ਸਰਵੋਤਮ ਪਸ਼ਚਾਤਾਪ ਹੈ।

"ਬਿਲਕੁਲ ਠੀਕ ਹੈ, ਵੀਰ ਜੀ, ਉੱਚੇ ਉੱਠਣ ਲਈ ਤਾਂ ਮਨੁੱਖ ਸਾਹਮਣੇ ਕੋਈ ਉੱਚਾ ਨਿਸ਼ਾਨਾ, ਜੀਵਨ ਦਾ ਕੋਈ ਮਕਸਦ ਹੋਣਾ ਚਾਹੀਦਾ ਹੈ।"

"ਓ ਨੋ! ਜੀਵਨ ਦਾ ਕੋਈ ਮਕਸਦ ਮਨੋਰਥ ਨਹੀਂ ਹੋਣਾ ਚਾਹੀਦਾ। ਮਕਸਦ ਨੇ ਹੀ

ਤਾਂ ਸਾਰੇ ਕੁਕਰਮ ਕਰਵਾਏ ਹਨ। ਮਕਸਦ ਕੋਈ ਵੀ ਹੋਵੇ ਉਹ ਜੀਵਨ ਦੇ ਆਦਰ ਮਾਣ ਨੂੰ ਘਟਾਉਂਦਾ ਹੈ। ਮਕਸਦ ਸਦਾ ਹੀ ਜੀਵਨ ਨਾਲੋਂ ਉਚੇਰੇ ਸਮਝੇ ਜਾਂਦੇ ਹਨ। ਇਸ ਲਈ ਜੀਵਨ ਹੀ ਜੀਵਨ ਦਾ ਮਨੋਰਥ ਮੰਨਿਆ ਜਾਣਾ ਚਾਹੀਦਾ ਹੈ। ਜੀਵਨ ਦੇ ਮਕਸਦ-ਮਨੋਰਥ ਦੇ ਰੂਪ ਵਿੱਚ ਮੁਕਤੀ ਜਾਂ ਰੱਬ ਦੀ ਪ੍ਰਾਪਤੀ ਵੀ ਮੈਨੂੰ ਮਨਜ਼ੂਰ ਨਹੀਂ। ਅਜਿਹੇ ਮਨੋਰਥਾਂ ਦੀ ਵਕਾਲਤ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਜੀਵਨ ਦਾ ਬੁਰਾ ਚਾਹਿਆਂ ਇਹ ਮਨੋਰਥ ਪ੍ਰਾਪਤ ਨਹੀਂ ਹੁੰਦੇ। ਇਸ ਲਈ ਇਨ੍ਹਾਂ ਦੀ ਪ੍ਰਾਪਤੀ ਲਈ ਜਤਨ ਕਰੋ, ਜੀਵਨ ਖ਼ੁਦ-ਬ-ਖ਼ੁਦ ਚੰਗਾ ਹੋ ਜਾਵੇਗਾ। ਜੇ ਹੋ ਵੀ ਜਾਣਾ ਹੋਵੇ ਤਾਂ ਵੀ ਜੀਵਨ ਦੀ ਭਲਾਈ ਅਤੇ ਚੰਗਿਆਈ ਇਨ੍ਹਾਂ ਮਨੋਰਥਾਂ ਦਾ ਬਾਇ-ਪ੍ਰਾਡਕਟ ਬਣ ਜਾਂਦੀ ਹੈ। ਹੌਲੀ ਹੌਲੀ ਜੀਵਨ ਦੀ ਇੱਕ ਸੈਕੰਡਰੀ ਵਸਤੂ ਬਣ ਕੇ ਰਹਿ ਜਾਂਦਾ ਹੈ। ਬੱਸ ਜੀਵਨ ਹੀ ਜੀਵਨ ਦਾ ਮਨੋਰਥ ਹੋਣਾ ਚਾਹੀਦਾ ਹੈ। ਏਸੇ ਦੀ ਖ਼ੁਸ਼ੀ, ਖ਼ੂਬਸੂਰਤੀ ਅਤੇ ਖ਼ੁਸ਼ਹਾਲੀ ਲਈ ਜਤਨ ਕਰਦੇ ਰਹਿਣ ਨਾਲ ਜਿਹੜੇ ਮਕਸਦ ਹੱਲ ਹੁੰਦੇ ਹੋਣ, ਉਹੋ ਮਨੋਰਥ ਜੀਵਨ ਦੇ ਸਹਾਇਕ ਅਤੇ ਸੇਵਕ ਮੰਨੇ ਜਾਣੇ ਚਾਹੀਦੇ ਹਨ। ਜਿਹੜਾ ਜੀਵਨ-ਮਨੋਰਥ ਖ਼ੁਸ਼, ਖ਼ੁਸ਼ਹਾਲ ਅਤੇ ਖ਼ੂਬਸੂਰਤ ਸੰਸਾਰਕ ਜੀਵਨ ਦਾ ਸਹਿਜ ਸਿੱਟਾ ਜਾਂ ਬਾਇ-ਪ੍ਰਾਡਕਟ ਨਹੀਂ, ਉਹ ਜੀਵਨ ਉੱਤੇ ਪਿਆ ਹੋਇਆ ਜਾਂ ਪਾਇਆ ਗਿਆ ਵਾਧੂ ਭਾਰ ਹੈ।"

ਨੀਰਜ ਚੁੱਪ ਸੀ। ਸ਼ਾਇਦ ਵੀਰ ਜੀ ਦੇ ਹਸਪਤਾਲ ਵਿੱਚ ਕੰਮ ਕਰਦੀ ਹੋਣ ਕਰਕੇ ਉਸ ਨੂੰ ਉਨ੍ਹਾਂ ਦੇ ਮਾਣ ਅਤੇ ਮੁਰਾਤਬੇ ਦਾ ਖ਼ਿਆਲ ਕੁਝ ਕਹਿਣ ਤੋਂ ਰੋਕ ਰਿਹਾ ਸੀ। ਉਨ੍ਹਾਂ ਦਾ ਸਨਮਾਨ ਮੇਰੇ ਦਿਲ ਵਿੱਚ ਵੀ ਘੱਟ ਨਹੀਂ ਅਤੇ ਹਰ ਪਲ ਵਧ ਵੀ ਰਿਹਾ ਸੀ (ਅਤੇ ਵਧ ਰਿਹਾ ਵੀ ਹੈ), ਤਾਂ ਵੀ ਮੈਂ ਪੁੱਛਣ ਲਈ ਉਤਾਵਲੀ ਸਾਂ। ਝਕਦਿਆਂ ਝਕਦਿਆਂ ਮੈਂ ਕਿਹਾ, "ਵੀਰ ਜੀ, ਮੇਰੀ ਗੱਲ ਬਹਿਸ ਵਰਗੀ ਲੱਗੇਗੀ; ਪਰ ਮੇਰਾ ਇਰਾਦਾ ਬਹਿਸ ਕਰਨ ਦਾ ਨਹੀਂ। ਜੇ ਆਗਿਆ ਦਿਓ.....ਮੈਂ.....ਤਾਂ ਮੈਂ।"

ਉਹ ਮੁਸਕਾਉਂਦੇ ਹੋਏ ਕੁਰਸੀ ਉੱਤੋਂ ਉੱਠੇ ਅਤੇ ਕਿਹਾ, "ਹਾਂ ਬਈ, ਆਗਿਆ ਹੈ; ਪਰ ਬਾਹਰ ਗਾਰਡਨ ਵਿੱਚ ਧੁੱਪੇ ਬੈਠ ਕੇ ਗੱਲਾਂ ਕਰਦੇ ਹਾਂ। ਏਹੋ ਜਿਹੇ ਦਿਨ ਇਸ ਦੇਸ਼ ਵਿੱਚ ਗਿਣਤੀ ਮਿਣਤੀ ਦੇ ਹੁੰਦੇ ਹਨ।"

ਅਸੀਂ ਘਰ ਦੇ ਪਿਛਵਾੜੇ ਫੁੱਲਾਂ ਭਰੇ ਬਗ਼ੀਚੇ ਵਿੱਚ ਆ ਬੈਠੇ। ਧੁੱਪ ਕੁਝ ਜ਼ਿਆਦਾ ਹੀ ਤੇਜ਼ ਸੀ। ਵੀਰ ਜੀ ਨੇ ਪਲਾਸਟਿਕ ਦੇ ਮੇਜ਼ ਵਿੱਚ ਗੱਡੀ ਹੋਈ ਵੱਡੀ ਸਾਰੀ ਛੱਤਰੀ ਨੂੰ ਖੋਲ੍ਹਦਿਆਂ ਆਖਿਆ, "ਹੁਣ ਪੁੱਛੋ, ਕੀ ਪੁੱਛਣਾ ਚਾਹੁੰਦੇ ਹੋ।"

"ਪੁੱਛ ਕੇ ਆਪਣੇ ਗਿਆਨ ਵਿੱਚ ਵਾਧਾ ਕਰਨਾ ਚਾਹੁੰਦੀ ਹਾਂ, ਵੀਰ ਜੀ। ਅਸੀਂ ਹਰ ਪਲ ਮਨੋਰਥ ਦੀ ਚੇਤਨਾ ਵਿੱਚ ਵਿਚਰਦੇ ਹਾਂ। ਕਮਰੇ ਵਿੱਚੋਂ ਉੱਠ ਕੇ ਬਾਹਰ ਬਗ਼ੀਚੇ ਵਿੱਚ ਆਏ ਹਾਂ, ਅਸੀਂ ਘਰੋਂ ਤੁਹਾਡੇ ਕੋਲ ਆਈਆਂ ਹਾਂ, ਇਹ ਜੋ ਗੱਲਾਂ ਹੋ ਰਹੀਆਂ ਹਨ, ਸਭਨਾਂ ਪਿੱਛੇ ਵੱਖੋ ਵੱਖਰੇ ਮਨੋਰਥ ਹਨ। ਮਨੋਰਥ ਦੀ ਅਣਹੋਂਦ ਵਿੱਚ ਸਾਡੇ ਸਾਰੇ ਮਨੋਰਥ ਕਿੱਥੋਂ ਆ ਗਏ ?"

"ਪੈ ਗਏ ਨਾ ਲੰਮੇ ਝਮੇਲਿਆਂ ਵਿੱਚ! ਜਿਹੜੇ ਪ੍ਰਸ਼ਨ ਸਾਨੂੰ ਜੀਵਨ ਦੀ ਉਤਪਤੀ ਤੋਂ ਪਹਿਲਾਂ ਦੀ ਕਿਸੇ ਹਾਲਤ ਬਾਰੇ ਸੋਚਣ ਦਾ ਸੁਝਾਉ ਦੇਣ, ਉਹ ਪ੍ਰਸ਼ਨ ਘੱਟ ਅਤੇ ਝਮੇਲੇ ਵੱਧ ਹੁੰਦੇ ਹਨ, ਕਿਉਂਜੁ ਇਨ੍ਹਾਂ ਪ੍ਰਸ਼ਨਾਂ ਦਾ ਵਿਗਿਆਨਕ ਅਤੇ ਵੇਰੀਫਾਇਬਲ ਭਾਵ ਪਰਖਿਆ ਪੜਚੋਲਿਆ ਜਾ ਸਕਣ ਵਾਲਾ ਉੱਤਰ ਨਹੀਂ ਦਿੱਤਾ ਜਾ ਸਕਦਾ। ਬੱਸ, ਮਨ ਸਮਝਾਵਣ ਕਾਰਨੇ ਕੋਈ ਉੱਤਰ ਕਿਆਸਿਆ ਕਲਪਿਆ ਜਾਣਾ ਪੈਂਦਾ ਹੈ। ਮਨੁੱਖ ਆਪਣੇ ਮਨ ਨੂੰ ਸਮਝਾਉਣ

ਲਈ ਅਜਿਹੇ ਉੱਤਰਾਂ ਦੀ ਉੱਤਪਤੀ ਕਰਦਾ ਆਇਆ ਹੈ। ਮੈਨੂੰ ਉਨ੍ਹਾਂ ਵਿੱਚੋਂ ਇਹ ਉੱਤਰ ਬਹੁਤੀ ਤਸੱਲੀ ਦਿੰਦਾ ਹੈ ਕਿ ਜੀਵਨ ਸਤ, ਚਿੱਤ ਅਤੇ ਆਨੰਦ ਦਾ ਸੰਜੋਗ ਹੈ। ਸਤ ਦਾ ਭਾਵ ਹੈ 'ਹੋਂਦ'—ਅਨੰਤ ਪੁਲਾੜ ਵਿੱਚ ਅਨੰਤ ਪਦਾਰਥ ਦੀ ਹੋਂਦ। ਇਸ ਪਦਾਰਥ ਵਿੱਚ ਚੇਤਨਾ ਹੈ। ਚਿੱਤ ਦਾ ਮੁੱਢ ਰੂਪ ਹੈ 'ਹਰਕਤ'। ਸਤ ਅਤੇ ਚਿੱਤ ਜਾਂ ਪਦਾਰਥ ਅਤੇ ਹਰਕਤ ਵਿੱਚੋਂ ਜੀਵਨ ਉਤਪੰਨ ਹੁੰਦਾ ਹੈ। ਦੋਹਾਂ ਦੇ ਇਹ ਸੰਜੋਗ ਦਾ ਨਾਂ ਹੈ 'ਅਨੰਦ'। ਜੀਵਨ ਅਨੰਦ ਦਾ ਦੂਜਾ ਨਾਂ ਹੈ। ਇਹ ਦੂਜਾ ਨਾਂ ਆਪਣੇ ਪਹਿਲੇ ਨਾਂ ਦੀ ਸਾਰਥਕਤਾ ਲਈ ਜਤਨਸ਼ੀਲ ਹੈ, ਆਪਣੇ ਅਸਲ ਸਰੂਪ ਦੀ ਭਾਲ ਹੈ, ਆਪਣੇ ਮਨੋਰਥ ਦੀ ਪ੍ਰਾਪਤੀ ਲਈ ਜਤਨ ਕਰ ਰਿਹਾ ਹੈ। ਆਪਣਾ ਆਪਾ ਹੀ ਇਸ ਦਾ ਮਨੋਰਥ ਹੈ। ਜੀਵਨ ਹੀ ਜੀਵਨ ਦਾ ਮਨੋਰਥ ਹੈ।"

"ਵੀਰ ਜੀ, ਤੁਹਾਡੀ ਗੱਲ ਅਜੇ ਸਮਾਪਤ ਨਹੀਂ ਹੋਈ।"

"ਹਾਂ, ਅਜੇ ਨਹੀਂ। ਕੁਝ ਲੋਕ ਇਹ ਮੰਨਦੇ ਹਨ ਕਿ ਚੇਤਨਾ ਪਦਾਰਥ ਤੋਂ ਪਹਿਲਾਂ ਹੈ ਅਤੇ ਚਿੱਤ ਵਿੱਚੋਂ ਸਤ ਉਪਜਿਆ ਹੈ। ਉਹ ਉਸ ਚੇਤਨਾ ਨੂੰ ਈਸ਼ਵਰ, ਬ੍ਰਹਮ ਜਾਂ ਕੁਝ ਵੀ ਕਹਿ ਕੇ ਜੀਵਨ ਦੇ ਅਲੌਕਿਕ ਜਾਂ ਰੱਬੀ ਮਨੋਰਥ ਦੀ ਗੱਲ ਕਰਦੇ ਹਨ। ਕੁਝ ਲੋਕ ਇਹ ਕਹਿੰਦੇ ਹਨ ਕਿ ਚੇਤਨਾ ਪਦਾਰਥ ਵਿੱਚੋਂ ਉਪਜੀ ਹੈ ਅਤੇ ਜਿਵੇਂ ਜਿਵੇਂ ਵਿਕਾਸ ਕਰਦੀ ਗਈ ਹੈ ਤਿਵੇਂ ਤਿਵੇਂ ਆਪਣੇ ਲਈ ਮਨੋਰਥ ਪੈਦਾ ਕਰਦੀ ਗਈ ਹੈ। ਇਹ ਆਪ ਕਿਸੇ ਮਨੋਰਥ ਦੀ ਉਪਜ ਨਹੀਂ; ਸਾਰੇ ਲੌਕਿਕ ਅਤੇ ਅਲੌਕਿਕ ਮਨੋਰਥ ਇਸ ਦੇ ਆਪਣੇ ਉਪਜਾਏ ਹੋਏ ਹਨ। ਪਹਿਲੀ ਸੋਚ ਵਾਲੇ ਲੋਕਾਂ ਨੂੰ ਅਧਿਆਤਮਵਾਦੀ ਆਖਿਆ ਜਾਂਦਾ ਹੈ ਅਤੇ ਦੂਜੀ ਸੋਚ ਵਾਲਿਆਂ ਨੂੰ ਪਦਾਰਥਵਾਦੀ। ਮੈਂ ਪਦਾਰਥਵਾਦੀ ਆਖਿਆ ਜਾਣਾ ਪਸੰਦ ਕਰਦਾ ਹਾਂ। ਦੋਹਾਂ ਦਾ ਫ਼ਰਕ ਬਹੁਤ ਹੀ ਸੂਖ਼ਮ ਹੈ, ਪਰ ਹੋ ਗਿਆ ਹੈ ਬਹੁਤ ਹੀ ਸਥੂਲ।"

"ਵੀਰ ਜੀ, ਪਸ਼ੂ ਜੀਵਨ ਵਿੱਚ ਮਨੁੱਖੀ ਜੀਵਨ ਵਾਲੇ ਆਦਰਸ਼ ਅਤੇ ਮਨੋਰਥ ਨਹੀਂ ਹਨ। ਓਥੇ ਜੀਵਨ ਦੀ ਸਲਾਮਤੀ ਅਤੇ ਸਦੀਵਤਾ ਹੀ ਮਨੋਰਥ ਹੈ। ਤਾਂ ਵੀ ਉਸ ਜੀਵਨ ਵਿੱਚ ਸੁਆਰਥ ਅਤੇ ਹਿੰਸਾ ਦੀ ਕੋਈ ਹੱਦ ਨਹੀਂ।"

"ਹਿੰਸਾ ਦਾ ਕਾਰਨ ਹੈ ਸੁਆਰਥ ਅਤੇ ਸੁਆਰਥ ਦਾ ਕਾਰਨ ਹੈ ਅਵਿਕਸਿਤ, ਅਨਡਿਵੈਲਪਡ, ਚੇਤਨਾ। ਏਸੇ ਕਰਕੇ ਹੀ ਅਧਿਆਤਮਵਾਦ ਉੱਤੇ ਵੱਡਾ ਕਿੰਤੂ ਕੀਤਾ ਜਾਂਦਾ ਹੈ ਕਿ ਜੇ ਈਸ਼ਵਰ ਜਾਂ ਬ੍ਰਹਮ ਨਾਮ ਦੀ ਫੁੱਲੀ ਡਿਵੈਲਪਡ, ਸੰਪੂਰਣ ਅਤੇ ਸਰਵੱਗਿਆ ਚੇਤਨਾ ਜੀਵਨ ਦੇ ਆਰੰਭ ਤੋਂ ਪਹਿਲਾਂ ਮੌਜੂਦ ਸੀ ਅਤੇ ਜੀਵਨ ਦੀ ਉਤਪਤੀ ਦਾ ਕਾਰਨ ਬਣੀ ਤਾਂ ਇਹ ਸਭ ਹਿੰਸਾ ਕਿਉਂ ? ਜੀਵਾਂ ਦਾ ਵਿਅਕਤੀਗਤ ਸੁਆਰਥ ਮਨੁੱਖ ਦੇ ਥਾਪੇ ਹੋਏ ਮਕਸਦਾਂ, ਮਨੋਰਥਾਂ ਦੀ ਮਿਹਰਬਾਨੀ ਨਾਲ ਕੌਮੀ ਅਤੇ ਜਮਾਤੀ ਰੂਪ ਧਾਰਨ ਕਰਦਾ ਗਿਆ ਹੈ। ਸੰਸਕ੍ਰਿਤੀਆਂ, ਸੁਤੰਤ੍ਰਤਾਵਾਂ ਅਤੇ ਕੌਮੀ ਪਛਾਣਾਂ ਦੇ ਅਨੇਕਾਨੇਕ ਆਦਰਸ਼ ਮਨੁੱਖੀ ਚੇਤਨਾ ਨੂੰ ਧੁੰਦਲੀ ਕਰ ਕੇ ਜੀਵਨ ਨੂੰ ਆਪਣੀ ਖ਼ੁਸ਼ਹਾਲੀ, ਖ਼ੂਬਸੂਰਤੀ ਅਤੇ ਖ਼ੁਸ਼ੀ ਦੇ ਆਦਰਸ਼ ਦੀ ਪਛਾਣ ਤੋਂ ਹੀਣ ਕਰ ਦਿੰਦੇ ਹਨ। ਭਟਕ ਜਾਂਦਾ ਹੈ ਮਨੁੱਖ, ਜੰਗਲੀ ਪਸ਼ੂ ਵਰਗਾ ਹੋ ਜਾਂਦਾ ਹੈ।"

ਵੀਰ ਜੀ ਕੁਰਸੀ ਉੱਤੋਂ ਉੱਠ ਕੇ ਫੁੱਲਾਂ ਦੀ ਕਿਆਰੀ ਦੇ ਨਾਲ ਬਣੀ ਹੋਈ ਨਿੱਕੀ ਜਿਹੀ ਕੰਧ ਜਾਂ ਵਟੀਰੀ ਉੱਤੇ ਜਾ ਬੈਠੇ। ਨਾ ਚਾਹੁੰਦਿਆਂ ਹੋਇਆਂ ਵੀ ਮੈਂ ਪੁੱਛ ਲਿਆ, "ਵੀਰ ਜੀ, ਮਹਾਨ ਆਸ਼ਿਆਂ ਅਤੇ ਆਦਰਸ਼ਾਂ ਨੇ ਜੀਵਨ ਨੂੰ ਵਿਕਸਾਉਣ ਵਿੱਚ ਕੋਈ ਹਿੱਸਾ ਨਹੀਂ ਪਾਇਆ ?"

"ਹੁਣ ਤਾਂ ਮੈਂ ਇਹ ਮੰਨਦਾ ਹਾਂ ਕਿ ਵਿਕਸਣਾ ਜੀਵਨ ਦਾ ਸੁਭਾਅ ਹੈ, ਜੀਵਨ ਦਾ ਅਸਲਾ ਹੈ। ਇਹ ਕੋਮਲਤਾ ਅਤੇ ਸੁੰਦਰਤਾ ਵੱਲ ਨੂੰ ਵਿਕਸ ਰਿਹਾ ਹੈ, ਆਨੰਦ ਵੱਲ ਨੂੰ ਵਿਕਸ

ਰਿਹਾ ਹੈ। ਕੁਝ ਵਿਅਕਤੀਆਂ ਦੇ ਜਤਨ ਇਸ ਵਿਕਾਸ ਵਿੱਚ ਸਹਾਈ ਹੋਏ ਹਨ, ਉਨ੍ਹਾਂ ਦੇ ਜਿਨ੍ਹਾਂ ਨੇ ਆਪਣੇ ਆਦਰਸ਼ਾਂ ਨੂੰ ਜੀਵਨ ਨਾਲੋਂ ਸ੍ਰੇਸ਼ਟ ਨਹੀਂ ਸਮਝਿਆ। ਮਹਾਨ ਆਦਰਸ਼ਾਂ ਦੇ ਭਾਰ ਹੇਠ ਜੀਵਨ ਦੀ ਕਿੰਨੀ ਕੁ ਕੋਮਲਤਾ ਕੁਚਲੀ ਜਾਂਦੀ ਹੈ ਕਿਸੇ ਨੂੰ ਕੁਝ ਪਤਾ ਨਹੀਂ।"

ਉਹ ਚੁੱਪ ਕਰ ਗਏ ਅਤੇ ਫੁੱਲਾਂ ਨਾਲ ਖੇਡਣ ਲੱਗ ਪਏ। ਕੁਝ ਚਿਰ ਪਿੱਛੋਂ, ਫੁੱਲਾਂ ਨਾਲ ਖੇਡਦੇ ਹੋਏ ਬੋਲੇ, "ਚੌਦਾਂ ਅਪ੍ਰੈਲ ਨੂੰ ਮੇਰਾ ਜਨਮ ਹੋਇਆ ਸੀ। ਆਪਣੇ ਮਾਤਾ ਪਿਤਾ ਦਾ ਇੱਕੋ ਇੱਕ ਜੀਵਤ ਬੱਚਾ ਹਾਂ ਮੈਂ। ਮੇਰੇ ਤੋਂ ਪਹਿਲੇ ਚਾਰ ਬੱਚੇ ਬਚਪਨ ਵਿੱਚ ਹੀ ਮਰ ਜਾਂਦੇ ਰਹੇ ਸਨ। ਮੇਰੇ ਪਿਤਾ ਜੀ ਦੀ ਮਰਜ਼ੀ ਤੋਂ ਉਲਟ; ਪਰ ਉਨ੍ਹਾਂ ਦੀ ਆਗਿਆ ਨਾਲ, ਮੇਰੀ ਮਾਤਾ ਨੇ ਮੇਰੀ ਮੌਤ ਨੂੰ ਧੋਖਾ ਦੇਣ ਦੀ ਕਾਮਯਾਬ ਕੋਸ਼ਿਸ਼ ਕਰ ਲਈ। ਆਂਢ ਗੁਆਂਢ ਦੀਆਂ ਸਿਆਣੀਆਂ ਨੇ ਮੇਰੀ ਮਾਤਾ ਨੂੰ ਕਿਹਾ ਕਿ ਤੇਰੇ ਬੱਚੇ ਬਚਦੇ ਨਹੀਂ, ਇਸ ਵੇਰ ਜਿਹੜਾ ਬੱਚਾ ਤੇਰੇ ਘਰ ਜਨਮੇ ਤੂੰ ਉਸ ਨੂੰ ਆਪਣਾ ਆਖ ਹੀ ਨਾ। ਆਪਣੇ ਜੰਮੇ ਨੂੰ ਆਪਣਾ ਕਿਵੇਂ ਨਾ ਆਖਿਆ ਜਾਵੇ, ਇਸ ਦਾ ਢੰਗ ਵੀ ਉਨ੍ਹਾਂ ਨੇ ਦੱਸਿਆ ਅਤੇ ਮੇਰੇ ਜਨਮ ਤੋਂ ਕੁਝ ਚਿਰ ਪਿੱਛੋਂ ਮੈਨੂੰ ਚੜ੍ਹਦੀ ਪੱਤੀ ਦੀ ਬਸੰਤ ਕੌਰ ਨੂੰ ਦੇ ਦਿੱਤਾ। ਬਣੀ ਹੋਈ ਸਕੀਮ ਅਨੁਸਾਰ ਮਾਤਾ ਬਸੰਤ ਕੌਰ ਨੇ ਮੈਨੂੰ ਇੱਕ ਟੋਕਰੀ ਵਿੱਚ ਪਾ ਲਿਆ ਅਤੇ ਪਿੰਡ ਵਿੱਚ ਬੱਚੇ ਵੇਚਣ ਦਾ ਹੋਕਾ ਦੇਣ ਨਿਕਲ ਤੁਰੀ। ਕੁਝ ਇੱਕ ਨੇ ਪੁੱਛਿਆ, "ਤੂੰ ਆਪਣਾ ਬੱਚਾ ਕਿਉਂ ਵੇਚ ਰਹੀ ਹੈਂ। ਉਸ ਨੇ ਉੱਤਰ ਦਿੱਤਾ ਮੈਨੂੰ ਚਾਹੀਦਾ ਨਹੀਂ, ਵਾਧੂ ਹੈ, ਬੇ-ਲੋੜਾ ਹੈ। ਇੱਕ ਦੋ ਘਰੀਂ ਖ਼ਰੀਦਣ ਦੀ ਇੱਛਾ ਦਾ ਪ੍ਰਗਟਾਵਾ ਹੋਇਆ; ਪਰ ਸੌਦਾ ਸਿਰੇ ਨਾ ਚੜ੍ਹਿਆ। ਕਿਸੇ ਨੇ ਆਖਿਆ, 'ਵੇਖਣ ਨੂੰ ਕੋਝਾ ਹੈ', ਕਿਸੇ ਨੇ ਕਿਹਾ, 'ਮਹਿੰਗਾ ਹੈ'।"

"ਮਾਤਾ ਬਸੰਤ ਕੌਰ ਹੋਕਾ ਦਿੰਦੀ ਸਾਡੀ ਗਲੀ ਆ ਗਈ। ਗਲੀ ਦੀਆਂ ਇਸਤਰੀਆਂ ਨੇ ਮੇਰੀ ਮਾਤਾ ਨੂੰ ਕਹਿ ਵੇਖ ਕੇ ਖ਼ਰੀਦਣ ਲਈ ਤਿਆਰ ਕਰ ਲਿਆ। ਗੁੜੋਂ ਸਾਵੀਂ, ਕਣਕੋਂ ਸਾਵੀਂ, ਛੋਲਿਉਂ ਸਾਵੀਂ, ਮੇਰੀ ਮਾਤਾ ਸਿਰ ਫੇਰਦੀ ਗਈ—'ਮਹਿੰਗਾ ਹੈ, ਮਹਿੰਗਾ ਹੈ'। ਲੂਣ ਤੋਂ ਸਾਵੀਂ ਸੌਦਾ ਹੋ ਗਿਆ। ਮੇਰੀ ਮਾਤਾ ਨੇ ਸਸਤੇ ਮੁੱਲ, ਮਹਿੰਗਾ ਪੁੱਤ ਖ਼ਰੀਦ ਲਿਆ। ਮੌਤ ਨੂੰ ਭੁਲੇਖਾ ਪੈ ਗਿਆ। ਉਹ ਇਹੋ ਸਮਝਦੀ ਰਹੀ ਕਿ ਮੈਂ ਮਾਤਾ ਬਸੰਤ ਕੌਰ ਨੂੰ ਜਨਮਿਆ ਸਾਂ, ਮੇਰੀ ਮਾਤਾ ਨਿਰਮਲ ਕੌਰ ਨੇ ਤਾਂ ਮੈਨੂੰ ਖ਼ਰੀਦਿਆ ਸੀ। ਮੌਤ ਨੇ ਨਿਰਮਲ ਕੌਰ ਦੇ ਬੱਚੇ ਮਾਰਨੇ ਸਨ, ਬਸੰਤ ਕੌਰ ਦੇ ਬੱਚਿਆਂ ਨਾਲ ਉਸ ਦਾ ਕੋਈ ਵੈਰ ਨਹੀਂ ਸੀ। ਮੈਂ ਬਚਿਆ ਰਿਹਾ। ਕਈ ਸਾਲ ਮਾਤਾ ਬਸੰਤ ਕੌਰ ਨੂੰ ਆਪਣੀ ਅਸਲੀ ਮਾਤਾ ਸਮਝਦਾ ਰਿਹਾ ਅਤੇ ਹਰ ਸਾਲ ਮੇਰੇ ਜਨਮ ਦਿਨ ਉੱਤੇ ਮੇਰੀ ਮਾਤਾ, ਮੇਰੇ ਹੱਥੀਂ ਮਾਤਾ ਬਸੰਤ ਕੌਰ ਨੂੰ ਤਿੰਨ ਕੱਪੜੇ ਭੇਟ ਕਰਵਾਉਂਦੀ ਰਹੀ। ਕਿੰਨਾ ਮਹਿੰਗਾ ਸਹਾਰਾ ਹਾਂ ਮੈਂ ਆਪਣੀ ਮਾਂ ਦੀ ਮਮਤਾ ਦਾ! ਜਿਹੜੇ ਨਿਰਦੋਸ਼ ਮਹਾਨ ਆਦਰਸ਼ਾਂ ਲਈ ਮਾਰ ਦਿੱਤੇ ਜਾਂਦੇ ਹਨ, ਉਹ ਸਾਰੇ ਆਪਣੀਆਂ ਮਾਤਾਵਾਂ ਦੀ ਮਮਤਾ ਦਾ ਬਹੁਤਾ ਮਹਿੰਗਾ ਸਹਾਰਾ ਹੁੰਦੇ ਹਨ। ਮਹਾਨ ਆਦਰਸ਼ਾਂ ਦੀ ਮ੍ਰਿਗ-ਤ੍ਰਿਸ਼ਨਾ ਨੇ ਕੇਵਲ ਮੈਨੂੰ ਹੀ ਮਨੁੱਖ ਤੋਂ ਪਸ਼ੂ ਨਹੀਂ ਬਣਾਇਆ, ਮੇਰੀ ਮਾਂ ਦੀ ਮਮਤਾ ਨੂੰ ਵੀ ਬੇ-ਸਹਾਰਾ ਕਰ ਦਿੱਤਾ ਹੈ।"

ਅਸੀਂ ਵੀਰ ਜੀ ਕੋਲ ਵਟੀਰੀ ਉੱਤੇ ਜਾ ਬੈਠੀਆਂ। ਉਹ ਗੰਭੀਰ ਸਨ, ਪਰ ਦੁਖੀ ਨਹੀਂ ਸਨ। ਛੇਤੀ ਹੀ ਉਹ ਅੰਗ੍ਰੇਜ਼ੀ ਮੌਸਮ ਅਤੇ ਫੁੱਲਾਂ ਬਾਰੇ ਗੱਲਾਂ ਕਰਨ ਲੱਗ ਪਏ। ਉਨ੍ਹਾਂ ਨੂੰ ਫੁੱਲਾਂ ਨਾਲ ਪਿਆਰ ਵੀ ਹੈ ਅਤੇ ਫੁੱਲਾਂ ਬਾਰੇ ਜਾਣਕਾਰੀ ਵੀ ਹੈ। ਮੈਂ ਮਨ ਵਿੱਚ ਆਖਿਆ, "ਵੀਰ ਜੀ ਨਾਲ ਆਦਰਸ਼ਾਂ ਦੀ ਥਾਂ ਫੁੱਲਾਂ ਦੀਆਂ ਗੱਲਾਂ ਕਰਦੇ ਤਾਂ ਬਹੁਤ ਆਨੰਦ ਆਉਂਦਾ।"

ਸਨੇਹਾ।

# 28

ਗੁਰਦਾਸਪੁਰ,
10.6.96.

ਸਨੇਹਾ,

ਹੋ ਸਕਦਾ ਸੀ ਦੇਵ ਵੀਰ ਨਾਲ ਆਦਰਸ਼ਾਂ ਬਾਰੇ ਗੱਲਾਂ ਕਰਨ ਦੀ ਥਾਂ ਫੁੱਲਾਂ ਬਾਰੇ ਗੱਲਾਂ ਕਰ ਕੇ ਤੁਹਾਨੂੰ ਬਹੁਤਾ ਆਨੰਦ ਮਿਲਦਾ; ਪਰ ਮੈਨੂੰ ਉਨ੍ਹਾਂ ਦੀ ਆਰਦਸ਼ਾਂ ਉੱਤੇ ਕੀਤੀ ਹੋਈ ਟਿੱਪਣੀ ਵੀ ਆਨੰਦਾਇਕ ਲੱਗੀ ਹੈ। ਉਨ੍ਹਾਂ ਦੀਆਂ ਟਿੱਪਣੀਆਂ ਪੜ੍ਹ ਕੇ ਮੈਨੂੰ ਇਉਂ ਲੱਗਾ ਹੈ ਜਿਵੇਂ ਮਨੁੱਖੀ ਸੋਚ ਮੱਧਕਾਲ ਦੀਆਂ ਵਲਗਣਾਂ ਵਿੱਚੋਂ ਬਾਹਰ ਆ ਕੇ ਨਵਯੁਗ-ਪਰਵੇਸ਼ ਦਾ ਆਹਰ ਕਰ ਰਹੀ ਹੈ। ਕੁਝ ਚਿਰ ਪਹਿਲਾਂ ਅਜੇਹੀ ਕਿਸੇ ਟਿੱਪਣੀ ਨੂੰ ਮਾਨਸਿਕ ਉਲਾਰ ਕਹਿ ਕੇ ਇੱਕ ਪਾਸੇ ਕਰ ਦੇਣ ਦੀ ਨਾਦਾਨੀ ਨੂੰ ਮੈਂ ਬਹੁਤ ਵੱਡੀ ਦਾਨਾਈ ਸਮਝਣ ਦਾ ਅਣਜਾਣਪੁਣਾ ਕਰ ਸਕਦੀ ਸਾਂ; ਅੱਜ ਮੇਰੇ ਲਈ ਇਹ ਮੰਨਣਾ ਬਿਲਕੁਲ ਸੁਭਾਵਕ ਹੋ ਗਿਆ ਹੈ ਕਿ ਜਿਸ ਆਦਰਸ਼ ਲਈ ਸੁਹਣੇ, ਸੁੱਚੇ, ਸੰਸਾਰਕ ਜੀਵਨ ਨਾਲੋਂ ਵੱਖਰਾ ਕੋਈ ਉਪਰਾਲਾ ਕਰਨਾ ਪਵੇ, ਉਸ ਆਦਰਸ਼ ਵਿੱਚ ਜੀਵਨ ਦੇ ਅਹਿਤ ਦੀ ਸੰਭਾਵਨਾ ਸਮਾਈ ਹੋਈ ਹੁੰਦੀ ਹੈ, ਜਿਸ ਨੇ ਸਾਕਾਰ ਹੋਣਾ ਹੀ ਹੁੰਦਾ ਹੈ।

ਦੇਵ ਵੀਰ ਜੀ ਬਾਰੇ ਜਾਣਨਾ ਕਿਸੇ ਦਾਰਸ਼ਨਿਕ ਅਧਿਐਨ ਨਾਲੋਂ ਘੱਟ ਰੌਚਕ ਅਤੇ ਸੁੰਦਰ ਨਹੀਂ ਹੋ ਸਕਦਾ। ਤੇਰੇ ਅਗਲੇ ਪੱਤ੍ਰਾਂ ਵਿੱਚੋਂ ਅਜੇਹੀ ਜਾਣਕਾਰੀ ਦੀ ਆਸ ਅਤੇ ਉਤਸੁਕਤਾ ਮੇਰਾ ਮਨ ਮੱਲੀ ਬੈਠੀ ਹੈ। ਇਸ ਪੱਤ੍ਰ ਰਾਹੀਂ ਮੈਂ ਤੈਨੂੰ ਏਥੋਂ ਬਾਰੇ ਕੁਝ ਜਾਣਕਾਰੀ ਦੇਣ ਲੱਗੀ ਹਾਂ।

ਪਿਛਲੀ ਮਿਲਨੀ ਉੱਤੇ ਸੁਮੀਤ ਨੇ ਮੈਨੂੰ ਦੱਸਿਆ ਸੀ ਕਿ ਉਹ ਨੌਕਰੀ ਛੱਡ ਰਿਹਾ ਹੈ। ਕਾਰਨ ਇਹ ਹੈ ਕਿ ਨੀਲੂ ਜੀ ਨੇ ਜਿੰਨੇ ਪੈਸੇ ਕਮਾ ਕੇ ਦੇਣ ਦੀ, ਉਸ ਦੀ ਡਿਊਟੀ ਲਾਈ ਸੀ, ਓਨੇ ਉਹ ਦੇ ਚੁੱਕਾ ਹੈ। ਇਹ ਸੂਚਨਾ ਬਹੁਤੇ ਮਹੱਤਵ ਵਾਲੀ ਨਹੀਂ। ਇਸ ਨਾਲੋਂ ਵਧੇਰੇ ਮਹੱਤਵ ਵਾਲੀ ਗੱਲ ਇਹ ਹੈ ਕਿ ਪਾਪਾ ਦੀ ਤਰੱਕੀ ਹੋ ਗਈ ਹੈ ਅਤੇ ਉਨ੍ਹਾਂ ਨੂੰ ਏਥੋਂ ਬਦਲ ਕੇ ਚੰਡੀਗੜ੍ਹ ਜਾਣਾ ਪੈ ਰਿਹਾ ਹੈ। ਉਹ ਇਸ ਨਾਲ ਬਹੁਤੇ ਖ਼ੁਸ਼ ਨਹੀਂ ਹਨ। ਏਥੇ ਉਨ੍ਹਾਂ ਦੇ ਮਿੱਤਰਾਂ ਦਾ ਘੇਰਾ ਉਨ੍ਹਾਂ ਦੇ ਜੀਵਨ ਦੀ ਖ਼ੂਬਸੂਰਤੀ ਬਣ ਚੁੱਕਾ ਹੈ। ਪਿਤਾ ਜੀ ਅਤੇ ਪ੍ਰੋਫ਼ੈਸਰ ਅੰਕਲ ਤੋਂ ਦੂਰ ਜਾਣਾ ਉਨ੍ਹਾਂ ਲਈ ਸੌਖਾ ਨਹੀਂ, ਤਾਂ ਵੀ ਉਨ੍ਹਾਂ ਦਾ ਖ਼ਿਆਲ ਹੈ ਕਿ ਜੀਵਨ ਦੇ ਇਸ ਕਠੋਰ ਸੱਚ ਸਾਹਮਣੇ ਝੁਕਣਾ ਹੀ ਪੈਣਾ ਹੈ। ਕਰਨ ਅਤੇ ਬੀ ਜੀ ਬਹੁਤ ਪ੍ਰਸੰਨ ਹਨ। ਮੈਂ ਏਥੇ ਰਹਿਣ ਦਾ ਬਹਾਨਾ ਲੱਭ ਰਹੀ ਸਾਂ ਕਿ ਕੱਲ੍ਹ ਗੱਲਾਂ ਗੱਲਾਂ ਵਿੱਚ ਪ੍ਰੋਫ਼ੈਸਰ ਅੰਕਲ ਜੀ ਨੇ ਪਾਪਾ ਨੂੰ ਕਿਹਾ, "ਪ੍ਰਿਥੀ, ਤੇਰੀ ਤਰੱਕੀ ਹੋ ਗਈ, ਤੇਰੇ ਘਰਵਾਲੀ ਨੂੰ ਸੁਹਣੇ ਸ਼ਹਿਰ ਵਿੱਚ ਰਹਿਣ ਦਾ ਮੌਕਾ ਮਿਲੇਗਾ, ਕਰਨ ਕਿਸੇ ਵਧੀਆ ਕਾਲਜ ਵਿੱਚ ਵਧੀਆ ਵਾਤਾਵਰਣ ਵਿੱਚ ਪੜ੍ਹੇਗਾ; ਪਰ ਇਹ, ਪੁਸ਼ਪੇਂਦ੍ਰ, ਉਥੇ ਜਾ ਕੇ ਕੀ ਕਰੇਗੀ ?"

"ਇਹ ਵੀ ਕੋਈ ਰੁਝੇਵਾਂ ਲੱਭ ਲਵੇਗੀ; ਕੋਈ ਨੌਕਰੀ ਜਾਂ ਪੜ੍ਹਾਈ। ਚੰਡੀਗੜ੍ਹ ਵਿੱਚ ਰੁਝੇਵਿਆਂ ਦੀ ਘਾਟ ਨਹੀਂ।"

"ਜੇ ਇਸ ਨੇ ਨੌਕਰੀ ਕਰਨੀ ਹੈ ਤਾਂ ਏਥੇ ਹੀ ਕਿਉਂ ਨਹੀਂ ਕਰ ਲੈਂਦੀ ?"

"ਏਥੇ ਕਿਹੜੀ ਨੌਕਰੀ ਹੈ ਇਹਦੇ ਯੋਗ ? ਫਿਰ ਰਹੇਗੀ ਕਿੱਥੇ ?

"ਇਹਦੇ ਰਹਿਣ ਦੀ ਚਿੰਤਾ ਕਰ ਕੇ ਤੂੰ ਆਪਣੀ ਅਕਲ ਅਤੇ ਮੇਰੀ ਮਿੱਤਰਤਾ ਦੋਹਾਂ ਦਾ ਨਿਰਾਦਰ ਕਰੇਂਗਾ। ਤਾਂ ਵੀ ਮੇਰੇ ਖ਼ਿਆਲ ਵਿੱਚ ਇਸ ਦਾ ਆਪਣੇ (ਸਨੇਹਾ ਦੇ) ਭਾਈ ਜੀ ਕੋਲ ਰਹਿਣਾ ਬਿਲਕੁਲ ਵਧੀਆ ਗੱਲ ਹੈ ਅਤੇ ਨੌਕਰੀ ਮੇਰੇ ਕੋਲ ਹੈ।"

"ਕਿਹੜੀ ?"

"ਸਾਨੂੰ ਆਪਣੇ ਸਕੂਲ ਲਈ ਇੱਕ ਅਧਿਆਪਕ ਜਾਂ ਅਧਿਆਪਿਕਾ ਦੀ ਲੋੜ ਹੈ। ਪੁਸ਼ਪੇਂਦ੍ਰ ਇਸ ਦੇ ਯੋਗ ਹੈ। ਜੇ ਇਸ ਨੂੰ ਪਸੰਦ ਹੋਵੇ ਤਾਂ ਇਹ ਨੌਕਰੀ ਇਸ ਨੂੰ ਦਿੱਤੀ ਜਾ ਸਕਦੀ ਹੈ।"

"ਦਵਿੰਦਰ, ਤੈਨੂੰ ਪਤਾ ਹੈ ਕਿ ਇਸ ਨੂੰ ਟੀਚਿੰਗ ਦਾ ਕੋਈ ਤਜਰਬਾ ਨਹੀਂ ਅਤੇ ਨਾ ਹੀ ਇਸ ਨੇ ਕੋਈ ਟ੍ਰੇਨਿੰਗ ਲਈ ਹੋਈ ਹੈ।"

"ਇਸੇ ਲਈ ਇਹ ਸਾਡੇ ਸਕੂਲ ਦੇ ਯੋਗ ਹੈ।"

"ਮੇਰੇ ਪੱਲੇ ਕੁਝ ਨਹੀਂਓਂ ਪਿਆ।"

"ਮੈਂ ਤਾਂ ਬਹੁਤ ਸਿੱਧੀ ਜਿਹੀ ਗੱਲ ਕੀਤੀ ਹੈ। ਪੱਲਾ ਹੈ ਸਹੀ ਤੇਰੇ ਕੋਲ ?"

"ਨਹੀਂ ਯਾਰ, ਇਹ ਮਜ਼ਾਕ ਵਾਲੀ ਗੱਲ ਨਹੀਂ।"

"ਬਿਲਕੁਲ ਠੀਕ। ਇਹ ਵਿੱਦਿਆ ਨਾਲ ਸੰਬੰਧ ਰੱਖਣ ਵਾਲੀ ਵਿਚਾਰ ਦੀ ਗੱਲ ਹੈ। ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਦੀ ਵਿੱਦਿਆ ਦੇ ਖੇਤਰ ਵਿੱਚ ਵਿਗਿਆਨਕ ਅਤੇ ਮਨੋਵਿਗਿਆਨਕ ਖੋਜ ਉੱਤੇ ਆਧਾਰਿਤ ਨਵੇਂ ਨੇਮਾਂ ਅਤੇ ਨਿਸ਼ਾਨਿਆਂ ਦਾ ਨਿਰਮਾਣ ਕੀਤਾ ਜਾਵੇ।"

"ਅਤੇ ਇਹ ਕੰਮ ਪੁਸ਼ਪੇਂਦ੍ਰ ਨੂੰ ਸੌਂਪਿਆ ਜਾਵੇ। ਭਲਾ ਕਿਉਂ ?"

"ਇਸ ਲਈ ਕਿ ਇਹ ਟੀਚਿੰਗ ਸੰਬੰਧੀ ਕੁਝ ਨਹੀਂ ਜਾਣਦੇ।"

"ਫਿਰ ਉਹੋ ਬੁਝਾਰਤ, ਜੋ ਜਾਣਦਾ ਨਹੀਂ, ਉਹ ਰੀਸਰਚ ਸੁਆਹ ਕਰੇਗਾ!"

"ਜਾਣਦੇ ਹੋਣਾ ਬੁਰਾ ਨਹੀਂ, ਪ੍ਰਿਥੀ; ਤਾਂ ਵੀ ਜਾਣਨਹਾਰ ਦੀ ਸੋਚ ਉਲਾਰ ਵੀ ਹੋ ਸਕਦੀ ਹੈ। 'ਪੂਰਵਧਾਰਣਾ' ਜਾਣਕਾਰੀ ਨਾਲ ਹੀ ਪੈਦਾ ਹੁੰਦੀ ਹੈ।"

"ਮੰਨਦਾ ਹਾਂ; ਪਰ ਕਿਸੇ ਖ਼ਿਆਲ ਜਾਂ ਥਿਊਰੀ ਦੇ ਹੱਕ ਵਿੱਚ ਜਾਂ ਖ਼ਿਲਾਫ਼ ਰਾਏ ਦੇਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਉਸ ਖ਼ਿਆਲ ਜਾਂ ਥਿਊਰੀ ਨੂੰ ਜਾਣਦੇ ਹੋਵੋ। ਨਿਰੀ ਜਾਣਕਾਰੀ ਜਾਂ ਵਾਕਫ਼ੀਅਤ ਨੂੰ ਪ੍ਰੈਜੂਡਿਸ ਜਾਂ.....(ਕੀ ਕਹਿੰਦੇ ਹੋ ਤੁਸੀਂ ਲੋਕ ਅੱਜ ਕੱਲ੍ਹ, ਯਾਰ ?)..... ਪੂਰਵਧਾਰਣਾ.....ਨਹੀਂ ਆਖਿਆ ਜਾ ਸਕਦਾ।"

"ਅਸਾਂ ਵੇਖਿਆ ਹੈ ਕਿ ਪੁਸ਼ਪੇਂਦ੍ਰ ਕੋਲ ਉਸ ਜਾਣਕਾਰੀ ਦੀ ਭਰਪੂਰ ਸਮਰਥਾ ਹੈ। ਇਸ ਦੀ ਸੋਚ ਉਲਾਰ ਨਹੀਂ। ਜਦੋਂ ਦੀ ਇਹ ਨੀਲੂ ਦੇ ਸੰਪਰਕ ਵਿੱਚ ਆਈ ਹੈ, ਉਦੋਂ ਦੇ ਅਸੀਂ ਇਸ ਪੱਖੋਂ ਪਰਖਦੇ ਆਏ ਹਾਂ ਇਸ ਨੂੰ।"

"ਨੀਲੂ ਕੌਣ, ਦੇਵਿੰਦਰ ?"

"ਸੁਮੀਤ ਦੀ ਮਾਤਾ।"

"ਹਾਂ, ਯਾਰ, ਸੁਮੀਤ ਨੌਕਰੀ ਛੱਡ ਰਿਹਾ ਹੈ। ਇਹ ਉਸ ਨੇ ਚੰਗਾ ਹੀ ਕੀਤਾ ਹੈ। ਇਹ

ਕੰਮ ਉਹਦੇ ਲਾਇਕ ਨਹੀਂ ਸੀ। ਪੁਸ਼ਪੀ ਵਾਲੀ ਗੱਲ ਮੇਰੇ ਮੰਨਣ ਵਿੱਚ ਤਾਂ ਆਉਂਦੀ ਹੈ; ਪਰ, ਇਸ ਦੇ ਬੀ ਜੀ ਨੂੰ ਰਜ਼ਾਮੰਦ ਕਰਨਾ ਪਵੇਗਾ।"

ਹੁਣ ਤਕ ਮੈਂ ਦੋਹਾਂ ਮਿੱਤਰਾਂ ਦੀਆਂ ਗੱਲਾਂ ਸੁਣ ਰਹੀ ਸਾਂ। ਪਾਪਾ ਦੀ ਰਜ਼ਾਮੰਦੀ ਸੁਣ ਕੇ ਮੈਂ ਏਨੀ ਖ਼ੁਸ਼ ਹੋਈ ਕਿ ਬੇ-ਵਸਾ ਹੀ ਮੇਰੇ ਮੂੰਹੋਂ ਨਿਕਲ ਗਿਆ, "ਪਾਪਾ, ਯੂ ਆਰ.....।" "ਗ੍ਰੇਟ" ਕਹਿੰਦੀ ਕਹਿੰਦੀ ਮੈਂ ਰੁਕ ਗਈ। ਅੰਕਲ ਨੇ ਆਖਿਆ, "ਪੁਸ਼ਪੇਂਦ੍ਰ ਕੁਝ ਕਹਿਣਾ ਚਾਹੁੰਦੀ ਹਾਂ।"

"ਕੁਝ ਨਹੀਂ। ਮੈਂ ਤਾਂ ਇਹ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਬਹੁਤ ਅਜੀਬ ਕਿਸਮ ਦੇ ਆਦਮੀ ਹੋ। ਸਾਰੀ ਗੱਲ ਮੇਰੇ ਨਾਲ ਸੰਬੰਧਤ ਹੈ। ਮੈਂ ਕੋਲ ਬੈਠੀ ਹਾਂ। ਤੁਸੀਂ ਮੇਰੇ ਕੋਲੋਂ ਪੁੱਛੇ ਬਿਨਾਂ ਹੀ ਮੇਰੇ ਬਾਰੇ ਫ਼ੈਸਲਾ ਕਰੀ ਜਾ ਰਹੇ ਹੋ, ਜਿਵੇਂ ਮੈਂ ਕੋਈ ਬੱਚਾ ਜਾਂ ਕਠਪੁਤਲੀ ਹੋਵਾਂ। ਸਾਰਾ ਪਰਿਵਾਰ ਜਾ ਵੱਸੇਗਾ ਚੰਡੀਗੜ੍ਹ ਵਰਗੇ ਮਾਡਰਨ ਟਾਊਨ ਵਿੱਚ ਅਤੇ ਮੈਂ ਇਸ ਬੈਕਵਰਡ ਬਾਰਡਰ ਏਰੀਏ ਵਿੱਚ ਬੈਠੀ ਰਹਾਂਗੀ। ਵਾਹ! ਕਿਆ ਸੋਚ ਹੈ!" ਇਨ੍ਹਾਂ ਸ਼ਬਦਾਂ ਦੀ ਸਹਾਇਤਾ ਨਾਲ ਮੈਂ ਆਪਣੀ ਉਸ ਖ਼ੁਸ਼ੀ ਨੂੰ ਛੁਪਾਉਣ ਦਾ ਸਫਲ ਜਤਨ ਕਰ ਲਿਆ ਜਿਹੜੀ ਅੰਕਲ ਦੀ ਮੰਗ ਅਤੇ ਪਾਪਾ ਦੀ ਰਜ਼ਾਮੰਦੀ ਨਾਲ ਪੈਦਾ ਹੋਈ ਸੀ ਅਤੇ ਸਦਾਚਾਰ ਦੇ ਸਾਰੇ ਹੱਦ-ਬੰਨੇ ਤੋੜ ਕੇ "ਪਾਪਾ, ਯੂ ਆਰ ਗ੍ਰੇਟ" ਸ਼ਬਦਾਂ ਦਾ ਰੂਪ ਧਾਰ ਕੇ ਸਾਰੇ ਵਾਤਾਵਰਣ ਨੂੰ ਸੰਗੀਤਕ ਅਤੇ ਸੁਗੰਧਤ ਕਰਨ ਲਈ ਬੇ-ਵਸੀ ਬਾਹਰ ਆਉਂਦੀ ਆਉਂਦੀ ਰੁਕ ਗਈ ਸੀ। ਮੇਰੀ ਗੱਲ ਸੁਣ ਕੇ ਦੋਹਾਂ ਮਿੱਤਰਾਂ ਨੇ ਇੱਕ ਦੂਜੇ ਵੱਲ ਵੇਖਿਆ ਅਤੇ ਨਜ਼ਰਾਂ ਝੁਕਾਅ ਲਈਆਂ।

ਕੁਝ ਪਲ ਚੁੱਪ ਰਹਿ ਕੇ ਪਾਪਾ ਨੇ ਆਖਿਆ, "ਪੁਸ਼ਪੂ ਬੇਟਾ, ਪਤਾ ਨਹੀਂ ਕਿਵੇਂ ਅਤੇ ਕਿਉਂ ਸਾਨੂੰ ਇਹ ਭਰੋਸਾ ਸੀ ਕਿ ਤੂੰ ਸਾਡੀ ਗੱਲ ਨਹੀਂ ਮੋੜੇਂਗੀ।"

ਪਾਪਾ ਦੇ ਸ਼ਬਦਾਂ ਵਿੱਚੋਂ ਖ਼ਿਮਾ-ਯਾਚਨਾ ਡੁੱਲ੍ਹ ਡੁੱਲ੍ਹ ਪੈ ਰਹੀ ਸੀ। ਮੈਂ ਆਪ-ਮੁਹਾਰੀ ਖ਼ੁਸ਼ੀ ਲੁਕਾਉਣ ਵਿੱਚ ਸਫਲ ਹੋ ਗਈ ਸਾਂ। ਪਾਪਾ ਅਤੇ ਅੰਕਲ ਆਪਣੀ ਪਹਿਲੀ ਭੁੱਲ ਦੇ ਅਹਿਸਾਸ ਵਿੱਚੋਂ ਅਜੇ ਬਾਹਰ ਨਹੀਂ ਸਨ ਆਏ ਕਿ ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਦੂਜੀ ਭੁੱਲ ਦਾ ਅਹਿਸਾਸ ਕਰਵਾਉਣਾ ਸ਼ੁਰੂ ਕਰ ਦਿੱਤਾ, "ਤੁਹਾਨੂੰ ਇਹ ਭਰੋਸਾ 'ਸੀ' ਕਿ ਮੈਂ ਤੁਹਾਡੀ ਗੱਲ ਨਹੀਂ ਮੋੜਾਂਗੀ। ਕੀ ਹੁਣ ਇਹ ਭਰੋਸਾ ਨਹੀਂ ਰਿਹਾ? ਮੈਨੂੰ ਪਹਿਲਾਂ ਵੀ ਭਰੋਸਾ 'ਸੀ' ਕਿ ਤੁਸੀਂ ਮੇਰੀ ਰਾਏ ਨੂੰ ਮਹੱਤਵ ਦਿਉਗੇ ਅਤੇ ਹੁਣ ਵੀ 'ਹੈ'। ਕਿੰਨਾ ਫ਼ਰਕ ਹੈ ਤੁਹਾਡੇ ਅਤੇ ਮੇਰੇ ਸੰਸਕਾਰਾਂ ਵਿੱਚ; ਏ ਬਿੱਗ ਜਨਰੇਸ਼ਨ ਗੈਪ।"

"ਦਵਿੰਦਰ, ਤੂੰ ਸਮਝਾ, ਯਾਰ, ਇਸ ਕੁੜੀ ਨੂੰ, ਮੇਰੇ ਕੋਲ ਇਹਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ।"

ਅੰਕਲ ਨੇ ਆਪਣੀ ਅਕਲੀ ਆਧੁਨਿਕਤਾ ਨੂੰ ਦਾਰਸ਼ਨਿਕਤਾ ਦਾ ਰੂਪ ਦਿੰਦਿਆਂ ਹੋਇਆਂ ਆਖਿਆ, "ਬੇਟਾ, ਸਾਡਾ ਫ਼ੈਸਲਾ ਸਾਡੇ ਮੱਧਕਾਲੀਨ ਸੰਸਕਾਰਾਂ ਦਾ ਸਿੱਟਾ ਨਹੀਂ। ਆਪਣੀ ਲੋੜ ਦੇ ਦਬਾਅ ਵਿੱਚ ਆ ਕੇ ਅਸਾਂ ਏਦਾਂ ਸੋਚ ਲਿਆ ਸੀ। ਉਂਜ ਤੈਨੂੰ ਆਪਣੇ ਫ਼ੈਸਲੇ ਆਪ ਕਰਨ ਦਾ ਪੂਰਾ ਅਧਿਕਾਰ ਹੈ। ਸਗੋਂ ਸਾਨੂੰ ਇਹ ਖ਼ੁਸ਼ੀ ਹੈ ਕਿ ਤੂੰ ਆਪਣੇ ਲਈ ਆਪ ਸੋਚ ਸਕਦੀ ਹੈਂ.....।"

ਮੈਂ ਖ਼ੁਸ਼ ਸਾਂ ਅਤੇ ਮੇਰੀ ਖ਼ੁਸ਼ੀ ਦੇ ਦੋ ਕਾਰਨ ਸਨ। ਇੱਕ ਇਹ ਕਿ—ਮੈਨੂੰ ਪੱਕੇ ਤੌਰ ਉੱਤੇ, ਜਾਂ ਲੱਗਪੱਗ ਪੱਕੇ ਤੌਰ ਉੱਤੇ, ਮਨ-ਚਾਹੇ ਮਿੱਤਰਾਂ ਦੇ ਨੇੜ ਵਿੱਚ ਰਹਿਣ ਦਾ ਮੌਕਾ ਮਿਲ ਰਿਹਾ ਸੀ ਅਤੇ ਉਹ ਵੀ ਅਣ-ਮੰਗਿਆ ਅਤੇ ਦੂਜਾ ਇਹ ਕਿ—ਮੈਂ ਮੀਸਣੀ ਬਣ ਕੇ ਦੋ ਸਿਆਣੇ ਬਿਆਣੇ ਆਦਮੀਆਂ ਨੂੰ ਬੁੱਧੂ ਬਣਾ ਰਹੀ ਸਾਂ। ਅੰਕਲ ਜੀ ਨੇ ਆਪਣੀ ਗੱਲ

ਜਾਰੀ ਰੱਖੀ, "ਸਾਨੂੰ ਜੇ ਕੋਈ ਅਫ਼ਸੋਸ ਹੈ ਤਾਂ ਇਸ ਗੱਲ ਦਾ ਕਿ ਅਸੀਂ ਤੈਨੂੰ ਸਮਝਣ ਵਿੱਚ ਗ਼ਲਤੀ ਕਰ ਗਏ ਹਾਂ। ਤੇਰੇ ਪਾਪਾ ਦਾ ਖ਼ਿਆਲ ਸੀ (ਅਤੇ ਮੇਰਾ ਵੀ) ਕਿ ਤੂੰ ਚੰਡੀਗੜ੍ਹ ਜਾਣ ਦੀ ਥਾਂ ਏਥੇ ਰਹਿਣਾ ਪਸੰਦ ਕਰੇਂਗੀ। ਇਸ ਵਿਚਾਰੇ ਨੇ ਬੜੀ ਮੁਸ਼ਕਲ ਨਾਲ ਤੇਰੇ ਬੀ ਜੀ ਨੂੰ ਮਨਾਇਆ ਹੈ। ਸਾਰੀ ਮਿਹਨਤ ਅਜਾਈਂ ਗਈ। ਅਸੀਂ ਤੇਰੀ ਰਾਏ ਦਾ ਸਤਿਕਾਰ ਕਰਦੇ ਹੋਏ ਤੇਰੇ ਫ਼ੈਸਲੇ ਸਾਹਮਣੇ ਸਿਰ ਝੁਕਾਉਂਦੇ ਹਾਂ। ਤੈਨੂੰ ਚੰਡੀਗੜ੍ਹ ਪਸੰਦ ਹੈ; ਤੂੰ ਓਥੇ ਜਾ। ਅਸੀਂ ਆਪਣੇ ਕੰਮ ਲਈ ਕੋਈ ਦੂਜਾ ਵਿਅਕਤੀ ਵੇਖ ਲਵਾਂਗੇ । ਚੰਗਾ ਬਈ, ਪ੍ਰਿਥੀ, ਮੈਂ ਚੱਲਦਾ ਹਾਂ।" ਕਹਿ ਕੇ ਅੰਕਲ ਜੀ ਉੱਠ ਖਲੋਤੇ।

ਮਾਨੋ ਮੇਰੀਆਂ ਖ਼ੁਸ਼ੀਆਂ ਨੇ ਮੇਰੇ ਕੋਲੋਂ ਵਿਦਾ ਮੰਗ ਲਈ। ਇਹ ਕੀ ਹੋ ਗਿਆ ? ਇਨ੍ਹਾਂ ਦਾ ਮੌਜੂ ਬਣਾਉਣ ਦੇ ਲੋਰ ਵਿੱਚ ਮੈਂ ਆਪਣੀ ਖੇਡ ਖ਼ਰਾਬ ਕਰ ਬੈਠੀ। ਮੇਰਾ ਮਜ਼ਾਕ ਮੈਨੂੰ ਹੀ ਮਹਿੰਗਾ ਪੈ ਗਿਆ ਹੋਣ ਕਰਕੇ ਮੈਂ ਕੁਝ ਡੌਰ ਭੌਰੀ ਜਿਹੀ ਹੋ ਗਈ। ਕੁਝ ਸੁੱਝੇ ਨਾ, ਕੀ ਕਰਾਂ ? ਕੀ ਆਖਾਂ ? ਪਤਾ ਨਹੀਂ ਸੀ ਲੱਗ ਰਿਹਾ; ਪਰ ਆਖੀ ਵੀ ਜਾ ਰਹੇ ਸਾਂ, "ਨਹੀਂ, ਪਾਪਾ, ਨਹੀਂ ਅੰਕਲ, ਮੇਰਾ ਮਤਲਬ.....ਮੈਂ.....ਤੁਸੀਂ.....ਅਸਲ ਗੱਲ.....ਤੁਸੀਂ ਸਮਝੇ ਨਹੀਂ.....; ਸ਼ਾਇਦ ਮੈਨੂੰ ਹੀ ਕੋਈ ਗ਼ਲਤੀ ਲੱਗੀ ਹੈ। ਮੈਨੂੰ ਤੁਹਾਡੀ ਆਗਿਆ ਮੰਨਣੀ ਚਾਹੀਦੀ ਹੈ।"

"ਨਾ, ਪੁਸ਼ਪੀ, ਬੱਚਿਆਂ ਕੋਲੋਂ ਹੁਕਮ ਮਨਵਾਉਣ ਵਾਲੇ ਦਿਨ ਗਏ। ਤੇਰੇ ਮੇਰੇ ਦਰਮਿਆਨ ਜਨਰੇਸ਼ਨ ਗੈਪ ਜ਼ਰੂਰ ਹੋਵੇਗਾ ਪਰ ਏਨਾ ਵੱਡਾ ਨਹੀਂ ਕਿ ਮੈਂ ਤੇਰੇ ਦਿਲ ਦੀ ਖ਼ੁਸ਼ੀ ਨਾਲੋਂ ਆਪਣੇ ਹੁਕਮ ਨੂੰ ਬਹੁਤੀ ਅਹਿਮੀਅਤ ਦਿਆਂ। ਇਸ ਲਈ ਮੈਂ ਉਹੋ ਕਰਾਂਗਾ ਜੋ ਤੈਨੂੰ ਪਸੰਦ ਹੋਵੇ। ਆਪਣੇ ਲਈ ਸੋਚਣ ਦਾ ਤੈਨੂੰ ਅਧਿਕਾਰ ਹੈ ਅਤੇ ਤੇਰੀ ਰਾਏ ਦੀ ਇੱਜ਼ਤ ਕਰਨਾ ਮੇਰਾ ਫ਼ਰਜ਼ ਹੈ।"

"ਇਸ ਲਈ ਤੁਸੀਂ ਮੈਨੂੰ.....।"

"ਇਸ ਲਈ ਮੈਂ ਤੈਨੂੰ ਏਥੇ ਛੱਡ ਜਾਵਾਂਗਾ ਕਿਉਂਕਿ ਮੈਂ ਜਾਣਦਾ ਹਾਂ ਕਿ ਤੂੰ ਏਥੇ ਰਹਿਣਾ ਚਾਹੁੰਦੀ ਹੈਂ। ਤੇਰਾ ਤਮਾਸ਼ਾ ਵੇਖ ਰਹੇ ਸਾਂ ਅਸੀਂ.....ਬੱਸ।"

ਮੈਂ ਅੰਕਲ ਵੱਲ ਵੇਖਿਆ। ਉਨ੍ਹਾਂ ਦੀਆਂ ਅੱਖਾਂ ਵਿੱਚ ਇੱਕ ਸ਼ਰੀਫ਼ ਜਿਹੀ ਸ਼ਰਾਰਤ ਅਤੇ ਬੁੱਲ੍ਹਾਂ ਉੱਤੇ ਭੇਤ ਭਰੀ ਮੁਸਕ੍ਰਾਹਟ ਮੌਲ ਰਹੀ ਸੀ। ਮੈਂ ਖ਼ੁਸ਼ੀ, ਸ਼ਰਮਿੰਦਗੀ ਅਤੇ ਸ਼ੁਕਰਗੁਜ਼ਾਰੀ ਦੇ ਭਾਵਾਂ ਨਾਲ ਭਰੀ ਸਿਰ ਝੁਕਾਈ ਖਲੋਤੀ ਸਾਂ। ਪਾਪਾ ਦਾ ਪਿਆਰ ਭਰਿਆ ਹੱਥ ਮੇਰੇ ਸਿਰ ਉੱਤੇ ਆ ਟਿਕਿਆ।

ਪੁਸ਼ਪੇਂਦ੍ਰ।

## 29

ਈਸਟ ਹੈਮ,
1.7.96.

ਪੁਸ਼ਪੇਂਦ੍ਰ,

ਪਿਛਲੇ ਦਸ ਬਾਰਾਂ ਦਿਨ ਦੇਵ ਵੀਰ ਜੀ ਮੇਰੇ ਸਿਰ ਵਿੱਚ ਵੀ ਸਮਾਏ ਰਹੇ ਹਨ। ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਨਾਲ ਹੋਏ ਵਾਪਰੇ ਨੂੰ ਸੱਚ ਮੰਨਣਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਪਾਪਾ ਨਾਲ ਦੇਵ ਜੀ ਬਾਰੇ ਸਿੱਧੇ ਤੌਰ ਉੱਤੇ ਗੱਲ ਕਰ ਕੇ ਵਧੇਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਕੱਲ ਵਾਲੀ ਇਕੱਤ੍ਰਤਾ ਵਿੱਚ ਮੈਂ ਇਉਂ ਹੀ ਕਰਨ ਵਾਲੀ ਸਾਂ; ਪਰ, ਮੌਕਾ ਨਾ ਮਿਲ ਸਕਿਆ। ਬਿਨਾਂ ਕਿਸੇ ਭੂਮਿਕਾ ਦੇ ਪਾਪਾ ਨੇ ਆਖਣਾ ਆਰੰਭ ਕਰ ਦਿੱਤਾ, "ਤੁਹਾਨੂੰ ਯਾਦ ਹੋਵੇਗਾ ਕਿ ਸੋਚ-ਸਮੁੰਦਰ-ਮੰਥਨ ਦੇ ਆਰੰਭ ਵਿੱਚ ਅਸਾਂ ਇਸ ਪ੍ਰਸ਼ਨ ਦਾ ਉੱਤਰ ਲੱਭਣ ਦਾ ਜਤਨ ਕੀਤਾ ਸੀ ਕਿ ਦਾਰਸ਼ਨਿਕਤਾ ਜਾਂ ਫਿਲਾਸਫੀ ਦਾ ਆਰੰਭ ਕਰਨ ਦਾ ਸੁਭਾਗ ਅਤੇ ਗੌਰਵ ਯੂਨਾਨੀਆਂ ਨੂੰ ਕਿਉਂ ਪ੍ਰਾਪਤ ਹੋਇਆ।"

"ਵੀਰ ਜੀ, ਵਿਚਾਰ ਕੀਤੀ ਗਈ ਸੀ ਅਤੇ ਕੁਝ ਇੱਕ ਗੱਲਾਂ ਯਾਦ ਵੀ ਹਨ; ਪਰ, ਸਾਰੀ ਗੱਲ ਸਾਂਗੋਪਾਂਗ ਯਾਦ ਨਹੀਂ। ਅੱਜ ਅਚਾਨਕ ਉਸ ਵੱਲ ਧਿਆਨ ਦੇਣ ਦੀ ਲੋੜ ਕਿਉਂ ਪੈ ਗਈ ?"

"ਇੱਕ ਤਾਂ ਇਸ ਲਈ ਕਿ ਅਸੀਂ ਐਵੇਂ ਕੰਨ-ਰਸ ਜਾਂ ਵਕਤ ਵਿਹਾਉਣ ਲਈ ਗੱਲਾਂ ਨਹੀਂ ਕਰਦੇ; ਸਗੋਂ, ਸੋਚ ਦੇ ਇਤਿਹਾਸ ਅਤੇ ਵਿਕਾਸ ਨੂੰ ਜਾਣਨਾ ਸਾਡਾ ਮਨੋਰਥ ਹੈ। ਦੂਜੇ ਇਹ ਕਿ ਪਿਛਲਾ ਸਾਰਾ ਸਮਾਂ ਸੋਚ ਕੇਵਲ 'ਯੂਨਾਨੀਆਂ' ਨਾਲ ਸੰਬੰਧਤ ਰਹੀ ਹੈ; ਹੁਣ ਇਸ ਨੇ ਯੂਨਾਨ ਦੀ 'ਧਰਤੀ' ਵੱਲ ਮੂੰਹ ਕਰ ਲਿਆ ਹੈ। ਇਸ ਕਰ ਕੇ.....।"

"ਪਾਪਾ, ਤੁਹਾਡੇ ਅੰਤਲੇ ਵਾਕ ਦੀ ਬਿਲਕੁਲ ਸਮਝ ਨਹੀਂ ਆਈ।"

"ਮੈਂ ਦੱਸਦੀ ਹਾਂ, ਨੀਰਜ। ਹੁਣ ਤਕ ਜਿੰਨੇ ਵਿਚਾਰਵਾਨਾਂ ਦਾ ਜ਼ਿਕਰ ਹੋਇਆ ਹੈ ਉਨ੍ਹਾਂ ਵਿੱਚੋਂ ਕੋਈ ਵੀ ਯੂਨਾਨ ਦਾ ਵਸਨੀਕ ਨਹੀਂ ਸੀ। ਉਹ ਸਾਰੇ ਯੂਨਾਨ ਤੋਂ ਬਾਹਰ ਦੂਜੇ ਦੇਸ਼ਾਂ ਅਤੇ ਟਾਪੂਆਂ ਵਿੱਚ ਵਸਾਈਆਂ ਹੋਈਆਂ ਯੂਨਾਨੀ ਬਸਤੀਆਂ ਦੇ ਰਹਿਣ ਵਾਲੇ ਸਨ। ਉਨ੍ਹਾਂ ਨੂੰ ਪਰਵਾਸੀ ਯੂਨਾਨੀ ਵੀ ਆਖਿਆ ਜਾ ਸਕਦਾ ਹੈ। ਉਨ੍ਹਾਂ ਦੇ ਆਸ਼ਰਮ ਜਾਂ ਸਕੂਲ ਯੂਨਾਨ ਤੋਂ ਬਾਹਰ ਵੱਸੇ ਹੋਏ ਨਗਰ ਰਾਜਾਂ ਵਿੱਚ ਸਨ। ਅਨੈਕਸਾਗੋਰਸ ਪਹਿਲਾ ਅਜੇਹਾ ਯੂਨਾਨੀ ਵਿਚਾਰਵਾਨ ਸੀ, ਜਿਸ ਨੇ ਯੂਨਾਨ ਦੀ ਧਰਤੀ ਉੱਤੇ ਸਕੂਲ ਖੋਲ੍ਹਿਆ। ਉਸ ਰਾਹੀਂ ਯੂਨਾਨ ਵਿੱਚ ਫਲਸਫੇ ਦਾ ਆਗਮਨ ਹੋਇਆ।"

"ਬੇਟਾ ਜੀ, ਇਹ ਵੀ ਪਰਵਾਸੀ ਸੀ ਜਾਂ ਯੂਨਾਨ ਦਾ ਜੰਮਪਲ ?"

"ਇਹ ਵੀ ਪਰਵਾਸੀ ਸੀ, ਅੰਕਲ ਜੀ। ਇਹ ਉਸੇ ਦੇਸ਼ ਵਿੱਚ ਪੈਦਾ ਹੋਇਆ ਸੀ ਜਿਸ ਵਿੱਚ ਫਿਲਾਸਫੀ ਦਾ ਪਿਤਾਮਾ ਮੰਨਿਆ ਜਾਣ ਵਾਲਾ ਥੇਲੀਜ਼ ਪੈਦਾ ਹੋਇਆ ਸੀ। ਉਸ ਸਮੇਂ

ਉਸ ਦੇਸ਼ ਨੂੰ ਇਓਨੀਆਂ ਆਖਦੇ ਸਨ। ਇਹ ਮੰਨਿਆ ਜਾਂਦਾ ਹੈ ਕਿ ਪੈਰੀਕਲੀਜ਼ ਨੇ ਅਨੈਕਸਾਗੋਰਸ ਨੂੰ ਏਥਨਜ਼ ਆਉਣ ਲਈ ਆਖਿਆ ਸੀ। ਅਨੈਕਸਾਗੋਰਸ ਯੂਨਾਨ ਦੀ ਧਰਤੀ ਉੱਤੇ ਦਰਸ਼ਨ ਦਾ ਪਹਿਲਾ ਅਧਿਆਪਕ ਸੀ। ਮਹਾਨ ਉਸਰੱਈਆ ਪੈਰੀਕਲੀਜ਼ ਅਤੇ ਯੂਨਾਨੀ ਦੁਖਾਂਤ ਦਾ ਮੋਢੀ ਯੂਰਪੀਡੀਜ਼, ਦੋਵੇਂ ਇਸ ਦੇ ਸ਼ਾਗਿਰਦ ਸਨ। ਏਥਨਜ਼ ਵਿੱਚ ਵਿਚਰਦੀ ਹੋਈ ਸੋਚ ਨੇ ਦਰਸ਼ਨ, ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਅਪਹੁੰਚ ਉਚਾਈਆਂ ਨੂੰ ਪਰਸਿਆ ਹੈ। ਯੂਨਾਨ ਦੇ ਜਿਨ੍ਹਾਂ ਖੰਡਰਾਂ ਦੀ ਖ਼ੂਬਸੂਰਤੀ ਅਤੇ ਵਿਸ਼ਾਲਤਾ ਨੂੰ ਵੇਖ ਕੇ ਦੁਨੀਆ ਦੇ ਲੋਕ ਮੂੰਹ ਵਿੱਚ ਉਂਗਲਾਂ ਪਾਉਂਦੇ ਹਨ, ਉਨ੍ਹਾਂ ਦਾ ਵੱਡਾ ਭਾਗ ਏਥਨਜ਼ ਵਿੱਚ ਹੈ ਅਤੇ ਏਸੇ ਦਾਰਸ਼ਨਿਕ ਦੇ ਸ਼ਾਗਿਰਦ, ਪੈਰੀਕਲੀਜ਼ ਦੀ ਲਗਨ, ਮਿਹਨਤ ਅਤੇ ਸਿਆਣਪ ਦੀ ਦੇਣ ਹੈ। ਇੱਕ ਵੇਰ ਏਥਨਜ਼ ਵਿੱਚ ਆ ਕੇ ਯੂਨਾਨੀ ਸੋਚ ਏਥੋਂ ਦੀ ਪੱਕੀ ਵਸਨੀਕ ਬਣ ਗਈ। ਸੁਕਰਾਤ, ਪਲੇਟੋ ਅਤੇ ਅਰਸਤੂ ਏਥੇ ਹੀ ਉਪਜੇ ਵਿਕਸੇ ਅਤੇ ਆਧੁਨਿਕ ਵਿਗਿਆਨਕ ਵਿਚਾਰ ਦਾ ਅੰਕੁਰ ਵੀ ਏਥੇ ਹੀ ਫੁੱਟਿਆ!"

"ਵੀਰ ਜੀ, ਏਥਨਜ਼ ਵਿੱਚ ਅਜੇਹਾ ਕੀ ਸੀ ਜਿਸ ਕਰਕੇ ਡੇਢ ਦੋ ਸੌ ਸਾਲ ਤੱਕ ਏਧਰ ਓਧਰ ਪਈ ਫਿਰਨ ਵਾਲੀ ਸੋਚ ਏਥੇ ਆ ਵੱਸੀ? ਪਹਿਲਾਂ ਹੀ ਏਥੇ ਕਿਉਂ ਨਾ ਉਪਜੀ? ਪਤਾ ਨਹੀਂ ਮੈਂ ਆਪਣਾ ਪ੍ਰਸ਼ਨ ਠੀਕ ਢੰਗ ਨਾਲ ਪੁੱਛ ਸਕਿਆ ਹਾਂ ਕਿ ਨਹੀਂ।"

"ਤੁਸਾਂ ਬਿਲਕੁਲ ਠੀਕ ਪੁੱਛਿਆ ਹੈ। ਮੈਂ ਚਾਹੁੰਦਾ ਸਾਂ ਕਿ ਇਹ ਪ੍ਰਸ਼ਨ ਤੁਹਾਡੇ ਮਨ ਵਿੱਚ ਉਪਜੇ। ਬੇਟੀ ਸਨੇਹਾ ਨੇ ਮੇਰੀ ਬਹੁਤ ਮਦਦ ਕੀਤੀ ਹੈ। ਗੱਲ-ਬਾਤ ਦੇ ਆਰੰਭ ਵਿੱਚ ਅਸਾਂ ਵਿਚਾਰ ਕੀਤੀ ਸੀ ਕਿ ਰੂਮ ਸਾਗਰ ਦੇ ਚੁਫੇਰੇ ਉਪਜਣ ਬਿਨਸਣ ਵਾਲੀਆਂ ਪੁਰਾਤਨ ਸਭਿਅਤਾਵਾਂ, ਫਲਸਫੇ ਦੀ ਉਪਜ ਵਿੱਚ ਆਪੋ ਆਪਣਾ ਯੋਗਦਾਨ ਦਿੰਦੀਆਂ ਰਹੀਆਂ ਹਨ। ਅਨੁਭਵ ਦੀ ਅਮੀਰੀ, ਭਾਵਾਂ ਦੀ ਕੋਮਲਤਾ, ਕਲਪਨਾ ਦੀ ਨਵੀਨਤਾ ਅਤੇ ਭਾਸ਼ਾ ਦੀ ਪਰਬੀਨਤਾ ਨੂੰ ਜਦੋਂ ਅਤੇ ਜਿੱਥੇ ਵੀ ਸੁਰੱਖਿਆ, ਸ਼ਾਂਤੀ ਅਤੇ ਵਿਹਲ ਦਾ ਅਵਸਰ ਪ੍ਰਾਪਤ ਹੋਇਆ ਹੈ, ਉਦੋਂ ਅਤੇ ਉੱਥੇ ਫਲਸਫੇ ਜਾਂ ਦਰਸ਼ਨ ਦੀ ਰੁਚੀ ਜ਼ਰੂਰ ਉਪਜੀ ਹੈ। ਯੂਨਾਨੀਆਂ ਕੋਲ ਇਹ ਸਭ ਕੁਝ ਸੀ; ਪਰ ਯੂਨਾਨ ਦੀ ਧਰਤੀ ਉੱਤੇ ਨਹੀਂ, ਸਗੋਂ ਇਟਲੀ, ਸਿਸਲੀ ਆਦਿਕ ਵਿੱਚ ਵਸਾਈਆਂ ਹੋਈਆਂ ਯੂਨਾਨੀ ਬਸਤੀਆਂ (ਨਗਰ ਰਾਜਾਂ—ਸਿਟੀ ਸਟੇਟਸ) ਵਿੱਚ। ਬਾਹਰਲੇ ਸਾਰੇ ਯੂਨਾਨੀ ਨਗਰ ਰਾਜ ਵਪਾਰ ਦੇ ਕੇਂਦਰ ਸਨ, ਇਸ ਲਈ ਖ਼ੁਸ਼ਹਾਲ ਸਨ। ਯੂਨਾਨ ਪਹਾੜੀ ਜਿਹਾ ਦੇਸ਼ ਹੈ। ਬਹੁਤ ਥੋੜੀ ਜਿਹੀ ਧਰਤੀ ਵਾਹੀ ਜੋਤੀ ਦੇ ਯੋਗ ਹੈ। ਇਹ ਧਰਤੀ ਬਹੁਤੀ ਉਪਜਾਊ ਵੀ ਨਹੀਂ। ਪਹਾੜੀਆਂ ਨਾਲ ਘਿਰੇ ਹੋਏ ਨਿੱਕੇ ਨਿੱਕੇ ਯੂਨਾਨੀ ਨਗਰ ਰਾਜ ਨਿੱਕੀ ਨਿੱਕੀ ਗੱਲੋਂ ਆਪੋ ਵਿੱਚ ਲੜਦੇ ਰਹਿਣ ਕਰ ਕੇ ਸ਼ਾਂਤੀ ਅਤੇ ਸੁਰੱਖਿਆ ਨੂੰ ਵੀ ਤਰਸਦੇ ਰਹਿੰਦੇ ਸਨ। ਯੂਨਾਨੋਂ ਬਾਹਰਲੇ ਨਗਰ ਰਾਜ ਵੀ ਆਪੋ ਵਿੱਚ ਲੜਦੇ ਰਹਿੰਦੇ ਸਨ ਤਾਂ ਵੀ ਉਨ੍ਹਾਂ ਦੇ ਜੀਵਨ ਦਾ ਮੂਲ ਆਧਾਰ ਖੇਤੀ ਦੀ ਥਾਂ ਵਪਾਰ ਹੋਣ ਕਰਕੇ ਉਨ੍ਹਾਂ ਕੋਲ ਸੋਚ ਦੇ ਵਿਕਾਸ ਦੇ ਸਾਧਨ ਮੌਜੂਦ ਸਨ।"

"ਵੀਰ ਜੀ, ਯੂਨਾਨੀ ਮੇਨ ਲੈਂਡ (Main Land) ਦੇ ਵਸਨੀਕਾਂ ਨੇ ਆਪਣੀਆਂ ਬਦੇਸ਼ੀ ਬਸਤੀਆਂ ਕੋਲੋਂ ਕੁਝ ਸਿੱਖਿਆ ਕਿਉਂ ਨਾ ਲਈ?"

"ਤੁਹਾਡਾ ਪ੍ਰਸ਼ਨ ਨਾ ਗ਼ੈਰ-ਜ਼ਰੂਰੀ ਹੈ ਨਾ ਕੁਥਾਹਰਾ; ਇਸ ਲਈ, ਇਸ ਬਾਰੇ ਵਿਚਾਰ ਕਰ ਲੈਣਾ ਅਨੁਚਿੱਤ ਨਹੀਂ। ਸੰਸਾਰ ਦਾ ਸਾਰਾ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪਰਵਾਸੀ ਲੋਕ ਜਿਨ੍ਹਾਂ ਦੇਸ਼-ਵਾਸੀਆਂ ਨੂੰ ਪਿੱਛੇ ਛੱਡ ਕੇ ਆਏ ਹੁੰਦੇ ਹਨ, ਉਨ੍ਹਾਂ ਨੂੰ ਬਹੁਤਾ ਸਿਖਾ ਨਹੀਂ ਸਕਦੇ। ਦੇਸ਼-ਵਾਸੀ ਲੋਕ ਪਰਵਾਸੀਆਂ ਨੂੰ ਆਪਣੇ ਨਾਲੋਂ ਥੋੜਾ ਜਿਹਾ

ਨੀਵਾਂ ਸਮਝਦੇ ਹਨ। ਪਰਵਾਸੀਆਂ ਦੇ ਪਦਾਰਥਕ ਪ੍ਰਾਪਤੀ ਨੂੰ ਪਰਵਾਨਗੀ ਦਿੰਦਿਆਂ ਹੋਇਆਂ ਵੀ ਉਹ ਉਨ੍ਹਾਂ ਨੂੰ ਸਾਂਸਕ੍ਰਿਤਿਕ ਤੌਰ ਉੱਤੇ ਆਪਣੇ ਨਾਲੋਂ ਘਟੀਆ ਮੰਨਦੇ ਹਨ। ਇਸ ਵਿੱਚ ਕੁਝ ਸੱਚਾਈ ਹੁੰਦੀ ਵੀ ਹੈ। ਪਰਵਾਸੀਆਂ ਨੂੰ ਆਪਣੀ ਸਾਂਸਕ੍ਰਿਤਿਕ ਕਦਰਾਂ-ਕੀਮਤਾਂ ਲਈ ਮੇਨ ਲੈਂਡ ਵੱਲ ਵੇਖਣਾ ਪੈਂਦਾ ਹੈ। ਜਿਸ ਨਵੇਂ ਮਾਹੌਲ ਵਿੱਚ ਉਹ ਆ ਗਏ ਹੁੰਦੇ ਹਨ, ਉਸ ਦੇ ਪ੍ਰਭਾਵ ਗ੍ਰਹਿਣ ਕਰਨ ਦੀ ਮਜਬੂਰੀ ਵੀ ਹੁੰਦੀ ਹੈ। ਆਪਣੀਆਂ ਕਦਰਾਂ ਦੀ ਰਾਖੀ ਦੇ ਲੋਰ ਵਿੱਚ ਨਵੇਂ ਸਮਾਜ ਦੀਆਂ ਕੁਝ ਇੱਕ ਸਿਹਤਮੰਦ ਕਦਰਾਂ-ਕੀਮਤਾਂ ਨੂੰ ਵੀ ਬੁਰੀਆਂ ਅਤੇ ਘਟੀਆ ਕਹਿਣ ਦੀ ਭੁੱਲ ਕਰ ਜਾਂਦੇ ਹਨ। ਸਭਿਆਚਾਰਕ ਵਿਰਸੇ ਦੇ ਨਾਂ ਉੱਤੇ ਆਪਣੇ ਨਾਲ ਲਿਆਂਦੀਆਂ ਹੋਈਆਂ ਕਈ ਇੱਕ ਬੁਰਾਈਆਂ ਨੂੰ ਜੱਫਾ ਮਾਰੀ ਰੱਖਣ ਦਾ ਹੱਠ ਵੀ ਕਰਦੇ ਹਨ। ਇਨ੍ਹਾਂ ਅਤੇ ਕਈ ਹੋਰ ਕਾਰਨਾਂ ਕਰਕੇ ਉਹ ਨਾ ਆਪਣੇ ਨਵੇਂ ਅਪਣਾਏ ਸਮਾਜ ਨੂੰ ਕੁਝ ਦੇ ਸਕਦੇ ਹਨ ਅਤੇ ਨਾ ਹੀ ਪਿੱਛੇ ਛੱਡੇ ਸਮਾਜ ਨੂੰ। ਨਵੇਂ ਸਮਾਜ ਲਈ ਅਧਿਐਨ ਦਾ ਵਿਸ਼ਾ ਬਣਨਾ ਅਤੇ ਪਿੱਛੇ ਛੱਡੇ ਹੋਏ ਸਮਾਜ ਦੀਆਂ ਭੁੱਲਾਂ ਦੇ ਭਾਈਵਾਲ ਹੋਣਾ ਹੀ ਉਨ੍ਹਾਂ ਦੀ ਹੋਣੀ ਬਣ ਜਾਂਦਾ ਹੈ।"

"ਪਾਪਾ, ਤੁਹਾਡੀ ਇਹ ਗੱਲ ਕੇਵਲ ਅੱਜ ਕੱਲ ਦੇ ਪਰਵਾਸੀਆਂ ਉੱਤੇ ਲਾਗੂ ਹੁੰਦੀ ਹੈ; ਪੁਰਾਤਨ ਯੂਨਾਨੀ ਬਸਤੀਆਂ ਦੇ ਵਸਨੀਕਾਂ ਉੱਤੇ ਨਹੀਂ।"

"ਮੇਰਾ ਖ਼ਿਆਲ ਹੈ ਕਿ ਸਿਰਫ਼ ਅੰਤਲੀ ਗੱਲ ਉਨ੍ਹਾਂ ਉੱਤੇ ਲਾਗੂ ਨਹੀਂ ਹੁੰਦੀ; ਬਾਕੀ ਸਾਰੀਆਂ ਹੁੰਦੀਆਂ ਹੋਣਗੀਆਂ। ਅੰਤਲੀ ਇਸ ਕਰਕੇ ਨਹੀਂ ਹੁੰਦੀ ਕਿ ਪੁਰਾਤਨ ਸਮਿਆਂ ਵਿੱਚ ਸਭਿਆਚਾਰਾਂ ਦੇ ਅਧਿਐਨ ਦੀ ਸੂਝ ਅਜੇ ਵਿਕਸਤ ਨਹੀਂ ਸੀ ਹੋਈ। ਜੇ ਹੁੰਦੀ ਤਾਂ ਵੀ ਉਹ ਯੂਨਾਨੀਆਂ ਵਿੱਚ ਹੋਣੀ ਸੀ। ਉਹੋ ਹੀ ਅਜੇਹੀ ਸਥਿਤੀ ਵਿੱਚ ਸਨ। ਉਨ੍ਹਾਂ ਨੇ ਦੂਜੇ ਲੋਕਾਂ ਦੇ ਜੀਵਨ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਣਾ ਸੀ। ਖ਼ੈਰ ! ਜੋ ਹੋਇਆ ਨਹੀਂ ਉਸ ਬਾਰੇ ਸੋਚਣਾ ਕਿਸ ਕੰਮ ! ਅਸੀਂ ਆਪਣੀ ਗੱਲ ਅੱਗੇ ਤੋਰਦੇ ਹਾਂ। ਮੇਨ ਲੈਂਡ ਯੂਨਾਨ ਦੇ ਵਸਨੀਕਾਂ ਨੇ ਇਸ ਲਈ ਵੀ ਬਾਹਰ ਵੱਸੇ ਹੋਏ ਯੂਨਾਨੀਆਂ ਕੋਲੋਂ ਬਹੁਤਾ ਨਾ ਸਿੱਖਿਆ ਕਿ ਉਨ੍ਹਾਂ ਵਿੱਚੋਂ ਇੱਕ ਨਗਰ-ਰਾਜ, ਸਪਾਰਟਾ, ਉਨ੍ਹਾਂ ਦੀ ਸਾਰੀ ਸੋਚ ਨੂੰ ਮੱਲੀ ਰੱਖਦਾ ਸੀ। ਸਪਾਰਟਾ ਦਾ ਨਗਰ-ਰਾਜ ਇੱਕ ਸ਼ਕਤੀਸ਼ਾਲੀ ਨਗਰ-ਰਾਜ ਸੀ ਜਿਹੜਾ ਗੁਆਂਢੀ ਨਗਰ-ਰਾਜਾਂ ਲਈ ਅਸੁਰੱਖਿਆ ਅਤੇ ਤੌਖਲੇ ਦਾ ਕਾਰਨ ਬਣਿਆ ਰਹਿੰਦਾ ਸੀ। ਇਸ ਰਾਜ ਦੇ ਨਾਗਰਿਕਾਂ ਨੂੰ ਜੰਗ ਤੋਂ ਇਲਾਵਾ ਹੋਰ ਕਿਸੇ ਕੰਮ ਦੀ ਇਜਾਜ਼ਤ ਨਹੀਂ ਸੀ। ਸਾਰੇ ਦੇ ਸਾਰੇ ਨਾਗਰਿਕ ਸ਼ਕਤੀਸ਼ਾਲੀ ਯੋਧੇ ਹੁੰਦੇ ਸਨ। ਕਮਜ਼ੋਰ ਅਤੇ ਰੋਗੀ ਬੱਚਿਆਂ ਨੂੰ ਜਨਮ ਸਮੇਂ ਹੀ ਮਰਨ ਲਈ ਸੁੱਟ ਦਿੱਤਾ ਜਾਂਦਾ ਸੀ; ਤਕੜੇ, ਸਿਹਤਮੰਦ ਬੱਚੇ ਹੀ ਰੱਖੇ ਜਾਂਦੇ ਸਨ। ਲਿਕਰਗੱਸ ਨਾਂ ਦੇ ਕਿਸੇ ਆਦਮੀ ਨੇ ਸਪਾਰਟਾ ਦਾ ਵਿਧਾਨ ਬਣਾਇਆ ਸੀ। ਇਹ ਵਿਧਾਨ ਜੰਗ, ਜਿੱਤ ਅਤੇ ਸਪਾਰਟਾ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਸੀ। ਸਪਾਰਟਾ ਦੇ ਲੋਕਾਂ ਨੇ ਆਪਣੇ ਵਿਧਾਨ ਦੀ ਅਗਵਾਈ ਵਿੱਚ ਲੱਗਪੱਗ ਛੇ ਸੌ ਸਾਲ ਤਕ ਆਪਣੇ ਚਾਰ-ਚੁਫੇਰੇ ਆਤੰਕ ਫੈਲਾਈ ਰੱਖਿਆ। ਕਈ ਨਗਰ-ਰਾਜਾਂ ਨੂੰ ਆਪਣੇ ਅਧੀਨ ਕਰ ਕੇ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ।"

"ਪਾਪਾ, ਸੋਚ ਦੇ ਸਫ਼ਰ ਵਿੱਚ ਸਪਾਰਟਾ ਨਾਂ ਦਾ ਕੋਈ ਸਟੇਸ਼ਨ ਜਾਂ ਪੜਾਅ ਨਹੀਂ ਆਉਂਦਾ।"

"ਬੇ-ਸ਼ੱਕ। ਪਰ ਇਸ ਨਾਂ ਦੀ ਰੁਕਾਵਟ ਜ਼ਰੂਰੀ ਆਉਂਦੀ ਹੈ ਜਿਸ ਨੂੰ ਦੂਰ ਕੀਤੇ ਬਿਨਾਂ ਸੋਚ ਏਥਨਜ਼ ਵਿੱਚ ਪਰਵੇਸ਼ ਨਹੀਂ ਸੀ ਕਰ ਸਕਦੀ।"

"ਇਹ ਰੁਕਾਵਟ ਕਿਵੇਂ ਦੂਰ ਹੋਈ, ਵੀਰ ਜੀ ?"

"ਇਸ ਪ੍ਰਸ਼ਨ ਦੇ ਉੱਤਰ ਲਈ ਸਾਨੂੰ ਏਥਨਜ਼ ਬਾਰੇ ਜਾਣਨ ਦੀ ਲੋੜ ਹੈ। ਏਥਨਜ਼ ਐਟਿਕਾ ਨਾਂ ਦੇ ਰਾਜ ਦੀ ਰਾਜਧਾਨੀ ਸੀ। ਐਟਿਕਾ ਦੀ ਧਰਤੀ ਬਹੁਤੀ ਉਪਜਾਊ ਨਾ ਹੋਣ ਕਰਕੇ ਲੋਕ ਗ਼ਰੀਬ ਸਨ, ਵੱਡੇ ਵੱਡੇ ਭੂ-ਪਤੀਆਂ ਦੇ ਕਰਜ਼ਦਾਰ ਸਨ। ਸੱਤਵੀਂ ਸਦੀ ਪੂਰਵ-ਈਸਵੀ ਵਿੱਚ ਸੋਲੋਨ ਨਾਂ ਦੇ ਇੱਕ ਨੀਤੀ-ਵੇਤਾ ਨੇ ਨਗਰ-ਰਾਜ ਲਈ ਨਵਾਂ ਵਿਧਾਨ ਤਿਆਰ ਕੀਤਾ। ਸੋਲੋਨ, ਥੇਲੀਜ਼ ਦਾ ਸਮਕਾਲੀ ਸੀ ਅਤੇ ਆਪਣੇ ਜੀਵਨ ਕਾਲ ਵਿੱਚ ਥੇਲੀਜ਼ ਨਾਲ ਉਸ ਦੀ ਭੇਂਟ ਹੋਈ ਵੀ ਮੰਨੀ ਜਾਂਦੀ ਹੈ। ਪਲੂਟਾਰਕ ਨਾਂ ਦੇ ਜੀਵਨੀਕਾਰ ਨੇ ਆਪਣੀ ਪੁਸਤਕ *ਜੀਵਨੀਆਂ* ਵਿੱਚ ਸੋਲੋਨ ਦਾ ਜ਼ਿਕਰ ਉਚੇਚੇ ਸਤਿਕਾਰ ਨਾਲ ਕੀਤਾ ਹੈ। ਸੋਲੋਨ ਨੇ ਐਟਿਕਾ ਦੇ ਨਾਗਰਿਕਾਂ ਦੀ ਮਾਲੀ ਹਾਲਤ ਨੂੰ ਸੁਧਾਰਨ ਵੱਲ ਉਚੇਚਾ ਧਿਆਨ ਦਿੱਤਾ। ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ਼ ਕਰ ਦਿੱਤੇ ਅਤੇ ਵਪਾਰ ਨੂੰ ਸਤਿਕਾਰਯੋਗ ਕਿੱਤਾ ਬਣਾਉਣ ਦਾ ਉਚੇਚਾ ਜਤਨ ਕੀਤਾ।"

"ਪਾਪਾ, ਆਖ਼ਰੀ ਗੱਲ ਇਹ ਸਿੱਧ ਕਰਦੀ ਹੈ ਕਿ ਉਹ ਥੇਲੀਜ਼ ਨੂੰ ਜ਼ਰੂਰ ਮਿਲਿਆ ਹੋਵੇਗਾ; ਮਿਲਿਆ ਹੀ ਨਹੀਂ ਉਸ ਨਾਲ ਵਿਚਾਰ-ਵਟਾਂਦਰਾ ਵੀ ਕਰਦਾ ਰਿਹਾ ਹੋਵੇਗਾ।"

"ਭਲਾ ਕਿਉਂ, ਬੇਟਾ ਜੀ ?"

"ਅੰਕਲ ਜੀ, ਤੁਹਾਨੂੰ ਯਾਦ ਹੋਵੇਗਾ ਕਿ ਥੇਲੀਜ਼ ਵੀ ਵਪਾਰ ਨੂੰ ਸਤਿਕਾਰਯੋਗ ਮੰਨਦਾ ਸੀ। ਇਹ ਸਿੱਧ ਕਰਨ ਲਈ ਕਿ ਫਿਲਾਸਫਰ ਨਿਰੇ ਸੁਪਨ-ਦੇਸ਼ੀ ਨਹੀਂ ਹੁੰਦੇ, ਉਸ ਨੇ ਜੈਤੂਨ ਦੇ ਤੇਲ ਦੇ ਵਪਾਰ ਰਾਹੀਂ ਬਹੁਤ ਸਾਰਾ ਧਨ ਕਮਾਇਆ ਵੀ ਸੀ।"

"ਸੋਲੋਨ ਦੇ ਸੁਧਾਰਾਂ ਦੇ ਸਿੱਟੇ ਵਜੋਂ ਐਟਿਕਾ ਦੀ ਹਾਲਤ ਹੌਲੀ ਹੌਲੀ ਸੁਧਰ ਰਹੀ ਸੀ ਕਿ 490 ਪੂਰਬ ਈਸਵੀ ਵਿੱਚ ਈਰਾਨ ਦੇ ਬਾਦਸ਼ਾਹ ਦਾਰਾ (ਡਾਰੀਅਸ) ਨੇ ਏਥਨਜ਼ ਵਿਰੁੱਧ ਜੰਗ ਛੇੜ ਦਿੱਤੀ। ਇਸ ਜੰਗ ਦਾ ਕਾਰਨ ਇਹ ਸੀ ਕਿ ਇਓਨੀਆਂ ਦੇ ਲੋਕਾਂ ਨੇ ਈਰਾਨੀ ਕਬਜ਼ੇ ਵਿਰੁੱਧ ਬਗ਼ਾਵਤ ਕੀਤੀ ਸੀ ਅਤੇ ਏਥਨਜ਼ ਦੇ ਨਗਰ-ਰਾਜਾਂ ਨੇ ਇਓਨੀਅਨ ਯੂਨਾਨੀਆਂ ਦੀ ਸਹਾਇਤਾ ਕੀਤੀ ਸੀ। ਇਹ ਠੀਕ ਹੈ ਕਿ ਸੈਨਿਕ ਸੱਤਾ ਸਪਾਰਟਾ ਕੋਲ ਜ਼ਿਆਦਾ ਸੀ; ਪਰ ਸਪਾਰਟਾ ਦੇ ਲੋਕ ਕੇਵਲ ਆਪਣੇ ਬਾਰੇ ਹੀ ਸੋਚਦੇ ਸਨ। ਉਹ ਇਓਨੀਆਂ ਅਤੇ ਏਥਨਜ਼ ਦੀ ਸਹਾਇਤਾ ਕਰਨ ਦੀ ਰੁਚੀ ਨਹੀਂ ਸਨ ਰੱਖਦੇ। ਇਸ ਲਈ ਈਰਾਨੀਆਂ ਨਾਲ ਯੂਨਾਨੀਆਂ ਦੀ ਲੜਾਈ ਮੈਰਾਥਨ ਦੇ ਮੈਦਾਨ ਵਿੱਚ ਏਥਨਜ਼ ਦੇ ਨਗਰ-ਰਾਜ ਦੀ ਅਗਵਾਈ ਵਿੱਚ ਲੜੀ ਗਈ। ਇਸ ਜੰਗ ਵਿੱਚ ਦਾਰਾ ਨੂੰ ਹਾਰ ਹੋਈ। ਈਰਾਨ ਦੀ ਸ਼ਕਤੀਸ਼ਾਲੀ ਸੈਨਾ ਹਾਰ ਭਾਵੇਂ ਗਈ ਸੀ; ਪਰੰਤੂ, ਉਸ ਦੇ ਖ਼ਤਰੇ ਵਿਰੁੱਧ ਤਿਆਰ ਰਹਿਣ ਦੀ ਲੋੜ ਪਹਿਲਾਂ ਨਾਲੋਂ ਵੱਧ ਗਈ ਸੀ। ਇਸ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਯੂਨਾਨੀ ਨਗਰ-ਰਾਜਾਂ ਨੇ ਇੱਕ ਸੈਨਿਕ ਗੱਠ-ਜੋੜ ਦੀ ਵਿਉਂਤ ਬਣਾਈ। ਏਥਨਜ਼ ਨਾਲ ਮਿੱਤਰਤਾ ਰੱਖਣ ਵਾਲੇ ਨਗਰ-ਰਾਜਾਂ ਨੂੰ ਸੈਨਿਕਾਂ ਦੀ ਇੱਕ ਵਿਸ਼ੇਸ਼ ਗਿਣਤੀ ਦੇਣ ਲਈ ਆਖਿਆ ਗਿਆ। ਜਿਹੜੇ ਨਗਰ-ਰਾਜ ਫ਼ੌਜੀ ਸਿਪਾਹੀ ਨਾ ਦੇ ਸਕਣ, ਉਹ ਆਪਣੇ ਹਿੱਸੇ ਦੇ ਫ਼ੌਜੀਆਂ ਲਈ ਪੈਸੇ ਦੇ ਸਕਦੇ ਸਨ। ਬਹੁਤੇ ਨਗਰ ਰਾਜਾਂ ਨੇ ਸਿਪਾਹੀ ਨਾ ਦੇ ਸਕਣ ਉਹ ਆਪਣੇ ਹਿੱਸੇ ਦੇ ਫ਼ੌਜੀਆਂ ਲਈ ਪੈਸੇ ਦੇ ਸਕਦੇ ਸਨ। ਬਹੁਤੇ ਨਗਰ ਰਾਜਾਂ ਨੇ ਸਿਪਾਹੀ ਦੇਣ ਦੀ ਥਾਂ ਸਿਪਾਹੀ ਰੱਖਣ ਉੱਤੇ ਆਉਣ ਵਾਲਾ ਖ਼ਰਚਾ ਦੇਣਾ ਪਰਵਾਨ ਕਰ ਲਿਆ। ਏਥਨਜ਼ ਕੋਲ ਇੱਕ ਫ਼ੌਜੀ ਗਠਜੋੜ ਦੀ ਸਰਦਾਰੀ ਹੋਣ ਕਰਕੇ ਅਪਾਰ ਧਨ ਇਕੱਠਾ ਹੋਣ ਲੱਗ ਪਿਆ। ਏਥਨਜ਼ ਦਾ ਨਗਰ-ਰਾਜ ਇੱਕ ਤਰ੍ਹਾਂ ਦਾ ਵਪਾਰੀ ਬਣ ਗਿਆ—ਸੈਨਿਕ ਸੱਤਾ ਦਾ ਵਪਾਰੀ। ਇਸ ਦਾ ਨਤੀਜਾ ਇਹ ਹੋਇਆ ਕਿ ਏਥਨਜ਼ ਦਾ ਧਨ ਵੀ ਵਧਿਆ ਅਤੇ ਸੈਨਿਕ ਸ਼ਕਤੀ ਵੀ ਵਧੀ।"

"ਇਹ ਵਪਾਰ ਨਹੀਂ ਸੀ, ਵੀਰ ਜੀ, ਐਵੇਂ ਦਾਅ ਲੱਗਣ ਵਾਲੀ ਗੱਲ ਸੀ।"

"ਕੁਝ ਵੀ ਹੋਵੇ, ਏਥਨਜ਼ ਦੀ ਫ਼ੌਜੀ ਤਾਕਤ ਅਤੇ ਮਾਲੀ ਹਾਲਤ ਸਿਖਰ ਉੱਤੇ ਸੀ ਜਦੋਂ ਦਸ ਸਾਲਾਂ ਪਿੱਛੋਂ, ਪਹਿਲੀ ਹਾਰ ਦਾ ਬਦਲਾ ਲੈਣ ਲਈ, 480 ਪੂਰਬ ਈਸਵੀ ਵਿੱਚ ਦਾਰਾ ਦੇ ਪੁੱਤ, ਜ਼ਰਕਸੀਜ਼ ਨੇ ਮੁੜ ਹਮਲਾ ਕਰ ਦਿੱਤਾ। ਇਸ ਵੇਰ ਈਰਾਨੀਆਂ ਨੂੰ ਪਹਿਲਾਂ ਨਾਲੋਂ ਕਿਤੇ ਵਡੇਰੀ ਹਾਰ ਹੋਈ ਅਤੇ ਏਥਨਜ਼ ਦੀ ਖ਼ੂਬ ਬੱਲੇ ਬੱਲੇ ਹੋਈ। ਇਸ ਦੂਜੀ ਈਰਾਨੀ ਜੰਗ ਸਮੇਂ ਪੈਰੀਕਲੀਜ਼ ਦੀ ਉਮਰ ਸੋਲਾਂ ਕੁ ਸਾਲ ਸੀ।"

"ਇਸ ਦਾ ਭਾਵ ਇਹ ਹੈ ਕਿ ਪੈਰੀਕਲੀਜ਼ ਅਜਿਹੇ ਸਮੇਂ ਵਿੱਚ ਜੰਮਿਆ ਪਲਿਆ ਸੀ ਜਦੋਂ ਉਸ ਦਾ ਦੇਸ਼ ਧਨ, ਸੱਤਾ ਅਤੇ ਸਰਦਾਰੀ ਦੀ ਸਿਖਰ ਉੱਤੇ ਸੀ। ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਅਤੇ ਜੀਣ ਥੀਣ ਦਾ ਚਾਅ ਸੀ। ਇਸ ਚਾਅ ਅਤੇ ਉਤਸ਼ਾਹ ਨੂੰ ਸਿਆਣੀ ਸੇਧ ਦੀ ਲੋੜ ਸੀ।"

"ਤੁਸੀਂ ਠੀਕ ਆਖਿਆ ਹੈ। ਪੈਰੀਕਲੀਜ਼ ਇੱਕ ਯੋਧਾ ਹੋਣ ਦੇ ਨਾਲ ਨਾਲ ਇੱਕ ਕਲਾ-ਪ੍ਰੇਮੀ, ਵਿਦਵਾਨ, ਉਸਾਰੀ ਦਾ ਸ਼ੌਕੀਨ ਅਤੇ ਵਿਚਾਰਵਾਨ ਵੀ ਸੀ। ਉਹ ਜਗੀਰਦਾਰੀ ਘਰਾਣੇ ਦਾ ਜੰਮਪਲ ਹੁੰਦਿਆਂ ਹੋਇਆਂ ਪਰਜਾਤੰਤਰ ਦਾ ਪੱਕਾ ਹਮਾਇਤੀ ਅਤੇ ਕੁਲੀਨ-ਰਾਜ ਦਾ ਕੱਟੜ ਵਿਰੋਧੀ ਸੀ। ਆਪਣੇ ਗੁਆਂਢੀ ਸਪਾਰਟਾ ਦੀ ਕੁਲੀਨ ਹਾਕਮ ਸ਼੍ਰੇਣੀ ਨਾਲ ਉਹ ਸਮਝੌਤਾ ਨਾ ਕਰ ਸਕਿਆ। ਤੀਹ ਸਾਲ ਏਥਨਜ਼ ਦੀ ਅਗਵਾਈ ਕਰ ਕੇ ਉਹ 429 ਪੂਰਬ ਈਸਵੀ ਵਿੱਚ ਸਪਾਰਟਾ ਦੀ ਦੁਸ਼ਮਣੀ ਦਾ ਸ਼ਿਕਾਰ ਹੋ ਗਿਆ।"

"ਵੀਰ ਜੀ, ਇਸ ਦਾ ਮਤਲਬ ਇਹ ਹੋਇਆ ਕਿ ਏਥਨਜ਼ ਨੂੰ ਉੱਨਤੀ ਕਰਨ ਲਈ ਪੌਣੀ ਕੁ ਸਦੀ ਦਾ ਸਮਾਂ ਹੀ ਮਿਲਿਆ।"

"ਜੇ ਸੋਲੋਨ ਦੇ ਸੁਧਾਰਾਂ ਤੋਂ ਏਥਨਜ਼ ਦੀ ਉੱਨਤੀ ਦਾ ਆਰੰਭ ਮੰਨੀਏ ਤਾਂ ਡੇਢ ਕੁ ਸਦੀ ਦਾ ਸਮਾਂ ਬਣਦਾ ਹੈ। ਪਰੰਤੂ, ਸੋਲੋਨ ਦੇ ਸੁਧਾਰਾਂ ਦੀ ਉਮਰ ਬਹੁਤ ਲੰਮੀ ਨਹੀਂ ਸੀ। ਉੱਚ ਵਰਗੀ ਭ੍ਰਿਸ਼ਟਾਚਾਰੀਆਂ ਨੇ ਛੇਤੀ ਹੀ ਉਸ ਦੇ ਥਾਪੇ ਹੋਏ ਪਰਜਾਤੰਤਰ ਦੀ ਸਮਾਪਤੀ ਕਰ ਦਿੱਤੀ। ਸੋਲੋਨ ਅਤੇ ਪੈਰੀਕਲੀਜ਼ ਦੇ ਵਿਚਕਾਰਲੇ ਸਮੇਂ ਵਿੱਚ ਏਥਨਜ਼ ਨੇ ਕੋਈ ਵਿਸ਼ੇਸ਼ ਪ੍ਰਾਪਤੀ ਨਹੀਂ ਕੀਤੀ। ਅਜੋਕੀ ਦੁਨੀਆ ਦੇ ਲੋਕ ਜਿਸ ਪੁਰਾਤਨ ਐਸ਼ਵਰਜ ਨੂੰ ਸ਼ਰਧਾਂਜਲੀ ਭੇਟ ਕਰਨ ਜਾਂਦੇ ਹਨ, ਉਸ ਦੀ ਉੱਤਪਤੀ ਪੈਰੀਕਲੀਜ਼ ਦੀ ਨਿਗਰਾਨੀ ਵਿੱਚ ਕੇਵਲ ਤੀਹ ਕੁ ਸਾਲ ਦੇ ਸਮੇਂ ਵਿੱਚ ਹੋਈ।"

"ਭਾਅ ਜੀ, ਪੈਰੀਕਲੀਜ਼ ਅਤੇ ਸ਼ਾਹਜਹਾਨ ਵਿੱਚ ਕੋਈ ਸਮਾਨਤਾ ਸੰਭਵ ਹੈ ਜਾਂ ਨਹੀਂ ?"

"ਸ਼ਾਹਜਹਾਨ ਇਮਾਰਤੀ ਖ਼ੂਬਸੂਰਤੀ ਦਾ ਸ਼ੌਕੀਨ ਸੀ। ਉਸ ਨੇ ਈਰਾਨ ਆਦਿਕ ਦੇਸ਼ਾਂ ਵਿੱਚੋਂ ਉਸੱਰਈਏ ਬੁਲਾਏ ਸਨ। ਉਸ ਨੂੰ ਸ਼ਕਤੀਸ਼ਾਲੀ ਅਤੇ ਸੁਰੱਖਿਅਤ ਦੇਸ਼ ਦੀ ਬਾਦਸ਼ਾਹਤ ਦੇ ਨਾਲ ਨਾਲ ਉਸਾਰੀ ਦੀ ਲਗਨ ਵੀ ਆਪਣੇ ਵੱਡੇ ਵਡੇਰਿਆਂ ਕੋਲੋਂ ਮਿਲੀ ਸੀ। ਉਸ ਵਿੱਚ ਅਤੇ ਪੈਰੀਕਲੀਜ਼ ਵਿੱਚ ਕੁਝ ਇੱਕ ਬੁਨਿਆਦੀ ਸਮਾਨਤਾਵਾਂ ਹੁੰਦਿਆਂ ਹੋਇਆਂ ਵੀ ਵਖੇਵੇਂ ਏਨੇ ਵੱਡੇ ਸਨ ਕਿ ਮਨੁੱਖੀ ਅਕਲ ਹੈਰਾਨ ਹੈ ਕਿ ਉਸ ਨੇ ਤੀਹ ਸਾਲ ਦੇ ਥੋੜੇ ਜਿਹੇ ਸਮੇਂ ਵਿੱਚ ਏਨਾ ਕੁਝ ਕਰ ਕਿਵੇਂ ਲਿਆ ? ਜ਼ਰਕਸੀਜ਼ ਨੇ ਅੰਤਲੀ ਹਾਰ ਤੋਂ ਪਹਿਲਾਂ ਏਥਨਜ਼ ਨੂੰ ਕਬਜ਼ੇ ਵਿੱਚ ਕਰ ਕੇ ਵੱਡੇ ਵੱਡੇ ਮੰਦਰ ਢਾਹ ਦਿੱਤੇ ਸਨ। ਪੈਰੀਕਲੀਜ਼ ਨੇ ਏਥਨਜ਼ ਨੂੰ ਨਵੇਂ ਸਿਰੇ ਤੋਂ ਉਸਾਰਿਆ; ਏਨਾ ਸੋਹਣਾ ਕਿ ਉਸ ਉਸਾਰੀ ਦੇ ਖੰਡਰਾਂ ਦੀ ਖ਼ੂਬਸੂਰਤੀ ਵੀ ਮਨੁੱਖੀ ਅਕਲ ਨੂੰ ਦੰਗ ਕਰ ਦਿੰਦੀ ਹੈ। ਏਨੀ ਵੱਡੀ ਉਸਾਰੀ ਦੇ ਨਾਲ ਨਾਲ ਉਸ ਨੇ ਵਿੱਦਿਆ,

ਕਲਾ, ਸਾਹਿਤ ਅਤੇ ਦਰਸ਼ਨ ਵੱਲ ਵੀ ਉਚੇਚਾ ਧਿਆਨ ਦਿੱਤਾ। ਇਹ ਮੰਨਿਆ ਜਾਂਦਾ ਹੈ ਕਿ ਅਨੈਕਸਾਗੋਰਸ ਨਾਂ ਦੇ ਫਿਲਾਸਫਰ ਨੂੰ ਉਸੇ ਨੇ ਏਥਨਜ਼ ਵਿੱਚ ਆਉਣ ਦੀ ਦਾਅਵਤ ਦਿੱਤੀ ਸੀ। ਈਸਕੀਲੱਸ ਜਾਂ ਐਸਚੀਲੱਸ ਨਾਂ ਦਾ ਦੁਖਾਂਤ ਡਰਾਮੇ ਦਾ ਮੋਢੀ ਜ਼ਰਕਸੀਜ਼ ਵਿਰੁੱਧ ਲੜਿਆ ਵੀ ਸੀ ਅਤੇ ਮੈਰਾਥਨ ਦੀ ਜੰਗ ਵਿੱਚ ਜ਼ਖ਼ਮੀ ਵੀ ਹੋਇਆ ਸੀ। ਸੋਫੋਕਲੀਜ਼ ਅਤੇ ਯੂਰਪੀਡੀਜ਼ ਨੇ ਇਸ ਦੀ ਪ੍ਰੰਪਰਾ ਨੂੰ ਅੱਗੇ ਤੋਰਿਆ। ਇਨ੍ਹਾਂ ਦੁਖਾਂਤ ਲੇਖਕਾਂ ਦੀਆਂ ਰਚਨਾਵਾਂ ਪੈਰੀਕਲੀਜ਼ ਦੇ ਸਮੇਂ ਹੋਂਦ ਵਿੱਚ ਆਈਆਂ ਸਨ। ਇਹ ਰਚਨਾਵਾਂ ਅੱਜ ਤੱਕ ਅਦੁੱਤੀ ਮੰਨੀਆਂ ਜਾਂਦੀਆਂ ਹਨ; ਇਨ੍ਹਾਂ ਦੀ ਕਸਵੱਟੀ ਉੱਤੇ ਸੰਸਾਰ ਦੀਆਂ ਮਹਾਨ ਲਿਖਤਾਂ ਨੂੰ ਪਰਖਿਆ ਜਾਂਦਾ ਹੈ।"

"ਪਾਪਾ, ਸ਼ਾਹਜਹਾਨ ਇੱਕ ਵਿਸ਼ਾਲ ਸਲਤਨਤ ਦਾ ਸ਼ਹਿਨਸ਼ਾਹ ਸੀ। ਉਸ ਦੀ ਸਲਤਨਤ ਨਦੀਆਂ, ਪਹਾੜਾਂ, ਉਪਜਾਊ ਮੈਦਾਨਾਂ, ਕਮਾਊ ਹੱਥਾਂ ਅਤੇ ਖਣਿਜ ਪਦਾਰਥਾਂ ਦੀ ਦੌਲਤ ਨਾਲ ਭਰਪੂਰ ਸੀ; ਜਦ ਕਿ ਪੈਰੀਕਲੀਜ਼ ਐਟਿਕਾ ਦੀ ਅਣਉਪਜਾਊ ਜਿਹੀ ਧਰਤੀ ਦੇ ਲੋਕਾਂ ਦਾ ਲੀਡਰ ਸੀ। ਉਸ ਸਮੇਂ ਏਥਨਜ਼ ਦੀ ਆਬਾਦੀ ਸਵਾ ਦੋ ਕੁ ਲੱਖ ਸੀ ਅਤੇ ਨਾਲ ਲੱਗਦੇ ਇਲਾਕੇ ਐਟਿਕਾ ਵਿੱਚ ਇਸ ਤੋਂ ਥੋੜੇ ਆਦਮੀ ਵੱਸਦੇ ਸਨ। ਤਿੰਨ ਸਾਢੇ ਤਿੰਨ ਲੱਖ ਆਦਮੀਆਂ ਦੀ ਵੱਸੋਂ ਵਾਲੇ ਦੇਸ਼ ਨੇ ਤੀਹਾਂ ਸਾਲਾਂ ਵਿੱਚ ਕਾਵਿ, ਡਰਾਮਾ, ਫਲਸਫਾ, ਸੈਨਿਕ-ਸੱਤਾ, ਵਪਾਰ, ਆਰਥਿਕਤਾ ਅਤੇ ਨੈਤਿਕਤਾ ਆਦਿਕ ਨੂੰ ਏਨੀਆਂ ਉੱਚਾਈਆਂ ਉੱਤੇ ਪੁਚਾ ਦਿੱਤਾ, ਇਹ ਇੱਕ ਚਮਤਕਾਰ ਸੀ।"

"ਸਨੇਹਾ, ਇਹ ਵੀ ਉਦੋਂ ਜਦੋਂ ਸਪਾਰਟਾ ਦਾ ਭਿਆਨਕ ਸਾਇਆ ਏਥਨਜ਼ ਦੇ ਭਵਿੱਖ ਨੂੰ ਸਦਾ ਧੁੰਦਲਾ ਬਣਾਈ ਰੱਖਦਾ ਸੀ। ਸੋਲੋਨ ਨੇ ਐਟਿਕਾ ਦੀ ਹਾਲਤ ਨੂੰ ਸੁਧਾਰਨ ਲਈ ਇਹ ਜ਼ਰੂਰੀ ਸਮਝਿਆ ਸੀ ਕਿ ਅਮੀਰ ਅਤੇ ਗ਼ਰੀਬ ਸਾਰੇ ਨਾਗਰਿਕ ਨਗਰ-ਰਾਜ ਨੂੰ ਆਪਣਾ ਸਮਝ ਕੇ ਇਸ ਦੀ ਭਲਾਈ ਲਈ ਕੰਮ ਕਰਨ। ਉਸ ਨੇ ਸਾਰਿਆਂ ਨੂੰ ਰਾਜ ਪ੍ਰਬੰਧ ਵਿੱਚ ਥੋੜਾ ਥੋੜਾ ਹਿੱਸੇਦਾਰ ਬਣਾਉਣ ਲਈ ਪਰਜਾਤੰਤ੍ਰ ਦੀ ਸਥਾਪਨਾ ਕੀਤੀ। ਪਰੰਤੂ, ਪੈਰੀਕਲੀਜ਼ ਦੇ ਸਿਰ ਜਮਹੂਰੀਅਤ ਦਾ ਜਨੂੰਨ ਸਵਾਰ ਸੀ ਅਤੇ ਸਪਾਰਟਾ ਉੱਚ-ਵਰਗੀ ਲੋਕਾਂ ਦਾ ਰਾਜ ਸੀ ਜਿਸ ਦਾ ਆਧਾਰ ਸੈਨਿਕ ਸੱਤਾ ਸੀ। ਯੂਨਾਨ ਦੇ ਨਿੱਕੇ ਨਿੱਕੇ ਨਗਰ-ਰਾਜਾਂ ਉੱਤੇ ਕਬਜ਼ਾ ਕਰ ਕੇ ਵੱਡੀ ਹਕੂਮਤ ਕਾਇਮ ਕਰਨ ਦੀ ਰੀਤ ਸਪਾਰਟਾ ਨੇ ਹੀ ਤੋਰੀ ਸੀ। ਏਥਨਜ਼ ਦਾ ਸਾਮਰਾਜ ਭਾਵੇਂ ਸਾਰੇ ਨਗਰ-ਰਾਜਾਂ ਦੀ ਸਹਿਮਤੀ ਉੱਤੇ ਆਧਾਰਿਤ ਸੀ, ਤਾਂ ਵੀ ਸਪਾਰਟਾ ਉਸ ਦੀ ਸ਼ਕਤੀ ਨੂੰ ਆਪਣੇ ਲਈ ਵੱਡੀ ਖ਼ਤਰੇ ਵਾਲੀ ਗੱਲ ਸਮਝਦਾ ਸੀ। ਇਸੇ ਬੇ-ਵਸਾਹੀ ਨੇ ਦੋਹਾਂ ਰਾਜਾਂ ਵਿੱਚ ਦੋਸਤੀ ਨਹੀਂ ਹੋਣ ਦਿੱਤੀ। ਮੈਂ ਤਾਂ ਦੁਨੀਆ ਦੇ ਉਨ੍ਹਾਂ ਸਿਆਣਿਆਂ ਨਾਲ ਵੀ ਸਹਿਮਤ ਹਾਂ ਜਿਹੜੇ ਇਹ ਕਹਿੰਦੇ ਹਨ ਕਿ ਏਥਨਜ਼ ਦੇ ਪਤਨ ਦਾ ਕਾਰਨ ਕੇਵਲ, ਸਪਾਰਟਾ ਹੀ ਨਹੀਂ ਸਗੋਂ 'ਪਰਜਾਤੰਤਰ' ਵੀ ਸੀ ਜਿਸ ਨੇ ਦੇਸ਼ ਨੂੰ ਅੰਦਰੋਂ ਢਾਅ ਲਾਈ ਸੀ।"

"ਵੀਰ ਜੀ, ਸਾਡਾ ਯੁਗ ਡਿਮਾਕ੍ਰਿਸੀ ਦਾ ਯੁਗ ਹੈ। ਇਸ ਨੇ ਬਾਦਸ਼ਾਹਤਾਂ ਨੂੰ ਖ਼ਤਮ ਕਰ ਦਿੱਤਾ ਹੈ, ਡਿਕਟੇਟਰ ਸ਼ਾਹੀਆਂ ਢਹਿ ਢੇਰੀ ਹੋ ਰਹੀਆਂ ਹਨ। ਤੁਸੀਂ ਯੁਗ ਦੇ ਜੇਤੂ ਰਾਜ-ਪ੍ਰਬੰਧ ਉੱਤੇ ਬਹੁਤ ਹੀ ਗੰਭੀਰ ਕਿਸਮ ਦਾ ਇਲਜ਼ਾਮ ਲਾ ਰਹੇ ਹੋ।"

"ਸਾਡਾ ਯੁਗ ਡਿਮਾਕ੍ਰਿਸੀ ਦਾ ਯੁਗ ਹੈ; ਪੈਰੀਕਲੀਜ਼ ਦਾ ਯੁਗ ਡਿਮਾਕ੍ਰਿਸੀ ਦਾ ਯੁਗ ਨਹੀਂ।"

"ਭਾਅ ਜੀ, ਅਸੀਂ ਤਾਂ ਇਹ ਵੀ ਸੁਣਿਆ ਹੈ ਕਿ ਸਾਡੇ ਦੇਸ਼ ਵਿੱਚ ਵੈਦਿਕ ਕਾਲ ਸਮੇਂ ਵੀ ਪਰਜਾਤੰਤਰ ਜਾਂ ਪੰਚਾਇਤੀ ਰਾਜ ਸੀ।"

"ਹਾਂ ਜੀ, ਜ਼ਰੂਰ ਸੀ। ਸਿਆਣੇ ਇਹ ਵੀ ਦੱਸਦੇ ਹਨ ਕਿ ਆਦਿ ਕਾਲੀਨ, ਮਨੁੱਖੀ ਸਮਾਜਾਂ ਵਿੱਚ ਕਮਿਊਨਿਜ਼ਮ ਜਾਂ ਸਾਂਝੀਵਾਲਤਾ ਵੀ ਸੀ। ਉਸ ਸਮੇਂ ਦੇ ਸਮਾਜ ਸਿੱਧੇ ਸਾਦੇ, ਛੋਟੇ ਅਤੇ ਕਬੀਲਾ ਮੂਲਕ ਸਨ। ਉਨ੍ਹਾਂ ਵਿੱਚ ਪਰਜਾਤੰਤਰ, ਸਾਂਝੀਵਾਲਤਾ, ਰਾਜਤੰਤਰ ਆਦਿਕ ਸਭ ਕੁਝ ਅੰਸ਼ ਰੂਪ ਵਿੱਚ ਮਿਲਿਆ ਜੁਲਿਆ ਸੀ ਅਤੇ ਪ੍ਰਧਾਨਤਾ ਪਿੱਤਰੀ ਸੱਤਾ ਦੀ ਸੀ। ਉਨ੍ਹਾਂ ਪੁਰਾਤਨ ਸਮਾਜਾਂ ਦੀ ਮਿਸਾਲ ਦੇ ਕੇ ਇਹ ਨਹੀਂ ਸਿੱਧ ਕੀਤਾ ਜਾ ਸਕਦਾ ਕਿ ਉਹ ਯੁਗ ਰਾਜਤੰਤਰ ਜਾਂ ਪਰਜਾਤੰਤਰ ਦਾ ਯੁਗ ਸੀ। ਬਾਜ਼ੀਗਰਾਂ, ਸਾਂਹਸੀਆਂ ਅਤੇ ਹੋਰ ਕਈ ਅਵੁੱਨਤ ਸਮਾਜਾਂ ਵਿੱਚ ਹੁਣ ਤਕ ਪੰਚਾਇਤੀ ਸੰਗਠਨ ਵੇਖਣ ਵਿੱਚ ਆਉਂਦੇ ਰਹੇ ਹਨ। ਤਾਂ ਵੀ ਉਹ ਉੱਚਿਤ ਨਹੀਂ ਕਿ ਸਾਡੇ ਯੁਗ ਦਾ ਨਾਂ ਉਨ੍ਹਾਂ ਸੰਗਠਨਾਂ ਦੇ ਆਧਾਰ ਉੱਤੇ ਪੰਚਾਇਤੀ ਰਾਜ ਦਾ ਯੁਗ ਰੱਖ ਦਿੱਤਾ ਜਾਵੇ।"

"ਵੀਰ ਜੀ, ਪੈਰੀਕਲੀਜ਼ ਦੇ ਸਮੇਂ ਦੇ ਯੂਨਾਨੀ ਸਮਾਜ ਨੂੰ ਅਵੁੱਨਤ ਅਤੇ ਪਿਤਰੀ ਸੱਤਾ-ਪ੍ਰਧਾਨ ਸਮਾਜ ਨਹੀਂ ਮੰਨਿਆ ਜਾ ਸਕਦਾ।"

"ਮੈਂ ਵੀ ਇਉਂ ਨਹੀਂ ਕਹਿੰਦਾ। ਉਸ ਸਮੇਂ ਦਾ ਯੂਨਾਨੀ ਸਮਾਜ ਵਿਚਾਰ-ਪੱਖ ਤੋਂ ਉੱਨਤ ਸੀ; ਪਰੰਤੂ, ਡਿਮਾਕ੍ਰਿਸੀ ਦੇ ਜਿਸ ਰੂਪ ਤੋਂ ਅਸੀਂ ਅੱਜ ਜਾਣੂੰ ਹਾਂ, ਉਸ ਦੇ ਅਨੁਕੂਲ ਉਹ ਉੱਕਾ ਹੀ ਨਹੀਂ ਸੀ।"

"ਵੀਰ ਜੀ, ਜ਼ਰਾ ਵਿਸਥਾਰ ਨਾਲ ਦੱਸੋ, ਪਲੀਜ਼।"

"ਡਿਮਾਕ੍ਰਿਸੀ ਇੱਕ ਰਾਜ-ਪ੍ਰਬੰਧ ਦਾ ਨਾਂ ਹੈ। ਹੁਣ ਤਕ ਸੰਸਾਰ ਦੇ ਸਾਰੇ ਰਾਜ-ਪ੍ਰਬੰਧ ਸੱਤਾ ਉੱਤੇ ਆਧਾਰਿਤ ਚਲੇ ਆਉਂਦੇ ਰਹੇ ਹਨ। ਡਿਮਾਕ੍ਰਿਸੀ ਆਪਣੇ ਅੰਤਲੇ ਰੂਪ ਵਿੱਚ 'ਸੱਤਾ ਦੀ ਭਾਈਵਾਲੀ ਹੈ।' ਕਹਿਣ, ਸੁਣਨ ਨੂੰ ਇਹ ਗੱਲ ਭਾਵੇਂ ਕਿੰਨੀ ਵੀ ਚੰਗੀ ਕਿਉਂ ਨਾ ਲੱਗਦੀ ਹੋਵੇ, ਅਮਲੀ ਰੂਪ ਵਿੱਚ ਕਿਸੇ ਦੇਸ਼ ਦੀ ਪਰਜਾ ਲਈ ਰਾਜ-ਸੱਤਾ ਵਿੱਚ ਭਾਈਵਾਲ ਹੋਣਾ ਬਹੁਤ ਔਖਾ ਅਤੇ ਗੁੰਝਲਦਾਰ ਕੰਮ ਹੈ। ਜਨਤਾ ਵੋਟ ਪਾ ਕੇ ਆਪਣੀ ਮਰਜ਼ੀ ਦੇ ਲੋਕਾਂ ਨੂੰ ਸੱਤਾ ਦੇ ਸੁਆਮੀ ਜਾਂ ਭਾਈਵਾਲ ਬਣਾਉਣ ਤੋਂ ਵੱਧ ਕੁਝ ਨਹੀਂ ਕਰ ਸਕਦੀ। ਪੁਰਾਤਨ ਸਮੇਂ ਦੇ ਸਮਾਜ ਵਰਗਾਂ ਵਿੱਚ ਵੰਡੇ ਹੋਏ ਹੁੰਦੇ ਸਨ ਅਤੇ ਹਰ ਵਰਗ ਦਾ ਕਰਮ ਖੇਤਰ ਨਿਸਚਿਤ ਅਤੇ ਸੀਮਿਤ ਹੁੰਦਾ ਸੀ। ਯੂਨਾਨੀ ਸਮਾਜ ਤਿੰਨ ਵਰਗਾਂ ਵਿੱਚ ਵੰਡਿਆ ਹੋਇਆ ਸੀ। ਦਾਸਾਂ ਦਾ ਕੰਮ ਸੀ ਹਲ ਵਾਹੁਣਾ, ਅੰਨ ਧਨ ਉਪਜਾਉਣਾ ਅਤੇ ਹੋਰ ਹਰ ਪ੍ਰਕਾਰ ਦੀ ਮੁਸ਼ੱਕਤ ਕਰਨੀ; ਨਾਗਰਿਕਾਂ ਦਾ ਕੰਮ ਸੀ ਦਾਸਾਂ ਕੋਲੋਂ ਕੰਮ ਲੈਣਾ ਅਤੇ ਫ਼ੌਜ ਦੀ ਨੌਕਰੀ ਕਰਨੀ ਅਤੇ ਕੁਲੀਨ (ਉੱਚ ਵਰਗੀ) ਲੋਕਾਂ ਦਾ ਕੰਮ ਸੀ ਰਾਜ-ਪ੍ਰਬੰਧ ਚਲਾਉਣਾ। ਇਸ ਹਾਲਤ ਵਿੱਚ ਡਿਮਾਕ੍ਰਿਸੀ ਦਾ ਕੋਈ ਮਤਲਬ ਨਹੀਂ। ਰਾਜ-ਸੱਤਾ ਉੱਚ ਵਰਗੀ ਮਾਲਕਾਂ ਦੇ ਹੱਥਾਂ ਵਿੱਚ ਰਹਿਣੀ ਹੈ, ਭਾਵੇਂ ਵੋਟਾਂ ਪਾ ਕੇ ਰੱਖ ਲਵੋ, ਭਾਵੇਂ ਉੱਚ ਵਰਗ ਦੇ ਲੋਕ ਆਪੋ ਵਿੱਚ ਸੁਲਹ ਸਫ਼ਾਈ ਨਾਲ ਰੱਖ ਲੈਣ।"

"ਭਾਅ ਜੀ, ਹੁਣ ਵੀ ਤਾਂ ਹਾਲਤ ਏਸੇ ਤਰ੍ਹਾਂ ਦੀ ਹੈ।"

"ਨਹੀਂ। ਹੁਣ ਹਾਲਤ ਬਦਲ ਗਈ ਹੈ, ਬਦਲ ਰਹੀ ਹੈ। ਇਸ ਦਾ ਜ਼ਿਕਰ ਅੱਗੇ ਚੱਲ ਕੇ ਕਰਾਂਗੇ। ਏਥੇ ਪੈਰੀਕਲੀਜ਼ ਦੇ ਸਮੇਂ ਦੀ ਡਿਮਾਕ੍ਰਿਸੀ ਦੀ ਗੱਲ ਚੱਲ ਰਹੀ ਹੈ। ਜਿਨ੍ਹਾਂ ਲੋਕਾਂ ਦਾ ਅਧਿਕਾਰ ਖੇਤਰ ਵੋਟ ਪਾਉਣ ਤਕ ਸੀਮਿਤ ਹੋਵੇ, ਉਹ ਆਪਣੀ ਰਾਜਨੀਤਕ ਅਤੇ ਸਮਾਜਕ ਸੂਝ ਬੂਝ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਦੇਣਗੇ ਅਤੇ ਜਿਨ੍ਹਾਂ ਦੀ ਰਾਜਨੀਤਕ ਅਤੇ ਸਮਾਜਕ ਸੂਝ ਬੂਝ ਵਿਕਸਿਤ ਨਹੀਂ, ਉਨ੍ਹਾਂ ਨੂੰ ਵਰਗਲਾਇਆ ਜਾਣਾ ਔਖਾ ਨਹੀਂ ਹੋਵੇਗਾ। ਇਸ ਤਰ੍ਹਾਂ ਪੈਰੀਕਲੀਜ਼ ਵੇਲੇ ਦੀ ਜਨਤਾ ਵਰਗਲਾਈ ਜਾਣ ਲਈ ਸਦਾ ਤਿਆਰ

ਸੀ। ਜਦੋਂ ਉਸ ਦੇ ਵਿਰੋਧੀਆਂ ਦਾ ਜ਼ੋਰ ਪਿਆ, ਉਨ੍ਹਾਂ ਜਨਤਾ ਨੂੰ ਵਰਗਲਾ ਕੇ ਪੈਰੀਕਲੀਜ਼ ਦੇ ਖ਼ਿਲਾਫ਼ ਕਰ ਲਿਆ ਅਤੇ ਦੇਸ਼ ਦੀ ਹਾਨੀ ਹੋਈ। ਜੇ ਏਥਨਜ਼ ਵਿੱਚ ਡਿਮਾਕ੍ਰਿਸੀ ਦੀ ਥਾਂ ਕੁਲੀਨ-ਰਾਜ ਹੁੰਦਾ ਤਾਂ ਸ਼ਾਇਦ ਏਥਨਜ਼ ਦਾ ਐਸ਼੍ਵਰਜ ਤੀਹ ਸਾਲ ਦੀ ਥਾਂ ਤਿੰਨ ਸੌ ਸਾਲ ਤੱਕ ਕਾਇਮ ਰਹਿੰਦਾ।"

"ਇਸ ਗੱਲ ਨੂੰ ਜ਼ਰਾ ਵਿਸਥਾਰ ਨਾਲ ਦੱਸੋ, ਵੀਰ ਜੀ।"

"ਪੈਰੀਕਲ਼ੀਜ਼ ਨੂੰ ਪਿੜੋਂ ਕੱਢਣ ਲਈ ਉਸ ਦੇ ਵਿਰੋਧੀਆਂ ਨੇ ਜਨਤਾ ਨੂੰ ਵਰਗਲਾਉਣ ਦਾ ਤਰੀਕਾ ਅਪਣਾਇਆ ਸੀ। ਜੇ ਕੁਲੀਨ ਰਾਜ ਹੁੰਦਾ ਤਾਂ ਇਸ ਦਾ ਸਵਾਲ ਪੈਦਾ ਨਹੀਂ ਸੀ ਹੋਣਾ। ਉਸ ਹਾਲਤ ਵਿੱਚ ਪੈਰੀਕਲੀਜ਼ ਦੇ ਵਿਰੋਧੀਆਂ ਲਈ ਉਸ ਨਾਲੋਂ ਵੱਧ ਬਲਵਾਨ, ਉਸ ਨਾਲੋਂ ਵੱਧ ਗੁਣਵਾਨ ਅਤੇ ਉਸ ਨਾਲੋਂ ਵਧੇਰੇ ਯੋਗ ਪ੍ਰਬੰਧ-ਕਰਤਾ ਹੋਣਾ ਜ਼ਰੂਰੀ ਬਣ ਜਾਣਾ ਸੀ।"

"ਵੀਰ ਜੀ, ਕੁਲੀਨ-ਰਾਜ ਵਿੱਚ ਵੀ ਛੜ-ਯੰਤਰਾਂ ਦੀ ਗੁੰਜਾਇਸ਼ ਅਤੇ ਸੰਭਾਵਨਾ ਹੋ ਸਕਦੀ ਹੈ। ਜੇ ਜਨਤਾ ਡਿਮਾਕ੍ਰਿਸੀ ਵਿੱਚ ਨਾ ਆਉਂਦੀ ਤਾਂ ਵੀ ਵਿਰੋਧੀ ਲੋਕ ਛੜ-ਯੰਤਰ ਦਾ ਢੰਗ ਵੀ ਵਰਤ ਸਕਦੇ ਸਨ।"

"ਤੁਸੀਂ ਠੀਕ ਕਹਿੰਦੇ ਹੋ। ਛੜ-ਯੰਤਰਾਂ ਦੀ ਸੰਭਾਵਨਾ ਸਦਾ ਬਣੀ ਰਹਿ ਸਕਦੀ ਹੈ। ਤਾਂ ਵੀ ਜਿੱਥੇ ਛੜ-ਯੰਤਰਾਂ ਉੱਤੇ ਜਨਤਾ ਦੀ ਪਰਵਾਨਗੀ ਦੀ ਮੋਹਰ ਲੱਗ ਜਾਂਦੀ ਹੈ, ਉੱਥੇ ਹਾਲਤ ਬਹੁਤ ਖ਼ਰਾਬ ਹੋ ਸਕਦੀ ਹੈ। ਇਸੇ ਕਾਰਨ ਹੀ ਏਥਨਜ਼ ਵਿੱਚ ਪਿੱਛੋਂ ਹੋਣ ਵਾਲੇ ਵਿਚਾਰਵਾਨਾਂ ਨੇ ਕੁਲੀਨ-ਰਾਜ ਨੂੰ ਡਿਮਾਕ੍ਰਿਸੀ ਦੇ ਮੁਕਾਬਲੇ ਵਿੱਚ ਸ੍ਰੇਸ਼ਟ ਦੱਸਣ ਦੀ ਕੋਸ਼ਿਸ਼ ਆਰੰਭ ਕਰ ਦਿੱਤੀ ਸੀ। ਸੁਕਰਾਤ ਇਸ ਦਾ ਮੋਢੀ ਸੀ ਅਤੇ ਪਲੇਟੋ ਇਸ ਵਿਚਾਰ ਦੀ ਸਿਖਰ ਸੀ।"

"ਭਾਅ ਜੀ, ਮੈਂ ਇੱਕ ਵੇਰ ਫਿਰ ਆਖਦਾ ਹਾਂ ਕਿ ਹੁਣ ਵੀ ਏਹੋ ਕੁਝ ਹੋ ਰਿਹਾ ਹੈ। ਇੱਕ ਵੱਖਰੀ ਪ੍ਰਕਾਰ ਦੇ ਲੋਕਾਂ ਨੇ ਆਪਣੇ ਆਪ ਨੂੰ ਰਾਜਨੀਤੀ ਦੇ ਅਖਾੜੇ ਦੇ ਪਹਿਲਵਾਨ ਬਣਾ ਲਿਆ ਹੈ ਅਤੇ ਆਪੋ ਆਪਣੇ ਧੋਬੀ ਪਟੜਿਆਂ ਉੱਤੇ ਜਨਤਾ ਦੀ ਪਰਵਾਨਗੀ ਦੀ ਮੁਹਰ ਲਵਾਉਣ ਨੂੰ ਆਪਣੇ ਜੀਵਨ ਦਾ ਮੂਲ ਮਨੋਰਥ ਮੰਨ ਲਿਆ ਹੋਇਆ ਹੈ।"

"ਇਵੇਂ ਹੀ ਹੈ; ਪਰੰਤੂ, ਓਥੇ ਜਿੱਥੇ ਵਾਤਾਵਰਣ, ਪਰਜਾਤੰਤਰ ਦੇ ਅਨੁਕੂਲ ਨਹੀਂ। ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਅਜੇ ਵੀ ਸਮਾਜਕ ਹਾਲਾਤ ਮੱਧਕਾਲੀਨ ਹੀ ਹਨ। ਓਥੇ ਡਿਮਾਕ੍ਰਿਸੀ ਇੱਕ ਕਮਜ਼ੋਰੀ ਜਾਂ ਬੁਰਾਈ ਵੀ ਬਣਦੀ ਰਹਿੰਦੀ ਹੈ। ਜਦੋਂ ਹਾਲਤ ਬਹੁਤੀ ਵਿਗੜ ਜਾਵੇ ਉਦੋਂ ਲੋਕ ਆਖਣ ਲੱਗ ਪੈਂਦੇ ਹਨ ਕਿ 'ਇਸ ਦੇਸ਼ ਦੇ ਸੁਧਾਰ ਲਈ ਕਿਸੇ ਡਿਕਟੇਟਰ ਦਾ ਹੋਣਾ ਜ਼ਰੂਰੀ ਹੈ।' ਇਉਂ ਹੋ ਵੀ ਜਾਂਦਾ ਹੈ। ਕਦੇ ਕੋਈ ਫ਼ੌਜੀ ਜਰਨੈਲ ਡਿਕਟੇਟਰ ਬਣ ਵੀ ਜਾਂਦਾ ਹੈ; ਪਰ, ਹਾਲਤ ਨਹੀਂ ਸੁਧਰਦੀ। ਸਮੇਂ ਦੀ ਸੇਧ ਡਿਕਟੇਟਰੀਆਂ ਅਤੇ ਬਾਦਸ਼ਾਹੀਆਂ ਵੱਲ ਨੂੰ ਨਹੀਂ। ਸਮਾਂ ਪਰਜਾਤੰਤਰ ਅਤੇ ਜਨ-ਕਲਿਆਣ ਰਾਜਾਂ ਵੱਲ ਨੂੰ ਵਧ ਰਿਹਾ ਹੈ।

"ਪਾਪਾ, ਇਹ ਵੀ ਦੱਸੋ ਕਿ ਕਿਹੜੇ ਕਾਰਨਾਂ ਅਤੇ ਤਬਦੀਲੀਆਂ ਕਾਰਨ ਇਉਂ ਹੋ ਰਿਹਾ ਹੈ?"

"ਪੁਰਾਤਨਕਾਲ ਅਤੇ ਮੱਧਕਾਲ ਵਿੱਚ ਇੱਕ ਅਤੇ ਸਰਵ-ਸ਼ਕਤੀਮਾਨ ਈਸ਼ਵਰ ਉੱਤੇ ਵਿਸ਼ਵਾਸ ਸੀ। ਇਸ ਧਰਤੀ ਉੱਤੇ ਜੀਵਨ ਦੇ ਅੰਤ ਪਿੱਛੋਂ ਕਿਸੇ ਪਰਲੋਕ ਵਿੱਚ ਜੀਵੇ ਜਾਣ ਵਾਲੇ ਜੀਵਨ ਨੂੰ ਬਹੁਤੀ ਮਹਾਨਤਾ ਦਿੱਤੀ ਜਾਂਦੀ ਸੀ। ਜ਼ਾਤਾਂ ਪਾਤਾਂ ਅਤੇ ਵਰਗਾਂ ਵਰਣਾਂ ਦੀ ਵੰਡ ਬਹੁਤ ਕਠੋਰ ਸੀ। ਹਰ ਆਦਮੀ ਦਾ ਕਿੱਤਾ ਉਸ ਦੇ ਜਨਮ ਨਾਲ ਨਿਸਚਿਤ ਹੋ

ਜਾਂਦਾ ਸੀ। ਦੂਜੇ ਦੇ ਕੰਮ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਨਾ ਬਣਦਿਆਂ ਹੋਇਆਂ ਧੁਰਾਂ ਤੋਂ ਆਪਣੇ ਜ਼ਿੰਮੇ ਲੱਗੇ ਕੰਮ ਨੂੰ ਤਨੋਂ ਮਨੋਂ ਕਰੀ ਜਾਣ ਨੂੰ 'ਜਸਟਿਸ' ਅਤੇ 'ਕਰਮ ਯੋਗ' ਮੰਨਿਆ ਜਾਂਦਾ ਸੀ। ਇਹ ਸਾਰਾ ਕੁਝ ਏਕਤੰਤ੍ਰ ਜਾਂ ਰਾਜਤੰਤ੍ਰ ਦੇ ਅਨੁਕੂਲ ਸੀ। ਖੇਤੀ ਪ੍ਰਧਾਨ ਸਮਾਜਾਂ ਵਿੱਚ ਅੰਨ-ਧਨ ਦੀ ਉਪਜ ਏਨੀ ਨਹੀਂ ਸੀ ਕਿ ਹਾਕਮਾਂ ਦੇ ਐਸ਼ਵਰਜ ਪਿੱਛੋਂ ਆਮ ਲੋਕਾਂ ਲਈ ਏਨਾ ਬੱਚ ਜਾਵੇ, ਜਿਸ ਨਾਲ ਉਨ੍ਹਾਂ ਦਾ ਜੀਵਨ ਸੁਖੀ, ਸਤਿਕਾਰਯੋਗ ਅਤੇ ਸੁੰਦਰ ਬਣ ਸਕੇ, ਇਸ ਲਈ ਬਹੁਤੇ ਲੋਕ ਦਾਸਾਂ ਅਤੇ ਪਸ਼ੂਆਂ ਦੇ ਪੱਧਰ ਉੱਤੇ ਜੀਣ ਲਈ ਮਜਬੂਰ ਹੁੰਦੇ ਸਨ। ਉਨ੍ਹਾਂ ਨੂੰ ਇਸ ਦੁਨੀਆ ਵਿੱਚ ਦਿਲਚਸਪੀ ਘੱਟ ਹੁੰਦੀ ਸੀ ਅਤੇ ਪਰਲੋਕ ਦੀ ਚਿੰਤਾ ਬਹੁਤੀ। ਯੋਰਪ (ਇਟਲੀ) ਵਿੱਚ ਆਧੁਨਿਕ ਯੁਗ ਦੀ ਨਵੀਂ ਵਿਚਾਰ ਨੇ ਜਨਮ ਲਿਆ। ਇਸ ਨੂੰ ਰਿਨੇਸਾਂਸ ਆਖਿਆ ਜਾਂਦਾ ਹੈ। ਇਹ ਨਵੀਂ ਵਿਚਾਰ ਨਹੀਂ ਸਗੋਂ ਪੁਰਾਣੀ ਵਿਚਾਰ ਦਾ ਨਵਾਂ ਜਨਮ ਸੀ। ਯਹੂਦੀ ਧਰਮਾਂ (ਵਿਸ਼ੇਸ਼ ਕਰਕੇ ਈਸਾਈਅਤ) ਦੇ ਫੈਲਾਉ ਤੋਂ ਪਹਿਲਾਂ ਯੂਨਾਨੀ ਵਿਚਾਰਧਾਰਾ ਵਿੱਚ ਇਸ ਧਰਤੀ ਉੱਤੇ ਜੀਵੇ ਜਾਣ ਵਾਲੇ ਜੀਵਨ ਨੂੰ ਵਿਚਾਰ ਦਾ ਵਿਸ਼ਾ ਮੰਨ ਕੇ ਇਸ ਬਾਰੇ ਸੋਚਿਆ ਜਾਂਦਾ ਸੀ। ਈਸਾਈਅਤ ਦੀ ਗਿਰਾਵਟ ਕਾਰਨ ਸੋਚ ਦਾ ਮੂੰਹ ਫਿਰ ਇਸ ਪਾਸੇ ਮੁੜਿਆ। ਇਸੇ ਸਮੇਂ ਮਸ਼ੀਨੀ ਕ੍ਰਾਂਤੀ ਦਾ ਮੁੱਢ ਵੀ ਬੱਝਾ ਅਤੇ ਮਸ਼ੀਨ ਦੀ ਕਿਰਪਾ ਨਾਲ ਅੰਨ-ਧਨ ਦੀ ਉਪਜ ਵਿੱਚ ਵਾਧਾ ਹੋਇਆ। ਵਿਗਿਆਨਕ ਉੱਨਤੀ ਨੇ ਮਨੁੱਖ ਨੂੰ ਇਸ ਧਰਤੀ ਉਤਲੇ ਜੀਵਨ ਦੀਆਂ ਗੁੰਝਲਾਂ ਦੇ ਹੱਲ ਇਸੇ ਧਰਤੀ ਜਾਂ ਪਰਕ੍ਰਿਤੀ ਦੀ ਖੋਜ ਵਿੱਚੋਂ ਲੱਭਣ ਲਈ ਪ੍ਰੇਰਿਆ। ਹੌਲੀ ਹੌਲੀ ਮਨੁੱਖ ਦੀ ਜੀਵਨ-ਜਾਚ ਅਤੇ ਸੋਚ ਵਿੱਚ ਵਿਕਾਸ ਹੁੰਦਾ ਗਿਆ ਹੈ। ਅਜੋਕੇ ਸੱਭਿਆ ਸਨਅਤੀ ਸਮਾਜਾਂ ਦੇ ਮਨੁੱਖ ਪਰਲੋਕ-ਵਾਦੀ ਨਹੀਂ ਹਨ। ਉਨ੍ਹਾਂ ਲਈ ਇਸ ਧਰਤੀ ਉਤਲਾ ਜੀਵਨ ਸੁਖੀ ਅਤੇ ਸਤਿਕਾਰਯੋਗ ਜੀਵਨ ਹੈ। ਨਾ ਉਹ ਦੁਨੀਆ ਦੇ ਕਿਸੇ ਇੱਕ ਕਰਤਾਰ ਦੇ ਵਿਸ਼ਵਾਸੀ ਹਨ, ਨਾ ਕਿਸੇ ਇੱਕ ਰਾਜੇ ਜਾਂ ਡਿਕਟੇਟਰ ਦੇ ਅਧੀਨ ਰਹਿਣ ਲਈ ਤਿਆਰ ਹਨ। ਉਹ ਕਿਸੇ ਨਿਰਗੁਣ ਬ੍ਰਹਮ ਵਿੱਚ ਵਿਸ਼ਵਾਸ ਕਰ ਸਕਦੇ ਹਨ; ਪਰ, ਆਸਮਾਨਾਂ ਵਿੱਚ ਵੱਸਦੇ ਕਿਸੇ ਵਿਅਕਤੀ-ਰੂਪ ਰੱਬ ਦੇ ਵਿਸ਼ਵਾਸੀ ਹੋਣ ਨਾਲੋਂ ਨਾਸਤਕ ਹੋਣਾ ਉਨ੍ਹਾਂ ਨੂੰ ਵਧੇਰੇ ਕੁਦਰਤੀ ਅਤੇ ਵਿਗਿਆਨਕ ਲੱਗਦਾ ਹੈ, ਇਸ ਦੇ ਨਾਲ ਨਾਲ ਮਸ਼ੀਨ ਨੇ ਵੱਡੇ ਵੱਡੇ ਕਾਰਖ਼ਾਨੇ ਅਤੇ ਕਾਰੋਬਾਰ ਪੈਦਾ ਕਰ ਕੇ ਏਨੀਆਂ ਵੱਡੀਆਂ ਵੱਡੀਆਂ ਕੰਪਨੀਆਂ ਅਤੇ ਜਥੇਬੰਦੀਆਂ ਨੂੰ ਜਨਮ ਦੇ ਦਿੱਤਾ ਹੈ, ਜਿਨ੍ਹਾਂ ਦਾ ਕੰਮ ਚਲਾਉਣਾ ਕਿਸੇ ਇੱਕ ਰਾਜੇ, ਡਿਕਟੇਟਰ ਜਾਂ ਸਰਕਾਰ ਦੇ ਵੱਸ ਦੀ ਗੱਲ ਨਹੀਂ। ਇਹ ਜਥੇਬੰਦੀਆਂ ਆਪਣੇ ਆਪ ਵਿੱਚ ਸਰਕਾਰਾਂ ਹਨ ਅਤੇ ਸਿਆਸੀ ਚੌਧਰੀਆਂ ਨੂੰ ਸੱਤਾ ਦੀ ਭਾਈਵਾਲੀ ਲਈ ਮਜਬੂਰ ਕਰਦੀਆਂ ਹਨ। ਅੱਜ ਦਾ ਵਿਅਕਤੀ ਵੋਟ ਪਾਵੇ ਜਾਂ ਨਾ ਪਾਵੇ, ਉਹ ਇਨ੍ਹਾਂ ਅਦਾਰਿਆਂ ਰਾਹੀਂ ਸਰਕਾਰੀ ਸੱਤਾ ਦਾ ਭਾਈਵਾਲ ਹੈ। ਸਾਡੇ ਵੋਟ ਪਾਇਆਂ ਇਹ ਯੁਗ ਪਰਜਾਤੰਤਰ ਦਾ ਯੁਗ ਨਹੀਂ ਬਣਦਾ, ਸਗੋਂ ਅਸੀਂ ਵੋਟ ਇਸ ਲਈ ਪਾਉਂਦੇ ਹਾਂ ਕਿ ਪਰਜਾਤੰਤਰ ਦਾ ਯੁਗ ਹੈ ਅਤੇ ਇਸ ਯੁਗ ਨੂੰ ਪਰਜਾਤੰਤਰ ਦਾ ਯੁਗ ਬਣਾਉਂਦੇ ਹਨ (1) ਵਿਗਿਆਨ, (2) ਸੁਤੰਤਰ ਸੋਚ, (3) ਸਨਅਤੀ ਅਤੇ ਵਪਾਰਕ ਵਿਕਾਸ, (4) ਸਤਿਕਾਰ ਯੋਗ ਸੰਸਾਰਕ ਜੀਵਨ ਦਾ ਭਰੋਸਾ, ਅਤੇ (5) ਰੂਲ ਆਫ਼ ਲਾਅ ਜਾਂ ਕਾਨੂੰਨ ਸਾਹਮਣੇ ਸਾਰਿਆਂ ਦੀ ਬਰਾਬਰੀ।"

"ਵੀਰ ਜੀ, ਪਰਜਾਤੰਤਰ ਤੋਂ ਅਗੇਰੇ ਵਿਕਾਸ ਦੀ ਸੇਧ ਕੀ ਹੋਵੇਗੀ?"

"ਭਵਿੱਖ ਬਾਰੇ ਜਾਣਿਆ ਨਹੀਂ ਜਾ ਸਕਦਾ; ਅੰਦਾਜ਼ੇ ਲਾਉਣ ਦੀ ਮਨਾਹੀ ਵੀ ਨਹੀਂ। ਪਰਜਾਤੰਤਰ ਤੋਂ ਅਗਲਾ ਸਿਆਸੀ ਅਤੇ ਸਮਾਜੀ ਆਦਰਸ਼ ਉਲੀਕਿਆ ਜਾ ਚੁੱਕਾ ਹੈ। ਉਹ ਹੈ 'ਵੈਲਫ਼ੇਅਰ ਸਟੇਟ'। ਕੁਝ ਹੱਦ ਤਕ ਇਹ ਆਦਰਸ਼ ਸਾਕਾਰ ਵੀ ਕੀਤਾ ਜਾ ਰਿਹਾ ਹੈ।

ਇਸ ਆਦਰਸ਼ ਦੀ ਸੰਪੂਰਣ ਸਾਕਾਰਤਾ ਲਈ ਸਾਵਰਿਨ ਸਟੇਟ (ਸਰਵ ਸੱਤਾ ਸੁਆਮੀ ਰਾਜ) ਦੀ ਸਮਾਪਤੀ ਜ਼ਰੂਰੀ ਹੈ। ਸਰਵ ਸੱਤਾ ਅਧਿਕਾਰ ਇੱਕ ਪ੍ਰਕਾਰ ਦੀ ਜਾਂਗਲੀਅਤ ਹੈ। ਵੈਲਫ਼ੇਅਰ ਸਟੇਟ ਦੇ ਆਦਰਸ਼ ਦੀ ਪ੍ਰਾਪਤੀ ਲਈ ਦੇਸ਼ਾਂ ਕੌਮਾਂ ਦਾ ਸੱਭਿਅ (ਸਿਵਿਲਾਈਜ਼) ਹੋਣਾ ਜ਼ਰੂਰੀ ਹੈ। ਜਿੰਨਾ ਚਿਰ ਦੇਸ਼ਾਂ ਜਾਂ ਕੌਮਾਂ ਉੱਤੇ ਕੋਈ ਸਾਂਝਾ ਕਾਨੂੰਨ ਲਾਗੂ ਨਹੀਂ ਹੁੰਦਾ, ਓਨਾ ਚਿਰ ਉਨ੍ਹਾਂ ਨੂੰ ਸੱਭਿਅ ਆਖਣਾ ਗ਼ਲਤ ਹੈ।"

"ਪਾਪਾ, ਇਸ ਤੋਂ ਅਗੇਰੇ ਦਾ ਵੀ ਕੋਈ ਅਨੁਮਾਨ.....।"

"ਕੇਵਲ ਅਨੁਮਾਨ ਹੀ ਨਹੀਂ, ਸਗੋਂ ਦੂਰ ਭਵਿੱਖ ਦੀਆਂ ਗੱਲਾਂ ਵੀ ਹੋ ਰਹੀਆਂ ਹਨ। ਸਾਵਰਿਨਿਟੀ (ਖ਼ੁਦਮੁਖ਼ਤਾਰੀ) ਦਾ ਤਿਆਗ ਕਰ ਕੇ ਕੌਮੀ ਰਾਜ ਸਾਂਝੀਆਂ ਬਰਾਦਰੀਆਂ ਵਿੱਚ ਇਕੱਠੇ ਹੋ ਰਹੇ ਹਨ। ਅਜਿਹੇ ਇਕੱਠ ਜੰਗ ਦੀ ਜ਼ਰੂਰਤ ਅਤੇ ਜੰਗ ਦੇ ਖ਼ਤਰੇ ਦਾ ਖ਼ਾਤਮਾ ਕਰ ਦੇਣਗੇ। ਫਿਰ 'ਵਿਸ਼ਵ ਵੈਲਫ਼ੇਅਰ ਸਟੇਟ' ਦੇ ਆਦਰਸ਼ ਦੀਆਂ ਗੱਲਾਂ ਹੋਣਗੀਆਂ। ਸਾਰੀ ਧਰਤੀ ਨੂੰ ਮਨੁੱਖ ਦਾ ਸਾਂਝਾ, ਸੁਹਣਾ ਸੁਖਦਾਇਕ ਘਰ ਬਣਾਉਣ ਦਾ ਉੱਦਮ ਹੋਵੇਗਾ।"

ਆਪਣੇ ਸੁਪਨੇ ਨੂੰ ਆਪਣੇ ਨੇਤਰਾਂ ਵਿੱਚ ਸਜਾਈ ਪਾਪਾ ਬਾਹਰ ਗਾਰਡਨ ਵੱਲ ਚਲੇ ਗਏ। ਅਸੀਂ ਸਾਰੇ ਇੱਕ ਦੂਜੇ ਵੱਲ ਵੇਖ ਰਹੇ ਸਾਂ।"

ਸਨੇਹਾ।

***ਨੋਟ :*** ਇਹ ਲਿਖਣਾ ਭੁੱਲ ਹੀ ਚੱਲੀ ਸਾਂ ਕਿ ਇੱਕ ਸਾਧਾਰਣ ਜਿਹੀ ਘਟਨਾ ਦਾ ਬਿਆਨ ਕਰਦੀ ਹੋਈ ਤੇਰੀ ਪੱਤ੍ਰਕਾ ਨਿੱਕੀ ਕਹਾਣੀ ਦਾ ਪ੍ਰਭਾਵ ਪਾ ਗਈ ਹੈ।

ਸਨੇਹਾ।

# 30

ਗੁਰਦਾਸਪੁਰ,
31.7.96.

ਸਨੇਹਾ,

ਤੇਰੇ ਪੱਤ੍ਰ ਨੇ ਕਿੰਨੀ ਕੁ ਦਿਮਾਗ਼ੀ ਹਲਚਲ ਪੈਦਾ ਕੀਤੀ ਹੈ, ਦੱਸਣਾ ਮੁਸ਼ਕਲ ਹੈ। ਇਸ ਹਲਚਲ ਨੂੰ ਆਪਣੇ ਸਿਰ ਵਿੱਚ ਸਾਂਭੀ ਮੈਂ ਪਾਪਾ, ਬੀ ਜੀ ਅਤੇ ਕਰਨ ਦੀ ਵਿਦਾਇਕੀ ਦੇ ਆਹਰ ਵਿੱਚ ਲੱਗੀ ਰਹੀ ਹਾਂ। ਇਸ ਤੋਂ ਪਹਿਲਾਂ ਵੀ ਹੋਸਟਲ ਵਿੱਚ ਰਹਿੰਦਿਆਂ ਹੋਇਆਂ, ਮੈਂ ਪਰਿਵਾਰ ਤੋਂ ਦੂਰ ਰਹੀ ਹਾਂ; ਪਰ, ਇਸ ਵੇਰ ਪਰਿਵਾਰ ਤੋਂ ਦੂਰ ਹੋਣ ਦਾ ਅਨੁਭਵ ਪਹਿਲਾਂ ਨਾਲੋਂ ਵੱਖਰਾ ਸੀ। ਕਰਨ ਨਵੀਂ ਥਾਂ ਦੇ ਚਾਅ ਵਿੱਚ ਸੀ, ਪਾਪਾ ਸਾਰੀ ਸਥਿਤੀ ਨੂੰ ਵਾਸਤਵਿਕ ਅਤੇ ਵਿਹਾਰਕ ਦ੍ਰਿਸ਼ਟੀ ਤੋਂ ਵੇਖਦੇ ਸਨ; ਪਰ ਬੀ ਜੀ ਮੈਨੂੰ ਆਪਣੇ ਤੋਂ ਦੂਰ ਕਰਨ ਨੂੰ ਤਿਆਰ ਨਹੀਂ ਸਨ। ਉਨ੍ਹਾਂ ਨੂੰ ਇਹ ਕਹਿ ਕੇ ਮਨਾਇਆ ਗਿਆ ਸੀ ਕਿ 'ਇਸ ਨੂੰ ਏਥੇ ਬਹੁਤ ਚੰਗੀ ਨੌਕਰੀ ਮਿਲ ਗਈ ਹੈ।' ਇਸ ਕਥਨ ਵਿੱਚ ਸੱਚਾਈ ਤਾਂ ਹੈ, ਪਰ ਉਸ ਪ੍ਰਕਾਰ ਦੀ ਨਹੀਂ ਜਿਸ ਪ੍ਰਕਾਰ ਦੀ ਉਨ੍ਹਾਂ ਨੂੰ ਦੱਸੀ ਗਈ ਸੀ। ਜਾਣ ਲੱਗਿਆਂ ਉਹ ਬਹੁਤ ਉਦਾਸ ਹੋਏ। ਮੈਨੂੰ ਗਲ ਲਾ ਕੇ ਉਨ੍ਹਾਂ ਆਖਿਆ, "ਪੁਸ਼ਪੀ ਸਦਾ ਤੋਂ ਮਾਵਾਂ ਧੀਆਂ ਨੂੰ ਵਿਦਾ ਕਰਦੀਆਂ ਅਤੇ ਉਦਾਸ ਹੁੰਦੀਆਂ ਆਈਆਂ ਹਨ, ਅੱਜ ਤੂੰ ਮੈਨੂੰ ਵਿਦਾ ਕਰ ਰਹੀ ਹੈਂ; ਉਦਾਸ ਨਾ ਹੋਵੀਂ, ਮੇਰੀ ਬੱਚੀਏ।" ਅਤੇ ਉਨ੍ਹਾਂ ਦੇ ਹੰਝੂ ਬੇ-ਕਾਬੂ ਹੋ ਗਏ। ਮੇਰੇ ਹੰਝੂਆਂ ਨੇ ਉਨ੍ਹਾਂ ਦਾ ਮੋਢਾ ਗਿੱਲਾ ਕਰ ਦਿੱਤਾ। ਇੱਕ ਵੇਰ ਤਾਂ ਮੇਰਾ ਜੀ ਕੀਤਾ ਕਿ ਮੈਂ ਇਨ੍ਹਾਂ ਦੇ ਨਾਲ ਚਲੀ ਜਾਵਾਂ। ਇਸ ਤੋਂ ਪਹਿਲਾਂ ਕਿ ਮੇਰੀ ਇਹ ਇੱਛਾ ਸ਼ਬਦਾਂ ਦਾ ਰੂਪ ਧਾਰਨ ਕਰਦੀ, ਪਾਪਾ ਨੇ ਆਦਰ ਨਾਲ ਬੀ ਜੀ ਨੂੰ ਬਾਹੋਂ ਫੜਦਿਆਂ ਹੋਇਆਂ ਆਖਿਆ, "ਚਲੋ, ਹੁਣ ਬੱਸ ਕਰੋ; ਬੱਚੇ ਨੂੰ ਬਹੁਤਾ ਉਦਾਸ ਨਾ ਕਰੋ।" ਪਾਪਾ ਕੋਲੋਂ ਆਪਣੀ ਉਦਾਸੀ ਛੁਪਾਈ ਨਹੀਂ ਸੀ ਜਾ ਰਹੀ। ਮਨੁੱਖ ਵਿਚਲੀ 'ਮਮਤਾ' ਨੇ ਕਦੋਂ 'ਮੋਹ' ਬਣ ਜਾਣਾ ਹੈ ? ਕੋਈ ਨਹੀਂ ਜਾਣਦਾ।

ਪਾਪਾ, ਬੀ ਜੀ ਅਤੇ ਕਰਨ ਨੂੰ ਬੱਸ ਵਿੱਚ ਬਿਠਾ ਕੇ ਭਾਈ ਜੀ, ਪਿਤਾ ਜੀ, ਅੰਕਲ ਅਤੇ ਮੈਂ ਜਾਪੂਵਾਲ ਆ ਗਏ। ਆਂਟੀ, ਨੀਲੂ ਜੀ ਅਤੇ ਸੁਮੀਤ ਸਾਡੀ ਉਡੀਕ ਕਰ ਰਹੇ ਸਨ। ਘਰ ਪੁੱਜਦਿਆਂ ਹੀ ਅੰਕਲ ਜੀ ਨੇ ਕਿਹਾ, "ਹੁਣ ਕੋਈ ਅਜੇਹੀ ਗੱਲ ਕਰੋ ਕਿ ਇਸ ਉਦਾਸੀ ਤੋਂ ਪਿੱਛਾ ਛੁੱਟੇ।" ਨੀਲੂ ਜੀ ਨੇ ਹੱਸ ਕੇ ਆਖਿਆ, "ਤੁਸੀਂ ਆਪ ਹੀ ਕਿਉਂ ਨਹੀਂ ਪਹਿਲ ਕਰਦੇ ?"

"ਮੇਰਾ ਮਿੱਤ੍ਰ ਦੂਰ ਚਲੇ ਗਿਆ ਹੈ, ਮੈਨੂੰ ਕੁਝ ਸੁੱਝ ਨਹੀਂ ਰਿਹਾ।"

"ਮੇਰੇ ਕੋਲ ਹੈ ਇਸ ਉਦਾਸੀ ਦਾ ਦਾਰੂ," ਕਹਿ ਕੇ ਮੈਂ ਆਪਣੇ ਹੈਂਡ ਬੈਗ ਵਿੱਚੋਂ ਤੇਰਾ ਪੱਤ੍ਰ ਕੱਢ ਕੇ ਅੰਕਲ ਜੀ ਦੇ ਹੱਥ ਦੇ ਦਿੱਤਾ। ਉਨ੍ਹਾਂ ਨੇ ਉਹ ਪੱਤ੍ਰ ਸੁਮੀਤ ਵੱਲ ਵਧਾਉਂਦਿਆਂ ਆਖਿਆ, "ਲੈ ਬਈ, ਸੁਮੀਤ, ਤੂੰ ਪੜ੍ਹ ਇਸ ਨੂੰ। ਸਾਰਿਆਂ ਨੂੰ ਸੁਣਾ ਕੇ ਪੜ੍ਹੀਂ।"

"ਇਹ ਤਾਂ ਪਰਸਨਲ ਲੈਟਰ ਹੈ, ਸਾਰਿਆਂ ਨੂੰ ਸੁਣਾ ਕੇ ਕਿਵੇਂ ਪੜ੍ਹਿਆ ਜਾ ਸਕਦਾ ਹੈ ?"

ਮੇਰਾ ਉੱਤਰ ਸੀ, "ਮੇਰੀ ਇਜਾਜ਼ਤ ਨਾਲ।"

ਪੱਤ੍ਰ ਪੜ੍ਹਿਆ ਗਿਆ। ਸਾਰਿਆਂ ਨੇ ਬਹੁਤ ਧਿਆਨ ਨਾਲ ਸੁਣਿਆ। ਸਭ ਤੋਂ ਪਹਿਲਾਂ ਨੀਲੂ ਜੀ ਬੋਲੇ, "ਵਾਹ! ਸਨੇਹਾ ਦੇ ਪਾਪਾ ਤਾਂ ਕੋਈ ਪ੍ਰਤਿਭਾਵਾਨ ਵਿਅਕਤੀ ਹਨ।"

"ਕੇਵਲ ਸਨੇਹਾ ਦੇ ਪਾਪਾ ਨਹੀਂ, ਸਾਡੇ ਸਾਰਿਆਂ ਦੇ। ਇਹ ਭੇਤ ਹੁਣ ਖੁੱਲ੍ਹ ਚੁੱਕਾ ਹੈ ਕਿ ਦੇਵ ਜੀ ਕੌਣ ਹਨ, ਉਨ੍ਹਾਂ ਨੂੰ ਕਿਨ੍ਹਾਂ ਦੇ ਸਪੁਰਦ ਕੀਤਾ ਗਿਆ ਸੀ ਅਤੇ ਏਥੋਂ ਦੀਆਂ ਯੋਜਨਾਵਾਂ ਨੂੰ ਪੱਛਮੀ ਸਹਾਇਤਾ ਕਿਸ ਰੂਪ ਵਿੱਚ, ਕਿਸ ਵਿਅਕਤੀ ਦੁਆਰਾ ਦਿੱਤੀ ਜਾਂਦੀ ਹੈ।"

ਮੇਰੀ ਗੱਲ ਸੁਣ ਕੇ ਨੀਲੂ ਜੀ ਨੇ ਅੰਕਲ ਜੀ ਵੱਲ ਵੇਖਿਆ। ਅੰਕਲ ਜੀ ਨੇ 'ਹਾਂ' ਵਿੱਚ ਸਿਰ ਹਿਲਾਇਆ। ਮੈਂ ਆਪਣੀ ਗੱਲ ਜਾਰੀ ਰੱਖੀ, "ਪਰੰਤੂ ਭੇਤ ਖੁੱਲ੍ਹ ਜਾਣ ਦਾ ਇਹ ਮਤਲਬ ਨਹੀਂ ਕਿ ਪਾਪਾ ਅਲੌਕਿਕ ਪ੍ਰਤਿਭਾ ਦੇ ਮਾਲਕ ਨਹੀਂ ਹਨ। ਮੇਰਾ ਖ਼ਿਆਲ ਹੈ ਕਿ ਉਨ੍ਹਾਂ ਦੀਆਂ ਗੱਲਾਂ ਸਾਡੀ ਉਦਾਸੀ ਦੇ ਰੂਪਾਂਤਰਣ ਦਾ ਕਾਰਨ ਬਣ ਸਕਦੀਆਂ ਹਨ।"

"ਹਾਂ, ਬਣ ਸਕਦੀਆਂ ਹਨ; ਪਰ, 'ਅਲੌਕਿਕ' ਸ਼ਬਦ ਨਾਲ ਮੈਂ ਸਹਿਮਤ ਨਹੀਂ ਹਾਂ। ਅਸੀਂ ਆਪਣੀ ਵਿਚਾਰ ਨੂੰ 'ਲੋਕ' ਜਾਂ ਇਸ 'ਦੁਨੀਆ' ਤੱਕ ਹੀ ਸੀਮਿਤ ਰੱਖੀਏ। 'ਲੋਕ' ਦੇ ਮਸਲੇ ਹੱਲ ਕਰਨ ਤੋਂ ਪਹਿਲਾਂ ਪਰਲੋਕ ਦੀਆਂ ਗੱਲਾਂ ਕੁਝ ਓਪਰੀਆਂ ਲੱਗਦੀਆਂ ਹਨ। ਵਿਸ਼ੇਸ਼ ਕਰਕੇ ਆਧੁਨਿਕ ਵਿਗਿਆਨਕ ਯੁਗ ਵਿੱਚ ਅਤੇ ਤੀਜੀ ਦੁਨੀਆ ਦੇ ਪੱਛੜੇ, ਅਵੁੱਨਤ, ਗ਼ਰੀਬ, ਅਨਪੜ੍ਹ ਅਤੇ ਰੋਗੀ ਸਮਾਜਾਂ ਵਿੱਚ ਕਿਸੇ ਅਲੌਕਿਕਤਾ ਵਿੱਚ ਦਿਲਚਸਪੀ ਆਪਣੇ ਆਲੇ-ਦੁਆਲੇ ਦੇ ਜੀਵਨ ਨਾਲ ਸੁਆਰਥ ਅਤੇ ਅਨਿਆਂ ਦੇ ਸੰਬੰਧ ਦੀ ਸੂਚਕ ਹੈ।"

"ਤਾਂ ਵੀ ਪਛੜੇ ਦੇਸ਼ਾਂ ਜਾਂ ਵਿਕਾਸ ਕਰ ਰਹੇ ਦੇਸ਼ਾਂ (ਵਿਸ਼ੇਸ਼ ਕਰ ਕੇ ਭਾਰਤ) ਵਿੱਚ ਹੀ ਅਲੌਕਿਕਤਾ ਅਤੇ ਪਰਲੋਕ ਵਿੱਚ ਦਿਲਚਸਪੀ ਵੱਧ ਹੈ; ਇਹ ਕਿਉਂ ?"

"ਪੁਸ਼ਪੇਂਦ੍ਰ, ਮੈਂ ਆਪਣੀ ਗੱਲ ਠੀਕ ਢੰਗ ਨਾਲ ਕਹਿ ਨਹੀਂ ਸਕੀ। ਮੇਰਾ ਮਤਲਬ ਇਹ ਸੀ ਕਿ ਭਾਰਤ ਵਰਗੇ ਦੇਸ਼ਾਂ ਵਿੱਚ ਵੱਸਣ ਵਾਲੇ ਪੜ੍ਹੇ-ਲਿਖੇ ਸੁਰੱਖਿਅਤ, ਸੁਖੀ ਅਤੇ ਸੂਝਵਾਨ ਲੋਕਾਂ ਦੀ ਪਰਲੋਕ ਅਤੇ ਅਲੌਕਿਕਤਾ ਵਿੱਚ ਦਿਲਚਸਪੀ ਆਪਣੇ ਚਾਰ ਚੁਫੇਰੇ ਫੈਲੇ ਹੋਏ ਜੀਵਨ ਨਾਲ ਬੇ-ਵਫ਼ਾਈ ਦੀ ਸੂਚਕ ਹੈ। ਅਨਪੜ੍ਹਤਾ ਅਤੇ ਗ਼ਰੀਬੀ ਵਿੱਚ ਵੱਸਣ ਵਾਲੇ ਲੋਕਾਂ ਦਾ ਪਰਲੋਕਵਾਦੀ ਹੋਣਾ ਕੁਦਰਤੀ ਹੈ। ਅਲੌਕਿਕਤਾ ਅਤੇ ਪਰਲੋਕਵਾਦ ਉਨ੍ਹਾਂ ਲਈ ਖਿੰਨਤਾ ਅਤੇ ਵਿਸ਼ਾਦ ਦੇ ਜ਼ਹਿਰਾਂ ਵਿਰੁੱਧ ਤੋੜ, ਤਿਰਿਆਕ ਜਾਂ ਜ਼ਹਿਰਮਾਰ ਦਵਾਈ ਦਾ ਕੰਮ ਕਰਦੇ ਹਨ। ਪਰੰਤੂ, ਉਹ ਸੂਝਵਾਨ ਅਤੇ ਸਮਰਿੱਧ ਵਰਗ ਜਿਹੜਾ ਅਜੋਕੇ ਵਿਗਿਆਨਕ ਵਿਕਾਸ ਦੀ ਉਪਜ ਹੈ ਅਤੇ ਇਸ ਵਿਕਾਸ ਦੇ ਦਿੱਤੇ ਹੋਏ ਸਾਰੇ ਸੁੱਖਾਂ ਨੂੰ ਮਾਣਨਾ ਆਪਣਾ ਜਨਮਸਿੱਧ ਅਧਿਕਾਰ ਸਮਝਦਾ ਹੈ, ਜੇ ਅਲੌਕਿਕਤਾ ਦਾ ਵਿਸ਼ਵਾਸੀ ਅਤੇ ਪਰਲੋਕਵਾਦੀ ਹੋਵੇ ਤਾਂ ਕੁਝ ਓਪਰਾ ਜਿਹਾ ਲੱਗਦਾ ਹੈ।"

"ਮੱਧਕਾਲ ਦੇ ਲੋਕਾਂ ਲਈ ਪਰਲੋਕਵਾਦੀ ਹੋਣਾ ਸ੍ਰੇਸ਼ਟਤਾ ਵਾਲੀ ਗੱਲ ਸੀ। ਹੁਣ ਇਸ ਨੂੰ ਓਪਰੀ ਗੱਲ ਕਿਉਂ ਮੰਨਿਆ ਜਾਵੇ ?"

"ਮਨੁੱਖੀ ਮਾਨਤਾਵਾਂ ਅਤੇ ਧਾਰਣਾਵਾਂ ਦਾ ਸਮੇਂ ਅਨੁਸਾਰ ਵਿਕਸਣਾ ਜਾਂ ਬਦਲਨਾ ਜ਼ਰੂਰੀ ਹੈ। ਜੰਗਲੀ ਵੱਸਦੇ ਮਨੁੱਖ ਲਈ ਨੰਗੇ ਰਹਿਣ ਵਿੱਚ ਕੋਈ ਓਪਰਾਪਨ ਨਹੀਂ ਸੀ। ਅੱਜ ਵੀ ਦੁਨੀਆ ਦੇ ਕੁਝ ਇੱਕ ਜੰਗਲੀ ਕਬੀਲੇ ਨੰਗੇ ਰਹਿ ਰਹੇ ਹਨ; ਪਰੰਤੂ ਸੱਭਿਅ ਮਨੁੱਖ ਲਈ

ਇਹ ਵਿਅਕਤੀਗਤ ਪੱਧਰ ਉੱਤੇ ਸ਼ਰਮ ਅਤੇ ਸਮਾਜਕ ਪੱਖੋਂ ਅਪਮਾਨ ਜਾਂ ਦੋਸ਼ ਵਰਗੀ ਗੱਲ ਵੀ ਹੈ। ਕੋਈ ਸਮਾਂ ਸੀ ਕਿ ਮਨੁੱਖ ਦਾ ਰੱਬ ਆਦਮੀਆਂ ਅਤੇ ਪਸ਼ੂਆਂ ਦੀਆਂ ਬਲੀਆਂ ਲੈ ਕੇ ਰੀਝਦਾ ਸੀ। ਸ਼ਾਇਦ ਹੁਣ ਵੀ ਇਉਂ ਹੁੰਦਾ ਹੈ, ਪਰ ਇਸ ਮਾਨਤਾ ਜਾਂ ਵਿਸ਼ਵਾਸ ਨੂੰ ਮੂਰਖਤਾ ਮੰਨਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ।"

"ਮੱਧਕਾਲ ਵਿੱਚ ਵੀ ਗ਼ਰੀਬੀ ਵਿੱਚ ਜੀਣ ਵਾਲਾ ਵੰਚਿਤ ਵਰਗ ਮੌਜੂਦ ਸੀ। ਉਸ ਸਮੇਂ ਦੇ ਲੋਕਾਂ ਦੇ ਪਰਲੋਕਵਾਦੀ ਹੋਣ ਨੂੰ ਤੁਸੀਂ ਮਿਹਣੇ ਵਾਲੀ ਗੱਲ ਕਿਉਂ ਨਹੀਂ ਮੰਨਦੇ ?"

"ਪੁਸ਼ਪੇ, ਉਸ ਸਮੇਂ ਦੇ ਲੋਕ ਏਨੇ ਸੂਝਵਾਨ ਨਹੀਂ ਸਨ। ਉਹ ਕੁਦਰਤ ਦੇ ਸੂਖ਼ਮ ਭੇਤਾਂ ਤੋਂ ਜਾਣੂੰ ਨਹੀਂ ਸਨ। ਅਕਾਲਾਂ, ਭੁਚਾਲਾਂ, ਭੁੱਖਮਰੀਆਂ, ਹੜ੍ਹਾਂ, ਤੂਫ਼ਾਨਾਂ ਅਤੇ ਤਾਊਨਾਂ ਨੂੰ ਉਹ ਕਿਸੇ ਅਲੌਕਿਕ ਸ਼ਕਤੀ ਦੁਆਰਾ ਕੀਤੇ ਜਾਣ ਵਾਲੇ ਕਾਰਨਾਮੇ ਮੰਨਦੇ ਸਨ। ਏਥੋਂ ਤਕ ਕਿ ਕਿਸੇ ਜਰਵਾਣੇ ਦੁਆਰਾ ਕਿਸੇ ਦੇਸ਼ ਉੱਤੇ ਕੀਤਾ ਗਿਆ ਹਮਲਾ ਵੀ ਰੱਬ ਦੀ ਰਜ਼ਾ ਸਮਝਿਆ ਜਾਂਦਾ ਸੀ। ਚੰਨਾਂ, ਤਾਰਿਆਂ, ਸੂਰਜਾਂ, ਧਰਤੀਆਂ, ਖੰਡਾਂ, ਬ੍ਰਹਿਮੰਡਾਂ ਦੀ ਵਿਗਿਆਨਕ ਸੂਝ ਤੋਂ ਸੱਖਣਾ ਮਨੁੱਖ ਕਿਸੇ ਅਲੌਕਿਕ ਸ਼ਕਤੀ ਦੀ ਕਲਪਨਾ ਕਰਨ ਲਈ ਮਜਬੂਰ ਸੀ। ਅੱਜ ਇਉਂ ਨਹੀਂ ਹੈ। ਅਜੋਕਾ ਵਿਗਿਆਨਕ ਇਸ ਜਤਨ ਵਿੱਚ ਹੈ ਕਿ ਉਹ ਪਰਮਾਣੂੰ (ਐਟਮ) ਵਿੱਚ ਇੱਕ ਲੱਖ ਛਿਆਸੀ ਹਜ਼ਾਰ ਮੀਲ ਫ਼ੀ ਸਕਿੰਟ ਦੀ ਰਫ਼ਤਾਰ ਨਾਲ ਦੌੜਦੇ ਵਿਦਿਉਤ ਕਣ (ਇਲੈਕਟ੍ਰੋਨ) ਨੂੰ ਆਪ ਵੇਖ ਸਕੇ ਅਤੇ ਲੋਕਾਂ ਨੂੰ ਵਿਖਾ ਸਕੇ। ਉਸ ਵਿਗਿਆਨਕ ਨਾਲ ਕਿਸੇ ਪ੍ਰਕਾਰ ਦੀ ਸਾਂਝ ਨਾ ਰੱਖਣ ਵਾਲੇ ਆਦਮੀ ਨੂੰ ਪਰਲੋਕਵਾਦੀ ਹੋਣ ਦਾ ਮਿਹਣਾ ਨਹੀਂ। ਪਰ, ਉਸ ਦੇ ਆਂਢ-ਗੁਆਂਢ ਵਿੱਚ ਵੱਸਣ ਵਾਲਾ ਆਦਮੀ ਜੇ ਪਰਲੋਕਵਾਦੀ ਹੋਵੇ ਤਾਂ ਉਸ ਦੀ ਨੀਅਤ ਉੱਤੇ ਸ਼ੱਕ ਕਰਨ ਦੀ ਗੁੰਜਾਇਸ਼ ਹੈ। ਹਰ ਐਤਵਾਰ ਆਪਣੇ ਗੁਆਂਢੀ ਦੇ ਘਰ ਨਿਓਤਾ ਖਾਣ ਵਾਲਾ ਆਦਮੀ ਜੇ ਉਸ ਨੂੰ ਤੰਗਦਿਲ ਅਤੇ ਕੰਜੂਸ ਆਖੇ ਤਾਂ ਉਹ ਆਪਣੇ ਦਿਮਾਗ਼ੀ ਉਲਾਰ ਨੂੰ ਪ੍ਰਗਟ ਕਰ ਰਿਹਾ ਹੋਵੇਗਾ।"

"ਇਸ ਦੇ ਕਾਰਨਾਂ ਉੱਤੇ ਨਿੱਕੀ ਜੇਹੀ ਝਾਤ ਪਾਉਗੇ ?"

"ਅਣਪੜ੍ਹਤਾ ਜਾਂ ਜਹਾਲਤ ਸਭ ਤੋਂ ਵੱਡਾ ਕਾਰਨ ਹੈ; ਪਰ, ਅਸੀਂ ਵੰਚਿਤ ਅਤੇ ਜਾਹਲ ਲੋਕਾਂ ਦੀ ਗੱਲ ਨਹੀਂ ਕਰ ਰਹੇ। ਅਸੀਂ ਉਨ੍ਹਾਂ ਬਾਰੇ ਸੋਚ ਰਹੇ ਹਾਂ ਜਿਹੜੇ ਸੂਝਵਾਨ ਹਨ, ਵਿਗਿਆਨ-ਵਿਕਾਸ ਦੀ ਉਪਜ ਹਨ ਅਤੇ ਇਸ ਵਿਕਾਸ ਦੁਆਰਾ ਪੈਦਾ ਕੀਤੀਆਂ ਗਈਆਂ ਸਹੂਲਤਾਂ ਨੂੰ ਆਪਣੀ ਮਾਲਕੀ ਮੰਨਦਿਆਂ ਹੋਇਆਂ ਪਰਲੋਕਵਾਦੀ ਹਨ। ਇੱਕ ਵੱਡਾ ਕਾਰਨ ਤਾਂ ਇਹ ਹੈ ਕਿ ਮਨੁੱਖ ਨੂੰ ਪਰਮਪਰਾਗਤ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਸਾਂਭ ਸਾਂਭ ਰੱਖਣ ਦੀ ਆਦਤ ਹੈ। ਪੱਛਮੀ ਦੇਸ਼ਾਂ ਦੇ ਘਰਾਂ ਦੇ ਪਿਛਵਾੜੇ ਇੱਕ ਨਿੱਕਾ ਜਾਂ ਵੱਡਾ ਸ਼ੈੱਡ ਬਣਾਉਣ ਦਾ ਰਿਵਾਜ ਹੈ। ਸ਼ੈੱਡ ਬਣਾਉਣ ਵਾਲੀਆਂ ਕੰਪਨੀਆਂ ਅਰਬਾਂ ਪਾਊਂਡਾਂ ਦਾ ਵਾਰਸ਼ਕ ਵਪਾਰ ਕਰਦੀਆਂ ਹਨ। ਤੁਸੀਂ ਕਿਸੇ ਘਰ ਦੇ ਸ਼ੈੱਡ ਵਿੱਚ ਜਾ ਕੇ ਵੇਖੋ। ਆਖ਼ਰਾਂ ਦਾ ਬੇ-ਲੋੜਾ ਨਿਕਸੁਕ, ਜਿਸ ਨੇ ਕਦੇ ਕਿਸੇ ਵਰਤੋਂ ਵਿੱਚ ਨਹੀਂ ਆਉਣਾ, ਵੇਖ ਕੇ ਤੁਸੀਂ ਹੈਰਾਨ ਹੋ ਜਾਉਗੇ। ਪਰੰਤੂ ਆਪਣੇ ਮਨ ਦੇ ਕਿਸੇ ਕੋਨੇ ਵਿੱਚ ਬੇ-ਲੋੜੇ ਅਵਿਗਿਆਨਕ ਵਿਸ਼ਵਾਸਾਂ ਨੂੰ ਸਾਂਭ ਸਾਂਭ ਰੱਖਣਾ ਤੁਹਾਨੂੰ ਕਦੇ ਓਪਰਾ ਨਹੀਂ ਲੱਗੇਗਾ। ਆਪਣੇ ਸ਼ੈੱਡ ਨੂੰ ਅਸੀਂ ਦੋ ਚਾਰ ਸਾਲ ਪਿੱਛੋਂ ਸਾਫ਼ ਕਰ ਲੈਣ ਦਾ ਉੱਦਮ ਕਰ ਲੈਂਦੇ ਹਾਂ, ਪਰ, ਆਪਣੇ ਮਨ ਵਿੱਚੋਂ ਪੁਰਾਣੇ ਹਾਸੋ-ਹੀਣੇ ਵਿਸ਼ਵਾਸਾਂ ਨੂੰ ਕੱਢਣ ਦੀ ਸਿਆਣਪ ਹਜ਼ਾਰਾਂ ਸਾਲਾਂ ਪਿੱਛੋਂ ਕਰਦੀ ਹੈ ਮਨੁੱਖ ਜਾਤੀ, ਉਹ ਵੀ ਸਾਰੀ ਨਹੀਂ।

"ਇਸ ਦਾ ਦੂਜਾ ਕਾਰਨ ਭਾਰਤ ਵਰਗੇ ਦੇਸ਼ਾਂ ਦੇ ਸੂਝਵਾਨ ਵਰਗ ਉੱਤੇ ਲਾਗੂ ਹੁੰਦਾ

ਹੈ। ਸਾਡੇ ਦੇਸ਼ ਦੇ ਕਰੋੜਾਂ ਲੋਕ ਤਰਸਯੋਗ ਜੀਵਨ ਜੀ ਰਹੇ ਹਨ। ਵਿਸ਼ਟਾ ਨਾਲ ਭਰੇ ਗੰਦਿਆਂ ਨਾਲਿਆਂ ਕੰਢੇ ਵੱਸਣ ਅਤੇ ਕੂੜੇ ਦੇ ਢੇਰਾਂ ਨੂੰ ਫੋਲ ਕੇ ਖਾਣ ਨੂੰ ਕੁਝ ਲੱਭਣ ਵਾਲਿਆਂ ਦੀ ਗਿਣਤੀ ਕਈ ਲੱਖਾਂ ਵਿੱਚ ਹੈ; ਹੋ ਸਕਦਾ ਹੈ ਕਰੋੜਾਂ ਵਿੱਚ ਹੋਵੇ। ਤੁਹਾਡੇ ਅੰਕਲ ਜੀ ਨੇ ਸਾਨੂੰ ਦੱਸਿਆ ਹੈ ਕਿ ਪੱਛਮੀ ਯੌਰਪ ਦੇ ਦੇਸ਼ਾਂ ਵਿੱਚ ਕੋਈ ਪਸ਼ੂ ਵੀ ਕੂੜੇ ਦੇ ਢੇਰ ਉੱਤੇ ਭੋਜਨ ਲੱਭਦਾ ਨਹੀਂ ਵੇਖਿਆ ਜਾ ਸਕਦਾ; ਘੱਟੋ ਘੱਟ ਇਨ੍ਹਾਂ ਨੇ ਤਿੰਨ-ਚਾਰ ਸਾਲ ਦੇ ਸਮੇਂ ਵਿੱਚ ਅਜੇਹਾ ਦ੍ਰਿਸ਼ ਨਹੀਂ ਵੇਖਿਆ। ਸਾਡੇ ਦੇਸ਼ ਦੇ ਸੂਝਵਾਨ ਅਤੇ ਸਮ੍ਰਿੱਧ ਵਰਗ, ਦੇਸ਼ ਵਿੱਚ ਵੱਸਦੇ ਅਭਾਗਿਆਂ ਦੀ ਦੁਰਦਸ਼ਾ ਤੋਂ ਪੂਰੀ ਤਰ੍ਹਾਂ ਜਾਣੂੰ ਹੈ। ਅੱਖਾਂ ਸਾਹਮਣੇ ਪਸਰੇ ਹੋਏ ਵਿਰਾਟ ਸੱਚ ਦੀ ਜਾਣਕਾਰੀ ਦੀ ਵਜਹ ਨਾਲ ਉਸ ਦੇ ਅਚੇਤ ਵਿੱਚ ਇਹ ਅਹਿਸਾਸ ਘਰ ਕਰੀ ਬੈਠਾ ਹੈ ਕਿ ਉਹ ਬਹੁਤ ਵੱਡੇ ਕੋਝ ਨੂੰ ਨਜ਼ਰ ਅੰਦਾਜ਼ ਕਰਨ ਦਾ ਦੋਸ਼ੀ ਹੈ। ਇਸ ਅਹਿਸਾਸ ਤੋਂ ਸੱਖਣੇ ਹੋ ਕੇ ਆਪਣੇ ਆਪ ਨੂੰ ਸੂਝਵਾਨ ਸਮਝਣਾ ਪਹਿਲੇ ਦੋਸ਼ ਨਾਲੋਂ ਕਿਤੇ ਵਡੇਰਾ ਭੁਲੇਖਾ ਹੈ। ਅਪ੍ਰਾਧ-ਭਾਵਨਾ ਤੋਂ ਉਪਜਣ ਵਾਲੀ ਲੱਜਾ ਅਤੇ ਪੀੜਾ ਦਾ ਇਲਾਜ ਹੈ ਪਰਲੋਕਵਾਦ ਅਤੇ ਅਲੌਕਿਕਤਾ। ਇਹ ਇੱਕ ਓਹਲਾ ਹੈ—ਇੱਕ ਪ੍ਰਕਾਰ ਦੀ ਭਾਂਜ ਹੈ।"

ਹੁਣ ਤਕ ਚੁੱਪ ਬੈਠੇ, ਸੁਣਦੇ, ਅੰਕਲ ਜੀ ਨੇ ਆਖਿਆ, "ਨੀਲੂ ਬੇਟਾ, ਜੇ ਇਜਾਜ਼ਤ ਹੋਵੇ ਤਾਂ ਅਸੀਂ ਵੀ ਤੁਹਾਡੀ ਗੱਲ-ਬਾਤ ਵਿੱਚ ਹਿੱਸੇਦਾਰ ਹੋ ਜਾਈਏ।"

"ਅੰਕਲ, ਇਹ ਗੱਲ-ਬਾਤ ਸਾਡੀ ਸਾਰਿਆਂ ਦੀ ਹੈ। ਸਭ ਤੋਂ ਪਹਿਲਾਂ ਤੁਹਾਡੀ।"

"ਮੈਂ ਵੇਖਿਆ ਹੈ ਕਿ ਸਾਡੇ ਦੇਸ਼ ਦੇ ਸੂਝਵਾਨ, ਸਫਲ ਅਤੇ ਸਮ੍ਰਿੱਧ ਵਿਅਕਤੀ ਜਿਨ੍ਹਾਂ ਨੇ ਮਿਹਨਤ ਅਤੇ ਈਮਾਨਦਾਰੀ ਦਾ ਜੀਵਨ ਜੀਵਿਆ ਹੁੰਦਾ ਹੈ, ਆਪਣੇ ਜੀਵਨ ਦੇ ਅੰਤਲੇ ਹਿੱਸੇ ਵਿੱਚ ਕਿਸੇ ਸੰਤ-ਮਹਾਤਮਾ ਦੀ ਸ਼ਰਨ ਲੈ ਕੇ ਅਧਿਆਤਮਵਾਦੀ ਹੋ ਜਾਂਦੇ ਹਨ। ਉਨ੍ਹਾਂ ਵਿੱਚ ਕਿਸੇ ਅਪ੍ਰਾਧ-ਭਾਵਨਾ ਦਾ ਹੋਣਾ ਕੁਝ ਓਪਰੀ ਗੱਲ ਹੈ। ਜੇ ਓਪਰੀ ਹੈ ਤਾਂ ਉਨ੍ਹਾਂ ਦੇ ਇਸ ਰਵੱਈਏ ਨੂੰ ਭਾਂਜ ਜਾਂ ਪਰਦਾ-ਪੋਸ਼ੀ ਵੀ ਨਹੀਂ ਆਖਿਆ ਜਾ ਸਕਦਾ।"

ਨੀਲੂ ਜੀ ਨੇ ਅੰਕਲ ਜੀ ਵੱਲ ਨੀਝ ਨਾਲ ਵੇਖਿਆ, ਥੋੜਾ ਜਿਹਾ ਮੁਸਕਰਾਏ ਅਤੇ ਆਖਿਆ, "ਅੰਕਲ ਜੀ, 'ਅਪ੍ਰਾਧ-ਭਾਵਨਾ' ਕੁਝ ਕਠੋਰ ਜਿਹਾ ਸ਼ਬਦ ਹੈ ਅਤੇ ਉੱਚੇ ਅਹੁਦਿਆਂ ਤੋਂ ਰੀਟਾਇਰ ਹੋਏ ਵਿਦਵਾਨ ਅਤੇ ਨੇਕ ਆਦਮੀਆਂ ਨਾਲ ਜੋੜਿਆ ਜਾਣਾ ਜ਼ਰਾ ਓਪਰਾ ਹੈ। ਜੇ ਇਸ ਦੀ ਥਾਂ 'ਭੁੱਲ ਦਾ ਅਹਿਸਾਸ', 'ਜ਼ਿੰਮੇਦਾਰੀ ਦੀ ਚੇਤਨਾ' ਜਾਂ ਪਰਾਸ਼ਚਿੱਤ ਵਰਗਾ ਕੋਈ ਸ਼ਬਦ ਵਰਤ ਲਿਆ ਜਾਵੇ ਤਾਂ ਉਸੇ ਭਾਵ ਦਾ ਲਖਾਇਕ ਹੁੰਦਿਆਂ ਹੋਇਆਂ ਅਢੁੱਕਵਾਂ ਅਤੇ ਓਪਰਾ ਨਹੀਂ ਜਾਪੇਗਾ। ਹੁਣ ਰਹੀ ਇਹ ਗੱਲ ਕਿ ਸੂਝਵਾਨ, ਸੁਹਿਰਦ ਅਤੇ ਨੇਕ ਆਦਮੀਆਂ ਨਾਲ 'ਅਪ੍ਰਾਧ-ਭਾਵਨਾ' ਜਾਂ 'ਭੁੱਲ ਦੇ ਅਹਿਸਾਸ' ਦਾ ਸੰਬੰਧ ਨਹੀਂ ਜੋੜਿਆ ਜਾਣਾ ਚਾਹੀਦਾ। ਮੇਰਾ ਖ਼ਿਆਲ ਹੈ ਕਿ ਇਸ ਭਾਵਨਾ ਦਾ ਸੰਬੰਧ ਹੈ ਹੀ ਸੁਹਿਰਦ, ਨੇਕ ਅਤੇ ਸੂਝਵਾਨ ਆਦਮੀਆਂ ਨਾਲ। ਜੜ-ਬੁੱਧੀ, ਅਪ੍ਰਾਧੀ ਜਾਂ ਪਾਖੰਡੀ ਆਦਮੀ ਨਾਲ ਭੁੱਲ ਦੇ ਅਹਿਸਾਸ ਜਾਂ ਅਪ੍ਰਾਧ ਦੀ ਭਾਵਨਾ ਦਾ ਕੋਈ ਸੰਬੰਧ ਵੇਖਣਾ ਸਹੇ ਦੇ ਸਿਰ ਉੱਤੇ ਸਿੰਙ ਵੇਖਣ ਵਾਲੀ ਗੱਲ ਹੈ।" ਪਿਤਾ ਜੀ ਦਾ ਇਹ ਸੁਣ ਕੇ ਹਾਸਾ ਨਿਕਲ ਗਿਆ।

"ਨੀਲੂ ਬੇਟਾ, ਮੈਂ ਉਨ੍ਹਾਂ ਦਾ ਜ਼ਿਕਰ ਕਰ ਰਿਹਾ ਹਾਂ ਜਿਨ੍ਹਾਂ ਨੇ ਈਮਾਨਦਾਰੀ ਦਾ ਜੀਵਨ ਜੀਵਿਆ ਹੈ।"

"ਮੈਂ ਵੀ ਉਨ੍ਹਾਂ ਦੀ ਹੀ ਗੱਲ ਕਰ ਰਹੀ ਹਾਂ, ਅੰਕਲ ਜੀ। ਮੈਂ ਇਹ ਵੀ ਜਾਣਦੀ ਹਾਂ ਕਿ ਮੇਰਾ ਪੱਥ-ਪਰਦਰਸ਼ਕ ਮੇਰਾ ਇਮਤਿਹਾਨ ਲੈ ਰਿਹਾ ਹੈ। ਖ਼ੈਰ, ਸੁਣੋ ! ਉਨ੍ਹਾਂ ਦੀ ਈਮਾਨਦਾਰੀ ਉੱਤੇ ਕੋਈ ਸ਼ੱਕ ਨਹੀਂ। ਇਸੇ ਨੇਕੀ ਅਤੇ ਈਮਾਨਦਾਰੀ ਸਦਕਾ ਉਨ੍ਹਾਂ ਦੀ ਚੇਤਨਾ ਅਗੇਰੇ

ਤੁਰਦੀ ਹੈ। ਇੱਕ ਹਿੰਸਕ ਪਸ਼ੂ ਦੂਜੇ ਪਸ਼ੂਆਂ ਨੂੰ ਮਾਰ ਕੇ ਆਪਣੀ ਉਦਰ-ਪੂਰਣਾ ਕਰਦਾ ਹੈ। ਤੁਸੀਂ ਉਸ ਨੂੰ ਦੋਸ਼ੀ ਨਹੀਂ ਆਖਦੇ, ਨਾ ਹੀ ਉਸ ਵਿੱਚ 'ਅਪ੍ਰਾਧ-ਭਾਵਨਾ' ਜਾਂ 'ਭੁੱਲ ਦਾ ਅਹਿਸਾਸ' ਜਾਂ ਕਿਸੇ ਪ੍ਰਕਾਰ ਦਾ ਪਛਤਾਵਾ ਉਪਜਦਾ ਹੈ। ਸਾਡਾ ਸਮਾਜਕ ਜੀਵਨ ਸੰਘਰਸ਼ ਅਤੇ ਜਿੱਤ-ਹਾਰ ਦਾ ਜੀਵਨ ਹੈ। ਸਾਡੀ ਸਾਰੀ ਨੇਕੀ, ਸਾਡੀ ਸਾਰੀ ਈਮਾਨਦਾਰੀ, ਸਾਡੀ ਸਾਰੀ ਵਿੱਦਿਆ ਅਤੇ ਸਾਡੀਆਂ ਸਾਰੀਆਂ ਯੋਗਤਾਵਾਂ ਆਪਣੇ ਅਤੇ ਆਪਣੇ ਪਰਿਵਾਰ ਦੇ ਜੀਵਨ ਨੂੰ ਸੁਖੀ, ਸਮ੍ਰਿੱਧ ਅਤੇ ਸੁੰਦਰ ਬਣਾਉਣ ਵਿੱਚ ਖ਼ਰਚ ਹੁੰਦੀਆਂ ਹਨ। ਅਸੀਂ ਇਹ ਕਦੀ ਵੀ ਨਹੀਂ ਸੋਚਦੇ ਜਾਂ ਇਹ ਸੋਚਣ ਦੀ ਵਿਹਲ ਸਾਡੇ ਕੋਲ ਨਹੀਂ ਹੁੰਦੀ ਕਿ ਆਪਣੇ ਜੀਵਨ ਵਿੱਚ ਸੁਖ ਅਤੇ ਸੁੰਦਰਤਾ ਪੈਦਾ ਕਰਨ ਦੇ ਲੋਰ ਵਿੱਚ ਅਸੀਂ ਆਪਣੇ ਆਲੇ-ਦੁਆਲੇ ਦੇ ਜੀਵਨ ਵਿੱਚ ਫੈਲੀ ਹੋਈ ਕੁਰੂਪਤਾ ਵੱਲੋਂ ਕਿੰਨੇ ਬੇ-ਧਿਆਨ ਅਤੇ ਅਭਿੱਜ ਹਾਂ। ਨਿਰੇ ਅਭਿੱਜ ਹੀ ਨਹੀਂ ਸਗੋਂ ਜੀਵਨ ਦੀ ਹਫੜਾ ਦਫੜੀ ਕਾਰਨ, ਦੂਜਿਆਂ ਦੀ ਵੇਖਾ ਵੇਖੀ ਜੇ ਸਾਨੂੰ ਕੋਈ ਕਰੂਪਤਾ ਕਰਨੀ ਪੈ ਜਾਵੇ ਤਾਂ ਉਸ ਨੂੰ ਮਜਬੂਰੀ ਦਾ ਨਾਂ ਦੇ ਕੇ ਜਾਂ ਸੋਸ਼ਲ ਸਿਸਟਮ ਦੀ ਕਮਜ਼ੋਰੀ ਕਹਿ ਕੇ ਜਾਂ ਕਿਸੇ ਹੋਰ ਪਰਦੇ ਪਿੱਛੇ ਲੁਕ ਕੇ ਕਰ ਲੈਂਦੇ ਹਾਂ। ਸਾਡੀ ਚੇਤਨਾ ਹਿੰਸਕ ਪਸ਼ੂਆਂ ਦੀ ਚੇਤਨਾ ਨਹੀਂ ਕਿ ਇਸ ਵਿੱਚ ਸੂਖ਼ਮ ਅਹਿਸਾਸ ਨਾ ਉਪਜਣ। ਜਦੋਂ ਅਸੀਂ ਰੀਟਾਇਰ ਹੋ ਕੇ ਜੀਵਨ ਦੇ ਸੰਘਰਸ਼ ਦਾ ਹਿੱਸਾ ਨਹੀਂ ਰਹਿੰਦੇ, ਉਦੋਂ ਇਹ ਅਹਿਸਾਸ ਜਾਗਦੇ ਹਨ। ਇਨ੍ਹਾਂ ਦਾ ਜਾਗਣਾ ਸਾਡੀ ਚੇਤਨਾ ਦੇ ਵਿਕਸਿਤ ਹੋਣ ਦਾ ਸਬੂਤ ਹੈ। ਜਿਨ੍ਹਾਂ ਵਿੱਚ ਇਹ ਨਹੀਂ ਜਾਗਦੇ ਉਨ੍ਹਾਂ ਨੂੰ ਨੇਕ, ਸੁਹਿਰਦ, ਈਮਾਨਦਾਰ ਅਤੇ ਸੂਖ਼ਮ ਭਾਵੀ ਮੰਨ ਕੇ ਮੈਂ ਆਪਣੇ ਆਪ ਨਾਲ ਝੂਠ ਬੋਲਣਾ ਪਸੰਦ ਨਹੀਂ ਕਰਦੀ।"

"ਤੇਰਾ ਭਾਵ ਹੈ ਕਿ ਜਿਨ੍ਹਾਂ ਵਿੱਚ ਇਹ ਚੇਤਨਾ ਨਹੀਂ ਉਪਜਦੀ, ਉਹ ਅਜੇ ਹਿੰਸਕ ਪਸ਼ੂ ਦੀ ਪੱਧਰ ਤਕ ਪੁੱਜੇ ਹਨ ਅਤੇ ਸੂਖ਼ਮ ਮਨੁੱਖੀ ਚੇਤਨਾ ਤਕ ਪੁੱਜਣ ਲਈ ਉਨ੍ਹਾਂ ਨੇ ਅਜੇ ਬਹੁਤ ਸਫ਼ਰ ਕਰਨਾ ਹੈ।"

"ਇਸ ਸੰਬੰਧ ਵਿੱਚ ਆਪਣੇ ਵਿਚਾਰ ਬਾਅਦ ਵਿੱਚ ਦੱਸਾਂਗੀ; ਪਹਿਲਾਂ ਪਹਿਲੀ ਗੱਲ ਮੁਕਾਅ ਲਈਏ। ਧਰਤੀ ਦੇ ਕਈ ਹਿੱਸਿਆਂ ਵਿੱਚ ਸਰਬੱਤ ਦਾ ਭਲਾ ਅਜੇ ਕੇਵਲ ਇੱਕ ਢਕਾਉਂਸਲਾ ਅਤੇ ਨਾਅਰਾ ਹੈ। ਸਾਡੇ ਦੇਸ਼ ਵਿੱਚ ਵੀ ਇਹ ਨਿਰੋਲ ਨਾਅਰਾ ਹੈ, ਤਾਂ ਵੀ ਇਹ ਨਾਅਰਾ ਜੀਵਨ ਦੀ ਕਿਸੇ ਚੰਗੇਰੀ ਹਾਲਤ ਵੱਲ ਸੰਕੇਤ ਕਰਦਾ ਹੈ, ਕਿਸੇ ਵਿਕਾਸ ਵਿੱਚ ਵਿਸ਼ਵਾਸ ਕਰਨ ਦੀ ਪ੍ਰੇਰਣਾ ਦਿੰਦਾ ਹੈ। ਜਿਨ੍ਹਾਂ ਲੋਕਾਂ ਨੂੰ ਅਜੇਹੀ ਕਿਸੇ ਅਵਸਥਾ ਦਾ ਝਾਉਲਾ ਪੈਂਦਾ ਹੈ, ਅਜੇਹਾ ਕੋਈ ਵਿਕਾਸ ਵਾਸਤਵਿਕ ਅਤੇ ਸੰਭਵ ਲੱਗਦਾ ਹੈ, ਉਨ੍ਹਾਂ ਨੂੰ ਇਹ ਪਛਤਾਵਾ ਵੀ ਹੁੰਦਾ ਹੈ ਕਿ ਉਹ ਇਸ ਵਿਕਾਸ ਵਿੱਚ ਕਿਸੇ ਤਰ੍ਹਾਂ ਸਹਾਇਕ ਕਿਉਂ ਨਹੀਂ ਹੋ ਸਕੇ। ਜੀਵਨ ਦੀ ਸੰਧਿਆ ਦੇ ਸਨਮੁਖ ਖਲੋਤੇ ਅਜੇਹੇ ਲੋਕ ਆਪਣੇ ਚੇਤਨ, ਅਰਧ ਚੇਤਨ ਜਾਂ ਅਵਚੇਤਨ ਦੀ ਇਸ ਨਵ-ਅੰਕੁਰ ਨੂੰ ਇਸ ਵਿਸ਼ਵਾਸ ਦੇ ਭਾਰੇ ਪੱਥਰ ਹੇਠ ਦੱਬ ਦੇਣ ਦੀ ਕੋਸ਼ਿਸ਼ ਕਰਦੇ ਹਨ ਕਿ 'ਜੀਵਨ ਦੀ ਵਰਤਮਾਨ ਹਾਲਤ ਕਿਸੇ ਅਲੌਕਿਕ ਚੇਤਨ ਸ਼ਕਤੀ ਦੀ ਇੱਛਾ-ਆਗਿਆ ਦਾ ਸਿੱਟਾ ਹੈ। ਇਹ ਸਦਾ ਤੋਂ ਇਉਂ ਹੈ ਅਤੇ ਸਦਾ ਲਈ ਇਉਂ ਰਹੇਗੀ। 'ਉਸ ਦੀ ਇੱਛਾ ਉੱਤੇ ਕਿੰਤੂ ਨਾ ਕਰਦੇ ਹੋਏ ਅਸੀਂ ਆਪਣਾ ਅੱਗਾ ਸੁਆਰੀਏ।' ਇਹ ਵਿਸ਼ਵਾਸ ਉਨ੍ਹਾਂ ਦੀ ਅੰਤਲੀ ਓਟ ਬਣ ਜਾਂਦਾ ਹੈ—ਇੱਕ ਤਰ੍ਹਾਂ ਦਾ ਓਹਲਾ। ਇਹ ਇੱਕ ਭਾਂਜ ਹੈ, ਹੋਰ ਚਾਰਾ ਜੁ ਕੋਈ ਨਹੀਂ।" ਝਾਈ ਜੀ ਸੁਣ ਕੇ ਹੈਰਾਨ ਹੋ ਰਹੇ ਸਨ। ਉਨ੍ਹਾਂ ਦੇ ਮੂੰਹੋਂ ਬੇ-ਵਸਾ ਹੀ ਨਿਕਲਿਆ, "ਨੀਲੂ, ਤੂੰ ਤਾਂ ਬਹੁਤ ਸਿਆਣੀਆਂ ਗੱਲਾਂ ਕਰਦੀ ਹੈਂ।"

"ਨੀਲੂ, ਤੇਰੀ ਇਹ ਗੱਲ ਇੱਕ ਨਵੇਂ ਪ੍ਰਸ਼ਨ ਨੂੰ ਜਨਮ ਦੇ ਰਹੀ ਹੈ। ਪੱਛਮੀ ਦੁਨੀਆ

ਵਿੱਚ 'ਵੈਲਫ਼ੇਅਰ ਸਟੇਟ' ਦੇ ਰੂਪ ਵਿੱਚ ਸਰਬੱਤ ਦੇ ਭਲੇ ਦਾ ਦੁਨਿਆਵੀ ਜਤਨ, ਕਿਸੇ ਹੱਦ ਤਕ, ਕੁਝ ਕਰ ਸਕਿਆ ਹੈ; ਹੋਰ ਵੀ ਕਰੇਗਾ ਇਸ ਦੀ ਆਸ ਕੀਤੀ ਜਾਣੀ ਅਯੋਗ ਨਹੀਂ। ਇਸ ਜਤਨ ਨੂੰ ਜਨਮ ਦੇਣ ਵਾਲਿਆਂ ਵਿੱਚੋਂ ਇੱਕ ਸੀ ਰਾਬਰਟ ਓਇਨ। ਇਸ ਆਦਮੀ ਨੂੰ ਵੈਲਫ਼ੇਅਰ ਸਟੇਟ ਦਾ ਪੂਰਬਗਾਮੀ ਆਖਿਆ ਜਾਂਦਾ ਹੈ। ਆਪਣੀ ਉਮਰ ਦੇ ਅੰਤਲੇ ਹਿੱਸੇ ਵਿੱਚ ਇਹ ਵੀ ਅਧਿਆਤਮਵਾਦੀ ਹੋ ਗਿਆ ਸੀ। ਕੀ ਅਖਿਆ ਜਾਵੇ ਕਿ ਅੰਤ ਵਿੱਚ ਇਸ ਦਾ ਇਹ ਭਰਮ ਟੁੱਟ ਗਿਆ ਸੀ ਕਿ 'ਜੋ ਕੁਝ ਮੈਂ ਸੋਚ ਰਿਹਾ ਹਾਂ ਕੀ ਇਹ ਸੰਭਵ ਹੈ ?' ਕੁਝ ਇੱਕ ਇਉਂ ਕਹਿੰਦੇ ਵੀ ਹਨ।"

"ਨਹੀਂ, ਅੰਕਲ ਜੀ, ਇਸ ਨੇ ਆਪਣੇ ਜਤਨ ਨੂੰ ਭਰਮ ਕਦੇ ਨਹੀਂ ਮੰਨਿਆ। ਵੱਡੇ ਵੱਡੇ ਧਾਰਮਕ, ਸਮਾਜਕ ਅਤੇ ਸਿਆਸੀ ਵਿਰੋਧਾਂ ਦੇ ਬਾਵਜੂਦ ਇਸ ਨੇ ਜੋ ਕੁਝ ਕੀਤਾ ਹੈ ਉਹ ਹੈਰਾਨਕੁੰਨ ਹੈ। ਹਾਂ, ਇਹ ਮੰਨਣਾ ਪਵੇਗਾ ਕਿ ਵੱਡੀਆਂ ਵੱਡੀਆਂ ਤਬਦੀਲੀਆਂ ਛੇਤੀ ਛੇਤੀ ਨਹੀਂ ਆ ਸਕਦੀਆਂ ਅਤੇ ਨਾ ਹੀ ਇਹ ਆਦਮੀ ਕਿਸੇ ਤੁਰਤ ਤਬਦੀਲੀ ਦੇ ਹੱਕ ਵਿੱਚ ਸੀ। ਆਪਣੇ ਮਿੱਥੇ ਆਦਰਸ਼ਾਂ ਦੀ ਸਾਕਾਰਤਾ ਲਈ ਇਸ ਨੇ ਸਿਰਤੋੜ ਜਤਨ ਕੀਤਾ। ਨਵੇਂ ਸਮਾਜ ਦੀ ਉਸਾਰੀ ਦੇ ਕੰਮ ਵਿੱਚ ਆਪਣਾ ਹਿੱਸਾ ਪਾ ਲੈਣ ਪਿੱਛੋਂ ਰੀਟਾਇਰ ਹੋ ਕੇ ਜੇ ਇਸ ਨੇ ਮੱਛੀਆਂ ਫੜਨ, ਅਖ਼ਬਾਰਾਂ ਪੜ੍ਹਨ ਅਤੇ ਤਾਸ਼ ਖੇਡਣ ਦੀ ਥਾਂ ਆਪਣੇ ਆਪ ਵਿੱਚ ਲੀਨ ਹੋਣਾ ਠੀਕ ਸਮਝਿਆ ਤਾਂ ਕੋਈ ਮਿਹਣੇ ਵਾਲੀ ਗੱਲ ਨਹੀਂ। ਆਪਣੇ ਪਰਿਵਾਰਾਂ ਲਈ ਪਰਪੰਚ ਕਰਨ ਵਾਲਿਆਂ ਵਿੱਚ ਅਤੇ ਰਾਬਰਟ ਓਇਨ ਵਿੱਚ ਬਹੁਤ ਫ਼ਰਕ ਵੇਖਿਆ ਜਾਣਾ ਚਾਹੀਦਾ ਹੈ, ਅੰਕਲ ਜੀ।"

"ਮਾਤਾ ਜੀ, ਇੱਕ ਪ੍ਰਸ਼ਨ ਦਾ ਉੱਤਰ ਤੁਸਾਂ ਠਹਿਰ ਕੇ ਦੇਣ ਨੂੰ ਆਖਿਆ ਸੀ।"

"ਹਾਂ, ਸੁਮੀਤ, ਮੈਨੂੰ ਯਾਦ ਹੈ। ਸਾਡੇ ਅੰਕਲ ਜੀ ਪੁੱਛਦੇ ਹਨ ਕਿ ਅਧਿਆਤਮਵਾਦ ਵਿੱਚ ਪਨਾਹ ਲੈਣ ਵਾਲਿਆਂ ਦਾ ਮਨ ਕਿੰਨੇ ਕੁ ਚਿਰ ਵਿੱਚ ਵਿਕਸੇਗਾ। ਮੈਂ ਚਾਹੁੰਦੀ ਹਾਂ ਕਿ ਇਸ ਗੱਲ ਬਾਰੇ ਅਸੀਂ ਸਾਰੇ ਆਪੋ-ਆਪਣੀ ਥਾਂ ਸੋਚਦੇ ਰਹੀਏ ਅਤੇ ਕਿਸੇ ਦੂਜੀ ਮਿਲਣੀ ਉੱਤੇ ਵਿਚਾਰ ਕਰੀਏ। ਹੁਣ ਵਿਹਲੀਆਂ ਗੱਲਾਂ ਛੱਡ ਕੇ ਕੋਈ ਕੰਮ ਕਰਨਾ ਚਾਹੀਦਾ ਹੈ।"

ਇਹ ਵਿਚਾਰ ਪਾਪਾ ਦਾ ਪ੍ਰਤਿਭਾ ਬਾਰੇ ਵਿਚਾਰ ਕਰਨ ਦੇ ਖ਼ਿਆਲ ਨਾਲ ਸ਼ੁਰੂ ਹੋਈ ਸੀ। ਮੇਰੇ ਬੋਲੇ ਹੋਏ ਇੱਕ ਸ਼ਬਦ 'ਅਲੌਕਿਕ' ਨੇ ਵਿਚਾਰ ਨੂੰ ਕਿਤਿਓਂ ਕਿਤੇ ਲੈ ਆਂਦਾ। ਸਨੇਹਾ, ਮੈਂ ਚੇਤਾ ਰੱਖਾਂਗੀ ਅਤੇ ਅਗਲੀ ਵਾਰ ਮਨ ਦੇ ਵਿਕਾਸ ਬਾਰੇ ਨੀਲੂ ਜੀ ਦੇ ਵਿਚਾਰ ਲਿਖ ਘੱਲਾਂਗੀ।

ਪੁਸ਼ਪੇਂਦ੍ਰ।

# 31

ਈਸਟ ਹੈਮ,
15.8.96.

ਪੁਸ਼ਪੇਂਦ੍ਰ,

ਤੇਰਾ ਪੱਤ੍ਰ ਪੜ੍ਹ ਕੇ ਮੈਂ ਚਾਹਿਆ ਕਿ ਅਲੌਕਿਕਤਾ, ਪਰਲੋਕਵਾਦ ਅਤੇ ਮਨੋਵਿਕਾਸ ਬਾਰੇ ਪਾਪਾ ਨਾਲ ਗੱਲ ਕਰਾਂ। ਮੈਨੂੰ ਇਹ ਵਿਸ਼ੇ ਬਹੁਤ ਹੀ ਰੌਚਕ ਅਤੇ ਜ਼ਰੂਰੀ ਜਾਪੇ। ਆਪਣੀ ਇਹ ਇੱਛਾ ਪਾਪਾ ਨੂੰ ਦੱਸੀ। ਉਨ੍ਹਾਂ ਦਾ ਉੱਤਰ ਸੀ, "ਮੇਰੇ ਬੱਚੇ, ਯੂਨਾਨੀ ਸੋਚ ਦੇ ਕੁਝ ਇੱਕ ਪੱਖਾਂ ਉੱਤੇ ਵਿਚਾਰ ਹੋ ਚੁੱਕੀ ਹੈ। ਦੋ ਕੁ ਹੋਰ ਪਹਿਲੂਆਂ—ਪੱਖਾਂ ਉੱਤੇ ਵਿਚਾਰ ਕਰ ਲੈਣ ਤੋਂ ਪਿੱਛੋਂ ਅਸੀਂ ਵੇਖਾਂਗੇ ਕਿ ਇਹ ਤਿੰਨ ਵੱਖਰੇ ਵੱਖਰੇ ਰੂਪ ਧਾਰਨ ਕਰਦੀ ਜਾ ਰਹੀ ਹੈ। ਉਦੋਂ ਇਸ ਦੇ ਇੱਕ ਰੂਪ ਦੀ ਵਿਚਾਰ ਇਹ ਮੰਗ ਕਰੇਗੀ ਕਿ ਭਾਰਤੀ ਵਿਚਾਰ ਉੱਤੇ ਝਾਤੀ ਪਾਈ ਜਾਵੇ। ਇਸ ਲਈ ਥੋੜ੍ਹਾ ਜਿਹਾ ਠਹਿਰੋ, ਅਸੀਂ ਭਾਰਤੀ ਵਿਚਾਰ ਦੇ ਇਨ੍ਹਾਂ ਮੁੱਖ ਅੰਗਾਂ ਵੱਲ ਮੁੜਨ ਹੀ ਵਾਲੇ ਹਾਂ।"

"ਵੀਰ ਜੀ, ਏਥੇ ਏਨਾ ਕੁ ਦੱਸਦੇ ਜਾਓ ਕਿ ਯੂਨਾਨੀ ਵਿਚਾਰ ਦੇ ਤਿੰਨ ਮੁੱਖ ਰੂਪ ਜਾਂ ਤਿੰਨ ਪ੍ਰਧਾਨ ਧਾਰਾਵਾਂ ਕਿਹੜੀਆਂ ਹਨ।"

"ਜਿਵੇਂ ਤੁਸੀਂ ਆਖੋ। ਕੇਵਲ ਯੂਨਾਨੀ ਹੀ ਨਹੀਂ ਸਗੋਂ ਸੰਸਾਰ ਦੀ ਸਮੁੱਚੀ ਸੋਚ ਤਿੰਨ ਸੋਮਿਆਂ ਵਿੱਚੋਂ ਉਪਜੀ ਹੋਈ ਹੈ। ਇਹ ਤਿੰਨ ਸੋਮੇ ਹਨ—ਨਿਰੀਕਸ਼ਣ ਜਾਂ ਨਿਰੀਖਣ, ਤਰਕ ਅਤੇ ਅੰਤਰਦ੍ਰਿਸ਼ਟੀ। ਕੀ, ਕਦੋਂ ਅਤੇ ਕਿੱਥੇ ਦਾ ਗਿਆਨ ਹਾਸਲ ਕਰਨ ਲਈ ਨਿਰੀਖਣ ਦੀ ਲੋੜ ਹੈ। ਜੀਵ ਵਿੱਚ ਇਹ ਰੁਚੀ ਧੁਰਾਂ ਤੋਂ ਵਿਦਮਾਨ ਹੈ। ਇਸ ਗਿਆਨ ਤੋਂ ਵਿਹੂਣੇ ਜੀਵਾਂ ਲਈ ਆਪਣੀ ਰੱਖਿਆ ਸੰਭਵ ਨਹੀਂ। ਕਿਵੇਂ ਅਤੇ ਕਿਉਂ ਦਾ ਪਤਾ ਲਾਉਣ ਲਈ ਜੀਵ ਨੂੰ ਤਰਕ ਦੀ ਲੋੜ ਪੈਂਦੀ ਹੈ। ਕੁਝ ਲੋਕ ਇਹ ਕਹਿਣਗੇ ਕਿ ਸੋਚ ਦੇ ਕੇਵਲ ਦੋ ਹੀ ਸੋਮੇ ਹਨ, ਨਿਰੀਖਣ ਅਤੇ ਤਰਕ। ਉਹ ਨਿਰੀਖਣ ਅਤੇ ਤਰਕ ਦੀ ਅਤਿ ਉੱਤਮ ਯੋਗਤਾ ਨੂੰ ਅੰਤਰਦ੍ਰਿਸ਼ਟੀ ਆਖਣਗੇ। ਪਰੰਤੂ, ਅਧਿਆਤਮਵਾਦੀ ਅੰਤਰਦ੍ਰਿਸ਼ਟੀ ਦੀ ਵੱਖਰੀ ਹੋਂਦ ਵਿੱਚ ਯਕੀਨ ਰੱਖਦੇ ਹਨ। ਉਨ੍ਹਾਂ ਅਨੁਸਾਰ ਅੰਤਰਦ੍ਰਿਸ਼ਟੀ ਜੀਵ ਨੂੰ ਧੁਰਾਂ ਤੋਂ ਜਾਂ ਰੱਬੋਂ ਮਿਲੀ ਹੋਈ ਇੱਕ ਯੋਗਤਾ ਹੈ ਜਿਸ ਨਾਲ ਉਹ ਅਲੌਕਿਕ ਭੇਤਾਂ ਤੋਂ ਜਾਣੂੰ ਹੋ ਜਾਂਦਾ ਹੈ। ਧੁਰਾਂ ਤੋਂ ਜੀਵ ਵਿੱਚ ਪਈ ਇਹ ਯੋਗਤਾ ਪਰਮਾਤਮਾ ਦੀ 'ਕਿਰਪਾ' ਜਾਂ ਪਰਮਾਤਮਾ ਦੇ ਕਿਸੇ ਪਿਆਰੇ ਦੇ ਦੱਸੇ ਹੋਏ 'ਅਭਿਆਸ' ਨਾਲ ਜਗਾਈ ਅਤੇ ਵਿਕਸਾਈ ਜਾ ਸਕਦੀ ਹੈ। ਇਹ ਯੋਗਤਾ ਮਨੁੱਖ ਨੂੰ ਅਜੇਹੇ ਗਿਆਨ ਦਾ ਅਧਿਕਾਰੀ ਬਣਾ ਦਿੰਦੀ ਹੈ ਜਿਹੜਾ ਨਿਰੀਖਣ ਅਤੇ ਤਰਕ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਕੋਈ ਵਿਰਲੇ ਹੀ ਇਸ ਗਿਆਨ-ਯੋਗਤਾ ਦੇ ਅਧਿਕਾਰੀ ਹੁੰਦੇ ਹਨ। ਸੋਚ ਦੇ ਇਸ ਤੀਜੇ ਸੋਮੇ ਨੂੰ 'ਅਧਿਕਾਰ' ਵੀ ਕਿਹਾ ਜਾਂਦਾ ਹੈ। ਭਵਿੱਖਬਾਣੀ ਅਤੇ

ਇਲਹਾਮ ਇਸੇ 'ਅਧਿਕਾਰ' ਦੀ ਦੇਣ ਹਨ। ਨਿਰੀਖਣ ਨੇ ਵਿਗਿਆਨ ਨੂੰ ਵਿਕਸਾਇਆ ਹੈ; ਤਰਕ ਵਿੱਚੋਂ ਦਾਰਸ਼ਨਿਕਤਾ ਜਾਂ ਫਿਲਾਸਫੀ ਉਪਜੀ ਹੈ।"

"ਵੀਰ ਜੀ, ਅਧਿਆਤਮਵਾਦੀਆਂ ਦੀ ਦੱਸੀ ਹੋਈ ਅੰਤਰਦ੍ਰਿਸ਼ਟੀ ਨੂੰ ਸੋਚ ਦਾ ਸੋਮਾ ਨਹੀਂ ਆਖਿਆ ਜਾਣਾ ਚਾਹੀਦਾ। ਇਲਹਾਮ ਅਤੇ ਭਵਿੱਖਬਾਣੀਆਂ ਸੋਚ ਦੀ ਥਾਂ ਅਸੋਚ ਦੀ ਪ੍ਰੇਰਣਾ ਦਿੰਦੇ ਹਨ। ਇਹ ਸੋਚ ਦੇ ਵਿਰੋਧੀ ਹਨ। ਕੋਈ ਵੀ ਅਧਿਕਾਰ, ਸੋਚ ਦਾ ਸਮਰਥਕ ਨਹੀਂ ਮੰਨਿਆ ਜਾ ਸਕਦਾ।"

"ਉਹੋ ਹੋਇਆ ਜਿਸ ਦਾ ਡਰ ਸੀ। ਮੈਂ ਚਾਹੁੰਦਾ ਸਾਂ ਕਿ ਇਹ ਵਿਚਾਰ ਅਸੀਂ ਕੁਝ ਅਗੇਰੇ ਜਾ ਕੇ ਕਰਦੇ। ਖ਼ੈਰ, ਮੈਂ ਸੰਖੇਪ ਹੋਣ ਦੀ ਕੋਸ਼ਿਸ਼ ਕਰਾਂਗਾ। ਅਧਿਕਾਰ ਸ਼ਕਤੀ ਦਾ ਕਿਰਿਆਤਮਕ ਰੂਪ ਹੈ। ਅਸੀਂ ਇਹ ਜਾਣਦੇ ਹਾਂ ਕਿ ਹੁਣ ਤਕ ਸਾਡੀ ਧਰਤੀ ਉਤਲੇ ਜੀਵਨ ਦੀ ਅਗਵਾਈ ਸ਼ਕਤੀ ਰਾਹੀਂ ਕੀਤੀ ਗਈ ਹੈ। ਏਥੋਂ ਤਕ ਕਿ ਸੱਚ, ਸੁੰਦਰਤਾ ਅਤੇ ਪਿਆਰ ਦੇ ਸਿਰਲੇਖਾਂ ਹੇਠਾਂ ਵੀ ਸ਼ਕਤੀ ਦੀ ਵਿਆਖਿਆ ਕੀਤੀ ਗਈ ਹੈ। ਜੇ ਗਿਆਨ ਨੂੰ ਸ਼ਕਤੀ (Knowledge of Power) ਆਖਿਆ ਜਾ ਸਕਦਾ ਹੈ ਤਾਂ ਸ਼ਕਤੀ ਜਾਂ ਅਧਿਕਾਰ ਨੂੰ ਸੋਚ ਦਾ ਸੋਮਾ ਕਹਿਣਾ ਅਤੇ ਮਨਵਾਉਣਾ ਔਖਾ ਕਿਵੇਂ ਹੋ ਸਕਦਾ ਹੈ ? ਅਧਿਕਾਰ ਅਤੇ ਤਰਕ ਦੇ ਸੰਜੋਗ ਵਿੱਚੋਂ ਉਪਜੀ ਸੋਚ ਨੇ ਧਰਮ ਸ਼ਾਸਤਰ ਜਾਂ ਈਸ਼ਵਰ-ਮੀਮਾਂਸਾ ਨੂੰ ਜਨਮ ਦਿੱਤਾ ਹੈ। ਤਰਕ ਅਤੇ ਨਿਰੀਖਣ ਮਿਲ ਕੇ ਹੁਣ ਅਜੇਹੀ ਸੋਚ ਨੂੰ ਵਿਕਸਾ ਰਹੇ ਹਨ ਜਿਹੜੀ ਧਰਮ-ਸ਼ਾਸਤਰ ਨੂੰ ਗ਼ਲਤ ਸਿੱਧ ਕਰਨ ਦਾ ਯਤਨ ਕਰ ਰਹੀ ਹੈ।"

"ਵੀਰ ਜੀ, ਸਾਡੇ ਦੇਸ਼ ਵਿੱਚ ਚਾਰਵਾਕ ਵਿਚਾਰਧਾਰਾ ਨੇ ਵੀ ਧਰਮ ਸ਼ਾਸਤਰ ਅਤੇ ਈਸ਼ਵਰ ਮੀਮਾਂਸਾ ਦਾ ਵਿਰੋਧ ਕੀਤਾ ਸੀ। ਇਸ ਲਈ ਇਹ ਵਿਰੋਧ ਪੁਰਾਣਾ ਹੈ; ਆਧੁਨਿਕ ਯੁਗ ਦੀ ਉਪਜ ਨਹੀਂ।"

"ਤੁਹਾਡੇ ਦੇਸ਼ ਦੀ ਸੋਚ ਬਾਰੇ ਵਿਚਾਰ ਕਰਨ ਸਮੇਂ ਚਾਰਵਾਕ ਵੱਲ ਵੀ ਝਾਤੀ ਮਾਰੀ ਜਾਵੇਗੀ। ਏਥੇ ਏਨੀ ਕੁ ਗੱਲ ਕਹਿ ਦਿਆਂ ਕਿ ਚਾਰਵਾਕ ਅਸਲ ਵਿੱਚ ਨਿਰੀਖਣ ਅਤੇ ਤਰਕ ਦੇ ਸੰਜੋਗ ਵਿੱਚੋਂ ਉਪਜੀ ਹੋਈ ਸੋਚ ਨਹੀਂ ਸੀ। ਇਹ ਵਿਲਾਸਮੁਖੀ ਤਰਕ ਸੀ। ਇਸ ਸਮੇਂ ਇਸ ਗੱਲ ਨੂੰ ਏਥੇ ਹੀ ਛੱਡ ਦਿੱਤਾ ਜਾਣਾ ਚਾਹੀਦਾ ਹੈ। ਪਿਛਲੀ ਵੇਰ ਵੀ ਅਸੀਂ ਏਥਨਜ਼ ਦੇ ਇਤਿਹਾਸ, ਪਰਵਾਸੀਆਂ ਦੇ ਸਭਿਆਚਾਰਕ ਵਿਕਾਸ ਅਤੇ ਪ੍ਰਜਾਤੰਤ੍ਰ ਦੀਆਂ ਮੁੱਢਲੀਆਂ ਲੋੜਾਂ ਦੇ ਜ਼ਿਕਰ ਵਿੱਚ ਉਲਝ ਕੇ ਉਸ ਅਨੈਕਸਾਗੋਰਸ ਬਾਰੇ ਨਹੀਂ ਸਾਂ ਕੁਝ ਕਹਿ ਸਕੇ, ਜਿਸ ਰਾਹੀਂ ਸੋਚ ਨੇ ਏਥਨਜ਼ ਵਿੱਚ ਪਰਵੇਸ਼ ਕੀਤਾ ਸੀ।"

"ਬੇ-ਲੋੜੀਆਂ ਗੱਲਾਂ ਤਾਂ ਉਹ ਵੀ ਨਹੀਂ ਸਨ, ਵੀਰ ਜੀ।"

"ਨਾ ਬੇ-ਲੋੜੀਆਂ ਸਨ, ਨਾ ਬੇ-ਮੌਕੀਆਂ; ਤਾਂ ਵੀ ਨਿੱਕੀ ਜਿਹੀ ਰੁਕਾਵਟ ਜ਼ਰੂਰ ਬਣ ਗਈਆਂ ਸਨ। ਅਨੈਕਸਾਗੋਰਸ, ਭਾਵੇਂ ਪਿਥਾਗੋਰਸ, ਪਲੇਟੋ ਅਤੇ ਅਰਸਤੂ ਜਿੰਨਾ ਮਹਾਨ ਅਤੇ ਮਸ਼ਹੂਰ ਵਿਚਾਰਵਾਨ ਨਹੀਂ ਹੋਇਆ ਤਾਂ ਵੀ ਕਈ ਕਾਰਨਾਂ ਕਰ ਕੇ ਉਹ ਵਿਚਾਰ ਦੇ ਖੇਤ੍ਰ ਵਿੱਚ ਇੱਕ ਨਿਵੇਕਲੀ ਥਾਂ ਮੱਲੀ ਬੈਠਾ ਹੈ। ਇਹ ਗੱਲ ਪਹਿਲਾਂ ਵੀ ਕਹੀ ਜਾ ਚੁੱਕੀ ਹੈ ਕਿ ਯੂਨਾਨੀ ਵਿਚਾਰਵਾਨ ਲਕੀਰ ਦੀ ਫ਼ਕੀਰੀ ਵਿੱਚ ਵਿਸ਼ਵਾਸ ਨਹੀਂ ਸਨ ਰੱਖਦੇ। ਉਹ ਆਪਣੇ ਢੰਗ ਨਾਲ ਆਪ ਸੋਚਦੇ ਸਨ ਅਤੇ ਇਹ ਚਿੰਤਾ ਨਹੀਂ ਸਨ ਕਰਦੇ ਕਿ ਉਨ੍ਹਾਂ ਦੇ ਵਿਚਾਰਾਂ ਨੂੰ ਪਰਵਾਨਗੀ—ਪਰਮਾਣਿਕਤਾ ਮਿਲਦੀ ਹੈ ਜਾਂ ਨਹੀਂ। ਏਥੋਂ ਤਕ ਕਿ ਧਾਰਮਕ ਖੇਤ੍ਰ ਵਿੱਚ ਵੀ ਉਹ ਆਪਣੀ ਵੱਖਰੀ ਵਿਚਾਰ ਪੇਸ਼ ਕਰਦੇ ਸਨ, ਭਾਵੇਂ ਇਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਕਿਸੇ ਮੁਸੀਬਤ ਵਿੱਚ ਪੈਣਾ ਪੈ ਜਾਵੇ। ਇਓਨੀਆਂ ਦੇ ਸ਼ਹਿਰ ਕਲੈਜ਼ੋਮੀਨੇ ਵਿੱਚ ਜੰਮਿਆ ਪਲਿਆ

ਇਹ ਵਿਚਾਰਵਾਨ ਪੈਰੀਕਲੀਜ਼ ਦਾ ਸਮਕਾਲੀ ਸੀ ਅਤੇ ਉਸ ਦੇ ਸੱਦੇ ਉੱਤੇ ਏਥਨਜ਼ ਵਿੱਚ ਆ ਵੱਸਿਆ ਸੀ। ਏਥਨਜ਼ ਦੀ ਮਹਾਨਤਾ ਹੀ ਅਸਲ ਵਿੱਚ ਯੂਨਾਨ ਦੀ ਮਹਾਨਤਾ ਹੈ। ਇਸ ਮਹਾਨਤਾ ਪਿੱਛੇ ਜਿੰਨਾ ਹੱਥ ਪੈਰੀਕਲੀਜ਼ ਦਾ ਸੀ ਓਨਾ ਹੀ ਅਨੈਕਸਾਗੋਰਸ ਦਾ ਵੀ ਸੀ।"

"ਵੀਰ ਜੀ, ਇਸ ਦੀ ਜਨਮ ਤਿਥੀ ਦਾ ਕੁਝ ਪਤਾ ਥਹੁ ਹੈ ਜਾਂ ਨਹੀਂ ?"

"ਇਸ ਦਾ ਜਨਮ 500 ਪੂਰਵ ਈਸਵੀ ਦਾ ਮੰਨਿਆ ਜਾਂਦਾ ਹੈ। ਪੈਰੀਕਲੀਜ਼ 495 ਪੂ.ਈ. ਵਿੱਚ ਪੈਦਾ ਹੋਇਆ ਸੀ; ਇਉਂ ਇਸ ਨਾਲੋਂ ਪੰਜ ਕੁ ਸਾਲ ਛੋਟਾ ਸੀ। 428 ਪੂ.ਈ. ਵਿੱਚ ਅਨੈਕਸਾਗੋਰਸ ਦੀ ਮਿਰਤੂ ਹੋ ਗਈ ਸੀ। ਪੈਰੀਕਲੀਜ਼ ਇਸ ਤੋਂ ਇੱਕ ਸਾਲ ਪਿੱਛੋਂ ਮਰਿਆ ਸੀ। ਏਥਨਜ਼ ਦਾ ਰਾਜ-ਪ੍ਰਬੰਧ ਪ੍ਰਜਾਤੰਤ੍ਰ ਸੀ। ਏਥੋਂ ਦੇ ਸਿਆਸੀ ਨੇਤਾ ਇੱਕ ਦੂਜੇ ਦੇ ਖ਼ਿਲਾਫ਼ ਛੜ-ਯੰਤ੍ਰਾਂ ਦੀ ਗੋਂਦ ਗੁੰਦਦੇ ਰਹਿੰਦੇ ਸਨ। ਪੈਰੀਕਲੀਜ਼ ਦੇ ਵਿਰੋਧੀ ਉਸ ਦੇ ਮਿੱਤ੍ਰਾਂ ਨੂੰ ਆਪਣਾ ਨਿਸ਼ਾਨਾ ਬਣਾਉਣ ਲੱਗ ਪਏ ਸਨ। ਉਨ੍ਹਾਂ ਨੇ ਅਨੈਕਸਾਗੋਰਸ ਉੱਤੇ ਨਾਸਤਕ ਹੋਣ ਦਾ ਦੋਸ਼ ਲਾਇਆ। ਇਸੇ ਪ੍ਰਕਾਰ ਦਾ ਦੋਸ਼ ਸੁਕ੍ਰਾਤ ਉੱਤੇ ਵੀ (ਇਸ ਤੋਂ ਕੁਝ ਸਾਲ ਪਿੱਛੋਂ) ਲਾਇਆ ਗਿਆ ਸੀ ਅਤੇ ਜ਼ਹਿਰ ਦਾ ਪਿਆਲਾ ਪੀ ਕੇ ਮਰਨ ਦੀ ਸਜ਼ਾ ਦਿੱਤੀ ਗਈ ਸੀ। ਹੋ ਸਕਦਾ ਹੈ ਅਨੈਕਸਾਗੋਰਸ ਦਾ ਵੀ ਏਹੋ ਹਸ਼ਰ ਹੁੰਦਾ; ਪਰ, ਪੈਰੀਕਲੀਜ਼ ਦੀ ਮਿੱਤ੍ਰਤਾ ਨੇ ਇਉਂ ਨਾ ਹੋਣ ਦਿੱਤਾ। ਖ਼ਿਆਲ ਹੈ ਕਿ ਉਸ ਦੀ ਸਹਾਇਤਾ ਨਾਲ ਅਨੈਕਸਾਗੋਰਸ ਕੈਦ ਵਿੱਚੋਂ ਕੱਢ ਕੇ ਸਹੀ ਸਲਾਮਤ ਉਸ ਦੇ ਆਪਣੇ ਦੇਸ਼, ਇਓਨੀਆਂ, ਪੁਚਾ ਦਿੱਤਾ ਗਿਆ। ਓਥੇ ਜਾ ਕੇ ਇਸ ਨੇ ਸਕੂਲ ਖੋਲ੍ਹਿਆ ਅਤੇ ਆਪਣੇ ਅੰਤਲੇ ਦਿਨਾਂ ਤਕ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ। ਆਪਣੀ ਮੌਤ ਤੋਂ ਪਹਿਲਾਂ ਇਸ ਨੇ ਵਸੀਅਤ ਲਿਖੀ ਜਿਸ ਵਿੱਚ ਆਪਣੀ ਅੰਤਲੀ ਇੱਛਾ ਇਹ ਦੱਸੀ ਕਿ ਉਸ ਦਾ ਮਰਨ ਦਿਨ ਬੱਚਿਆਂ ਲਈ ਛੁੱਟੀ ਦਾ ਦਿਨ ਨੀਅਤ ਕਰ ਦਿੱਤਾ ਜਾਵੇ। ਇਵੇਂ ਹੀ ਕੀਤਾ ਗਿਆ।"

"ਇਸ ਨੂੰ ਨਾਸਤਕ ਕਿਉਂ ਆਖਿਆ ਗਿਆ, ਪਾਪਾ ?"

"ਨੀਰਜ, ਇਹ ਆਦਮੀ ਆਮ ਵਿਸ਼ਵਾਸਾਂ ਦੇ ਉਲਟ ਗੱਲਾਂ ਕਰਦਾ ਸੀ। ਇਹ ਸੂਰਜ, ਚੰਨ ਅਤੇ ਸਿਤਾਰਿਆਂ ਨੂੰ ਦੇਵੀ ਦੇਵਤੇ ਮੰਨਣ ਦੀ ਥਾਂ ਇਹ ਕਹਿੰਦਾ ਸੀ ਕਿ ਸੂਰਜ ਬਹੁਤ ਵੱਡੀ ਚੱਟਾਨ ਹੈ ਜੋ ਅੱਤ ਗਰਮ ਹੈ। ਸਿਤਾਰੇ ਵੀ ਇਸੇ ਤਰ੍ਹਾਂ ਹਨ। ਸੂਰਜ ਦੀ ਗਰਮੀ ਅਸੀਂ ਮਹਿਸੂਸ ਕਰ ਸਕਦੇ ਹਾਂ ਕਿਉਂਜੁ ਇਹ ਧਰਤੀ ਦੇ ਨੇੜੇ ਹੈ, ਸਿਤਾਰੇ ਬਹੁਤ ਦੂਰ ਹਨ। ਚੰਦਰਮਾ ਸਾਡੀ ਧਰਤੀ ਵਰਗਾ ਹੈ। ਇਸ ਉੱਤੇ ਲੋਕ ਵੱਸਦੇ ਹਨ। ਇਸ ਦੀ ਰੌਸ਼ਨੀ ਆਪਣੀ ਨਹੀਂ। ਇਹ ਸੂਰਜ ਦੀ ਰੌਸ਼ਨੀ ਨੂੰ ਪਰਤਾਉਂਦਾ ਹੈ।"

"ਵੀਰ ਜੀ, ਇਸ ਦੀਆਂ ਗੱਲਾਂ ਵਿੱਚ ਨਵੀਨਤਾ ਜ਼ਰੂਰ ਸੀ; ਪਰ, ਸੱਚ ਨਹੀਂ ਸੀ। ਜੇ ਲੋਕਾਂ ਨੇ ਇਸ ਨੂੰ ਗ਼ਲਤ ਆਖਿਆ ਤਾਂ ਵਧੀਕੀ ਨਹੀਂ ਕੀਤੀ।"

"ਤੁਸੀਂ ਵੀ ਆਮ ਲੋਕਾਂ ਵਾਂਗ ਇਸ ਦੀਆਂ ਗੱਲਾਂ ਵਿੱਚ ਲੁਕੀ ਹੋਈ ਵਿਗਿਆਨਕ ਸੂਝ ਨੂੰ ਨਜ਼ਰ ਅੰਦਾਜ਼ ਕਰ ਰਹੇ ਹੋ। ਸੂਰਜ ਨੂੰ ਸਿਤਾਰਿਆਂ ਨਾਲੋਂ ਨੇੜੇ ਦੱਸਣਾ ਸੱਚ ਹੈ, ਚੰਦਰਮਾ ਦੀ ਰੌਸ਼ਨੀ ਨੂੰ ਮਾਂਗਵੀ ਕਹਿਣਾ ਸੱਚ ਹੈ, ਸੂਰਜ ਨੂੰ ਮਹਾਨ ਅਗਨੀ-ਪਿੰਡ ਦੱਸਣਾ ਸੱਚ ਹੈ। ਉਸ ਦੇ ਖ਼ਿਲਾਫ਼ ਜਾਣ ਵਾਲੀ ਸਭ ਤੋਂ ਵੱਡੀ ਗੱਲ ਇਹ ਸੀ ਕਿ ਉਹ ਆਪਣੀ ਪਰਾਸਰੀਰਕ ਵਿਚਾਰ ਵਿੱਚ ਕਿਸੇ ਪਰਾਸਰੀਰਕ ਸ਼ਕਤੀ ਦਾ ਜ਼ਿਕਰ ਨਹੀਂ ਸੀ ਕਰਦਾ। ਉਹ ਕਿਸੇ ਚੀਜ਼ ਜਾਂ ਘਟਨਾ ਨੂੰ ਕਿਸੇ ਮਜਬੂਰੀ ਜਾਂ ਕਿਸੇ ਅਚਾਨਕਤਾ (Chance) ਵਿੱਚੋਂ ਉਪਜੀ ਹੋਈ ਨਹੀਂ ਸੀ ਦੱਸਦਾ ਕਿ ਉਹ ਸ੍ਰਿਸ਼ਟੀ ਨੂੰ ਕਿਸੇ ਕਰਤਾਪੁਰਖ ਦੇ ਹੁਕਮ ਨਾਲ ਉਪਜਦੀ ਬਿਨਸਦੀ ਵੀ ਨਹੀਂ ਸੀ ਮੰਨਦਾ। ਉਹ ਇਸ ਨੂੰ ਅਨਾਦੀ ਅਤੇ ਅਨੰਤ ਮੰਨਦਾ ਸੀ। ਜਦੋਂ ਉਹ ਚੰਨਾਂ-ਸੂਰਜਾਂ ਤੋਂ ਹੇਠਾਂ ਆ ਕੇ ਧਰਤੀ ਉਤਲੇ ਜੀਵਨ ਦੀ ਗੱਲ ਕਰਦਾ ਸੀ ਉਦੋਂ ਜੜ੍ਹ

ਅਤੇ ਚੇਤਨ ਨੂੰ ਵੱਖ ਵੱਖ ਮੰਨਦਾ ਸੀ। ਉਸ ਦਾ ਖ਼ਿਆਲ ਸੀ ਕਿ ਜੜ ਪਦਾਰਥ ਵਿੱਚ ਮਨ ਨਾਂ ਦੀ ਚੇਤਨਾ ਪਰਵੇਸ਼ ਕਰਦੀ ਹੈ ਤਾਂ ਚੇਤਨ ਜੀਵਾਂ ਦੀ ਉਤਪਤੀ ਹੁੰਦੀ ਹੈ। ਚੇਤਨਾ ਜਾਂ ਮਨ ਹੀ ਜੀਵਨ ਦੀ ਸੰਚਾਲਕ ਸ਼ਕਤੀ ਹੈ। ਧਰਤੀ ਉਤਲੀ ਹਰ ਹਰਕਤ ਮਨ ਦੀ ਉਪਜਾਈ ਹੋਈ ਹੈ। ਏਹੋ ਚੇਤਨਾ ਜੀਵਨ ਦਾ ਆਰੰਭ ਹੈ। ਇਹ ਚੇਤਨਾ ਹਰ ਜੀਵ ਵਿੱਚ ਇੱਕੋ ਜਹੀ ਹੈ। ਮਨੁੱਖ ਵਿੱਚ ਬਾਕੀ ਜੀਵਾਂ ਨਾਲੋਂ ਵੱਖਰੀ ਗੱਲ ਇਹ ਹੈ ਕਿ ਇਸ ਕੋਲ ਹੱਥ ਹਨ। ਜੀਵਨ ਵਿੱਚ ਦਿੱਸਣ ਵਾਲੀ ਸਾਰੀ ਭਿੰਨਤਾ ਸਰੀਰਕ ਹੈ, ਮਨ ਸਭ ਵਿੱਚ ਇੱਕੋ ਜਿਹਾ ਹੈ।"

"ਵੀਰ ਜੀ, ਇਹ ਆਦਮੀ ਤਾਂ ਬਿਲਕੁਲ ਵੱਖਰੀਆਂ ਗੱਲਾਂ ਕਰ ਰਿਹਾ ਹੈ।"

"ਜੀ ਹਾਂ, ਵਿਗਿਆਨ ਦੇ ਖੇਤ੍ਰ ਵਿੱਚ ਇਸ ਦਾ ਕਹਿਣਾ ਸੀ ਕਿ ਦੁਨੀਆ ਦੀ ਹਰ ਸ਼ੈਅ ਛੋਟੇ ਹਿੱਸਿਆਂ ਵਿੱਚ ਵੰਡੀ ਜਾ ਸਕਦੀ ਹੈ ਅਤੇ ਇਹ ਵੰਡ ਏਨੀ ਦੂਰ ਤਕ ਜਾ ਸਕਦੀ ਹੈ ਕਿ ਉਹ ਛੋਟੇ ਹਿੱਸੇ ਵੇਖੇ ਨਾ ਜਾ ਸਕਦੇ ਹੋਣ। ਏਨੇ ਛੋਟੇ ਹੋਣ ਉੱਤੇ ਵੀ ਹਰ ਹਿੱਸੇ ਵਿੱਚ ਉਸ ਚੀਜ਼ ਦੇ ਸਾਰੇ ਗੁਣ ਮੌਜੂਦ ਹੁੰਦੇ ਹਨ। ਦੁਨੀਆ ਦੀ ਹਰ ਚੀਜ਼ ਵਿੱਚ ਅੱਗ, ਪਾਣੀ, ਹਵਾ ਅਤੇ ਧਰਤੀ ਆਦਿਕ ਮੌਜੂਦ ਹੁੰਦੇ ਹਨ; ਪਰ, ਕੋਈ ਇੱਕ ਵਸਤੂ ਉਸੇ ਨਾਂ ਨਾਲ ਪੁਕਾਰੀ ਜਾਂਦੀ ਹੈ ਜਿਸ ਤੱਤ ਦੀ ਮਾਤਰਾ ਬਹੁਤੀ ਹੋਵੇ। ਬਰਫ਼ ਚਿੱਟੀ ਇਸ ਲਈ ਦਿੱਸਦੀ ਹੈ ਕਿ ਉਸ ਵਿੱਚ ਚਿਟਿਆਈ ਦੀ ਮਾਤ੍ਰਾ ਬਹੁਤੀ ਹੈ, ਉਂਜ ਉਸ ਵਿੱਚ ਸਾਰੇ ਰੰਗ ਮੌਜੂਦ ਹਨ, ਕਾਲਾ ਵੀ।"

"ਵੀਰ ਜੀ, ਇਸ ਨੇ ਅਣੂੰ ਜਾਂ ਪਰਮਾਣੂੰ ਸ਼ਬਦਾਂ ਦੀ ਵਰਤੋਂ ਕੀਤੀ ਜਾਂ ਨਹੀਂ ?"

"ਨਹੀਂ, ਪਰੰਤੂ ਇਸ ਤੋਂ ਪਿੱਛੋਂ ਹੋਣ ਵਾਲੇ ਯੂਨਾਨੀ ਵਿਚਾਰਵਾਨਾਂ ਦੀ ਇੱਕ ਟੋਲੀ ਨੂੰ ਪਰਮਾਣੂੰਵਾਦੀ (Atomist) ਆਖਿਆ ਗਿਆ ਹੈ। ਯੂਨਾਨੀ ਪਰਮਾਣੂੰਵਾਦੀਆਂ ਦੇ ਸਿਧਾਂਤ ਆਧੁਨਿਕ ਕੈਮਿਸਟਰੀ ਦੀ ਪਰਖ ਉੱਤੇ ਭਾਵੇਂ ਪੂਰੇ ਨਹੀਂ ਉਤਰਦੇ ਤਾਂ ਵੀ ਨਿਰੋਲ ਪਦਾਰਥਵਾਦੀ ਵਿਚਾਰਧਾਰਾ ਦਾ ਮੁੱਢ ਉਨ੍ਹਾਂ ਤੋਂ ਹੀ ਬੱਝਾ ਹੈ। ਉਨ੍ਹਾਂ ਨੇ ਕਿਸੇ ਰੂਹਾਨੀ ਜਾਂ ਪਰਾਸਰੀਰਕ ਸੱਤਾ ਤੋਂ ਬਿਨਾਂ ਸ੍ਰਿਸ਼ਟੀ ਦੀ ਉਤਪਤੀ ਅਤੇ ਵਿਕਾਸ ਦੀ ਵਿਆਖਿਆ ਕਰਨ ਦਾ ਤਰਕਪੂਰਣ ਜਤਨ ਕਰਨ ਦੀ ਪਹਿਲੀ ਕੀਤੀ। ਮੌਤ ਤੋਂ ਪਿੱਛੋਂ ਕਿਸੇ ਖ਼ਿਆਲੀ ਜੀਵਨ ਦੀ ਚਿੰਤਾ ਕਰਨ ਦੀ ਥਾਂ ਇਸ ਧਰਤੀ ਉਤਲੇ ਜੀਵਨ ਦੀ ਖ਼ੁਸ਼ੀ ਅਤੇ ਖ਼ੂਬਸੂਰਤੀ ਨੂੰ ਜੀਵਨ ਦਾ ਮਨੋਰਥ ਮੰਨਣ ਵਾਲੇ ਐਪੀਕਿਊਰਸ ਵਰਗੇ ਵਿਦਵਾਨ ਇਸੇ ਅਨੈਕਸਾਗੋਰਸ ਤੋਂ ਪ੍ਰਭਾਵਤ ਅਤੇ ਪ੍ਰੇਰਿਤ ਸਨ। ਜਿਵੇਂ ਉਹ ਮਨ ਨੂੰ ਸ੍ਰਿਸ਼ਟੀ ਦੀ ਸੰਚਾਲਕ ਸ਼ਕਤੀ ਮੰਨਦਾ ਸੀ, ਉਵੇਂ ਹੀ ਆਧੁਨਿਕ ਜਰਮਨ ਵਿਦਵਾਨ, ਹੀਗਲ, ਸਪਿਰਿਟ (ਆਤਮਾ) ਜਾਂ ਆਈਡਿਆ ਨੂੰ ਸੰਸਾਰਕ ਘਟਨਾਵਾਂ ਦੀ ਵਿਉਂਤਬੰਦੀ ਕਰਦਾ ਵੇਖਦਾ ਸੀ। ਉਸ ਤੋਂ ਪਿੱਛੋਂ ਆਈਡਿਆ ਦੀ ਥਾਂ ਇਕਨਾਮਿਕ (ਅਰਥ ਵਿਵਸਥਾ) ਨੂੰ ਸੰਸਾਰ ਦੇ ਇਤਿਹਾਸ ਦੀ ਰੂਪ-ਰੇਖਾ ਨੀਅਤ ਕਰਦੀ ਦੱਸਣ ਵਾਲਾ ਮਾਰਕਸ ਵੀ ਅਨੈਕਸਾਗੋਰਸ ਦੇ ਢੰਗ ਨਾਲ ਸੋਚ ਰਿਹਾ ਆਖਿਆ ਜਾ ਸਕਦਾ ਹੈ। ਉਸਦੇ ਦੱਸੇ ਹੋਏ ਮਨ (Nous) ਦੀ ਰੂਪ ਰੇਖਾ ਜੈਨੀਆਂ ਦੇ 'ਜੀਵ' ਵਰਗੀ ਹੈ ਅਤੇ ਮਿੱਟੀ ਦਾ ਪੁਤਲਾ ਬਣਾ ਕੇ ਉਸ ਵਿੱਚ ਯਹੂਦੀ ਰੱਬ ਦੁਆਰਾ ਫੂਕੀ ਹੋਈ ਰੂਹ ਵੀ ਹੋ ਸਕਦਾ ਹੈ ਅਨੈਕਸਾਗੋਰਸ ਦੇ 'ਮਨ' ਦਾ ਹੀ ਕੋਈ ਅਧਿਆਤਮਵਾਦੀ ਉਤਾਰਾ ਹੋਵੇ।"

"ਪਾਪਾ, ਫਿਲਾਸਫੀ ਦੇ ਇਤਿਹਾਸ ਵਿੱਚ ਬਹੁਤੀ ਮਹੱਤਵਪੂਰਣ ਥਾਂ ਨਾ ਰੱਖਣ ਵਾਲਾ ਇਹ ਆਦਮੀ ਸੰਸਾਰ ਦੇ ਮਹੱਤਵਪੂਰਣ ਵਿਚਾਰਵਾਨਾਂ ਨੂੰ ਪ੍ਰਭਾਵਤ ਕਰਨ ਦੇ ਸਮਰਥ ਕਿਵੇਂ ਹੋ ਸਕਿਆ ?"

"ਪਹਿਲਾ ਕਾਰਨ ਤਾਂ ਇਹ ਹੋ ਸਕਦਾ ਹੈ, ਸਨੇਹਾ, ਕਿ ਇਹ ਆਪ (ਆਪਣੇ ਤੋਂ ਪਹਿਲਾਂ ਹੋਏ) ਸਾਰੇ ਦਾਰਸ਼ਨਿਕਾਂ ਤੋਂ ਪ੍ਰਭਾਵਤ ਸੀ। ਇਸ ਦਾ ਭਾਵ ਇਹ ਹੈ ਕਿ ਇਸ ਨੇ ਉਨ੍ਹਾਂ ਸਾਰਿਆਂ

ਦੇ ਸਿਧਾਂਤਾਂ ਨੂੰ ਠਰ੍ਹੰਮੇ ਅਤੇ ਸਤਿਕਾਰ ਨਾਲ ਵਾਚਿਆ ਹੋਇਆ ਸੀ। ਦੂਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਪਹਿਲਾਂ ਹੋਏ ਸਭ ਤੋਂ ਵੱਡੇ ਫਿਲਾਸਫਰ, ਪਿਥਾਗੋਰਸ ਦਾ ਇਸ ਉੱਤੇ ਪ੍ਰਭਾਵ ਉੱਕਾ ਨਹੀਂ ਸੀ। ਪਿਥਾਗੋਰਸ ਦੇ ਪ੍ਰਭਾਵ ਨੂੰ ਕਬੂਲਣ ਵਾਲੇ ਵਿਚਾਰਵਾਨ ਪਰਲੋਕਵਾਦੀ ਸਨ। ਇਸ ਲਈ ਧਰਮ ਨੂੰ ਉਨ੍ਹਾਂ ਦੇ ਵਿਚਾਰਾਂ ਵਿੱਚ ਕੇਂਦਰੀ ਥਾਂ ਪ੍ਰਾਪਤ ਹੋ ਜਾਂਦੀ ਸੀ। ਇਹ ਪਹਿਲਾ ਆਦਮੀ ਸੀ ਜਿਸ ਨੇ ਨਿਰੋਲ ਦੁਨਿਆਵੀ ਨੁਕਤੇ ਤੋਂ ਸੋਚਿਆ ਤੇ ਕੇਵਲ ਧਰਤੀ ਉਤਲੇ ਜੀਵਨ ਨੂੰ ਆਪਣੀ ਸੋਚ ਦਾ ਵਿਸ਼ਾ ਬਣਾਇਆ। ਰਿਨੇਸਾਂਸ ਦੇ ਸਮੇਂ ਧਰਮ ਦਾ ਤੇਜ ਤਪ ਮੱਧਮ ਪੈ ਜਾਣ ਉੱਤੇ ਇਸ ਧਰਤੀ ਉਤਲੇ ਜੀਵਨ ਬਾਰੇ ਮੁੜ ਸੋਚਿਆ ਜਾਣ ਉੱਤੇ ਮਨੁੱਖੀ ਸੋਚ ਨੇ ਉਸੇ ਸੇਧ ਨੂੰ ਅਪਣਾ ਲਿਆ ਜਿਸ ਸੇਧ ਉੱਤੇ ਤੁਰਦਿਆਂ ਹੋਇਆਂ ਹੈਲਨਿਸਟਿਕ ਕਾਲ ਵਿੱਚ ਐਪੀਕਿਊਰਿਅਨਿਜ਼ਮ ਅਤੇ ਸਟੋਇਕਿਜ਼ਮ, ਸਾਰੇ ਯੌਰਪ ਅਤੇ ਮੱਧ ਪੂਰਬ ਦੀਆਂ, ਪ੍ਰਧਾਨ ਵਿਚਾਰਾਂ ਬਣੀਆਂ ਰਹੀਆਂ ਸਨ।"

"ਵੀਰ ਜੀ, ਹੈਲਨਿਸਟਿਕ ਕਾਲ ਕਿਸ ਸਮੇਂ ਨੂੰ ਆਖਿਆ ਗਿਆ ਹੈ ?"

"ਸਿਕੰਦਰ ਮਹਾਨ ਦੀ ਮੌਤ ਤੋਂ ਪਿੱਛੋਂ ਦੇ ਤਿੰਨ ਕੁ ਸੌ ਸਾਲ ਦੇ ਸਮੇਂ ਨੂੰ ਇਹ ਨਾਂ ਦਿੱਤਾ ਗਿਆ ਹੈ। ਇਸ ਸਮੇਂ ਯੌਰਪ, ਮੱਧ ਪੂਰਬ ਅਤੇ ਉੱਤਰੀ ਭਾਰਤ ਉੱਤੇ ਸਿਕੰਦਰ ਦੇ ਜਰਨੈਲਾਂ ਦਾ ਰਾਜ ਸੀ। ਕਹਿਣ ਨੂੰ ਇਹ ਗੱਲ ਠੀਕ ਹੈ ਕਿ ਉੱਤਰੀ ਭਾਰਤ ਛੇਤੀ ਹੀ ਸਲੂਕਸ ਦੇ ਕਬਜ਼ੇ ਵਿੱਚੋਂ ਨਿਕਲ ਗਿਆ ਸੀ; ਪਰੰਤੂ ਸਲੂਕਸ ਅਤੇ ਚੰਦਰ ਗੁਪਤ ਮੌਰੀਆ ਦੇ ਸੰਬੰਧ ਨੂੰ ਧਿਆਨ ਵਿੱਚ ਰੱਖਦਿਆਂ ਇਹ ਮੰਨਣਾ ਪਵੇਗਾ ਕਿ ਯੂਨਾਨੀ ਵਿਚਾਰਧਾਰਾ ਨਾਲੋਂ ਭਾਰਤ ਦਾ ਸੰਬੰਧ ਬਿਲਕੁਲ ਨਹੀਂ ਸੀ ਟੁੱਟਾ। ਹੈਲਨਿਸਟਿਕ ਕਾਲ ਸੰਸਾਰ ਦੇ ਇਤਿਹਾਸ ਵਿੱਚ ਅਤੇ ਵਿਸ਼ੇਸ਼ ਕਰ ਕੇ ਸੋਚ ਦੇ ਇਤਿਹਾਸ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ। ਸਿਕੰਦਰ ਨੂੰ ਆਮ ਆਦਮੀ ਇੱਕ ਯੋਧੇ ਜੰਗਬਾਜ਼ ਅਤੇ ਜੇਤੂ ਦੇ ਰੂਪ ਵਿੱਚ ਹੀ ਜਾਣਦਾ ਪਛਾਣਦਾ ਹੈ। ਪਰੰਤੂ, ਅਰਸਤੂ ਵਰਗੇ ਸਿਆਣੇ ਦਾ ਪੜ੍ਹਾਇਆ ਹੋਇਆ ਹੋਣ ਕਰਕੇ ਉਹ ਸੰਸਾਰ-ਵਿਜੇਤਾ ਨਾਲੋਂ ਵੱਖਰਾ ਕੁਝ ਹੋਰ ਵੀ ਸੀ। ਮੈਂ ਤਾਂ ਇਹ ਵੀ ਆਖਾਂਗਾ ਕਿ ਉਹ ਆਪਣੇ ਉਸਤਾਦ ਨਾਲੋਂ ਸੁਹਣੀ ਸੋਚ ਦਾ ਸੁਆਮੀ ਸੀ। ਉਹ ਆਪਣੇ ਉਸਤਾਦ ਦੇ ਇਸ ਖ਼ਿਆਲ ਨਾਲ ਸਹਿਮਤ ਨਹੀਂ ਸੀ ਕਿ ਯੂਨਾਨੀਆਂ ਤੋਂ ਸਿਵਾ ਹੋਰ ਸਾਰੀਆਂ ਕੌਮਾਂ ਦੇ ਆਦਮੀਆਂ ਨੂੰ ਗ਼ੁਲਾਮ ਬਣਾਇਆ ਜਾਣ ਵਿੱਚ ਕੋਈ ਜ਼ਿਆਦਤੀ ਜਾਂ ਬੁਰਾਈ ਨਹੀਂ। ਇਸ ਸੰਸਾਰ ਦੀ ਬਦ-ਕਿਸਮਤੀ ਹੈ ਕਿ ਸਿਕੰਦਰ ਨੂੰ ਪੈਰੀਕਲੀਜ਼ ਵਾਂਗੂੰ ਲੰਮਾ ਸਮਾਂ ਨਾ ਮਿਲ ਸਕਿਆ। ਉਸ ਨੇ ਤੇਰਾਂ ਸਾਲ ਰਾਜ ਕੀਤਾ ਅਤੇ ਤੇਰਾਂ ਸਾਲ ਲੜਦਾ ਹੀ ਰਿਹਾ। ਜੇ ਇਸ ਨੂੰ ਅਮਨ ਦੇ ਦਸ ਵੀਹ ਸਾਲ ਮਿਲ ਜਾਂਦੇ ਤਾਂ ਇਹ ਮਹਾਨ ਉਸਰੱਈਆ ਕਰ ਕੇ ਜਾਣਿਆ ਜਾਣਾ ਸੀ, ਕਿਉਂਜੁ ਪੈਰੀਕਲੀਜ਼ ਦੀ ਮਿਸਾਲ ਇਸ ਦੇ ਸਾਹਮਣੇ ਸੀ। ਉਸ ਨਾਲੋਂ ਬਹੁਤੇ ਸੋਮੇ ਅਤੇ ਸਾਧਨ ਇਸ ਨੂੰ ਪ੍ਰਾਪਤ ਸਨ। ਯੂਨਾਨੀ ਸੋਚ ਤੋਂ ਇਹ ਭਲੀ ਭਾਂਤ ਜਾਣੂੰ ਸੀ। ਲੱਗਪੱਗ ਸਾਰੇ ਸੱਭਿਅ ਸੰਸਾਰ ਨਾਲ ਮਿੱਤ੍ਰਤਾ ਦੇ ਸੰਬੰਧ ਇਸ ਨੇ ਸਥਾਪਤ ਕਰ ਲਏ ਸਨ ਅਤੇ ਪੈਰੀਕਲੀਜ਼ ਵਾਲਾ ਪ੍ਰਜਾਤੰਤ੍ਰੀ ਭੁਲੇਖਾ ਇਸ ਨੂੰ ਬਿਲਕੁਲ ਨਹੀਂ ਸੀ। ਪਰ ਇਹ ਇੱਕ ਵੱਖਰਾ ਵਿਸ਼ਾ ਹੈ। ਸਮੇਂ ਸਿਰ ਇਸ ਬਾਰੇ ਵਿਸਥਾਰ ਨਾਲ ਵਿਚਾਰ ਕਰਾਂਗੇ।"

ਪੁਸ਼ਪੇਂਦ੍ਰ, ਇਨ੍ਹਾਂ ਦਿਨਾਂ ਵਿੱਚ ਮੈਂ ਦੇਵ ਵੀਰ ਜੀ ਵੱਲ ਨਹੀਂ ਜਾ ਸਕੀ ਅਤੇ ਨਾ ਹੀ ਨੀਰਜ ਨਾਲ ਇਸ ਸੰਬੰਧ ਵਿੱਚ ਕੋਈ ਗੱਲ ਹੋ ਸਕੀ ਹੈ। ਇਹ ਗੱਲ ਬਹੁਤ ਖ਼ੁਸ਼ੀ ਵਾਲੀ ਹੈ ਕਿ ਤੂੰ ਬਾਲ-ਮਨੋ-ਵਿਗਿਆਨ ਦੇ ਖੇਤ੍ਰ ਵਿੱਚ ਖੋਜ ਦੀ ਕਾਰੇ ਲੱਗਣ ਵਾਲੀ ਹੈਂ। ਇਸ ਦਾ ਸਭ ਤੋਂ ਪਹਿਲਾ ਅਤੇ ਸਭ ਤੋਂ ਵੱਧ ਲਾਭ ਮੈਨੂੰ ਹੋਵੇਗਾ।

ਸਨੇਹਾ।

# 32

ਈਸ਼ਰ ਭਵਨ,
2.9.96.

ਸਨੇਹਾ,

ਵਿਸ਼ਾਲ ਭਵਨ ਦੀ ਤੀਜੀ ਮੰਜ਼ਿਲ ਵਿਚਲੇ ਇੱਕ ਖੁੱਲ੍ਹੇ ਹਵਾਦਾਰ ਕਮਰੇ ਵਿੱਚ ਬੈਠੀ ਇਹ ਪੱਤਰ ਲਿਖ ਰਹੀ ਹਾਂ। ਇਸ ਕਮਰੇ ਵਿੱਚ ਬੈਠਿਆਂ ਪੂਰਬ, ਪੱਛਮ, ਉੱਤਰ, ਦੱਖਣ ਚਹੁੰਆਂ ਦਿਸ਼ਾਵਾਂ ਦੇ ਦਿਸ-ਹੱਦਿਆਂ ਤਕ ਬੇ-ਰੋਕ ਵੇਖਿਆ ਜਾ ਸਕਦਾ ਹੈ। ਇਸ ਉੱਚੀ ਥਾਂ ਤੋਂ ਵੇਖਿਆਂ ਇਹ ਦ੍ਰਿਸ਼ ਕੁਝ ਬਦਲਿਆ ਬਦਲਿਆ ਅਤੇ ਸੁਹਣਾ ਸੁਹਣਾ ਲੱਗ ਰਿਹਾ ਹੈ। ਇਸ ਤੋਂ ਪਹਿਲਾਂ ਪੰਜਾਬ ਦੀ ਪੱਧਰੀ ਵਹਿੰਦੜ ਧਰਤੀ ਏਨੀ ਸੁਹਣੀ ਕਦੇ ਨਹੀਂ ਸੀ ਲੱਗੀ।

ਮੈਂ ਪਰਸੋਂ ਏਥੇ ਆਈ ਸਾਂ। ਇਸ ਤੋਂ ਪਹਿਲਾਂ ਝਾਈ ਜੀ ਕੋਲ ਰਹਿ ਰਹੀ ਸਾਂ। ਸੋਨਲ ਅਤੇ ਰੂਪਲ ਦੀ ਆਰਟ ਗੈਲਰੀ ਇਸੇ ਭਵਨ ਵਿੱਚ ਹੈ। ਦੀਪੂ ਅੰਕਲ ਇਸ ਘਰ ਦੀ ਨਿਗਰਾਨੀ ਦਾ ਕੰਮ ਕਰਦੇ ਹਨ। ਮੈਨੂੰ ਕਿਸੇ ਪ੍ਰਕਾਰ ਦਾ ਓਪਰਾਪਨ ਮਹਿਸੂਸ ਨਹੀਂ ਹੋ ਰਿਹਾ।

ਤੇਰੇ ਨਾਲ ਕੀਤੇ ਇਕਰਾਰ ਅਨੁਸਾਰ, ਮੈਂ, ਨੀਲੂ ਜੀ ਨਾਲ ਮਨ ਦੇ ਵਿਕਾਸ ਸੰਬੰਧੀ ਗੱਲ ਕਰਨੀ ਚਾਹੀ। ਉਨ੍ਹਾਂ ਨੇ ਗਹੁ ਨਾਲ ਮੇਰੇ ਵੱਲ ਵੇਖ ਕੇ ਪੁੱਛਿਆ, "ਆਉਂਦਿਆਂ ਹੀ, ਏਡੀ ਛੇਤੀ, ਮਨ ਬਾਰੇ ਪੁੱਛ-ਗਿੱਛ ਕਰਨ ਦੀ ਲੋੜ ਕਿਉਂ ਪੈ ਗਈ, ਪੁਸ਼ਪੀ ? ਏਥੇ ਰਹਿਣ ਦੇ ਆਪਣੇ ਫ਼ੈਸਲੇ ਬਾਰੇ ਕੋਈ ਦੁਚਿੱਤੀ ਤਾਂ ਨਹੀਂ ਪੈਦਾ ਹੋ ਗਈ ?"

ਉੱਤਰ ਵਿੱਚ ਮੈਂ ਆਖਿਆ, "ਤੁਸੀਂ ਅਜੇਹਾ ਸਵਾਲ ਪੁੱਛ ਲਿਆ ਹੈ ਜਿਸ ਦਾ ਠੀਕ ਉੱਤਰ ਦਿੱਤਿਆਂ ਤੁਹਾਡੀ ਅਪਾਰ ਬੌਧਕ ਯੋਗਤਾ ਦਾ ਸੰਮਾਨ ਘੱਟਦਾ ਹੈ ਅਤੇ ਗ਼ਲਤ ਉੱਤਰ ਦਿੱਤਿਆਂ ਮੈਂ ਝੂਠ ਬੋਲ ਰਹੀ ਹੋਵਾਂਗੀ।"

"ਅੱਛਾ, ਤੂੰ ਮੇਰੇ ਬੌਧਕ ਸੰਮਾਨ ਦੀ ਚਿੰਤਾ ਨਾ ਕਰ ਅਤੇ ਠੀਕ ਉੱਤਰ ਦੇ।"

"ਏਥੇ ਰਹਿਣ ਦੇ ਫ਼ੈਸਲੇ ਬਾਰੇ ਮੇਰੇ ਮਨ ਵਿੱਚ ਕੋਈ ਸ਼ੱਕ ਨਹੀਂ।"

"ਹੁਣ ਇਹ ਦੱਸ ਕਿ ਇਸ ਉੱਤਰ ਨਾਲ ਮੇਰਾ ਬੌਧਕ-ਸੰਮਾਨ ਕਿਵੇਂ ਘਟਦਾ ਹੈ ?"

"ਤੁਹਾਡਾ ਇਹ ਅਨੁਮਾਨ ਕਿ—ਮੈਂ ਆਪਣੇ ਫ਼ੈਸਲੇ ਬਾਰੇ ਕਿਸੇ ਦੁਚਿੱਤੀ ਵਿੱਚ ਹਾਂ। ਗ਼ਲਤ ਸਾਬਤ ਹੋਣ ਨਾਲ।"

"ਮੇਰਾ ਅਧਿਕਾਰ ਖੋਹਿਆ ਜਾਣ ਨਾਲ ਮੇਰੇ ਨਾਲ ਬੇ-ਇਨਸਾਫ਼ੀ ਨਹੀਂ ਹੁੰਦੀ।"

"ਕਿਹੜਾ ਅਧਿਕਾਰ ?"

"ਗ਼ਲਤੀ ਕਰ ਸਕਣ ਦਾ ਅਧਿਕਾਰ।"

ਉਨ੍ਹਾਂ ਦਾ ਇਹ ਉੱਤਰ ਸੁਣ ਕੇ ਮੇਰਾ ਹਾਸਾ ਨਿਕਲ ਗਿਆ। ਪਰੰਤੂ ਨੀਲੂ ਜੀ ਗੰਭੀਰ ਸਨ। ਉਨ੍ਹਾਂ ਦੀ ਗੰਭੀਰਤਾ ਦੇ ਸਾਹਮਣੇ ਮੇਰੀ ਚੰਚਲਤਾ ਦਾ ਸਿਰ ਝੁਕ ਗਿਆ ਅਤੇ ਮੈਂ ਨਿਮ੍ਰਤਾ ਨਾਲ ਪੁੱਛਿਆ, "ਇਹ ਕਿਹੋ ਜਿਹਾ ਅਧਿਕਾਰ ਹੈ, ਨੀਲੂ ਜੀ ?"

"ਇਹ ਮਨੁੱਖ ਦਾ ਬੁਨਿਆਦੀ ਅਧਿਕਾਰ ਹੈ, ਬੇਟਾ। ਅਸੀਂ ਸੁਤੰਤ੍ਰਤਾ ਅਤੇ ਆਤਮ-ਨਿਰਭਰਤਾ ਵਰਗੇ ਖ਼ਿਆਲੀ ਅਤੇ ਖੋਖਲੇ ਅਧਿਕਾਰਾਂ ਲਈ ਲੜਨ ਮਰਨ ਵਾਲੀ ਦੁਨੀਆ ਦੇ ਵਸਨੀਕ ਹਾਂ। ਇਸ ਬ੍ਰਹਿਮੰਡ ਵਿੱਚ ਨਾ ਕੋਈ ਸੁਤੰਤ੍ਰ ਹੈ ਨਾ ਆਤਮ-ਨਿਰਭਰ। ਵੱਖ-ਵੱਖ ਸਮਿਆਂ ਉੱਤੇ ਵੱਖ-ਵੱਖ ਲੋੜਾਂ ਅਧੀਨ ਅਸੀਂ ਇਨ੍ਹਾਂ ਸ਼ਬਦਾਂ ਨੂੰ ਸੰਬੰਧ ਮੂਲਕ ਕਦਰਾਂ-ਕੀਮਤਾਂ ਦੇ ਰੰਗ ਵਿੱਚ ਰੰਗ ਕੇ ਮਨੁੱਖੀ ਆਦਰਸ਼ਾਂ ਅਤੇ ਅਧਿਕਾਰਾਂ ਦਾ ਰੂਪ ਦੇ ਲੈਂਦੇ ਹਾਂ। ਇਨ੍ਹਾਂ ਦੀ ਪ੍ਰਾਪਤੀ ਲਈ 'ਜੀਵਨ ਲੈਣ' ਅਤੇ 'ਜੀਵਨ ਦੇਣ' ਦੀ ਕਿਰਿਆ ਨੂੰ 'ਬਹਾਦਰੀ' ਅਤੇ 'ਬਲੀਦਾਨ' ਦਾ ਨਾਂ ਦਿੰਦੇ ਆਏ ਹਾਂ ਅਸੀਂ। ਇੱਕ ਅਣਹੋਂਦ ਲਈ ਕਿੰਨਾ ਕੁਝ ਕੀਤਾ ਹੈ ਮਾਨਵ ਜਾਤੀ ਨੇ। ਪਰ ਮਨੁੱਖ ਨੂੰ ਭੁੱਲਣਹਾਰ ਕਹਿੰਦਿਆਂ ਹੋਇਆਂ ਵੀ ਭੁੱਲਣਹਾਰ ਮੰਨਣ ਦੀ ਸਿਆਣਪ ਅਸਾਂ ਕਦੇ ਨਹੀਂ ਕੀਤੀ। ਅਸੀਂ ਸਿਆਣੇ ਸੂਝਵਾਨ ਆਦਮੀ ਨੂੰ ਭੁੱਲ ਕਰਨ ਦਾ ਅਧਿਕਾਰ ਕਿਵੇਂ ਦੇ ਸਕਦੇ ਹਾਂ, ਜਦ ਕਿ ਇੱਕ ਬੱਚੇ ਨੂੰ ਨਾਦਾਨ ਕਹਿੰਦਿਆਂ ਹੋਇਆਂ ਕਿਸੇ ਭੁੱਲ ਦੀ ਆਗਿਆ ਅਸਾਂ ਕਦੇ ਨਹੀਂ ਦਿੱਤੀ। ਸਾਡੀ ਦੁਨੀਆ ਵਿੱਚ ਹਰ ਭੁੱਲ ਇੱਕ ਅਪ੍ਰਾਧ ਹੈ ਅਤੇ ਹਰ ਅਪ੍ਰਾਧ ਦੀ ਕੋਈ ਸਜ਼ਾ ਹੈ। ਜੇ ਅਸੀਂ ਭੁੱਲ ਨੂੰ ਮਨੁੱਖੀ ਅਧਿਕਾਰ ਮੰਨਦੇ ਹੁੰਦੇ ਤਾਂ 'ਖ਼ਿਮਾ' ਇਸ ਅਧਿਕਾਰ ਦੀ ਰਖਵਾਲੀ ਦੇ ਰੂਪ ਵਿੱਚ ਸਾਡੇ ਦੈਨਿਕ ਜੀਵਨ ਦਾ ਹਿੱਸਾ ਬਣ ਗਈ ਹੁੰਦੀ.....ਅਸੀਂ.....ਕਿਨ੍ਹਾਂ ਝਮੇਲਿਆਂ ਵਿੱਚ ਉਲਝ ਗਏ ?"

"ਇਹ ਝਮੇਲੇ ਨਹੀਂ ਹਨ, ਨੀਲੂ ਜੀ, ਤੁਹਾਡੇ ਨਾਲ ਗੱਲਾਂ ਕਰਦਿਆਂ ਨਵੀਂ ਸੋਚ ਦੀ ਪਾਠ-ਪੁਸਤਕ ਦਾ ਨਵਾਂ ਪੰਨਾ ਪੜ੍ਹਨ ਦਾ ਅਵਸਰ ਪ੍ਰਾਪਤ ਹੁੰਦਾ ਹੈ। ਜੇ ਆਗਿਆ ਦਿਓ ਤਾਂ ਮੈਂ ਇਸ ਤੋਂ ਅਗਲਾ ਪੰਨਾ ਪਰਤਾਂ।"

"ਪਰਤੋ।"

"ਕੀ ਖ਼ਿਮਾ ਦਾ ਭਰੋਸਾ 'ਭੁੱਲ ਕਰਨ ਦੇ ਅਧਿਕਾਰ' ਦੀ ਦੁਰਵਰਤੋਂ ਦੀ ਪ੍ਰੇਰਣਾ ਨਹੀਂ ਦੇਵੇਗਾ ?"

"ਪੁਸ਼ਪੇਂਦ੍ਰ, ਤੂੰ ਸੋਚ ਦੀ ਪੁਸਤਕ ਦਾ ਅਗਲਾ ਪੰਨਾ ਨਹੀਂ ਪਰਤਿਆ ਸਗੋਂ ਸ਼ੱਕ ਦੀ ਪੁਰਾਤਨ ਪੁਸਤਕ ਖੋਲ੍ਹ ਲਈ ਹੈ। ਮਨੁੱਖੀ ਸਭਿਅਤਾ ਦਾ ਸਾਰਾ ਸਫ਼ਰ ਭੈ ਅਤੇ ਬੇ-ਵਸਾਹੀ ਦੀ ਸੜਕੇ ਤੁਰ ਕੇ ਕੀਤਾ ਗਿਆ ਹੈ। ਹਰ ਮੁਸਾਫ਼ਰ ਆਪਣੀਆਂ ਯੋਗਤਾਵਾਂ ਅਤੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਆਇਆ ਹੈ। ਸਜ਼ਾਵਾਂ ਦਾ ਸਹਿਮ, ਸਵਰਗੀ ਸੁੱਖਾਂ ਦਾ ਲੋਭ, ਦੋਜ਼ਖ਼ੀ ਦੁੱਖਾਂ ਦੀ ਭਿਆਨਕਤਾ, ਆਵਾਗਉਣ ਦੀ ਦੀਰਘਤਾ ਅਤੇ ਮੁਕਤੀ ਦੀ ਮਨੋਹਰਤਾ ਮਨੁੱਖ ਨੂੰ ਇਸ ਦੁਰਵਰਤੋਂ ਵੱਲੋਂ ਮੋੜ ਨਹੀਂ ਸਕੇ; ਇਸ ਦੁਰਵਰਤੋਂ ਦੀ ਪ੍ਰੇਰਣਾ ਭਾਵੇਂ ਦਿੰਦੇ ਰਹੇ ਹੋਣ। ਮੈਂ ਸਹਿਮ ਅਤੇ ਸ਼ੱਕ ਦੇ ਭਾਰ ਹੇਠ ਦੱਬੇ ਹੋਏ ਜੀਵਨ ਦੀ ਗੱਲ ਨਹੀਂ ਕਰ ਰਹੀ; ਮੈਂ ਸਹਿਯੋਗ ਅਤੇ ਭਰੋਸੇ ਦੇ ਸਾਥ ਵਿੱਚ ਵਿਚਰਦੇ ਜੀਵਨ ਦੀ ਗੱਲ ਕਰ ਰਹੀ ਹਾਂ। ਉਸ ਜੀਵਨ ਵਿੱਚ ਵੀ ਦੁਰਵਰਤੋਂ ਹੋਵੇਗੀ; ਪਰ ਥੋੜੀ ਅਤੇ ਥੋੜੇ ਚਿਰ ਲਈ। ਹੁਣ ਤਕ ਸਾਡੇ ਸਮਾਜਕ ਜੀਵਨ ਵਿੱਚ ਸ਼ਕਤੀ, ਮੁਕਾਬਲੇ, ਜਿੱਤ ਅਤੇ ਹਿੰਸਾ ਦੀ ਸਰਦਾਰੀ ਰਹੀ ਹੈ। ਇਹ ਜੰਗਲੀ ਪਰਿਸਥਿਤੀਆਂ ਹਨ। ਜੰਗਲੀ ਪਰਿਸਥਿਤੀਆਂ ਵਿੱਚ ਮਾਨਵੀ ਗੁਣਾਂ ਦਾ ਉਪਜਣਾ, ਵਿਕਸਣਾ ਸੌਖਾ ਨਹੀਂ; ਪਸ਼ੂ-ਪਰਵਿਰਤੀਆਂ ਹੀ ਵਧਦੀਆਂ, ਫੁਲਦੀਆਂ ਹਨ। ਇਹ ਸੋਚ-ਪੁਸਤਕ ਦੇ ਪਿਛਲੇ ਪੰਨੇ ਦੀ ਲਿਖਾਵਟ ਹੈ। ਇਸ ਲਿਖਾਈ ਨੂੰ ਸਾਂਭਣ, ਵਾਚਣ ਅਤੇ ਵਿਚਾਰਨ ਵਿੱਚ ਕੋਈ ਬੁਰਾਈ ਨਹੀਂ, ਪਰ ਸੋਚ-ਪੁਸਤਕ ਦੇ ਕੋਰੇ ਪੰਨਿਆਂ ਉੱਤੇ ਮੁੜ ਇਸੇ ਨੂੰ ਲਿਖੀ ਜਾਣਾ ਨਾ ਸਿਆਣਪ ਵਾਲੀ ਗੱਲ ਹੈ, ਨਾ ਸੁੰਦਰਤਾ ਵਾਲੀ।"

"ਤਾਂ ਵੀ ਇਹ ਵੇਖਣ ਵਿੱਚ ਆਉਂਦਾ ਹੈ ਕਿ ਭੁੱਲਾਂ ਦੁਹਰਾਈਆਂ ਜਾਂਦੀਆਂ ਹਨ।"

"ਜਦੋਂ ਮਨੁੱਖ ਭੁੱਲਾਂ ਦੁਹਰਾਉਂਦੇ ਹਨ ਉਦੋਂ ਅਗਿਆਨ, ਅਯੋਗਤਾ ਅਤੇ ਭੈ ਇਸ ਦਾ ਕਾਰਨ ਹੁੰਦੇ ਹਨ, ਸਾਰੇ ਜਾਂ ਕੋਈ ਇੱਕਾ ਦੁੱਕਾ। ਖ਼ਿਮਾ ਦੇ ਭਰੋਸੇ ਨਾਲ ਦੁਹਰਾਈਆਂ ਹੋਈਆਂ ਭੁੱਲਾਂ ਅਸਲ ਵਿੱਚ ਭੁੱਲਾਂ ਨਹੀਂ ਹੁੰਦੀਆਂ। ਉਨ੍ਹਾਂ ਨੂੰ ਚਲਾਕੀਆਂ, ਹੇਰਾ-ਫੇਰੀਆਂ ਜਾਂ ਅਪ੍ਰਾਧ ਵੀ ਆਖਿਆ ਜਾ ਸਕਦਾ ਹੈ। ਅਸੀਂ ਸਾਧਾਰਣ ਜੀਵਨ ਦੀ ਗੱਲ ਕਰ ਰਹੇ ਹਾਂ, ਸਾਧਾਰਣ ਸੁਹਣੇ ਜੀਵਨ ਦੀ।"

"ਨੀਲੂ ਜੀ, ਮੈਂ ਵਿਚਾਰ ਪੱਖੋਂ, ਤੁਹਾਡੀ ਕਸਵੱਟੀ ਉੱਤੇ ਘੱਟ ਹੀ ਪੂਰੀ ਉਤਰਦੀ ਹਾਂ; ਫਿਰ ਵੀ ਤੁਸਾਂ ਮੈਨੂੰ ਬੱਚਿਆਂ ਦੀ ਵਿੱਦਿਆ ਦੇ ਖੇਤ੍ਰ ਵਿੱਚ ਖੋਜ ਕਰਨ ਦੇ ਕੰਮ ਉੱਤੇ ਲਾ ਲਿਆ ਹੈ। ਕੀ ਇਹ ਅਜੀਬ ਜੇਹੀ ਗੱਲ ਨਹੀਂ ?"

"ਨਹੀਂ, ਪੁਸ਼ਪੇ, ਇਹ ਹੈਰਾਨੀ ਵਾਲੀ ਗੱਲ ਨਹੀਂ। ਨਵਾਂ ਸੋਚਣਾ ਬਹੁਤ ਹੀ ਕਠਿਨ ਕੰਮ ਹੈ। (1) ਪੁਰਾਣੀਆਂ ਸੋਚਾਂ ਨੂੰ ਨਵੇਂ ਅਰਥ ਅਤੇ ਰੂਪ ਦੇ ਕੇ, (2) ਉਨ੍ਹਾਂ ਵਿੱਚ ਕਾਂਟ-ਛਾਂਟ ਕਰ ਕੇ ਅਤੇ (3) ਉਨ੍ਹਾਂ ਦੇ ਨਵੇਂ ਸੰਬੰਧ-ਸੰਗਠਨ ਬਣਾ ਕੇ, ਸੋਚਾਂ ਨੂੰ ਨਵੀਆਂ ਪਰਿਸਥਿਤੀਆਂ ਅਨੁਸਾਰ ਢਾਲਿਆ-ਤਰਾਸ਼ਿਆ ਜਾਣਾ ਵੀ ਬਹੁਤ ਸੌਖਾ ਕੰਮ ਨਹੀਂ। ਸੋਚ ਦੇ ਪਿੜ ਵਿੱਚ ਕਿਸੇ ਪ੍ਰਕਾਰ ਦੀ ਨਵੀਨਤਾ ਪੈਦਾ ਕਰਨਾ ਉਨ੍ਹਾਂ ਲਈ ਸੰਭਵ ਹੈ ਜਿਹੜੇ ਜਾਂ ਤਾਂ (1) ਜਾਣਦੇ ਨਾ ਹੋਣ ਜਾਂ (2) ਜੋ ਜਾਣਦੇ ਹੋਣ ਉਸ ਨੂੰ ਸੋਚ ਦੀ ਸੀਮਾ ਨਾ ਮੰਨਦੇ ਹੋਣ। ਅਣਜਾਣ ਹੋਣਾ ਬੱਚੇ ਦਾ ਸੁਭਾਅ ਹੈ। ਉਹ ਆਪਣੇ ਅਣਜਾਣਪੁਣੇ ਕਾਰਨ ਸ਼ਰਮਿੰਦਾ ਨਹੀਂ ਹੁੰਦਾ, ਉਹ ਆਪਣੇ ਅਗਿਆਨ ਨੂੰ ਛੁਪਾਉਂਦਾ ਨਹੀਂ, ਉਹ ਆਪਣੇ ਅਗਿਆਨ ਦਾ ਇਕਬਾਲ ਕਰਦਾ ਹੈ। ਇਸ ਲਈ, ਛੋਟੀ ਤੋਂ ਛੋਟੀ ਜਾਣਕਾਰੀ ਉਸ ਨੂੰ ਆਨੰਦ-ਮਗਨ ਕਰ ਸਕਦੀ ਹੈ। ਤੇਰੇ ਵਿੱਚ ਇਹ ਗੁਣ ਵੇਖ ਕੇ ਹੀ ਤੈਨੂੰ ਇਹ ਕੰਮ ਸੌਂਪਿਆ ਜਾ ਰਿਹਾ ਹੈ।"

"ਪਰੰਤੂ ਮੈਂ ਬੱਚੇ ਵਾਂਗੂੰ ਨਾਦਾਨ ਜਾਂ ਅਣਜਾਣ ਨਹੀਂ ਹਾਂ।"

"ਜਾਣਦੇ ਹੋਣਾ ਬੁਰਾ ਨਹੀਂ; ਆਪਣੇ ਗਿਆਨ ਨੂੰ ਪੂਰਵ ਧਾਰਨਾ ਦਾ ਰੂਪ ਦੇਣਾ ਬੁਰਾ ਹੈ। ਜਿਹੜਾ ਗਿਆਨ ਪੂਰਵ ਧਾਰਨਾ ਦਾ ਰੂਪ ਧਾਰਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ਗਿਆਨ ਨੂੰ ਵਿਸਾਰ ਦੇਣ ਵਿੱਚ ਕੋਈ ਬੁਰਾਈ ਨਹੀਂ।"

"ਨੀਲੂ ਜੀ, ਹਰ ਅਨੁਭਵ ਨੇ ਕਿਸੇ ਦੂਜੇ ਅਨੁਭਵ ਦਾ ਆਧਾਰ ਬਣਨਾ ਹੁੰਦਾ ਹੈ। ਇਉਂ ਹਰ ਗਿਆਨ ਕਿਸੇ ਨਾ ਕਿਸੇ ਹਾਲਤ ਵਿੱਚ ਪੂਰਵ ਧਾਰਨਾ ਬਣ ਜਾਣ ਦੀ ਸਮਰਥਾ ਰੱਖਦਾ ਹੈ। ਕੀ ਜੋ ਕੁਝ ਹੁਣ ਤਕ ਜਾਣਿਆ ਹੈ ਸਭ ਕੁਝ ਭੁੱਲ ਜਾਈਏ। ਕੀ ਸਭ ਕੁਝ ਭੁੱਲ ਸਕਣਾ ਸੰਭਵ ਹੈ ?"

"ਫਿਰ ਉਹੋ ਭੁੱਲ ਹੋ ਗਈ ਹੈ ਤੇਰੇ ਕੋਲੋਂ। ਅਨੁਭਵ ਅਤੇ ਗਿਆਨ ਵਿੱਚ ਫ਼ਰਕ ਹੈ। ਅਨੁਭਵ ਰਾਹੀਂ ਪ੍ਰਾਪਤ ਕੀਤਾ ਹੋਇਆ ਗਿਆਨ ਸਾਡੇ ਕਰਮ ਵਿੱਚੋਂ ਜਨਮ ਲੈ ਕੇ ਸਾਡੇ ਕਰਮ ਨੂੰ ਜਨਮ ਦਿੰਦਾ ਹੈ। ਇਹ ਗਿਆਨ ਸਾਡੇ ਜੀਵਨ ਦੀਆਂ ਕਿਰਿਆਵਾਂ ਵਿੱਚ ਘੁਲ ਮਿਲ ਕੇ ਜੀਵਨ ਰੂਪ ਹੋ ਜਾਂਦਾ ਹੈ। ਏਸੇ ਗਿਆਨ ਨੂੰ ਕਰਮ ਨਾਲੋਂ ਵੱਖਰਾ ਕਰ ਕੇ ਸੂਤ੍ਰ-ਬੱਧ ਕਰਨ ਦਾ ਕੰਮ ਤੈਨੂੰ ਸੌਂਪਿਆ ਜਾਣ ਵਾਲਾ ਹੈ। ਇਸ ਵਿੱਚ ਵਿਚਾਰ ਅਤੇ ਕਰਮ ਇਕ-ਰੂਪ ਹੋ ਗਏ ਹੁੰਦੇ ਹਨ। ਉਨ੍ਹਾਂ ਨੂੰ ਨਿਖੇੜਨਾ ਬਹੁਤ ਕਠਿਨ ਕੰਮ ਹੈ। ਜਿਹੜਾ ਗਿਆਨ ਅਸਾਂ ਏਧਰੋਂ ਓਧਰੋਂ ਪੜ੍ਹ ਸੁਣ ਕੇ ਆਪਣੇ ਚੇਤੇ ਵਿੱਚ ਸਾਂਭਿਆ ਹੁੰਦਾ ਹੈ, ਉਹ ਬਹੁਤੀ ਵੇਰ ਜੀਵਨ ਦੇ ਅਮਲ ਜਾਂ ਕਰਮ ਵਿੱਚ ਢਾਲਿਆ ਜਾਣ ਲਈ ਨਹੀਂ ਹੁੰਦਾ। ਕਈ ਉਲਟੇ ਸਿੱਧੇ ਵਿਚਾਰ ਅਤੇ ਵਿਸ਼ਵਾਸ ਅਜਿਹੇ ਹਨ, ਜਿਹੜੇ ਪ੍ਰਸਿੱਧ ਲੋਕਾਂ ਨੇ ਸੁੰਦਰ ਬੋਲੀ ਵਿੱਚ ਅਜੇਹੇ ਲੱਛੇਦਾਰ ਢੰਗ ਨਾਲ ਆਖੇ-ਦੱਸੇ ਹੁੰਦੇ ਹਨ ਕਿ ਉਨ੍ਹਾਂ ਨੂੰ ਅਸੀਂ ਦਿਮਾਗ਼ੀ ਦੌਲਤ ਸਮਝਣ ਦੀ ਭੁੱਲ ਕਰ ਬੈਠਦੇ

ਹਾਂ। ਕੁਝ ਇੱਕ ਅਜਿਹੇ ਵਿਸ਼ਵਾਸ ਹਨ, ਜਿਨ੍ਹਾਂ ਨੂੰ ਇਲਾਹੀ ਅਤੇ ਆਕਾਸ਼ੀ ਆਸਰੇ ਪ੍ਰਾਪਤ ਹਨ। ਉਨ੍ਹਾਂ ਦੀ ਛਾਣ-ਬੀਣ ਦਾ ਖ਼ਿਆਲ ਹੀ ਸਾਨੂੰ ਭੈ-ਭੀਤ ਕਰ ਦਿੰਦਾ ਹੈ। ਕਈ ਖ਼ਿਆਲ ਅਜੇਹੇ ਹਨ ਜਿਨ੍ਹਾਂ ਨੂੰ ਕੇਵਲ ਸਮਾਜਕ, ਸਾਂਸਕ੍ਰਿਤਿਕ ਅਤੇ ਰਾਜਨੀਤਕ ਮੋਹ ਵੱਸ ਅਸੀਂ ਅਪਣਾਈ ਰੱਖਦੇ ਹਾਂ। ਕਈ ਖ਼ਿਆਲ ਸਾਨੂੰ ਪੁਰਾਣੇ ਹੋਣ ਕਰਕੇ ਚੰਗੇ ਲੱਗਦੇ ਹਨ ਅਤੇ ਕੁਝ ਇੱਕ ਨਵੇਂ ਹੋਣ ਕਰਕੇ ਸਾਨੂੰ ਆਕਰਸ਼ਿਤ ਕਰਦੇ ਹਨ। ਕਿਸੇ ਇੱਕ ਪਰਿਸਥਿਤੀ ਵਿੱਚ ਅਸੀਂ ਆਖਦੇ ਹਾਂ, 'ਕੋਈ ਕਿਸੇ ਦਾ ਕੁਝ ਨਹੀਂ ਲੱਗਦਾ, ਸਭ ਮੋਹ-ਮਾਇਆ ਦੇ ਰਿਸ਼ਤੇ ਹਨ।' ਕਿਸੇ ਦੂਜੀ ਪਰਿਸਥਿਤੀ ਵਿੱਚ ਅਸੀਂ ਕਹਿੰਦੇ ਹਾਂ, 'ਬੰਦਾ ਬੰਦੇ ਦਾ ਦਾਰੂ ਹੈ।' ਇੱਕ ਸਮੇਂ ਸਾਨੂੰ ਇਹ ਗੱਲ ਪਰਮ ਸੱਚ ਜਾਪਦੀ ਹੈ ਕਿ—'ਸੰਸਾਰ ਦੁੱਖਾਂ ਦਾ ਘਰ ਹੈ, ਏਥੇ ਕੋਈ ਸੁਖੀ ਨਹੀਂ।' ਦੂਜੇ ਸਮੇਂ ਇਹ ਵੀ ਪਰਮ ਸੱਚ ਦੇ ਲਹਿਜੇ ਵਿੱਚ ਉਚਾਰਦੇ ਹਾਂ ਕਿ—'ਜੀਵ ਸੰਸਾਰ ਦੇ ਸੁੱਖਾਂ ਵਿੱਚ ਫਸ ਕੇ ਆਪਣੇ ਮੰਜ਼ਿਲ ਵੱਲੋਂ ਬੇ-ਖ਼ਬਰ ਹੋ ਗਿਆ ਹੈ।' ਸਾਨੂੰ ਇਹ ਸੋਚਣ ਦੀ ਵਿਹਲ ਜਾਂ ਜਾਚ ਨਹੀਂ ਕਿ—ਜਿਹੜਾ ਜਗਤ ਦੁੱਖਾਂ ਦਾ ਘਰ ਹੈ, ਉਸ ਵਿੱਚ ਸੁੱਖਾਂ ਦੀ ਏਨੀ ਬਹੁਤਾਤ ਕਿਵੇਂ ਹੋ ਗਈ ਕਿ ਉਨ੍ਹਾਂ ਦੇ ਮੋਹ ਕਾਰਨ ਅਸੀਂ ਆਪਣਾ ਰਾਹ ਹੀ ਭੁੱਲ ਗਏ। ਅਸਲ ਵਿੱਚ ਇਹ ਵਿਚਾਰ ਨਹੀਂ ਤੀਰ-ਤੁੱਕੇ ਹਨ। ਵੱਖ ਵੱਖ ਮੌਕਿਆਂ ਉੱਤੇ ਅਸੀਂ ਇਨ੍ਹਾਂ ਤੁੱਕਿਆਂ ਕੋਲੋਂ ਤੀਰਾਂ ਦਾ ਕੰਮ ਲੈਂਦੇ ਹਾਂ। ਜੇ ਅਸੀਂ ਚੰਗੇ ਮੌਕਾ-ਸ਼ਨਾਸ ਹੋਈਏ ਤਾਂ ਇਹ ਸਾਡੇ ਕੰਮ ਆਉਂਦੇ ਵੀ ਹਨ।"

"ਮਨ ਸੰਬੰਧੀ ਗੱਲ ਛਿੜਨ ਉੱਤੇ ਏਨਾ ਵੱਡਾ ਝਮੇਲਾ ਉੱਠ ਖੜੋਤਾ ਹੈ ਤਾਂ ਇਹ ਗੱਲਬਾਤ ਆਪਣੇ ਆਪ ਵਿੱਚ ਕਿੰਨੀ ਕੁ ਗੁੰਝਲਦਾਰ ਹੋਵੇਗੀ ?"

"ਪੁਸ਼ਪੋਂਦੂ, ਇਸ ਗੱਲ ਦਾ ਅੰਦਾਜ਼ਾ ਅੱਜ ਵਾਲੀ ਗੱਲ-ਬਾਤ ਤੋਂ ਨਹੀਂ ਲਾਇਆ ਜਾ ਸਕਦਾ। ਧਰਮ ਦੇ ਆਗੂਆਂ, ਪੀਰਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ ਅਤੇ ਫਿਲਾਸਫਰਾਂ ਨੇ ਰਲ ਮਿਲ ਕੇ ਮਨ ਨੂੰ ਇੱਕ ਵੱਡਾ ਝਮੇਲਾ ਬਣਾ ਛੱਡਿਆ ਹੈ। ਆਮ ਆਦਮੀ ਉਨ੍ਹਾਂ ਦੇ ਮੁਕਾਬਲੇ ਵਿੱਚ ਏਨਾ ਛੋਟਾ ਹੈ ਕਿ ਉਨ੍ਹਾਂ ਦੀਆਂ ਦੱਸੀਆਂ ਗੱਲਾਂ ਉੱਤੇ ਕਿੰਤੂ ਕਰਨਾ ਉਸ ਨੂੰ ਸ਼ੋਭਾ ਨਹੀਂ ਦਿੰਦਾ। ਇਸ ਦੇ ਨਾਲ ਨਾਲ ਇਹ ਵੀ ਸੱਚ ਹੈ ਕਿ ਧਰਮ ਦੇ ਸੰਚਾਲਕਾਂ ਅਤੇ ਦਾਰਸ਼ਨਿਕਾਂ ਦੇ ਦੱਸੇ ਹੋਏ ਵੱਡੇ ਵੱਡੇ ਸਿਧਾਂਤਕ ਵਸਤਰ, ਆਮ ਆਦਮੀ ਦੇ ਨਿੱਕੇ ਮਨ ਦੇ ਮੇਚ ਵੀ ਨਹੀਂ ਆਉਂਦੇ। ਆਧੁਨਿਕ ਮਨੋਵਿਗਿਆਨ ਇਨ੍ਹਾਂ ਸਿਧਾਂਤਕ ਵਸਤਰਾਂ ਦੀ ਕਾਂਟ-ਛਾਂਟ ਦੇ ਕੰਮ ਵਿੱਚ ਲੱਗਾ ਹੋਇਆ ਹੈ। ਇੱਕ ਯੂਨਾਨੀ ਵਿਚਾਰਵਾਨ, ਜਿਸ ਦਾ ਨਾਂ ਮੈਨੂੰ ਇਸ ਸਮੇਂ ਯਾਦ ਨਹੀਂ,....।"

"ਅਨੈਕਸਾਗੋਰਸ, ਨੀਲੂ ਜੀ।"

"ਹਾਂ, ਹਾਂ, ਅਨੈਕਸਾਗੋਰਸ। ਉਸ ਦੀਆਂ ਗੱਲਾਂ ਤੋਂ ਪੱਛਮੀ ਵਿਚਾਰ ਵਿੱਚ ਮਨ ਦੀ ਚਰਚਾ ਆਰੰਭ ਹੋਈ ਸੀ। ਅਨੁਮਾਨਾਂ ਅਤੇ ਅੰਦਾਜ਼ਿਆਂ ਦੇ ਆਸਰੇ ਤੁਰਦੀ ਤੁਰਦੀ ਇਹ ਗੱਲ ਕਈ ਰੂਪ ਧਾਰਨ ਕਰ ਗਈ। ਹੋ ਸਕਦਾ ਹੈ ਭਾਰਤ ਵਿੱਚ ਇਹ ਗੱਲ ਯੂਨਾਨ ਤੋਂ ਆਈ ਹੋਵੇ। ਪਰ ਭਾਰਤੀ ਸਿਆਣੇ ਇਸ ਨੂੰ ਮੰਨਣ ਤੋਂ ਸੰਕੋਚ ਕਰਨਗੇ। ਜਿੰਨਾ ਚਿਰ ਮਨੁੱਖ ਦੇਸ਼ਾਂ, ਕੌਮਾਂ, ਸੰਸਕ੍ਰਿਤੀਆਂ ਅਤੇ ਧਰਮਾਂ ਦੇ ਗੌਰਵ ਦੀਆਂ ਭਾਰੀਆਂ ਪੰਡਾਂ ਸਿਰ ਉੱਤੇ ਚੁੱਕੀ ਰੱਖਣਗੇ, ਓਨਾ ਚਿਰ ਉਹ 'ਸੋਚ' ਨੂੰ ਵੀ ਭਾਰਤੀ, ਯੂਨਾਨੀ, ਚੀਨੀ ਈਰਾਨੀ ਆਦਿਕ ਨਾਂ ਦਿੰਦੇ ਰਹਿਣਗੇ। ਉਂਜ ਸੋਚ ਦਾ ਕੋਈ ਦੇਸ਼ ਜਾਂ ਧਰਮ ਨਹੀਂ। ਇਹ ਮਨੁੱਖਤਾ ਦਾ ਸਾਂਝਾ ਵਿਰਸਾ ਹੈ, ਸੋਚ ਭਾਰਤੀ ਜਾਂ ਯੂਨਾਨੀ ਨਹੀਂ, ਕੇਵਲ 'ਮਨੁੱਖੀ' ਹੈ। ਪਤਾ ਨਹੀਂ ਤੂੰ ਐਪੀਕਿਉਰੀਅਨਿਜ਼ਮ ਅਤੇ ਸਟੋਇਕਿਜ਼ਮ ਬਾਰੇ ਕੁਝ ਜਾਣਦੀ ਹੈ ਜਾਂ ਨਹੀਂ; ਪਰ, ਅਨੈਕਸਾਗੋਰਸ ਦੇ ਨਾਂ ਤੋਂ ਤੂੰ ਜਾਣੂੰ ਹੈਂ। ਇਸ ਤੋਂ ਮੈਂ ਅੰਦਾਜ਼ਾ ਲਾਉਂਦੀ ਹਾਂ ਕਿ ਇਨ੍ਹਾਂ ਦੋਹਾਂ ਸਿਧਾਂਤਾਂ ਬਾਰੇ ਤੈਨੂੰ ਥੋੜਾ ਬਹੁਤਾ

ਪਤਾ ਹੈ। ਅਤੇ ਇਸ ਅਨੁਮਾਨ ਦੇ ਸਹਾਰੇ ਇਹ ਮੰਗ ਕਰਦੀ ਹਾਂ ਕਿ ਤੂੰ ਇਨ੍ਹਾਂ ਦੋਹਾਂ ਦਾ ਟਾਕਰਾ ਬੁੱਧ ਧਰਮ ਦੇ ਦੋ ਰੂਪਾਂ, ਹੀਨਯਾਨ ਅਤੇ ਮਹਾਯਾਨ ਨਾਲ ਕਰ ਕੇ ਵੇਖ। ਤੈਨੂੰ ਇਹ ਮੰਨਣ ਵਿੱਚ ਕੋਈ ਔਖ ਜਾਂ ਓਪਰਾਪਨ ਨਹੀਂ ਦਿੱਸੇਗਾ ਕਿ ਐਪੀਕਿਊਰੀਅਨਿਜ਼ਮ 'ਹੀਨਯਾਨ' ਦਾ ਅਤੇ ਸਟੋਇਕਿਜ਼ਮ 'ਮਹਾਯਾਨ' ਦਾ ਭਾਰਤੀ ਜਾਂ ਅਧਿਆਤਮਕ ਰੂਪ ਹੈ। ਜੇ ਤੈਨੂੰ ਇਨ੍ਹਾਂ ਵਿੱਚ ਕੋਈ ਸਾਂਝ ਦਿੱਸ ਪਈ ਤਾਂ ਤੈਨੂੰ ਸੋਚ ਦੇ ਸਰਵ ਵਿਆਪਕ ਰੂਪ ਨੂੰ ਪਛਾਣਨ ਵਿੱਚ ਜ਼ਰੂਰ ਸਹਾਇਤਾ ਮਿਲੇਗੀ।"

"ਨੀਲੂ ਜੀ, ਮੈਨੂੰ ਐਪੀਕਿਊਰੀਅਨਿਜ਼ਮ ਅਤੇ ਸਟੋਇਕਿਜ਼ਮ ਬਾਰੇ ਕੁਝ ਪਤਾ ਨਹੀਂ। ਹੀਨਯਾਨ ਅਤੇ ਮਹਾਯਾਨ ਬਾਰੇ ਵੀ ਮੇਰਾ ਗਿਆਨ ਐਵੇਂ ਹਾਸੋਹੀਣੀ ਪੱਧਰ ਦਾ ਹੈ। ਕੇਵਲ ਏਨਾ ਜਾਣਦੀ ਹਾਂ ਕਿ ਇਹ ਬੁੱਧ ਧਰਮ ਦੇ ਦੋ ਧੜੇ ਜਾਂ ਅੰਗ ਹਨ। ਇਨ੍ਹਾਂ ਦੇ ਸਿਧਾਂਤਕ ਜਾਂ ਉਪਯੋਗਿਕ ਅੰਤਰ ਤੋਂ ਮੈਂ ਜਾਣੂੰ ਨਹੀਂ। ਇਸ ਸਮੇਂ ਮੈਂ ਇਹ ਸਭ ਕੁਝ ਜਾਣਨ ਦੀ ਕਾਹਲ ਵਿੱਚ ਵੀ ਨਹੀਂ ਹਾਂ। ਹਾਂ, ਇਹ ਜ਼ਰੂਰ ਜਾਣਨਾ ਚਾਹੁੰਦੀ ਹਾਂ ਕਿ ਸੋਚ ਦਾ ਸਰਵ ਵਿਆਪੀ ਖਾਸਾ ਜਾਂ ਅਸਲਾ ਪਿਛਲੇ ਸਾਰੇ ਇਤਿਹਾਸ ਵਿੱਚ ਪਰਗਟ ਕਿਉਂ ਨਹੀਂ ਹੋ ਸਕਿਆ।"

ਮੇਰਾ ਪ੍ਰਸ਼ਨ ਸੁਣ ਕੇ ਨੀਲੂ ਜੀ ਨੇ ਘੋਖ ਭਰੀ ਨਜ਼ਰ ਨਾਲ ਮੇਰੇ ਵੱਲ ਵੇਖਿਆ ਅਤੇ ਬੋਲੇ, "ਤੂੰ ਬਹੁਤ ਔਖਾ ਪ੍ਰਸ਼ਨ ਪੁੱਛ ਲਿਆ ਹੈ, ਪੁਸ਼ਪੇ। ਜ਼ਰਾ ਸੋਚ ਕੇ ਉੱਤਰ ਦੇਣਾ ਪਵੇਗਾ। ਮੇਰਾ ਖ਼ਿਆਲ ਹੈ ਕਿ ਮਨੁੱਖੀ ਸਭਿਅਤਾ ਦੇ ਸਾਰੇ ਇਤਿਹਾਸ ਵਿੱਚ ਇਉਂ ਹੋ ਸਕਣਾ ਸੰਭਵ ਨਹੀਂ ਸੀ। ਅਸੀਂ ਵੇਖਦੇ ਹਾਂ ਕਿ ਸਾਡੀ ਧਰਤੀ ਦੇਸ਼ਾਂ ਵਿੱਚ ਵੰਡੀ ਹੋਈ ਹੈ ਅਤੇ ਇਸ ਵੰਡ ਦਾ ਆਧਾਰ ਭੂਗੋਲ ਹੈ। ਭੂਗੋਲਿਕ ਅੰਤਰਾਂ ਕਾਰਨ ਵੱਖ ਵੱਖ ਦੇਸ਼ਾਂ ਦੇ ਲੋਕਾਂ ਦੀ ਜੀਵਨ ਜਾਚ ਵਿੱਚ ਵੀ ਅੰਤਰ ਹੈ। ਸਾਰੇ ਇਤਿਹਾਸ ਵਿੱਚ ਕੌਮੀ ਵਿਰੋਧਾਂ ਦੀ ਭਰਮਾਰ ਰਹੀ ਹੈ, ਜਿਸ ਕਰ ਕੇ ਜੀਵਨ ਜਾਚਾਂ ਵਿਚਲੇ ਅੰਤਰ ਸਤਿਕਾਰਯੋਗ ਅਤੇ ਮਹੱਤਵਪੂਰਣ ਬਣੇ ਰਹੇ ਹਨ। ਵੱਖ ਵੱਖ ਦੇਸ਼ਾਂ ਦੇ ਲੋਕਾਂ ਨੂੰ ਇਹ ਭਰੋਸਾ ਕਦੇ ਨਹੀਂ ਹੋਇਆ ਕਿ ਸਭਿਅਤਾਵਾਂ ਅਤੇ ਸੰਸਕ੍ਰਿਤੀਆਂ ਦੀ ਸਾਂਝ ਵੀ ਸੰਭਵ ਹੈ। ਉਹ ਇਨ੍ਹਾਂ ਵਿੱਚ ਜਿੱਤ-ਹਾਰ ਜਾਂ ਸਵਾਮੀ ਅਤੇ ਦਾਸ ਦੇ ਰਿਸ਼ਤੇ ਦੀ ਕਲਪਨਾ ਕਰਨ ਲਈ ਮਜਬੂਰ ਰਹੇ ਹਨ ਜਾਂ ਮਜਬੂਰ ਰੱਖੇ ਗਏ ਹਨ। ਕਿਸੇ ਪ੍ਰਕਾਰ ਦੀ ਸਾਂਝੀਵਾਲਤਾ ਜਾਂ ਸਰਵ-ਵਿਆਪਕਤਾ ਨੂੰ ਸੰਸਾਰਕ ਸਮਝਣ ਦੀ ਸਮਰਥਾ ਉਨ੍ਹਾਂ ਵਿੱਚ ਪੈਦਾ ਨਹੀਂ ਹੋ ਸਕੀ। ਪਿਛਲੇ ਸਾਰੇ ਇਤਿਹਾਸ ਵਿੱਚ ਸਰਵ-ਵਿਆਪਕਤਾ ਪਰਮਾਤਮਾ ਜਾਂ ਆਤਮਾ ਤਕ ਸੀਮਿਤ ਰਹੀ ਹੈ। ਇਸ ਨੂੰ ਇਸ ਧਰਤੀ ਦੀ ਚੀਜ਼ ਨਹੀਂ ਮੰਨਿਆ ਗਿਆ। ਇਹ ਧਰਤੀ ਦੇ ਜੀਵਨ ਤੋਂ ਪਰੇ, ਮੌਤ ਤੋਂ ਮਗਰੋਂ ਦੇ ਕਿਸੇ ਜੀਵਨ ਦੀ ਵਾਸਤਵਿਕਤਾ ਬਣੀ ਰਹੀ ਹੈ। ਧਰਤੀ ਉੱਤੇ ਇਸ ਦਾ ਜ਼ਿਕਰ ਜ਼ਰੂਰ ਹੁੰਦਾ ਰਿਹਾ ਹੈ, ਪਰ ਇਹ ਇੱਕ ਆਦਰਸ਼ ਬਣੀ ਰਹੀ ਹੈ, 'ਜੀਵਨ ਦੀ ਲੋੜ' ਕਦੇ ਨਹੀਂ ਸਮਝੀ ਗਈ।"

"ਨੀਲੂ ਜੀ, ਇਸ ਸੰਬੰਧ ਵਿੱਚ ਅਧਿਆਤਮਵਾਦ ਨੂੰ ਸਹਾਇਕ ਮੰਨਿਆ ਜਾਵੇ ਜਾਂ ਵਿਰੋਧੀ ?"

"ਮੈਂ ਇਹ ਸਮਝਦੀ ਹਾਂ ਕਿ ਮਨੁੱਖੀ ਚੇਤਨਾ ਵਿੱਚ ਸਰਵ-ਵਿਆਪਕਤਾ ਦੀ ਸੰਭਾਵਨਾ ਨੂੰ ਸੁਰਜੀਤ ਰੱਖਣ ਕਰਕੇ ਅਧਿਆਤਮਵਾਦ ਨੇ ਮਨੁੱਖਤਾ ਨਾਲ ਮਿੱਤ੍ਰਤਾ ਕੀਤੀ ਹੈ। ਹੁਣ ਜਦੋਂ ਸਾਇੰਸ ਅਤੇ ਸਨਅਤ ਨੇ ਮਿਲ ਕੇ ਦੁਨੀਆ ਨੂੰ ਛੋਟੀ ਕਰ ਦਿੱਤਾ ਹੈ, ਵਿੱਦਿਆ ਅਤੇ ਸੰਚਾਰ ਨੇ ਇੱਕ ਦੂਜੇ ਨੂੰ ਜਾਣਨ ਦੇ ਸਾਧਨ ਸੁਲੱਭ ਕਰ ਦਿੱਤੇ ਹਨ, ਵਾਪਾਰ ਨੇ ਦੇਸ਼ਾਂ ਦੀ ਇੱਕ ਦੂਜੇ ਉੱਤੇ ਨਿਰਭਰਤਾ ਨੂੰ ਸਾਧਾਰਣ ਅਤੇ ਸਤਿਕਾਰਯੋਗ ਸਥਿਤੀ ਬਣਾ ਦਿੱਤਾ ਹੈ, ਉਦੋਂ ਸੋਚ ਦੀ ਸਰਵ-ਵਿਆਪਕਤਾ ਮਨੁੱਖਤਾ ਅਤੇ ਮਨੁੱਖੀ ਜੀਵਨ ਦੀ ਲੋੜ ਬਣ ਗਈ ਹੈ।

ਇਹ ਲੋੜ ਸਾਧਾਰਣ ਜੀਵਨ ਵਿੱਚ ਉਵੇਂ ਹੀ ਸੁੰਦਰਤਾਵਾਂ ਪੈਦਾ ਕਰੇਗੀ, ਜਿਵੇਂ ਆਤਮਾ-ਪਰਮਾਤਮਾ ਦੀ ਆਦਰਸ਼ ਰੂਪ ਸਰਵ-ਵਿਆਪਕਤਾ ਕੁਝ ਇੱਕ ਵਿਅਕਤੀਆਂ ਦੇ ਜੀਵਨ ਵਿੱਚ ਕਿਧਰੇ ਕਿਧਰੇ ਪੈਦਾ ਕਰਦੀ ਆਈ ਹੈ।"

"ਨੀਲੂ ਜੀ, ਹੁਣ ਐਪੀਕਿਊਰੀਅਨਿਜ਼ਮ ਅਤੇ ਸਟੋਇਕਵਾਦ ਬਾਰੇ.....।"

"ਨਹੀਂ ਪੁਸ਼ਪੀ, ਦੂਜਿਆਂ ਦਾ ਸਮਾਂ ਤੈਨੂੰ ਨਹੀਂ ਦਿੱਤਾ ਜਾ ਸਕਦਾ।" ਕਹਿ ਕੇ ਨੀਲੂ ਜੀ ਚਲੇ ਗਏ। ਜੀਅ ਕਰਦਾ ਸੀ ਕਿ ਉਨ੍ਹਾਂ ਦੀ ਵਾਰਤਾਲਾਪ ਖ਼ਤਮ ਨਾ ਹੋਵੇ। ਭਵਨ ਦੇ ਗੇਟ ਉੱਤੇ ਸੋਨਲ ਅਤੇ ਰੂਪਲ ਉਨ੍ਹਾਂ ਦੇ ਦੱਸੇ ਸਮੇਂ ਉੱਤੇ ਆ ਗਈਆਂ ਸਨ। ਠੀਕ ਓਸੇ ਸਮੇਂ ਸੁਮੀਤ ਨੂੰ ਆਉਂਦਾ ਵੇਖ ਕੇ ਮੈਨੂੰ 'ਪਹਿਲੇ ਦਿਨ ਸਕੂਲ ਜਾਣ ਦੀ ਚਿੰਤਾ' ਨੇ ਘੇਰ ਲਿਆ।

ਪੁਸ਼ਪੇਂਦ੍ਰ।

# 33

ਈਸਟ ਹੈਮ,
29.6.96.

ਪੂਸ਼ਪੇਂਦੂ,

ਪਿਛਲੇ ਐਤਵਾਰ ਪਾਪਾ ਦੇ ਮਿਤ੍ਰ ਨੇ ਡ੍ਰਾਇੰਗ-ਰੂਮ ਵਿੱਚ ਪਰਵੇਸ਼ ਕਰਦਿਆਂ ਹੀ ਕਹਿਣਾ ਸ਼ੁਰੂ ਕਰ ਦਿੱਤਾ, "ਵੀਰ ਜੀ, ਤੁਸੀਂ ਸਦਾ ਇਹ ਰਹਿੰਦੇ ਕਹਿੰਦੇ ਹੋ ਕਿ ਇਤਿਹਾਸ 'ਬਹੁਤ ਖ਼ਤਰਨਾਕ ਵਿਸ਼ਾ ਹੈ, ਜਿਸ ਨੂੰ ਬਹੁਤ ਜ਼ਿੰਮੇਦਾਰੀ ਨਾਲ ਪੜ੍ਹਿਆ ਜਾਣਾ ਚਾਹੀਦਾ ਹੈ। ਇਹ ਮਨੁੱਖੀ ਸੋਚ ਦੇ ਵਿਕਾਸ ਨੂੰ ਰੋਕ ਪਾਉਣ ਦੀ ਰੁਚੀ ਰੱਖਦਾ ਹੈ, ਇਹ ਮਨੁੱਖ ਨੂੰ ਕਠੋਰ ਭਾਵੀ ਬਣਾਉਣ ਦਾ ਦੋਸ਼ੀ ਹੈ ਅਤੇ ਹੋਰ ਨਾ ਜਾਣੇ ਕਿੰਨਾ ਕੁਝ। ਪਰੰਤੂ, ਮੇਰਾ ਅਨੁਭਵ ਇਸ ਤੋਂ ਉਲਟ ਹੈ। ਪਿਛਲੇ ਦਿਨੀਂ ਤੁਹਾਡੇ ਕੋਲੋਂ ਏਥਨਜ਼ ਬਾਰੇ ਕੁਝ ਜਾਣਕਾਰੀ ਪ੍ਰਾਪਤ ਕਰ ਕੇ ਮੈਨੂੰ ਇਸ ਸ਼ਹਿਰ ਦਾ ਇਤਿਹਾਸ ਪੜ੍ਹਨ ਦਾ ਖ਼ਿਆਲ ਆਇਆ। ਇੱਕ ਚੰਗੀ ਕਿਤਾਬ ਮੇਰੇ ਹੱਥ ਲੱਗ ਗਈ, ਮਜ਼ਾ ਆ ਗਿਆ ਪੜ੍ਹ ਕੇ। ਇਉਂ ਲੱਗਦਾ ਹੈ ਕਿ ਉਸ ਕਿਤਾਬ ਨੇ ਇਸ ਦੁਨੀਆ ਨਾਲ ਮੇਰੀ ਦੋਸਤੀ ਪਕੇਰੀ ਕਰ ਦਿੱਤੀ ਹੈ। ਇਸ ਬਾਰੇ ਮੇਰੀ ਜਾਣਕਾਰੀ ਵਿੱਚ ਵਾਧਾ ਕਰ ਕੇ ਮੇਰੇ ਮਨ ਵਿੱਚ ਹੋਰ ਜਾਣਨ ਦੀ ਇੱਛਾ ਪੈਦਾ ਕੀਤੀ ਹੈ। ਰੋਮਨਾਂ, ਤੁਰਕਾਂ, ਈਸਾਈਆਂ ਅਤੇ ਹੋਰ ਕਈ ਦੇਸ਼ਾਂ ਦੇ ਹਮਲਾਵਰਾਂ ਨੇ ਏਥਨਜ਼ ਦੀ ਰੂਪ-ਰੇਖਾ ਨੂੰ ਕਿਵੇਂ ਬਦਲਿਆ ਹੈ, ਇਹ ਬਹੁਤ ਹੀ ਰੋਚਕ ਵਿਸ਼ਾ ਹੈ। ਮੈਂ ਤਾਂ ਸਮਝਦਾ ਹਾਂ ਕਿ ਇਤਿਹਾਸ ਪੜ੍ਹਿਆ ਜਾਣਾ ਬਹੁਤ ਜ਼ਰੂਰੀ ਹੈ।"

ਪਾਪਾ ਨੇ ਮੁਸਕਰਾ ਕੇ ਆਖਿਆ, "ਚਲੋ ਚੰਗਾ ਹੋਇਆ ਤੁਸੀਂ ਪੜ੍ਹਨ ਤਾਂ ਲੱਗੇ। ਪੁਸਤਕ ਖ਼ਰੀਦ ਕੇ ਪੜ੍ਹੀ ਜੇ ਜਾਂ ਕਿਧਰੋਂ ਹੱਥ ਲੱਗ ਗਈ ਸੀ?"

"ਖ਼ਰੀਦੀ ਨਹੀਂ; ਇੱਕ ਮਿੱਤ੍ਰ ਕੋਲੋਂ ਮਿਲ ਗਈ ਸੀ।"

"ਹੋਰ ਵੀ ਚੰਗਾ ਹੋਇਆ; ਪੁਸਤਕਾਂ ਉੱਤੇ ਪੈਸੇ ਨਾ ਪੁੱਟਣ ਦੀ ਸਮੇਂ-ਸਤਿਕਾਰੀ ਪੰਜਾਬੀ ਪ੍ਰੰਪਰਾ ਦਾ ਨਿਰਾਦਰ ਨਹੀਂ ਹੋਇਆ। ਪੁਸਤਕ ਦੇ ਪਾਠ ਨਾਲੋਂ ਬਹੁਤਾ ਆਨੰਦ ਤੁਹਾਨੂੰ ਆਪਣੇ ਦੇਸ਼ ਦੀ ਇਸ ਮਹਾਨ ਪ੍ਰੰਪਰਾ ਦੀ ਪਾਲਣਾ ਕਰਦੇ ਹੋਣ ਦੇ ਗੌਰਵ ਨੇ ਦਿੱਤਾ ਹੋਵੇਗਾ।"

"ਵੀਰ ਜੀ....?"

"ਨਹੀਂ, ਨਹੀਂ। ਹੋਰ ਕੁਝ ਨਹੀਂ ਆਖਾਂਗਾ। ਹਾਂ ਇਹ ਵਿਚਾਰ ਜ਼ਰੂਰ ਕਰਾਂਗਾ ਕਿ ਤੁਹਾਨੂੰ ਏਥਨਜ਼ ਦਾ ਇਤਿਹਾਸ ਪੜ੍ਹ ਕੇ ਨਿਰਦੋਸ਼ ਆਨੰਦ ਕਿਉਂ ਮਿਲਿਆ ਹੈ। ਪਹਿਲੀ ਗੱਲ ਇਹ ਕਿ ਇਤਿਹਾਸ ਜੋ ਤੁਸਾਂ ਪੜ੍ਹਿਆ ਹੈ ਪੁਰਾਤਨ ਹੈ; ਸਮੇਂ ਕਰ ਕੇ ਤੁਹਾਡੇ ਤੋਂ ਬਹੁਤ ਦੂਰ ਹੈ। ਇਸ ਨੇ ਤੁਹਾਡੀ ਜਾਣਕਾਰੀ ਵਿੱਚ ਵਾਧਾ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਕੀਤਾ। ਇਸ ਲਈ ਇਹ ਤੁਹਾਡੇ ਲਈ ਬੌਧਿਕ ਆਨੰਦ ਦਾ ਸਾਧਨ ਬਣਿਆ ਹੈ। ਇਸ ਦੇ ਨਾਲ ਨਾਲ

ਇਹ ਇਤਿਹਾਸ ਸਥਾਨ ਕਰਕੇ ਵੀ ਤੁਹਾਡੇ ਤੋਂ ਦੂਰ ਹੈ। ਵੈਦਕ ਕਾਲ ਦਾ ਭਾਰਤੀ ਇਤਿਹਾਸ ਪੜ੍ਹਨ ਨਾਲ ਤੁਹਾਡੇ ਮਨ ਉੱਤੇ ਨਿਰਦੋਸ਼ ਆਨੰਦ ਨਾਲੋਂ ਕੁਝ ਵੱਖਰਾ ਪ੍ਰਭਾਵ ਪੈ ਸਕਦਾ ਹੈ। ਉਹ ਇਤਿਹਾਸ ਤੁਹਾਡੇ ਮਨ ਵਿੱਚ ਕੌਮੀ ਗੌਰਵ ਦੀ ਭਾਵਨਾ ਪੈਦਾ ਕਰ ਕੇ ਤੁਹਾਡੇ ਆਨੰਦ ਨੂੰ ਦੂਸ਼ਿਤ ਕਰ ਸਕਦਾ ਹੈ। ਜਿਨ੍ਹਾਂ ਲੋਕਾਂ ਲਈ ਕੌਮੀ ਗੌਰਵ ਸਤਿਕਾਰਯੋਗ ਵਸਤੂ ਹੈ, ਉਹ ਇਸ ਆਨੰਦ ਨੂੰ 'ਦੂਸ਼ਿਤ' ਕਹਿਣ ਦੀ ਥਾਂ 'ਸ੍ਰੇਸ਼ਟ' ਵੀ ਕਹਿ ਸਕਦੇ ਹਨ; ਪਰ, ਮੈਂ ਕੌਮੀ ਨੁਕਤੇ ਤੋਂ ਨਹੀਂ ਸਗੋਂ ਮਨੁੱਖੀ ਨੁਕਤੇ ਤੋਂ ਗੱਲ ਕਰ ਰਿਹਾ ਹਾਂ।

"ਭਾਰਤ ਦਾ ਪੁਰਾਤਨ ਇਤਿਹਾਸ ਸਮੁੱਚੀ ਭਾਰਤੀ ਜਨਤਾ ਨੂੰ ਇੱਕੋ ਜੇਹਾ ਪ੍ਰਭਾਵਤ ਨਹੀਂ ਕਰੇਗਾ। ਜਨਤਾ ਦੇ ਕੁਝ ਹਿੱਸੇ ਨਾਲ ਇਸ ਦਾ ਸਾਂਸਕ੍ਰਿਤਿਕ ਅਤੇ ਧਾਰਮਕ ਸੰਬੰਧ ਹੈ, ਕੁਝ ਹਿੱਸੇ ਨਾਲ ਕੇਵਲ ਸਾਂਸਕ੍ਰਿਤਿਕ ਅਤੇ ਕੁਝ ਹਿੱਸੇ ਨਾਲ ਨਾ ਧਾਰਮਕ, ਨਾ ਸਾਂਸਕ੍ਰਿਤਿਕ। ਕੁਝ ਲੋਕਾਂ ਲਈ ਸੋਮਨਾਥ ਦੇ ਮੰਦਰ ਦਾ ਲੁੱਟਿਆ ਜਾਣਾ ਦੁਖਦਾਇਕ ਹੈ, ਕੁਝ ਇੱਕ ਲਈ ਨਿਰੀ ਘਟਨਾ ਅਤੇ ਕੁਝ ਲੋਕਾਂ ਲਈ ਗੌਰਵਮਈ ਅਨੰਦ ਵਾਲੀ ਗੱਲ ਵੀ ਹੋ ਸਕਦਾ ਹੈ। ਜਿਵੇਂ ਜਿਵੇਂ ਕੋਈ ਇਤਿਹਾਸ ਸਮੇਂ ਅਤੇ ਸਥਾਨ ਕਰਕੇ ਸਾਡੇ ਨੇੜੇ ਹੋਈ ਜਾਂਦਾ ਹੈ ਤਿਵੇਂ ਤਿਵੇਂ ਉਹ ਇਤਿਹਾਸ ਨਾ ਰਹਿ ਕੇ ਸਾਡੇ ਆਪਣੇ ਸਕੇ, ਸਨੇਹੀਆਂ ਨਾਲ ਵਾਪਰੀਆਂ ਹੋਈਆਂ ਘਟਨਾਵਾਂ ਦਾ ਰੂਪ ਧਾਰਨ ਦੀ ਰੁਚੀ ਰੱਖਦਾ ਹੈ। ਗਿਆਨੀ ਸੋਹਣ ਸਿੰਘ ਸੀਤਲ ਜੀ ਦੀ ਪੁਸਤਕ *ਸਿਖ ਰਾਜ ਕਿਵੇਂ ਗਿਆ* ਪੜ੍ਹ ਕੇ ਮੈਂ ਰੋਂਦਾ ਰਿਹਾ ਹਾਂ। ਹੋ ਸਕਦਾ ਹੈ ਸ. ਬਲਿਹਾਰ ਸਿੰਘ ਰੰਧਾਵਾ ਦੀ ਕਾਵਿ-ਪੁਸਤਕ *ਜਿੰਦ ਪਰਦੇਸਣ* ਪੜ੍ਹਨ ਨਾਲ ਅਵਿਕਸਿਤ ਸਿੱਖ-ਮਾਨਸਿਕਤਾ ਉੱਤੇ ਹੁਣ ਵੀ ਏਹੋ ਜੇਹਾ ਪ੍ਰਭਾਵ ਪਵੇ। ਅੰਗ੍ਰੇਜ਼ਾਂ ਕੋਲੋਂ ਭਾਰਤੀ ਸੁਤੰਤ੍ਰਤਾ (ਜਾਂ ਕੁਤੰਤ੍ਰਤਾ) ਦਾ ਇਤਿਹਾਸ ਭਾਰਤ ਦੀ (ਬਹੁ-ਗਿਣਤੀ ਦੇ ਹੀ ਨਹੀਂ, ਸਗੋਂ) ਸਾਰੀ ਦੀ ਸਾਰੀ ਸੂਝਵਾਨ ਜਨਤਾ ਦੇ ਬੌਧਕ ਸੰਤੁਲਨ ਨੂੰ ਵਿਗਾੜ ਦੇਣ ਦੀ ਸਮਰਥਾ ਰੱਖਦਾ ਹੈ। ਇਸ ਲਈ ਇਤਿਹਾਸ ਨੂੰ ਇਤਿਹਾਸ ਤੋਂ ਦੂਰ ਜਾ ਕੇ, ਪਰੇ ਹੋ ਕੇ, ਉੱਚੇ ਜਾਂ ਨਿਰਲੇਪ ਹੋ ਕੇ, ਜ਼ਿੰਮੇਦਾਰੀ ਨਾਲ ਪੜ੍ਹਨ ਦੀ ਲੋੜ ਹੁੰਦੀ ਹੈ, ਠੀਕ ਓਸੇ ਤਰ੍ਹਾਂ ਜਿਸ ਤਰ੍ਹਾਂ ਤੁਸਾਂ ਏਥਨਜ਼ ਦਾ ਇਤਿਹਾਸ ਪੜ੍ਹਿਆ ਹੈ। ਪਰ, ਅੱਜ ਅਸੀਂ ਏਥਨਜ਼ ਦੇ ਇਤਿਹਾਸ ਦੀ ਨਹੀਂ ਸਗੋਂ ਏਥਨਜ਼ ਵਿੱਚ ਵਿਕਸ ਰਹੀ ਸੋਚ ਦੇ ਇਤਿਹਾਸ ਦੀ ਗੱਲ ਕਰਨਾ ਚਾਹੁੰਦੇ ਹਾਂ।"

"ਵੀਰ ਜੀ, ਸਿਆਣੇ ਕਹਿ ਗਏ ਹਨ ਕਿ ਕੌਮਾਂ ਜੀਊਂਦੀਆਂ ਹੀ ਇਤਿਹਾਸ ਦੇ ਆਸਰੇ ਹਨ।"

"ਬਿਲਕੁਲ ਠੀਕ ਕਹਿ ਗਏ ਹਨ। ਪਰ, ਇਹ ਜ਼ਰੂਰੀ ਨਹੀਂ ਕਿ ਹਰ 'ਠੀਕ ਗੱਲ' ਸੁਹਣੀ ਵੀ ਹੋਵੇ। ਮਨੁੱਖਤਾ ਵਿੱਚ ਪਈਆਂ ਹੋਈਆਂ ਸਾਰੀਆਂ ਵੰਡਾਂ ਇਤਿਹਾਸ ਦੇ ਆਸਰੇ ਕਾਇਮ ਹਨ। ਨਿਰੀਆਂ ਕੌਮਾਂ ਹੀ ਨਹੀਂ, ਸਾਰੇ ਧਰਮ ਅਤੇ ਧਰਮਾਂ ਦੇ ਉਪਜਾਏ ਸਾਰੇ ਨਿੱਕੇ ਵੱਡੇ ਫ਼ਿਰਕਿਆਂ ਦੀ ਸਦੀਵਤਾ ਵਿੱਚ ਇਤਿਹਾਸ ਦਾ ਥੋੜਾ ਬਹੁਤ ਹੱਥ ਜ਼ਰੂਰ ਹੈ। ਸਾਡੀਆਂ ਵੰਡਾਂ ਦੇ ਸੰਗਠਨਾਂ ਅਤੇ ਆਪਸੀ ਸੰਬੰਧਾਂ ਵਿੱਚ ਵਿਕਾਸ ਵੀ ਹੁੰਦਾ ਆਇਆ ਹੈ; ਪਰੰਤੂ, ਸਿਆਸਤ ਅਤੇ ਧਰਮ ਦੇ ਰੂਪ ਵਿੱਚ ਸ਼ਕਤੀ ਹੀ ਇਨ੍ਹਾਂ ਦੀ ਰੂਪ-ਰੇਖਾ ਉਲੀਕਦੀ ਆਈ ਹੈ। ਆਉਣ ਵਾਲੇ ਸਮੇਂ ਵਿੱਚ ਵਾਪਾਰ ਅਤੇ ਵਿੱਦਿਆ ਦੇ ਰੂਪ ਵਿੱਚ 'ਸਹਿਯੋਗ' ਸਾਡੇ ਸੰਗਠਨਾਂ ਦੇ ਸੰਬੰਧਾਂ ਦੀ ਰੂਪ-ਰੇਖਾ ਨੀਅਤ ਕਰਨ ਲੱਗ ਪਵੇਗਾ। ਇਨ੍ਹਾਂ ਸੰਭਾਵਨਾਵਾਂ ਦੀ ਸਾਕਾਰਤਾ ਦੀ ਆਸ ਉਪਜੀ ਹੈ ਅਜੋਕੇ ਅਵਿਗਿਆਨਕ ਵਿਕਾਸ ਵਿੱਚੋਂ—ਉਸ ਵਿਗਿਆਨ ਦੇ ਵਿਕਾਸ ਵਿੱਚੋਂ ਜਿਸ ਦਾ ਅੰਕੁਰ, ਢੇਰ ਚਿਰ ਪਹਿਲਾਂ ਯੂਨਾਨ, ਵਿਸ਼ੇਸ਼ ਕਰ ਕੇ ਏਥਨਜ਼ ਵਿੱਚ ਫੁੱਟਿਆ ਸੀ।"

ਤੇਰੇ ਜੀਜਾ ਜੀ ਕਿਚਨ ਵੱਲ ਜਾਂਦੇ ਜਾਂਦੇ ਜ਼ਰਾ ਰੁਕ ਕੇ ਪਾਪਾ ਦੀ ਗੱਲ ਸੁਣਨ ਲੱਗ ਪਏ ਸਨ। ਉਨ੍ਹਾਂ ਨੇ ਪੁੱਛ ਲਿਆ, "ਪਾਪਾ, ਅਸਾਂ ਆਪਣੇ ਘਰ ਨੂੰ ਵੀ ਵੰਡਿਆ ਹੋਇਆ ਹੈ। ਇਨ੍ਹਾਂ ਦੀਵਾਰਾਂ ਅਤੇ ਵੰਡਾਂ ਦੀ ਗ਼ੈਰ-ਹਾਜ਼ਰੀ ਵਿੱਚ ਘਰ, ਘਰ ਨਹੀਂ ਰਹੇਗਾ। ਘਰ ਦੀ ਯੋਗ ਵਰਤੋਂ ਲਈ ਵੰਡਾਂ ਜ਼ਰੂਰੀ ਹਨ। ਕੰਧਾਂ ਤੋਂ ਬਿਨਾਂ ਵੰਡਾਂ ਸੰਭਵ ਨਹੀਂ। ਕੀ ਕਰੀਏ ?"

"ਘਰ ਅਤੇ ਕੁਰੁਕਸ਼ੇਤਰ ਦੇ ਫ਼ਰਕ ਨੂੰ ਸਮਝੀਏ, ਬੇਟਾ। ਸਭਿਅਤਾ ਦੇ ਸਾਰੇ ਇਤਿਹਾਸ ਵਿੱਚ ਅਜੇਹੇ ਹਾਲਾਤ ਪੈਦਾ ਨਹੀਂ ਹੋ ਸਕੇ, ਜਿਨ੍ਹਾਂ ਦੇ ਸਹਾਰੇ ਮਨੁੱਖ ਸਮੁੱਚੀ ਧਰਤੀ ਨੂੰ ਆਪਣਾ ਘਰ ਮੰਨ ਸਕਿਆ ਹੋਵੇ। ਉਹ ਜੀਵਨ ਨੂੰ 'ਜੰਗ' (ਮਹਾਂਭਾਰਤ) ਅਤੇ ਧਰਤੀ ਨੂੰ 'ਕੁਰੁਕਸ਼ੇਤਰ' ਸਮਝਣ ਲਈ ਮਜਬੂਰ ਰਿਹਾ ਹੈ। ਅਜੇ ਵੀ ਇਸ 'ਮਜਬੂਰੀ' ਨੂੰ ਬੌਧਕਤਾ ਦੀ ਸਿਖਰ ਸਮਝਣ ਵਾਲਿਆਂ ਦਾ ਬੋਲ-ਬਾਲਾ ਹੈ। ਕੁਝ ਇੱਕ ਵਿਅਕਤੀਆਂ ਦੇ ਮਨਾਂ ਵਿੱਚ ਸੰਸਾਰ ਦੀ ਸਾਂਝੀਵਾਲਤਾ ਦਾ ਖ਼ਿਆਲ ਉਪਜਿਆ ਜ਼ਰੂਰ ਸੀ; ਪਰ ਹਾਲਾਤ ਏਹੋ ਜੇਹੇ ਨਹੀਂ ਸਨ ਕਿ ਇਹ ਆਦਰਸ਼ ਮਨੁੱਖਤਾ ਦੀ ਤਾਂਘ ਬਣ ਜਾਂਦਾ। ਹੁਣ ਹਾਲਾਤ ਪੈਦਾ ਹੋ ਰਹੇ ਹਨ; ਇਹ ਤਾਂਘ ਵੀ ਉਪਜੇਗੀ ਅਤੇ ਮਨੁੱਖਤਾ ਵਿਚਲੀਆਂ ਵੰਡਾਂ, ਘਰ ਵਿਚਲੀਆਂ ਕੰਧਾਂ ਬਣ ਕੇ ਕਮਰਿਆਂ ਦੇ ਆਪੋ ਆਪਣੇ ਮਹੱਤਵ ਨੂੰ ਵਧਾਉਣਗੀਆਂ ਅਤੇ ਇਨ੍ਹਾਂ ਦੇ ਸੰਬੰਧਾਂ ਦੀ ਸੁੰਦਰਤਾ ਬਣ ਜਾਣਗੀਆਂ।"

"ਤੁਹਾਡਾ ਮਤਲਬ ਹੈ ਮਨੁੱਖ ਮਾਤ੍ਰ ਅਨੇਕਤਾ ਵਿੱਚ ਏਕਤਾ ਦੇ ਅਨੁਭਵੀ ਹੋ ਜਾਣਗੇ ?"

"ਨਹੀਂ, ਇਹ ਮਤਲਬ ਨਹੀਂ ਮੇਰਾ। ਇਹ ਅਧਿਆਤਮਕ ਸ਼ਬਦਾਵਲੀ ਹੈ। ਮੈਂ ਸੰਸਾਰਕ ਗੱਲ ਕਰ ਰਿਹਾ ਹਾਂ। ਮੇਰਾ ਮਤਲਬ ਹੈ ਅਨੇਕਤਾ ਵਿੱਚ ਸਾਂਝ ਪੈਦਾ ਹੋ ਜਾਵੇਗੀ, ਸੁਹਣੇ ਸੰਬੰਧ ਉਪਜਣਗੇ ਅਤੇ ਕਿਸੇ ਰੂਹਾਨੀ ਜਾਂ ਆਤਮਕ ਏਕਤਾ ਦਾ ਅਨੁਭਵ ਇਨ੍ਹਾਂ ਸੰਬੰਧਾਂ ਦਾ ਆਧਾਰ ਨਹੀਂ ਹੋਵੇਗਾ, ਸਗੋਂ ਜੀਵਨ ਦੀਆਂ ਦੁਨਿਆਵੀ, ਪਦਾਰਥਕ ਲੋੜਾਂ ਵਿੱਚੋਂ ਉਪਜੀ ਹੋਈ ਆਪਸੀ ਨਿਰਭਰਤਾ ਇਸ ਦਾ ਆਧਾਰ ਹੋਵੇਗੀ। ਇਸ ਸਮੇਂ ਇਨ੍ਹਾਂ ਗੱਲਾਂ ਨੂੰ ਏਥੇ ਹੀ ਛੱਡ ਕੇ ਮੈਂ ਉਸ ਸੋਚ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਜਿਹੜੀ ਸੋਚ ਅਜੋਕੇ ਵਿਗਿਆਨਕ ਵਿਕਾਸ ਦਾ ਆਧਾਰ ਆਖੀ ਜਾ ਸਕਦੀ ਹੈ। ਇਸ ਸੋਚ ਨੂੰ ਪਰਮਾਣੂੰਵਾਦ ਆਖਿਆ ਜਾਂਦਾ ਹੈ। ਲੂਸੀਪੱਸ ਅਤੇ ਡਿਮਾਕ੍ਰੀਟਸ ਨਾਂਵਾਂ ਦੇ ਦੋ ਵਿਅਕਤੀਆਂ ਨੂੰ ਪਰਮਾਣੂੰਵਾਦ ਦੇ ਪਿਤਾਮਾ ਮੰਨਿਆ ਜਾਂਦਾ ਹੈ। ਲੂਸੀਪੱਸ ਬਾਰੇ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ। ਅਰਸਤੂ ਨੇ ਉਸ ਦਾ ਜ਼ਿਕਰ ਕਰਦਿਆਂ ਹੋਇਆਂ ਉਸ ਦੀਆਂ ਲਿਖਤਾਂ ਦੇ ਹਵਾਲੇ ਦਿੱਤੇ ਹਨ। ਉਹ ਡਿਮਾਕ੍ਰੀਟਸ ਤੋਂ ਕੁਝ ਸਮਾਂ ਜਾਂ ਕੁਝ ਕੁ ਸਾਲ ਪਹਿਲਾਂ ਹੋਇਆ ਹੈ। ਕੁਝ ਸਿਆਣੇ ਉਸ ਦੀ ਹੋਂਦ ਤੋਂ ਉੱਕੇ ਇਨਕਾਰੀ ਵੀ ਰਹੇ ਹਨ; ਪਰ, ਉਨ੍ਹਾਂ ਦੇ ਦਾਅਵੇ ਗ਼ਲਤ ਸਾਬਤ ਹੋ ਰਹੇ ਹਨ।

"ਤੁਹਾਨੂੰ ਯਾਦ ਹੋਵੇਗਾ ਕਿ ਹੇਰਾਕਲੀਟੱਸ ਕਹਿੰਦਾ ਸੀ ਕਿ ਇਸ ਬ੍ਰਹਿਮੰਡ ਵਿੱਚ ਕੁਝ ਵੀ ਸਥਿਰ ਨਹੀਂ। ਹਰ ਸ਼ੈ ਹਰ ਸਮੇਂ ਬਦਲ ਰਹੀ ਹੈ। ਤੁਸੀਂ ਇੱਕ ਨਦੀ ਦੇ ਪਾਣੀ ਵਿੱਚ ਦੁਬਾਰਾ ਪੈਰ ਨਹੀਂ ਪਾ ਸਕਦੇ। ਉਸ ਦੇ ਇਸ ਵਿਚਾਰ ਦੇ ਵਿਰੋਧ ਵਿੱਚ ਪਰਮੀਨਾਈਡੀਜ਼ ਨੇ ਕਿਹਾ ਸੀ ਕਿ ਕੁਝ ਬਦਲਦਾ ਨਹੀਂ। ਅਸੀਂ ਆਪਣੀਆਂ ਗਿਆਨ-ਇੰਦ੍ਰੀਆਂ ਨਾਲ ਜੀਵਨ ਬਾਰੇ ਜਿਹੜੀ ਜਾਣਕਾਰੀ ਹਾਸਲ ਕਰਦੇ ਹਾਂ ਉਹ ਗ਼ਲਤ ਹੈ। ਇਹ ਦਿੱਸਦਾ-ਭਾਸਦਾ ਸੰਸਾਰ ਇੱਕ ਭੁਲੇਖਾ ਹੈ, ਇੱਕ ਛਲ ਹੈ। ਇਸ ਜਗਤ ਦੀ ਅਸਲੀਅਤ ਉਸ ਚੇਤਨਾ ਰਾਹੀਂ ਜਾਣੀ ਜਾ ਸਕਦੀ ਹੈ ਜਿਹੜੀ ਉਸ ਅਸਲੀਅਤ ਦਾ ਹੀ ਇੱਕ ਰੂਪ ਹੈ। ਉਹ ਅਸਲੀਅਤ 'ਇੱਕ' ਹੈ ਅਤੇ ਹਰ ਥਾਂ ਮੌਜੂਦ ਹੈ। ਉਹ ਪਰੀਪੂਰਣ ਹੈ ਅਤੇ ਉਸ ਵਿੱਚ ਕਿਸੇ ਕਿਸਮ ਦੀ ਤਬਦੀਲੀ ਜਾਂ ਵਿਕਾਸ ਦੀ ਗੁੰਜਾਇਸ਼ ਨਹੀਂ। ਉਸ ਵਿੱਚ ਤਬਦੀਲੀ ਜਾਂ ਵਿਕਾਸ ਮੰਨਣ ਦਾ ਭਾਵ ਹੈ,

ਉਸ ਵਿੱਚ ਕਿਸੇ ਅਜੇਹੇ ਗੁਣਾਂ ਦੀ ਉਤਪਤੀ ਮੰਨਣਾ ਜਿਹੜਾ ਪਹਿਲਾਂ ਉਸ ਵਿੱਚ 'ਨਹੀਂ' ਸੀ। ਇਹ ਗ਼ਲਤ ਹੈ ਕਿਉਂਜੁ 'ਅਣਹੋਂਦ' ਜਾਂ 'ਨਹੀਂ' ਦਾ ਕਿਆਸ ਸੰਭਵ ਨਹੀਂ। ਅਸਲੀਅਤ 'ਇੱਕ' ਹੈ; ਉਸ ਨੂੰ ਵੰਡਿਆ ਨਹੀਂ ਜਾ ਸਕਦਾ; ਉਹ ਹਰ ਥਾਂ ਸੰਪੂਰਣ ਰੂਪ ਵਿੱਚ ਮੌਜੂਦ ਹੈ।

"ਪਰਮੀਨਾਈਡੀਜ਼ ਨੇ 'ਅਸਲੀਅਤ' ਜਾਂ 'ਇੱਕ' ਨੂੰ ਕੋਈ ਨਾਂ ਨਹੀਂ ਸੀ ਦਿੱਤਾ। ਇਸ ਨੂੰ ਰੱਬ ਜਾਂ ਸ਼ਕਤੀ ਆਦਿਕ ਨਹੀਂ ਸੀ ਆਖਿਆ ਇਸ ਤੋਂ ਪਿੱਛੋਂ ਹੋਣ ਵਾਲੇ ਇੱਕ ਵਿਚਾਰਵਾਨ ਐਮਪੀਡੋਕਲੀਜ਼ ਬਾਰੇ ਵੀ ਤੁਸੀਂ ਜਾਣਦੇ ਹੋ। ਉਸ ਨੇ ਕਿਹਾ ਸੀ ਕਿ ਸੰਸਾਰ ਦਾ ਬੁਨਿਆਦੀ ਤੱਤ ਇੱਕ ਨਹੀਂ, ਇਹ ਚਾਰ ਹਨ : 'ਹਵਾ, ਪਾਣੀ, ਅੱਗ ਅਤੇ ਮਿੱਟੀ। ਇਨ੍ਹਾਂ ਤੱਤਾਂ ਦੇ ਮਿਸ਼ਰਣ ਤੋਂ ਵੱਖ ਵੱਖ ਵਸਤਾਂ ਬਣਦੀਆਂ ਹਨ। ਪਿਆਰ ਅਤੇ ਵਿਰੋਧ ਵੱਖ ਵੱਖ ਤੱਤਾਂ ਨੂੰ ਮਿਲਾਉਂਦੇ ਅਤੇ ਵਿਛੋੜਦੇ ਹਨ ਜਿਸ ਨਾਲ ਕਦੇ ਇਸ ਜੀਵਨ ਦੀ ਖੇਡ ਹੋਂਦ ਵਿੱਚ ਆਉਂਦੀ ਹੈ, ਕਦੇ ਅਲੋਪ ਹੋ ਜਾਂਦੀ ਹੈ। 'ਉਤਪਤੀ ਅਤੇ ਪ੍ਰਲੈ ਦੀ ਇਹ ਖੇਡ' ਸਦਾ ਜਾਰੀ ਰਹਿੰਦੀ ਹੈ। ਇਸ ਲਈ ਸਭ ਕੁਝ ਬਦਲ ਰਿਹਾ ਹੈ। ਇਹ ਖੇਡ ਸਦਾ ਤੋਂ ਇਉਂ ਹੀ ਹੁੰਦੀ ਆ ਰਹੀ ਹੈ ਅਤੇ ਸਦਾ ਲਈ ਇਉਂ ਹੁੰਦੀ ਰਹਿਣੀ ਹੈ। ਇਸ ਲਈ, ਇਹ ਅਟੱਲ ਹੈ, ਇਸ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ।' ਇਸ ਤਰ੍ਹਾਂ ਐਮਪੀਡੋਕਲੀਜ਼ ਨੇ ਹੇਰਾਕਲੀਟੱਸ ਅਤੇ ਪਰਮੀਨਾਈਡੀਜ਼ ਵਿੱਚ ਇੱਕ ਸਮਝੌਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ।

"ਪਰੰਤੂ, ਤਬਦੀਲੀ ਅਤੇ ਅਟੱਲਤਾ ਵਿਚਲਾ ਇਹ ਸਮਝੌਤਾ ਅਧੂਰਾ ਹੈ। ਧਿਆਨ ਨਾਲ ਵੇਖਿਆਂ ਇੱਕ ਨਵਾਂ ਵਿਰੋਧ ਨਜ਼ਰੀਂ ਆਵੇਗਾ। ਪਰਮੀਨਾਈਡੀਜ਼ ਜੀਵਨ ਦੇ ਮੂਲ ਤੱਤ ਨੂੰ 'ਇੱਕ' ਦੱਸਦਾ ਹੈ ਅਤੇ ਐਮਪੀਡੋਕਲੀਜ਼ ਚਾਰ ਬੁਨਿਆਦੀ ਤੱਤਾਂ ਨੂੰ ਜੀਵਨ ਦਾ ਆਧਾਰ ਮੰਨਦਾ ਹੈ। ਪਰਮੀਨਾਈਡੀਜ਼ ਦੇ 'ਇੱਕ-ਤੱਤਵਾਦ' (Monism) ਅਤੇ ਐਮਪੀਡੋਕਲੀਜ਼ ਦੇ 'ਬਹੁ-ਤੱਤਵਾਦ' (Pluralism) ਵਿੱਚ ਇੱਕ ਸਮਝੌਤੇ ਦਾ ਜਤਨ ਕਰਦਿਆਂ ਹੋਇਆਂ ਲੂਸੀਪੱਸ ਨੇ ਦੱਸਿਆ ਕਿ ਸੰਸਾਰ ਦੀ ਹਰ ਚੀਜ਼ ਪ੍ਰਮਾਣੂਆਂ ਦੀ ਬਣੀ ਹੋਈ ਹੈ। ਪਦਾਰਥ ਨੂੰ ਛੋਟੇ ਹਿੱਸਿਆਂ ਵਿੱਚ ਵੰਡਦੇ ਜਾਣ ਨਾਲ ਅੰਤ ਵਿੱਚ ਅਸੀਂ ਅਜੇਹੇ ਛੋਟੇ ਹਿੱਸੇ ਤੱਕ ਪੁੱਜ ਜਾਵਾਂਗੇ ਜਿਸ ਨੂੰ ਹੋਰ ਵੰਡਿਆ ਨਹੀਂ ਜਾ ਸਕੇਗਾ। ਇਸ ਸੂਖ਼ਮ ਭਾਵ ਨੂੰ ਪ੍ਰਮਾਣੂ ਆਖਦੇ ਹਨ। ਪ੍ਰਮਾਣੂ ਅਮਰ, ਸਦੀਵੀ ਜਾਂ ਅਵਿਨਾਸ਼ੀ ਹਨ। ਪ੍ਰਮਾਣੂਆਂ ਦੀ ਗਿਣਤੀ ਨਹੀਂ ਹੋ ਸਕਦੀ। ਇਹ ਅਸੀਮ, ਅਣਗਿਣਤ ਜਾਂ ਅਸੰਖ ਹਨ। ਇਨ੍ਹਾਂ ਦੇ ਰੂਪ, ਆਕਾਰ, ਪ੍ਰਕਾਰ ਜਾਂ ਕਿਸਮਾਂ ਵੀ ਅਸੰਖ ਹਨ। ਉਹ ਸਦਾ ਹਰਕਤ ਕਰਦੇ ਰਹਿੰਦੇ ਹਨ, ਕਦੇ ਸਥਿਰ ਨਹੀਂ ਹੁੰਦੇ। ਹਰ ਪ੍ਰਮਾਣੂ ਦੇ ਚੁਫੇਰੇ ਖ਼ਾਲੀ ਥਾਂ, ਪੁਲਾੜ ਜਾਂ ਸਪੇਸ (Space) ਹੈ ਜਿਸ ਵਿੱਚ ਉਹ ਹਰਕਤ ਕਰਦਾ ਹੈ। ਪੁਲਾੜ ਜਾਂ ਸਪੇਸ ਵੀ ਅਨੰਤ ਹੈ। ਤੁਸੀਂ ਸੁਣ ਰਹੇ ਹੋ ਜਾਂ.....?"

"ਸੁਣ ਰਹੇ ਹਾਂ, ਵੀਰ ਜੀ, ਅਤੇ ਨਾਲ ਨਾਲ ਸੋਚ ਵੀ ਰਹੇ ਹਾਂ ਕਿ ਇਸ ਆਦਮੀ ਨੇ ਅਚਾਨਕ ਉਹ ਕੁਝ ਆਖ ਦਿੱਤਾ ਹੈ ਜੋ ਕੁਝ ਅਜੋਕੇ ਵਿਗਿਆਨੀ ਆਖ਼ਰਾਂ ਦੀ ਖੋਜ ਪਿੱਛੋਂ ਕਹਿਣ ਦੇ ਯੋਗ ਹੁੰਦੇ ਹਨ ਜਾਂ ਹੋਏ ਹਨ।"

"ਇਹ ਗੱਲ ਸੁਣ ਕੇ ਤੁਸੀਂ ਹੋਰ ਵੀ ਹੈਰਾਨ ਹੋ ਸਕਦੇ ਹੋ ਕਿ ਡਿਮਾਕ੍ਰੀਟੱਸ ਕਹਿੰਦਾ ਸੀ ਅਨੰਤ ਪੁਲਾੜ ਵਿੱਚ ਉੱਪਰ-ਥੱਲੇ ਦਾ ਕੋਈ ਨਿਰਣਾ ਨਹੀਂ। ਪ੍ਰਮਾਣੂਆਂ ਦੀ ਪੁਲਾੜ ਵਿਚਲੀ ਹਰਕਤ ਇਵੇਂ ਹੈ ਜਿਵੇਂ ਹਨੇਰੇ ਕਮਰੇ ਵਿੱਚ ਪੈ ਰਹੀ ਰੌਸ਼ਨੀ ਵਿੱਚ ਨਿੱਕੇ ਨਿੱਕੇ ਕਣਾਂ ਦੀ ਹਰਕਤ। ਪ੍ਰਮਾਣੂਆਂ ਦੀ ਹਰਕਤ ਵਿੱਚ ਜੀਵਨ ਦੇ ਵਿਕਾਸ ਜਾਂ ਜੀਵਨ ਦੀ ਅਨੇਕਤਾ ਦਾ ਭੇਤ ਮੰਨਿਆ ਜਾਣ ਕਰਕੇ ਇਸ (ਹਰਕਤ) ਵੱਲ ਵਿਚਾਰਵਾਨਾਂ ਨੇ ਉਚੇਚਾ ਧਿਆਨ ਦਿੱਤਾ ਹੈ। ਭਾਵੇਂ ਲੂਸੀਪੱਸ ਅਤੇ ਡਿਮਾਕ੍ਰੀਟਸ ਨੇ ਪ੍ਰਮਾਣੂਆਂ ਦੇ ਭਾਰ ਬਾਰੇ ਕੋਈ ਗੱਲ ਨਹੀਂ

ਸੀ ਕੀਤੀ ਤਾਂ ਵੀ ਉਨ੍ਹਾਂ ਦੇ ਵਿਚਾਰਾਂ ਦੀ ਵਿਆਖਿਆ ਕਰਨ ਵਾਲਿਆਂ ਨੇ ਮੰਨਿਆ ਕਿ ਪ੍ਰਮਾਣੂੰ ਉੱਪਰ ਵੱਲੋਂ ਹੇਠਾਂ ਨੂੰ ਡਿੱਗਦੇ ਹਨ ਅਤੇ ਭਾਰੇ ਪ੍ਰਮਾਣੂੰ ਹੌਲਿਆਂ ਨਾਲੋਂ ਤੇਜ਼ ਡਿੱਗਦੇ ਹੋਣ ਕਰਕੇ ਹਲਕਿਆਂ ਜਾਂ ਹੌਲਿਆਂ ਨੂੰ ਵੱਜਦੇ ਅਤੇ ਏਧਰ ਓਧਰ ਧੱਕ ਦਿੰਦੇ ਹਨ। ਇਉਂ ਸਾਰੇ ਪ੍ਰਮਾਣੂੰ ਵਾ-ਵਰੋਲਿਆਂ ਵਾਂਗ ਹਰਕਤ ਕਰਦੇ ਰਹਿੰਦੇ ਹਨ। ਵੱਖ ਵੱਖ ਕਿਸਮਾਂ ਦੇ ਪ੍ਰਮਾਣੂੰ ਵੱਖ ਵੱਖ ਮਾਤ੍ਰਾ ਅਤੇ ਵੱਖ ਵੱਖ ਅਨੁਪਾਤ ਨਾਲ ਇਕੱਠੇ ਹੋ ਕੇ ਦੁਨੀਆ ਦੀਆਂ ਵੱਖ ਵੱਖ ਪ੍ਰਕਾਰ ਦੀਆਂ ਚੀਜ਼ਾਂ ਬਣਾ ਦਿੰਦੇ ਹਨ। ਲੂਸੀਪੱਸ ਦਾ ਕਥਨ ਹੈ ਕਿ ਕੁਝ ਵੀ ਬਿਨਾਂ ਕਾਰਨ ਨਹੀਂ ਵਾਪਰਦਾ। ਉਸ ਨੇ ਪ੍ਰਮਾਣੂੰਆਂ ਦੀ ਉਤਪਤੀ ਦਾ ਕੋਈ ਕਾਰਨ ਨਹੀਂ ਦੱਸਿਆ; ਪਰ, ਜਗਤ ਦੇ ਸਮੁੱਚੇ ਪਾਸਾਰੇ ਨੂੰ ਪ੍ਰਮਾਣੂੰਆਂ ਦੀ ਹਰਕਤ ਅਤੇ ਉਨ੍ਹਾਂ ਦੇ ਤੋੜ-ਵਿਛੋੜੇ ਵਿੱਚੋਂ ਉਪਜਦੇ ਆਖਿਆ ਹੈ। ਦੁਨੀਆ ਦੇ ਦਾਨੇ ਪ੍ਰਮਾਣੂੰਵਾਦੀਆਂ ਉੱਤੇ ਇਹ ਦੋਸ਼ ਲਾ ਸਕਦੇ ਹਨ ਕਿ ਉਨ੍ਹਾਂ ਨੇ ਸ੍ਰਿਸ਼ਟੀ ਦੇ ਆਰੰਭ ਦੀ ਗੱਲ ਰੱਬ ਵੱਲ ਨਾ ਲੈ ਜਾ ਕੇ ਅਧਵਾਟੇ ਮੁਕਾਈ ਜਾਂ ਛੱਡ ਦਿੱਤੀ ਹੈ। ਪਰ ਇਸ ਦੇ ਉੱਤਰ ਵਿੱਚ ਪ੍ਰਮਾਣੂੰਵਾਦੀ ਜਾਂ ਅਜੋਕੇ ਵਿਗਿਆਨੀ ਇਹ ਕਹਿ ਸਕਦੇ ਹਨ ਕਿ ਆਰੰਭ ਦੀ ਗੱਲ ਈਸ਼ਵਰ ਉੱਤੇ ਮੁਕਾਇਆਂ ਵੀ ਓਨਾ ਚਿਰ ਅਧਵਾਟੇ ਹੈ, ਜਿੰਨਾ ਚਿਰ ਈਸ਼ਵਰ ਦੀ ਉਤਪਤੀ ਦੀ ਗੱਲ ਨਾ ਕਰੀਏ। ਈਸ਼ਵਰ ਨੂੰ ਅਨਾਦੀ ਮੰਨ ਕੇ ਗੱਲ ਮੁਕਾਉਣੀ ਉਵੇਂ ਹੀ ਹੈ ਜਿਵੇਂ ਪਦਾਰਥ ਜਾਂ ਪ੍ਰਮਾਣੂੰ ਨੂੰ ਅਨਾਦੀ ਮੰਨ ਕੇ ਗੱਲ ਮੁਕਾਉਣੀ। ਗੱਲ ਮੁੱਕਣੀ ਹੈ ਕਿਸੇ ਨਾ ਕਿਸੇ ਨੂੰ ਅਨਾਦੀ ਆਖਿਆਂ।"

"ਵੀਰ ਜੀ, ਈਸ਼ਵਰ ਨੂੰ ਸ੍ਰਿਸ਼ਟੀ ਦਾ ਕਰਤਾ ਕਹਿਣ ਵਿੱਚ ਅਤੇ ਪ੍ਰਮਾਣੂੰ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਣ ਵਿੱਚ ਇੱਕ ਵੱਡਾ ਫ਼ਰਕ ਹੈ। ਉਹ ਫ਼ਰਕ ਇਹ ਹੈ ਕਿ ਪ੍ਰਮਾਣੂੰ ਨੂੰ ਬੁਨਿਆਦੀ ਤੱਤ ਮੰਨਿਆਂ ਸ੍ਰਿਸ਼ਟੀ ਦੀ ਹੋਂਦ ਦਾ ਕੋਈ ਮਨੋਰਥ ਨਹੀਂ ਥਾਪਿਆ ਜਾ ਸਕਦਾ ਕਿਉਂਜੁ ਪ੍ਰਮਾਣੂੰ ਵਿੱਚ ਚੇਤਨਾ ਨਹੀਂ ਅਤੇ ਸ੍ਰਿਸ਼ਟੀ ਦੀ ਸਾਰੀ ਖੇਡ ਮਸ਼ੀਨੀ ਜਾਂ ਮਕੈਨਕੀ ਜਹੀ ਬਣ ਜਾਂਦੀ ਹੈ ਕਿਉਂਜੁ ਇਸ ਵਿੱਚ ਕਿਸੇ ਮਨੋਰਥ ਦੀ ਚੇਤਨਾ, ਸੇਧ ਅਤੇ ਲਗਨ ਨਹੀਂ। ਪਰਮਾਤਮਾ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਣ ਨਾਲ ਜੀਵਨ ਦੀ ਖੇਡ ਮਨੋਰਥਪੂਰਣ ਬਣ ਜਾਂਦੀ ਹੈ।"

"ਤੁਸਾਂ ਫਲਸਫੇ ਦੀ ਇੱਕ ਸੂਖ਼ਮ ਤਾਰ ਨੂੰ ਛੇੜਿਆ ਹੈ। ਭਾਰਤੀ ਵਿਚਾਰ ਦੀ ਚਰਚਾ ਕਰਦਿਆਂ ਇਸ ਦਾ ਜ਼ਿਕਰ ਮੁੜ ਹੋਵੇਗਾ। ਏਥੇ ਸੰਖੇਪ ਵਿੱਚ ਗੱਲ ਕਰਦਾ ਹਾਂ। 'ਸ੍ਰਿਸ਼ਟੀ ਦਾ ਮਨੋਰਥ' ਇੱਕ ਗ਼ਲਤ ਜਿਹਾ ਵਾਕੰਸ਼ ਜਾਂ ਇੱਕ ਵਿਸੰਗਤੀ ਹੈ। ਸ੍ਰਿਸ਼ਟੀ ਤੋਂ ਭਾਵ ਹੈ 'ਯੂਨੀਵਰਸ' ਜਾਂ 'ਸਭ ਕੁਝ' (ਪਦਾਰਥ-ਜਗਤ) ਅਤੇ ਇਸ ਦਾ ਚੇਤਨ-ਰੂਹਾਨੀ ਸਿਰਜਣਹਾਰ (ਜੇ ਕੋਈ ਸਿਰਜਣਹਾਰ ਹੈ ਤਾਂ) ਜੇ ਇਸ ਸ੍ਰਿਸ਼ਟੀ ਦਾ ਮਨੋਰਥ ਮੰਨੀਏ ਤਾਂ ਉਹ ਇਸ ਤੋਂ ਬਾਹਰਲੀ ਚੀਜ਼ ਹੋਵੇਗਾ। ਇਉਂ ਹੋ ਨਹੀਂ ਸਕਦਾ ਕਿਉਂਜੁ 'ਸਭ ਕੁਝ' ਤੋਂ ਬਾਹਰ ਕਿਸੇ ਹੋਰ ਚੀਜ਼ ਦੀ ਹੋਂਦ ਮੰਨਣ ਨਾਲ 'ਸਭ ਕੁਝ' ਦੇ ਅਰਥ ਗ਼ਲਤ ਹੋ ਜਾਂਦੇ ਹਨ। ਇਸ ਲਈ ਇਹ ਮੰਨਣਾ ਪਵੇਗਾ ਕਿ ਸ੍ਰਿਸ਼ਟੀ ਦਾ ਕੋਈ ਮਨੋਰਥ ਨਹੀਂ। ਸ੍ਰਿਸ਼ਟੀ ਅਤੇ ਇਸ ਵਿਚਲੇ ਜੀਵਨ ਦੇ ਵਿਕਾਸ ਨੂੰ ਕਈ ਹਿੱਸਿਆਂ ਅਤੇ ਪੜਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਭਾਗਾਂ ਅਤੇ ਪੜਾਵਾਂ ਦੇ ਵੱਖਰੇ ਵੱਖਰੇ ਮਨੋਰਥ ਮੰਨੇ ਜਾ ਸਕਦੇ ਹਨ—ਮੰਨੇ ਗਏ ਹਨ। ਇਨ੍ਹਾਂ ਮਨੋਰਥਾਂ ਦੀ ਵਿਆਖਿਆ ਦਾ ਕੰਮ ਮਨੁੱਖੀ ਚੇਤਨਾ ਲਈ ਹੀ ਸੰਭਵ ਹੈ ਅਤੇ ਮਨੁੱਖ ਨੇ ਇਹ ਵਿਆਖਿਆ ਵੱਖ ਵੱਖ ਸਮਿਆਂ ਅਤੇ ਥਾਵਾਂ ਉੱਤੇ ਵੱਖ ਵੱਖ ਪ੍ਰਭਾਵਾਂ ਅਤੇ ਭਾਵਾਂ ਅਧੀਨ ਕੀਤੀ ਹੈ। ਇਸ ਲਈ ਇਹ ਕਹਿਣਾ ਠੀਕ ਹੈ ਕਿ ਕੁਦਰਤ ਦਾ ਕੋਈ ਮਨੋਰਥ ਹੈ, ਪਸ਼ੂ-ਜੀਵਨ ਦਾ ਕੋਈ ਮਨੋਰਥ ਹੈ, ਜਾਂ ਮਨੁੱਖੀ ਜੀਵਨ ਦਾ ਕੋਈ ਮਨੋਰਥ ਹੈ। ਪਰ, ਇਹ ਕਹਿਣਾ ਠੀਕ ਨਹੀਂ ਕਿ ਸ੍ਰਿਸ਼ਟੀ

ਦਾ ਜਾਂ ਯੂਨੀਵਰਸ ਦਾ ਕੋਈ ਮਨੋਰਥ ਹੈ। ਇੱਕ ਗੱਲ ਹੋਰ ਵੀ ਚੇਤੇ ਰੱਖਣ ਵਾਲੀ ਹੈ, ਉਹ ਇਹ ਕਿ ਸ੍ਰਿਸ਼ਟੀ ਨੂੰ ਅਨਾਦੀ ਅਤੇ ਅਨੰਤ ਮੰਨਣ ਨਾਲ ਮਨੋਰਥ ਦਾ ਕਿੱਸਾ ਹੀ ਖ਼ਤਮ ਹੋ ਜਾਂਦਾ ਹੈ। ਕਿਸੇ ਮਨੋਰਥ ਦੀ ਪ੍ਰਾਪਤੀ ਲਈ ਕੀਤਾ ਜਾਣ ਵਾਲਾ ਕੰਮ ਮਨੋਰਥ ਦੀ ਪ੍ਰਾਪਤੀ ਨਾਲ ਖ਼ਤਮ ਹੋ ਜਾਂਦਾ ਹੈ। ਇਉਂ ਮਨੋਰਥ ਵਿੱਚ ਅੰਤ ਦਾ ਸਮਾਵੇਸ਼ ਹੈ। ਜੋ ਅਨੰਤ ਹੈ ਉਹ ਮਨੋਰਥਹੀਣ ਹੈ।"

"ਵੀਰ ਜੀ, ਹੁਣ ਪ੍ਰਮਾਣੂੰਵਾਦੀਆਂ ਦੀ ਗੱਲ ਤੋਰੋ।"

"ਮੇਰਾ ਖ਼ਿਆਲ ਹੈ ਕਿ ਗੱਲ ਸਾਨੂੰ ਏਥੇ ਛੱਡਣੀ ਪਵੇਗੀ। ਲੂਸੀਪੱਸ ਦੇ ਵਿਚਾਰਾਂ ਨੂੰ ਅੱਗੇ ਤੋਰਨ ਵਾਲਾ ਡਿਮਾਕ੍ਰੀਟਸ, ਪੰਜਵੀਂ ਸਦੀ ਪੂਰਬ ਈਸਵੀ ਦਾ ਪਲੇਟੋ (ਇਫਲਾਤੂਨ) ਮੰਨਿਆ ਜਾਂਦਾ ਹੈ। ਦਾਰਸ਼ਨਿਕ ਦੁਨੀਆ ਵਿੱਚ ਉਸ ਦੀ ਥਾਂ ਪਲੇਟੋ ਤੋਂ ਜੇ ਉੱਚੀ ਨਹੀਂ ਤਾਂ ਨੀਵੀਂ ਵੀ ਨਹੀਂ। ਵਿਗਿਆਨਕ ਦ੍ਰਿਸ਼ਟੀ ਤੋਂ ਵੇਖਿਆਂ ਪਲੇਟੋ ਉਸ ਤੋਂ ਬਹੁਤ ਪਿੱਛੇ ਰਹਿ ਜਾਂਦਾ ਹੈ। ਇਹ ਗੱਲ ਉਸ ਦੀ ਮਹਾਨਤਾ ਦੀ ਗਵਾਹੀ ਭਰਦੀ ਹੈ ਕਿ ਕਾਰਲ ਮਾਰਕਸ ਨੇ ਆਪਣੀ ਪੀ-ਐਚ.ਡੀ. ਦੇ ਥੀਸਸ ਲਈ ਡਿਮਾਕ੍ਰੀਟਸ ਨੂੰ ਵਿਸ਼ੇ ਵਜੋਂ ਚੁਣਿਆ ਸੀ। ਸਾਨੂੰ ਵੀ ਉਸ ਬਾਰੇ ਵਿਸਥਾਰ ਨਾਲ ਚਰਚਾ ਕਰਨੀ ਚਾਹੀਦੀ ਹੈ। ਇਸ ਲਈ ਇਹ ਕੰਮ ਅਗਲੀ ਬੈਠਕ ਉੱਤੇ ਛੱਡਿਆ ਜਾਣਾ ਉੱਚਿਤ ਹੈ।"

ਪੁਸ਼ਪੇਂਦ੍ਰ, ਮੈਂ ਕੱਲ ਹੀ ਲਾਇਬ੍ਰੇਰੀ ਜਾ ਕੇ ਡਿਮਾਕ੍ਰੀਟਸ ਬਾਰੇ ਕੋਈ ਚੰਗੀ ਜੇਹੀ ਪੁਸਤਕ ਲਿਆ ਕੇ ਪੜ੍ਹਨਾ ਸ਼ੁਰੂ ਕਰਾਂਗੀ। ਮੈਨੂੰ ਹੁਣ ਪਤਾ ਲੱਗਾ ਹੈ ਕਿ ਫਿਲਾਸਫੀ ਬਾਰੇ ਮੇਰੀ ਜਾਣਕਾਰੀ ਕਿੰਨੀ ਅਧੂਰੀ ਹੈ।

ਤੂੰ ਕਿਵੇਂ ਮਹਿਸੂਸ ਕਰਦੀ ਹੈਂ ?

ਉੱਤਰ ਦੀ ਉਡੀਕ ਵਿੱਚ,
ਸਨੇਹਾ।

34

ਈਸ਼ਰ ਭਵਨ,
15.10.96.

ਸਨੇਹਾ,

ਮੈਂ ਹੈਰਾਨ ਹਾਂ ਕਿ ਈਸ਼ਰ ਭਵਨ ਦਾ ਨਾਂ ਵਿਸਮਾਦ ਪੁਰੀ ਕਿਉਂ ਨਹੀਂ। ਮੈਂ ਸ਼ਾਂਤੀ ਨਿਕੇਤਨ ਕਦੇ ਨਹੀਂ ਗਈ; ਹੁਣ ਜਾਣਾ ਵੀ ਨਹੀਂ ਚਾਹਵਾਂਗੀ। ਮੈਨੂੰ ਸ਼ਾਂਤੀ ਨਾਲੋਂ ਵਿਸਮਾਦ ਦੀ ਅਵਸਥਾ ਵਧੇਰੇ ਪਸੰਦ ਹੈ। ਤੀਹ ਕੁ ਏਕੜਾਂ ਵਿੱਚ ਪਸਰੇ ਹੋਏ ਇਸ ਵਿਸਮਾਦ ਦਾ ਹਰ ਰੂਪ, ਹਰ ਹਿੱਸਾ ਪਹਿਲੇ ਨਾਲੋਂ ਵੱਧ ਵਿਸਮਾਦੀ ਹੈ। ਈਸ਼ਰ ਭਵਨ ਦੀ ਸਫ਼ਾਈ, ਸੁੰਦਰਤਾ ਅਤੇ ਵਿਸ਼ਾਲਤਾ ਵਿਸਮਾਦੀ ਹੈ। ਇਸ ਭਵਨ ਦੇ ਪੂਰਬੀ ਪਾਸੇ ਵੱਲ ਬਣੇ ਖੇਡ ਦੇ ਮੈਦਾਨ ਵਿਸਮਾਦੀ ਹਨ। ਇਸ ਦੀ ਪੱਛਮੀ ਬਾਹੀ ਵੱਲ ਬਣੀ ਪਾਰਕ ਜਾਂ ਸੈਰਗਾਹ ਵਿਸਮਾਦੀ ਹੈ। ਦੱਖਣੀ ਪਾਸੇ ਦੇ ਪੰਜ ਛੇ ਏਕੜਾਂ ਵਿੱਚ ਕਈ ਪ੍ਰਕਾਰ ਦੇ ਫਲਾਂ ਦੇ ਬਿਰਖ ਬੂਟੇ ਹਨ ਅਤੇ ਉੱਤਰੀ ਪਾਸਾ ਨਾਨਾ ਪ੍ਰਕਾਰ ਦੀਆਂ ਸਬਜ਼ੀਆਂ ਉਗਾਉਣ ਲਈ ਰਾਖਵਾਂ ਰੱਖਿਆ ਹੋਇਆ ਹੈ। ਇਸ ਵਿਸ਼ਾਲ ਪਾਸਾਰੇ ਦੇ ਚਾਰ ਚੁਫੇਰੇ ਟਾਹਲੀਆਂ ਅਤੇ ਸਾਗਵਾਨ ਦੇ ਰੁੱਖਾਂ ਦੀ ਉੱਚੀ ਹਰੀ ਦੀਵਾਰ ਹੈ। ਇਸ ਦੀਵਾਰ ਦੇ ਅੰਦਰਵਾਰ ਦੋ ਕਰਮਾਂ ਚੌੜੀ ਸੜਕ ਹੈ ਅਤੇ ਸੜਕ ਦੇ ਦੂਜੇ ਪਾਸੇ ਬਿਰਖਾਂ ਦੀ ਇੱਕ ਹੋਰ ਦੀਵਾਰ। ਸੜਕ ਦੇ ਦੁਪਾਸੀ ਉੱਗੇ ਰੁੱਖਾਂ ਦੀ ਸ਼ਾਖ਼ਾ ਇੱਕ ਦੂਜੀ ਨੂੰ ਆ ਮਿਲੀਆਂ ਹਨ ਅਤੇ ਸੜਕ ਇੱਕ ਪ੍ਰਕਾਰ ਦੀ ਸੁਰੰਗ ਦਾ ਰੂਪ ਧਾਰ ਗਈ ਹੈ। ਸਵੇਰੇ ਸ਼ਾਮ ਇਸ ਸੜਕ ਉੱਤੇ ਤੁਰਨ ਦਾ ਆਨੰਦ ਕਿਸੇ ਨਿਰਵਿਕਲਪ ਸਮਾਧੀ ਦੇ ਆਨੰਦ ਨਾਲੋਂ ਉਚੇਰਾ ਹੈ। ਇਹ ਵਿਸਮਾਦ ਆਨੰਦ ਹੈ, ਜਿਸ ਵਿੱਚ ਸਮਾਧੀ ਦੀ ਜੜਤਾ ਦੀ ਥਾਂ ਜੀਵਨ ਦੀ ਚੇਤਨਾ ਹੈ।

ਇਹ ਸਭ ਕੁਝ ਵੇਖ ਕੇ ਹੈਰਤ ਹੁੰਦੀ ਹੈ ਕਿ 'ਕੇਵਲ' (ਨੀਲੂ ਦੇ ਪਿਤਾ ਜੀ) ਦੇ ਮਨ ਵਿੱਚ ਕਿੰਨੀ ਕੁ ਸੁੰਦਰਤਾ ਹੋਵੇਗੀ, ਜਿਸ ਨੂੰ ਆਪਣੇ ਚਾਰ ਚੁਫੇਰੇ ਦੇ ਜੀਵਨ ਦਾ ਹਿੱਸਾ ਬਣਾਉਣ ਦਾ ਮਨੋਰਥ ਆਪਣੇ ਸਨੇਹੀਆਂ-ਸਾਥੀਆਂ ਨੂੰ ਦੇ ਕੇ ਉਹ ਏਥੋਂ ਚਲੇ ਗਏ। ਧੰਨ ਹਨ ਇਹ ਲੋਕ, ਜੋ ਪੂਰੀ ਲਗਨ ਨਾਲ ਉਨ੍ਹਾਂ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਲੱਗੇ ਹੋਏ ਹਨ।

ਸਨੇਹਾ, ਇਸ ਭਵਨ ਨੂੰ ਸਕੂਲ ਨਹੀਂ ਆਖਿਆ ਜਾ ਸਕਦਾ, ਨਾ ਹੀ ਇਹ ਉਹ ਸਕੂਲ ਹੈ ਜਿਸ ਦਾ ਜ਼ਿਕਰ ਕਰਦਿਆਂ ਮੈਂ ਲਿਖਿਆ ਸੀ ਕਿ 'ਸਕੂਲ ਦੇ ਦੁਆਲੇ ਲੱਗੇ ਮਜ਼ਬੂਤ ਲੋਹ-ਜੰਗਲੇ ਦਾ ਕਾਰਨ ਪੁੱਛਣ ਦੀ ਮੈਨੂੰ ਲੋੜ ਮਹਿਸੂਸ ਨਹੀਂ ਸੀ ਹੋਈ।' ਉਸ ਪ੍ਰਕਾਰ ਦੇ ਪ੍ਰਾਇਮਰੀ ਸਕੂਲ, ਇਸ ਯੋਜਨਾ ਨਾਲ ਸੰਬੰਧਤ, ਸਾਰੇ ਪਿੰਡਾਂ ਵਿੱਚ ਹਨ। ਇਨ੍ਹਾਂ ਪਿੰਡਾਂ ਦੀ ਗਿਣਤੀ ਪੰਜ ਹੈ। ਇਸ ਭਵਨ ਵਿੱਚ ਪੰਜ ਸਾਲ ਦੀ ਉਮਰ ਤੋਂ ਛੋਟੇ ਬੱਚੇ ਆ ਸਕਦੇ ਹਨ।

ਉਮਰ ਦੀ ਹੇਠਲੀ ਸੀਮਾਂ ਨੀਯਤ ਨਹੀਂ ਕੀਤੀ ਗਈ। ਦੋ ਜਾਂ ਤਿੰਨ ਮਹੀਨੇ ਦੇ ਬੱਚੇ ਏਥੇ ਲਿਆਂਦੇ ਜਾ ਸਕਦੇ ਹਨ। ਜੇ ਮਾਪੇ ਲਿਆ ਸਕਣ ਤਾਂ ਇਸ ਤੋਂ ਛੋਟੇ ਵੀ। ਹਰ ਦੋ ਬੱਚਿਆਂ ਨਾਲ ਕਿਸੇ ਇੱਕ ਔਰਤ (ਮਾਂ ਜਾਂ ਦਾਦੀ ਜਾਂ ਕੋਈ ਵੀ) ਦਾ ਹੋਣਾ ਜ਼ਰੂਰੀ ਹੈ। ਬੱਚਿਆਂ ਨੂੰ ਏਥੇ ਲਿਆਉਣ ਦੀ ਪਾਬੰਦੀ ਨਹੀਂ। ਇਹ ਇੱਕ ਸਹੂਲਤ ਹੈ। ਇਸ ਸਹੂਲਤ ਦਾ ਪੂਰਾ ਪੂਰਾ ਲਾਭ ਲਿਆ ਜਾਂਦਾ ਹੈ।

ਇਸ ਭਵਨ ਨੂੰ 'ਬਾਲ-ਘਰ' ਵੀ ਆਖਿਆ ਜਾ ਸਕਦਾ ਹੈ ਅਤੇ ਇਸਤ੍ਰੀ-ਸੰਸਾਰ ਵੀ। ਏਥੇ ਬੱਚਿਆਂ ਦੇ ਖੇਡਣ-ਖਾਣ ਦਾ ਪੂਰਾ ਪ੍ਰਬੰਧ ਹੈ। ਕੁਲ ਮਿਲਾ ਕੇ ਸੌ ਕੁ ਇਸਤ੍ਰੀਆਂ ਅਤੇ ਬੱਚੇ ਰੋਜ਼ਾਨਾ ਏਥੇ ਆਉਂਦੇ ਹਨ। ਸਾਰਾ ਪ੍ਰਬੰਧ ਇਸਤ੍ਰੀਆਂ ਨੂੰ ਆਪ ਕਰਨਾ ਪੈਂਦਾ ਹੈ। ਇਸਤ੍ਰੀਆਂ ਵਿੱਚੋਂ ਕੁਝ ਸੁਸਿੱਖਿਅਤ ਅਧਿਆਪਕਾਵਾਂ ਹਨ ਅਤੇ ਕੁਝ ਨਰਸਾਂ। ਬੱਚਿਆਂ ਦੀ ਦੇਖਭਾਲ ਦਾ ਕੰਮ ਸਾਰੀਆਂ ਇਸਤ੍ਰੀਆਂ ਨੂੰ ਰੁਝਾਈ ਰੱਖਣ ਲਈ ਕਾਫ਼ੀ ਨਹੀਂ ਹੁੰਦਾ, ਇਸ ਕਰ ਕੇ ਉਹ ਆਪਣੇ ਘਰਾਂ ਤੋਂ ਕੋਈ ਕੰਮ ਆਪਣੇ ਨਾਲ ਲਿਆ ਸਕਦੀਆਂ ਹਨ। ਉਹ ਭਵਨ ਵਿੱਚ ਕਿਸੇ ਕੰਮ ਦੀ ਯੋਜਨਾ ਵੀ ਬਣਾ ਸਕਦੀਆਂ ਹਨ। ਹਰ ਯੋਜਨਾ ਲਈ ਪੈਸੇ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਹੈ। ਹਰ ਪ੍ਰਕਾਰ ਦਾ ਲੋੜੀਂਦਾ ਸਾਮਾਨ (ਮਸ਼ੀਨਾਂ ਆਦਿਕ) ਲਿਆ ਕੇ ਦੇ ਦਿੱਤਾ ਜਾਂਦਾ ਹੈ। ਸਬਜ਼ੀਆਂ, ਫ਼ਲਾਂ ਦੀ ਦੇਖਭਾਲ ਦਾ ਕੰਮ ਵੀ ਇਸਤ੍ਰੀਆਂ ਹੀ ਕਰਦੀਆਂ ਹਨ ਅਤੇ ਇਸ ਕੰਮ ਦੀ ਪੂਰੀ ਸਿਖਲਾਈ ਉਨ੍ਹਾਂ ਵਿੱਚੋਂ ਕੁਝ ਇੱਕ ਨੂੰ ਦਿੱਤੀ ਗਈ ਹੈ। ਖੇਤੀ ਵਿੱਚ ਵਰਤੀ ਜਾਣ ਵਾਲੀ ਮਸ਼ੀਨਰੀ ਦੀ ਪੂਰੀ ਪੂਰੀ ਸਿਖਲਾਈ ਕਈ ਇਸਤ੍ਰੀਆਂ ਕੋਲ ਹੈ। ਬੱਚਿਆਂ ਦੀ ਸੇਵਾ-ਸੰਭਾਲ ਤੋਂ ਇਲਾਵਾ ਹਰ ਕੰਮ ਤਨਖ਼ਾਹ ਦੇ ਕੇ ਕਰਵਾਇਆ ਜਾਂਦਾ ਹੈ।

ਇਹ ਸਾਰਾ ਵਿਸਥਾਰ ਤੇਰੇ ਲਈ ਨਹੀਂ; ਮੈਂ ਆਪਣੀ ਉਤਸੁਕਤਾ ਵੱਸ ਕਰ ਰਹੀ ਹਾਂ। ਤੈਨੂੰ ਦੱਸਣ ਵਾਲੀ ਗੱਲ ਇਹ ਹੈ ਕਿ ਮੈਂ ਏਥੇ ਕੀ ਕਰਨਾ ਹੈ।

ਨੀਲੂ ਜੀ ਦੀ ਇੱਛਾ ਹੈ ਕਿ ਮੈਂ ਕੁਝ ਇੱਕ ਬੱਚਿਆਂ ਨੂੰ ਜਨਮ ਤੋਂ ਲੈ ਕੇ ਪੰਜ-ਛੇ ਸਾਲ ਦੀ ਉਮਰ ਤਕ ਵੱਡੇ ਹੁੰਦੇ ਵੇਖਾਂ। ਪਹਿਲੇ ਮਹੀਨਿਆਂ ਵਿੱਚ ਉਨ੍ਹਾਂ ਦੇ ਸੌਣ, ਜਾਗਣ, ਖਾਣ, ਪੀਣ, ਰੋਣ, ਹੱਸਣ ਅਤੇ ਖੇਡਣ ਦਾ ਚੰਗੀ ਤਰ੍ਹਾਂ ਨਿਰੀਖਣ ਕਰਾਂ। ਉਨ੍ਹਾਂ ਦੇ ਬੈਠਣ, ਖਲੋਣ, ਤੁਰਨ, ਬੋਲਣ ਦੇ ਜਤਨਾਂ ਨੂੰ ਸਟੱਡੀ ਕਰਾਂ। ਆਪਣੀਆਂ ਇੱਛਾਵਾਂ ਨੂੰ ਪ੍ਰਗਟ ਕਰਨ ਦੇ ਢੰਗ, ਜੋ ਉਹ ਵਰਤਦੇ ਹਨ, ਉਨ੍ਹਾਂ ਦਾ ਲੇਖਾ-ਜੋਖਾ ਸੰਭਾਲ ਕੇ ਰੱਖਾਂ। ਉਨ੍ਹਾਂ ਦੇ ਮਨਾਂ ਵਿੱਚ ਭਾਵਾਂ ਦੇ ਵਿਕਾਸ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਾਪਤ ਕਰਾਂ। ਆਪਣੇ ਤੋਂ ਬਾਹਰਲੇ ਜਗਤ ਨਾਲ ਸੰਬੰਧ ਸਥਾਪਤ ਕਰਨ ਦੀ ਕਿਰਿਆ ਕੋਈ ਬੱਚਾ ਕਿਸ ਕਿਸ ਢੰਗ ਨਾਲ ਕਰਦਾ ਹੈ, ਇਹ ਜਾਣਾਂ। ਉਨ੍ਹਾਂ ਵਿਚਲੇ ਬੌਧਕ ਵਿਕਾਸ ਵਲ ਧਿਆਨ ਰੱਖਾਂ।

ਇਸ ਪਿੰਡ ਵਿੱਚ ਦੋ ਬੱਚਿਆਂ ਦਾ ਜਨਮ-ਸਮਾਂ ਨੇੜੇ ਆ ਰਿਹਾ ਹੈ। ਮੈਨੂੰ ਆਪਣਾ ਕੰਮ ਏਸੇ ਹਫ਼ਤੇ ਜਾਂ ਅਗਲੇ ਸ਼ੁਰੂ ਕਰਨਾ ਪਵੇਗਾ। ਇਸ ਕੰਮ ਵਿੱਚ ਸੁਮੀਤ ਮੇਰੇ ਨਾਲ ਹੋਵੇਗਾ। ਲੱਗਪੱਗ ਹਰ ਉਮਰ ਦੇ ਬੱਚੇ ਸਾਡੇ ਕੋਲ ਮੌਜੂਦ ਹਨ। ਇਸ ਲਈ ਜ਼ਰੂਰੀ ਨਹੀਂ ਕਿ ਕਿਸੇ ਖ਼ਾਸ ਬੱਚੇ ਨੂੰ ਪੰਜ ਛੇ ਸਾਲ ਦੀ ਉਮਰ ਤਕ ਵੇਖਣਾ-ਵਾਚਣਾ ਪਵੇ। ਜੇ ਪੈ ਵੀ ਜਾਵੇ ਤਾਂ ਵੀ ਕੋਈ ਔਖ ਨਹੀਂ। ਇਹ ਅਜੇਹਾ ਕੰਮ ਹੈ ਜਿਸ ਨੂੰ ਜੀਵਨ ਭਰ ਪੂਰੀ ਦਿਲਚਸਪੀ ਨਾਲ ਕੀਤਾ ਜਾ ਸਕਦਾ ਹੈ। ਛੇ-ਸੱਤ ਮਹੀਨੇ ਦੇ ਬੱਚੇ ਜਦੋਂ ਬੈਠਣਾ-ਰਿੜ੍ਹਨਾ ਸਿੱਖਣ ਲੱਗ ਪੈਂਦੇ ਹਨ ਉਦੋਂ ਉਨ੍ਹਾਂ ਨੂੰ ਦੋ ਦੋ, ਤਿੰਨ ਤਿੰਨ ਦੀਆਂ ਟੋਲੀਆਂ ਵਿੱਚ ਵੱਡੇ ਹਾਲ ਦੇ ਵੱਖ ਵੱਖ ਹਿੱਸਿਆਂ ਵਿੱਚ ਛੱਡ ਦਿੱਤਾ ਜਾਂਦਾ ਹੈ। ਕਮਰਿਆਂ ਵਿੱਚ ਅਜੇਹਾ ਕੁਝ ਨਹੀਂ ਹੈ, ਜਿਸ ਤੋਂ ਕਿਸੇ ਬੱਚੇ ਨੂੰ ਕੋਈ ਨੁਕਸਾਨ ਹੋਣ ਦੀ ਸੰਭਾਵਨਾ ਹੋਵੇ। ਕੋਈ ਅਜੇਹੀ ਚੀਜ਼ ਨਹੀਂ, ਜਿਸ

ਨੂੰ ਭੰਨ ਤੋੜ ਕੇ ਬੱਚੇ ਨੁਕਸਾਨ ਕਰ ਸਕਦੇ ਹੋਣ। ਹਾਲੋਂ ਬਾਹਰੋਂ ਇਨ੍ਹਾਂ ਬੱਚਿਆਂ ਦੀ ਹਰ ਹਰਕਤ ਵੇਖੀ ਜਾ ਸਕਦੀ ਹੈ। ਏਨਾ ਸੁਖੀ, ਸੁਰੱਖਿਅਤ, ਸੁਹਣਾ ਅਤੇ ਸਿਹਤਮੰਦ ਬਚਪਨ ਮੈਂ ਕਦੇ ਕਿਆਸਿਆ ਵੀ ਨਹੀਂ।

ਦੋ ਕੁ ਹਫ਼ਤੇ ਬੀਤ ਜਾਣ ਪਿੱਛੋਂ ਇੱਕ ਦਿਨ ਨੀਲੂ ਜੀ ਨੇ ਆਖਿਆ:

"ਪੁਸ਼ਪੀ, ਇਸ ਕੰਮ ਵਿੱਚ ਤੇਰਾ ਜੀ ਲੱਗਾ ਹੋਇਆ ਹੈ ਨਾ?"

"ਹਾਂ, ਨੀਲੂ ਜੀ, ਬਹੁਤ ਚੰਗੀ ਤਰ੍ਹਾਂ ਲੱਗਾ ਹੋਇਆ ਹੈ। ਇੱਕ ਔਖ ਇਹ ਹੈ ਕਿ ਬਾਕੀ ਸਾਰੀਆਂ ਔਰਤਾਂ ਨੂੰ ਆਪਣੇ ਲਾਗੇ ਉਸਾਰੂ, ਉਪਜਾਊ ਕੰਮ ਕਰਦੀਆਂ ਵੇਖ ਕੇ ਮੈਨੂੰ ਲੱਗਦਾ ਹੈ ਕਿ ਮੈਂ ਜਿਵੇਂ ਕੁਝ ਵੀ ਨਹੀਂ ਕਰ ਰਹੀ।"

"ਮੈਨੂੰ ਪਤਾ ਹੈ ਅਤੇ ਇਸ ਦਾ ਇਲਾਜ ਵੀ ਮੈਂ ਸੋਚਿਆ ਹੋਇਆ ਹੈ। ਸਮੇਂ ਅਨੁਸਾਰ ਸਭ ਕੁਝ ਹੁੰਦਾ ਜਾਵੇਗਾ। ਇਸ ਵਕਤ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਤੂੰ ਮਨੁੱਖੀ ਸਰੀਰ ਬਾਰੇ ਪੂਰੀ ਪੂਰੀ ਜਾਣਕਾਰੀ ਹਾਸਲ ਕਰਨ ਲਈ ਡਾਕਟਰੀ ਦੀ ਇੱਕ ਅੱਧੀ ਕਿਤਾਬ ਜ਼ਰੂਰ ਪੜ੍ਹ।"

"ਤੁਹਾਡਾ ਆਖਿਆ ਸਿਰ ਮੱਥੇ; ਤਾਂ ਵੀ ਮੈਂ ਜਾਣਨਾ ਚਾਹਵਾਂਗੀ ਕਿ ਇਹ ਕਿਉਂ।"

"ਇਸ ਲਈ ਕਿ ਤੂੰ ਮਨੁੱਖੀ ਮਨ ਬਾਰੇ ਜਾਣਨਾ ਚਾਹੁੰਦੀ ਹੈਂ।"

"ਅਤੇ ਤੁਸੀਂ ਸਰੀਰ ਬਾਰੇ ਜਾਣਨ ਲਈ ਕਹਿ ਰਹੇ ਹੋ।"

"ਸਰੀਰ ਅਤੇ ਮਨ ਵਿਚਾਲੇ ਗੂਹੜੀ ਮਿੱਤ੍ਰਤਾ ਹੈ। ਇਹ ਇੱਕ ਦੂਜੇ ਦੇ ਦੁਖ ਸੁਖ ਦੇ ਭਾਈਵਾਲ ਹਨ। ਇੱਕ ਦੂਜੇ ਦੇ ਭੇਤਾਂ ਤੋਂ ਜਾਣੂੰ ਹਨ। ਇੱਕ ਕੋਲੋਂ ਦੂਜੇ ਬਾਰੇ ਬਹੁਤ ਕੁਝ ਜਾਣਿਆ ਜਾ ਸਕਦਾ ਹੈ।"

"ਆਦਮੀ ਦੇ ਹੱਡ-ਪੈਰਾਂ, ਹੱਡਾਂ-ਗੋਡਿਆਂ ਅਤੇ ਲੱਤਾਂ-ਬਾਹਵਾਂ ਬਾਰੇ ਜਾਣ ਕੇ ਮਨ ਬਾਰੇ ਕਿਵੇਂ ਜਾਣ ਸਕਾਂਗੇ?"

"ਮੈਂ ਡਾਕਟਰੀ ਦੀ ਪੁਸਤਕ ਪੜ੍ਹਨ ਨੂੰ ਆਖਿਆ ਹੈ। ਸਰੀਰ ਨਿਰੇ ਹੱਡ-ਗੋਡੇ ਅਤੇ ਲੱਤਾਂ-ਬਾਹਵਾਂ ਹੀ ਨਹੀਂ। ਇਸ ਵਿੱਚ ਦਿਲ, ਜਿਗਰ, ਗੁਰਦੇ, ਫੇਫੜੇ, ਦਿਮਾਗ਼, ਨਰਵ-ਤੰਤੂ ਅਤੇ ਗਲੈਂਡਜ਼ (ਗ੍ਰੰਥੀਆਂ) ਹਨ। ਇਸ ਵਿੱਚ ਪਾਚਨ, ਰਕਤ, ਸਵਾਸ ਆਦਿਕ ਪੰਜ ਪ੍ਰਾਣ ਜਾਂ ਪ੍ਰਣਾਲੀਆਂ ਹਨ। ਮਨ ਬਾਰੇ ਕੁਝ ਕਿਹਾ ਜਾਣ ਤੋਂ ਪਹਿਲਾਂ ਇਨ੍ਹਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਤਨ ਦੇ ਭੇਤਾਂ ਅਤੇ ਯੋਗ ਦੀਆਂ ਜੁਗਤੀਆਂ ਤੋਂ ਜਾਣੂੰ ਹੋਏ ਬਿਨਾਂ ਮਨ ਬਾਰੇ ਕੁਝ ਕਹਿਣਾ ਜ਼ਰਾ ਓਪਰਾ ਲੱਗਦਾ ਹੈ। ਪੁਰਾਣੇ ਸਮਿਆਂ ਵਿੱਚ ਮਨ ਦੀ ਗੱਲ ਯੂਨਾਨ ਵਿੱਚ ਵੀ ਹੋਈ ਸੀ ਅਤੇ ਭਾਰਤ ਵਿੱਚ ਵੀ; ਪਰੰਤੂ, ਉਸ ਗੱਲ ਨੂੰ ਯੋਗ ਦੀਆਂ ਜੁਗਤੀਆਂ ਨਾਲ ਜੋੜਨ ਦਾ ਕੰਮ ਕੇਵਲ ਭਾਰਤ ਵਿੱਚ ਹੀ ਹੋਇਆ ਹੈ। ਇਸੇ ਲਈ ਭਾਰਤੀ ਲੋਕ ਮਨੋਵਿਗਿਆਨ ਦੀਆਂ ਉਨ੍ਹਾਂ ਗਹਿਰਾਈਆਂ ਤਕ ਪੁੱਜਣ ਦੇ ਯੋਗ ਹੋਏ ਸਨ, ਜਿਨ੍ਹਾਂ ਤੱਕ ਪੱਛਮੀ ਲੋਕਾਂ ਦੀ ਪਹੁੰਚ ਹੁਣ ਸਦੀਆਂ ਦੀ ਖੋਜ ਤੋਂ ਬਾਅਦ ਹੋਈ ਹੈ। ਜਿੱਥੇ ਮਨ ਬਾਰੇ ਪੱਛਮੀ ਜਾਣਕਾਰੀ ਅਧੂਰੇ ਗਿਆਨ ਉੱਤੇ ਆਧਾਰਿਤ ਰਹੀ, ਓਥੇ ਭਾਰਤੀ ਜਾਣਕਾਰੀ ਨੂੰ ਵਧੇਰੇ ਗਿਆਨ ਨੇ ਦੂਸ਼ਿਤ ਕੀਤਾ ਹੈ। ਹੁਣ ਜਦੋਂ.....।"

"ਨੀਲੂ ਜੀ, ਅਗੇਰੇ ਜਾਣ ਤੋਂ ਪਹਿਲਾਂ ਅਧੂਰੇ ਅਤੇ ਵਧੂਰੇ ਬਾਰੇ ਕੁਝ ਦੱਸਦੇ ਜਾਓ।"

"ਮੱਧਯੁਗ ਵਿੱਚ ਪੱਛਮ ਜਾਂ ਯੌਰਪ ਨੂੰ ਮਨ ਬਾਰੇ ਅਧੂਰਾ ਗਿਆਨ ਸੀ। ਪੁਰਾਤਨ ਕਾਲ ਵਿੱਚ ਇਸ ਵੱਲ ਮਨੁੱਖੀ ਧਿਆਨ ਮੁੜਿਆ ਸੀ; ਪਰ ਛੇਤੀ ਹੀ ਈਸਾਈਅਤ ਦਾ ਬੋਲ-ਬਾਲਾ ਹੋ ਜਾਣ ਕਰਕੇ 'ਰੂਹ' ਨੂੰ ਪਰਮੁੱਖ ਥਾਂ ਪ੍ਰਾਪਤ ਹੋ ਗਈ ਅਤੇ ਮਨ ਦੀ ਗੱਲ ਅਧਵਾਟੇ ਛੱਡ

ਦਿੱਤੀ ਗਈ। ਇਹ ਗੱਲ ਅਧੂਰੀ ਰਹਿ ਗਈ। ਭਾਰਤੀ ਮਨੋਵਿਗਿਆਨੀਆਂ ਨੇ ਪੁਰਾਤਨ ਕਾਲ ਵਿੱਚ ਹੀ ਮਨ ਬਾਰੇ ਬਹੁਤ ਜਾਣਕਾਰੀ ਪ੍ਰਾਪਤ ਕਰ ਲਈ ਸੀ। ਭਾਵੇਂ ਉਹ ਜਾਣਕਾਰੀ ਅਜੋਕੀਆਂ ਪ੍ਰਯੋਗਸ਼ਾਲਾਂ ਅਤੇ ਖੋਜਾਂ ਉੱਤੇ ਆਧਾਰਿਤ ਨਹੀਂ ਸੀ ਤਾਂ ਵੀ ਪ੍ਰਮਾਣੀਕ ਸੀ, ਕਿਉਂਜੁ ਅਜੋਕੀ ਖੋਜ ਉਸ ਨੂੰ ਪ੍ਰਮਾਣੀਕ ਸਿੱਧ ਕਰ ਰਹੀ ਹੈ। ਮਨ ਬਾਰੇ ਪ੍ਰਮਾਣੀਕ ਜਾਣਕਾਰੀ 'ਵਧੂਰੇ' ਗਿਆਨ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚੀ ਨਹੀਂ ਰਹਿ ਸਕੀ। ਵਧੂਰੇ ਤੋਂ ਮੇਰਾ ਭਾਵ ਹੈ 'ਬੁੱਧੀ ਤੋਂ ਪਰੇ ਦਾ ਹੋਣ ਕਰਕੇ ਵਾਧੂ ਅਤੇ ਅਢੁੱਕਵਾਂ'। ਪਰਮਾਤਮਾ ਅਤੇ ਆਤਮਾ ਦੀ ਗੱਲ ਪਰਾਬੌਧਕ ਹੈ। ਇਹ ਬੁੱਧੀ ਤੋਂ ਪਰੇ ਦਾ ਕੋਈ ਅਨੁਭਵ ਹੈ। ਅਸਾਂ ਸ੍ਰਿਸ਼ਟੀ ਸੰਬੰਧੀ ਆਪਣੇ ਕਈ ਔਖੇ ਪ੍ਰਸ਼ਨਾਂ ਦੇ ਸੌਖੇ ਉੱਤਰ ਲੱਭਣ ਲਈ ਪਰਮਾਤਮਾ ਅਤੇ ਆਤਮਾ ਦਾ ਓਹਲਾ ਅਤੇ ਆਸਰਾ ਲਿਆ ਹੈ। ਮਧਕਾਲ ਦੇ ਸਮਾਜਕ ਜੀਵਨ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦੇ ਵਕਤੀ ਅਤੇ ਕੰਮ ਚਲਾਊ ਹੱਲ ਦੱਸਣ ਦੇ ਯੋਗ ਹੋਣ ਕਰਕੇ ਸਾਡਾ ਪਰਾਬੌਧਕ ਜਾਂ 'ਵਧੂਰਾ' ਗਿਆਨ ਸਾਡੀ ਹਰ ਬੌਧਕ ਪ੍ਰਾਪਤੀ ਨੂੰ ਪ੍ਰਭਾਵਤ ਕਰਦਾ ਆਇਆ ਹੈ। ਅਸਾਂ ਮਨੁੱਖ ਨੂੰ ਸਰੀਰ, ਮਨ ਅਤੇ ਆਤਮਾ ਦਾ ਸੰਜੋਗ ਮੰਨਿਆ ਹੈ। ਆਤਮਾ ਨੂੰ, ਜੀਵਨ ਦੇ ਕਿਸੇ ਦੁਖ, ਸੁਖ ਜਾਂ ਸਮੱਸਿਆ ਨਾਲ ਸੰਬੰਧਤ ਨਾ ਹੁੰਦਿਆਂ ਹੋਇਆਂ ਵੀ, ਬਹੁਤ ਮਹੱਤਵਪੂਰਣ ਆਖਿਆ ਹੈ। ਇਸ ਗ਼ੈਰ-ਜ਼ਰੂਰੀ ਪਰ ਮਹੱਤਵਪੂਰਣ ਤੀਜੇ ਧਿਆਕ ਦੀ ਚੌਧਰ ਕਾਰਨ ਇਸ ਦੇ ਕਈ 'ਗੁਣ' ਮਨ ਨਾਲ ਜੋੜ ਦਿੱਤੇ ਹਨ। ਬਹੁਤੀ ਵੇਰ ਆਤਮਾ ਅਤੇ ਮਨ ਨੂੰ ਇੱਕੋ ਅਰਥ ਵਿੱਚ ਵੀ ਵਰਤ ਲਿਆ ਹੈ। ਇਉਂ ਸਾਡਾ ਮਨੋਵਿਗਿਆਨ 'ਵਧੂਰੇ' ਗਿਆਨ ਦਾ ਰੋਗੀ ਹੈ।"

"ਇਸ ਰੋਗੀ ਦੀਆਂ ਕੁਝ ਅਲਾਮਤਾਂ ਵੱਲ ਇਸ਼ਾਰਾ ਕਰੋ, ਨੀਲੂ ਜੀ।"

"ਪੁਸ਼ਪਾ, ਅਸੀਂ ਸਰੀਰ ਨੂੰ ਪਦਾਰਥ ਅਤੇ ਆਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨਦੇ ਹਾਂ। ਪਰਮਾਤਮਾ ਪਦਾਰਥ ਨਹੀਂ। ਉਹ ਕੀ ਹੈ ? ਪਤਾ ਨਹੀਂ। ਮਨ ਇਨ੍ਹਾਂ ਦੋਹਾਂ ਦੇ ਵਿੱਚ ਵਿਚਾਲੇ ਹੈ। ਇਹ ਰੂਹਾਨੀ ਹੈ ਕਿ ਪਦਾਰਥਕ ? ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਆਪਣੀ ਗੱਲ ਸਿੱਧ ਕਰਨ ਲਈ ਕਦੀ ਇਸ ਨੂੰ ਜੋਤ ਸਰੂਪ ਬਣਾ ਲੈਂਦੇ ਹਾਂ, ਕਦੀ ਸਰੀਰ ਨਾਲੋਂ ਵੀ ਹੇਠਾਂ ਡੇਗ ਕੇ ਹਰ ਪ੍ਰਭਾਵ ਨੂੰ ਕਬੂਲਣ ਵਾਲਾ ਮੰਨਣ ਲੱਗ ਪੈਂਦੇ ਹਾਂ। ਆਤਮਾ ਅਮਰ ਹੈ, ਅਕ੍ਰੈ ਹੈ, ਕਰਤਾ ਨਹੀਂ ਹੈ; ਇਸ ਲਈ ਕਿਸੇ ਕਰਮ ਦਾ ਫਲ ਭੋਗਣ ਲਈ ਮਜਬੂਰ ਨਹੀਂ। ਮਨ ਵੀ ਅਮਰ ਹੈ; ਪਰ ਕਰਤਾ ਹੋਣ ਕਰਕੇ ਜਾਂ ਆਪਣੇ ਆਪ ਨੂੰ ਕਰਤਾ ਮੰਨਣ ਕਰਕੇ ਚੰਗੇ ਮਾੜੇ ਦਾ ਫਲ ਭੋਗਦਾ ਹੈ। ਫਲ ਭੋਗਣ ਲਈ ਆਵਾਗੌਣ ਵਿੱਚ ਪੈਂਦਾ ਹੈ। ਮੌਤ ਸਮੇਂ ਜਦੋਂ ਤੱਤ ਤੱਤਾਂ ਵਿੱਚ ਰਲ ਜਾਂਦੇ ਹਨ ਅਤੇ ਆਤਮਾ ਪਰਮਾਤਮਾ ਵਿੱਚ ਅਭੇਦ ਹੋ ਜਾਂਦੀ ਹੈ, ਓਦੋਂ ਮਨ ਕਿਸੇ ਦੂਜੇ ਸਰੀਰ ਵਿੱਚ ਭੇਜ ਦਿੱਤਾ ਜਾਂਦਾ ਹੈ। ਪਰ, ਮੁਕਤੀ ਦੀ ਹਾਲਤ ਵਿੱਚ ਆਤਮਾ ਪਰਮਾਤਮਾ ਵਿੱਚ ਚਲੇ ਗਿਆ ਜਾਂ ਚਲੇ ਗਈ, ਤੱਤ ਤੱਤਾਂ ਵਿੱਚ ਲੀਨ ਹੋ ਗਏ, ਮਨ ਦਾ ਕੀ ਬਣਿਆ ? ਮੌਤ ਸਮੇਂ ਜਿਸ ਆਤਮਾ ਨੂੰ ਨਵੇਂ ਕੱਪੜਿਆਂ ਵਾਂਗ ਨਵਾਂ ਸਰੀਰ ਧਾਰਨ ਕਰਦੇ ਦੱਸਿਆ ਗਿਆ ਹੈ ਉਹ ਅਸਲ ਵਿੱਚ ਮਨ ਹੈ, ਜਿਸ ਨੂੰ ਆਤਮਾ ਦੇ ਅਰਥਾਂ ਵਿੱਚ ਵਰਤਿਆ ਗਿਆ ਹੈ ਅਤੇ ਅਮਰ ਆਖਿਆ ਗਿਆ ਹੈ। ਅਸਲ ਵਿੱਚ ਇਹ ਸਰੀਰ ਅਤੇ ਆਤਮਾ ਤੋਂ ਵੱਖਰੀ ਤੀਜੀ ਵਸਤੂ ਹੈ, ਜਿਸ ਦੀ ਉਤਪਤੀ ਅਤੇ ਵਿਨਾਸ ਬਾਰੇ ਕੋਈ ਨਿਰਣਾ ਨਹੀਂ ਕੀਤਾ ਜਾ ਸਕਿਆ। ਇਸ ਨੂੰ ਆਤਮਾ ਅਤੇ ਪਰਮਾਤਮਾ ਵਾਂਗ ਨੇਤੀ ਨੇਤੀ (ਨਾ ਇਤੀ, ਨਾ ਇਤੀ—neither this nor that) ਬਣਾ ਕੇ ਅਵਿਗਿਆਨਕ ਵਿਸ਼ਾ ਬਣਾ ਦਿੱਤਾ ਗਿਆ ਹੈ। ਈਸਾਈਅਤ ਨੇ ਰੂਹ ਨੂੰ ਪਰਵਾਨ ਕਰ ਕੇ ਮਨ ਦੀ ਗੱਲ ਖ਼ਤਮ ਕਰ ਦਿੱਤੀ ਸੀ ਅਤੇ ਪਾਪ ਪੁੰਨ ਦੇ ਨਿਰਣੇ ਜਾਂ ਨਿਆਂ ਲਈ ਸਦੀਵੀ ਨਰਕਵਾਸ ਜਾਂ ਸਦੀਵੀ ਸੁਰਗਵਾਸ

ਦਾ ਸਿਧਾਂਤ ਉਸਾਰ ਲਿਆ ਸੀ। ਹੁਣ ਮਨੋਵਿਗਿਆਨ ਦੇ ਵਿਕਾਸ ਨੇ ਰੂਹ ਨੂੰ ਵਾਧੂ ਅਤੇ ਬੇ-ਲੋੜੀ ਸਿੱਧ ਕਰ ਕੇ ਮਨ ਦੀ ਸਥਾਪਨਾ ਦਾ ਬੀੜਾ ਚੁੱਕ ਲਿਆ ਹੈ। ਬੁੱਧ ਮੱਤ ਨੇ ਆਤਮਾ ਨੂੰ ਵਿੱਚੋਂ ਕੱਢ ਕੇ ਜੀਵਨ ਨੂੰ ਮਨ ਅਤੇ ਸਰੀਰ ਦੀ ਖੇਡ ਆਖਿਆ ਸੀ। ਵੇਖੀਏ ਵਿਗਿਆਨਕ ਵਿਕਾਸ ਆਤਮਾ ਦਾ ਕੀ ਹਾਲ ਕਰਦਾ ਹੈ। ਜੀਵਨ ਦੀ ਖੇਡ ਤੋਂ ਬਿਲਕੁਲ ਨਿਰਲੇਪ, ਉੱਕਾ ਅਭਿੱਜ ਦ੍ਰਿਸ਼ਟਾ ਇਸ ਖੇਡ ਨੂੰ ਵੇਖਣ ਦੀ ਬੇ-ਲੋੜੀ ਕਿਰਿਆ, ਵੇਖੀਏ ਕਿੰਨਾ ਕੁ ਚਿਰ ਕਰਦਾ ਰਹਿੰਦਾ ਹੈ।"

ਸਨੇਹਾ, ਇਹ ਗੱਲ ਏਥੇ ਖ਼ਤਮ ਹੋ ਗਈ। ਕੀ ਤੈਨੂੰ ਲੱਗਦਾ ਹੈ ਕਿ ਇਸ ਸੰਬੰਧ ਵਿੱਚ ਮੈਂ ਕੁਝ ਸੋਚ, ਕਹਿ ਜਾਂ ਕਰ ਸਕਾਂਗੀ ?

ਪੁਸ਼ਪੇਂਦ੍ਰ।

35

ਈਸਟ ਹੈਮ,
1.11.96.

ਪੂਜ਼ਪੋਂਦ੍ਰ,

ਕਿਸੇ ਵਿਸ਼ੇ ਦੀ ਪੜ੍ਹਾਈ ਵਿੱਚੋਂ ਤੁਸੀਂ ਕੀ ਪ੍ਰਾਪਤ ਕਰਦੇ ਹੋ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਉਹ ਸਬਜੈਕਟ ਤੁਸੀਂ ਕਿਸ 'ਮਨੋਰਥ' ਲਈ, ਕਿਹੋ ਜਿਹੇ 'ਮਨ' ਨਾਲ ਪੜ੍ਹਦੇ ਹੋ। ਪਰੀਖਿਆ ਪਾਸ ਕਰਨ ਲਈ ਪੜ੍ਹਨਾ ਹੋਰ ਗੱਲ ਹੈ ਅਤੇ ਜੀਵਨ ਦੇ ਰਹੱਸ ਨੂੰ ਜਾਣਨ ਜਾਂ ਆਪਣੀ ਬੌਧਕ ਅਮੀਰੀ ਵਿੱਚ ਵਾਧਾ ਕਰਨ ਲਈ ਪੜ੍ਹਨਾ ਹੋਰ ਗੱਲ ਹੈ। ਸੋਚ ਨੂੰ ਸਰਵ-ਵਿਆਪਕ, ਸਰਵ ਸਾਂਝੀ ਅਤੇ ਜੀਵਨ ਦੇ ਹਿੱਤ ਲਈ ਵਿਕਾਸ ਕਰਦੀ ਇਕਾਈ ਵੇਖਦਿਆਂ ਹੋਇਆਂ ਫਿਲਾਸਫੀ ਪੜ੍ਹਨ ਦਾ ਆਨੰਦ ਕੁਝ ਵੱਖਰਾ ਹੀ ਹੈ। ਡਿਮਾਕ੍ਰੀਟੱਸ ਬਾਰੇ ਪੜ੍ਹ ਕੇ ਜੋ ਆਨੰਦ ਮੈਂ ਮਾਣਿਆ ਹੈ ਉਸ ਦੀ ਤੀਬਰਤਾ ਦਾ ਹੀ ਫਲ ਹੈ ਕਿ ਪਾਪਾ ਨਾਲ ਵਿਚਾਰ-ਵਟਾਂਦਰਾ ਕੀਤੇ ਬਿਨਾਂ ਹੀ ਇਹ ਪੱਤਰ ਲਿਖ ਰਹੀ ਹਾਂ।

ਡਿਮਾਕ੍ਰੀਟੱਸ ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਸੀ। ਇਸ ਸੰਬੰਧ ਵਿੱਚ ਉਸ ਦਾ ਟਾਕਰਾ ਕੇਵਲ ਅਰਸਤੂ ਨਾਲ ਕੀਤਾ ਜਾ ਸਕਦਾ ਹੈ। ਉਸ ਨੂੰ ਪੰਜਵੀਂ ਸਦੀ ਪੂਰਵ ਈਸਵੀ ਦਾ ਅਰਸਤੂ ਆਖਿਆ ਵੀ ਜਾਂਦਾ ਹੈ। ਕੁਝ ਵਿਦਵਾਨ ਅਬਡੀਰਾ ਨੂੰ ਉਸ ਦਾ ਜਨਮ ਅਸਥਾਨ ਮੰਨਦੇ ਹਨ, ਕੁਝ ਮਿਲੀਟਸ ਨੂੰ। ਪਹਿਲੀ ਗੱਲ ਵਧੇਰੇ ਪ੍ਰਮਾਣੀਕ ਹੈ। ਉਸ ਦੀ ਜਨਮ ਤਿਥੀ ਬਾਰੇ ਵੀ ਕਈ ਰਾਵਾਂ ਹਨ। ਕੁਝ ਲੋਕ ਉਸ ਨੂੰ 470 ਪੂ.ਈ. ਵਿੱਚ ਜਨਮਿਆ ਮੰਨਦੇ ਹਨ ਅਤੇ ਕੁਝ 460 ਪੂ.ਈਂ. ਵਿੱਚ। ਇਹ ਠੀਕ ਹੈ ਕਿ ਉਹ ਲੰਮੀ ਉਮਰ ਭੋਗ ਕੇ ਪਰਲੋਕ ਸਿਧਾਰਿਆ ਸੀ; ਕੁਝ ਲੋਕਾਂ ਅਨੁਸਾਰ ਨੱਬੇ ਸਾਲ ਅਤੇ ਕੁਝ ਲੋਕਾਂ ਅਨੁਸਾਰ ਇੱਕ ਸੌ ਦਸ ਸਾਲ ਜੀਵਿਆ ਸੀ। ਸਭ ਤੋਂ ਵੱਧ ਪ੍ਰਮਾਣੀਕ ਗੱਲ ਇਹ ਹੈ ਕਿ ਉਸ ਨੇ ਵੱਖ ਵੱਖ ਵਿਸ਼ਿਆਂ ਉੱਤੇ 72 ਪੁਸਤਕਾਂ ਲਿਖੀਆਂ। ਉਸ ਦੀ ਸ਼ੈਲੀ ਦੀ ਸਪੱਸ਼ਟਤਾ ਅਤੇ ਸੱਤਾ, ਸੁੰਦਰਤਾ ਅਤੇ ਸਰਲਤਾ ਦਾ ਜੋੜ ਜੇ ਕਿਧਰੇ ਹੈ ਤਾਂ ਕੇਵਲ ਪਲੇਟੋ ਵਿੱਚ। ਉਸ ਨੇ ਬਹੁਤ ਸਾਰੇ ਪੁਰਾਤਨ ਵਿਚਾਰਵਾਨਾਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਆਧੁਨਿਕ ਵਿਗਿਆਨਕ ਵਿਕਾਸ ਦੀ ਜੜ੍ਹ ਵਿੱਚ ਉਸ ਦੇ ਸਿਧਾਂਤ ਬਿਰਾਜਮਾਨ ਹਨ। ਉਸ ਨੇ ਲੂਸੀਪੱਸ ਦੀਆਂ ਗੱਲਾਂ ਨੂੰ ਠੀਕ ਮੰਨਦਿਆਂ ਹੋਇਆਂ ਆਪਣੀ ਗੱਲ ਅੱਗੇ ਤੋਰੀ ਹੈ।

ਸਾਨੂੰ ਯਾਦ ਹੈ ਕਿ ਪਰਮੀਨਾਈਡੀਜ਼ ਦਾ ਸਿਧਾਂਤ ਹੈ ਕਿ—'ਹੋਂਦ ਇੱਕ ਹੈ, ਇਹ ਸਰਵ ਵਿਆਪਕ ਹੈ; ਅਣਹੋਂਦ ਕਿਆਸੀ ਹੀ ਨਹੀਂ ਜਾ ਸਕਦੀ, ਕੁਝ ਬਦਲਦਾ ਨਹੀਂ, ਗਿਆਨ-ਇੰਦਰੀਆਂ ਜੀਵਨ ਦੇ ਸੱਚ ਨੂੰ ਨਹੀਂ ਵੇਖ ਸਕਦੀਆਂ, ਗਿਆਨ ਇੰਦਰੀਆਂ ਆਪ ਭੁਲੇਖੇ ਵਿੱਚ ਹਨ ਅਤੇ ਸਾਨੂੰ ਭੁਲੇਖਾ ਪਾਉਂਦੀਆਂ ਹਨ।' ਇਸ ਦੇ ਉਲਟ ਡਿਮਾਕ੍ਰੀਟੱਸ ਦਾ

ਸਿਧਾਂਤ ਹੈ ਕਿ—'ਹੋਂਦ' ਇੱਕ ਨਹੀਂ, ਸਗੋਂ ਬਹੁਭਾਂਤੀ ਹੈ। ਤਬਦੀਲੀ ਜਾਂ ਵਿਕਾਸ 'ਹੋਂਦ' ਜਿੰਨਾ ਵੱਡਾ ਸੱਚ ਹੈ। ਤਬਦੀਲੀ ਦਾ ਮੁੱਢਲਾ ਰੂਪ 'ਹਰਕਤ' ਹੈ। ਸ੍ਰਿਸ਼ਟੀ ਦੀ ਮੁੱਢਲੀ ਹਰਕਤ ਪ੍ਰਮਾਣੂਆਂ ਦੀ ਹਰਕਤ ਹੈ ਅਤੇ ਪ੍ਰਮਾਣੂ ਇਸ ਬ੍ਰਹਿਮੰਡ ਦੀ ਮੁਢਲੀ ਹੋਂਦ ਹੈ। ਇਸ ਹੋਂਦ (ਪ੍ਰਮਾਣੂ) ਨੂੰ ਹਰਕਤ ਲਈ ਖ਼ਾਲੀ ਥਾਂ ਜਾਂ ਸਪੇਸ (Space) ਦੀ ਲੋੜ ਹੈ। ਇਸ ਲਈ ਸਪੇਸ ਵੀ ਮੁੱਢਲੀ ਸੱਚਾਈ ਹੈ ਅਤੇ ਇਹ ਪ੍ਰਮਾਣੂਆਂ ਵਿਚਾਲੇ ਦੀ ਉਹ ਥਾਂ ਹੈ ਜਿੱਥੇ ਪ੍ਰਮਾਣੂ ਨਹੀਂ ਹਨ; ਜਿੱਥੇ ਕੁਝ ਨਹੀਂ ਹੈ, ਜਿੱਥੇ ਅਣਹੋਂਦ ਹੈ। ਪ੍ਰਮਾਣੂ ਅਨੰਤ ਹਨ, ਹੋਂਦ ਅਨੰਤ ਹੈ, ਪੁਲਾੜ ਜਾਂ ਖ਼ਾਲੀ ਥਾਂ ਅਨੰਤ ਹੈ, ਅਣਹੋਂਦ ਅਨੰਤ ਹੈ।

ਐਟਮ ਜਾਂ ਪ੍ਰਮਾਣੂ ਅਨੰਤ ਪੁਲਾੜ ਵਿੱਚ ਫੈਲੇ ਹੋਏ ਹਨ। ਇਹ ਪਦਾਰਥ ਦੇ ਅਜਿਹੇ ਛੋਟੇ ਭਾਗ ਹਨ, ਜਿਨ੍ਹਾਂ ਨੂੰ ਹੋਰ ਤੋੜ ਫੋੜ ਕੇ ਜਾਂ ਵੰਡ ਕੇ ਛੋਟੇ ਨਹੀਂ ਕੀਤਾ ਜਾ ਸਕਦਾ। ਇਸੇ ਲਈ ਉਸ ਨੇ ਇਨ੍ਹਾਂ ਨੂੰ ਐਟੋਮੋਨ ਆਖਿਆ। ਐਟੋਮੋਨ ਦਾ ਅਰਥ ਹੈ—'ਉਹ ਜੋ ਹੋਰ ਅਗੇਰੇ ਵਿਭਾਜਤ ਨਾ ਕੀਤਾ ਜਾ ਸਕੇ ਜਾਂ ਵੰਡਿਆ ਨਾ ਜਾ ਸਕੇ।' ਸਾਰੇ ਪ੍ਰਮਾਣੂ ਠੋਸ ਹਨ ਅਤੇ ਆਪਣੇ ਹਿੱਸੇ ਆਉਂਦੀ ਥਾਂ ਨੂੰ ਪੂਰੀ ਤਰ੍ਹਾਂ ਮੱਲ ਲੈਂਦੇ ਹਨ। ਤੱਤ ਰੂਪ ਵਿੱਚ ਸਾਰੇ ਪ੍ਰਮਾਣੂ ਇੱਕ ਹਨ ਜਾਂ ਇੱਕੋ ਕਿਸਮ ਦੇ ਹਨ; ਪਰੰਤੂ ਇਨ੍ਹਾਂ ਦੇ ਰੂਪ ਵੱਖਰੇ ਵੱਖਰੇ ਹਨ, ਜਿਵੇਂ ਕੋਈ ਗੋਲ ਕੁਝ ਚੌਰਸ। ਇਨ੍ਹਾਂ ਦੇ ਆਕਾਰ ਵੱਡੇ ਛੋਟੇ ਹਨ। ਇਨ੍ਹਾਂ ਦੇ ਵਜ਼ਨ ਵੱਖਰੇ ਵੱਖਰੇ ਹਨ। ਇਹ ਵਖੇਵੇਂ ਵੀ ਅਨੰਤ ਹਨ।

ਵੱਖ ਵੱਖ ਰੂਪ, ਆਕਾਰ ਅਤੇ ਭਾਰ ਦੇ ਪ੍ਰਮਾਣੂ ਵੱਖ ਵੱਖ ਮਿਕਦਾਰ ਅਤੇ ਵੱਖ ਵੱਖ ਤਰਤੀਬ ਵਿੱਚ ਇਕੱਠੇ ਹੋ ਕੇ ਬ੍ਰਹਿਮੰਡ ਦੀਆਂ ਵੱਖ ਵੱਖ ਪ੍ਰਕਾਰ ਦੀਆਂ ਵਸਤੂਆਂ ਦੀ ਸਿਰਜਨਾ ਕਰ ਦਿੰਦੇ ਹਨ। ਸਾਡੀਆਂ ਗਿਆਨ ਇੰਦਰੀਆਂ ਜਦੋਂ ਵੱਖ ਵੱਖ ਪ੍ਰਕਾਰ ਦੀਆਂ ਚੀਜ਼ਾਂ ਦਾ ਅਨੁਭਵ ਪ੍ਰਾਪਤ ਕਰਦੀਆਂ ਹਨ, ਉਦੋਂ ਉਹ ਕਿਸੇ ਛਲ ਜਾਂ ਭੁਲੇਖੇ ਵਿੱਚ ਨਹੀਂ ਹੁੰਦੀਆਂ। ਬੇਸ਼ਕ ਉਹ ਪ੍ਰਮਾਣੂਆਂ ਦੇ ਮੁਢਲੇ ਰੂਪ ਸਰੂਪ ਦਾ ਗਿਆਨ ਹਾਸਲ ਨਹੀਂ ਕਰ ਰਹੀਆਂ ਹੁੰਦੀਆਂ ਤਾਂ ਵੀ ਉਹ ਹੋਂਦ ਦੇ ਇੱਕ ਵਿਕਸਿਤ ਰੂਪ ਦਾ ਜਾਂ ਅਨੇਕਾਂ ਵਿਕਸਿਤ ਰੂਪਾਂ ਦਾ ਗਿਆਨ ਪ੍ਰਾਪਤ ਕਰ ਰਹੀਆਂ ਹੁੰਦੀਆਂ ਹਨ। ਇਸ ਲਈ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਗਿਆਨ ਭਰੋਸੇਯੋਗ ਹੈ। ਇਹ ਭੁਲੇਖਾ ਨਹੀਂ, ਸਗੋਂ ਗਿਆਨ ਇੰਦਰੀਆਂ ਹੀ ਗਿਆਨ ਦਾ ਇੱਕੋ ਇੱਕ ਵਿਗਿਆਨਕ ਸਾਧਨ ਹਨ।

ਨਾ ਤਾਂ ਪਰਮੀਨਾਈਡੀਜ਼ ਨੇ ਹੋਂਦ ਦੇ ਮੁੱਢਲੇ ਰੂਪ ਸਰੂਪ ਨੂੰ ਚੇਤਨ ਸੱਤਾ ਆਖਿਆ ਸੀ ਅਤੇ ਨਾ ਹੀ 'ਹੋਂਦ ਦੇ ਕਿਸੇ ਕਰਤਾ ਜਾਂ ਰਚਣਹਾਰ' ਦਾ ਜ਼ਿਕਰ ਕੀਤਾ ਸੀ। ਏਸੇ ਤਰ੍ਹਾਂ ਡਿਮਾਕ੍ਰੀਟੱਸ ਨੇ ਵੀ ਚੇਤਨਾ ਦਾ ਜ਼ਿਕਰ ਨਹੀਂ ਕੀਤਾ ਅਤੇ ਪ੍ਰਮਾਣੂਆਂ ਦੀ ਉਤਪਤੀ ਦੀ ਗੱਲ ਵੀ ਨਹੀਂ ਛੇੜੀ। ਉਹ ਇਨ੍ਹਾਂ ਨੂੰ ਅਨਾਦੀ ਅਤੇ ਅਨੰਤ ਮੰਨਦਾ ਸੀ—ਇਹ ਸਦਾ ਤੋਂ ਹਨ ਅਤੇ ਸਦਾ ਲਈ ਰਹਿਣਗੇ।

ਡਿਮਾਕ੍ਰੀਟੱਸ ਦਾ ਕਹਿਣਾ ਹੈ ਕਿ ਸਾਰੇ ਐਟਮ ਅਸਲੇ ਵਜੋਂ ਇੱਕ ਹੋਣ ਦੇ ਬਾਵਜੂਦ ਰੂਪ, ਆਕਾਰ ਵਜੋਂ ਵੱਖ ਵੱਖ ਹਨ। ਇਨ੍ਹਾਂ ਦੇ ਇਕੱਠਾਂ ਵਿੱਚ ਇਨ੍ਹਾਂ ਦੀ ਗਿਣਤੀ ਵੱਧ ਘੱਟ ਹੈ। ਪਾਣੀ ਅਤੇ ਲੋਹੇ ਦੇ ਪ੍ਰਮਾਣੂ ਇੱਕੋ ਅਸਲੇ ਤੋਂ ਬਣੇ ਹੋਏ ਪ੍ਰਮਾਣੂ ਹੁੰਦਿਆਂ ਹੋਇਆਂ, ਉਨ੍ਹਾਂ ਵਿੱਚ ਇਹ ਫ਼ਰਕ ਹੈ ਕਿ ਪਾਣੀ ਦੇ ਪ੍ਰਮਾਣੂ ਗੋਲ ਅਤੇ ਮੁਲਾਇਮ ਹੋਣ ਕਰਕੇ ਏਧਰ ਓਧਰ ਵਹਿ ਤੁਰਦੇ ਹਨ। ਲੋਹੇ ਦੇ ਐਟਮ ਖੁਰਦਰੇ ਅਤੇ ਨੋਕੀਲੇ ਹੋਣ ਕਰਕੇ ਇੱਕ ਦੂਜੇ ਵਿੱਚ ਚੰਗੀ ਤਰ੍ਹਾਂ ਫਸ ਜਾਂਦੇ ਹਨ। ਪ੍ਰਮਾਣੂਆਂ ਦੇ ਇਕੱਠਾਂ ਤੋਂ ਸੂਰਜ, ਚੰਦ, ਤਾਰੇ ਅਤੇ ਧਰਤੀਆਂ ਬਣੀਆਂ ਹਨ। ਜਿਸ ਤਰ੍ਹਾਂ ਪ੍ਰਮਾਣੂ ਅਤੇ ਸਪੇਸ ਜਾਂ ਪੁਲਾੜ ਅਨਾਦੀ ਹਨ, ਉਸੇ ਤਰ੍ਹਾਂ ਪ੍ਰਮਾਣੂਆਂ ਦੀ

ਹਰਕਤ ਵੀ ਅਨਾਦੀ ਹੈ। ਅਨਾਦੀ ਅਤੇ ਅਨੰਤ ਦਾ ਕੋਈ ਮਨੋਰਥ ਨਹੀਂ ਕਿਆਸਿਆ ਜਾ ਸਕਦਾ। ਸਾਡੀ ਸ੍ਰਿਸ਼ਟੀ ਕਿਸੇ ਮਨੋਰਥ ਨਾਲ ਹੋਂਦ ਵਿੱਚ ਨਹੀਂ ਆਈ। ਇਹ ਐਵੇਂ ਹਾਦਸਾ ਜਾਂ ਅਚਾਨਕ ਵਾਪਰੀ ਹੋਈ ਘਟਨਾ ਵੀ ਨਹੀਂ। ਇਹ ਸਭ ਕੁਝ ਨੇਮਾਂ ਦੇ ਅਧੀਨ ਹੋਇਆ ਹੈ। ਹਰਕਤ ਅਤੇ ਸੰਜੋਗ-ਵਿਜੋਗ ਪ੍ਰਮਾਣੂਆਂ ਦੇ ਅਸਲੇ ਵਿੱਚ ਹੈ।

ਪ੍ਰਮਾਣੂ ਅਨਾਦੀ ਅਤੇ ਅਨੰਤ ਹਨ, ਇਸ ਲਈ ਇਹ ਕਹਿਣਾ ਠੀਕ ਹੈ ਕਿ ਅੰਤਲੇ ਰੂਪ ਵਿੱਚ ਕੁਝ ਉਪਜਦਾ ਬਿਨਸਦਾ ਨਹੀਂ; ਪਰ ਸਦਾ ਨਵੇਂ ਸੰਜੋਗਾਂ ਰਾਹੀਂ ਨਵੀਆਂ ਵਸਤੂਆਂ ਦੀ ਉਤਪਤੀ ਕਰਦੇ ਰਹਿਣਾ ਐਟਮਾਂ ਦਾ ਖਾਸਾ ਹੈ। ਇਸ ਲਈ ਅਸੀਂ ਸਦਾ ਹੀ ਕੁਝ ਉਪਜਦਾ ਬਿਨਸਦਾ ਵੇਖਦੇ ਰਹਿੰਦੇ ਹਾਂ। ਇਹ ਸਾਡੀਆਂ ਗਿਆਨ ਇੰਦਰੀਆਂ ਦਾ ਭਰਮ ਨਹੀਂ, ਸਗੋਂ ਸਾਹਮਣੇ ਵਾਪਰਦੀ ਅਸਲੀਅਤ ਦਾ ਗਿਆਨ ਹੈ।

ਡਿਮਾਕ੍ਰੀਟੱਸ ਦਾ ਖ਼ਿਆਲ ਸੀ ਕਿ ਮਨੁੱਖ ਦੀ ਰੂਹ ਜਾਂ ਆਤਮਾ ਵੀ ਐਟਮਾਂ ਤੋਂ ਬਣੀ ਹੋਈ ਹੈ। ਜਿਸਮ ਦੇ ਹਰ ਹਿੱਸੇ ਵਿੱਚ ਰੂਹ ਦਾ ਨਿਵਾਸ ਹੈ। ਹਰ ਦੋ ਪ੍ਰਮਾਣੂਆਂ ਵਿਚਕਾਰ ਇੱਕ ਪ੍ਰਮਾਣੂ ਰੂਹ ਦਾ ਹੁੰਦਾ ਹੈ। ਰੂਹ ਦੇ ਪ੍ਰਮਾਣੂ ਗੋਲ ਅਤੇ ਮੁਲਾਇਮ ਹਨ। ਇਹ ਅੱਗ ਦੇ ਪ੍ਰਮਾਣੂਆਂ ਨਾਲ ਰਲਦੇ ਮਿਲਦੇ ਹਨ। ਸਰੀਰ ਦੇ ਵੱਖ ਵੱਖ ਹਿੱਸਿਆਂ ਵਿੱਚ ਸਮਾਅ ਕੇ ਰੂਹ ਵੱਖ ਵੱਖ ਕੰਮ ਕਰਦੀ ਹੈ। ਸਿਰ ਨੂੰ ਸੋਚਣ, ਦਿਲ ਨੂੰ ਗ਼ੁੱਸਾ ਕਰਨ ਅਤੇ ਜਿਗਰ ਨੂੰ ਇੱਛਾ ਕਰਨ ਦੀ ਕਾਰੇ ਲਾਉਂਦੀ ਹੈ। ਸਾਹ ਲੈਣ ਨਾਲ ਨਵੇਂ ਐਟਮ ਸਾਡੇ ਅੰਦਰ ਜਾ ਕੇ ਉਨ੍ਹਾਂ ਦੀ ਥਾਂ ਲੈਂਦੇ ਹਨ, ਜਿਹੜੇ ਸਾਹ ਬਾਹਰ ਕੱਢਣ ਨਾਲ ਸਾਡੇ ਵਿੱਚੋਂ ਨਿਕਲ ਜਾਂਦੇ ਹਨ। ਜਦੋਂ ਸਾਹ ਲੈਣਾ ਬੰਦ ਹੋ ਜਾਂਦਾ ਹੈ, ਉਦੋਂ ਆਦਮੀ ਦੀ ਮੌਤ ਹੋ ਜਾਂਦੀ ਹੈ ਅਤੇ ਸਰੀਰ ਦੇ ਨਾਲ ਹੀ ਰੂਹ ਦੀ ਮੌਤ ਹੋ ਜਾਂਦੀ ਹੈ।

ਡਿਮਾਕ੍ਰੀਟੱਸ ਨੇ ਇਹ ਦੱਸਣ ਦਾ ਵੀ ਜਤਨ ਕੀਤਾ ਕਿ—ਅਸੀਂ ਵੇਖਦੇ, ਸੁਣਦੇ, ਚੱਖਦੇ, ਸੁੰਘਦੇ ਅਤੇ ਛੁੰਹਦੇ ਕਿਸ ਤਰ੍ਹਾਂ ਹਾਂ। ਉਸ ਦੇ ਖ਼ਿਆਲ ਵਿੱਚ ਇਹ ਸਭ ਕੁਝ ਪ੍ਰਮਾਣੂਆਂ ਦੇ ਕਾਰਨ ਹੁੰਦਾ ਹੈ। ਵੱਖ ਵੱਖ ਸਵਾਦਾਂ ਲਈ ਵੱਖ ਵੱਖ ਰੂਪ ਅਤੇ ਆਕਾਰ ਦੇ ਪ੍ਰਮਾਣੂ ਜ਼ਿੰਮੇਦਾਰ ਹਨ। ਮੋਟੀ ਪਤਲੀ, ਉੱਚੀ ਨੀਵੀਂ ਆਵਾਜ਼ ਪ੍ਰਮਾਣੂਆਂ ਦੇ ਰੂਪ ਸਰੂਪ ਕਾਰਨ ਹੈ ਅਤੇ ਰੰਗਾਂ ਦਾ ਵਖੇਵਾਂ ਵੀ ਪ੍ਰਮਾਣੂਆਂ ਦੇ ਰੂਪ ਆਕਾਰ ਦਾ ਉਪਜਾਇਆ ਹੋਇਆ ਹੈ।

ਇਸ ਵਿਚਾਰਵਾਨ ਨੇ ਪਸ਼ੂ-ਵਿਗਿਆਨ, ਬਨਸਪਤੀ ਵਿਗਿਆਨ, ਭੂਗੋਲ ਅਤੇ ਖਗੋਲ ਆਦਿਕ ਕਈ ਵਿਸ਼ਿਆਂ ਉੱਤੇ ਆਪਣੇ ਵਿਚਾਰ ਦੱਸੇ ਹਨ। ਇਹ ਪਹਿਲਾ ਆਦਮੀ ਸੀ ਜਿਸ ਨੇ ਰੰਗਾਂ ਬਾਰੇ ਲਿਖਿਆ ਅਤੇ ਦੱਸਿਆ ਕਿ ਕੁਝ ਇੱਕ ਬੁਨਿਆਦੀ ਰੰਗਾਂ ਦੇ ਮਿਸ਼ਰਣ ਤੋਂ ਹੋਰ ਰੰਗ ਬਣਦੇ ਹਨ। ਇਹ ਮਨ ਨੂੰ ਰੂਹ ਦੇ ਪ੍ਰਮਾਣੂਆਂ ਦਾ ਸ਼ੁੱਧ ਅਤੇ ਪਕੇਰਾ ਰੂਪ ਮੰਨਦਾ ਸੀ।

ਦੇਵੀ ਦੇਵਤਿਆਂ ਬਾਰੇ ਉਸ ਦੀ ਰਾਏ ਸੀ ਕਿ—ਮਨੁੱਖ ਨੇ ਇਸ ਧਰਤੀ ਉਤਲੇ ਗੁੰਝਲਦਾਰ ਵਰਤਾਰਿਆਂ ਨੂੰ ਬਿਆਨ ਕਰਨ ਲਈ ਇਨ੍ਹਾਂ ਦੀ ਕਲਪਨਾ ਕੀਤੀ ਹੈ। ਮਨੁੱਖ ਨੂੰ ਪਤਾ ਨਹੀਂ ਕਿ ਤੂਫ਼ਾਨ ਕਿਉਂ ਆਉਂਦੇ ਹਨ, ਜੁਆਲਾਮੁਖੀ ਕਿਉਂ ਫੁੱਟਦੇ ਹਨ, ਬਿਜਲੀ ਕਿਉਂ ਕੜਕਦੀ ਹੈ। ਇਹੋ ਜਿਹੇ ਸਾਰੇ ਪ੍ਰਸ਼ਨ ਅਣਜੁਆਬੇ ਨਾ ਰਹਿ ਜਾਣ, ਇਸ ਖ਼ਿਆਲ ਨਾਲ ਦੇਵੀ ਦੇਵਤੇ ਕਲਪ ਲਏ ਗਏ ਹਨ।

ਡਿਮਾਕ੍ਰੀਟੱਸ ਸ੍ਰਿਸ਼ਟੀ ਨੂੰ ਕਿਸੇ ਮਨੋਰਥ ਨਾਲ ਹੋਂਦ ਵਿੱਚ ਆਈ ਹੋਈ ਨਹੀਂ ਸੀ ਮੰਨਦਾ। ਉਸ ਦਾ ਖ਼ਿਆਲ ਸੀ ਕਿ ਮਨੋਰਥ ਨਾਲ ਸਿਰਫ਼ ਕੰਮ ਕੀਤੇ ਜਾਂਦੇ ਹਨ, ਘਟਨਾਵਾਂ ਕਿਸੇ ਮਨੋਰਥ ਨਾਲ ਨਹੀਂ ਵਾਪਰਦੀਆਂ। ਸ੍ਰਿਸ਼ਟੀ ਰਚਨਾ ਕਿਸੇ ਕਰਤਾ ਦਾ ਕੰਮ ਨਹੀਂ, ਇਹ ਅਨਾਦੀ

ਹੈ; ਸਦਾ ਤੋਂ ਹੈ, ਸਦਾ ਰਹੇਗੀ। ਪ੍ਰਮਾਣੂੰ ਅਤੇ ਪੁਲਾੜ ਕਦੇ ਉਪਜਦੇ ਬਿਨਸਦੇ ਨਹੀਂ। ਇਸ ਸ੍ਰਿਸ਼ਟੀ ਵਿੱਚ (ਕਿਸੇ ਕਰਤਾ ਦੀ ਇੱਛਾ ਤੋਂ ਬਿਨਾਂ) ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਉਹ ਕਿਸੇ ਉਦੇਸ਼ ਜਾਂ ਮਨੋਰਥ ਨਾਲ ਨਹੀਂ ਵਾਪਰਦੀਆਂ। ਘਟਨਾਵਾਂ ਤੋਂ ਪਿੱਛੋਂ ਘਟਨਾਵਾਂ ਦੇ ਪ੍ਰਭਾਵ ਉਪਜਦੇ ਹਨ। ਘਟਨਾਵਾਂ ਉਨ੍ਹਾਂ ਪ੍ਰਭਾਵਾਂ ਨੂੰ ਉਵੇਂ ਹੀ ਪੈਦਾ ਕਰਦੀਆਂ ਹਨ, ਜਿਵੇਂ ਉਹ ਆਪ ਪਦਾਰਥ ਦੇ ਨੇਮਾਂ ਅਨੁਸਾਰ ਪੈਦਾ ਹੋਈਆਂ ਹੁੰਦੀਆਂ ਹਨ। ਉਦੇਸ਼ ਕੰਮ ਤੋਂ ਪਹਿਲਾਂ ਜਨਮ ਲੈਂਦਾ ਹੈ ਅਤੇ ਕੰਮ ਦੀ ਰੂਪ-ਰੇਖਾ ਨਿਸਚਿਤ ਕਰਦਾ ਹੈ। ਉਦੇਸ਼ ਭਵਿੱਖ ਵਿਚਲੀ ਕੋਈ ਖਿੱਚ ਹੈ। ਘਟਨਾਵਾਂ ਸਾਹਮਣੇ ਅਜੇਹੀ ਕੋਈ ਖਿੱਚ ਨਹੀਂ ਹੁੰਦੀ। ਉਨ੍ਹਾਂ ਨੂੰ ਪਦਾਰਥਕ ਨੇਮਾਂ ਦੀ ਮਸ਼ੀਨੀ (ਮਕੈਨੀਕਲ) ਢੰਗ ਦੀ ਤਾਕਤ ਅਗੇਰੇ ਧੱਕ ਰਹੀ ਹੁੰਦੀ ਹੈ।

ਪਦਾਰਥਕ ਨੇਮਾਂ ਅਨੁਸਾਰ (ਮਕੈਨੀਕਲੀ) ਹੋਂਦ ਵਿੱਚ ਆਏ ਚੇਤਨ ਜੀਵ ਆਪਣੇ ਕੰਮਾਂ ਦੇ ਮਨੋਰਥ ਥਾਪਦੇ ਹਨ। ਚੇਤਨ ਜੀਵਨ ਦਾ ਮਨੋਰਥ ਆਨੰਦ ਹੈ। ਆਨੰਦ ਮਨ ਦੀ ਸ਼ਾਂਤੀ, ਨਿਰਭੈਤਾ, ਟਿਕਾਓ ਅਤੇ ਗਿਆਨ ਦੀ ਅਵਸਥਾ ਹੈ। ਗਿਆਨ ਤੋਂ ਭਾਵ ਹੈ ਅੰਧਵਿਸ਼ਵਾਸ ਤੋਂ, ਅਵਿਗਿਆਨਕ ਵਹਿਮਾਂ-ਭਰਮਾਂ ਤੋਂ ਅਤੇ ਅੰਨ੍ਹੀ ਸ਼ਰਧਾ ਵੱਸ ਅਣਪੜਚੋਲੇ ਸਿਧਾਂਤਾਂ ਨੂੰ ਮੰਨੀ ਜਾਣ ਤੋਂ ਛੁਟਕਾਰਾ। ਆਨੰਦ ਪਦਾਰਥਕ ਭੋਗਾਂ ਦੇ ਸੁਖ ਤੋਂ ਵੱਖਰੀ ਵਸਤੂ ਹੈ। ਇਸ ਦੀ ਪ੍ਰਾਪਤੀ ਲਈ ਸਿਆਣਪ ਅਤੇ ਸੰਜਮ ਤੋਂ ਕੰਮ ਲੈਣ ਦੀ ਲੋੜ ਹੈ। ਸਿਆਣਪ ਅਤੇ ਸੰਜਮ ਵਿੱਦਿਆ ਅਤੇ ਅਭਿਆਸ ਨਾਲ ਪ੍ਰਾਪਤ ਹੁੰਦੇ ਹਨ।

ਪੁਸ਼ਪੇਂਦ੍ਰ, ਉਤਸੁਕਤਾ-ਵੱਸ ਮੈਂ ਇਹ ਪੱਤ੍ਰ ਲਿਖ ਤਾਂ ਲਿਆ, ਪਰ ਪਿੱਛੋਂ ਸੋਚਿਆ ਕਿ ਤੈਨੂੰ ਪੋਸਟ ਕਰਨ ਤੋਂ ਪਹਿਲਾਂ ਪਾਪਾ ਨੂੰ ਵਿਖਾ ਲਵਾਂ। ਪੱਤ੍ਰ ਪੜ੍ਹ ਕੇ ਉਨ੍ਹਾਂ ਨੇ ਕਿਹਾ, "ਬੇਟਾ ਜੀ, ਡਿਮਾਕ੍ਰੀਟੱਸ ਬਾਰੇ ਕੀਤੀ ਹੋਈ ਗੱਲ ਓਨਾ ਚਿਰ ਅਧੂਰੀ ਹੈ ਜਿੰਨਾ ਚਿਰ ਇਹ ਨਾ ਦੱਸ ਲਈਏ ਕਿ—(1) ਪ੍ਰਮਾਣੂੰਆਂ ਬਾਰੇ ਸਾਡੇ ਅਜੋਕੇ ਗਿਆਨ ਦੀ ਦ੍ਰਿਸ਼ਟੀ ਤੋਂ ਵੇਖਿਆਂ ਬਿਲਕੁਲ ਕੱਚੀਆਂ ਗੱਲਾਂ ਕਰਦਾ ਹੋਇਆ ਵੀ ਇਹ ਆਦਮੀ ਅਜੋਕੇ ਪ੍ਰਮਾਣੂੰ-ਵਿਗਿਆਨ ਦਾ ਮੋਢੀ ਅਤੇ ਵਿਗਿਆਨਕ ਵਿਚਾਰਵਾਨ ਕਿਉਂ ਮੰਨਿਆ ਜਾਵੇ, (2) ਇਸ ਨੇ ਆਉਣ ਵਾਲੇ ਵਿਚਾਰਵਾਨਾਂ ਉੱਤੇ ਕੀ ਪ੍ਰਭਾਵ ਪਾਇਆ, (3) ਭਾਰਤੀ ਸੋਚ ਨਾਲ ਇਸ ਦਾ ਕੋਈ ਸੰਬੰਧ ਹੈ ਜਾਂ ਨਹੀਂ।"

"ਇਹ ਤੁਸੀਂ ਦੱਸੋ। ਮੈਂ ਸ਼ਾਇਦ ਅਜੇਹਾ ਨਾ ਕਰ ਸਕਾਂ।"

"ਇਹ ਤੁਹਾਡੀ ਬਰਖ਼ੁਰਦਾਰੀ ਅਤੇ ਨਿੰਮਰਤਾ ਹੈ, ਬੇਟਾ ਜੀ! ਤਾਂ ਵੀ ਮੈਂ ਵਾਰੀ ਵਾਰੀ ਇਨ੍ਹਾਂ ਗੱਲਾਂ ਬਾਰੇ ਵਿਚਾਰ ਕਰਦਾ ਹਾਂ। ਇਹ ਪ੍ਰਮਾਣੂੰਵਾਦ ਦਾ ਮੋਢੀ ਹੋਣ ਦੇ ਨਾਲ ਨਾਲ ਪ੍ਰਮਾਣੂੰ-ਵਿਗਿਆਨ ਦਾ ਮੋਢੀ ਇਸ ਲਈ ਹੈ ਕਿ ਪ੍ਰਮਾਣੂੰ ਬਾਰੇ ਕੀਤੀਆਂ ਹੋਈਆਂ ਇਸ ਦੀਆਂ ਗੱਲਾਂ ਕਿਸੇ ਸਬੂਤ ਜਾਂ ਤਜਰਬੇ ਉੱਤੇ ਆਧਾਰਿਤ ਨਾ ਹੁੰਦਿਆਂ ਹੋਇਆਂ ਵੀ ਅਜੋਕੀ ਪ੍ਰਮਾਣੂੰ ਖੋਜ ਦਾ ਆਧਾਰ ਬਣ ਗਈਆਂ ਹਨ। ਇਸ ਨੇ ਪ੍ਰਮਾਣੂੰਆਂ ਨੂੰ ਅਸਲੇ ਵਜੋਂ ਇੱਕੋ ਜੇਹੇ ਦੱਸਦਿਆਂ ਹੋਇਆਂ ਉਨ੍ਹਾਂ ਦੇ ਰੂਪ, ਆਕਾਰ ਅਤੇ ਵਜ਼ਨ ਦੀ ਭਿੰਨਤਾ ਬਾਰੇ ਜੋ ਕੁਝ ਆਖਿਆ ਸੀ, ਉਹ ਹੂ-ਬ-ਹੂ ਠੀਕ ਭਾਵੇਂ ਨਹੀਂ ਤਾਂ ਵੀ ਬੀਜ ਰੂਪ ਵਿੱਚ ਠੀਕ ਸੀ ਅਤੇ ਹੁਣ ਇਸ ਦੇ ਸਬੂਤ ਲੱਭ ਲਏ ਗਏ ਹਨ। ਇਸ ਨੇ ਠੋਸ ਪ੍ਰਮਾਣੂੰਆਂ ਅਤੇ ਖ਼ਾਲੀ ਥਾਂ ਬਾਰੇ ਜੋ ਕਿਹਾ ਸੀ, ਉਹ ਵਿਗਿਆਨਕਾਂ ਅਤੇ ਦਾਰਸ਼ਨਿਕਾਂ ਲਈ ਇੱਕੋ ਜੇਹੀ ਚੁਨੌਤੀ ਬਣਿਆ ਰਿਹਾ ਹੈ। ਡਕਾਰਟੀ, ਲਿਬਨੀਜ਼ ਅਤੇ ਆਈਨਸਟਾਈਨ ਤਕ ਵਿਗਿਆਨੀਆਂ ਨੇ ਸਪੇਸ ਤੇ ਪ੍ਰਮਾਣੂੰਆਂ ਦੇ ਸੰਬੰਧ ਬਾਰੇ ਸੋਚਣਾ ਜਾਰੀ ਰੱਖਿਆ ਹੈ। ਰੈਲੇਟਿਵਟੀ ਦਾ ਸਿਧਾਂਤ ਇਸੇ ਵਿਗਿਆਨੀ ਦੇ ਉਠਾਏ ਪ੍ਰਸ਼ਨਾਂ ਦੇ ਉੱਤਰ ਵਜੋਂ ਹੋਂਦ ਵਿੱਚ ਆਇਆ ਹੈ। ਇਹ ਪਹਿਲਾ ਅਜੇਹਾ ਦਾਰਸ਼ਨਿਕ ਅਤੇ

ਵਿਗਿਆਨੀ ਸੀ, ਜਿਸ ਨੇ ਕਿਸੇ ਵੀ ਪਰਾ-ਸਰੀਰਕ ਸੱਤਾ ਜਾਂ ਚੇਤਨਾ ਨੂੰ ਆਪਣੇ ਵਿਚਾਰ-ਪ੍ਰਬੰਧ ਦਾ ਹਿੱਸਾ ਨਹੀਂ ਮੰਨਿਆ। ਇਸ ਨੇ ਪਹਿਲੀ ਵੇਰ ਭੌਤਕ ਨੇਮਾਂ ਦੀ ਸਰਦਾਰੀ ਦੀ ਗੱਲ ਕੀਤੀ ਹੈ। ਇਸ ਨੇ ਮਨੁੱਖ ਨੂੰ ਇਹ ਦੱਸਣ ਦੀ ਪਹਿਲ ਕੀਤੀ ਸੀ ਕਿ ਤੇਰੇ ਜੀਵਨ ਦਾ ਮਨੋਰਥ ਇਸ ਜੀਵਨ ਤੋਂ ਪਰੇ ਨਹੀਂ, ਸਗੋਂ ਇਸੇ ਧਰਤੀ ਉੱਤੇ ਇਸੇ ਜੀਵਨ ਵਿੱਚ ਹੈ, ਜਿਸ ਦੀ ਪ੍ਰਾਪਤੀ ਤੂੰ ਜੀਊਂਦੇ ਜੀ ਕਰਨੀ ਹੈ। ਤੇਰੀ ਮੌਤ ਪਿੱਛੋਂ ਤੇਰਾ ਕੁਝ ਬਾਕੀ ਨਹੀਂ ਰਹਿਣਾ, ਜਿਸ ਨੇ ਤੇਰੇ ਕੀਤੇ ਦਾ ਇਨਾਮ ਜਾਂ ਦੰਡ ਭੋਗਣਾ ਹੈ।

"ਡਿਮਾਕ੍ਰੀਟੱਸ ਦੇ ਸਿਧਾਂਤਾਂ ਦੇ ਆਧਾਰ ਉੱਤੇ ਐਪੀਕਿਊਰਸ ਨੇ ਆਪਣੇ ਸਿਧਾਂਤ ਦੀ ਉਸਾਰੀ ਕੀਤੀ। ਬੁੱਧ ਜੀ ਡਿਮਾਕ੍ਰੀਟੱਸ ਨਾਲੋਂ ਸੌ ਕੁ ਸਾਲ ਪਹਿਲਾਂ ਪੈਦਾ ਹੋਏ ਸਨ। ਇਸ ਦੀਆਂ ਗੱਲਾਂ ਉਨ੍ਹਾਂ ਦੇ ਉਪਦੇਸ਼ਾਂ ਨਾਲ ਮੇਲ ਖਾਂਦੀਆਂ ਹਨ। ਬੁੱਧ ਜੀ ਦੇ ਸਮੇਂ ਹੀ ਜੈਨ ਮੱਤ ਵਾਲੇ ਜੀਵਾਂ ਦੀ ਅਨੇਕਤਾ ਅਤੇ ਬ੍ਰਹਿਮੰਡ ਦੀ ਅਨੰਤਤਾ ਅਤੇ ਅਨਾਦਿਤਾ ਦੀ ਗੱਲ ਕਰ ਰਹੇ ਸਨ। ਹੋ ਸਕਦਾ ਹੈ ਭਿਖ਼ਸ਼ੂਆਂ ਅਤੇ ਵਾਪਾਰੀਆਂ ਰਾਹੀਂ ਇਹ ਵਿਚਾਰ ਏਧਰੋਂ ਯੂਨਾਨ ਵੱਲ ਚਲੇ ਗਏ ਹੋਣ। ਬੁੱਧ ਜੀ ਨੇ ਕਿਸੇ ਸਿਧਾਂਤ ਨੂੰ ਲਿਖਤੀ ਰੂਪ ਨਹੀਂ ਸੀ ਦਿੱਤਾ। ਬੌਧ-ਸਾਹਿਤ ਉਨ੍ਹਾਂ ਤੋਂ ਢੇਰ ਚਿਰ ਪਿੱਛੋਂ ਹੋਂਦ ਵਿੱਚ ਆਇਆ ਮੰਨਿਆ ਜਾਂਦਾ ਹੈ। ਇਸ ਲਈ ਇਹ ਵੀ ਕਿਹਾ ਜਾ ਸਕਦਾ ਹੈ ਕਿ ਬੁੱਧ ਜੀ ਦੇ ਪਦਾਰਥਵਾਦ ਨਾਲ ਮੇਲ ਖਾਂਦੇ ਹੋਣ ਕਰ ਕੇ ਡਿਮਾਕ੍ਰੀਟੱਸ ਅਤੇ ਐਪੀਕਿਊਰਸ ਦੇ ਸਿਧਾਂਤਾਂ ਨੂੰ ਬੋਧੀ ਸਿਧਾਂਤਕਾਰਾਂ ਨੇ ਅਪਣਾਇਆ ਅਤੇ ਵਿਕਸਾਇਆ। ਡਿਮਾਕ੍ਰੀਟੱਸ ਵਿੱਚ ਮਨ ਦਾ ਓਨਾ ਵਿਸਥਾਰ ਨਹੀਂ ਮਿਲਦਾ, ਜਿੰਨਾ ਬੁੱਧ ਮੱਤ ਦੇ ਸਾਹਿਤ ਵਿੱਚ ਮਿਲਦਾ ਹੈ। ਮੈਨੂੰ ਇਹ ਕਹਿਣ ਵਿੱਚ ਖ਼ੁਸ਼ੀ ਹੁੰਦੀ ਹੈ ਕਿ ਦੂਰ-ਦੁਰਾਡੇ ਦੇਸ਼ਾਂ ਵਿੱਚ ਵਿਕਸਣ ਵਾਲੀਆਂ ਸੋਚਾਂ ਵਿੱਚ ਡੂੰਘੀ ਸਾਂਝ ਸੀ, ਇੱਕ ਦੂਜੀ ਦਾ ਸਤਿਕਾਰ ਸੀ, ਇੱਕ ਦੂਜੀ ਕੋਲੋਂ ਕੁਝ ਲੈਣ ਦੀ ਰੀਝ ਸੀ; ਕਿਉਂਜੁ ਦੋਵੇਂ ਸੋਚਾਂ ਮਨੁੱਖ ਦੁਆਰਾ ਸੋਚੀਆਂ ਗਈਆਂ ਸਨ। ਸੋਚਾਂ ਦੇ ਇਸ ਆਦਾਰ-ਪਰਦਾਨ ਦੇ ਰਾਹ ਵਿੱਚ, ਉਸ ਸਮੇਂ ਕੌਮੀ ਗ਼ੈਰਤ ਅਤੇ ਧਾਰਮਕ ਸੰਕੀਰਣਤਾ ਦੀਆਂ ਕਠੋਰ ਕੰਧਾਂ ਨਹੀਂ ਸਨ ਹੁੰਦੀਆਂ ਜਾਂ ਘੱਟ ਹੁੰਦੀਆਂ ਸਨ। ਉਂਜ ਵੀ ਡਿਮਾਕ੍ਰੀਟੱਸ ਦਾ ਸੋਚਣ ਢੰਗ ਅਧਿਆਤਮਵਾਦ ਦੀ ਮਿਲਾਵਟ ਤੋਂ ਮੁਕਤ ਹੋਣ ਕਰਕੇ ਆਧੁਨਿਕ ਸਾਇੰਸ ਵਾਂਗ ਸਰਬ ਸਾਂਝਾ ਅਤੇ ਵਿਸ਼ਵ-ਵਿਆਪਕਤਾ ਦੇ ਗੁਣਾਂ ਵਾਲਾ ਸੀ। ਗਿਆਨ ਇੰਦਰੀਆਂ ਨੂੰ ਗਿਆਨ ਦਾ ਭਰੋਸੇਯੋਗ ਸਾਧਨ ਕਹਿ ਕੇ ਡਿਮਾਕ੍ਰੀਟੱਸ ਨੇ ਨਿਗਮਨੀ ਤਰਕ ਵਿਧੀ ਦੀ ਥਾਂ ਆਗਮਨੀ ਤਰਕ ਵਿਧੀ ਅਪਣਾਉਣ ਦੀ ਹੱਲਾਸ਼ੇਰੀ ਦਿੱਤੀ। ਪਹਿਲਾਂ ਮਿਥੇ ਸੱਚ ਤੋਂ ਆਰੰਭ ਹੋਣ ਵਾਲੀ ਸੋਚ ਨਾ ਤਾਂ ਆਪ ਬਹੁਤੀ ਦੂਰ ਤਕ ਜਾਂਦੀ ਹੈ ਨਾ ਹੀ ਕਿਸੇ ਦੂਜੀ ਸੋਚ ਨਾਲ ਸਮਝੌਤਾ ਕਰਨ ਦੀ ਸਿਆਣਪ ਕਰ ਸਕਦੀ ਹੈ। ਡਿਮਾਕ੍ਰੀਟੱਸ ਨੇ ਸੋਚ ਦੀ ਸੁਤੰਤ੍ਰਤਾ ਦੀਆਂ ਜਿਹੜੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਸਨ, ਉਨ੍ਹਾਂ ਨੂੰ ਵਧਣ ਫੁੱਲਣ ਦਾ ਮੌਕਾ ਨਹੀਂ ਸੀ ਮਿਲ ਸਕਿਆ। ਈਸਾਈਅਤ ਨੇ ਮੁੜ ਨਿਗਮਨੀ ਤਰਕ ਵਿਧੀ ਦਾ ਸਾਥ ਦੇ ਕੇ ਆਗਮਨੀ ਤਰਕ ਵਿਧੀ ਦੇ ਵਿਕਾਸ ਨੂੰ ਲੱਗਪੱਗ ਦੋ ਹਜ਼ਾਰ ਸਾਲ ਪਿੱਛੇ ਪਾ ਦਿੱਤਾ।"

ਤੇਰੇ ਪੱਤ੍ਰ ਦੇ ਅੰਤ ਵਿੱਚ ਪੁੱਛੇ ਗਏ ਪ੍ਰਸ਼ਨ ਦੇ ਉੱਤਰ ਵਿੱਚ ਕੇਵਲ ਏਹੋ ਕਹਿ ਸਕਦੀ ਹਾਂ ਕਿ ਹੁਣ ਸੋਚਣ, ਕਹਿਣ ਅਤੇ ਕਰਨ ਦੀ ਸਮਰਥਾ ਜੇ ਨਾ ਵੀ ਹੋਈ ਤਾਂ ਵੀ ਤੇਰਾ ਯੋਗਦਾਨ ਘੱਟ ਨਹੀਂ ਹੋਵੇਗਾ। ਨੀਲੂ ਜੀ ਦੇ ਵਿਚਾਰ ਤੇਰੇ ਰਾਹੀਂ ਸਾਡੇ ਤਕ ਪੁੱਜਣੇ ਕੋਈ ਥੋੜੀ ਜੇਹੀ ਗੱਲ ਨਹੀਂ।

ਸਨੇਹਾ।

# 36

ਈਸ਼ਰ ਭਵਨ,
24.11.96.

ਸਨੇਹਾ,

ਅੱਜ ਸਵੇਰੇ ਉੱਠ ਕੇ ਅਜੇ ਨਹਾ ਧੋ ਕੇ ਵਿਹਲੀ ਹੋਈ ਹੀ ਸਾਂ ਕਿ ਸੋਨਲ ਅਤੇ ਰੂਪਲ ਨੇ ਸੁਨੇਹਾ ਆ ਦਿੱਤਾ ਕਿ ਥੱਲੇ ਹਾਲ ਵਿੱਚ ਸੁਮਿਤ ਮੇਰੀ ਉਡੀਕ ਕਰ ਰਿਹਾ ਹੈ। ਇਹ ਸੁਨੇਹਾ ਬਹੁਤ ਹੀ ਸੁਰੀਲਾ ਅਤੇ ਪਿਆਰਾ ਲੱਗਾ। ਛੇਤੀ ਛੇਤੀ ਹਾਲ ਵਿੱਚ ਪੁੱਜੀ ਤਾਂ ਸੁਮੀਤ ਨੇ ਦੱਸਿਆ ਕਿ ਨੀਲੂ ਜੀ ਨੇ ਮੈਨੂੰ ਘਰ ਬੁਲਾਇਆ ਹੈ। ਮੇਰੀ ਖ਼ੁਸ਼ੀ ਵਿੱਚ ਹੈਰਾਨੀ ਦੀ ਮਿਲਾਵਟ ਨੇ ਮੇਰੇ ਚਾਵਾਂ ਨੂੰ ਚੰਚਲ ਕਰ ਦਿੱਤਾ। ਸੋਨਲ ਅਤੇ ਰੂਪਲ ਨੂੰ ਲੈ ਕੇ ਜਦੋਂ ਅਸੀਂ ਜਾਪੂਵਾਲ ਪੁੱਜੇ ਤਾਂ ਨੀਲੂ ਜੀ ਨੇ ਦੱਸਿਆ ਕਿ ਪਾਪਾ ਦਾ ਫ਼ੋਨ ਆਇਆ ਹੈ ਕਿ ਉਹ ਮੈਨੂੰ ਮਿਲਨ ਆ ਰਹੇ ਹਨ। ਮੇਰੀ ਖ਼ੁਸ਼ੀ ਵਿਸਮਾਦ-ਰੂਪ ਹੋ ਗਈ।

ਮੈਨੂੰ ਅਤੇ ਸੁਮੀਤ ਨੂੰ ਡਾਇੰਗ-ਰੂਮ ਦੀ ਸਾਫ਼-ਸਫ਼ਾਈ ਦਾ ਕੰਮ ਸੌਂਪ ਕੇ ਨੀਲੂ ਜੀ ਕਿਚਨ ਵਿੱਚ ਚਲੇ ਗਏ। ਸੋਨਲ ਅਤੇ ਰੂਪਲ ਨੂੰ ਵੀ ਆਪਣੇ ਨਾਲ ਲੈ ਗਏ। ਜਦੋਂ ਤਕ ਅਸੀਂ ਕਮਰੇ ਦੀ ਸੈਟਿੰਗ ਦੇ ਕੰਮ ਤੋਂ ਵਿਹਲੇ ਹੋਏ, ਉਦੋਂ ਤਕ ਚਾਹ ਅਤੇ ਨਾਸ਼ਤਾ ਤਿਆਰ ਹੋ ਚੁੱਕਾ ਸੀ। ਖਾਣ ਪੀਣ ਦਾ ਸਾਮਾਨ ਡਾਇਨਿੰਗ ਟੇਬਲ ਉੱਤੇ ਰੱਖਿਆ ਜਾ ਰਿਹਾ ਸੀ ਜਦੋਂ ਪਾਪਾ, ਪਿਤਾ ਜੀ, ਪ੍ਰੋ. ਅੰਕਲ, ਦਾਮੋਦਰ ਅੰਕਲ ਅਤੇ ਆਂਟੀ ਘਰ ਵਿੱਚ ਦਾਖ਼ਲ ਹੋਏ। ਪਾਪਾ ਨੇ ਮੇਰਾ ਸਿਰ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ। ਇਸ ਤੋਂ ਪਹਿਲਾਂ ਪਾਪਾ ਮੈਨੂੰ ਇਸ ਤਰ੍ਹਾਂ ਕਦੇ ਨਹੀਂ ਸਨ ਮਿਲੇ। ਹੋਸਟਲ ਵਿੱਚੋਂ ਆਈ ਨੂੰ 'ਹੈਲੋ, ਹਊ ਆਰ ਯੂ, ਪੂਪੀ' ਕਹਿ ਕੇ ਮੁਸਕਰਾ ਛੱਡਦੇ ਸਨ। ਅੱਜ ਉਨ੍ਹਾਂ ਦੇ ਮੂੰਹੋਂ ਅਜੇਹਾ ਕੋਈ ਸ਼ਬਦ ਨਾ ਨਿਕਲਿਆ। ਮੇਰੇ ਸਿਰ ਨੂੰ ਆਪਣੀ ਹਿੱਕ ਨਾਲ ਘੁੱਟੀ ਓਨਾ ਚਿਰ ਚੁੱਪ-ਚਾਪ ਖਲੋਤੇ ਰਹੇ, ਜਿੰਨਾ ਚਿਰ ਅੰਕਲ ਜੀ ਨੇ 'ਪ੍ਰਿਥੀ, ਨਾਸ਼ਤਾ ਤਿਆਰ ਹੈ ਬਈ,' ਕਹਿ ਕੇ ਉਨ੍ਹਾਂ ਨੂੰ ਵਾਤਸੱਲਿਅ ਵਿੱਚੋਂ ਵਾਸਤਵਿਕਤਾ ਵਿੱਚ ਨਾ ਲੈ ਆਂਦਾ।

ਸਨੇਹਾ, ਇਸ ਘਰ ਦੀ ਵਾਸਤਵਿਕਤਾ ਵੀ ਵਾਤਸੱਲਿਅ ਜਿੰਨੀ ਹੀ ਉੱਚੀ, ਸੁੱਚੀ ਅਤੇ ਸੁਹਣੀ ਹੈ। ਮੈਂ ਇੱਕ ਸੁਖ ਵਿੱਚੋਂ ਦੂਜੇ ਵਿੱਚ ਦਾਖ਼ਲ ਹੋ ਗਈ।

ਏਧਰ ਓਧਰ ਦੀਆਂ ਗੱਲਾਂ ਤੋਂ ਪਿੱਛੋਂ ਦਾਮੋਦਰ ਅੰਕਲ ਨੇ ਸੁਮੀਤ ਨੂੰ ਸੰਬੋਧਨ ਕਰਦਿਆਂ ਆਖਿਆ, "ਬਰਖ਼ੁਰਦਾਰ, ਮੈਂ ਉਚੇਚਾ ਤੈਨੂੰ ਮਿਲਨ ਆਇਆ ਹਾਂ। ਤੇਰੀਆਂ ਗੱਲਾਂ ਮੈਨੂੰ ਕੁਝ ਕੁਝ ਯਾਦ ਹਨ। ਬਹੁਤ ਸਵਾਦ ਆਇਆ ਸੀ ਤੈਨੂੰ ਮਿਲ ਕੇ। ਜੀ ਕਰਦਾ ਸੀ ਤੂੰ ਬੋਲੀ ਜਾਵੇਂ ਅਤੇ ਅਸੀਂ ਸੁਣਦੇ ਰਹੀਏ। ਅੱਜ ਸਾਡੇ ਕੋਲ ਕਾਫ਼ੀ ਵਕਤ ਹੈ। ਸ਼ਾਮ ਤਕ ਏਥੇ ਰਹਾਂਗੇ। ਰਾਤ ਦੀ ਰੋਟੀ ਅਸਾਂ ਜਲੰਧਰ ਖਾਣੀ ਹੈ।"

ਸੁਮੀਤ ਨੇ ਉੱਤਰ ਦਿੱਤਾ, "ਇਹ ਸਭ ਤੁਹਾਡਾ ਵਡੱਪਣ ਹੈ, ਅੰਕਲ ਜੀ। ਮੈਂ ਤਾਂ ਬੱਚਾ ਹਾਂ; ਏਧਰੋਂ ਉਧਰੋਂ ਪੜ੍ਹੀਆਂ, ਸੁਣੀਆਂ ਗੱਲਾਂ ਤੁਹਾਡੇ ਸਾਹਮਣੇ ਦੁਹਰਾ ਲੈਂਦਾ ਹਾਂ।"

ਅੰਕਲ ਦਾਮੋਦਰ ਦਾ ਉੱਤਰ ਸੀ, "ਠੀਕ ਹੈ, ਤੂੰ ਉਮਰੋਂ ਛੋਟਾ ਹੈਂ; ਪਰ, ਤੇਰੇ ਕੋਲ ਇੱਕ ਅਨੁਭਵੀ ਮਨ ਹੈ; ਜਨਮ ਜਨਮਾਂਤਰ ਦੇ ਸ਼ੁਭ ਸੰਸਕਾਰ ਹਨ ਤੇਰੇ ਕੋਲ। ਹੋ ਸਕਦਾ ਹੈ ਤੇਰੇ ਮਨ ਦੀ ਉਮਰ ਸਾਡੇ ਨਾਲੋਂ ਲੰਮੀ ਹੋਵੇ ਅਤੇ ਅਨੁਭਵ ਸਾਡੇ ਨਾਲੋਂ ਵਿਸ਼ਾਲ ਹੋਵੇ।"

"ਖ਼ਿਮਾ ਕਰਨਾ, ਅੰਕਲ ਜੀ, ਮਨ ਦੇ ਸੰਬੰਧ ਵਿੱਚ ਮੈਂ ਤੁਹਾਡੇ ਨਾਲ ਸਹਿਮਤ ਨਹੀਂ ਹਾਂ।"

ਪਿਤਾ ਜੀ ਨੇ ਦੋਹਾਂ ਨੂੰ ਸੰਬੋਧਨ ਕਰ ਕੇ ਆਖਿਆ, "ਤੁਸੀਂ ਕੋਈ ਨਵਾਂ ਝਗੜਾ ਨਾ ਸ਼ੁਰੂ ਕਰ ਲਿਓ, ਯਾਰ।"

ਪਾਪਾ ਬੋਲੇ, "ਨਹੀਂ, ਨਹੀਂ, ਇਸ ਵਿੱਚ ਝਗੜੇ ਵਾਲੀ ਕੋਈ ਗੱਲ ਨਹੀਂ; ਬਹੁਤ ਸਵਾਦਲੀ ਵਿਚਾਰ ਹੈ। ਦੱਸ, ਬਈ ਸੁਮੀਤ, ਮਨ ਬਾਰੇ ਤੇਰੇ ਵਿਚਾਰ ਕੀ ਹਨ ?"

"ਪਰ..... ਮੇਰਾ ਮਤਲਬ ਕਿਸੇ ਤਰ੍ਹਾਂ ਦੀ ਬਹਿਸ ਨੂੰ ਛੇੜਨ ਦਾ ਨਹੀਂ। ਤੁਸੀਂ ਪੁਸ਼ਪੇਂਦ੍ਰ ਜੀ ਨੂੰ ਮਿਲਨ ਆਏ ਹੋ; ਇਹ ਸਭ ਗੱਲਾਂ ਸੁਣਨ ਨਹੀਂ ਆਏ। ਮੈਂ..... ਐਵੇਂ.....। ਚਲੋ ਛੱਡੋ.....ਤੁਸੀਂ।"

ਦਾਮੋਦਰ ਅੰਕਲ ਨੇ ਆਖਿਆ, "ਸੁਮੀਤ, ਪ੍ਰਿਥੀਪਾਲ ਬਾਰੇ ਮੈਂ ਕਹਿ ਨਹੀਂ ਸਕਦਾ, ਪਰ ਮੈਂ ਤੇਰੀਆਂ ਗੱਲਾਂ ਸੁਣਨ ਹੀ ਆਇਆ ਹਾਂ। ਇਸ ਨੇ ਵੀ ਬੇਟੀ ਨੂੰ ਮਿਲ ਲਿਆ ਹੈ। ਤੂੰ ਮਨ ਬਾਰੇ ਆਪਣੇ ਵਿਚਾਰ ਦੱਸ।"

"ਜਿਵੇਂ ਤੁਸੀਂ ਆਖੋ। ਪਹਿਲੀ ਗੱਲ ਇਹ ਕਿ ਮੈਂ ਮਨ ਦੀ ਹੋਂਦ ਨੂੰ ਸਵੀਕਾਰ ਕਰਦਾ ਹਾਂ। ਸ੍ਵੈ-ਚੇਤਨਾ, ਉਦੇਸ਼, ਇੱਛਾ ਅਤੇ ਗਿਆਨ ਆਦਿਕਾਂ ਨੂੰ ਇਸ ਦੇ ਆਧਾਰ ਮੰਨਣ ਵਿੱਚ ਵੀ ਮੈਨੂੰ ਕੋਈ ਇਤਰਾਜ਼ ਨਹੀਂ। ਪਰੰਤੂ ਮਨ ਦੀ ਪਦਾਰਥ ਤੋਂ ਵੱਖਰੀ ਜਾਂ ਸੁਤੰਤਰ ਹੋਂਦ ਮੰਨਣੀ ਮੇਰੇ ਲਈ ਮੁਸ਼ਕਿਲ ਹੈ। ਮੈਂ ਇਸ ਨੂੰ ਪੰਜ ਤੱਤਾਂ ਵਿੱਚੋਂ ਉਪਜਿਆ ਹੋਇਆ ਖ਼ਿਆਲ ਕਰਦਾ ਹਾਂ। ਦੂਜੀ ਗੱਲ ਇਹ ਕਿ ਇਹ ਜੀਵਾਂ ਦੀ ਦਿਮਾਗ਼ੀ ਚੇਤਨਾ ਦਾ ਕੁੱਲ ਜੋੜ ਹੈ। ਇਹ ਭਾਵਾਂ, ਪਰਵਿਰਤੀਆਂ, ਇੱਛਾਵਾਂ, ਸੋਚਾਂ, ਵਿਸ਼ਵਾਸਾਂ, ਬੌਧਕ ਪ੍ਰਤਿਕਿਰਿਆਵਾਂ ਅਤੇ ਪ੍ਰਾਣਾਂ ਆਦਿਕ ਦੇ ਇਕੱਠ ਨੂੰ ਦਿੱਤਾ ਹੋਇਆ 'ਇੱਕ ਨਾਂ' ਹੈ। ਹਰ ਜੀਵਧਾਰੀ ਦਾ ਮਨ ਉਸ ਦੇ ਜਨਮ ਨਾਲ ਉਪਜਦਾ, ਅਨੁਭਵ ਨਾਲ ਵਿਕਸਦਾ ਅਤੇ ਮੌਤ ਨਾਲ ਸਮਾਪਤ ਹੋ ਜਾਂਦਾ ਹੈ। ਮਨ ਦਾ, ਆਪਣੇ ਪਿਛਲੇ ਜਨਮ ਦੇ ਸੰਸਕਾਰਾਂ ਨਾਲ, ਕਿਸੇ ਅਗਲੇ ਜਨਮ ਵਿੱਚ ਜਾਣਾ ਮੇਰੇ ਮੰਨਣ ਵਿੱਚ ਨਹੀਂ ਆਉਂਦਾ।"

ਸਨੇਹਾ, ਸੁਮੀਤ ਦੀ ਗੱਲ ਸੁਣ ਕੇ ਸਾਰੇ ਸੋਚੀਂ ਪੈ ਗਏ। ਪ੍ਰੋ. ਅੰਕਲ ਦੀ ਮੱਧਮ ਮੁਸਕਰਾਹਟ ਬਹੁਤ ਮਨੋਹਰ ਲੱਗ ਰਹੀ ਸੀ। ਈਸ਼ਵਰ ਭਵਨ ਵਿੱਚ ਗੁਜ਼ਾਰੇ ਪੰਜ ਛੇ ਹਫ਼ਤਿਆਂ ਦੇ ਸਾਰੇ ਪਲ ਇੱਕ ਇੱਕ ਕਰ ਕੇ ਮੇਰੀ ਯਾਦ ਵਿੱਚ ਉਭਰਨ ਲੱਗ ਪਏ। ਨੀਲੂ ਜੀ ਦੀ ਦਿੱਤੀ ਪੁਸਤਕ ਵਿੱਚੋਂ ਪ੍ਰਾਪਤ ਕੀਤੀ, ਸਰੀਰ ਸੰਬੰਧੀ ਜਾਣਕਾਰੀ ਨਾਲ ਮੇਰੇ ਅਨੁਭਵ ਦਾ ਇੱਕ ਸੰਬੰਧ ਸਥਾਪਤ ਹੁੰਦਾ ਜਾ ਰਿਹਾ ਸੀ। ਦੋ ਨਵ-ਜਨਮੇ ਬੱਚਿਆਂ ਨੂੰ ਇੱਕ ਮਹੀਨੇ ਤੋਂ ਧਿਆਨ ਨਾਲ ਵੇਖਦੀ ਆ ਰਹੀ ਸਾਂ। ਸੁਮੀਤ ਦੀਆਂ ਗੱਲਾਂ ਨੇ ਮੈਨੂੰ ਇਹ ਸੋਚਣ ਲਈ ਪ੍ਰੇਰਿਆ ਕਿ ਕੀ ਉਨ੍ਹਾਂ ਬੱਚਿਆਂ ਵਿੱਚ ਪਿਛਲੇ ਜਨਮਾਂ ਜਾਂ ਜਨਮ ਦੇ ਸੰਸਕਾਰ ਅਭਿਵਿਅਕਤ ਹੋ ਰਹੇ ਹਨ ਜਾਂ ਨਹੀਂ। ਮੇਰੀ ਸੋਚ ਨਾਂਹ ਵਿੱਚ ਉੱਤਰ ਦੇ ਰਹੀ ਸੀ। ਫਿਰ ਨੀਲੂ ਜੀ ਦੀ ਦਿੱਤੀ ਪੁਸਤਕ ਦਾ ਖ਼ਿਆਲ ਆਇਆ। ਸੋਚਿਆ ਉਨ੍ਹਾਂ ਬੱਚਿਆਂ ਦੇ ਦਿਲ, ਗੁਰਦੇ ਅਤੇ ਜਿਗਰ ਆਦਿ ਪੂਰੀ ਨਿਪੁੰਨਤਾ

ਨਾਲ ਕੰਮ ਕਰ ਰਹੇ ਹਨ। ਜੇ ਮਨ ਸਾਡੇ ਸਰੀਰ ਨੂੰ ਚਲਾਉਣ ਵਾਲੀ ਬਾਹਰਲੀ ਸ਼ਕਤੀ ਹੈ ਤਾਂ ਏਨੇ ਗੁੰਝਲਦਾਰ ਪੁਰਜ਼ਿਆਂ ਦੇ ਗੁੰਝਲਦਾਰ ਕੰਮਾਂ ਨੂੰ ਪੂਰੀ ਨਿਪੁੰਨਤਾ ਨਾਲ ਕਰਦੀ ਹੋਈ, ਬੱਚੇ ਦੇ ਹੱਥਾਂ ਪੈਰਾਂ ਨੂੰ ਭਲੀ ਭਾਂਤ ਕਿਉਂ ਵਰਤ ਨਹੀਂ ਸਕਦੀ ? ਇਨ੍ਹਾਂ ਸੋਚਾਂ ਵਿੱਚ ਹੀ ਸਾਂ ਕਿ ਦਾਮੋਦਰ ਅੰਕਲ ਦੀ ਗੱਲ ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ। ਉਹ ਕਹਿ ਰਹੇ ਸਨ—

"ਸੁਮੀਤ, ਇਸ ਗੱਲ ਦੇ ਕਈ ਸਬੂਤ ਮਿਲਦੇ ਹਨ; ਕਈ ਆਦਮੀਆਂ ਨੂੰ ਆਪਣੇ ਪਿਛਲੇ ਜਨਮ ਦਾ ਚੇਤਾ ਆ ਜਾਂਦਾ ਹੈ।"

"ਅੰਕਲ ਜੀ, ਉਹ ਸਬੂਤ ਨਹੀਂ ਹਨ, ਭ੍ਰਾਂਤੀਆਂ ਜਾਂ ਭੁਲੇਖੇ ਹਨ। ਇੱਕ ਕਰੋੜ ਪਿੱਛੇ ਕਿਸੇ ਇੱਕਾ-ਦੁੱਕਾ ਨੂੰ ਆਪਣੇ ਪਿਛਲੇ ਜਨਮ ਦੀਆਂ ਗੱਲਾਂ ਦਾ ਚੇਤਾ ਆ ਜਾਂਦਾ ਹੈ। ਅਸੀਂ ਇੱਕ ਕਰੋੜ ਆਦਮੀਆਂ ਦੇ ਸਾਧਾਰਣ ਜੀਵਨ ਦੇ ਸੱਚ ਦੇ ਮੁਕਾਬਲੇ ਵਿੱਚ ਇੱਕ ਆਦਮੀ ਨਾਲ ਵਾਪਰਨ ਵਾਲੀ ਅਸਾਧਾਰਣਤਾ ਨੂੰ ਬਹੁਤਾ ਮਹਤੱਵ ਦੇਣ ਲੱਗ ਪੈਂਦੇ ਹਾਂ। ਅਸੀਂ ਅਸਾਧਾਰਣਤਾ ਦੇ ਪੁਜਾਰੀ ਹਾਂ। ਅਸਾਧਾਰਣ ਭੁਲੇਖਿਆਂ ਸਾਹਮਣੇ ਸਿਰ ਝੁਕਾਅ ਕੇ ਜੀਵਨ ਦੇ ਸਾਧਾਰਣ ਸੱਚ ਦਾ ਨਿਰਾਦਰ ਕਰਨ ਲੱਗਿਆਂ ਅਸੀਂ ਦੋ ਵੇਰ ਨਹੀਂ ਸੋਚਦੇ, ਇੱਕ ਵੇਰ ਵੀ ਨਹੀਂ। ਸਬੂਤ ਦਾ ਕੰਮ ਹੈ ਕਿਸੇ ਘਟਨਾ ਜਾਂ ਵਿਚਾਰ ਉੱਤੋਂ ਓਪਰੇਪਨ ਜਾਂ ਅਸਾਧਾਰਣਤਾ ਦਾ ਪਰਦਾ, ਭੁਲੇਖਾ ਪਰੇ ਕਰ ਕੇ ਉਸ ਨੂੰ ਸਾਧਾਰਣ ਜੀਵਨ ਦਾ ਸਾਧਾਰਣ ਅੰਗ ਸਿੱਧ ਕਰਨਾ, ਜੇ ਉਹ ਸਾਧਾਰਣ ਜੀਵਨ ਦਾ ਅੰਗ ਹੈ ਤਾਂ। ਜੇ ਉਹ ਸਾਧਾਰਣ ਜੀਵਨ ਦਾ ਅੰਗ ਨਹੀਂ ਤਾਂ ਸਾਧਾਰਣ ਜੀਵਨ ਨੂੰ ਉਸ ਦੀ ਅਸਾਧਾਰਣਤਾ ਅਤੇ ਓਪਰੇਪਨ ਨੂੰ ਸੱਚ ਮੰਨਣ ਲਈ ਮਜਬੂਰ ਕਰਨ ਵਾਲੀ ਕਿਰਿਆ ਨੂੰ ਸਬੂਤ ਨਹੀਂ ਆਖਿਆ ਜਾ ਸਕਦਾ; ਉਸ ਨੂੰ ਵਿਕ੍ਰਿਤੀ ਜਾਂ ਪਰਵਰਸ਼ਨ (Perversion) ਆਖਿਆ ਜਾਵੇਗਾ।"

ਸਾਰੇ ਸੋਚੀਂ ਪਏ ਹੋਏ ਸਨ। ਖੱਬੇ ਹੱਥ ਦੇ ਪੋਟਿਆਂ ਨਾਲ ਮੱਥਾ ਪਲੋਸਦੇ ਹੋਏ ਪਿਤਾ ਜੀ ਬੋਲੇ, "ਸੁਮੀਤ, ਸਾਰੇ ਗੁਰੂ, ਪੀਰ, ਅਵਤਾਰ, ਪੈਗ਼ੰਬਰ, ਵਿਦਵਾਨ ਅਤੇ ਦਾਰਸ਼ਨਿਕ ਮਨ ਦੀ ਸੁਤੰਤਰ ਹੋਂਦ ਦੀ ਗੱਲ ਕਰਦੇ ਆਏ ਹਨ। ਤੇਰੇ ਉੱਤੇ ਪਦਾਰਥਵਾਦ ਦਾ ਅਸਰ ਲੱਗਦਾ ਹੈ।"

"ਮੈਂ ਪਦਾਰਥਵਾਦ ਨੂੰ ਸਾਂਗੋਪਾਂਗ ਨਹੀਂ ਪੜ੍ਹਿਆ, ਪਿਤਾ ਜੀ। ਪਦਾਰਥਵਾਦੀ ਤਾਂ ਬੁੱਧ ਵੀ ਸੀ। ਮਨ ਦੀ ਵੱਖਰੀ ਹੋਂਦ ਦੀ ਗੱਲ ਸਭ ਕਰਦੇ ਆਏ ਹਨ; ਪਰੰਤੂ ਕੇਵਲ 'ਗੱਲ'। ਉਨ੍ਹਾਂ ਦੇ ਸ਼ਖ਼ਸੀ ਭਾਰ ਹੇਠ ਦੱਬੀ ਬੌਧਕਤਾ ਉਨ੍ਹਾਂ ਦੀ ਗੱਲ ਨੂੰ 'ਸਬੂਤ' ਮੰਨਦੀ ਆਈ ਹੈ। ਉਨ੍ਹਾਂ ਦੇ ਸਮੇਂ ਮਨੁੱਖ ਨੂੰ ਜੀਨਜ਼ ਨਾਲ ਖਿਲਵਾੜ ਕਰਨ ਜਾਂ ਕਲੋਨਿੰਗ ਆਦਿਕ ਬਾਰੇ ਪਤਾ ਨਹੀਂ ਸੀ। ਅਜੋਕੇ ਮਨੁੱਖ ਨੇ ਆਪਣੇ ਸਰੀਰ ਦੇ ਸੈੱਲਾਂ ਦੀ ਗਿਣਤੀ ਕਰ ਲਈ ਹੈ। ਉਹ ਆਪਣੀ ਲਿਬਾਰੇਟਰੀ ਵਿੱਚ ਮਨੁੱਖ ਬਣਾਉਣ ਦੇ ਸੁਪਨੇ ਵੇਖ ਰਿਹਾ ਹੈ, ਤਿਆਰੀ ਕਰ ਰਿਹਾ ਹੈ। ਪਦਾਰਥਵਾਦ ਦੀ ਥਾਂ 'ਵਿਗਿਆਨ' ਵਧੇਰੇ ਉੱਚਿਤ ਸ਼ਬਦ ਹੈ।"

"ਫਿਰ ਵੀ ਉਨ੍ਹਾਂ ਨੇ ਇਹ ਸਭ ਕੁਝ ਕਿਉਂ ਆਖਿਆ ?"

"ਠੀਕ ਉੱਤਰ ਤਾਂ ਉਹੋ ਜਾਣਦੇ ਹਨ। ਅਸੀਂ ਸਿਰਫ਼ ਇਹ ਕਹਿ ਸਕਦੇ ਹਾਂ ਕਿ ਇਹ ਉਸ ਸਮੇਂ ਦੇ ਜੀਵਨ ਦੀ ਲੋੜ ਸੀ।"

"ਤੇਰਾ ਮਤਲਬ ਹੈ ਸਮਾਜਕ ਵਿਵਸਥਾ ਨੂੰ ਬਣਾਈ ਰੱਖਣ ਦਾ ਸਾਧਨ ਮਾਤ੍ਰ ਸਨ ਇਹ ਵਿਸ਼ਵਾਸ ਅਤੇ ਵਿਚਾਰ।"

"ਇਉਂ ਮੰਨਣ ਵਿੱਚ ਕੋਈ ਹਰਜ ਨਹੀਂ, ਪਰ ਇਹ ਵੀ ਠੀਕ ਹੈ ਕਿ ਬੌਧਕ ਵਿਕਾਸ ਦਾ ਆਪਣਾ ਵੱਖਰਾ ਇਤਿਹਾਸ ਹੈ। ਜਦੋਂ ਪਦਾਰਥ ਦੀ ਵਿਗਿਆਨਕ ਛਾਣ-ਬੀਣ ਅਜੇ ਨਹੀਂ

ਸੀ ਹੋਈ, ਉਦੋਂ ਦੇ ਬੌਧਕ ਵਿਕਾਸ ਵਿੱਚ ਅਤੇ ਅੱਜ ਦੇ ਵਿਕਾਸ ਵਿੱਚ ਬਹੁਤ ਫ਼ਰਕ ਹੈ। ਅਜੋਕੇ ਵਿਗਿਆਨਕ ਵਿਕਾਸ ਨੇ ਪਿਛਲੀਆਂ ਸਾਰੀਆਂ ਬੌਧਕ ਪ੍ਰਾਪਤੀਆਂ, ਧਾਰਨਾਵਾਂ ਅਤੇ ਵਿਸ਼ਵਾਸਾਂ ਉੱਤੇ ਮੋੜਵੀਂ ਝਾਤੀ ਪਾਉਣ ਦੀ ਲੋੜ ਪੈਦਾ ਕਰ ਦਿੱਤੀ ਹੈ।"

"ਪਰੰਤੂ, ਸਮਾਜਕ ਵਿਵਸਥਾ ਨੂੰ ਬਣਾਈ ਰੱਖਣ ਦੀ ਲੋੜ ਉਦੋਂ ਵੀ ਓਨੀ ਹੀ ਸੀ ਜਿੰਨੀ ਅੱਜ ਹੈ।"

"ਮੈਂ ਮੰਨਦਾ ਹਾਂ।"

ਸੁਮੀਤ ਦਾ ਇਹ ਉੱਤਰ ਸੁਣ ਕੇ ਦਾਮੋਦਰ ਅੰਕਲ ਨੇ ਅੱਖਾਂ ਮੀਟ ਲਈਆਂ; ਆਪਣੇ ਸੱਜੇ ਹੱਥ ਦੀ ਉਂਗਲੀ ਨੂੰ ਆਪਣੇ ਨੱਕ ਦੀ ਕਰੂੰਬਲੀ ਉੱਤੇ ਫੇਰਦੇ ਹੋਏ ਉਹ ਅੱਖਾਂ ਮੀਟੀ, ਗੰਭੀਰ ਸੁਰ ਵਿੱਚ ਬੋਲੇ, "ਤਾਂ ਤੇ ਮਨੁੱਖ ਵਿੱਚ ਇਹ ਵਿਸ਼ਵਾਸ ਅੱਜ ਵੀ ਓਨਾ ਹੀ ਜ਼ਰੂਰੀ ਹੈ ਕਿ ਉਸ ਦੇ ਕੀਤੇ ਕੰਮਾਂ ਦਾ ਹਿਸਾਬ ਮੰਗਿਆ ਜਾਣਾ ਹੈ; ਉਸ ਨੂੰ ਕੋਈ ਦੰਡ ਜਾਂ ਇਨਾਮ ਦਿੱਤਾ ਜਾਣਾ ਹੈ। ਜੇ ਮਨੁੱਖ ਨੂੰ ਇਹ ਭਰੋਸਾ ਹੋ ਜਾਵੇ ਕਿ ਏਥੋਂ ਦਾ ਲੇਖਾ ਏਥੇ ਹੀ ਠੱਪਿਆ ਜਾਣਾ ਹੈ ਤਾਂ ਦੁਨੀਆ ਵਿੱਚ ਹਨੇਰ ਪੈ ਜਾਵੇਗਾ। ਇਸ ਲਈ ਆਪਣੇ ਵਿਚਾਰਾਂ ਨੂੰ ਸਮਾਜਕ ਲੋੜ ਦੀ ਲਛਮਣ-ਰੇਖਾ ਵਿੱਚ ਰੱਖਣ ਦੀ ਕੋਸ਼ਿਸ਼ ਕਰੋ, ਬਰਖ਼ੁਰਦਾਰ।"

ਸੁਮੀਤ ਨੇ ਮੁਸਕਰਾ ਕੇ ਆਖਿਆ, "ਜੇ ਇਹ ਆਦੇਸ਼ ਹੈ ਤਾਂ ਸਿਰ ਮੱਥੇ; ਜੇ ਇਹ ਵਿਚਾਰ ਹੈ ਤਾਂ ਇਸ ਦਾ ਵਿਰੋਧ ਕਰਾਂਗਾ।"

"ਅਸੀਂ ਵਿਚਾਰ-ਵਟਾਂਦਰਾ ਕਰ ਰਹੇ ਹਾਂ; ਖ਼ਾਸ ਕਰ ਕੇ ਤੇਰੇ ਮੂੰਹੋਂ ਕੁਝ ਸੁਣਨਾ ਚਾਹੁੰਦੇ ਹਾਂ," ਕਹਿ ਕੇ ਪਾਪਾ ਜ਼ਰਾ ਅੱਗੇ ਨੂੰ ਝੁੱਕ ਕੇ ਬੈਠ ਗਏ।

ਜ਼ਰਾ ਨਿੱਠ ਕੇ ਬੈਠਦਿਆਂ ਹੋਇਆਂ ਸੁਮੀਤ ਨੇ ਕਹਿਣਾ ਸ਼ੁਰੂ ਕੀਤਾ, "ਮੇਰੀ ਕਿਸੇ ਗੱਲ ਨੂੰ ਵਿਅਕਤੀਗਤ ਜਾਂ ਪਰਸਨਲ ਨਾ ਸਮਝਿਆ ਜਾਵੇ, ਹੋ ਸਕਦਾ ਹੈ ਸਮੇਂ ਦੀ ਲੋੜ ਅਨੁਸਾਰ ਉਸ ਨੂੰ ਪਰਸਨਲ ਜਹੇ ਰੂਪ ਵਿੱਚ ਕਰਨ ਦੀ ਲੋੜ ਪੈ ਜਾਵੇ। ਸਮਾਜਕ ਵਿਵਸਥਾ ਦੀ ਲੋੜ ਸਦਾ ਇੱਕੋ ਜਿਹੀ ਹੁੰਦੀ ਹੈ, ਲੋੜ ਦੇ ਰੂਪ ਵਿੱਚ। ਇਸ ਲੋੜ ਦੀ ਪੂਰਤੀ ਦੇ ਤੌਰ ਤਰੀਕੇ ਸਦਾ ਬਦਲਦੇ ਰਹਿੰਦੇ ਹਨ। ਇੱਕੋ ਸਮੇਂ ਸਮਾਜ ਦੇ ਵੱਖ ਵੱਖ ਵਰਗਾਂ ਦੁਆਰਾ ਵਰਤੇ ਜਾਣ ਵਾਲੇ ਤਰੀਕੇ ਵੀ ਵੱਖ ਵੱਖ ਹੋ ਸਕਦੇ ਹਨ। ਅਪਰਾਧੀਆਂ ਨੂੰ ਦੰਡ ਦੇਣ ਦੀ ਲੋੜ ਹੁੰਦੀ ਹੈ, ਸਾਧਾਰਣ ਲੋਕਾਂ ਨੂੰ ਡਰ ਅਤੇ ਲੋਭ ਦਿੱਤਾ ਜਾਂਦਾ ਹੈ ਅਤੇ ਸੂਝਵਾਨ ਸਿਆਣੇ ਲੋਕ ਸ੍ਵੈ-ਸੰਜਮ, ਸ੍ਵੈ-ਕਾਬੂ ਜਾਂ ਸ੍ਵੈ-ਨਿਯੰਤਰਣ ਤੋਂ ਕੰਮ ਲੈਂਦੇ ਹਨ। ਦੰਡ ਅਤੇ ਭੈ ਇੱਕੋ ਚੀਜ਼ ਦੇ ਦੋ ਨਾਂ ਹਨ। ਭੈ ਸੂਖ਼ਮ ਹੈ, ਦੰਡ ਸਥੂਲ ਹੈ। ਦੰਡ ਭੈ ਦਾ ਅਮਲੀ ਜਾਂ ਪ੍ਰੈਕਟੀਕਲ ਰੂਪ ਹੈ। ਇਸ ਦਾ ਮਨੋਰਥ ਭੈ ਪੈਦਾ ਕਰਨਾ ਅਤੇ ਕਾਇਮ ਰੱਖਣਾ ਹੁੰਦਾ ਹੈ। 'ਭੈ' ਮਨੋਰਥ ਹੈ ਅਤੇ 'ਦੰਡ' ਸਾਧਨ ਹੈ। ਇਸ ਦਾ ਭਾਵ ਇਹ ਹੋਇਆ ਕਿ ਸਿੱਧੇ ਸਾਦੇ ਸਾਧਾਰਣ ਲੋਕ ਸਦੀਵੀ ਸਜ਼ਾ ਭੁਗਤਦੇ ਰਹਿੰਦੇ ਹਨ, ਕਿਉਂਜੁ ਉਨ੍ਹਾਂ ਨੂੰ ਸਮਾਜਕ ਵਿਵਸਥਾ ਦੇ ਮਨੋਰਥ ਲਈ ਡਰਾ ਕੇ ਰੱਖਿਆ ਜਾਣ ਦਾ ਤਰੀਕਾ ਵਰਤਿਆ ਜਾਂਦਾ ਹੈ। ਅਪਰਾਧੀਆਂ ਨੂੰ ਅਪਰਾਧ ਕਰਨ ਉੱਤੇ ਦੰਡ ਦਿੱਤਾ ਜਾਂਦਾ ਹੈ; ਨਿਰਅਪਰਾਧੀਆਂ ਨੂੰ ਸਦੀਵੀ ਦੰਡ ਕਿਉਂ ?"

"ਠਹਿਰ ਜਾ ਯਾਰ, ਸਾਰੀ ਗੱਲ ਉੱਤੇ ਮੁੜ ਵਿਚਾਰ ਕਰ ਲੈਣ ਦੇ," ਪਾਪਾ ਨੇ ਆਪਣਾ ਖੱਬਾ ਹੱਥ ਖੜਾ ਕਰਦਿਆਂ ਕਿਹਾ।

ਮਿੰਟ ਕੁ ਦੀ ਚੁੱਪ ਪਿੱਛੋਂ ਦਾਮੋਦਰ ਅੰਕਲ ਨੇ ਆਖਿਆ, "ਭੈ ਅਤੇ ਦੰਡ ਦੀ ਇੱਕਰੂਪਤਾ ਜਾਂ ਸਾਂਝ ਅਸਾਂ ਮੰਨ ਲਈ; ਹੁਣ ਲੋਭ ਬਾਰੇ ਕੀ ਆਖੋਗੇ ?"

"ਭੈ ਅਤੇ ਦੰਡ ਨਾਲੋਂ ਵੱਧ ਸਤਿਕਾਰਯੋਗ ਲੋਭ ਵੀ ਨਹੀਂ। ਲੋਭ ਦੀ ਬੀਮਾਰੀ ਏਨੀ

ਵੱਧ ਸਕਦੀ ਹੈ ਕਿ ਭੈ ਨੂੰ ਇਸ ਰੋਗ ਦੀ ਦਵਾਈ ਦਾ ਦਰਜਾ ਪ੍ਰਾਪਤ ਹੋ ਸਕਦਾ ਹੈ। ਭੈ, ਦੰਡ ਅਤੇ ਲੋਭ ਦੇ ਤਰੀਕਿਆਂ ਨਾਲ ਕਿਸੇ ਵਿਵਸਥਾ ਨੂੰ ਕਾਇਮ ਰੱਖਣਾ ਬਹੁਤੀ ਸਿਆਣੀ ਅਤੇ ਸੁਹਣੀ ਗੱਲ ਨਹੀਂ। ਸ਼ਕਤੀ ਦੇ ਵਿਸ਼ਵਾਸੀ ਮਨੁੱਖ ਨੇ ਇਹ ਰਾਹ ਸਿੱਧਾ ਅਤੇ ਸੁਖਾਲਾ ਸਮਝ ਕੇ ਅਪਣਾਇਆ ਸੀ। ਨਰਕਾਂ ਦੇ ਡਰ, ਸੁਰਗਾਂ ਦੇ ਲੋਭ ਅਤੇ ਆਵਾਗੌਣਾਂ ਦੇ ਭੁਲੇਖੇ ਹੌਲੀ ਹੌਲੀ ਵਰਗ-ਵਿਸ਼ੇਸ਼ ਦੀ ਸਰਦਾਰੀ ਅਤੇ ਸਮ੍ਰਿਧੀ ਦੇ ਸਾਧਨ ਹੋ ਨਿੱਬੜੇ ਹਨ। ਮੈਂ ਇੱਕ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ। ਪਿਤਾ ਜੀ, ਤੁਸੀਂ ਦੱਸੋ, ਸਾਧਾਰਣ ਦੈਨਿਕ ਜੀਵਨ ਵਿੱਚ ਕੋਈ ਨੇਕੀ ਕਰਨ ਲੱਗਿਆਂ, ਕਿਸੇ ਗ਼ਰੀਬ ਵਿਦਿਆਰਥੀ ਦੇ ਦਾਖ਼ਲੇ ਲਈ ਪੈਸੇ ਦੇਣ ਲੱਗਿਆਂ ਜਾਂ ਕਿਸੇ ਦੁਰਘਟਨਾ ਦੇ ਸ਼ਿਕਾਰ ਆਦਮੀ ਨੂੰ ਆਪਣੀ ਕਾਰ ਵਿੱਚ ਬਿਠਾ ਕੇ ਹਸਪਤਾਲ ਲੈ ਜਾਣ ਲੱਗਿਆਂ ਤੁਹਾਨੂੰ ਇਹ ਖ਼ਿਆਲ ਕਦੇ ਆਇਆ ਹੈ ਕਿ ਅਜੇਹਾ ਕਰਨ ਨਾਲ ਮੈਨੂੰ ਸ੍ਵਰਗ ਦਾ ਸੁਖ ਮਿਲੇਗਾ ਜਾਂ ਅਗਲਾ ਜਨਮ ਚੰਗੇ ਅਮੀਰ ਘਰ ਵਿੱਚ ਹੋਵੇਗਾ ?"

"ਨਾ ਬਈ, ਇਹ ਖ਼ਿਆਲ ਕਦੇ ਨਹੀਂ ਆਇਆ। ਮੇਰਾ ਖ਼ਿਆਲ ਹੈ ਕਿ ਜਿਹੜੇ ਆਵਾਗੌਣ ਜਾਂ ਜੰਨਤ ਦੇ ਵਿਸ਼ਵਾਸੀ ਨਹੀਂ ਹਨ, ਨੇਕੀ ਉਹ ਵੀ ਕਰਦੇ ਹਨ।"

"ਭਲਾ ਕਿਉਂ, ਪਿਤਾ ਜੀ ?"

"ਉਨ੍ਹਾਂ ਦੇ ਆਪਣੇ ਅੰਦਰ ਨੇਕੀ ਦੀ ਕੋਈ ਪ੍ਰੇਰਣਾ ਹੈ; ਉਹ ਨੇਕੀ, ਮਿੱਤ੍ਰਤਾ ਆਦਿਕ ਨੂੰ 'ਇਸ' ਜੀਵਨ ਦੀ ਲੋੜ ਸਮਝ ਕੇ ਕਰਦੇ ਹਨ।"

"ਪਿਤਾ ਜੀ, ਹੁਣ ਇਹ ਵੀ ਦੱਸੋ ਕਿ ਜੰਨਤ ਦੀ ਪ੍ਰਾਪਤੀ ਅਤੇ ਅਗਲੇ ਜਨਮ ਵਿੱਚ ਸੁਖਾਂ ਦੀ ਆਸ ਨਾਲ ਨੇਕੀ, ਮਿੱਤ੍ਰਤਾ, ਸਹਾਇਤਾ ਕਰਨ ਵਿੱਚ ਮਨੁੱਖੀ ਗੌਰਵ ਹੈ ਜਾਂ ਇਨ੍ਹਾਂ ਚੀਜ਼ਾਂ ਨੂੰ 'ਇਸ' ਦੁਨਿਆਵੀ ਜੀਵਨ ਦੀ, 'ਹੁਣ' ਦੀ ਲੋੜ ਸਮਝਦਿਆਂ ਹੋਇਆਂ ਆਪਣੇ ਅੰਦਰਲੀ ਕਿਸੇ ਮਨੁੱਖੀ ਪ੍ਰੇਰਣਾ ਅਧੀਨ ਕਰਨ ਵਿੱਚ ਮਨੁੱਖ ਦੀ ਵਡਿਆਈ ਹੈ, ਉਸ ਦਾ ਮਨੁੱਖਤੱਵ ਹੈ ?"

ਇਸ ਪ੍ਰਸ਼ਨ ਦਾ ਉੱਤਰ ਪਿਤਾ ਜੀ ਦੀ ਥਾਂ ਦਾਮੋਦਰ ਅੰਕਲ ਨੇ ਦਿੱਤਾ, "ਠੀਕ ਹੈ, ਸੁਮੀਤ, ਮਨੁੱਖੀ ਗੌਰਵ ਏਸੇ ਵਿੱਚ ਹੈ ਕਿ ਨੇਕੀ ਨੂੰ ਇਸ ਜੀਵਨ ਦੀ ਲੋੜ ਅਤੇ ਆਪਣੇ ਅੰਦਰ ਦੀ ਪ੍ਰੇਰਣਾ ਅਧੀਨ ਕੀਤਾ ਜਾਵੇ; ਪਰ, ਇਉਂ ਕੁਝ ਇੱਕ ਸੂਝਵਾਨ ਸਿਆਣੇ ਹੀ ਕਰ ਸਕਦੇ ਹਨ। ਸਾਧਾਰਣ ਮਨੁੱਖ ਇਉਂ ਨਹੀਂ ਸੋਚ ਸਕਦਾ।"

"ਅੰਕਲ ਜੀ, ਪਸ਼ੂ, ਪੰਛੀ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਕਮਾਈ ਖਾਣ ਲਈ ਨਹੀਂ, ਸਗੋਂ ਅੰਦਰਲੀ ਕਿਸੇ ਪ੍ਰੇਰਣਾ ਨਾਲ ਪਾਲਦੇ ਹਨ। ਮਨੁੱਖ ਏਨਾ ਗੌਰਵਹੀਣ ਕਿਵੇਂ ਹੋ ਗਿਆ ? ਸਾਧਾਰਣ ਤੋਂ ਸਾਧਾਰਣ ਮਨੁੱਖ ਦੇ ਸਾਧਾਰਣ ਕੰਮ ਪਿੱਛੇ ਸ੍ਵਰਗ ਜਾਂ ਆਵਾਗੌਣ ਦੀ ਪ੍ਰੇਰਣਾ ਕਦੇ ਨਹੀਂ ਹੁੰਦੀ। ਹਾਂ, ਸ਼ਰਾਧਾਂ, ਚੜ੍ਹਾਵਿਆਂ, ਹਵਨਾਂ ਅਤੇ ਅਖੰਡਪਾਠਾਂ ਪਿੱਛੇ ਅਜੇਹੀ ਕੋਈ ਵੀ ਇੱਛਾ ਹੋ ਸਕਦੀ ਹੈ; ਪਰ ਇਹ ਜੀਵਨ ਦੇ ਸਾਧਾਰਣ ਕੰਮ ਨਹੀਂ ਹਨ। ਨਰਕ ਜਾਂ ਕਾਨੂੰਨੀ ਦੰਡ ਦਾ ਡਰ ਕਿਸੇ ਨੂੰ ਅਪਰਾਧ ਤੋਂ ਘੱਟ ਹੀ ਰੋਕ ਸਕਦਾ ਹੈ। ਇਹ ਸਭ ਇਸ ਜੀਵਨ ਦੀ ਅਤੇ ਅੰਦਰਲੀ ਪ੍ਰੇਰਣਾ ਦੀ ਖੇਡ ਹੈ। ਇਸ ਲਈ ਸਰੀਰ ਦੀ ਮੌਤ ਨਾਲ ਮਨ ਦੀ ਸਮਾਪਤੀ ਦਾ ਵਿਸ਼ਵਾਸ ਸਾਡੀ ਸਮਾਜਕ ਵਿਵਸਥਾ ਨੂੰ ਕਿਸੇ ਪ੍ਰਕਾਰ ਦੀ ਹਾਨੀ ਨਹੀਂ ਪੁਚਾ ਸਕਦਾ। ਸਰੀਰ ਤੋਂ ਪਿੱਛੋਂ ਮਨ ਦੇ ਜੀਉਂਦੇ ਰਹਿਣ ਅਤੇ ਲੇਖੇ ਦੇਣ ਦਾ ਭੁਲੇਖਾ ਮਨੁੱਖੀ ਜੀਵਨ ਵਿਚਲੀ ਢੇਰ ਸਾਰੀ ਖ਼ੁਸ਼ੀ ਅਤੇ ਖ਼ੂਬਸੂਰਤੀ ਦੀ ਹਾਨੀ ਕਰ ਸਕਦਾ ਹੈ, ਵਿਸ਼ੇਸ਼ ਕਰ ਕੇ ਬੁਢਾਪੇ ਦੇ ਜੀਵਨ ਦੀ।"

ਸਨੇਹਾ, ਬਾਹਰ ਬਹੁਤ ਸੁਹਣੀ ਧੁੱਪ ਨਿਕਲੀ ਹੋਈ ਸੀ। ਸਾਰੇ ਮਹਿਮਾਨ ਲਾਅਨ ਵਿੱਚ ਜਾ ਬੈਠੇ। ਸੁਮੀਤ ਸਾਡੇ ਨਾਲ ਦੁਪਹਿਰ ਦੀ ਰੋਟੀ ਦੇ ਕੰਮ ਵਿੱਚ ਰੁੱਝ ਗਿਆ।

ਪੁਸ਼ਪੇਂਦ੍ਰ।

## 37

ਈਸਟ ਹੈਮ,
15.12.96.

ਸ਼ਪੇਂਦੂ,

ਏਥੇ ਕ੍ਰਿਸਮਿਸ ਦੀਆਂ ਖ਼ਰੀਦਾਰੀਆਂ ਜ਼ੋਰਾਂ ਉੱਤੇ ਹਨ। ਪਾਪਾ ਦੇ ਮਿੱਤਰ ਪਿਛਲੇ ਦੋ ਤਿੰਨ ਐਤਵਾਰ ਉਨ੍ਹਾਂ ਨੂੰ ਮਿਲਣ ਨਹੀਂ ਆਏ। ਹੋ ਸਕਦਾ ਹੈ ਠੰਢ ਤੋਂ ਡਰਦੇ ਵੀ ਬਾਹਰ ਆਉਣੋਂ ਸੰਕੋਚ ਕਰਦੇ ਹੋਣ। ਉਨ੍ਹਾਂ ਨਾਲ ਬੈਠ ਕੇ ਗੱਲਾਂ ਬਾਤਾਂ ਕੀਤਿਆਂ ਕਾਫ਼ੀ ਸਮਾਂ ਹੋ ਗਿਆ ਹੋਣ ਕਰ ਕੇ ਪਾਪਾ ਮਿੱਤਰਾਂ ਵਿੱਚ ਬੈਠਣ ਲਈ ਉਤਾਵਲੇ ਸਨ। ਅੱਜ ਵਾਹਵਾ ਤਿੱਖੀ ਧੁੱਪ ਨਿਕਲ ਆਉਣ ਕਰਕੇ ਕਨਜ਼ਰਵੇਟਰੀ ਵਿਚਲਾ ਤਾਪਮਾਨ ਛੱਬੀ ਡਿਗਰੀ ਸੈਂਲਸੀਅਸ ਤੱਕ ਪੁੱਜ ਗਿਆ। ਪਾਪਾ ਅਜੇਹੇ ਮੌਕਿਆਂ ਦਾ ਖ਼ੂਬ ਲਾਭ ਲੈਂਦੇ ਹਨ। ਦੁਪਹਿਰ ਵੇਲੇ ਕਨਜ਼ਰਵੇਟਰੀ ਵਿੱਚ ਜਾ ਬੈਠੇ ਅਤੇ ਮੈਨੂੰ ਕੋਲ ਬੁਲਾ ਕੇ ਆਖਿਆ, “ਬੇਟਾ, ਕ੍ਰਿਸਮਿਸ ਦੀਆਂ ਛੁੱਟੀਆਂ ਵਿੱਚ ਕਿਸੇ ਇੱਕ ਦਿਨ ਸਾਰੇ ਸਾਥੀਆਂ ਨੂੰ ਬੁਲਾਈਂ। ਸੋਚ ਦੇ ਸੰਬੰਧ ਵਿੱਚ ਬਹੁਤ ਜ਼ਰੂਰੀ ਗੱਲਾਂ ਕਰਨ ਵਾਲੀਆਂ ਹਨ। ਇੱਕ ਦਿਨ ਨੀਅਤ ਕਰ ਕੇ ਸਾਰਿਆਂ ਨੂੰ ਸੂਚਿਤ ਕਰ ਦਿਓ।”

ਮੈਂ ਉੱਤਰ ਦਿੱਤਾ, “ਇਉਂ ਤਾਂ ਮੈਂ ਕਰ ਦਿਆਂਗੀ, ਪਾਪਾ, ਪਰ ਏਨੀਆਂ ਜ਼ਰੂਰੀ ਗੱਲਾਂ ਕਿਹੜੀਆਂ ਹਨ ?” ਮੇਰੇ ਪ੍ਰਸ਼ਨ ਦੇ ਉੱਤਰ ਵਿੱਚ ਪਾਪਾ ਨੇ ਕਹਿਣਾ ਸ਼ੁਰੂ ਕੀਤਾ—

“ਡਿਮਾਕ੍ਰੀਟੱਸ ਦੇ ਸਮੇਂ ਤਕ ਯੂਨਾਨੀ ਸੋਚ ਲੱਗਪੱਗ ਤਿੰਨ ਸਦੀਆਂ ਦੀ ਉਮਰ ਭੋਗ ਚੁੱਕੀ ਸੀ। ਇਸ ਨੂੰ ਯੂਨਾਨੀ ਸੋਚ ਦਾ ਆਰੰਭਕ ਅਤੇ ਅੱਲ੍ਹੜ ਯੁਗ ਆਖਿਆ ਜਾ ਸਕਦਾ ਹੈ। ਡਿਮਾਕ੍ਰੀਟੱਸ ਇਸ ਯੁਗ ਦਾ ਅੰਤਲਾ ਵਿਚਾਰਵਾਨ ਹੈ। ਇਸ ਤੋਂ ਅਗੇਰੇ ਜੀਵਨ ਵਿੱਚ ਆਈਆਂ ਸਮਾਜਕ-ਰਾਜਨੀਤਕ ਤਬਦੀਲੀਆਂ ਨੇ ਸੋਚ ਨੂੰ ਨਵੀਆਂ ਸੇਧਾਂ ਦੇਣੀਆਂ ਆਰੰਭ ਕਰ ਦਿੱਤੀਆਂ ਸਨ। ਇਸ ਪੜਾਅ ਉੱਤੇ ਪੁੱਜ ਕੇ ਇਹ ਜ਼ਰੂਰੀ ਹੈ ਕਿ ਸੋਚ ਦੇ ਪਿਛਲੇ ਸਫ਼ਰ ਉੱਤੇ ਝਾਤੀ ਪਾ ਕੇ ਇਹ ਵੇਖਿਆ ਜਾਵੇ ਕਿ—(1) ਉਸ ਸੋਚ ਦੇ ਪ੍ਰਧਾਨ ਝੁਕਾਅ ਕੀ ਸਨ; ਅਤੇ (2) ਕਿਹੜੀਆਂ ਸਮਾਜਕ ਰਾਜਨੀਤਕ ਤਬਦੀਲੀਆਂ ਨੇ ਸੋਚ ਦਾ ਕਿਸ ਪ੍ਰਕਾਰ ਦਾ ਭਵਿੱਖ ਨਿਸਚਿਤ ਕੀਤਾ।

“ਅਸਾਂ ਇਸ ਯੁਗ ਨੂੰ ਯੂਨਾਨੀ ਸੋਚ ਦਾ ਆਰੰਭਕ ਅਤੇ ਅੱਲ੍ਹੜ ਯੁਗ ਆਖਿਆ ਹੈ। ਏਹ ਇਸ ਲਈ ਕਿ ਜਿਸ ਵਿਚਾਰ-ਵਿਧੀ ਦੀ ਲਗਾਤਾਰਤਾ ਅੱਜ ਤੱਕ ਕਾਇਮ ਹੈ, ਇਹ ਸਮਾਂ, ਉਸ ਵਿਚਾਰ ਵਿਧੀ ਦੇ ਬਚਪਨ ਦਾ ਸਮਾਂ ਹੈ। ਜਿਵੇਂ ਮਨੁੱਖ ਆਪਣੇ ਬਚਪਨ ਵਿੱਚ ਮਰਿਆਦਾ-ਮੁਕਤ, ਨਿਰਸਵਾਰਥ, ਨਿਸ਼ਕਪਟ, ਨਿਸ਼ਚਿੰਤ, ਭੋਲਾ, ਅੱਲ੍ਹੜ ਅਤੇ ਮਨੋਰਥ-ਚੇਤਨਾ ਰਹਿਤ ਹੁੰਦਾ ਹੈ, ਇਸੇ ਤਰ੍ਹਾਂ ਯੂਨਾਨੀ ਸੋਚ ਵੀ ਇਨ੍ਹਾਂ ਤਿੰਨ ਸਦੀਆਂ ਲਈ ਆਪਣੇ ਬਚਪਨ

ਵਿੱਚ ਰਹਿ ਕੇ ਉਪਰੋਕਤ ਗੁਣਾਂ ਦਾ ਪ੍ਰਗਟਾਵਾ ਕਰਦੀ ਰਹੀ ਹੈ। ਜਿਵੇਂ ਬੱਚਾ ਆਪਣੀਆਂ ਭੁੱਲਾਂ ਵੱਲੋਂ ਬੇ-ਖ਼ਬਰ ਨਵੇਂ ਤਜਰਬੇ ਕਰਨ ਲਈ ਉਤਾਵਲਾ ਹੁੰਦਾ ਹੈ, ਉਵੇਂ ਹੀ ਯੂਨਾਨੀ ਸੋਚ ਨੇ ਨਵੇਂ ਨਵੇਂ ਸਿਧਾਂਤਾਂ ਦੀ ਕਲਪਨਾ ਅਤੇ ਘਾੜਤ ਦੀਆਂ ਅਜੀਬੋ-ਗ਼ਰੀਬ ਖੇਡਾਂ ਖੇਡੀਆਂ ਹਨ। ਸ੍ਰਿਸ਼ਟੀ ਦੀ ਰਚਨਾ ਦੀਆਂ ਅਨੋਖੀਆਂ ਕਲਪਨਾਵਾਂ ਕੀਤੀਆਂ ਹਨ। ਕਿਸੇ ਨੇ ਇੱਕ ਤੱਤ ਤੋਂ ਸਭ ਕੁਝ ਉਪਜਿਆ ਦੱਸਿਆ ਹੈ, ਕਿਸੇ ਨੇ ਦੋ ਤੋਂ, ਕਿਸੇ ਨੇ ਤਿੰਨ ਤੱਤਾਂ ਤੋਂ ਅਤੇ ਕਿਸੇ ਨੇ ਚਾਰ ਤੱਤਾਂ ਤੋਂ।

"ਆਪਣੇ ਚੁਫੇਰੇ ਫੈਲੇ ਜੀਵਨ ਨੂੰ ਅਤੇ ਜੀਵਨ ਉੱਤੇ ਛਾਏ ਹੋਏ ਤਾਰਿਆਂ ਜੜੇ ਆਕਾਸ਼ ਨੂੰ ਬੱਚਿਆਂ ਵਰਗੀ ਨਿਰਛਲ ਅਤੇ ਨਿਰਮਲ ਉਤਸੁਕਤਾ ਨਾਲ ਵੇਖਦੇ ਰਹੇ ਹਨ ਸਾਰੇ ਯੂਨਾਨੀ ਵਿਚਾਰਵਾਨ। ਜਿੱਥੋਂ ਤਕ ਕੁਦਰਤੀ ਵਰਤਾਰੇ ਅਤੇ ਮਨੁੱਖੀ ਕਿਰਤਾਂ ਦਾ ਸੰਬੰਧ ਹੈ, ਉੱਥੋਂ ਤੱਕ ਭਲੀ ਭਾਂਤ ਵਿਗਿਆਨਕ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਪਿਰਾਮਿਡਾਂ ਦੀ ਉੱਚਾਈ ਅਤੇ ਸੂਰਜ ਗ੍ਰਹਿਣ ਦੇ ਸਮੇਂ ਦੱਸਣ ਵਿੱਚ ਜਿੰਨੀ ਸਿਆਣਪ ਅਤੇ ਦੋਸ਼-ਰਹਿਤਤਾ ਤੋਂ ਕੰਮ ਲਿਆ ਹੈ, ਸ੍ਰਿਸ਼ਟੀ ਰਚਨਾ ਦੇ ਸਿਧਾਂਤ ਘੜਦਿਆਂ ਕਲਪਨਾ ਨੂੰ, ਓਨੀ ਹੀ ਖੁੱਲ੍ਹੀ ਛੁੱਟੀ ਦਿੱਤੀ ਹੈ।

"ਪਿਥਾਗੋਰਸ ਵਰਗੇ ਇੱਕ ਦੋ ਵਿਚਾਰਵਾਨਾਂ ਨੂੰ ਛੱਡ ਕੇ ਬਾਕੀ ਸਾਰੇ, ਜੀਵਨ ਅਤੇ ਵਿਸ਼ਵ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਰਹੇ ਹਨ; ਜੀਵਨ ਨੂੰ ਆਪਣੀ ਇੱਛਾ ਅਨੁਸਾਰ, ਆਪਣੇ ਦੱਸੇ ਰਾਹ ਉੱਤੇ ਤੋਰਨ ਦੀ ਕੋਸ਼ਿਸ਼ ਨਹੀਂ ਕਰਦੇ ਰਹੇ। ਜੀਵਨ ਨੂੰ ਆਪਣੇ ਦੱਸੇ ਰਾਹ ਉੱਤੇ ਤੋਰਨ ਦੀ ਕੋਸ਼ਿਸ਼ ਕਰਨ ਵਾਲੇ ਦੋ ਪ੍ਰਕਾਰ ਦੇ ਵਿਚਾਰਵਾਨ ਹਨ। ਪਹਿਲੇ ਉਹ ਹਨ ਜਿਹੜੇ ਧਾਰਮਕ ਰੁਚੀਆਂ ਵਾਲੇ ਪਰਲੋਕਵਾਦੀ ਹਨ ਅਤੇ ਦੂਜੇ ਉਹ ਜਿਹੜੇ ਨਿਰੋਲ ਪਦਾਰਥਵਾਦੀ ਹਨ। ਧਾਰਮਕ ਰੁਚੀ ਵਾਲਿਆਂ ਨੇ ਜੀਵਨ ਦੇ ਮਨੋਰਥ ਨੂੰ ਇਸ ਧਰਤੀ ਤੋਂ ਪਰੇ ਵੱਸਣ ਵਾਲੇ ਦੇਵੀ ਦੇਵਤਿਆਂ ਨਾਲ ਜੋੜਿਆ ਹੈ ਅਤੇ ਡਿਮਾਕ੍ਰੀਟੱਸ ਵਰਗੇ ਪਦਾਰਥਵਾਦੀਆਂ ਨੇ ਧਰਤੀ ਉਤਲੇ ਜੀਵਨ ਦੀ ਖ਼ੁਸ਼ੀ ਅਤੇ ਖ਼ੂਬਸੂਰਤੀ ਨੂੰ ਜੀਵਨ ਦਾ ਅੰਤਲਾ ਉਦੇਸ਼ ਆਖਿਆ ਹੈ।

"ਇਸ ਯੁਗ ਦੇ ਯੂਨਾਨੀ ਵਿਚਾਰਵਾਨਾਂ ਦੀ ਵੱਡੀ ਸਿਫ਼ਤ ਇਹ ਹੈ ਕਿ ਉਹ ਧਰਤੀ ਉਤਲੇ ਜੀਵਨ ਦੇ ਭੇਤ ਨੂੰ ਜਾਣਨ ਦੀ ਰੀਝ ਰੱਖਦੇ ਸਨ। ਇਸ ਤੋਂ ਅਗੇਰੇ ਉਨ੍ਹਾਂ ਦਾ ਕੋਈ ਸਵਾਰਥ ਨਹੀਂ ਸੀ। ਉਹ ਮਾਇਆ ਦੇ ਲੋਭੀ, ਪ੍ਰਭੁਤਾ ਦੇ ਭੁੱਖੇ ਅਤੇ ਪ੍ਰਸਿੱਧੀ ਦੇ ਪ੍ਰੇਮੀ ਨਹੀਂ ਸਨ। ਦੇਸ਼ ਦੇ ਰਾਜ-ਪ੍ਰਬੰਧ ਅਤੇ ਰਾਜਨੀਤੀ ਵਿੱਚ ਉਨ੍ਹਾਂ ਨੂੰ ਦਿਲਚਸਪੀ ਨਹੀਂ ਸੀ। ਇਸ ਕੰਮ ਨੂੰ ਉਹ ਸ਼ਾਇਦ ਔਖਾ ਸਮਝਦੇ ਸਨ। ਜੀਵਨ ਦੇ ਰਹੱਸ ਦੀ ਵਿਆਖਿਆ ਨੂੰ ਉਨ੍ਹਾਂ ਨੇ ਬਹੁਤ ਹੀ ਸੌਖਾ ਕੰਮ ਜਾਣਿਆ ਹੋਇਆ ਸੀ। ਉਨ੍ਹਾਂ ਦੀ ਵਿਆਖਿਆ ਨਿਰੋਲ ਦਲੀਲਬਾਜ਼ੀ ਉੱਤੇ ਆਧਾਰਿਤ ਸੀ। ਪਦਾਰਥਵਾਦੀ ਵੀ ਦਲੀਲਬਾਜ਼ੀ ਨੂੰ ਹੀ ਪਹਿਲ ਦਿੰਦੇ ਸਨ। ਉਨ੍ਹਾਂ ਨੇ ਨਿਰੀਖਣ ਦਾ ਸਹਾਰਾ ਵੀ ਲਿਆ ਹੈ ਪਰ ਘੱਟ। ਜੀਵਨ ਦੀ ਉਤਪਤੀ ਅਤੇ ਵਿਕਾਸ ਦੀ ਵਿਆਖਿਆ ਦੇ ਕੰਮ ਨੂੰ ਸੌਖਾ ਸਮਝ ਕੇ ਅਨਾੜੀਆਂ ਵਾਂਗੂੰ ਕਰਨਾ ਵੀ ਉਨ੍ਹਾਂ ਦੀ ਸੋਚ ਦੇ ਬਚਪਨ ਦਾ ਲਖਾਇਕ ਹੈ।

"ਉਨ੍ਹਾਂ ਦੇ ਖ਼ਿਆਲ ਵਿੱਚ ਵਿਗਿਆਨ, ਧਰਮ, ਦਰਸ਼ਨ, ਗਣਿਤ ਅਤੇ ਚਕਿਤਸਾ (ਦਵਾ-ਦਾਰੂ) ਆਦਿਕ ਵੱਖ ਵੱਖ ਵਿਸ਼ੇ ਨਹੀਂ ਸਨ। ਇਨ੍ਹਾਂ ਦੀ ਵਿਸ਼ੇ-ਵੰਡ ਅਜੇ ਹੋਂਦ ਵਿੱਚ ਨਹੀਂ ਸੀ ਆਈ। ਇੱਕੋ ਆਦਮੀ ਕਵੀ, ਗਣਿਤ ਸ਼ਾਸਤਰੀ, ਵਿਗਿਆਨੀ, ਦਾਰਸ਼ਨਿਕ ਅਤੇ ਪੈਗ਼ੰਬਰ ਵੀ ਹੁੰਦਾ ਸੀ। ਹਕੀਮ ਦੇ ਅਰਥ ਹਨ ਦਾਨਾ ਜਾਂ ਦਾਰਸ਼ਨਿਕ। ਅਸੀਂ ਹੁਣ ਤਕ ਦਵਾਈਆਂ ਦਾ ਕੰਮ ਕਰਨ ਵਾਲਿਆਂ ਨੂੰ ਹਕੀਮ ਜਾਂ ਸਿਆਣਾ ਆਖਦੇ ਆ ਰਹੇ ਹਾਂ। ਇਨ੍ਹਾਂ ਸ਼ਬਦਾਂ ਦੇ ਅਰਥਾਂ ਦੀ ਮੇਲ-ਮਿਲਾਵਟ ਸੋਚ ਦੇ ਬਚਪਨ ਤੋਂ ਤੁਰੀ ਆ ਰਹੀ ਹੈ। ਬਾਈਬਲ

ਅਤੇ ਕੁਰਾਨ ਵਿਚਲਾ ਕਾਲਪਨਿਕ ਲੁਕਮਾਨ ਸਿਆਣਪਾਂ ਦੇ ਨਰੜ ਦੀ ਸਭ ਤੋਂ ਵੱਡੀ ਮਿਸਾਲ ਹੈ।

"ਆਰੰਭਕ ਯੁਗ ਦੇ ਬਚਪਨ ਵਿੱਚੋਂ ਲੰਘ ਕੇ ਯੂਨਾਨੀ ਸੋਚ ਮੁੰਡਪੁਣੇ ਦੇ ਆਦਰਸ਼ਵਾਦੀ ਯੁਗ ਵਿੱਚ ਪਰਵੇਸ਼ ਕਰਨ ਵਾਲੀ ਹੈ। ਇਸ ਯੁਗ ਵਿੱਚ ਬਚਪਨੇ ਦਾ ਉੱਕਾ ਅਲੋਪ ਨਹੀਂ ਹੋਇਆ, ਨਵੇਂ ਝੁਕਾਅ ਪੈਦਾ ਹੋਏ ਹਨ। ਇਨ੍ਹਾਂ ਝੁਕਾਵਾਂ ਨੂੰ ਪੈਦਾ ਕਰਨ ਵਾਲੇ ਸਮਾਜਕ ਹਾਲਾਤ ਦੀ ਥੋੜ੍ਹੀ ਜਿਹੀ ਜਾਣਕਾਰੀ ਜ਼ਰੂਰੀ ਹੈ। ਅਸੀਂ ਜਾਣਦੇ ਹਾਂ ਕਿ ਈਰਾਨ ਨਾਲ ਹੋਣ ਵ਼ਾਲੀਆਂ ਜੰਗਾਂ ਵਿੱਚ ਜੇਤੂ ਹੋਣ ਕਰਕੇ ਏਥਨਜ਼ ਨੂੰ ਯੂਨਾਨੀ ਨਗਰ-ਰਾਜਾਂ ਦਾ ਆਗੂ ਹੋਣ ਦਾ ਮਾਣ ਪ੍ਰਾਪਤ ਹੋ ਗਿਆ ਸੀ। ਮਿੱਤਰ ਨਗਰ-ਰਾਜਾਂ ਕੋਲੋਂ ਮਿਲਨ ਵਾਲੀ ਮਾਇਕ ਮਦਦ ਨੇ ਏਥਨਜ਼ ਦੇ ਨਗਰ-ਰਾਜ ਦੇ ਸਮਾਜਕ, ਸੰਸਕ੍ਰਿਤਕ ਅਤੇ ਰਾਜਨੀਤਕ ਵਿਕਾਸ ਨੂੰ ਸਿਖ਼ਰ ਉੱਤੇ ਪੁਚਾ ਦਿੱਤਾ ਸੀ। ਏਸੇ ਸਮੇਂ ਸਪਾਰਟਾ ਦੇ ਨਗਰ-ਰਾਜ ਨਾਲ ਏਥਨਜ਼ ਦੀ ਦੁਸ਼ਮਣੀ ਵੀ ਵਧੀ ਸੀ ਜਿਸ ਦੇ ਸਿੱਟੇ ਵੱਜੋਂ ਏਥਨਜ਼ ਦੀ ਹਾਰ ਹੋਈ ਸੀ ਅਤੇ ਮੰਦਵਾੜਾ ਆਰੰਭ ਹੋਇਆ ਸੀ। ਪੈਰੀਕਲੀਜ਼ ਦੇ ਵੇਲੇ ਕੀਤੀ ਗਈ ਸਾਰੀ ਉਸਾਰੀ ਨਸ਼ਟ ਕਰ ਦਿੱਤੀ ਗਈ ਸੀ। ਏਥਨਜ਼ ਦੇ ਲੋਕਾਂ ਵਿੱਚ ਅਸੁਰੱਖਿਆ, ਬੇ-ਵਸਾਹੀ, ਨਿਰਾਸ਼ਾ ਅਤੇ ਨਮੋਸ਼ੀ ਦੀਆਂ ਭਾਵਨਾਵਾਂ ਘਰ ਕਰਦੀਆਂ ਜਾ ਰਹੀਆਂ ਸਨ। ਪੈਰੀਕਲੀਜ਼ ਵੇਲੇ ਏਥਨਜ਼ ਵਿੱਚ ਇਕੱਤਰ ਹੋਈ ਸੋਚ ਨੇ ਉਪਰੋਕਤ ਸਮਾਜਕ ਵਾਤਾਵਰਣ ਦੇ ਪ੍ਰਭਾਵਾਂ ਕਾਰਨ ਕਈ ਨਵੇਂ ਰਾਹ ਅਪਣਾਏ। ਦਾਰਸ਼ਨਿਕਾਂ ਦੀ ਇੱਕ ਟੋਲੀ, ਜਿਨ੍ਹਾਂ ਨੂੰ ਸੋਫਿਸਟ ਜਾਂ ਪ੍ਰੋਫ਼ੈਸਰ ਆਖਿਆ ਜਾਂਦਾ ਸੀ, ਨੇ ਨਿਰੋਲ ਦਿਮਾਗ਼ੀ ਕਲਾਬਾਜ਼ੀਆਂ ਦਾ ਰਾਹ ਅਪਣਾਇਆ। ਇਸ ਦੇ ਸਿੱਟੇ ਵਜੋਂ ਸੰਦੇਹਵਾਹ ਨੇ ਜਨਮ ਲਿਆ ਅਤੇ ਦਰਸ਼ਨ ਜਾਂ ਫਿਲਾਸਫੀ ਨੂੰ ਮਸਖ਼ਰੀਆਂ ਕਰਨ ਦੀ ਰੁਚੀ ਪੈਦਾ ਹੋਈ। ਸੋਫਿਸਟ ਨਵੀਆਂ ਦਾਰਸ਼ਨਿਕ ਲੱਭਤਾਂ ਦੀ ਥਾਂ ਇਸ ਗੱਲ ਨੂੰ ਜਾਣਨ ਉੱਤੇ ਜ਼ੋਰ ਦਿੰਦੇ ਸਨ ਕਿ, "ਅਸੀਂ ਕਿਵੇਂ ਜਾਣਦੇ ਹਾਂ, ਅਸੀਂ ਜਾਣਦੇ ਵੀ ਹਾਂ ਕਿ ਐਵੇਂ ਭੁਲੇਖੇ ਵਿੱਚ ਹਾਂ।" ਉਨ੍ਹਾਂ ਦੀਆਂ ਇਨ੍ਹਾਂ ਮਸਲੇਬਾਜ਼ੀਆਂ ਕਰਕੇ ਇਹ ਆਖਿਆ ਜਾਣਾ ਆਰੰਭ ਹੋਇਆ ਕਿ ਫਿਲਾਸਫੀ ਇੱਕ ਅਜੇਹਾ ਕੁੱਤਾ ਹੈ ਜਿਹੜਾ ਆਪਣੀ ਪੂਛ ਨੂੰ ਮੂੰਹ ਵਿੱਚ ਫੜਨ ਦੇ ਜਤਨ ਕਾਰਨ ਆਪਣੇ ਦੁਆਲੇ ਘੁੰਮੀ ਜਾਂਦਾ ਹੈ।

"ਸੁਕਰਾਤ ਨੇ ਬਹੁਤਾ ਜ਼ੋਰ ਨੈਤਿਕਤਾ ਉੱਤੇ ਲਾਇਆ। ਪਲੇਟੋ ਦਾ ਧਿਆਨ ਰਾਜ-ਪ੍ਰਬੰਧ ਨੇ ਮੱਲੀ ਰੱਖਿਆ। ਉਸ ਨੂੰ ਇਹ ਚੇਤਾ ਵੀ ਨਾ ਰਿਹਾ ਕਿ ਜਿਸ ਦੁਨੀਆ ਦੇ ਪ੍ਰਬੰਧ ਦੀ ਚਿੰਤਾ ਮੇਰੀ ਸੋਚ ਨੂੰ ਚੰਬੜੀ ਹੋਈ ਹੈ, ਓਸੇ ਦੁਨੀਆ ਨੂੰ ਮੈਂ ਆਪਣੀ ਮਨੋਕਲਪਿਤ ਦੁਨੀਆ ਦੇ ਮੁਕਾਬਲੇ ਵਿੱਚ ਘਟੀਆ ਵੀ ਆਖਦਾ ਹਾਂ। ਅਰਸਤੂ ਨੇ ਬਹੁਤਾ ਜ਼ੋਰ ਇਸ ਗੱਲ ਉੱਤੇ ਲਾਇਆ ਕਿ ਜੀਵਨ ਦੀ ਖੇਡ ਦਾ ਮਨੋਰਥ ਕੀ ਹੈ। ਪਲੇਟੋ ਦੇ ਆਦਰਸ਼ਵਾਦ ਅਤੇ ਅਰਸਤੂ ਦੇ ਮਨੋਰਥਵਾਦ ਦੇ ਸੰਜੋਗ ਦੀ ਸ਼ਹਿ ਪਾ ਕੇ ਯਹੂਦੀ ਧਰਮ ਦਾ ਬੋਲ ਬਾਲਾ ਹੋਇਆ ਅਤੇ ਈਸਾਈਅਤ ਉਪਜੀ। ਇਨ੍ਹਾਂ ਸਾਰੀਆਂ ਗੱਲਾਂ ਦੇ ਕਾਰਨ ਡਿਮਾਕ੍ਰੀਟੱਸ ਦੀ ਵਿਗਿਆਨਕ ਵਿਚਾਰਧਾਰਾ ਨੂੰ ਸੱਟ ਵੱਜੀ।

"ਆਰੰਭਕ ਯੁਗ ਵਿੱਚ ਜੀਵਨ ਦਾ ਗਿਆਨ ਸੋਚ ਦਾ ਵਿਸ਼ਾ ਸੀ। ਆਉਣ ਵਾਲੇ ਯੁਗ ਵਿੱਚ ਵਿਸ਼ਵ ਦੀ ਥਾਂ ਮਨੁੱਖ ਸੋਚ ਦਾ ਕੇਂਦਰ ਬਣ ਗਿਆ। ਸੋਫਿਸਟ ਕਹਿੰਦੇ ਸਨ ਕਿ ਵਿਸ਼ਵ ਵਿਚਲੀ ਹਰ ਸ਼ੈ ਦਾ, ਮਨੁੱਖ ਹੀ ਮਾਨ ਦੰਡ ਹੈ। ਇਸ ਦਾ ਭਾਵ ਇਹ ਸੀ ਕਿ ਹਰ ਵਸਤੂ-ਵਿਚਾਰ ਅਤੇ ਘਟਨਾ ਦਾ ਲੇਖਾ-ਜੋਖਾ ਇਸ ਦ੍ਰਿਸ਼ਟੀਕੋਣ ਤੋਂ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਵਸਤੂ ਵਿਚਾਰ ਅਤੇ ਘਟਨਾ ਮਨੁੱਖੀ ਜੀਵਨ ਨਾਲ ਕੀ ਸੰਬੰਧ ਰੱਖਦੀ ਹੈ। ਓਪਰੀ

ਨਜ਼ਰੇ ਵੇਖਿਆਂ ਇਹ ਗੱਲ ਜੀਵਨ ਲਈ ਹਾਨੀਕਾਰਕ ਨਹੀਂ ਭਾਸਦੀ; ਪਰੰਤੂ, ਅਸਲੀਅਤ ਇਸ ਤੋਂ ਉਲਟ ਹੈ। ਉਸ ਸਮੇਂ 'ਰੂਲ ਆਫ਼ ਲਾਅ' ਅਤੇ ਵੈਲਫ਼ੇਅਰ ਸਟੇਟ ਦਾ ਸੰਕਲਪ ਅਜੇ ਉਪਜਿਆ ਨਹੀਂ ਸੀ। ਜੀਵਨ ਨੂੰ ਭੈ ਅਤੇ ਸ਼ਕਤੀ ਰਾਹੀਂ ਨਿਯੰਤ੍ਰਣ ਵਿੱਚ ਰੱਖਣ ਦਾ ਇੱਕੋ ਇੱਕ ਤਰੀਕਾ ਅਮਲੀ ਤੌਰ 'ਤੇ ਸੰਭਵ ਸੀ। ਮਨੁੱਖੀ ਸਮਾਜ ਹਾਕਮਾਂ ਅਤੇ ਹੁਕਮ ਮੰਨਣ ਵਾਲਿਆਂ ਵਿੱਚ ਵੰਡੇ ਹੋਏ ਸਨ। ਹਾਕਮ ਸਰਵ ਸੱਤਾ ਅਧਿਕਾਰ ਦੇ ਵਿਸ਼ਵਾਸੀ ਸਨ। ਇਸ ਲਈ ਮਨੁੱਖੀ ਜੀਵਨ ਨੂੰ ਸੋਚ ਦਾ ਕੇਂਦਰ ਮੰਨਣ ਦਾ ਮਤਲਬ ਬਣ ਗਿਆ—ਹਾਕਮ ਸ਼੍ਰੇਣੀ ਜਾਂ ਅਧਿਕਾਰਯੁਕਤ ਸ਼੍ਰੇਣੀ ਹੀ ਸੋਚ ਦਾ ਕੇਂਦਰ ਹੈ। ਇਸ ਵਿਚਾਰ ਰਾਹੀਂ ਪੂਰੀ ਮਨੁੱਖ ਜਾਤੀ ਦੇ ਹਿੱਤਾਂ ਦੀ ਹਾਨੀ ਹੋਈ।

"ਇਹ ਸਾਰੀ ਗੱਲ-ਬਾਤ ਮਿੱਤਰਾਂ ਨਾਲ ਸਾਂਝੀ ਕਰਨੀ ਹੈ, ਇਸ ਲਈ ਇੱਕ ਦਿਨ ਟਿੱਕ ਲਵੋ, ਬੇਟਾ ਜੀ।"

"ਅੱਛਾ ਪਾਪਾ, ਮੈਂ ਸਭ ਨੂੰ ਸੂਚਿਤ ਕਰ ਦਿਆਂਗੀ।"

ਪੁਸ਼ਪੇਂਦ੍ਰ, ਕਹਿਣ ਨੂੰ ਤਾਂ ਮੈਂ ਇਉਂ ਕਹਿ ਦਿੱਤਾ; ਪਰ, ਮੈਨੂੰ ਪਤਾ ਸੀ ਕਿ ਪਾਪਾ ਗੱਲਾਂ ਦੇ ਲੋਰ ਵਿੱਚ ਸਾਰੀ ਗੱਲ ਵਿਸਥਾਰ ਨਾਲ ਕਹਿ ਚੁੱਕੇ ਸਨ ਅਤੇ ਹੁਣ ਇਸ ਵਿਸ਼ੇ ਉੱਤੇ ਵਿਚਾਰ ਕਰਨ ਲਈ ਕਿਸੇ ਇਕੱਤਰਤਾ ਦੀ ਲੋੜ ਨਹੀਂ ਸੀ।

ਸਨੇਹਾ।

# 38

ਈਸ਼ਰ ਭਵਨ,
19.1.97.

ਸਨੇਹਾ,

ਮੇਰੇ ਕੋਲ ਨਾ ਉਚੇਰੀ ਵਿੱਦਿਆ ਹੈ, ਨਾ ਲੰਮੇਰਾ ਅਨੁਭਵ, ਇਸ ਲਈ ਸਦੀਆਂ ਦੀਆਂ ਸਤਿਕਾਰੀਆਂ ਹੋਈਆਂ ਧਾਰਨਾਵਾਂ ਦਾ ਵਿਰੋਧ ਕਰਨ ਦਾ ਹੀਆ ਨਹੀਂ ਕਰ ਸਕਦੀ। ਤਾਂ ਵੀ ਨੀਲੂ ਜੀ ਨਾਲ ਗੱਲਾਂ ਕਰ ਕੇ, ਸੁਮੀਤ ਨਾਲ ਵਿਚਾਰ-ਵਟਾਂਦਰਾ ਕਰ ਕੇ, ਉਸ ਦੀ ਲਾਇਬ੍ਰੇਰੀ ਵਿੱਚ ਰੱਖੀਆਂ ਪੁਸਤਕਾਂ ਵਿੱਚ ਝਾਤੀ ਪਾ ਕੇ, ਇਸ ਨਵੇਂ ਮਾਹੌਲ ਵਿੱਚ ਕੁਝ ਚਿਰ ਰਹਿ ਕੇ, ਪੁਰਾਣੀਆਂ ਪਰਿਸਥਿਤੀਆਂ ਦੇ ਪ੍ਰਭਾਵ ਤੋਂ ਮੁਕਤ ਹੋ ਕੇ, ਸੰਪੂਰਣ ਤੌਰ ਉੱਤੇ ਨਿਸ਼ਚਿੰਤ ਅਤੇ ਸੁਰੱਖਿਅਤ ਮਹਿਸੂਸ ਕਰਦਿਆਂ ਹੋਇਆਂ, ਆਪਣੇ ਵਿਚਾਰਾਂ ਅਤੇ ਵਿਸ਼ਵਾਸਾਂ ਵਿੱਚ ਹੋ ਰਹੀ ਉੱਥਲ-ਪੁੱਥਲ ਦਾ ਜ਼ਿਕਰ ਕਰਨੋਂ ਨਹੀਂ ਰਹਿ ਸਕਦੀ। ਪਾਪਾ, ਦਮੋਦਰ ਅੰਕਲ, ਪਿਤਾ ਜੀ ਅਤੇ ਅੰਕਲ ਜੀ ਨਾਲ ਹੋਈ ਸੁਮੀਤ ਦੀ ਪਿਛਲੀ ਗੱਲ-ਬਾਤ ਨੇ ਮੈਨੂੰ ਆਪਣੇ ਵਿਚਾਰ ਲਿਖਣ ਲਈ ਉਚੇਚਾ ਉਤਸ਼ਾਹਿਤ ਕੀਤਾ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਮੈਂ ਈਸ਼ਰ ਭਵਨ ਵਿੱਚ ਰਹਿੰਦਿਆਂ ਹੋਇਆਂ ਬੱਚਿਆਂ ਵੱਲ ਉਚੇਚਾ ਧਿਆਨ ਦਿੰਦੀ ਰਹੀ ਹਾਂ। ਮੈਂ ਇਹ ਵੀ ਸਮਝ ਸਕਦੀ ਹਾਂ ਕਿ ਨੀਲੂ ਜੀ ਨੇ ਅਤੇ ਅੰਕਲ ਜੀ ਨੇ ਇੱਕ ਸੋਚੀ-ਸਮਝੀ ਵਿਉਂਤ ਅਨੁਸਾਰ ਮੈਨੂੰ ਇਸ ਕੰਮ ਲਈ ਤਿਆਰ ਅਤੇ ਪ੍ਰੇਰਿਤ ਕੀਤਾ ਹੈ। ਪਿਛਲੇ ਦਿਨਾਂ ਵਿੱਚ ਜਿੰਨਾ ਧਿਆਨ ਬੱਚਿਆਂ ਵੱਲ ਮੈਂ ਦੇ ਸਕੀ ਹਾਂ, ਏਨਾ ਧਿਆਨ ਦੇਣਾ ਬੱਚਿਆਂ ਦੇ ਮਾਪਿਆਂ ਅਤੇ ਅਧਿਆਪਕਾਂ ਲਈ ਕਦੇ ਸੰਭਵ ਨਹੀਂ ਹੁੰਦਾ। ਨਾ ਹੀ ਇਉਂ ਹੋ ਸਕਦਾ ਹੈ ਕਿ ਜਨਮ ਸਮੇਂ ਤੋਂ ਲੈ ਕੇ ਤਿੰਨ ਚਾਰ ਸਾਲ ਤੱਕ ਦੀ ਉਮਰ ਦੇ ਬਹੁਤ ਸਾਰੇ ਬੱਚਿਆਂ ਨੂੰ ਏਨੇ ਸੁਰੱਖਿਅਤ, ਸਿਹਤਮੰਦ, ਸਨੇਹਪੂਰਣ ਅਤੇ ਸੁਤੰਤਰ ਵਾਤਾਵਰਣ ਵਿੱਚ ਆਪਣੀ ਇੱਛਾ ਅਨੁਸਾਰ ਵਿਚਰਦੇ, ਵਰਤਦੇ ਵੇਖਿਆ ਜਾ ਸਕੇ। ਇਹ ਮੌਕਾ ਆਪਣੇ ਆਪ ਵਿੱਚ ਏਨਾ ਅਦੁੱਤੀ ਹੈ ਕਿ ਇਸ ਵਿੱਚ ਨਵੀਆਂ ਸੋਚਾਂ ਦੇ ਬੀਜ ਮੌਜੂਦ ਹਨ। ਮੇਰੇ ਦਿਮਾਗ਼ ਦੀ ਧਰਤੀ ਵਿੱਚ ਇਨ੍ਹਾਂ ਬੀਜਾਂ ਤੋਂ ਉੱਗੀਆਂ ਅਤੇ ਉੱਗ ਰਹੀਆਂ ਸੋਚਾਂ ਕੁਝ ਇਸ ਪ੍ਰਕਾਰ ਦੀਆਂ ਹਨ:

ਪਰਵਿਰਤੀ, ਭਾਵੁਕਤਾ, ਬੌਧਿਕਤਾ, ਕਲਪਨਾ, ਸੰਮ੍ਰਿਤੀ (ਚੇਤਾ ਸ਼ਕਤੀ), ਵਿਸ਼ਵਾਸ, ਸ੍ਵੈ-ਭਰੋਸਾ, ਇੱਛਾ ਅਤੇ ਰਾਗ-ਦ੍ਵੈਸ਼ ਆਦਿਕ ਮਨੁੱਖੀ ਚੇਤਨਾ ਦੇ ਵੱਖ ਵੱਖ ਰੂਪ ਹਨ। ਇਨ੍ਹਾਂ ਦੇ ਕੁੱਲ ਜੋੜ ਜਾਂ ਇਕੱਠ ਨੂੰ ਮਨ ਦਾ ਨਾਂ ਦਿੱਤਾ ਗਿਆ ਹੈ। ਚੇਤਨਾ ਜਾਂ ਚਿੱਤ੍, ਪਦਾਰਥ ਜਾਂ ਸੱਤ੍ ਤੋਂ ਵੱਖਰੀ ਚੀਜ਼ ਨਹੀਂ। ਸੱਤ੍ (ਪਦਾਰਥ) ਵਿਚਲੀ ਰਸਾਇਣਿਕ ਕਿਰਿਆ ਹੀ ਚਿੱਤ੍ (ਚੇਤਨਾ) ਨੂੰ ਜਨਮ ਦਿੰਦੀ ਹੈ। ਸਦਾ ਜਾਰੀ ਰਹਿਣ ਵਾਲੀ ਕਿਰਿਆ ਅਜੇਹੇ ਕਿਸੇ ਰੂਪ ਨੂੰ

ਜਾਂ ਅਜੇਹੀ ਕਿਸੇ ਹੋਂਦ ਨੂੰ ਜਾਂ ਅਜੇਹੀ ਕਿਸੇ ਚੇਤਨਾ ਨੂੰ ਜਨਮ ਨਹੀਂ ਦਿੰਦੀ, ਜਿਹੜੀ ਇਸ ਰਸਾਇਣਿਕ ਕਿਰਿਆ ਤੋਂ ਸੁਤੰਤਰ ਹੋਵੇ ਜਾਂ ਇਸ ਤੋਂ ਬਿਨਾਂ ਆਪਣੀ ਹੋਂਦ ਨੂੰ ਕਾਇਮ ਰੱਖ ਸਕੇ। ਮਨੁੱਖੀ ਸਰੀਰ ਜਾਂ ਕਿਸੇ ਵੀ ਪਸ਼ੂ-ਪੰਛੀ ਦਾ ਸਰੀਰ ਇੱਕ ਅਦਭੁੱਤ ਕਾਰਖ਼ਾਨਾ ਹੈ, ਜਿਸ ਵਿੱਚ ਭਾਵਾਂ, ਪਰਵਿਰਤੀਆਂ ਆਦਿਕ ਦਾ ਨਿਕਸੁਕ ਸਦਾ ਬਣਦਾ ਰਹਿੰਦਾ ਹੈ। ਇਸ ਕਾਰਖ਼ਾਨੇ ਵਿਚਲੀਆਂ ਵੱਖ ਵੱਖ ਮਸ਼ੀਨਾਂ ਦੇ ਬੰਦ ਹੋ ਜਾਣ ਨਾਲ ਇਹ ਸਮੁੱਚਾ ਕਾਰਖਾਨਾ ਬੰਦ ਹੋ ਜਾਂਦਾ ਹੈ ਅਤੇ ਇਸ ਵਿੱਚ ਉਪਜਣ ਵਾਲਾ ਸਾਰਾ ਨਿਕਸੁਕ ਬਣਨਾ ਵੀ ਬੰਦ ਹੋ ਜਾਂਦਾ ਹੈ।

ਜੀਵਾਂ ਵਿਚਲੀ ਚੇਤਨਾ ਦਾ ਕੇਂਦਰ ਦਿਮਾਗ਼ ਹੈ, ਪਰ ਸਰੀਰ ਵਿਚਲੇ ਕਈ ਅੰਗਾਂ (ਜਿਵੇਂ ਦਿਲ, ਗੁਰਦੇ, ਜਿਗਰ, ਫੇਫੜੇ, ਮਿਹਦਾ) ਕੋਲ ਆਪੋ-ਆਪਣੀ ਸਥਾਨਕ ਚੇਤਨਾ ਵੀ ਹੈ। ਇਸੇ ਤਰ੍ਹਾਂ ਕੇਂਦਰੀ ਚੇਤਨਾ ਦੇ ਰੂਪ, ਸਥਲ ਜਾਂ ਪ੍ਰਕਾਰ ਹਨ, ਜਿਨ੍ਹਾਂ ਨੂੰ ਚੇਤਨ, ਅਰਧਚੇਤਨ ਜਾਂ ਅਵਚੇਤਨ ਆਖਿਆ ਜਾਂਦਾ ਹੈ। ਹਰ ਪ੍ਰਕਾਰ ਦੇ ਸਰੀਰ ਵਿਚਲੀ ਸਥਾਨਕ ਚੇਤਨਾ ਵਿਕਾਸ ਕਰਦੀ ਹੋਈ ਨਿਪੁੰਨਤਾ ਨੂੰ ਪ੍ਰਾਪਤ ਹੋ ਜਾਂਦੀ ਹੈ; ਪਰੰਤੂ, ਕੇਂਦਰੀ ਚੇਤਨਾ ਆਪਣੇ ਹਰ ਰੂਪ ਵਿੱਚ ਵਿਕਸਦੀ ਅਤੇ ਬਦਲਦੀ ਰਹਿੰਦੀ ਹੈ। ਇਸ ਵਿਕਾਸਸ਼ੀਲ ਕੇਂਦਰੀ ਚੇਤਨਾ ਨੂੰ ਹੀ ਮਨ ਆਖਿਆ ਜਾਂਦਾ ਹੈ। ਪਰਿਪੂਰਣ ਅਤੇ ਨਿਪੁੰਨ ਸਥਾਨਕ ਚੇਤਨਾ ਨੂੰ ਮਨ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਜੇ ਦਿਲ, ਗੁਰਦਿਆਂ ਆਦਿਕ ਵਿਚਲੀ ਚੇਤਨਾ ਸਰੀਰਕ ਹੈ ਜਾਂ ਸਰੀਰ ਦਾ ਹਿੱਸਾ ਹੈ ਤਾਂ ਮਨ ਵੀ ਸਰੀਰਕ ਕਿਉਂ ਨਹੀਂ ਜਾਂ ਸਰੀਰ ਦਾ ਇੱਕ ਹਿੱਸਾ ਕਿਉਂ ਨਹੀਂ ?

ਸਰੀਰ ਦੇ ਸਭ ਚੇਤਨ ਜਾਂ ਅਵਚੇਤਨ ਭਾਗ ਇੱਕ ਸਰੀਰ ਵਿੱਚੋਂ ਕੱਢ ਕੇ ਦੂਜੇ ਸਰੀਰ ਵਿੱਚ ਪਾਏ ਜਾਂ ਜੋੜੇ ਜਾ ਸਕਦੇ ਹਨ। ਇਹ ਸਭ ਕੁਝ ਉਵੇਂ ਹੀ ਹੈ ਜਿਵੇਂ ਇੱਕ ਮਸ਼ੀਨ ਦੇ ਪੁਰਜ਼ੇ ਉਸੇ ਵਰਗੀ ਦੂਜੀ ਮਸ਼ੀਨ ਵਿੱਚ ਪਾਏ ਜਾਂਦੇ ਹਨ। ਮੈਡੀਕਲ ਸਾਇੰਸ ਦੀਆਂ ਪ੍ਰਾਪਤੀਆਂ ਵੱਲ ਵੇਖਦਿਆਂ ਹੋਇਆਂ ਇਹ ਆਖਿਆ ਜਾ ਸਕਦਾ ਹੈ ਕਿ ਕਿਸੇ ਦਿਨ ਸਰੀਰਕ ਚੇਤਨਾ ਦਾ ਕੇਂਦਰ ਦਿਮਾਗ਼ ਵੀ ਇੱਕ ਸਿਰ ਵਿੱਚੋਂ ਕੱਢ ਕੇ ਦੂਜੇ ਸਿਰ ਵਿੱਚ ਪਾਇਆ ਜਾ ਸਕੇਗਾ। ਜੇ ਉਹ ਦਿਨ ਨਾ ਵੀ ਆਵੇ ਤਾਂ ਵੀ ਇਸ ਸਮੇਂ ਦਿਮਾਗ਼ ਦੀ ਚੀਰ-ਫਾੜ ਨਾਲ ਕੀਤੇ ਜਾਣ ਵਾਲੇ ਤਜਰਬੇ ਇਹ ਦੱਸਦੇ ਹਨ ਕਿ ਚੇਤਨਾ ਦੇ ਕੇਂਦਰ ਨੂੰ ਕੱਟ ਵੱਢ ਕੇ ਜਾਂ ਦਵਾਈਆਂ ਦੀ ਸਹਾਇਤਾ ਨਾਲ (ਕਿਸੇ ਹੱਦ ਤਕ) ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸੇ ਲਈ ਅੱਜ-ਕੱਲ ਮਾਨਸਿਕ ਰੋਗਾਂ ਦਾ ਇਲਾਜ ਜਾਦੂ-ਟੂਣੇ, ਝਾੜੇ-ਫਾਂਡੇ, ਸੌਂਗੀਆਂ ਦੀ ਖੇਡ ਜਾਂ ਜਿੰਨ-ਭੂਤ ਕੱਢਣ ਵਾਲਿਆਂ ਦੀ ਬੇ-ਰਹਿਮ ਮਾਰ ਕੁੱਟ ਨਾਲ ਨਹੀਂ ਕੀਤਾ ਜਾਂਦਾ।

ਮਨ ਸਾਡੇ ਸਰੀਰ ਨਾਲੋਂ 'ਵੱਖਰੀ ਪਰ ਸਾਡੇ ਸਰੀਰ ਨਾਲ ਸੰਬੰਧਤ' ਚੇਤਨਾ ਨਹੀਂ, ਸਗੋਂ ਇਹ ਸਾਡੇ 'ਸਰੀਰ ਦੀ ਉਪਜਾਈ ਹੋਈ' ਚੇਤਨਾ ਹੈ। ਬੱਚਿਆਂ ਵਿੱਚ ਰਹਿੰਦੀ ਹੋਈ, ਉਨ੍ਹਾਂ ਦੇ ਵਿਕਾਸ ਨੂੰ ਵੇਖਦੀ ਹੋਈ ਮੈਂ ਉਨ੍ਹਾਂ ਵਿੱਚ ਮਨ ਦੀ ਉਤਪਤੀ ਅਤੇ ਮਨ ਦੇ ਵਿਕਾਸ ਨੂੰ ਵੇਖਦੀ ਹਾਂ। ਸਾਡੇ ਸਰੀਰ ਦੀਆਂ ਲੱਗਪੱਗ ਸਾਰੀਆਂ ਸਥਾਨਕ ਚੇਤਨਾਵਾਂ ਮਾਤਾ ਦੇ ਗਰਭ ਵਿੱਚ ਹੀ ਉਪਜ ਕੇ ਪਰਿਪੂਰਣਤਾ ਨੂੰ ਪਹੁੰਚ ਜਾਂਦੀਆਂ ਹਨ। ਕੁਝ ਇੱਕ ਕੇਂਦਰੀ ਚੇਤਨਾਵਾਂ ਵੀ ਓਥੇ ਹੀ ਉਪਜ ਜਾਂਦੀਆਂ ਹਨ; ਪਰ, ਮਨ ਦਾ ਵਡੇਰਾ ਭਾਗ ਸਾਡੇ ਸੰਸਾਰਕ ਅਨੁਭਵ ਦੀ ਉਪਜ ਹੈ। ਇੱਕ ਨਵਜਾਤ ਬਾਲਕ ਨੂੰ ਵੇਖੋ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਜਿੰਨਾ ਉਹ ਰਹਿਤ ਹੈ, ਓਨਾ ਰਹਿਤ ਕੋਈ (ਕਲਪਿਤ) ਬ੍ਰਹਮਗਿਆਨੀ ਕਦੇ ਨਹੀਂ ਹੋ ਸਕਦਾ। ਸਾਡੇ (ਕਲਪਿਤ) ਬ੍ਰਹਮਗਿਆਨੀ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਰਹਿਤ ਹੋਣ ਦੀ ਇੱਛਾ ਹੈ, ਇਸ ਇੱਛਾ-ਪੂਰਤੀ ਦਾ ਯਤਨ ਹੈ। ਨਵਜਾਤ ਬਾਲਕ ਇਸ ਪ੍ਰਕਾਰ ਦੀ ਇੱਛਾ ਤੋਂ ਰਹਿਤ ਹੈ; ਜਤਨ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਵੈਰ-ਵਿਰੋਧ, ਮੇਰ-ਤੇਰ, ਹਾਰ-ਜਿੱਤ,

ਮਾਣ-ਅਪਮਾਣ, ਊਚ-ਨੀਚ, ਹਾਨੀ-ਲਾਭ ਅਤੇ ਵਿਸ਼-ਅਮ੍ਰਿਤ ਆਦਿਕ ਦੇ ਅੰਤਰ ਤੋਂ ਉੱਕਾ ਅਣਜਾਣ ਹੈ ਨਵਜਾਤ ਬਾਲਕ।

ਮੈਂ ਦੋ ਨਵਜਾਤ ਬਾਲਕਾਂ ਨੂੰ ਵੇਖਦੀ ਆ ਰਹੀ ਹਾਂ। ਉਨ੍ਹਾਂ ਵਿੱਚ ਉੱਪਰ ਦੱਸੇ ਵਿਕਾਰ ਕਿਸ ਕਿਸ ਉਮਰ ਵਿੱਚ, ਕਿਨ੍ਹਾਂ ਕਿਨ੍ਹਾਂ ਕਾਰਨਾਂ ਕਰਕੇ ਪੈਦਾ ਹੁੰਦੇ ਹਨ, ਇਸ ਗੱਲ ਵੱਲ ਉਚੇਚਾ ਧਿਆਨ ਰੱਖਣ ਲਈ ਮੈਨੂੰ ਸੁਚੇਤ ਕਰ ਦਿੱਤਾ ਗਿਆ ਸੀ। ਏਸੇ ਭਵਨ ਵਿੱਚ ਦੋ ਬਾਲਕ ਚਾਰ ਅਤੇ ਛੇ ਮਹੀਨਿਆਂ ਦੀ ਉਮਰ ਦੇ ਵੀ ਹਨ; ਇੱਕ ਸਾਲ ਕੁ ਦਾ ਹੈ ਅਤੇ ਦੋ ਡੇਢ ਸਾਲ ਦੇ ਵੀ ਹਨ। ਇਹ ਸਾਰੇ ਬੱਚੇ ਦਿਨ ਦਾ ਬਹੁਤਾ ਹਿੱਸਾ ਮੇਰੀਆਂ ਅੱਖਾਂ ਸਾਹਮਣੇ ਰਹਿੰਦੇ ਹਨ। ਇਨ੍ਹਾਂ ਦੇ ਘਰਾਂ ਵਿੱਚ, ਇਨ੍ਹਾਂ ਲਈ ਮੱਧ ਸ਼੍ਰੇਣੀ ਦੇ ਘਰਾਂ ਵਾਲੀਆਂ ਸੁਖ ਸਹੂਲਤਾਂ ਪੈਦਾ ਕੀਤੀਆਂ ਗਈਆਂ ਹਨ। ਇਨ੍ਹਾਂ ਦੇ ਚਾਰ-ਚੁਫੇਰੇ ਪਸਰੇ ਹੋਏ ਜੀਵਨ ਵਿੱਚ ਈਰਖਾ, ਅਵਿਸ਼ਵਾਸ, ਅਸੁਰੱਖਿਆ, ਬੇ-ਲੋੜੇ ਗਿਲੇ-ਸ਼ਿਕਵੇ ਅਤੇ ਭਵਿੱਖ ਬਾਰੇ ਕਿਸੇ ਕਿਸਮ ਦਾ ਤੌਖ਼ਲਾ ਬਿਲਕੁਲ ਨਹੀਂ ਹੈ। ਇਨ੍ਹਾਂ ਦੀ ਖ਼ੁਰਾਕ ਅਤੇ ਚੰਗੀ ਸਿਹਤ ਦਾ ਸਦਾ ਧਿਆਨ ਰੱਖਿਆ ਜਾਂਦਾ ਹੈ। ਇਹ ਕਿਸੇ ਪੱਛੜੇ ਦੇਸ਼ ਦੇ ਬੱਚੇ ਨਹੀਂ ਹਨ, ਸਗੋਂ ਪ੍ਰਸੰਨ ਮਨੁੱਖੀ ਸਮਾਜ ਦੇ ਹੋਣਹਾਰ ਵਾਰਸ ਹਨ।

ਮੈਂ ਵੇਖ ਰਹੀ ਹਾਂ ਕਿ ਮਨੁੱਖ ਦੀਆਂ ਜਿਨ੍ਹਾਂ ਚੇਤਨਾਵਾਂ ਅਤੇ ਜਿਨ੍ਹਾਂ ਵਿਕਾਰਾਂ ਦੇ ਕੁੱਲ ਜੋੜ ਨੂੰ ਮਨ ਆਖਿਆ ਜਾਂਦਾ ਹੈ, ਉਹ ਚੇਤਨਾਵਾਂ ਅਤੇ ਵਿਕਾਰ ਕਿਵੇਂ ਸਰੀਰ ਦੇ ਵਿਕਾਸ ਨਾਲ ਉਤਪੰਨ ਹੁੰਦੇ ਹਨ। ਪਹਿਲੇ ਕੁਝ ਮਹੀਨਿਆਂ ਵਿੱਚ ਬੱਚਾ ਆਪਣੀਆਂ ਅੱਖਾਂ ਅਤੇ ਆਪਣੇ ਕੰਨਾਂ ਆਦਿਕ ਦੀ ਵਰਤੋਂ ਦੀ ਮੁਹਾਰਤ ਹਾਸਲ ਕਰਦਾ ਹੈ। ਉਸ ਦਾ ਇਹ ਸਰੀਰਕ ਵਿਕਾਸ ਉਸ ਨੂੰ ਵੱਖ ਵੱਖ ਵਿਅਕਤੀਆਂ ਅਤੇ ਵਸਤੂਆਂ ਵਿਚਲੇ ਵਖੇਵੇਂ ਵੇਖਣ ਦੇ ਯੋਗ ਬਣਾਉਂਦਾ ਹੈ। ਘੜੀ-ਮੁੜੀ ਜਾਂ ਬਹੁਤੀ ਵੇਰ ਵੇਖੇ ਹੋਏ ਲੋਕਾਂ ਨੂੰ ਆਪਣੇ ਅਤੇ ਕਦੇ ਕਦਾਈਂ ਨਜ਼ਰ ਆਉਣ ਵਾਲਿਆਂ ਨੂੰ ਪਰਾਏ ਮੰਨਣ ਦੀ ਮਜਬੂਰੀ ਪੈਦਾ ਹੋ ਜਾਂਦੀ ਹੈ। ਆਪਣਿਆਂ ਦੀਆਂ ਆਵਾਜ਼ਾਂ ਪਿਆਰੀਆਂ ਲਗਦੀਆਂ ਹਨ। ਓਪਰੀਆਂ ਆਵਾਜ਼ਾਂ ਚੰਚਲਤਾ ਅਤੇ ਘਬਰਾਹਟ ਪੈਦਾ ਕਰਦੀਆਂ ਹਨ। ਜ਼ਰਾ ਹੋਰ ਵਡੇਰਾ ਹੋ ਕੇ ਬੱਚਾ ਆਪਣੇ ਹੱਥਾਂ ਦੀ ਵਰਤੋਂ ਆਰੰਭ ਕਰ ਦਿੰਦਾ ਹੈ। ਉਸ ਦੀ ਇਹ ਯੋਗਤਾ ਜਿੱਥੇ ਉਸ ਨੂੰ ਆਪਣੇ ਆਲੇ-ਦੁਆਲੇ ਦੇ ਜੀਵਨ ਦੀ ਅਸਲੀਅਤ ਨੂੰ ਨੇੜਿਓਂ ਹੋ ਕੇ ਜਾਣਨ ਦਾ ਮੌਕਾ ਦਿੰਦੀ ਹੈ, ਉੱਥੇ ਉਸ ਲਈ ਮਾਨਸਿਕ ਉਲਝਣਾਂ ਵੀ ਪੈਦਾ ਕਰਦੀ ਹੈ। ਉਹ ਹਰ ਚੀਜ਼ ਨੂੰ ਹੱਥ ਪਾਉਣ ਦਾ ਜਤਨ ਕਰਦਾ ਹੈ। ਕੁਝ ਇੱਕ ਚੀਜ਼ਾਂ ਨੂੰ ਪਕੜਨਾ ਦੁਖਦਾਈ ਹੋ ਸਕਦਾ ਹੈ। ਇਸ ਲਈ ਉਨ੍ਹਾਂ ਨੂੰ ਪਕੜਨੋਂ ਰੋਕਿਆ ਜਾਂਦਾ ਹੈ। ਉਸ ਵਿੱਚ ਆਪਣੀ ਇੱਛਾ ਦੀ ਚੇਤਨਾ ਪੈਦਾ ਹੁੰਦੀ ਹੈ। ਇੱਛਾ ਪੂਰਤੀ ਨਾ ਹੋਣ ਉੱਤੇ ਵਿਰੋਧੀ ਸ਼ਕਤੀ ਪ੍ਰਤੀ ਵਿਰੋਧ ਦੀ ਭਾਵਨਾ ਉਪਜਦੀ ਹੈ। ਘੜੀ-ਮੁੜੀ ਦੀ ਇੱਛਾ ਅਤੇ ਬਾਰ ਬਾਰ ਦਾ ਵਿਰੋਧ ਖਿਝ, ਕ੍ਰੋਧ ਅਤੇ ਅੰਤ ਵਿੱਚ ਲਾਚਾਰੀ ਦੇ ਭਾਵ ਪੈਦਾ ਕਰਦਾ ਹੈ। ਬੱਚੇ ਵਿੱਚ ਮਨ ਦੀ ਉਤਪਤੀ ਹੋ ਰਹੀ ਹੈ।

ਜਦੋਂ ਬੱਚਾ ਤੁਰਨਾ ਸਿੱਖ ਲੈਂਦਾ ਹੈ, ਉਦੋਂ ਉਸ ਵਿੱਚ ਆਪਣੀ ਵੱਖਰੀ ਹੋਂਦ ਦੀ ਚੇਤਨਾ ਹੋਰ ਬਲਵਾਨ ਹੋ ਜਾਂਦੀ ਹੈ। ਉਹ ਦੂਜਿਆਂ ਨੂੰ ਤੁਰਦੇ-ਫਿਰਦੇ, ਏਧਰ-ਉਧਰ, ਜਿਧਰ ਜੀ ਚਾਹੇ ਜਾਂਦੇ ਵੇਖ ਕੇ ਆਪ ਵੀ ਉਵੇਂ ਹੀ ਕਰਨਾ ਚਾਹੁੰਦਾ ਹੈ। ਜਿਹੜੇ ਘਰ ਬੱਚਿਆਂ ਦੀ ਇਸ ਲੋੜ ਨੂੰ ਮੁਖ ਰੱਖ ਕੇ ਨਹੀਂ ਬਣਾਏ ਗਏ ਹੁੰਦੇ (ਸਾਰੇ ਘਰ ਬੱਚਿਆਂ ਦੀ ਲੋੜ ਤੋਂ ਅਣਜਾਣ ਮਨੁੱਖਾਂ ਦੇ ਬਣਾਏ ਹੋਏ ਹਨ), ਉਨ੍ਹਾਂ ਵਿੱਚ ਅਜੇਹਾ ਨਿਕਸੁਕ ਪਿਆ ਹੁੰਦਾ ਹੈ, ਜਿਸ ਦੇ ਨੇੜੇ ਜਾਣ ਦੀ ਇਜਾਜ਼ਤ ਬੱਚਿਆਂ ਨੂੰ ਨਹੀਂ ਹੁੰਦੀ। ਵੱਡੇ ਰੋਕਦੇ ਹਨ, ਬੱਚਾ ਵਿਰੋਧ ਕਰਦਾ ਹੈ। ਇਸ ਵਿਰੋਧ ਵਿੱਚ ਸਰੀਰਕ ਅਤੇ ਮਾਨਸਿਕ ਦੋਹਾਂ ਸ਼ਕਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਆਪਣੀ

ਇੱਛਾ ਪੂਰਤੀ ਲਈ ਸਰੀਰਕ ਬਲ ਦੀ ਵਰਤੋਂ ਦਾ ਅਭਿਆਸ ਸਾਨੂੰ ਦੂਜਿਆਂ ਪ੍ਰਤੀ ਹਿੰਸਾ ਦੀ ਵਰਤੋਂ ਦੇ ਵਿਸ਼ਵਾਸੀ ਬਣਾ ਸਕਦਾ ਹੈ, ਇਸ ਸੱਚ ਦਾ ਬੱਚੇ ਨੂੰ ਪਤਾ ਨਹੀਂ ਅਤੇ ਸਿਆਣੇ ਇਸ ਸੱਚ ਨੂੰ ਸੱਚ ਮੰਨਣ ਲਈ ਤਿਆਰ ਨਹੀਂ। ਜਿਹੜੇ ਮੰਨ ਲੈਂਦੇ ਹਨ, ਉਨ੍ਹਾਂ ਲਈ ਆਪਣੀਆਂ ਮਨਾਉਤਾਂ ਨੂੰ ਜੀਵਨ ਦੇ ਅਮਲ (ਕਰਮ) ਵਿੱਚ ਉਲਥਾਉਣਾ ਸੌਖਾ ਨਹੀਂ ਹੁੰਦਾ।

ਕੁਝ ਸਾਲਾਂ ਦਾ ਹੋ ਕੇ ਬੱਚਾ ਨਵੇਂ ਤਜਰਬੇ ਕਰਦਾ ਹੈ। ਭਾਸ਼ਾ ਉਸ ਦੇ ਤਜਰਬਿਆਂ ਵਿੱਚੋਂ ਇੱਕ ਹੈ। ਦੂਜੇ ਬੱਚਿਆਂ ਨਾਲ ਖੇਡਦਿਆਂ ਹੋਇਆਂ, ਉਹ ਕੋਈ ਨਵੇਂ ਸ਼ਬਦ ਸਿੱਖ ਲੈਂਦਾ ਹੈ। ਉਨ੍ਹਾਂ ਵਿੱਚੋਂ, ਹੋ ਸਕਦਾ ਹੈ, ਕੁਝ ਸ਼ਬਦ ਅਸ਼ੁੱਧ, ਅਸੱਭਿਅ ਅਤੇ ਅਸ਼ਲੀਲ ਵੀ ਹੋਣ। ਅਸ਼ੁੱਧ ਸ਼ਬਦਾਂ ਨੂੰ ਪਿਆਰ ਨਾਲ ਸੋਧਿਆ ਜਾਂਦਾ ਹੈ; ਅਸੱਭਿਅ ਸ਼ਬਦਾਂ ਨੂੰ ਸਿੱਖਿਆ ਨਾਲ ਸਵਾਰਿਆ ਜਾਂਦਾ ਹੈ ਅਤੇ ਅਸ਼ਲੀਲ ਸ਼ਬਦਾਂ ਨੂੰ ਕਠੋਰਤਾ ਨਾਲ ਬੱਚੇ ਦੀ ਦਿਮਾਗੀ ਦੁਨੀਆ ਵਿੱਚੋਂ ਕੱਢਣ ਦਾ ਉਪਰਾਲਾ ਕੀਤਾ ਜਾਂਦਾ ਹੈ। ਬੱਚੇ ਲਈ ਕੋਈ ਸ਼ਬਦ ਅਸ਼ੁੱਧ, ਅਸੱਭਿਅ ਜਾਂ ਅਸ਼ਲੀਲ ਨਹੀਂ। ਉਹ ਇਨ੍ਹਾਂ ਧਾਰਨਾਵਾਂ ਤੋਂ ਅਣਜਾਣ ਹੈ। ਉਸ ਨੂੰ ਇਹ ਪਤਾ ਹੈ ਕਿ ਸ਼ਬਦਾਂ ਰਾਹੀਂ ਅਸੀਂ ਆਪਣੇ ਭਾਵ ਦੂਜਿਆਂ ਨੂੰ ਦੱਸਦੇ ਹਾਂ। ਇਹ ਸੱਚ ਉਸ ਨੇ ਅਨੁਭਵ ਰਾਹੀਂ ਜਾਣਿਆ ਹੈ। ਸੁਣ ਕੇ ਸਿੱਖੇ ਹੋਏ ਨਵੇਂ ਸ਼ਬਦ ਦੀ ਸਹਾਇਤਾ ਨਾਲ ਕਿਸ ਪ੍ਰਕਾਰ ਦੇ ਭਾਵ ਨੂੰ ਦੂਜਿਆਂ ਤੱਕ ਪੁਚਾਇਆ ਜਾਂਦਾ ਹੈ, ਇਹ ਜਾਣਨ ਲਈ ਉਹ ਉਸ ਨਵੇਂ ਸ਼ਬਦ ਨੂੰ ਆਪਣੇ ਘਰ ਵਿੱਚ, ਆਪਣੇ ਲੋਕਾਂ ਸਾਹਵੇਂ ਬੋਲਦਾ ਹੈ। ਇਹ ਕਿਰਿਆ ਉਵੇਂ ਹੀ ਹੈ, ਜਿਵੇਂ ਅਸੀਂ ਕਿਸੇ ਔਖੇ ਜਾਂ ਨਵੇਂ ਸ਼ਬਦ ਦੇ ਅਰਥ ਆਦਿਕ ਜਾਣਨ ਲਈ ਡਿਕਸ਼ਨਰੀ ਦੀ ਵਰਤੋਂ ਕਰਦੇ ਹਾਂ।

ਬੱਚੇ ਨੂੰ ਅਸੱਭਿਅ ਜਾਂ ਅਸ਼ਲੀਲ ਸ਼ਬਦਾਂ ਦੀ ਵਰਤੋਂ ਕਰਨੋਂ ਕਠੋਰਤਾ ਨਾਲ ਰੋਕਦੇ ਹੋਏ ਅਸੀਂ ਇਹ ਸੋਚਣੋਂ ਇਨਕਾਰ ਕਰ ਦਿੰਦੇ ਹਾਂ ਕਿ ਜੇ ਸਾਡੀ ਡਿਕਸ਼ਨਰੀ ਸਾਡੇ ਨਾਲ ਉਸੇ ਪ੍ਰਕਾਰ ਦਾ ਵਿਵਹਾਰ ਕਰੇ, ਜਿਸ ਪ੍ਰਕਾਰ ਦਾ ਅਸੀਂ ਬੱਚੇ ਨਾਲ ਕਰਦੇ ਹਾਂ, ਤਾਂ ਸਾਡੇ ਪੱਲੇ ਕੀ ਰਹਿ ਜਾਵੇ। ਜੇ ਡਿਕਸ਼ਨਰੀ ਸਾਨੂੰ ਦੋਸ਼ੀ ਅਪਰਾਧੀ ਸਮਝ ਕੇ ਝਿੜਕ ਦੇਵੇ ਜਾਂ ਥੱਪੜ ਕੱਢ ਮਾਰੇ ਤਾਂ ਅਸੀਂ ਕਿਤੇ ਖਲੋਣ ਜੋਗੇ ਨਾ ਰਹੀਏ।

ਹੋਰ ਵਡੇਰਾ ਹੋਣ ਉੱਤੇ ਬੱਚੇ ਵਿੱਚ ਮਾਣ-ਅਪਮਾਣ ਅਤੇ ਮੇਰ-ਤੇਰ ਦੇ ਸਾਰੇ ਭਾਵ ਜੀਵਨ ਦੇ ਅਨੁਭਵ ਵਿੱਚੋਂ ਉਪਜਣਗੇ। ਜਿਹੜੇ ਪ੍ਰਭਾਵ ਵਿਸ਼ਵਾਸਾਂ ਦਾ ਰੂਪ ਧਾਰ ਕੇ ਪਰਿਪੂਰਣਤਾ ਨੂੰ ਪੁੱਜਦੇ ਜਾਣਗੇ, ਉਹ ਅਰਧਚੇਤਨ ਦੇ ਵਿਸ਼ਾਲ ਭੰਡਾਰ ਵਿੱਚ ਰੱਖ ਲਏ ਜਾਣਗੇ। ਉਹ ਉਥੋਂ ਬੈਠੇ ਸਾਡੇ ਜੀਵਨ ਦੀ ਕਿਰਿਆ ਨੂੰ ਮਨਚਾਹਿਆ ਮੋੜ ਦੇਣ ਦਾ ਜਤਨ ਕਰਦੇ ਰਹਿਣਗੇ। ਬਾਹਰਲੇ ਜੀਵਨ ਵਿਚਲਾ ਵਿਰੋਧ ਬੱਚੇ ਦੀ ਜਿਸ ਚੇਤਨਾ ਨੂੰ ਕੋਮਲ ਅਤੇ ਵਿਕਾਸਸ਼ੀਲ ਨਹੀਂ ਰਹਿਣ ਦਿੰਦਾ, ਉਹ ਕਿਸੇ ਵਿਸ਼ਵਾਸ ਦਾ ਕਠੋਰ ਰੂਪ ਧਾਰ ਕੇ ਉਸ ਦੇ ਅਰਧਚੇਤਨ ਵਿੱਚ ਜਾ ਬੈਠਦੀ ਹੈ। ਇਸ ਨੂੰ ਮੁੜ ਕੋਮਲ ਵਿਕਾਸਸ਼ੀਲ ਵਿਚਾਰ ਵਿੱਚ ਬਦਲਣਾ ਬਹੁਤ ਮੁਸ਼ਕਲ ਹੁੰਦਾ ਹੈ। ਸਾਡਾ ਜੀਵਨ ਮਨਾਹੀਆਂ, ਵਿਰੋਧਾਂ, ਸੰਘਰਸ਼ਾਂ, ਜਿੱਤਾਂ, ਹਾਰਾਂ, ਹੈਂਕੜਾਂ, ਨਮੋਸ਼ੀਆਂ, ਸਜ਼ਾਵਾਂ ਅਤੇ ਸ਼ਰਮਸਾਰੀਆਂ ਨਾਲ ਓਤਪੋਤ ਹੈ। ਇਸ ਜੀਵਨ ਵਿੱਚ ਵਿਚਰਦੇ ਬੱਚੇ ਨੂੰ ਪੈਰ ਪੈਰ ਉੱਤੇ ਨਿਰਾਦਰ, ਕ੍ਰੋਧ, ਘਿਰਣਾ ਅਤੇ ਈਰਖਾ ਆਦਿਕ ਦਾ ਅਨੁਭਵ ਹੁੰਦਾ ਹੈ। ਸੱਭਿਅ ਸਮਾਜਾਂ ਵਿੱਚ ਇਹ ਸਭ ਕੁਝ ਅਸੱਭਿਅ ਜੰਗਲੀ ਸਮਾਜਾਂ ਨਾਲੋਂ ਬਹੁਤਾ ਹੈ। ਇਸ ਲਈ ਸੱਭਿਅ ਮਨੁੱਖ ਦਾ ਮਨ ਜੰਗਲੀ ਮਨੁੱਖ ਦੇ ਮਨ ਨਾਲੋਂ ਬਹੁਤਾ ਰੋਗੀ ਹੈ। ਸੱਭਿਅ ਮਨੁੱਖ ਦੇ ਮਨ ਵਿੱਚ ਅਰਧਚੇਤਨ ਦਾ ਬਹੁਤ ਵੱਡਾ ਭੰਡਾਰ ਹੈ। ਜਿੰਨਾ ਵੱਡਾ ਅਰਧਚੇਤਨ ਓਨਾ ਬਹੁਤਾ ਰੋਗੀ ਮਨ। ਸੁਖਾਵੇਂ-ਸੁਹਣੇ ਅਨੁਭਵ ਚੇਤਨ ਦਾ ਸ਼ਿੰਗਾਰ ਬਣੇ ਰਹਿੰਦੇ ਹਨ, ਜਦ ਕਿ ਕਠੋਰ ਅਸੁਖਾਵੇਂ ਅਨੁਭਵ ਅਰਧਚੇਤਨ ਦਾ ਭਾਰ ਬਣ ਜਾਂਦੇ ਹਨ

ਅਤੇ ਇਹ ਸਭ ਕੁਝ ਏਥੇ ਇਸ ਜੀਵਨ ਵਿੱਚ ਹੁੰਦਾ ਹੈ। ਕਿਸੇ ਮਨੁੱਖ ਦਾ ਮਨ, ਪਿੱਛੋਂ ਉਸ ਦੇ ਨਾਲ ਨਹੀਂ ਆਉਂਦਾ। ਧਰਤੀ ਉਤਲਾ ਜੀਵਨ ਹੀ ਸੁਰਤ, ਮੱਤ, ਮਨ ਅਤੇ ਬੁੱਧ ਆਦਿਕ ਦੀ ਘਾੜਤ ਘੜਨ ਵਾਲੀ ਟਕਸਾਲ ਹੈ। ਅਜੇਹਾ ਸੋਚ ਕੇ ਅੰਕਲ ਜੀ ਅਤੇ ਨੀਲੂ ਆਦਿਕਾਂ ਨੇ ਈਸ਼ਰ ਭਵਨ ਵਿੱਚ ਬੱਚਿਆਂ ਨੂੰ ਅਜੇਹਾ ਜੀਵਨ ਦੇਣ ਦਾ ਜਤਨ ਕੀਤਾ ਹੈ, ਜਿਸ ਦੀ ਸਹਾਇਤਾ ਨਾਲ ਉਹ ਸੁਹਣਾ ਸਿਹਤਮੰਦ ਮਨ ਪੈਦਾ ਕਰ ਸਕਣ। ਇਸ ਦੁਨੀਆ ਦੀ ਟਕਸਾਲ ਵਿੱਚ ਸਾਡੇ ਸਰੀਰ ਦੁਆਰਾ ਉਪਜਾਇਆ ਜਾਂ ਘੜਿਆ ਹੋਇਆ ਮਨ ਇਸ ਸਰੀਰ ਦੇ ਟੁੱਟਣ ਨਾਲ ਟੁੱਟ-ਭੱਜ ਜਾਂਦਾ ਹੈ।

ਸਨੇਹਾ, ਮੈਂ ਜਾਣਦੀ ਹਾਂ ਕਿ ਜੋ ਮੈਂ ਲਿਖ ਰਹੀ ਹਾਂ, ਇਹ ਸਾਡੀਆਂ ਸਾਧਾਰਣ ਮਾਨਤਾਵਾਂ ਦੇ ਉਲਟ ਹੈ, ਤਾਂ ਵੀ ਅਜੇਹੇ ਵਿਚਾਰਾਂ ਨੂੰ ਅਪਣਾਉਣ ਵਿੱਚ ਮੈਨੂੰ ਇੱਕ ਤਸੱਲੀ ਦਾ ਅਹਿਸਾਸ ਹੋ ਰਿਹਾ ਹੈ। ਆਪਣੀ ਦੁਨੀਆ ਵਿੱਚ ਜਾਂ ਆਪਣੇ ਜੀਵਨ ਵਿੱਚ ਹੋਣ ਵਾਲੀ ਹਰ ਤਬਦੀਲੀ ਬਾਰੇ ਤੈਨੂੰ ਦੱਸ ਕੇ ਮੈਂ, ਆਪਣੇ ਆਪ ਵਿੱਚ ਇੱਕ ਅਨੋਖੀ ਖ਼ੁਸ਼ੀ ਦਾ ਅਨੁਭਵ ਕਰਦੀ ਆਈ ਹਾਂ। ਆਪਣੇ ਇਹ ਵਿਚਾਰ ਵੀ ਉਸੇ ਮਨੋਰਥ ਨਾਲ ਸਾਂਝੇ ਕਰ ਰਹੀ ਹਾਂ।

ਤੇਰੀ,
ਪੁਸ਼ਪੀ।

# 39

ਈਸਟ ਹੈਮ,
16.2.97.

ਪੁਸ਼ਪੇ,

ਪਿਛਲੀ ਚਿੱਠੀ ਵਿੱਚ, ਪਾਪਾ ਨਾਲ ਹੋਈਆਂ ਗੱਲਾਂ, ਤੈਨੂੰ ਲਿਖ ਘੱਲੀਆਂ ਸਨ। ਉਹੋ ਗੱਲਾਂ ਪੰਜਾਬੀ ਵਿੱਚ ਟਾਇਪ ਕਰ ਕੇ ਮੈਂ ਪਾਪਾ ਦੇ ਸਾਥੀਆਂ ਨੂੰ ਵੀ ਘੱਲ ਦਿੱਤੀਆਂ, ਪਰ ਇਉਂ ਕਿ ਉਨ੍ਹਾਂ ਨੂੰ ਇਹ ਪਤਾ ਨਾ ਲੱਗ ਸਕੇ ਕਿ ਉਹ ਪੱਤਰ ਉਨ੍ਹਾਂ ਨੂੰ ਮੇਰੀ ਵਲੋਂ ਪੋਸਟ ਕੀਤੇ ਗਏ ਸਨ। ਅੱਜ ਸਵੇਰੇ ਜਦੋਂ ਉਹ ਆਏ, ਉਨ੍ਹਾਂ ਦੇ ਹੱਥਾਂ ਵਿੱਚ ਮੇਰੇ ਭੇਜੇ ਹੋਏ ਲਿਫ਼ਾਫ਼ੇ ਸਨ। ਪਾਪਾ ਦੇ ਮਿੱਤ੍ਰ ਨੇ ਆਖਿਆ, "ਵੀਰ ਜੀ, ਸਾਨੂੰ ਕਿਸੇ ਵਿਦਵਾਨ ਵਲੋਂ ਇਹ ਪੱਤਰ ਆਏ ਹਨ। ਇਨ੍ਹਾਂ ਵਿੱਚ ਪੁਰਾਤਨ ਯੂਨਾਨੀ ਵਿਚਾਰ ਉੱਤੇ ਬਹੁਤ ਸੁਹਣੀ ਟਿੱਪਣੀ ਕੀਤੀ ਗਈ ਹੈ। ਮੇਰਾ ਜੀ ਕਰਦਾ ਹੈ ਤੁਹਾਨੂੰ ਪੜ੍ਹ ਕੇ ਸੁਣਾਵਾਂ, ਬੜੀ ਸਵਾਦਲੀ ਅਤੇ ਸਿਆਣੀ ਗੱਲ ਹੈ।"

ਪਾਪਾ ਨੇ ਹੈਰਾਨ ਹੋ ਕੇ ਆਖਿਆ, "ਸਿਆਣੀ ਅਤੇ ਸਵਾਦਲੀ ? ਇਹ ਅਣਜੋੜ ਜਿਹਾ ਲੱਗਦਾ ਹੈ, .....ਸੁਣਾਓ।"

ਪਾਪਾ ਦੇ ਮਿੱਤ੍ਰ ਨੇ ਪੱਤਰ ਪੜ੍ਹਨਾ ਸ਼ੁਰੂ ਕਰ ਦਿੱਤਾ, ਮੈਂ ਕਿਚਨ ਵਿੱਚ ਆ ਕੇ ਚਾਹ ਦਾ ਪ੍ਰਬੰਧ ਕਰਨ ਲੱਗ ਪਈ। ਮੇਰੇ ਪਰਤਣ ਤੱਕ ਪੱਤਰ ਪੜ੍ਹਿਆ ਜਾ ਚੁੱਕਾ ਸੀ ਅਤੇ ਪਾਪਾ ਕਹਿ ਰਹੇ ਸਨ, "ਹੈਰਾਨੀ ਦੀ ਗੱਲ ਹੈ, ਇਹੋ ਵਿਚਾਰ ਤਾਂ ਮੈਂ ਪਿਛਲੇ ਹਫ਼ਤੇ ਸਨੇਹਾ ਨਾਲ ਸਾਂਝੇ ਕਰ ਰਿਹਾ ਸਾਂ ਅਤੇ ਅੱਜ ਤੁਹਾਡੇ ਨਾਲ ਵੀ ਇਸੇ ਸੰਬੰਧ ਵਿੱਚ ਗੱਲ ਬਾਤ ਕਰਨੀ ਹੈ।"

ਚਾਚਾ ਜੀ ਨੇ ਹੱਸਦਿਆਂ ਹੋਇਆਂ ਆਖਿਆ, "ਇਹ ਚਿੱਠੀਆਂ ਭੇਜਣ ਵਾਲਾ ਵਿਦਵਾਨ ਕੋਈ ਓਪਰਾ ਨਹੀਂ, ਘਰ ਦਾ ਆਦਮੀ ਹੈ। ਚੰਗਾ ਹੋਇਆ ਵਕਤ ਦੀ ਬਚਤ ਹੋ ਗਈ, ਹੁਣ ਕੋਈ ਹੋਰ ਗੱਲ ਕਰ ਲੈਂਦੇ ਹਾਂ।"

"ਇਸ ਚਿੱਠੀ ਤੋਂ ਤਾਂ ਏਹੋ ਪਤਾ ਲੱਗਦਾ ਹੈ ਕਿ ਕੋਈ ਜ਼ਰੂਰੀ ਗੱਲ ਸ਼ੁਰੂ ਹੋਣ ਵਾਲੀ ਹੈ; ਅੱਗੇ ਵੀਰ ਜੀ ਦੱਸਣਗੇ।"

"ਜ਼ਰੂਰ ਦੱਸਾਂਗਾ। ਸਾਨੂੰ ਪਤਾ ਹੈ ਕਿ ਪੈਰੀਕਲੀਜ਼ ਦੇ ਵੇਲੇ ਏਥਨਜ਼ ਦਾ ਨਗਰ ਰਾਜ ਉੱਨਤੀ ਦੀ ਸਿਖਰ ਉੱਤੇ ਸੀ। ਸਹਿਯੋਗੀ ਨਗਰ ਰਾਜਾਂ ਵਲੋਂ ਰੱਖਿਆ ਦੇ ਬਦਲੇ ਵਿੱਚ ਮਿਲਿਆ ਹੋਇਆ ਅਪਾਰ ਧਨ ਉਸਾਰੀ ਅਤੇ ਉੱਨਤੀ ਲਈ ਵਰਤਿਆ ਜਾ ਰਿਹਾ ਸੀ। ਕਾਰੋਬਾਰ ਦੀ ਭਰਮਾਰ ਸੀ। ਹਰ ਪ੍ਰਕਾਰ ਦੇ ਸ਼ਿਲਪਕਾਰ, ਕਲਾਕਾਰ ਅਤੇ ਸਿਆਣੇ ਆਦਮੀ ਏਥਨਜ਼ ਵਿੱਚ ਇਕੱਠੇ ਹੋ ਗਏ ਸਨ। ਅਨੈਕਸਾਗੋਰਸ ਨਾਂ ਦੇ ਦਾਰਸ਼ਨਿਕ ਨੂੰ ਪੈਰੀਕਲੀਜ਼ ਨੇ ਸੱਦਾ ਦੇ ਕੇ ਆਪਣੇ ਕੋਲ ਸੱਦਿਆ ਸੀ। ਜਿਸ ਉੱਨਤੀ ਦੀ ਸਿਖਰ ਪੈਰੀਕਲੀਜ਼ ਦੇ ਰਾਜ-ਕਾਲ ਵਿੱਚ ਛੋਹੀ ਗਈ ਸੀ, ਉਸ ਦਾ ਸ਼੍ਰੀਗਣੇਸ਼ ਲੱਗਪੱਗ ਪੌਣੀ ਕੁ ਸਦੀ ਪਹਿਲਾਂ ਹੋ

ਚੁੱਕਾ ਸੀ। ਪੈਰੀਕਲੀਜ਼ ਦੇ ਰਾਜ-ਕਾਲ ਵਿੱਚ ਹੀ, ਸਪਾਰਟਾ ਦੁਆਰਾ ਉਸ ਦੀ ਹਾਰ ਨਾਲ, ਏਥਨਜ਼ ਦੇ ਪਤਨ ਦਾ ਆਰੰਭ ਹੋ ਗਿਆ ਸੀ। ਪਤਨ ਦੇ ਪ੍ਰਭਾਵਾਂ ਦੀ ਗੱਲ ਜ਼ਰਾ ਠਹਿਰ ਕੇ ਕਰਾਂਗੇ, ਪਹਿਲਾਂ ਮਹਾਨ ਉਸਾਰੀ ਦੇ ਕੰਮ ਵਿੱਚ ਲੱਗੇ ਹੋਏ ਸ਼ਕਤੀਸ਼ਾਲੀ ਅਤੇ ਉਤਸ਼ਾਹਿਤ ਸਮਾਜ ਦੀਆਂ ਸੰਸਾਰਕ ਪ੍ਰਾਪਤੀਆਂ ਦੇ ਉਸ ਪ੍ਰਭਾਵ ਵੱਲ ਵੇਖੀਏ, ਜਿਸ ਨੇ ਸੋਚ ਨੂੰ ਇੱਕ ਨਵੀਂ ਪਰ ਹਾਨੀਕਾਰਕ ਸੇਧ ਦੇਣ ਦਾ ਕੰਮ ਕੀਤਾ। ਅਸੀਂ.....।"

"ਖ਼ਿਮਾ ਕਰਿਓ ਵੀਰ ਜੀ, ਮੈਂ ਤੁਹਾਡੀ ਗੱਲ ਵਿਚਾਲਿਓਂ ਟੋਕ ਰਿਹਾ ਹਾਂ। ਪਤਨੋਨਮੁਖ ਸਮਾਜਾਂ ਦੀ ਸੋਚ ਰੋਗੀ, ਕਮਜ਼ੋਰ ਜਾਂ ਗ਼ਲਤ ਹੋ ਸਕਦੀ ਹੈ, ਪਰ ਵਿਕਾਸਮੁਖੀ ਸਮਾਜਾਂ ਦੀ ਸੋਚ ਦਾ ਗ਼ਲਤ ਅਤੇ ਹਾਨੀਕਾਰਕ ਸੇਧ ਅਪਣਾਉਣਾ ਕੁਝ ਓਪਰਾ ਲੱਗਦਾ ਹੈ।"

"ਤੁਸੀਂ ਠੀਕ ਕਹਿ ਰਹੇ ਹੋ। ਪਤਨ ਵੱਲ ਨੂੰ ਮੂੰਹ ਉਦੋਂ ਹੀ ਹੁੰਦਾ ਹੈ, ਜਦੋਂ ਸੋਚਾਂ ਅਤੇ ਵਿਸ਼ਵਾਸ ਗ਼ਲਤ ਹੋਣ। ਜਿਹੜੇ ਸਮਾਜਾਂ ਦਾ ਜੀਵਨ ਕਿਸੇ ਆਦਰਸ਼ ਦੀ ਸੇਧ ਅਤੇ ਅਗਵਾਈ ਵਿੱਚ ਤੁਰ ਰਿਹਾ ਹੁੰਦਾ ਹੈ, ਉਸੇ ਸਮਾਜ ਨੂੰ ਵਿਕਾਸਮੁਖੀ ਸਮਾਜ ਆਖਿਆ ਜਾਵੇਗਾ। ਜਦੋਂ ਉਹ ਆਪਣੇ ਨਿਸ਼ਾਨੇ ਵੱਲ ਵਧ ਰਿਹਾ ਹੁੰਦਾ ਹੈ, ਉਦੋਂ ਉਸ ਦੇ ਵਿਚਾਰ ਅਤੇ ਵਿਸ਼ਵਾਸ, ਉਸ ਆਦਰਸ਼ ਦੀ ਦ੍ਰਿਸ਼ਟੀ ਤੋਂ ਵੇਖਿਆਂ, ਉੱਚੇ ਅਤੇ ਸਿਹਤਮੰਦ ਹੁੰਦੇ ਹਨ। ਜਦੋਂ ਕੋਈ ਸਮਾਜ ਆਪਣੇ ਮਿਥੇ ਹੋਏ ਨਿਸ਼ਾਨੇ ਉੱਤੇ ਪੁੱਜ ਜਾਂਦਾ ਹੈ, ਉਦੋਂ ਉਸ ਕੋਲ ਉਚੇਰੀ ਪ੍ਰੇਰਣਾ ਨਹੀਂ ਰਹਿੰਦੀ, ਕੋਈ ਆਦਰਸ਼ ਨਹੀਂ ਰਹਿੰਦਾ, ਜੀਵਨ ਵਿੱਚ ਸਿਥਲਤਾ ਆ ਜਾਂਦੀ ਹੈ ਅਤੇ ਪਤਨ ਵੱਲ ਮੂੰਹ ਹੋ ਜਾਂਦਾ ਹੈ।"

"ਵੀਰ ਜੀ, ਤਾਂ ਤੇ ਜੀਵਨ ਸਾਹਮਣੇ ਕੋਈ ਅਪਹੁੰਚ ਆਦਰਸ਼ ਹੋਣਾ ਚਾਹੀਦਾ ਹੈ।"

"ਕਿੱਥੋਂ ਲੱਭੋਗੇ ?"

"ਮੁਕਤੀ ਅਪਹੁੰਚ ਆਦਰਸ਼ ਹੈ, ਵੀਰ ਜੀ।"

"ਇਹ ਆਦਰਸ਼ ਜੀਵਨ ਦੀ ਸੁੰਦਰਤਾ ਵਿੱਚ ਵਾਧਾ ਨਹੀਂ ਕਰ ਸਕਦਾ, ਕਿਉਂਜੁ— (1) ਇਹ ਦੁਨਿਆਵੀ ਨਹੀਂ, (2) ਇਹ ਪ੍ਰਮਾਣਿਕ ਨਹੀਂ, ਇਸ ਦੀ ਪਰਖ ਪੜਚੋਲ ਸੰਭਵ ਨਹੀਂ, ਕੋਈ ਵੀ ਨਿਡਰ ਅਤੇ ਚਾਲਾਕ ਵਿਦਵਾਨ ਮੁਕਤ ਹੋਣ ਦਾ ਪਾਖੰਡ ਧਾਰਨ ਕਰ ਸਕਦਾ ਹੈ। ਤੀਜਾ ਕਾਰਨ ਇਹ ਹੈ ਕਿ ਇਹ ਵਿਅਕਤੀਗਤ ਆਦਰਸ਼ ਹੈ, ਸਮੂਹਿਕ ਜਾਂ ਸਮਾਜਕ ਆਦਰਸ਼ ਨਹੀਂ। ਅਤੇ ਚੌਥੀ ਗੱਲ ਇਹ ਵੀ ਹੈ ਕਿ ਇਹ ਸਾਰਾ ਝਮੇਲਾ ਸਾਡੀ ਅੱਜ ਦੀ ਵਿਚਾਰ ਦਾ ਵਿਸ਼ਾ ਨਹੀਂ। ਅੱਜ ਅਸੀਂ ਇਹ ਵੇਖਣਾ ਹੈ ਕਿ ਪੈਰੀਕਲੀਜ਼ ਵੇਲੇ ਹੋਈ ਹੈਰਾਨਕੁਨ ਉੱਨਤੀ ਨੇ ਯੂਨਾਨੀ ਸੋਚ ਵਿੱਚ ਕੀ ਉੱਥਲ-ਪੁੱਥਲ ਪੈਦਾ ਕੀਤੀ। ਪੈਰੀਕਲੀਜ਼ ਦਾ ਇੱਕ ਹੋਰ ਵਿਦਵਾਨ ਮਿੱਤ੍ਰ ਸੀ ਪ੍ਰੋਟੈਗੋਰਸ। ਇਹ ਅਬਡੇਰਾ ਨਾਮ ਦੇ ਸ਼ਹਿਰ ਦਾ ਜੰਮਪਲ ਸੀ। ਡਿਮਾਕ੍ਰੀਟੱਸ ਵੀ ਇਸੇ ਸ਼ਹਿਰ ਦਾ ਸੀ। ਉਸ ਨੇ ਪ੍ਰਮਾਣੂੰਵਾਦ ਦੀ ਨੀਂਹ ਰੱਖੀ ਸੀ। ਉਹ ਪ੍ਰੋਟੈਗੋਰਸ ਨਾਲੋਂ ਛੋਟਾ ਸੀ, ਪਰ, ਉਸ ਦਾ ਜ਼ਿਕਰ ਅਸੀਂ ਪਹਿਲਾਂ ਕਰ ਚੁੱਕੇ ਹਾਂ। ਇਹ ਇਸ.....।"

"ਭਾਅ ਜੀ, ਇਹ ਵੀ ਦੱਸਦੇ ਜਾਓ ਕਿ ਡਿਮਾਕ੍ਰੀਟੱਸ ਦਾ ਜ਼ਿਕਰ ਤੁਸਾਂ ਪ੍ਰੋਟੈਗੋਰਸ ਨਾਲੋਂ ਪਹਿਲਾਂ ਕਿਉਂ ਕੀਤਾ।"

"ਏਹੋ ਦੱਸਣ ਲੱਗਾ ਸਾਂ। ਇਸ ਲਈ ਕਿ ਡਿਮਾਕ੍ਰੀਟੱਸ ਨੇ ਪ੍ਰਮਾਣੂੰਵਾਦ ਦੇ ਜਿਸ ਸਿਧਾਂਤ ਦੀ ਵਿਆਖਿਆ ਕੀਤੀ ਸੀ, ਉਸ ਦੀ ਨੀਂਹ ਲੂਸੀਪੱਸ ਨਾਂ ਦੇ ਵਿਚਾਰਵਾਨ ਨੇ ਰੱਖੀ ਸੀ। ਲੂਸੀਪਸ ਅਤੇ ਡਿਮਾਕ੍ਰੀਟੱਸ ਦੋਹਾਂ ਦਾ ਜ਼ਿਕਰ ਕੀਤੇ ਬਿਨਾਂ ਪ੍ਰਮਾਣੂੰਵਾਦ ਦੀ ਗੱਲ ਅਧੂਰੀ ਜਹੀ ਰਹਿ ਜਾਂਦੀ ਸੀ, ਇਸ ਲਈ ਅਸਾਂ ਉਨ੍ਹਾਂ ਦੋਹਾਂ ਨੂੰ ਇਕੱਠੇ ਰੱਖ ਲਿਆ। ਇਸੇ ਤਰ੍ਹਾਂ 'ਸੋਫਿਸਟ' ਸ਼ਬਦ ਦਾ ਜ਼ਿਕਰ ਕੀਤੇ ਬਿਨਾਂ ਪ੍ਰੋਟੈਗੋਰਸ ਦੀ ਗੱਲ ਅਧੂਰੀ ਰਹਿ ਸਕਦੀ ਹੈ।

ਸੋਫਿਸਟਸ (Sophists) ਉਨ੍ਹਾਂ ਵਿਦਵਾਨਾਂ ਨੂੰ ਦਿੱਤਾ ਗਿਆ ਨਾਂ ਹੈ, ਜਿਹੜੇ ਰੱਜੇ ਪੁੱਜੇ ਘਰਾਣਿਆਂ ਦੇ ਮੁੰਡਿਆਂ ਨੂੰ ਪੜ੍ਹਾਉਂਦੇ ਸਨ ਅਤੇ ਆਪਣੀ ਇਸ ਸੇਵਾ ਦੇ ਬਦਲੇ ਵਿੱਚ ਪੈਸੇ ਲੈਂਦੇ ਸਨ। ਸੋਫਿਸਟ ਸ਼ਬਦ ਦਾ ਅਰਥ ਹੈ ਸਿਆਣਾ ਜਾਂ ਵਿਦਵਾਨ। ਸਾਰੇ ਯੂਨਾਨ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਸੋਫਿਸਟਾਂ ਦੀ ਗਿਣਤੀ ਤੀਹ ਕੁ ਹੈ। ਪ੍ਰੋਟੈਗੋਰਸ ਨੂੰ ਸ਼੍ਰੋਮਣੀ ਸੋਫਿਸਟ ਮੰਨਿਆ ਜਾਂਦਾ ਹੈ। ਸੋਫਿਸਟਾਂ ਤੋਂ ਪਹਿਲਾਂ ਹੋਏ ਵਿਦਵਾਨ ਲੋਕਾਂ ਨੂੰ ਸਿਆਣਪ ਸਿਖਾਉਣ ਦੇ ਬਦਲੇ ਵਿੱਚ ਪੈਸੇ ਨਹੀਂ ਸਨ ਲੈਂਦੇ। ਇਨ੍ਹਾਂ ਦੇ ਸਮੇਂ ਵੀ ਸੁਕ੍ਰਾਤ ਆਦਿਕ ਅਜੇਹੇ ਸਿਆਣੇ ਸਨ, ਜਿਹੜੇ ਪੈਸੇ ਲੈ ਕੇ ਵਿੱਦਿਆ ਪੜ੍ਹਾਉਣ ਨੂੰ ਮਾੜਾ ਆਖਦੇ ਸਨ। ਇਸ ਲਈ ਸੋਫਿਸਟਾਂ ਨੂੰ ਬਹੁਤ ਭੰਡਿਆ ਗਿਆ ਹੈ ਅਤੇ ਹੁਣ ਇਸ ਸ਼ਬਦ ਦੇ ਅਰਥਾਂ ਵਿੱਚ ਘਿਰਣਤ ਭਾਵਾਂ ਦੀ ਮਿਲਾਵਟ ਸਦੀਵੀ ਹੋ ਗਈ ਹੈ। ਉਨ੍ਹਾਂ ਨੂੰ 'ਕੁਤਰਕੀ' ਆਖਿਆ ਜਾਂਦਾ ਹੈ। ਸੋਫਿਸਟ੍ਰੀ ਦਾ ਅਰਥ ਹੈ—ਸ਼ਬਦਾਂ ਦੀ ਹੇਰਾ-ਫੇਰੀ ਜਾਂ ਵਾਕ-ਛਲ।"

"ਵੀਰ ਜੀ, ਅੱਜ-ਕੱਲ੍ਹ ਸਾਰੇ ਅਧਿਆਪਕਾਂ ਅਤੇ ਪ੍ਰੋਫ਼ੈਸਰਾਂ ਨੂੰ ਤਨਖ਼ਾਹਾਂ ਦਿੱਤੀਆਂ ਜਾਂਦੀਆਂ ਹਨ। ਤਨਖ਼ਾਹ ਲੈਣ ਕਰਕੇ ਕੋਈ ਅਧਿਆਪਕ ਘਿਰਣਤ ਨਹੀਂ ਹੋ ਜਾਂਦਾ। ਫਿਰ ਇਨ੍ਹਾਂ ਸੋਫਿਸਟਾਂ ਨਾਲ ਅਜੇਹਾ ਵਿਹਾਰ ਕਿਉਂ ?"

"ਸਮੇਂ ਸਮੇਂ ਦੀ ਗੱਲ ਹੈ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਸਫਲਤਾ ਉਨ੍ਹਾਂ ਪ੍ਰਤੀ ਈਰਖਾ ਦਾ ਪਹਿਲਾ ਕਾਰਨ ਸੀ। ਇਹ ਵੀ ਹੋ ਸਕਦਾ ਹੈ ਕਿ ਉਹ ਪੈਸੇ ਦੇ ਲੋਭੀ ਵੀ ਹੋਣ। ਉਸ ਸਮੇਂ ਏਥਨਜ਼ ਵਿੱਚ ਅਥਾਹ ਧਨ ਸੀ। ਕੁਝ ਇੱਕ ਵਿਦਵਾਨਾਂ ਨੇ ਇਸ ਦਾ ਲਾਭ ਲੈਣ ਦੀ ਗੱਲ ਸੋਚ ਲਈ ਹੋਵੇਗੀ।"

"ਇਸ ਵਿੱਚ ਵੀ ਕੋਈ ਬੁਰਾਈ ਨਹੀਂ, ਵੀਰ ਜੀ।"

"ਪਰ ਕਿਹਾ ਜਾਂਦਾ ਹੈ ਕਿ ਸੋਫਿਸਟਾਂ ਦਾ ਮਨੋਰਥ ਸੱਚ ਦੀ ਖੋਜ ਜਾਂ ਸੋਚ ਦਾ ਵਿਕਾਸ ਜਾਂ ਜੀਵਨ ਦੇ ਰਹੱਸ ਨੂੰ ਜਾਣਨ ਦਾ ਨਹੀਂ ਸੀ। ਉਨ੍ਹਾਂ ਦਾ ਮਨੋਰਥ ਧਨ ਸੀ। ਉਹ ਕੇਵਲ ਧਨਾਢਾਂ ਨੂੰ ਪੜ੍ਹਾਉਂਦੇ ਸਨ। ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਦਾਰਸ਼ਨਿਕ ਸੂਝ-ਬੂਝ ਦੇਣ ਦੇ ਆਸ਼ੇ ਨਾਲ ਨਹੀਂ ਸਨ ਪੜ੍ਹਾਉਂਦੇ, ਸਗੋਂ ਬਹਿਸ ਵਿੱਚ ਜਿੱਤ ਪ੍ਰਾਪਤ ਕਰਨ ਦੀ ਵਿਧੀ ਸਿਖਾਉਂਦੇ ਸਨ।"

"ਵੀਰ ਜੀ, ਇਸ ਸਭ ਕਾਸੇ ਦੇ ਜ਼ਿੰਮੇਵਾਰ ਜੀਵਨ ਦੇ ਹਾਲਾਤ ਹੋਣਗੇ। ਐਵੇਂ ਹੀ ਬਿਨਾਂ ਕਾਰਨ ਨਾ ਕੋਈ ਚੰਗਿਆਈ ਉਪਜਦੀ ਹੈ ਨਾ ਬੁਰਾਈ।"

"ਤੁਸੀਂ ਠੀਕ ਆਖਦੇ ਹੋ। ਉਸ ਸਮੇਂ ਦੇ ਹਾਲਾਤ ਵਿੱਚੋਂ ਹੀ ਸੋਫਿਟਸ ਉਪਜੇ ਸਨ। ਏਥਨਜ਼ ਭਾਵੇਂ ਪ੍ਰਜਾਤੰਤ੍ਰ ਸੀ, ਪਰ ਕੁਲੀਨ ਲੋਕਾਂ ਕੋਲ ਅਪਾਰ ਧਨ ਸੀ, ਜਦ ਕਿ ਆਮ ਲੋਕ ਕੇਵਲ ਗੁਜ਼ਾਰਾ ਕਰਦੇ ਸਨ। ਗ਼ੁਲਾਮੀ ਦੀ ਪ੍ਰਥਾ ਵੀ ਬਾਕੀ ਸਾਰੇ ਨਗਰ-ਰਾਜਾਂ ਵਾਂਗ ਹੀ ਕਾਇਮ ਸੀ। ਅਮੀਰ ਲੋਕ ਪੜ੍ਹ ਲਿਖ ਕੇ ਆਜ਼ਾਦ ਖ਼ਿਆਲ ਹੋ ਰਹੇ ਸਨ ਅਤੇ ਆਮ ਪ੍ਰਜਾ ਪੁਰਾਣੀਆਂ ਸਮਾਜਕ ਅਤੇ ਧਾਰਮਕ ਕਦਰਾਂ-ਕੀਮਤਾਂ ਨਾਲ ਜੁੜੀ ਹੋਈ ਸੀ। ਕਿਸੇ ਅਜੇਹੀ ਸੋਚ ਦੀ ਲੋੜ ਸੀ, ਜਿਸ ਦੀ ਸਹਾਇਤਾ ਨਾਲ ਧਨਵਾਨ ਸ਼੍ਰੇਣੀ ਦੀ ਵਕਾਲਤ ਕੀਤੀ ਜਾ ਸਕੇ। ਏਥਨਜ਼ ਪ੍ਰਜਾਤੰਤ੍ਰ ਸੀ। ਏਥੋਂ ਤੱਕ ਕਿ ਫ਼ੌਜਾਂ ਦੇ ਜਰਨੈਲ ਅਤੇ ਅਦਾਲਤਾਂ ਦੇ ਜੱਜ ਵੀ ਲੋਕਾਂ ਦੁਆਰਾ ਚੁਣੇ ਜਾਂਦੇ ਸਨ। ਜੋ ਕੋਈ ਆਪਣੇ ਲੈਕਚਰ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰ ਲੈਂਦਾ ਸੀ, ਉਹੋ ਵੋਟਾਂ ਲੈ ਜਾਂਦਾ ਸੀ। ਅਦਾਲਤ ਵਿੱਚ ਆਪਣੇ ਮੁਕੱਦਮੇ ਦੀ ਪੈਰਵੀ ਹਰ ਕਿਸੇ ਨੂੰ ਆਪ ਕਰਨੀ ਪੈਂਦੀ ਸੀ। ਜੱਜ ਆਮ ਲੋਕਾਂ ਵਿੱਚੋਂ, ਆਮ ਲੋਕਾਂ ਦੀ ਵੋਟ ਨਾਲ ਚੁਣੇ ਹੋਏ ਆਮ ਆਦਮੀ ਹੁੰਦੇ ਸਨ, ਪੇਸ਼ਾਵਰ ਕਾਨੂੰਨਦਾਨ ਨਹੀਂ ਸਨ ਹੁੰਦੇ। ਜੋ ਕੋਈ ਲੈਕਚਰ-

ਬਾਜ਼ੀ ਨਾਲ ਜੱਜਾਂ ਨੂੰ ਪ੍ਰਭਾਵਿਤ ਕਰ ਲੈਂਦਾ ਸੀ, ਉਹੋ ਮੁਕੱਦਮਾ ਜਿੱਤ ਲੈਂਦਾ ਸੀ। ਉਪਰੋਕਤ ਸਾਰੇ ਹਾਲਾਤ ਭਾਸ਼ਾਈ ਨਿਪੁੰਨਤਾ, ਭਾਸ਼ਣ ਕਲਾ ਦੀ ਪ੍ਰਬੀਨਤਾ ਅਤੇ ਦਲੀਲਬਾਜ਼ੀ ਦੀ ਸੂਖ਼ਮਤਾ ਦੀ ਮੰਗ ਕਰਦੇ ਸਨ। ਸੋਫਿਸਟਾਂ ਨੇ ਇਹ ਲੋੜ ਪੂਰੀ ਕੀਤੀ। ਇਹ ਕਿਹਾ ਜਾਂਦਾ ਹੈ ਕਿ ਪ੍ਰੋਟੈਗੋਰਸ ਨੇ ਯੂਨਾਨ ਵਿੱਚ ਵਿਆਕਰਣ ਦੀ ਪੜ੍ਹਾਈ ਦੀ ਨੀਂਹ ਰੱਖੀ।"

"ਵੀਰ ਜੀ, ਤੁਸਾਂ ਆਰੰਭ ਵਿੱਚ ਕਿਹਾ ਸੀ ਕਿ ਵਿਕਾਸ ਅਤੇ ਪ੍ਰਾਪਤੀਆਂ ਦੇ ਉਸ ਪ੍ਰਭਾਵ ਦਾ ਜ਼ਿਕਰ ਕਰਨਾ ਹੈ, ਜਿਸ ਨੇ ਸੋਚ ਨੂੰ ਨਵੀਂ ਪਰ ਹਾਨੀਕਾਰਕ ਸੇਧ ਦਿੱਤੀ।"

"ਹੁਣ ਓਸੇ ਪਾਸੇ ਆ ਰਿਹਾ ਹਾਂ। ਏਥਨਜ਼ ਵਿੱਚ ਪੈਰੀਕਲੀਜ਼ ਦੇ ਕੁਝ ਇੱਕ ਸਾਥੀ ਉਹ ਕੁਝ ਕਰ ਸਕੇ ਸਨ, ਜੋ ਏਨੇ ਛੋਟੇ ਜਹੇ ਨਗਰ-ਰਾਜ ਲਈ ਦੋ ਤਿੰਨ ਸਦੀਆਂ ਵਿੱਚ ਵੀ ਸੰਭਵ ਨਹੀਂ ਸੀ ਮੰਨਿਆ ਜਾਂਦਾ। ਏਧਰ ਸੋਫਿਸਟਸ ਉਹ ਕੁਝ ਕਰ ਰਹੇ ਸਨ, ਜੋ ਪਹਿਲਾਂ ਕਿਸੇ ਦਾਰਸ਼ਨਿਕ ਨੇ ਨਹੀਂ ਸੀ ਕੀਤਾ। ਸਫਲਤਾ ਦੇ ਇਸ ਲੋਰ ਨੇ ਸੋਫਿਸਟਸ ਨੂੰ ਇਹ ਖ਼ਿਆਲ ਦਿੱਤਾ ਕਿ ਬ੍ਰਹਿਮੰਡ ਵਿੱਚ ਮਨੁੱਖ ਹੀ ਇੱਕੋ ਇੱਕ ਜ਼ਰੂਰੀ ਚੀਜ਼ ਹੈ। ਪ੍ਰੋਟੈਗੋਰਸ ਦਾ ਕਥਨ ਹੈ ਕਿ ਵਿਸ਼ਵ ਵਿਚਲੀ ਹਰ ਸ਼ੈਅ ਦਾ ਮਾਨਦੰਡ ਮਨੁੱਖ ਹੈ। ਇੱਕ ਪਾਸੇ ਤਾਂ ਇਸ ਦਾ ਇਹ ਭਾਵ ਲਿਆ ਗਿਆ ਕਿ ਵਿਸ਼ਵ ਦੀ ਥਾਂ 'ਮਨੁੱਖ' ਨੂੰ ਗੰਭੀਰ ਸੋਚ ਦਾ ਵਿਸ਼ਾ ਮੰਨਿਆ ਜਾਣ ਲੱਗ ਪਿਆ ਅਤੇ ਦੂਜੇ ਪਾਸੇ ਇਹ ਕਿ ਹਰ ਮਨੁੱਖ ਆਪੋ ਆਪਣੀ ਥਾਂ ਇੱਕ ਸੰਪੂਰਣਤਾ ਹੈ। ਹਰ ਮਨੁੱਖ ਆਪੋ ਆਪਣੀ ਥਾਂ ਕਿਸੇ ਵੀ ਮਾਨਤਾ ਜਾਂ ਸੱਚ ਬਾਰੇ ਜੋ ਵਿਚਾਰ ਰੱਖਦਾ ਹੈ, ਉਸ ਲਈ ਉਹੋ ਠੀਕ ਹੈ। ਜੇ ਕਿਸੇ ਨੂੰ ਗੁੜ ਨਮਕੀਨ ਲੱਗਦਾ ਹੈ ਤਾਂ ਉਸ ਨੂੰ ਗ਼ਲਤ ਜਾਂ ਝੂਠਾ ਨਹੀਂ ਆਖਿਆ ਜਾ ਸਕਦਾ। ਸੰਸਾਰ ਵਿੱਚ ਸਰਵ-ਵਿਆਪਕਤਾ ਨਾਂ ਦੀ ਕੋਈ ਅਸਲੀਅਤ ਨਹੀਂ, ਹਰ ਮਾਨਤਾ ਵਿਅਕਤੀਗਤ ਹੈ। ਇਸ ਤੋਂ ਆਤਮ-ਨਿਸ਼ਠਾਵਾਦ ਦਾ ਮੁੱਢ ਬੱਝਾ ਮੰਨਿਆ ਜਾਂਦਾ ਹੈ।"

"ਵੀਰ ਜੀ, ਸੋਫਿਸਟ ਲੋਕਾਂ ਦੇ ਇਹ ਵਿਚਾਰ ਧਰਮ ਦੇ ਖੇਤਰ ਵਿੱਚ ਆਖ਼ਰਾਂ ਦੀ ਗੜਬੜ ਕਰ ਸਕਦੇ ਸਨ। ਇਨ੍ਹਾਂ ਲੋਕਾਂ ਤੋਂ ਪਹਿਲਾਂ ਵੀ ਇਹ ਕਹਿਣ ਵਾਲੇ ਆਦਮੀ ਹੋ ਚੁੱਕੇ ਹਨ ਕਿ ਦੇਵੀ-ਦੇਵਤੇ ਮਨੁੱਖੀ ਕਲਪਨਾ ਦੀ ਉਪਜ ਹਨ।"

"ਜਿਹੜੇ ਵਿਚਾਰਵਾਨ ਦੇਵੀ-ਦੇਵਤਿਆਂ ਨੂੰ ਕਲਪਨਾ ਦੀ ਉਪਜ ਮੰਨਦੇ ਸਨ, ਉਨ੍ਹਾਂ ਦੇ ਵਿਚਾਰਾਂ ਨਾਲ ਕੋਈ ਵਡੇਰੀ ਉਲਝਣ ਨਹੀਂ ਸੀ ਉਪਜਦੀ। ਉਹ ਇੱਕ ਪਾਸੇ ਲੱਗ ਕੇ ਫ਼ੈਸਲੇ ਦੀ ਗੱਲ ਕਰਦੇ ਸਨ ਕਿ ਦੇਵਤਿਆਂ ਦੀ ਵਾਸਤਵਿਕਤਾ ਇੱਕ ਭੁਲੇਖਾ ਹੈ। ਇਸ ਤੋਂ ਉਲਟ ਸੋਫਿਸਟ ਵਿਚਾਰਵਾਨਾਂ ਨੇ ਇਹ ਆਖਿਆ ਕਿ 'ਦੇਵਤਿਆਂ ਦੀ ਹੋਂਦ ਨੂੰ ਮੰਨਣ ਵਾਲਾ ਵੀ ਓਨਾ ਹੀ ਸੱਚਾ ਹੈ, ਜਿੰਨਾ ਨਾ ਮੰਨਣ ਵਾਲਾ। ਅਸਾਂ ਸਿਰਫ਼ ਇਹ ਵੇਖਣਾ ਹੈ ਕਿ ਚੰਗਿਆਈ ਕਿਸ ਗੱਲ ਵਿੱਚ ਹੈ, ਮੰਨਣ ਵਿੱਚ ਜਾਂ ਨਾ ਮੰਨਣ ਵਿੱਚ।' ਸੋਫਿਸਟਾਂ ਦੇ ਸਮੇਂ ਮਨੁੱਖੀ ਸਮਾਜਾਂ ਦੀ ਹਾਲਤ ਇਹ ਸੀ ਕਿ ਦੇਵਤਿਆਂ ਨੂੰ ਮੰਨਣ ਅਤੇ ਪੂਜਣ ਵਿੱਚ ਹੀ ਭਲਾਈ ਸੀ। ਇਸ ਲਈ ਉਹ ਕਹਿੰਦੇ ਸਨ ਕਿ ਇਹ ਪ੍ਰਸ਼ਨ ਜ਼ਰੂਰੀ ਨਹੀਂ ਕਿ 'ਦੇਵਤੇ ਹਨ ਜਾਂ ਨਹੀਂ ਹਨ, ਉਨ੍ਹਾਂ ਦੀ ਪੂਜਾ ਕੀਤੀ ਜਾਣੀ ਜ਼ਰੂਰੀ ਹੈ, ਕਿਉਂਕਿ ਇਹ ਜੀਵਨ ਲਈ ਲਾਭਦਾਇਕ ਹੈ'।"

"ਪਾਪਾ, ਇਹ ਵੀ ਆਖਿਆ ਜਾ ਸਕਦਾ ਹੈ ਕਿ ਸੋਫਿਸਟ ਵਿਚਾਰਕਾਂ ਦੀਆਂ ਗੱਲਾਂ ਵਿੱਚ ਆਤਮਨਿਸ਼ਠਾਵਾਦ (Subjectivism), ਸੰਦੇਹਵਾਦ (Scepticism, ਸ਼ੰਕਾਵਾਦ) ਅਤੇ ਉਪਯੋਗਿਤਾਵਾਦ (Pragmatism) ਦੇ ਬੀਜ ਵਿਦਮਾਨ ਹਨ। ਇਨ੍ਹਾਂ ਸਾਰੇ ਸਿਧਾਂਤਾਂ ਦੀ ਜੀਵਨ ਵਿੱਚ ਆਪੋ ਆਪਣੀ ਥਾਂ ਹੈ। ਫਿਰ ਵੀ ਸੋਫਿਸਟਾਂ ਨੂੰ ਨਿੰਦਿਆ ਕਿਉਂ ਗਿਆ ?"

"ਸਨੇਹਾ, ਪਹਿਲਾਂ ਆਖਿਆ ਗਿਆ ਹੈ ਕਿ ਇਹ ਪੈਸੇ ਲਈ ਪੜ੍ਹਾਉਂਦੇ ਸਨ, ਆਪਣੀ

ਸਿਆਣਪ ਵੇਚਦੇ ਸਨ। ਅਜੋਕੇ ਸਮੇਂ ਅਨੁਸਾਰ ਵੇਖਿਆਂ ਇਹ ਦੋਸ਼ ਵਾਲੀ ਗੱਲ ਨਹੀਂ, ਪਰ ਉਦੋਂ ਸੀ। ਇਨ੍ਹਾਂ ਉੱਤੇ ਇਹ ਦੋਸ਼ ਵੀ ਲਾਇਆ ਜਾਂਦਾ ਹੈ ਕਿ ਇਹ ਮੁਕੱਦਮੇ ਲੜਨ ਵਾਲੇ ਅਮੀਰ ਲੋਕਾਂ ਕੋਲੋਂ ਪੈਸੇ ਲੈ ਕੇ ਉਨ੍ਹਾਂ ਨੂੰ ਉਹ ਲੈਕਚਰ ਜਾਂ ਬਿਆਨ ਲਿਖ ਕੇ ਦਿੰਦੇ ਸਨ, ਜਿਹੜੇ ਉਨ੍ਹਾਂ ਨੇ ਅਦਾਲਤ ਵਿੱਚ ਜੱਜਾਂ ਸਾਹਮਣੇ ਬੋਲਣੇ ਹੁੰਦੇ ਸਨ। ਕਈ ਵੇਰ ਇੱਕੋ ਆਦਮੀ ਦੋਹਾਂ ਵਿਰੋਧੀਆਂ ਦੇ ਬਿਆਨ ਲਿਖ ਦਿੰਦਾ ਸੀ। ਚਤੁਰ ਸੋਫਿਸਟਸ ਇੱਕੋ ਵਿਸ਼ੇ ਦੇ ਪੱਖ ਵਿੱਚ ਅਤੇ ਵਿਰੋਧ ਵਿੱਚ ਇੱਕੋ ਜਹੀ ਦਲੀਲਬਾਜ਼ੀ ਕਰ ਸਕਦੇ ਸਨ। ਉਹ ਕੇਵਲ ਤਰਕ ਲਈ ਤਰਕ ਕਰਦੇ ਸਨ। ਉਨ੍ਹਾਂ ਦਾ ਆਪਣਾ ਕੋਈ ਮੱਤ ਨਹੀਂ ਸੀ, ਜਿਸ ਨੂੰ ਤਰਕ ਜਾਂ ਦਲੀਲ ਨਾਲ ਉਨ੍ਹਾਂ ਨੇ ਸਿੱਧ ਕਰਨਾ ਹੁੰਦਾ ਸੀ। ਉਨ੍ਹਾਂ ਨੂੰ ਬੇ-ਦੀਨੇ ਕਹਿ ਕੇ ਉਨ੍ਹਾਂ ਦੇ ਖ਼ਿਲਾਫ਼ ਕਈ ਕਿਸਮ ਦੀਆਂ ਕਹਾਣੀਆਂ ਘੜ ਲਈਆਂ ਗਈਆਂ ਸਨ। ਸ਼੍ਰੋਮਣੀ ਸੋਫਿਸਟ ਪ੍ਰੋਟੈਗੋਰਸ ਦੇ ਸੰਬੰਧ ਵਿੱਚ ਇਹ ਗੱਲ ਆਖੀ ਜਾਂਦੀ ਹੈ (ਸੱਚੀ ਭਾਵੇਂ ਨਹੀਂ) ਕਿ ਉਸ ਨੇ ਇੱਕ ਨੌਜਵਾਨ ਨੂੰ ਬਹਿਸ ਅਤੇ ਮੁਕੱਦਮਾ ਜਿੱਤਣ ਦੀ ਕਲਾ ਇਸ ਸ਼ਰਤ ਉੱਤੇ ਸਿਖਾਈ ਕਿ ਉਹ ਨੌਜਵਾਨ ਮੁਕੱਦਮਾ ਜਿੱਤਣ ਉੱਤੇ ਹੀ ਪ੍ਰੋਟੈਗੋਰਸ ਦੀ ਫ਼ੀਸ ਦੇਵੇਗਾ। ਜਦੋਂ ਉਸ ਦੀ ਤਾਲੀਮ ਪੂਰੀ ਹੋ ਗਈ ਤਾਂ ਉਸ ਦੇ ਖ਼ਿਲਾਫ਼ ਪਹਿਲਾ ਮੁਕੱਦਮਾ ਪ੍ਰੋਟੈਗੋਰਸ ਨੇ ਆਪਣੀ ਫ਼ੀਸ ਵਸੂਲ ਕਰਨ ਲਈ ਦਾਇਰ ਕੀਤਾ।"

"ਵੀਰ ਜੀ, ਸਮੇਂ ਤੋਂ ਪਹਿਲਾਂ ਹੋਏ ਹੋਣ ਕਰਕੇ ਵਿਚਾਰੇ ਬਦਨਾਮ ਹੋ ਗਏ, ਉਂਜ ਅੱਜ-ਕੱਲ੍ਹ ਵੀ ਏਹੋ ਕੁਝ ਹੁੰਦਾ ਹੈ ਅਤੇ ਕਰਨ ਵਾਲੇ ਸਤਿਕਾਰਯੋਗ ਮੰਨੇ ਜਾਂਦੇ ਹਨ। ਹਰ ਮੁਕੱਦਮੇ ਵਿੱਚ ਦੋਹਾਂ ਪੱਖਾਂ ਦੇ ਵਕੀਲ ਭੁਗਤਦੇ ਹਨ। ਜੇ ਦੋਹਾਂ ਪੱਖਾਂ ਦੇ ਵਕੀਲਾਂ ਦੇ ਪੱਖ ਬਦਲ ਦਿੱਤੇ ਜਾਣ ਤਾਂ ਉਨ੍ਹਾਂ ਦੀ ਜਿਰ੍ਹਾ ਕਰਨ ਦੀ ਯੋਗਤਾ ਵਿੱਚ ਕੋਈ ਕਮੀ ਨਹੀਂ ਆਵੇਗੀ। ਦੇਸ਼ਾਂ ਦੇ ਪ੍ਰਧਾਨਾਂ ਅਤੇ ਪ੍ਰਧਾਨ ਮੰਤਰੀਆਂ ਲਈ ਤਕਰੀਰਾਂ ਲਿਖਣ ਵਾਲੇ ਸਿਆਣੇ ਤਨਖ਼ਾਹ ਉੱਤੇ ਰੱਖੇ ਜਾਂਦੇ ਹਨ। ਕੋਈ ਬੁਰਾ ਨਹੀਂ ਮਨਾਉਂਦਾ।"

"ਏਥੇ ਹੀ ਬੱਸ ਨਹੀਂ, ਇਨ੍ਹਾਂ ਲੋਕਾਂ ਦੀ ਲਿਖਤੀ ਰੂਪ ਵਿੱਚ ਬੁਰਾਈ ਕਰਨ ਵਾਲਾ ਪਲੇਟੋ ਆਪ ਇਨ੍ਹਾਂ ਤੋਂ ਪ੍ਰਭਾਵਿਤ ਸੀ ਅਤੇ ਇਨ੍ਹਾਂ ਦੀ ਹਰ ਕਲਾਬਾਜ਼ੀ ਨੂੰ ਪੂਰੀ ਚਤੁਰਤਾ ਨਾਲ ਵਰਤਣ ਵਿੱਚ ਸਫਲ ਸੀ। ਸੋਫਿਸਟਾਂ ਦੁਆਰਾ ਦਿੱਤੀ ਹੋਈ ਹਾਨੀਕਾਰਕ ਸੇਧ ਸਭ ਤੋਂ ਪਹਿਲਾਂ ਪਲੇਟੋ ਨੇ ਅਪਣਾਈ ਸੀ ਅਤੇ ਉਸ ਤੋਂ ਪਿੱਛੋਂ ਹਜ਼ਾਰ ਡੇਢ ਹਾਜ਼ਰ ਸਾਲ ਤੱਕ ਸੋਚ ਓਸੇ ਸੇਧੇ ਤੁਰਦੀ ਰਹੀ ਹੈ।"

"ਭਾਅ ਜੀ, ਇਨ੍ਹਾਂ ਸੋਫਿਸਟਾਂ ਦੇ ਸਮੇਂ ਕੋਈ ਅਜੇਹਾ ਵਿਚਾਰਵਾਨ ਨਹੀਂ ਸੀ, ਜਿਹੜਾ ਇਨ੍ਹਾਂ ਦੀਆਂ ਭੁੱਲਾਂ ਵੱਲ ਉਂਗਲੀ ਕਰ ਕੇ ਇਨ੍ਹਾਂ ਨੂੰ ਸੁਚੇਤ ਰਹਿਣ ਲਈ ਕਹਿੰਦਾ?"

"ਸੋਫਿਸਟ ਦਾ ਮਤਲਬ ਹੀ ਹੈ—ਲੋੜੋਂ ਬਹੁਤਾ ਸੁਚੇਤ। ਏਥਨਜ਼ ਦੇ ਪੰਜਵੀਂ ਸਦੀ ਪੂ:ਈ: ਦੇ ਇਤਿਹਾਸ ਵੱਲ ਵੇਖੀਏ ਤਾਂ ਇਹ ਸਮਾਂ ਉਸਾਰੀ ਅਤੇ ਵਿਕਾਸ ਦਾ ਸੀ। ਇਸ ਸਮੇਂ ਕੋਈ ਮਹਾਨ ਦਾਰਸ਼ਨਿਕ ਜਾਂ ਗਣਿਤ ਸ਼ਾਸਤ੍ਰੀ ਪੈਦਾ ਨਹੀਂ ਹੋਇਆ। ਸਾਹਿਤ ਅਤੇ ਕਲਾ ਦੇ ਪਿੜ ਵਿੱਚ ਇਸ ਸਮੇਂ ਦੀਆਂ ਪ੍ਰਾਪਤੀਆਂ ਅਦੁੱਤੀ ਹਨ। ਈਸਕੀਲੱਸ, ਸੋਫ਼ੋਕਲੀਜ਼ ਅਤੇ ਯੂਰਪੀਡੀਜ਼ ਵਰਗੇ ਚੋਟੀ ਦੇ ਡਰਾਮਾ ਲੇਖਕ ਇਸੇ ਸਮੇਂ ਹੋਏ ਹਨ। ਅਰਿਸਟੋਫ਼ੇਨੀਜ਼ ਨਾਂ ਦਾ ਹਾਸਰਸ ਦਾ ਕਵੀ ਸੋਫਿਸਟਾਂ ਦੇ ਨਾਲ ਨਾਲ ਸੁਕਰਾਤ ਅਤੇ ਫਿਲਾਸਫੀ ਦਾ ਵੀ ਮਜ਼ਾਕ ਉਡਾਉਂਦਾ ਰਿਹਾ ਹੈ। ਫ਼ਿਡੀਆਜ਼ ਨਾਂ ਦਾ ਬੁੱਤਘਾੜਾ ਵੀ ਪੈਰੀਕਲੀਜ਼ ਦੇ ਮਿੱਤ੍ਰਾਂ ਵਿੱਚੋਂ ਇੱਕ ਸੀ। ਇਹ ਵਕਤ ਕਲਾ ਦੇ ਵਿਕਾਸ ਦਾ ਵਕਤ ਸੀ। ਦਰਸ਼ਨ ਸੋਫਿਸਟਾਂ ਦੁਆਰਾ ਵਰਤੀ ਜਾਣ ਵਾਲੀ ਇੱਕ ਜੁਗਤੀ ਤੋਂ ਵੱਧ ਨਹੀਂ ਸੀ। ਇਸ ਨੂੰ ਜੁਗਤੀ ਜਾਂ ਸਾਧਨ ਦੇ ਰੂਪ ਵਿੱਚ ਪੂਰੀ ਭਰਪੂਰਤਾ ਨਾਲ ਵਰਤਣ ਦਾ ਕੰਮ ਪਲੇਟੋ ਨੇ ਕੀਤਾ, ਫ਼ਰਕ ਸਿਰਫ਼ ਇਹ ਸੀ ਕਿ ਸੋਫਿਸਟਸ ਪੈਸੇ ਲਈ ਕਰਦੇ

ਸਨ ਅਤੇ ਪਲੇਟੋ ਜਾਗੀਰਦਾਰ ਘਰਾਣੇ ਵਿੱਚ ਪੈਦਾ ਹੋਇਆ ਹੋਣ ਕਰਕੇ ਇਸ ਲੋੜ ਤੋਂ ਪਰੇ ਜਾਂ ਉੱਚਾ ਸੀ।"

"ਵੀਰ ਜੀ, ਪ੍ਰੋਟੈਗੋਰਸ ਦੇ ਜੀਵਨ ਸੰਬੰਧੀ ਕੁਝ ਜਾਣਕਾਰੀ ਦਿਓਗੇ ?"

"ਜ਼ਰੂਰ। ਇਹ 500 ਪੂ:ਈ: ਵਿੱਚ ਐਬਡੇਰਾ ਨਾਂ ਦੇ ਸ਼ਹਿਰ ਵਿੱਚ ਪੈਦਾ ਹੋਇਆ ਸੀ। ਆਪਣੇ ਜੀਵਨ ਵਿੱਚ ਇਹ ਦੋ ਵੇਰ ਏਥਨਜ਼ ਗਿਆ। ਇਸ ਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਯੂਨਾਨ ਦੇ ਸ਼ਹਿਰਾਂ ਵਿੱਚ ਜਾ ਕੇ ਅਮੀਰ ਅਤੇ ਚਾਹਵਾਨ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਵਿੱਚ ਬਿਤਾਇਆ। ਕਿਹਾ ਜਾਂਦਾ ਹੈ ਕਿ ਇਸ ਉੱਤੇ ਦੇਵ-ਵਿਰੋਧੀ ਹੋਣ ਦਾ ਮੁਕੱਦਮਾ ਵੀ ਚਲਾਇਆ ਗਿਆ ਸੀ। ਹੋ ਸਕਦਾ ਹੈ ਕਿ ਇਹ ਗੱਲ ਸੱਚ ਹੋਵੇ, ਕਿਉਂਜੁ ਦੇਵਤਿਆਂ ਸੰਬੰਧੀ ਪੁਸਤਕ ਲਿਖਦਿਆਂ ਹੋਇਆਂ ਇਸ ਨੇ ਇਉਂ ਆਰੰਭ ਕੀਤਾ—'ਦੇਵਤਿਆਂ ਸੰਬੰਧੀ ਭਰੋਸੇ ਨਾਲ ਮੈਂ ਇਹ ਨਹੀਂ ਕਹਿ ਸਕਦਾ ਕਿ ਉਹ ਹਨ ਜਾਂ ਨਹੀਂ ਹਨ, ਉਹ ਇਸ ਤਰ੍ਹਾਂ ਦੇ ਹਨ ਜਾਂ ਉਸ ਤਰ੍ਹਾਂ ਦੇ ਹਨ। ਇਸ ਰਸਤੇ ਵਿੱਚ ਕਈ ਰੁਕਾਵਟਾਂ ਹਨ। ਇਹ ਵਿਸ਼ਾ ਅਸਪੱਸ਼ਟ ਅਤੇ ਧੁੰਦਲਾ ਹੈ, ਮੇਰੇ ਕੋਲ ਵਕਤ ਵੀ ਘੱਟ ਹੈ।' ਪਲੇਟੋ ਨੇ ਇਸ ਆਦਮੀ ਦੇ ਨਾਂ ਹੇਠ ਇੱਕ ਵਾਰਤਾਲਾਪ (ਪੁਸਤਕ) ਲਿਖੀ ਹੈ। ਇਸ ਪੁਸਤਕ ਵਿੱਚ ਪ੍ਰੋਟੈਗੋਰਸ ਦੀ ਦੂਜੀ ਏਥਨਜ਼ ਯਾਤਰਾ ਦਾ ਵਰਣਨ ਹੈ। ਇੱਕ ਹੋਰ ਵਾਰਤਾਲਾਪ ਵਿੱਚ ਇਸ ਦੇ ਸਿਧਾਂਤ ਨੂੰ ਗੰਭੀਰ ਰੂਪ ਵਿੱਚ ਵਿਚਾਰਿਆ ਗਿਆ ਹੈ। ਪ੍ਰੋਟੈਗੋਰਸ ਦੀਆਂ ਬਹੁਤੀਆਂ ਲਿਖਤਾਂ ਗੁੰਮ ਹੋ ਚੁੱਕੀਆਂ ਹਨ। 'ਮਨੁੱਖ ਹੀ ਸਾਰੀਆਂ ਵਿਚਾਰਾਂ ਅਤੇ ਵਸਤੂਆਂ ਦਾ ਮਾਨਦੰਡ ਹੈ'—ਉਸ ਦੀ ਪੁਸਤਕ 'ਸਚਾਈ' (The Truth) ਦਾ ਪਹਿਲਾ ਵਾਕ ਹੈ।"

"ਵੀਰ ਜੀ, ਅੰਤ ਵਿੱਚ ਉਨ੍ਹਾਂ ਹਾਨੀਕਾਰਕ ਸੇਧਾਂ ਦਾ ਥੋੜ੍ਹਾ ਜਿਹਾ ਪਤਾ ਦੇ ਦਿਓ ਜਿਨ੍ਹਾਂ ਬਾਰੇ.....।"

"ਮੇਰਾ ਖ਼ਿਆਲ ਹੈ ਕਿ 'ਸਮੁੱਚੇ ਜੀਵਨ' ਦੀ ਥਾਂ 'ਮਨੁੱਖ' ਨੂੰ ਸੋਚ ਦਾ ਵਿਸ਼ਾ ਬਣਾਉਣਾ ਪਹਿਲੀ ਹਾਨੀਕਾਰਕ ਸੇਧ ਹੈ। ਮੈਂ ਇਸ ਨੂੰ ਗ਼ਲਤ ਨਹੀਂ ਕਹਿ ਰਿਹਾ, ਹਾਨੀਕਾਰਕ ਕਹਿ ਰਿਹਾ ਹਾਂ। ਆਤਮ-ਨਿਸ਼ਠਾਵਾਦ ਜਾਂ ਸਬਜੈਕਟਿਵਿਜ਼ਮ ਦੂਜੀ ਅਜੇਹੀ ਦਿਸ਼ਾ ਹੈ, ਜਿਸ ਵੱਲ ਸੋਚ ਦਾ ਮੂੰਹ ਮੁੜ ਗਿਆ ਹੈ, ਅਤੇ ਤੀਜਾ ਖ਼ਤਰਾ ਇਹ ਪੈਦਾ ਹੋਇਆ ਹੈ ਕਿ ਸੋਚ ਨੂੰ ਨੈਤਿਕ ਮੁੱਲਾਂ ਤੋਂ ਮੁਕਤ ਮੰਨਿਆ ਜਾਣ ਦੀ ਵਕਾਲਤ ਕੀਤੀ ਗਈ ਹੈ। ਇਨ੍ਹਾਂ ਤੋਂ ਹੋਈ ਹਾਨੀ ਦਾ ਸਮੇਂ ਸਿਰ ਜ਼ਿਕਰ ਕਰਦੇ ਰਹਾਂਗੇ।"

ਪੁਸ਼ਪੇਂਦ੍ਰ, ਮੈਨੂੰ ਇਸ ਗੱਲ ਉੱਤੇ ਪੂਰਾ ਯਕੀਨ ਹੋ ਗਿਆ ਹੈ ਕਿ ਸੋਚ ਦਾ ਅਜੇਹਾ ਕੋਈ ਪੱਖ ਨਹੀਂ, ਜਿਸ ਨੂੰ ਯੂਨਾਨੀ ਵਿਚਾਰਵਾਨਾਂ ਨੇ ਛੁਹਿਆ ਨਾ ਹੋਵੇ; ਹਾਂ, ਮਨੋਵਿਗਿਆਨ ਅਤੇ ਅਧਿਆਤਮਵਾਦ ਦੀ ਗੱਲ ਨੂੰ ਉਨ੍ਹਾਂ ਨੇ ਅਧਵਾਟੇ ਜ਼ਰੂਰ ਛੱਡਿਆ ਹੈ।

ਸਨੇਹਾ।

# 40

ਈਸ਼ਰ ਭਵਨ,
16.3.97.

ਸਨੇਹਾ,

ਗਰਮੀ ਦੀ ਰੁੱਤ ਦੌੜੀ ਆ ਰਹੀ ਹੈ। ਤੇਤਰੀਆਂ-ਮੇਤਰੀਆਂ ਧੁੱਪਾਂ ਸੇਕਣ ਦੇ ਦਿਨ ਮੁੱਕਦੇ ਜਾ ਰਹੇ ਹਨ। ਪਿਛਲੇ ਦਿਨੀਂ ਜੀ ਕਰਦਾ ਰਿਹਾ ਕਿ ਮੈਂ ਅਤੇ ਸੁਮੀਤ ਮਿਲ ਕੇ ਈਸ਼ਰ ਭਵਨ ਦੇ ਚੁਫੇਰੇ ਫੈਲੀ ਸੁੰਦਰਤਾ ਦੀ ਉਪਾਸਨਾ ਦਾ ਆਨੰਦ ਮਾਣੀਏ; ਪਰੰਤੂ, ਮਨੁੱਖੀ ਮਨ ਬਾਰੇ ਮੇਰੇ ਵਿਚਾਰਾਂ ਵਿੱਚ ਉਪਜੀ ਹੋਈ ਉੱਥਲ-ਪੁੱਥਲ ਨੇ ਮੇਰੀ ਸੋਚ ਨੂੰ ਮੱਲੀ ਰੱਖਿਆ। ਮੈਂ ਜੀਵਨ ਵਿੱਚ ਪਹਿਲੀ ਵੇਰ ਦੁਬਿਧਾ ਦੇ ਅਰਥ ਸਮਝੇ ਅਤੇ ਮਿਰਜ਼ਾ ਜੀ ਦੇ ਇਸ ਸ਼ਿਅਰ ਦੀ ਡੂੰਘਾਈ ਨੂੰ ਮਹਿਸੂਸ ਕੀਤਾ—"ਸੰਭਲਨੇ ਦੇ ਮੁਝੇ ਐ ਨਾ-ਉਮੀਦੀ ਕਿਆ ਕਿਆਮਤ ਹੈ, ਦਾਮਨੇ ਖ਼ਿਆਲੇ ਯਾਰ ਛੂਟਾ ਜਾਏ ਹੈ ਮੁਝ ਸੇ।" ਆਸ ਸੀ ਕਿ ਤੂੰ ਆਪਣੇ ਪੱਤ੍ਰ ਵਿੱਚ ਮੇਰੇ ਵਿਚਾਰਾਂ ਬਾਰੇ ਕੁਝ ਲਿਖੇਂਗੀ। ਅਜੇਹਾ ਕੁਝ ਨਾ ਹੋਣ ਕਰਕੇ ਆਪਣੇ ਮਨ ਨੂੰ ਪ੍ਰੋਫ਼ੈਸਰ ਅੰਕਲ ਜੀ ਸਾਹਮਣੇ ਖੋਲ੍ਹਣ ਦਾ ਇਰਾਦਾ ਕਰ ਕੇ ਪਿਛਲੇ ਐਤਵਾਰ ਉਨ੍ਹਾਂ ਕੋਲ ਚਲੇ ਗਈ। ਉੱਥੇ ਜਾ ਕੇ ਕੀ ਵੇਖਦੀ ਹਾਂ ਕਿ ਨੀਲੂ ਜੀ ਅਤੇ ਸੁਮੀਤ ਪਹਿਲਾਂ ਹੀ ਆਏ ਬੈਠੇ ਹਨ। ਅੰਕਲ ਜੀ ਦੀ ਅੰਤਰਯਾਮਤਾ ਬਹੁਤ ਪਿਆਰੀ ਲੱਗੀ। ਮੇਰੇ ਚਿਹਰੇ ਉੱਤੇ ਪੱਸਰੀ ਪ੍ਰਸੰਸਾ ਨੂੰ ਪੜ੍ਹ ਕੇ, ਉਸ ਨੂੰ ਪੈਦਾ ਕਰਨ ਵਾਲੀ ਪ੍ਰਸੰਨਤਾ ਦੇ ਕਾਰਨ ਨੂੰ ਜਾਣਦਿਆਂ ਹੋਇਆਂ ਅਣਜਾਣ ਬਣਦੇ ਹੋਏ, ਅੰਕਲ ਜੀ ਨੇ ਆਖਿਆ, "ਪੁਸ਼ਪੇ, ਜੋ ਤੂੰ ਸਮਝ ਰਹੀ ਹੈਂ, ਉਹ ਗੱਲ ਨਹੀਂ ਹੈ। ਨੀਲੂ ਆਪਣੇ ਕਿਸੇ ਕੰਮ ਏਥੇ ਆਈ ਹੈ। ਮੈਂ ਇਸ ਦੇ ਟਾਈਮ ਟੇਬਲ ਵਿੱਚ ਦਖ਼ਲ ਦੇਣ ਵਾਲਾ ਕੌਣ ਹਾਂ ?"

ਉਨ੍ਹਾਂ ਦੀ ਵਿਅੰਗ-ਵੇਖਣੀ ਦੱਸ ਰਹੀ ਸੀ ਕਿ ਜੋ ਉਹ ਕਹਿ ਰਹੇ ਸਨ, ਉਹ ਸੱਚ ਨਹੀਂ ਸੀ। ਸੁਮੀਤ ਨੂੰ ਆਂਟੀ ਜੀ ਨੇ ਆਪਣੇ ਕੋਲ ਬੁਲਾ ਲਿਆ। ਅੰਕਲ ਜੀ ਨੇ ਮੈਨੂੰ ਕਿਹਾ, "ਪੂਪੀ ਬੇਟਾ, ਹੁਣ ਤੂੰ ਆਪਣੇ ਮਨ ਦੀ ਗੱਲ ਦੱਸ।"

"ਅੰਕਲ ਜੀ, ਮੈਨੂੰ ਡਰ ਸੀ ਕਿ ਮੈਂ ਆਪਣੇ ਮਨ ਦੀ ਗੱਲ ਚੰਗੀ ਤਰ੍ਹਾਂ ਦੱਸ ਨਹੀਂ ਸਕਾਂਗੀ। ਇਸ ਲਈ ਮੈਂ ਇਸ ਨੂੰ ਲਿਖਤੀ ਰੂਪ ਵਿੱਚ ਲਿਆਈ ਹਾਂ। ਇਹ ਉਸ ਪੱਤ੍ਰ ਦੀ ਨਕਲ ਹੈ, ਜਿਹੜਾ ਮੈਂ ਪਿਛਲੇ ਮਹੀਨੇ ਸਨੇਹਾ ਨੂੰ ਲਿਖਿਆ ਸੀ। ਤੁਸੀਂ ਇਸ ਨੂੰ ਪੜ੍ਹ ਕੇ ਮੇਰੀ ਉਲਝਣ ਸਮਝ ਸਕੋਗੇ।"

"ਇਹ ਕੰਮ ਜ਼ਰਾ ਲੰਮਾ ਹੈ, ਪੁਸ਼ਪੇ; ਮੈਂ ਸੁਮੀਤ ਨੂੰ ਬੁਲਾਉਂਦਾ ਹਾਂ। ਪੱਤ੍ਰ ਪੜ੍ਹਨ ਦੀ ਡਿਊਟੀ ਮੇਰੀ ਨਹੀਂ। ਦੋ ਸਹੇਲੀਆਂ ਦੇ ਨਿੱਜੀ ਪੱਤਰ; ਯੂ ਨੋ।"

ਸੁਮੀਤ ਨੇ ਪੱਤ੍ਰ ਪੜ੍ਹ ਕੇ ਸਾਰਿਆਂ ਨੂੰ ਸੁਣਾਉਣ ਪਿੱਛੋਂ ਆਖਿਆ, "ਬਈ ਵਾਹ, ਲੂਸੀ

ਪੱਸ, ਡਿਮਾਕ੍ਰੀਟੱਸ, ਬ੍ਰਹਸਪਤੀ (ਚਾਰਵਾਕ) ਅਤੇ ਐਪੀਕਿਊਰਸ ਆਦਿਕ ਤੋਂ ਦੋ ਢਾਈ ਹਜ਼ਾਰ ਸਾਲ ਪਿੱਛੋਂ ਕਿਸੇ ਨੇ ਮੁੜ ਉਨ੍ਹਾਂ ਲੀਹਾਂ ਉੱਤੇ ਸੋਚਣਾ ਸ਼ੁਰੂ ਕੀਤਾ ਹੈ।"

"ਇਹ ਤਾਂ ਮੈਂ ਜਾਣਦੀ ਹਾਂ ਕਿ ਯੂਨਾਨੀ ਵਿਚਾਰਵਾਨਾਂ ਨੇ ਇਉਂ ਸੋਚਿਆ ਸੀ; ਪਰ, ਇਹ ਮੈਨੂੰ ਪਤਾ ਨਹੀਂ ਕਿ ਭਾਰਤ ਵਿੱਚ ਵੀ ਇਨ੍ਹਾਂ ਲੀਹਾਂ ਉੱਤੇ ਸੋਚਿਆ ਗਿਆ ਹੈ। ਹੁਣ ਸੁਮੀਤ ਜੀ ਦੇ ਮੂੰਹੋਂ ਇਹ ਸੁਣ ਕੇ ਚਾਰਵਾਕ ਬਾਰੇ ਹੋਰ ਜਾਣਨ ਦੀ ਇੱਛਾ ਹੋਈ ਹੈ।"

"ਦੱਸ, ਬਈ ਸੁਮੀਤ।"

"ਅੰਕਲ ਜੀ, ਛੇਤੀ ਛੇਤੀ ਬਹੁਤਾ ਕੁਝ ਕਹਿ ਸਕਣਾ ਸੰਭਵ ਨਹੀਂ ਤਾਂ ਵੀ ਜੋ ਕੁਝ ਯਾਦ ਹੈ ਕਹਿੰਦਾ ਹਾਂ। ਸ਼ਬਦ 'ਚਾਰਵਾਕ' ਨੂੰ ਸੰਸਕ੍ਰਿਤ ਵਿੱਚ 'ਚਾਰੁਵਾਕ' ਕਰ ਕੇ ਲਿਖਿਆ ਗਿਆ ਹੈ, ਜਿਸ ਦਾ ਅਰਥ ਹੈ—'ਸੁੰਦਰ ਵਾਕ' ਜਾਂ 'ਸੁਹਣੀ ਬੋਲੀ।' ਆਮ ਤੌਰ ਉੱਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਵਿਚਾਰ ਨੂੰ ਲੋਕਪ੍ਰਿਯ ਬਣਾਉਣ ਲਈ ਸੁਹਣੇ ਸ਼ਬਦਾਂ ਵਿੱਚ ਲਿਖਣ ਦੀ ਹੁਸ਼ਿਆਰੀ ਵਰਤੀ ਗਈ ਹੈ। ਬ੍ਰਹਸਪਤੀ ਨਾਂ ਦੇ ਆਦਮੀ ਦੁਆਰਾ ਪਰਚਾਰੇ ਗਏ ਇਸ ਮੱਤ ਨੂੰ 'ਲੋਕਾਯਤ' ਵੀ ਆਖਿਆ ਗਿਆ ਹੈ। ਇਸ ਦੇ ਅਰਥ ਹਨ—ਸਾਧਾਰਣ ਲੋਕਾਂ ਦੁਆਰਾ ਸੌਖੇ ਸਮਝਿਆ ਅਤੇ ਸਹਿਜ ਨਾਲ ਅਪਣਾਇਆ ਜਾ ਸਕਣ ਵਾਲਾ ਮੱਤ।"

"ਸੁਮੀਤ, 'ਚਾਰੁਵਾਕ' ਅਤੇ 'ਲੋਕਾਯਤ' ਦੇ ਅਰਥਾਂ ਵਿੱਚ ਅਨੁਕੂਲਤਾ ਦੀ ਘਾਟ ਹੈ। ਚਾਰੁਵਾਕ ਦਾ ਅਰਥ ਕੀਤਾ ਗਿਆ ਹੈ—'ਭਾਸ਼ਾ ਦੀ ਸੁੰਦਰਤਾ', 'ਵਾਕ-ਚਤੁਰਤਾ' ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਬ੍ਰਹਸਪਤੀ ਨੇ ਭਾਸ਼ਾਈ ਕਲਾਬਾਜ਼ੀ ਵਰਤ ਕੇ ਇੱਕ ਹਾਨੀਕਾਰਕ ਮੱਤ ਨੂੰ ਲੋਕਾਂ ਵਿੱਚ ਪ੍ਰਚਾਰਨ ਦਾ ਯਤਨ ਕੀਤਾ। ਦੂਜੇ ਪਾਸੇ ਲੋਕਾਯਤ ਦੇ ਅਰਥ ਹਨ—ਸਾਧਾਰਣ ਲੋਕਾਂ ਦੁਆਰਾ ਸੌਖੇ ਸਮਝਿਆ ਅਤੇ ਅਪਣਾਇਆ ਜਾ ਸਕਣ ਵਾਲਾ ਮੱਤ। ਲੋਕ ਗੁੰਝਲਦਾਰ ਭਾਸ਼ਾ ਨੂੰ ਸੌਖੇ ਨਹੀਂ ਸਮਝਦੇ। ਸਾਧਾਰਣ ਲੋਕਾਂ ਨੂੰ ਸਾਧਾਰਣ ਸਰਲ ਬੋਲੀ ਵਿੱਚ ਹੀ ਸਮਝਾਇਆ ਅਤੇ ਮਨਾਇਆ ਜਾ ਸਕਦਾ ਹੈ। ਇਸ ਲਈ ਚਾਰੁਵਾਕ ਦਾ ਅਰਥ ਕਰਨਾ ਚਾਹੀਦਾ ਹੈ—ਸੌਖੀ ਬੋਲੀ ਵਿੱਚ ਦੱਸੇ, ਬੋਲੇ ਜਾਂ ਲਿਖੇ ਗਏ ਸਰਲ ਵਿਚਾਰ।"

"ਅੰਕਲ ਜੀ, ਮੈਂ ਤੁਹਾਡੇ ਨਾਲ ਸਹਿਮਤ ਹਾਂ। ਤੁਸੀਂ ਜਾਣਦੇ ਹੋ ਕਿ ਚੌਥੀ ਸਦੀ ਪੂਰਬ ਈਸਵੀ ਵਿੱਚ ਹੋਏ ਯੂਨਾਨੀ ਵਿਚਾਰਵਾਨ ਐਪੀਕਿਊਰਸ ਦੇ ਮੱਤ ਨਾਲ ਵੀ ਉਹੋ ਸਲੂਕ ਹੋਇਆ ਹੈ, ਜਿਹੜਾ ਚਾਰਵਾਕ ਨਾਲ ਹੋਇਆ ਹੈ। ਇਸ ਦੇ ਕਾਰਨਾਂ ਵੱਲ ਪਿੱਛੋਂ ਆਵਾਂਗੇ, ਪਹਿਲਾਂ ਇਹ ਵੇਖ ਲਈਏ ਕਿ ਬ੍ਰਹਸਪਤੀ ਸੀ ਕੌਣ। ਬ੍ਰਹਸਪਤੀ ਦਾ ਜਨਮ ਇੱਕ ਵਿਦਵਾਨ ਬ੍ਰਾਹਮਣ ਦੇ ਘਰ ਈਸਾ ਤੋਂ ਛੇ ਸੌ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਇਸਦੀ ਮਾਤਾ ਦਾ ਨਾਂ ਸੁਗਿਵਣੀ ਅਤੇ ਪਿਤਾ ਦਾ ਨਾਂ ਇੰਦੂ ਕਾਂਤ ਸੀ। ਉਸ ਸਮੇਂ ਵੇਦਿਕ ਮੱਤ, ਹਵਨਾਂ, ਯੱਗਾਂ, ਪਸ਼ੂਆਂ ਦੀਆਂ ਬਲੀਆਂ ਦੇ ਗੁੰਝਲਦਾਰ ਵਿਧੀ-ਵਿਧਾਨਾਂ ਅਤੇ ਕਰਮ-ਕਾਂਡਾਂ ਦੇ ਭਾਰ ਹੇਠ ਦੱਬਿਆ ਗਿਆ ਸੀ। ਰਸਮਾਂ, ਵਿਖਾਵਿਆਂ ਅਤੇ ਪਾਖੰਡਾਂ ਦਾ ਬੇ-ਲੋੜਾ ਖਿਲਾਰਾ ਪਸਾਰਾ ਸਾਧਾਰਣ ਆਦਮੀ ਦੇ ਜੀਵਨ ਨਾਲ ਕਿਸੇ ਪ੍ਰਕਾਰ ਦਾ ਕੋਈ ਸੁਹਣਾ ਸੰਬੰਧ ਨਹੀਂ ਸੀ ਰੱਖਦਾ। ਬ੍ਰਹਸਪਤੀ ਦੇ ਮਾਤਾ-ਪਿਤਾ ਨੇ ਆਪਣੇ ਪੁੱਤਰ ਨੂੰ ਸ਼ਾਸਤਰ ਦੀ ਵਿੱਦਿਆ ਦੇ ਕੇ ਉਸਦੇ ਸਹਾਰੇ ਜੀਵਨ ਦੇ ਕਲਿਆਣ ਦਾ ਰਾਹ ਲੱਭਣ ਲਈ ਉਤਸਾਹਿਤ ਕੀਤਾ। ਆਪਣੀ ਵਿੱਦਿਆ ਅਤੇ ਜੀਵਨ ਅਨੁਭਵ ਦੇ ਸਹਾਰੇ ਉਹ ਇਸ ਨਿਰਣੇ ਉੱਤੇ ਪੁੱਜਾ ਕਿ :

1. ਸ੍ਰਿਸ਼ਟੀ—ਜਲ, ਪੌਣ, ਅਗਨੀ ਅਤੇ ਪ੍ਰਿਥਵੀ ਨਾਮੇ ਚਾਰ ਤੱਤਾਂ ਤੋਂ ਬਣੀ ਹੈ। ਇਸ ਦੀ ਰਚਨਾ ਕਰਨ ਵਾਲਾ ਈਸ਼ਵਰ ਜਾਂ ਪਰਮਾਤਮਾ ਆਦਿਕ ਕੋਈ ਨਹੀਂ।

2. ਚੇਤਨ ਜੀਵ ਜੜ ਤੱਤ ਤੋਂ ਵੱਖਰੀ ਹੋਂਦ ਨਹੀਂ ਰੱਖਦਾ।
3. ਮੌਤ ਨਾਲ ਜੀਵਨ ਦੀ ਖੇਡ ਦਾ ਅੰਤ ਹੋ ਜਾਂਦਾ ਹੈ। ਨਰਕ, ਸੁਰਗ, ਕਰਮ-ਫਲ ਅਤੇ ਮੁਕਤੀ ਆਦਿਕ ਬੇ-ਅਰਥੇ ਸ਼ਬਦ ਹਨ। ਯੱਗ, ਹਵਨ, ਸ਼ਰਾਧ, ਪਸ਼ੂ-ਬਲੀ ਆਦਿਕ ਪਾਖੰਡ ਹੈ; ਅੱਤਿਆਚਾਰ ਹੈ।
4. ਜਪ, ਤਪ, ਤਿਆਗ ਅਤੇ ਪੂਜਾ-ਪਾਠ ਬੇ-ਲੋੜੇ ਹਨ।
5. ਸੱਚ-ਝੂਠ ਅਤੇ ਚੰਗੇ-ਬੁਰੇ ਦੇ ਨਿਰਣੇ ਲਈ ਮਨੁੱਖ ਦੀ ਆਪਣੀ ਬੁੱਧੀ ਹੀ ਅੰਤਲੀ ਕਸੌਟੀ ਹੈ।
6. ਹਰ ਜੀਵ ਵਿੱਚ ਸੁਖ ਦੀ ਇੱਛਾ ਹੈ। ਏਹੋ ਜੀਵਨ ਦਾ ਮਨੋਰਥ ਹੈ। ਸੁਖ ਸਵਰਗ ਹੈ; ਦੁਖ ਨਰਕ ਹੈ। ਦੋਵੇਂ ਏਸੇ ਜੀਵਨ ਵਿੱਚ ਹਨ। ਜਿਹੜਾ ਆਦਮੀ ਸੁਖੀ ਅਤੇ ਖ਼ੁਸ਼ ਹੈ, ਉਹ ਜੀਵਨ-ਮੁਕਤ ਹੈ।"

"ਅੰਕਲ ਜੀ, ਇਹ ਗੱਲਾਂ ਠੀਕ ਹੀ ਜਨ-ਸਾਧਾਰਣ ਦੀ ਸਮਝੇ ਪੈਣ ਵਾਲੀਆਂ ਸਰਲ ਅਤੇ ਸਿੱਧੀਆਂ ਹਨ। ਇਨ੍ਹਾਂ ਨੂੰ ਵਾਕ ਚਤੁਰਤਾ ਦੇ ਸਹਾਰੇ ਦੀ ਲੋੜ ਨਹੀਂ। ਕੋਈ ਵੀ ਭਾਸ਼ਾਈ ਕਲਾਬਾਜ਼ੀ ਇਨ੍ਹਾਂ ਦੇ ਪ੍ਰਭਾਵ ਨੂੰ ਵਧਾਉਣ ਵਿੱਚ ਸਫਲ ਨਹੀਂ ਹੋ ਸਕਦੀ। ਫਿਰ ਵੀ ਚਾਰਵਾਕ ਦੇ ਅਰਥ ਸ਼ਬਦ-ਆਡੰਬਰ ਜਾਂ ਸ਼ਬਦ-ਜਾਲ ਕਿਉਂ ਕੀਤੇ ਗਏ ਹਨ?"

"ਪੁਸ਼ਪੇ, ਮੈਨੂੰ ਪੁੱਛ ਰਹੀ ਹੈਂ ਜਾਂ ਸੁਮੀਤ ਨੂੰ?"

"ਜਿਹੜਾ ਦੱਸ ਸਕੇ।"

"ਤੂੰ ਹੀ ਦੱਸ ਬਈ।"

"ਅਸਲੀਅਤ ਜੋ ਵੀ ਹੋਵੇ ਬ੍ਰਹਸਪਤੀ ਦੀਆਂ ਦਲੀਲਾਂ ਉਸ ਦੇ ਸਿਧਾਂਤਾਂ ਵਾਂਗ ਹੀ ਸਰਲ ਅਤੇ ਸਪੱਸ਼ਟ ਹਨ। ਉਹ ਕਹਿੰਦਾ ਸੀ ਕਿ ਜੇ ਸ਼ਰਾਧਾਂ ਵਿੱਚ ਦਿੱਤਾ ਦਾਨ ਅਤੇ ਖੁਆਇਆ ਹੋਇਆ ਅੰਨ ਪਰਲੋਕ ਵਿੱਚ ਬੈਠੇ ਪੂਰਵਜਾਂ ਨੂੰ ਮਿਲ ਸਕਦਾ ਹੈ ਤਾਂ ਇੱਕ ਕਮਰੇ ਵਿੱਚ ਬੈਠ ਕੇ ਕਿਸੇ ਬ੍ਰਾਹਮਣ ਦੁਆਰਾ ਖਾਧੀ ਹੋਈ ਰੋਟੀ ਉਸ ਕਮਰੇ ਦੀ ਛੱਤ ਉੱਤੇ ਬੈਠੇ ਆਦਮੀ ਤੱਕ ਪੁੱਜਣੀ ਬਹੁਤ ਹੀ ਸੌਖੀ ਗੱਲ ਹੈ। ਇਹ ਸੌਖਾ ਜਿਹਾ ਕੰਮ ਕਰ ਕੇ ਦੱਸੋ। ਉਹ ਇਹ ਵੀ ਕਹਿੰਦਾ ਸੀ ਕਿ—ਜੇ ਮਰ ਕੇ ਆਦਮੀ ਆਪਣੇ ਪੂਰਵਜਾਂ ਕੋਲ ਪੁੱਜ ਜਾਂਦਾ ਹੈ ਤਾਂ ਆਪਣੇ ਪਿੱਛੇ ਛੱਡੇ ਹੋਏ ਪਰਿਵਾਰ ਦੇ ਮੋਹ-ਵੱਸ ਮੁੜ ਕੇ ਧਰਤੀ ਉੱਤੇ ਕਿਉਂ ਨਹੀਂ ਆ ਸਕਦਾ। ਇਨ੍ਹਾਂ ਸਾਰੀਆਂ ਗੱਲਾਂ ਵਿੱਚ ਕਿਸੇ ਭਾਸ਼ਾਈ ਕਲਾਬਾਜ਼ੀ ਦੀ ਲੋੜ ਨਜ਼ਰ ਨਹੀਂ ਆਉਂਦੀ। ਇਹ ਸਭ ਸਿੱਧੀਆਂ ਸਾਦੀਆਂ ਗੱਲਾਂ ਹਨ, ਜੋ ਸਾਧਾਰਣ ਲੋਕਾਂ ਲਈ ਸਰਲ ਭਾਸ਼ਾ ਵਿੱਚ ਆਖੀਆਂ ਜਾਣ ਨਾਲ ਹੀ ਆਪਣੇ ਮਨੋਰਥ ਵਿੱਚ ਸਫਲ ਹੋ ਸਕਦੀਆਂ ਹਨ।"

"ਸੁਮੀਤ ਬੇਟਾ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਚਾਰਵਾਕ ਉੱਤੇ ਕਠੋਰ ਹਮਲੇ ਹੋਏ ਹਨ। ਉਸ ਨੂੰ ਦੁਰਾਚਾਰੀ ਆਖਿਆ ਗਿਆ ਹੈ। ਇਸ ਪ੍ਰਕਾਰ ਦੀਆਂ ਕਹਾਣੀਆਂ ਪ੍ਰਚੱਲਤ ਕੀਤੀਆਂ ਗਈਆਂ ਹਨ ਕਿ—ਬ੍ਰਹਸਪਤੀ ਦੀ ਕਿਸੇ ਕੋਝੀ ਹਰਕਤ ਦੇ ਕਾਰਨ ਉਸ ਨੂੰ ਸਮਾਜ ਵਿੱਚੋਂ ਕੱਢ ਦਿੱਤਾ ਗਿਆ ਸੀ, ਜਿਸ ਨਿਰਾਦਰ ਦਾ ਬਦਲਾ ਲੈਣ ਲਈ ਉਸ ਨੇ ਹਰ ਸਮਾਜਕ ਮਾਨਤਾ ਦਾ ਨਿਰਾਦਰ ਕਰਨਾ ਅਤੇ ਨਿਰਾਦਰ ਕਰਨ ਦੀ ਸਿੱਖਿਆ ਦੇਣਾ ਆਪਣਾ ਕੰਮ ਬਣਾ ਲਿਆ। ਉਹ ਮਾਸ, ਸ਼ਰਾਬ, ਵੇਸ਼ਿਆ-ਗਮਨ ਆਦਿਕ ਸਭ ਬੁਰਾਈਆਂ ਦੀ ਖੁੱਲ੍ਹ ਦਿੰਦਾ ਦੱਸਿਆ ਗਿਆ ਹੈ। ਇਸ ਬਾਰੇ ਕੀ ਆਖੋਗੇ?"

"ਨੀਲੂ ਜੀ, ਯੂਨਾਨੀ ਵਿਚਾਰਵਾਨ ਐਪੀਕਿਊਰਸ ਬਾਰੇ ਇਹ ਆਖਿਆ ਜਾਂਦਾ ਹੈ ਕਿ ਉਹ ਬਹੁਤ ਹੀ ਚੰਗੇ ਆਚਰਣ ਵਾਲਾ ਆਦਮੀ ਸੀ। ਮੈਂ ਉਸ ਦਾ ਸਿਧਾਂਤ ਪੜ੍ਹਿਆ ਹੈ;

ਕਿਧਰੇ ਵੀ ਅਜੇਹਾ ਕੁਝ ਨਹੀਂ ਲਿਖਿਆ ਗਿਆ, ਜੋ ਆਦਮੀ ਨੂੰ ਸਮਾਜਕ ਮਾਨਤਾਵਾਂ ਦੇ ਨਿਰਾਦਰ ਦੀ ਸਲਾਹ ਦੇਵੇ। ਤਾਂ ਵੀ ਉਸ ਦੇ ਮੱਤ ਦਾ ਮਜ਼ਾਕ ਉਡਾਇਆ ਗਿਆ ਹੈ। ਬ੍ਰਹਸਪਤੀ ਦਾ ਸਮਾਂ ਬੁੱਧ ਅਤੇ ਜੈਨ (ਮਹਾਂਵੀਰ) ਦਾ ਸਮਾਂ ਬਣਦਾ ਹੈ। ਬੁੱਧ 563 ਪੂਰਬ ਈਸਵੀ ਵਿੱਚ ਪੈਦਾ ਹੋਇਆ ਸੀ। ਇਉਂ ਉਹ ਬ੍ਰਹਸਪਤੀ ਨਾਲੋਂ ਸੈਂਤੀ ਕੁ ਸਾਲ ਛੋਟਾ ਸੀ। ਇਸ ਸਮੇਂ ਭਾਰਤੀ ਵਿਚਾਰਧਾਰਾ ਵਿੱਚ ਵੱਡੀ ਉੱਥਲ-ਪੁੱਥਲ ਹੋ ਰਹੀ ਸੀ। ਮਹਾਂਵੀਰ ਕਠੋਰ ਤਪ ਨੂੰ ਮੁਕਤੀ ਦਾ ਰਾਹ ਦੱਸ ਰਿਹਾ ਸੀ। ਬ੍ਰਹਸਪਤੀ ਨੇ ਸਾਧਾਰਣ ਜੀਵਨ ਨੂੰ ਮਨੁੱਖ ਦਾ ਮਨੋਰਥ ਦੱਸ ਕੇ ਮੁਕਤੀ ਆਦਿਕ ਦੀ ਗੱਲ ਹੀ ਮੁਕਾਅ ਦਿੱਤੀ ਸੀ। ਬੁੱਧ ਨੇ ਦੋਹਾਂ ਦੇ ਵਿੱਚ-ਵਿਚਾਲੇ ਦਾ ਰਸਤਾ ਦੱਸ ਕੇ ਸਦਾਚਾਰ ਨੂੰ ਨਿਰਵਾਣ ਦਾ ਤਰੀਕਾ ਆਖਿਆ। ਇਹ ਤਰੀਕਾ ਸਭ ਤੋਂ ਵੱਧ ਪਰਵਾਨ ਕੀਤਾ ਗਿਆ, ਕਿਉਂਕਿ ਉਹ ਵਿਚਕਾਰਲਾ ਰਾਹ ਸੀ। ਬੁੱਧ ਪਰਮਾਤਮਾ ਬਾਰੇ ਕੁਝ ਨਹੀਂ ਸੀ ਕਹਿੰਦਾ, ਇਸ ਲਈ ਉਸ ਦਾ ਵਿਰੋਧ ਨਹੀਂ ਸੀ ਕੀਤਾ ਜਾਂਦਾ। ਉਹ ਆਵਾਗੌਣ ਅਤੇ ਨਿਰਵਾਣ ਦੀ ਗੱਲ ਕਰਦਾ ਸੀ। ਇਸ ਤਰ੍ਹਾਂ ਪਰਮਾਰਥ ਵੀ ਕਾਇਮ ਰਹਿੰਦਾ ਸੀ। ਭਾਰਤੀ ਲੋਕਾਂ ਨੂੰ ਪਰਮਾਰਥ ਦਾ ਬਹੁਤ ਮੋਹ ਸੀ; ਹੁਣ ਵੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸੰਸਾਰਕ ਜੀਵਨ ਦੀਆਂ ਲੋੜਾਂ ਹਨ। ਇਨ੍ਹਾਂ ਨੂੰ ਦੁਰਾਚਾਰ ਕਹਿ ਕੇ ਅਸੀਂ ਪਰਮਾਰਥੀ ਹੋਣ ਦਾ ਭਰਮ ਪਾਲਦੇ ਹਾਂ। ਪਰਮਾਰਥ ਨੂੰ ਪਰੇ ਕਰਨ ਵਾਲੇ ਨੂੰ ਦੁਰਾਚਾਰੀ ਆਖਿਆ ਜਾਣਾ ਸੁਭਾਵਕ ਹੈ। ਬ੍ਰਹਸਪਤੀ ਨਾਲ ਇਉਂ ਹੀ ਹੋਇਆ ਲੱਗਦਾ ਹੈ। ਇਹ ਆਦਮੀ ਕਿਸੇ ਸਾਧਾਰਣ ਘਰਾਣੇ ਵਿੱਚ ਜੰਮਿਆ ਸੀ। ਬੁੱਧ, ਮਹਾਂਵੀਰ ਆਦਿਕ ਰਾਜ ਘਰਾਣਿਆਂ ਵਿੱਚੋਂ ਆਏ ਸਨ। ਇਨ੍ਹਾਂ ਗੱਲਾਂ ਦੇ ਸਮੁੱਚੇ ਪ੍ਰਭਾਵ ਨੇ ਇਸ ਨਾਲ ਬੇ-ਇਨਸਾਫ਼ੀ ਕਰਵਾਈ ਜਾਪਦੀ ਹੈ। ਹਰ ਸੁਧਾਰਕ ਨੂੰ ਕੁਰਾਹੀਆ ਆਖਿਆ ਜਾਂਦਾ ਰਿਹਾ ਹੈ। ਕਈਆਂ ਨੂੰ ਮਿਰਤੂ-ਦੰਡ ਵੀ ਦਿੱਤਾ ਗਿਆ ਹੈ। ਉਸ ਸਮੇਂ ਦੇ ਭਾਰਤ ਵਿੱਚ ਇਸ ਇਬਰਾਨੀ ਢੰਗ ਦਾ ਅਜੇ ਰਿਵਾਜ ਨਹੀਂ ਪਿਆ ਸੀ; ਇਸ ਲਈ ਬ੍ਰਹਸਪਤੀ ਨੂੰ ਦੁਰਾਚਾਰੀ ਕਹਿ ਕੇ ਛੱਡ ਦਿੱਤਾ ਗਿਆ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ 'ਦੁਰਾਚਾਰਾਂ' ਨਾਲ ਭਰੇ ਹੋਏ ਸੰਸਾਰਕ ਜੀਵਨ ਨਾਲ ਸੰਤੁਸ਼ਟ ਆਦਮੀ ਨੂੰ ਦੁਰਾਚਾਰੀ ਹੀ ਤਾਂ ਆਖਿਆ ਜਾਵੇਗਾ।"

"ਆਖਿਆ ਜਾਵੇਗਾ; ਪਰ ਆਖਿਆ ਜਾਂਦਾ ਤਾਂ ਨਹੀਂ।"

"ਨਹੀਂ ਬੇਟਾ ਜੀ, ਤੁਸਾਂ ਕਾਹਲੀ ਵਿੱਚ ਗੱਲ ਕਰ ਦਿੱਤੀ ਹੈ। ਸੁਮੀਤ ਦੀ ਗੱਲ ਬਿਲਕੁਲ ਠੀਕ ਹੈ। ਸਾਡੇ ਦੇਸ਼ ਵਿੱਚ ਨੈਤਿਕਤਾ, ਧਰਮ ਅਤੇ ਦਰਸ਼ਨ ਨੂੰ ਇੱਕ ਥਾਂ ਰੱਖ ਕੇ ਵੇਖਿਆ ਵਾਚਿਆ ਗਿਆ ਹੈ। ਸਦਾਚਾਰ ਅਤੇ ਦਰਸ਼ਨ ਨੂੰ ਅਧਿਆਤਮਵਾਦ ਦੇ ਉਪ-ਅੰਗ ਮੰਨਿਆ ਜਾਂਦਾ ਰਿਹਾ ਹੈ। ਇਹ ਉਦੋਂ ਹੀ ਸਾਰਥਕ ਆਖੇ ਗਏ ਹਨ, ਜਦੋਂ ਇਹ ਜੀਵਨ ਦੇ ਅਧਿਆਤਮਕ ਮਨੋਰਥ ਦੀ ਪ੍ਰਾਪਤੀ ਦੇ ਸਾਧਨ ਬਣਾਏ ਗਏ ਹਨ। ਅਧਿਆਤਮਕ ਮਨੋਰਥ ਤੋਂ ਛੁੱਟ ਹੋਰ ਕਿਸੇ ਵੀ ਸੰਸਾਰਕ ਮਨੋਰਥ ਦੀ ਪ੍ਰਾਪਤੀ ਲਈ ਜੀਵੇ ਜਾਣ ਵਾਲੇ ਜੀਵਨ ਨੂੰ ਘਟੀਆ ਜੀਵਨ, ਪਸ਼ੂ-ਜੀਵਨ ਅਤੇ ਪਾਪ ਰੂਪ ਆਖਿਆ ਗਿਆ ਹੈ। ਇਸ ਜੀਵਨ ਵਿਚਲੀਆਂ ਸਿਆਣਪਾਂ, ਚੰਗਿਆਈਆਂ ਅਤੇ ਇਸ ਵਿਚਲੇ ਸਦਾਚਾਰ ਜੇ ਮੁਕਤੀ ਦੇ ਮਨੋਰਥ ਹਿਤ ਨਹੀਂ ਅਪਣਾਏ ਗਏ ਤਾਂ ਕੂੜੇ ਅਤੇ ਹਉਮੈ ਦਾ ਰੋਗ ਲਾਉਣ ਵਾਲੇ ਆਖੇ ਗਏ ਹਨ—ਹੁਣ ਤਕ ਆਖੇ ਜਾਂਦੇ ਹਨ। ਮੈਨੂੰ ਪੂਰਾ ਯਕੀਨ ਹੈ ਕਿ ਇੱਕ ਸਦਾਚਾਰੀ ਨਿਰਈਸ਼ਵਰਵਾਦੀ ਦੇ ਟਾਕਰੇ ਵਿੱਚ ਇੱਕ ਦੁਰਾਚਾਰੀ ਈਸ਼ਵਰਵਾਦੀ ਨੂੰ, ਅੱਜ ਵੀ, ਸਾਡੇ ਦੇਸ਼ ਵਿੱਚ ਸ੍ਰੇਸ਼ਟ ਆਖਿਆ ਜਾਵੇਗਾ। ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ; ਪਰ, ਸਾਡੀਆਂ ਅੱਖਾਂ ਸਾਹਮਣੇ ਇਉਂ ਹੁੰਦਾ ਹੈ ਕਿ ਈਸ਼ਵਰਵਾਦ ਅਤੇ ਪਰਲੋਕਵਾਦ ਦੇ ਪਰਦਿਆਂ ਦੇ ਉਹਲੇ ਵਿੱਚ ਬੈਠ ਕੇ ਸੁਤੰਤਰ ਲਿੰਗ ਸੰਬੰਧਾਂ

ਦਾ ਪਰਚਾਰ ਕਰਨ ਵਾਲੇ ਲੋਕ ਗੁਰੂ, ਪੀਰ ਅਤੇ ਭਗਵਾਨ ਮੰਨੇ ਜਾਣ ਵਿੱਚ ਸਫਲ ਹੋ ਜਾਂਦੇ ਹਨ। ਜਦ ਕਿ ਸਾਧਾਰਣ ਸੰਸਾਰਕ ਜੀਵਨ ਦੀ ਸਫਲਤਾ ਨਾਲ ਸੰਤੁਸ਼ਟ ਆਦਮੀ ਨੂੰ ਮੂਰਖ, ਅਗਿਆਨੀ, ਮਨਮੁਖ, ਜੁਆਰੀ, ਕੌਡੀਆਂ ਅਤੇ ਕੱਲਰ ਦਾ ਵਾਪਾਰੀ ਅਤੇ ਵਿਸ਼ਟਾ ਦਾ ਕੀੜਾ ਤੱਕ ਕਹਿ ਕੇ ਜੰਮਣ ਮਰਨ ਦੇ ਅਮੁੱਕ ਗੇੜ ਦੀ ਸਜ਼ਾ ਦਾ ਭਾਗੀ ਆਖਿਆ ਜਾਣ ਵਿੱਚ ਕਿਸੇ ਪ੍ਰਕਾਰ ਦਾ ਅਨਿਆਂ ਨਹੀਂ ਸਮਝਿਆ ਗਿਆ—ਜ਼ਰਾ ਸੰਕੋਚ ਨਹੀਂ ਕੀਤਾ ਗਿਆ।"

"ਅੰਕਲ ਜੀ, ਮੈਂ ਸਮਝਦਾ ਹਾਂ ਕਿ ਚਾਰਵਾਕ ਦੇ ਰੂਪ ਵਿੱਚ ਕੋਈ ਇੱਕ ਵਿਦਵਾਨ ਵਿਅਕਤੀ ਨਹੀਂ, ਸਗੋਂ ਸਮੁੱਚਾ ਸਾਧਾਰਣ ਜੀਵਨ ਆਪਣੇ ਨਿਰਾਦਰ ਵਿਰੁੱਧ ਬਗ਼ਾਵਤ ਕਰ ਰਿਹਾ ਸੀ; ਆਪਣੇ ਮੂੰਹ ਉੱਤੇ ਆਪ ਚਪੇੜ ਮਾਰਨੋਂ ਇਨਕਾਰ ਕਰ ਰਿਹਾ ਸੀ। ਜਿਸ ਜੀਵਨ ਨੂੰ ਅਸੀਂ ਪੂਰੀ ਲਗਨ, ਸਾਰੀ ਸਿਆਣਪ ਅਤੇ ਆਖ਼ਰਾਂ ਦੀ ਮਿਹਨਤ ਨਾਲ ਜੀ ਰਹੇ ਹੋਵੀਏ, ਉਸੇ ਨੂੰ ਪਾਪ ਅਤੇ ਗਿਆਨ ਵੀ ਆਖੀਏ, ਇਹ ਆਪਣੇ ਮੂੰਹ 'ਤੇ ਚਪੇੜ ਮਾਰਨ ਵਰਗੀ ਗੱਲ ਹੈ। ਚਾਰਵਾਕ ਵੀ ਬਾਕੀ ਸਾਰਿਆਂ ਵਾਂਗ ਜੀਵਨ ਵਿੱਚ ਦੁਖ ਦੀ ਹੋਂਦ ਨੂੰ ਮੰਨਦਾ ਸੀ; ਪਰ, ਉਹ ਕਹਿੰਦਾ ਸੀ ਕਿ 'ਤੋਹਾਂ ਦੇ ਕਾਰਨ ਚੌਲਾਂ ਦਾ ਤਿਆਗ ਮੂਰਖ਼ਤਾ ਹੈ। ਜੰਗਲੀ ਜਾਨਵਰਾਂ ਦੇ ਉਜਾੜੇ ਤੋਂ ਡਰ ਕੇ ਅਸੀਂ ਫ਼ਸਲਾਂ ਬੀਜਣੀਆਂ ਬੰਦ ਨਹੀਂ ਕਰ ਸਕਦੇ।' ਉਹ ਸਮਾਜਕ ਸਮੱਸਿਆਵਾਂ ਦੇ ਸਮਾਧਾਨ ਦੀ ਸਲਾਹ ਦਿੰਦਾ ਸੀ, ਜੀਵਨ ਨੂੰ ਸੁਹਣਾ ਸੁਖਾਵਾਂ ਬਣਾਉਣ ਦੀ ਸਲਾਹ ਦਿੰਦਾ ਸੀ। ਉਸ ਨੇ ਨਿਰਵਾਣ ਅਤੇ ਮੋਕਸ਼ ਆਦਿਕ ਦੀ ਥਾਂ ਜੀਵਨ ਦੇ ਸੰਸਾਰਕ ਸੁਖ ਅਤੇ ਮਨੁੱਖੀ ਮਨ ਦੀ ਪ੍ਰਸੰਨਤਾ ਨੂੰ ਜੀਵਨ ਦਾ ਮੂਲ ਮਨੋਰਥ ਕਹਿ ਕੇ ਉਸ ਸਮੇਂ ਦੇ ਯੱਗਾਂ, ਹਵਨਾਂ, ਕੁਰਬਾਨੀਆਂ, ਕਰਮ-ਕਾਂਡਾਂ ਦੇ ਨਾਲ ਨਾਲ ਇਨ੍ਹਾਂ ਦੇ ਸਹਾਰੇ ਜੀਵਨ ਉੱਤੇ ਭਾਰ ਬਣੇ ਹੋਏ ਪ੍ਰੋਹਿਤ ਵਰਗ ਉੱਤੇ ਵੀ ਲਕੀਰ ਫੇਰ ਦਿੱਤੀ ਸੀ। ਈਸ਼ਵਰ, ਆਵਾਗੌਣ ਅਤੇ ਪਰਲੋਕ ਉਸ ਨੂੰ ਬੇ-ਲੋੜੇ ਦਿਸਦੇ ਸਨ। ਇਨ੍ਹਾਂ ਦੀ ਵਾਸਤਵਿਕਤਾ ਜੀਵਨ ਦੀ ਸਮਝੋਂ ਅਤੇ ਪਹੁੰਚੋਂ ਪਰੇ ਸੀ। ਪ੍ਰੋਹਿਤ ਕਹਿੰਦੇ ਸਨ, ਯੱਗ ਵਿੱਚ ਦੇਵਤਿਆਂ ਨੂੰ ਬਲੀ ਦੇਣ ਲਈ ਮਾਰਿਆ ਜਾਣ ਵਾਲਾ ਪਸ਼ੂ ਸਵਰਗ ਵਿੱਚ ਚਲੇ ਜਾਂਦਾ ਹੈ। ਚਾਰਵਾਕ ਕਹਿੰਦਾ ਕਿ ਇਸ ਗ਼ਰੀਬ ਬੇ-ਜ਼ੁਬਾਨ ਨੂੰ ਮਾਰ ਕੇ ਆਪਣੇ ਵਡੇਰਿਆਂ ਲਈ ਸਵਰਗ ਦਾ ਪ੍ਰਬੰਧ ਕਰਨ ਦੀ ਟੇਢੀ ਕਿਰਿਆ ਕਰਨ ਦੀ ਥਾਂ ਆਪਣੇ ਵਡੇਰਿਆਂ ਨੂੰ ਮਾਰ ਕੇ ਸਿੱਧਾ ਸਵਰਗ ਕਿਉਂ ਨਹੀਂ ਭੇਜ ਦਿੰਦੇ ? ਅਵਿਗਿਆਨਕ ਕਰਮ-ਕਾਂਡ ਦੇ ਵਿਸ਼ਵਾਸੀਆਂ ਕੋਲ ਉਸ ਦੀਆਂ ਸਾਧਾਰਣ ਦਲੀਲਾਂ ਦਾ ਕੋਈ ਉੱਤਰ ਨਹੀਂ ਸੀ। ਨਿਰੁੱਤਰ ਹੋਇਆ ਬਲਵਾਨ, ਹਿੰਸਾ ਦੀ ਸ਼ਰਨ ਲੈਂਦਾ ਆਇਆ ਹੈ। ਅਧਿਆਤਮਵਾਦੀਆਂ ਨੇ ਉਸ ਉੱਤੇ ਦੁਰਾਚਾਰ ਦਾ ਦੋਸ਼ ਲਾਇਆ, ਉਸ ਨੂੰ ਲੰਪਟ ਅਤੇ ਲੰਪਟਤਾ ਦਾ ਪ੍ਰਚਾਰਕ ਆਖਿਆ, ਉਸ ਨੂੰ ਭੰਡਿਆ। ਉਸ ਦਾ ਦੋਸ਼ ਇਹ ਕਹਿਣ ਵਿੱਚ ਸੀ ਕਿ 'ਪ੍ਰਸੰਨ ਜੀਵਨ ਜੀਓ; ਲੋੜ ਪੈਣ ਉੱਤੇ ਉਧਾਰ ਲੈ ਕੇ ਵੀ ਘਿਉ ਖਾਓ।' ਉਸ ਦੇ ਇਸ ਕਥਨ ਵਿੱਚ ਸਹਿਯੋਗ ਦੀ ਸੁੰਦਰਤਾ ਵੇਖਣ ਦੀ ਥਾਂ ਲੰਪਟਤਾ (ਅੱਯਾਸ਼ੀ) ਵੇਖੀ ਗਈ। ਅੱਜ ਅਸੀਂ ਬੈਂਕਿੰਗ ਨੂੰ ਅਤੇ ਵਾਪਾਰਕ ਕਰਜ਼ਿਆਂ ਨੂੰ ਲੰਪਟਤਾ ਨਹੀਂ ਕਹਿੰਦੇ, ਨਾ ਹੀ ਘਰ ਦੀ ਲੋੜ ਦੀਆਂ ਸਾਰੀਆਂ ਚੀਜ਼ਾਂ ਅੱਜ ਅਸੀਂ ਨਕਦ ਖ਼ਰੀਦਦੇ ਹਾਂ।"

ਸਨੇਹਾ, ਇਸ ਵਿਚਾਰ ਨੇ ਮੇਰੇ ਮਨ ਵਿੱਚ ਇੱਕ ਹੋਰ ਪ੍ਰਸ਼ਨ ਪੈਦਾ ਕਰ ਦਿੱਤਾ ਹੈ; ਉਹ ਇਹ ਕਿ—ਭਾਰਤੀ ਸੋਚ, ਮੁਕਤੀ, ਪਰਮਾਤਮਾ, ਪਰਮਾਰਥ ਅਤੇ ਪਰਲੋਕ ਆਦਿਕ ਤੋਂ ਵੱਖਰੀ ਕਿਸੇ ਦਿਸ਼ਾ ਵੱਲ ਕਿਉਂ ਨਹੀਂ ਵਧੀ-ਵਿਕਸੀ ? ਪਹਿਲਾਂ ਪਹਿਲ ਯੂਨਾਨੀ ਵਿਚਾਰ ਵੀ ਤਾਂ ਨੈਤਿਕਤਾ, ਧਰਮ ਅਤੇ ਦਰਸ਼ਨ ਨੂੰ ਇਕੱਠੇ ਰੱਖਦੀ ਰਹੀ ਹੈ। ਇੱਕੋ ਪਿਥਾਗੋਰਸ ਧਾਰਮਕ ਆਗੂ ਵੀ ਸੀ, ਹਿਸਾਬਦਾਨ ਵੀ ਸੀ, ਦਾਰਸ਼ਨਿਕ ਵੀ ਸੀ ਅਤੇ ਲੋਕਾਂ ਨੂੰ ਸਦਾਚਾਰ ਦੀ

ਸਿੱਖਿਆ ਵੀ ਦਿੰਦਾ ਸੀ। ਇਹੋ ਹਾਲ ਦੂਜੇ ਯੂਨਾਨੀ ਵਿਚਾਰਵਾਨਾਂ ਦਾ ਵੀ ਸੀ। ਇਹ ਸਭ ਕੁਝ ਵੱਖ ਕਿਵੇਂ ਅਤੇ ਕਦੋਂ ਹੋਇਆ ? ਸਾਡੇ ਦੇਸ਼ ਵਿੱਚ ਕਿਉਂ ਨਾ ਹੋਇਆ ?

ਤੈਨੂੰ ਇਹ ਸਭ ਕੁਝ ਦੱਸਣ-ਪੁੱਛਣ ਦਾ ਕੀ ਲਾਭ ? ਤੂੰ ਮੇਰੇ ਕਿਸੇ ਪ੍ਰਸ਼ਨ ਦਾ ਉੱਤਰ ਦੇਣ ਦਾ ਜਤਨ ਕਦੇ ਕੀਤਾ ਹੀ ਨਹੀਂ। ਖ਼ੈਰ......ਤੂੰ ਨਹੀਂ......ਔਰ ਸਹੀ।

ਪੁਸ਼ਪੇਂਦ੍ਰ।

# 41

ਈਸਟ ਹੈਮ,
13.4.97.

ਪੁਸ਼ਪੇਂਦ੍ਰ,

ਤੇਰਾ ਇਹ ਗਿਲਾ ਜਾਇਜ਼ ਹੈ ਕਿ ਮੈਂ ਤੇਰੇ ਪ੍ਰਸ਼ਨਾਂ ਵੱਲ ਧਿਆਨ ਨਾ ਦੇ ਕੇ ਆਪਣੀ ਗੱਲ ਕਰਨ ਦੇ ਆਹਰ ਵਿੱਚ ਲੱਗੀ ਰਹਿੰਦੀ ਹਾਂ। ਅੱਜ ਸਵੇਰੇ ਮੈਂ ਪਾਪਾ ਕੋਲੋਂ ਤੇਰੇ ਪ੍ਰਸ਼ਨ ਦਾ ਉੱਤਰ ਪੁੱਛ ਹੀ ਲਿਆ। ਜਾਣਦੀ ਹੈਂ ਕੀ ਉੱਤਰ ਮਿਲਿਆ ? ਉਹ ਵੀ ਪਾਪਾ ਵੱਲੋਂ ਨਹੀਂ, ਚਾਚਾ ਜੀ ਵੱਲੋਂ। ਉਨ੍ਹਾਂ ਨੇ ਆਖਿਆ, "ਸੁਮੀਤ ਵਰਗੀ ਪ੍ਰਤਿਭਾ ਦੇ ਨੇੜ ਵਿੱਚ ਰਹਿਣ ਵਾਲੇ ਨੂੰ ਆਪਣੇ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਸਮੁੰਦਰੋਂ ਪਾਰ ਆਉਣ ਦੀ ਲੋੜ ਨਹੀਂ ਪੈਣੀ ਚਾਹੀਦੀ।"

"ਵੀਰ ਜੀ, ਤੁਸੀਂ ਬੜੇ ਚੁੱਪਚਾਪ ਹੋ ਅੱਜ।"

"ਅੱਜ ਸਾਡੀ ਗੱਲ-ਬਾਤ ਇੱਕ ਮਹੱਤਵਪੂਰਣ ਟਿਕਾਣੇ ਉੱਤੇ ਜਾ ਪੁੱਜੀ ਹੈ। ਸੰਸਾਰ ਦੀ ਸੋਚ ਨੂੰ ਇੱਕ ਅਨੋਖਾ ਮੋੜ ਦਿੱਤਾ ਜਾਣ ਵਾਲਾ ਹੈ। ਇਸ ਮੋੜ ਉੱਤੇ ਪੁੱਜਣ ਤੋਂ ਪਹਿਲਾਂ ਯੂਨਾਨੀ ਸੋਚ—ਕੁਦਰਤ, ਵਿਸ਼ਵ ਅਤੇ ਸ੍ਰਿਸ਼ਟੀ ਦੀਆਂ ਗੱਲਾਂ ਕਰਦੀ ਆਈ ਹੈ। ਇਸ ਤੋਂ ਅੱਗੇ ਇਸ ਸੋਚ ਨੇ—(1) ਮਨੁੱਖ, (2) ਮਨੁੱਖੀ ਸਮਾਜ ਅਤੇ (3) ਸਮਾਜਕ ਸੰਗਠਨ ਪਿੱਛੇ ਕੰਮ ਕਰਨ ਵਾਲੀ ਸ਼ਕਤੀ ਨੂੰ ਆਪਣੇ ਵਿਸ਼ੇ ਬਣਾ ਲੈਣਾ ਹੈ। ਸੋਚ ਨੂੰ ਨਵੀਂ ਦਿਸ਼ਾ ਦੇਣ ਵਾਲੇ ਵਿਅਕਤੀ ਦਾ ਜ਼ਿਕਰ ਪਹਿਲੋਂ ਕਰੀਏ ਕਿ ਉਸ ਵਿਅਕਤੀ ਨੂੰ ਇਸ ਕੰਮ ਲਈ ਪ੍ਰੇਰਿਤ ਕਰਨ ਵਾਲੇ ਸਮਾਜਕ-ਰਾਜਨੀਤਕ ਹਾਲਾਤ ਦੀ ਗੱਲ ਪਹਿਲਾਂ ਛੇੜੀਏ—ਇਸ ਸੋਚ ਵਿੱਚ ਪਿਆ ਹਾਂ ਮੈਂ।"

"ਇਸ ਸੋਚ ਵਿੱਚੋਂ ਮੈਂ ਕੱਢ ਦਿੰਦਾ ਹਾਂ। ਤੁਸੀਂ ਪਹਿਲਾਂ ਉਨ੍ਹਾਂ ਇਤਿਹਾਸਕ ਪਰਿਸਥਿਤੀਆਂ ਦੀ ਗੱਲ ਕਰੋ, ਜਿਨ੍ਹਾਂ ਦੀ ਪ੍ਰੇਰਣਾ ਨਾਲ ਇਸ ਮੋੜ ਨੂੰ ਮੁੜਨ ਦੀ ਲੋੜ ਪੈਦਾ ਹੋਈ।"

"ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ ਕੋਲ ਕੋਈ ਨਾ ਹੋਵੇ ਤਾਂ ਕੰਧ ਨੂੰ ਪੁੱਛ ਲੈਣਾ ਚਾਹੀਦਾ ਹੈ।"

"ਅਸੀਂ ਕੰਧਾਂ ਜਿੰਨੇ ਜੜ ਨਹੀਂ ਹਾਂ, ਵੀਰ ਜੀ।"

"ਗੁੱਸੇ ਹੋ ਗਏ ਓ ? 'ਏਕ ਤਾਅਨਾ ਹੂਆ, ਮਹਾਵਰਾ ਨਾ ਹੂਆ'। ਲੱਗਦਾ ਹੈ ਮੈਂ ਜ਼ਰੂਰ ਕੁਝ ਗ਼ਲਤ ਕਹਿ ਗਿਆ ਹਾਂ; ਵਰਨਾ ਸਮਝਦਾਰ ਆਦਮੀ ਏਨੀ ਛੇਤੀ ਗ਼ੁੱਸੇ ਨਹੀਂ ਹੁੰਦੇ।"

"ਭਾਅ ਜੀ ! ਇਹ ਫ਼ੈਸਲਾ ਵੀ ਤੁਹਾਡਾ ਆਪਣਾ ਹੀ ਹੈ ਕਿ ਅਸੀਂ ਗ਼ੁੱਸਾ ਕਰ ਲਿਆ ਹੈ, ਇਸ ਲਈ ਬੇ-ਸਮਝ ਹਾਂ।"

"ਵਿਅੰਗ ਨੂੰ ਸਮਝ ਕੇ ਤੁਸਾਂ ਸਮਝਦਾਰੀ ਦਾ ਸਬੂਤ ਦਿੱਤਾ ਹੈ। ਸੁਣੋ ! ਅੱਜ ਅਸੀਂ ਸੁਕਰਾਤ ਬਾਰੇ ਗੱਲ ਕਰਨ ਵਾਲੇ ਹਾਂ। ਸੁਕਰਾਤ ਨਾਲ ਯੂਨਾਨੀ ਸੋਚ ਨਵੇਂ ਦ੍ਰਿਸ਼ਟੀਕੋਣ

ਅਪਣਾਉਂਦੀ ਹੈ। ਇਹ ਏਨੇ ਮਹੱਤਵ ਵਾਲੀ ਗੱਲ ਹੈ ਕਿ ਯੂਨਾਨੀ ਸੋਚ ਦੇ ਇਤਿਹਾਸ ਦੀ ਕਾਲ-ਵੰਡ ਕਰਨ ਵਾਲਿਆਂ ਨੇ ਸੁਕਰਾਤ ਤੋਂ ਪਹਿਲਾਂ ਹੋਏ ਵਿਚਾਰਵਾਨਾਂ ਨੂੰ 'ਪੂਰਵ ਸੁਕਰਾਤ ਵਿਚਾਰਵਾਨ' ਅਤੇ ਉਸ ਤੋਂ ਪਿੱਛੋਂ ਹੋਣ ਵਾਲਿਆਂ ਨੂੰ 'ਉੱਤਰ ਸੁਕਰਾਤ ਵਿਚਾਰਵਾਨ' ਆਖਿਆ ਹੈ।"

"ਵੀਰ ਜੀ, ਉਹ ਵੀ ਇਸ ਸੱਚ ਦੇ ਰੂ-ਬ-ਰੂ ਕਿ ਸੁਕਰਾਤ ਨੇ ਕਦੇ ਕੁਝ ਨਹੀਂ ਲਿਖਿਆ।"

"ਉਸ ਦਾ ਜੀਵਨ ਇੱਕ ਕਿਤਾਬ ਸੀ। ਕਈ ਵਿਚਾਰਵਾਨਾਂ ਨੇ ਉਸ ਦੀ ਜੀਵਨ ਰੂਪੀ ਕਿਤਾਬ ਨੂੰ ਕਲਮਬੰਦ ਕੀਤਾ ਹੈ। ਪਲੇਟੋ ਇਸ ਸੰਬੰਧ ਵਿੱਚ ਸਭ ਤੋਂ ਵੱਧ ਮਹੱਤਵਪੂਰਣ ਹੈ। ਸੁਕਰਾਤ 469 ਪੂਰਵ ਈਸਵੀ ਵਿੱਚ ਜਨਮਿਆਂ ਸੀ। ਇਉਂ ਇਹ ਪੈਰੀਕਲੀਜ਼ ਨਾਲੋਂ ਛੱਬੀ ਕੁ ਸਾਲ ਛੋਟਾ ਸੀ। ਪੈਰੀਕਲੀਜ਼ 429 ਪੂਰਵ ਈਸਵੀ ਵਿੱਚ ਮਰਿਆ ਸੀ ਅਤੇ ਸੁਕਰਾਤ ਉਸ ਤੋਂ ਤੀਹ ਸਾਲ ਪਿੱਛੋਂ 399 ਪੂਰਵ ਈਸਵੀ ਵਿੱਚ। ਇਸ ਹਿਸਾਬ.....।"

"ਭਾਅ ਜੀ, ਤੁਸੀਂ ਸੁਕਰਾਤ ਨੂੰ ਜਨਮ ਦੇਣ ਵਾਲੇ ਸਮਾਜਕ.....।"

".....ਵਾਤਾਵਰਣ ਦੀ ਗੱਲ ਕਰਨ ਲੱਗਾ ਹਾਂ : ਮੈਂ ਕਹਿ ਰਿਹਾ ਸਾਂ..... ਇਸ ਹਿਸਾਬ ਨਾਲ ਇਹ ਸਿੱਧ ਹੁੰਦਾ ਹੈ ਕਿ ਸੁਕਰਾਤ ਦਾ ਬਚਪਨ ਏਥਨਜ਼ ਜਾਂ ਪੈਰੀਕਲੀਜ਼ ਦੇ ਸਵਰਣ-ਕਾਲ ਵਿੱਚ ਗੁਜ਼ਰਿਆ ਅਤੇ ਜਵਾਨੀ ਦੀ ਉਮਰ ਵਿੱਚ ਇਸ ਨੇ ਆਪਣੇ ਦੇਸ਼ ਦੀ ਦੁਰਦਸ਼ਾ ਹੁੰਦੀ ਵੇਖੀ। ਈਰਾਨ ਦੀ ਵੱਡੀ ਤਾਕਤ ਨੂੰ ਹਰਾਉਣ ਵਾਲੇ ਏਥਨਜ਼ ਨੂੰ, ਸੁਕਰਾਤ ਨੇ, ਸਪਾਰਟਾ ਸਾਹਮਣੇ ਸਿਸਕੀਆਂ ਲੈਂਦੇ ਵੇਖਿਆ। ਸਾਹਿਤਿਕ, ਕਲਾਤਮਕ ਅਤੇ ਸਮਾਜਕ ਸੁੰਦਰਤਾ ਦੀ ਸਿਖਰ ਉੱਤੇ ਬੈਠੇ ਏਥਨਜ਼ ਨੂੰ ਹਾਰ, ਭੁੱਖ, ਮੁਥਾਜੀ ਅਤੇ ਹੀਣਤਾ ਦੇ ਭਾਰ ਨਾਲ ਕੁੱਬੇ ਲੱਕ ਤੁਰਦੇ ਵੇਖਿਆ। ਏਥਨਜ਼ ਸਪਾਰਟਾ ਦੀ ਸੈਨਿਕ ਸ਼ਕਤੀ ਸਾਹਮਣੇ ਹਾਰਿਆ ਸੀ। ਪੀਲੋਪੋਨੀਸ਼ੀਆ ਦੀ ਜੰਗ, ਜਿਹੜੀ 431 ਪੂਰਵ ਈਸਵੀ ਤੋਂ ਲੈ ਕੇ 404 ਪੂਰਵ ਈਸਵੀ ਤੱਕ (ਲੱਗਪੱਗ 27 ਸਾਲ) ਲੜੀ ਜਾਂਦੀ ਰਹੀ, ਏਥਨਜ਼ ਦੀ ਹਾਰ ਵਿੱਚ ਉਦੋਂ ਸਮਾਪਤ ਹੋਈ, ਜਦੋਂ ਈਰਾਨੀਆਂ ਨੇ ਏਥਨਜ਼ ਕੋਲੋਂ ਪੁਰਾਣਾ ਬਦਲਾ ਲੈਣ ਲਈ ਸਪਾਰਟਾ ਦਾ ਸਾਥ ਦੇਣਾ ਪਰਵਾਨ ਕਰ ਲਿਆ। ਪੈਰੀਕਲੀਜ਼ ਜੰਗ ਦੇ ਸ਼ੁਰੂ ਵਿੱਚ ਹੀ ਮਾਰਿਆ ਗਿਆ। ਉਸ ਦੀ ਮੌਤ ਤੋਂ ਪਿੱਛੋਂ ਦੇ ਪੰਝੀ ਸਾਲਾਂ ਵਿੱਚ ਉਸ ਦੀ ਉਪਜਾਈ ਹੋਈ ਸਾਰੀ ਸੁੰਦਰਤਾ ਉਨ੍ਹਾਂ ਖੰਡਰਾਂ ਦਾ ਰੂਪ ਧਾਰਨ ਕਰ ਗਈ, ਜਿਨ੍ਹਾਂ ਦੇ ਵੇਖਣ ਲਈ ਸੰਸਾਰ ਭਰ ਵਿੱਚੋਂ ਲੋਕ ਯੂਨਾਨ ਦੀ ਯਾਤਰਾ ਕਰਦੇ ਹਨ।"

ਪੁਸ਼ਪੇਂਦ੍ਰ, ਆਪਣੀ ਗੱਲ ਵਿੱਚੇ ਛੱਡ ਕੇ ਪਾਪਾ ਚੁੱਪਚਾਪ ਨੀਵੀਂ ਪਾ ਕੇ ਬੈਠ ਗਏ। ਮਿੰਟ ਭਰ ਕੋਈ ਨਾ ਬੋਲਿਆ। ਪਾਪਾ ਨੇ ਹੌਲੀ ਹੌਲੀ ਕਹਿਣਾ ਸ਼ੁਰੂ ਕੀਤਾ, "ਪਤਾ ਨਹੀਂ ਪੈਰੀਕਲੀਜ਼ ਵਰਗਾ ਦਾਨਿਸ਼ਮੰਦ ਆਪਣੇ ਗੁਆਂਢੀ ਦੇਸ਼ ਨਾਲ ਦੋਸਤੀ ਕਿਉਂ ਨਾ ਪਾ ਸਕਿਆ। ਸਪਾਰਟਾ ਦੇ ਲੋਕ ਏਥਨਜ਼ ਦੀ ਵਧਦੀ ਤਾਕਤ ਨੂੰ ਆਪਣੇ ਲਈ ਇੱਕ ਖ਼ਤਰਾ ਸਮਝਦੇ ਆਏ ਸਨ। ਇਸੇ ਬੇ-ਵਸਾਹੀ ਨੇ ਇਹ ਜੰਗ ਸ਼ੁਰੂ ਕਰਵਾਈ ਸੀ। ਸਤਾਈ ਸਾਲਾਂ ਵਿੱਚ ਵੱਡੀਆਂ ਮੁੱਠ-ਭੇੜਾਂ ਗਿਣਤੀ ਦੀਆਂ ਹੀ ਹੋਈਆਂ; ਪਰ, ਏਥਨਜ਼ ਬਿਲਕੁਲ ਤਬਾਹ ਹੋ ਗਿਆ। ਸਪਾਰਟਾ ਕੋਲ ਅਜੇਹਾ ਹੈ ਹੀ ਕੁਝ ਨਹੀਂ ਸੀ, ਜਿਸ ਦੀ ਬਰਬਾਦੀ ਦਾ ਉਸ ਨੂੰ ਫ਼ਿਕਰ ਹੁੰਦਾ। ਸਤਾਈਆਂ ਸਾਲਾਂ ਵਿੱਚ ਏਥਨਜ਼ ਐਸ਼ਵਰਜ ਦੇ ਆਕਾਸ਼ੋਂ ਡਿੱਗ ਕੇ ਗ਼ਰੀਬੀ, ਹਾਰ, ਭੁੱਖਮਰੀ ਅਤੇ ਨਮੋਸ਼ੀ ਦੀਆਂ ਨਿਵਾਣਾਂ ਦਾ ਨਿਵਾਸੀ ਹੋ ਗਿਆ। ਸਪਾਰਟਾ ਨੇ ਆਪਣੀ ਮਰਜ਼ੀ ਦੇ ਆਦਮੀਆਂ ਨੂੰ ਏਥਨਜ਼ ਦੇ ਹੁਕਮਰਾਨ ਬਣਾ ਦਿੱਤਾ। ਇਨ੍ਹਾਂ ਹੁਕਮਰਾਨਾਂ ਦੀਆਂ ਤੀਹ ਜੁੰਡਲੀਆਂ ਸਨ। ਇਨ੍ਹਾਂ ਦੇ ਰਾਜ ਨੂੰ ਇਤਿਹਾਸ ਵਿੱਚ 'ਤੀਹ ਜਾਬਰਾਂ ਦਾ ਰਾਜ' ਆਖਿਆ ਗਿਆ ਹੈ। ਇਹ ਤੀਹ ਜਾਬਰ ਰਾਜ ਸਪਾਰਟਾ ਦੀਆਂ ਕਠਪੁਤਲੀਆਂ ਸਨ। ਏਥਨਜ਼ ਦੇ ਗੁੱਟ ਦੇ ਸਾਰੇ ਨਗਰ

ਰਾਜਾਂ ਵਿੱਚ ਅਨਿਆਂ, ਸਹਿਮ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ। ਗ਼ਰੀਬੀ, ਭੁੱਖਮਰੀ ਅਤੇ ਨਿਰਾਸ਼ਾ ਆਮ ਆਦਮੀ ਦੇ ਹਿੱਸੇ ਆਈ ਸੀ; ਗੁੱਟਬੰਦੀਆਂ, ਸਾਜ਼ਿਸ਼ਾਂ ਅਤੇ ਭ੍ਰਿਸ਼ਟਾਚਾਰ ਉੱਚ ਵਰਗ ਦਾ ਵਤੀਰਾ ਸੀ। ਇਸ ਪਰਿਸਥਿਤੀ ਨੇ ਸੁਕਰਾਤ ਪੈਦਾ ਕੀਤਾ।"

"ਪਾਪਾ, ਕੁਝ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਸੁਕਰਾਤ ਉੱਤੇ ਸੋਫਿਸਟਾਂ ਦਾ ਪ੍ਰਭਾਵ ਸੀ।"

"ਸੋਫਿਸਟ ਲੋਕ ਪੈਰੀਕਲੀਜ਼ ਵੇਲੇ ਏਥਨਜ਼ ਵਿੱਚ ਆਏ ਸਨ। ਏਥਨਜ਼ ਦੀ ਅਮੀਰੀ ਨੇ ਇਨ੍ਹਾਂ ਨੂੰ ਆਕਰਸ਼ਿਤ ਕੀਤਾ ਸੀ। ਇਹ ਅਮੀਰਾਂ ਦੇ ਬੱਚਿਆਂ ਨੂੰ ਫ਼ੀਸ ਲੈ ਕੇ ਪੜ੍ਹਾਉਂਦੇ ਸਨ। ਧਨ ਇਨ੍ਹਾਂ ਦਾ ਮਨੋਰਥ ਸੀ। ਸੁਕਰਾਤ ਨਾਲ ਇਨ੍ਹਾਂ ਦੀ ਕੋਈ ਗੱਲ ਸਾਂਝੀ ਨਹੀਂ ਸੀ। ਧਨ ਉਸ ਦਾ ਮਨੋਰਥ ਨਹੀਂ ਸੀ। ਉਹ ਫ਼ਕੀਰੀ ਸੁਭਾਅ ਵਾਲਾ ਬੰਦਾ ਸੀ। ਉਸ ਨੇ ਸਾਰੀ ਉਮਰ ਨੰਗੇ ਪੈਰੀਂ ਤੁਰ ਕੇ ਗੁਜ਼ਾਰੀ। ਉਹ ਬਹੁਤਾ ਪੜ੍ਹਿਆ ਲਿਖਿਆ ਵੀ ਨਹੀਂ ਸੀ। ਹਾਂ, ਇੱਕ ਗੱਲ ਸੋਫਿਸਟਾਂ ਨਾਲ ਸਾਂਝੀ ਸੀ; ਉਹ ਇਹ ਕਿ ਉਸ ਨੇ ਆਪਣੇ ਤੋਂ ਪਹਿਲੇ ਵਿਚਾਰਵਾਨਾਂ ਵਾਂਗ—ਜੀਵਨ, ਜੀਵਨ ਦੇ ਆਰੰਭ ਅਤੇ ਵਿਕਾਸ, ਬ੍ਰਹਿਮੰਡ, ਦੇਵੀ-ਦੇਵਤੇ ਅਤੇ ਪਰਲੋਕ ਨੂੰ ਆਪਣੀ ਵਿਚਾਰ ਦਾ ਵਿਸ਼ਾ ਬਣਾਉਣ ਦੀ ਥਾਂ, ਸੋਫਿਸਟਾਂ ਵਾਂਗੂ, ਮਨੁੱਖ ਅਤੇ ਮਨੁੱਖੀ ਸਮਾਜ ਬਾਰੇ ਸੋਚਿਆ। ਮੈਂ ਇਸ ਨੂੰ ਸੋਫਿਸਟਾਂ ਦਾ ਪ੍ਰਭਾਵ ਨਹੀਂ ਮੰਨਦਾ। ਮੈਂ ਇਸ ਨੂੰ ਉਸ ਸਮਾਜਕ ਦੁਖਾਂਤ ਦਾ ਪ੍ਰਭਾਵ ਮੰਨਦਾ ਹਾਂ, ਜਿਸ ਦੇ ਸਨਮੁਖ ਸੁਕਰਾਤ ਖਲੋਤਾ ਸੀ। ਉਹ ਖਲੋਤਾ ਸੀ ਸਮਾਜਕ ਪਤਨ ਅਤੇ ਸਿਆਸੀ ਭ੍ਰਿਸ਼ਟਾਚਾਰ ਦੇ ਸਨਮੁਖ। ਸ੍ਰਿਸ਼ਟੀ-ਵਿਗਿਆਨ ਅਤੇ ਪ੍ਰਕਿਰਤੀ-ਵਿਗਿਆਨ ਉਸ ਤੋਂ ਬਹੁਤ ਦੂਰ ਹੋ ਗਏ ਸਨ। ਸਮਾਜਕ ਅਧੋਗਤੀ ਉਸ ਦਾ ਸਾਰਾ ਧਿਆਨ ਮੱਲ ਕੇ ਬੈਠ ਗਈ ਸੀ। ਨੈਤਿਕ ਪਤਨ ਨੂੰ ਸਮਾਜਕ ਅਧੋਗਤੀ ਦਾ ਮੂਲ ਕਾਰਨ ਮੰਨਦਿਆਂ ਹੋਇਆਂ ਉਸ ਨੇ ਨੈਤਿਕ ਮੁੱਲਾਂ ਅਤੇ ਸਮਾਜਕ ਮਾਨਤਾਵਾਂ ਨੂੰ ਆਪਣੀ ਸੋਚ ਦਾ ਵਿਸ਼ਾ ਬਣਾਇਆ।"

"ਪਾਪਾ, ਸੋਫਿਸਟ ਵੀ ਤਾਂ ਪਰਕਿਰਤੀ ਅਤੇ ਸ੍ਰਿਸ਼ਟੀ ਵੱਲੋਂ ਹਟ ਕੇ ਸੰਸਾਰਕ ਜੀਵਨ ਨੂੰ ਸੋਚ ਦਾ ਵਿਸ਼ਾ ਬਣਾਇਆ ਜਾਣ ਦੇ ਹੱਕ ਵਿੱਚ ਸਨ।"

"ਉਨ੍ਹਾਂ ਵਿੱਚ ਅਤੇ ਸੋਕ੍ਰੇਟੀਜ਼ (ਸੁਕਰਾਤ) ਵਿੱਚ ਬਹੁਤ ਫ਼ਰਕ ਸੀ, ਬੇਟਾ ਜੀ। ਸੋਫਿਸਟ ਵਿਅਕਤੀਵਾਦੀ ਸਨ, ਸੁਕਰਾਤ ਸਮਸ਼ਟੀਵਾਦੀ ਸੀ। ਸੋਫਿਸਟਾਂ ਦਾ ਸਮਾਂ ਏਥਨਜ਼ ਦੇ ਵਿਕਾਸ, ਫੈਲਾਓ ਅਤੇ ਐਸ਼ਵਰਜ ਦਾ ਸਮਾਂ ਸੀ। ਅਜੇਹੇ ਸਮੇਂ ਜੀਵਨ ਦੀ ਨਜ਼ਰ ਨਵੇਂ ਦਿਸ-ਹੱਦਿਆਂ ਉੱਤੇ ਟਿਕੀ ਹੋਈ ਹੁੰਦੀ ਹੈ। ਨੈਤਿਕ ਮੁੱਲਾਂ, ਸਦਾਚਾਰਕ ਮਾਨਤਾਵਾਂ ਅਤੇ ਸਮਾਜਕ ਧਾਰਨਾਵਾਂ ਦੀਆਂ ਵਲਗਣਾਂ ਕੁਝ ਕੁਝ ਭਾਰੀਆਂ ਅਤੇ ਭੀੜੀਆਂ ਲੱਗਣ ਲੱਗ ਪੈਂਦੀਆਂ ਹਨ। ਹਰ ਵਿਅਕਤੀ ਸ੍ਵੈ-ਪ੍ਰਗਟਾਵੇ ਦੇ ਲੋਰ ਵਿੱਚ ਹੁੰਦਾ ਹੈ। ਪ੍ਰਤਿਭਾਵਾਨ ਵਿਅਕਤੀ ਸਮੁੱਚੇ ਬ੍ਰਹਿਮੰਡ ਉੱਤੇ ਛਾ ਜਾਣ ਜਾਂ ਬ੍ਰਹਿਮੰਡ ਨੂੰ ਆਪਣੇ ਵਿੱਚ ਜਜ਼ਬ ਕਰ ਲੈਣ ਦੇ ਸੁਪਨੇ ਵੇਖਦੇ ਹਨ। ਨੈਤਿਕਤਾ ਵੱਲੋਂ ਥੋੜੀ ਜਿਹੀ ਬੇ-ਧਿਆਨੀ ਬਰਦਾਸ਼ਤ ਕਰ ਲਈ ਜਾਂਦੀ ਹੈ, ਉਵੇਂ ਹੀ ਜਿਵੇਂ ਵਿਆਹਾਂ ਦੇ ਸਮੇਂ ਪਰਵਾਰਕ ਅਤੇ ਸਮਾਜਕ ਮਰਿਆਦਾ ਦਾ ਮਾੜਾ ਮੋਟਾ ਉਲੰਘਣ ਬਰਦਾਸ਼ਤ ਕਰ ਲਿਆ ਜਾਂਦਾ ਹੈ। ਸੋਫਿਸਟਾਂ ਨੇ ਅਜੇਹੇ ਵਾਤਾਵਰਣ ਦੇ ਪ੍ਰਭਾਵ ਅਧੀਨ ਇਹ ਆਖਿਆ ਸੀ ਕਿ ਹਰ ਆਦਮੀ ਆਪੋ ਆਪਣੀ ਥਾਂ ਜੋ ਸੋਚਦਾ ਅਤੇ ਕਰਦਾ ਹੈ, ਉਹ ਠੀਕ ਹੈ; ਉਸ ਨੂੰ ਗ਼ਲਤ ਸਿੱਧ ਨਹੀਂ ਕੀਤਾ ਜਾ ਸਕਦਾ। ਕਿਸੇ ਆਦਰਸ਼ ਦੀ ਪ੍ਰਾਪਤੀ ਵੱਲ ਵਧਦੇ ਹੋਏ ਸਮਾਜ ਲਈ ਇਉਂ ਸੋਚਣਾ ਬਹੁਤ ਹਾਨੀਕਾਰਕ ਨਹੀਂ ਹੁੰਦਾ, ਕਿਉਂਜੁ ਉਸ ਸਮੇਂ ਸਮਾਜ ਦੇ ਬਹੁ-ਗਿਣਤੀ ਲੋਕ ਜਾਂ ਸਾਰੇ ਲੋਕ ਕਿਸੇ ਮਿਥੇ ਹੋਏ ਆਦਰਸ਼ ਵੱਲ, ਕਿਸੇ ਸੁੰਦਰਤਾ ਵੱਲ,

ਵਧ ਰਹੇ ਹੁੰਦੇ ਹਨ। ਪਰੰਤੂ ਅਧੋਗਤੀ ਵੱਲ ਵਧ ਰਹੇ ਜਾਂ ਨਿੱਘਰ ਰਹੇ ਸਮਾਜਾਂ ਲਈ ਵਿਅਕਤੀਵਾਦ ਹਾਨੀਕਾਰਕ ਹੁੰਦਾ ਹੈ। ਉਨ੍ਹਾਂ ਨੂੰ ਕਿਸੇ ਨੇਮ ਵਿੱਚ ਬੰਨ੍ਹਣ ਦੀ ਲੋੜ ਹੁੰਦੀ ਹੈ। ਸੁਕਰਾਤ ਏਥਨਜ਼ ਦੀ ਅਧੋਗਤੀ ਵੇਲੇ ਸੋਚ ਰਿਹਾ ਸੀ ਅਤੇ ਸਮਾਜਕ ਮਰਿਆਦਾ ਦੀ ਪੁਨਰ-ਸਥਾਪਨਾ ਦੀ ਗੱਲ ਕਰ ਰਿਹਾ ਸੀ।"

"ਵੀਰ ਜੀ, ਤੁਸਾਂ ਸੁਕਰਾਤ ਨੂੰ ਸਮਸ਼ਟੀਵਾਦੀ ਆਖਿਆ ਹੈ; ਸਮਾਜਵਾਦੀ ਕਿਉਂ ਨਹੀਂ ਆਖਿਆ ?"

"ਇਨ੍ਹਾਂ ਸ਼ਬਦਾਂ ਦੇ ਅਰਥਾਂ ਵਿੱਚ ਬਹੁਤਾ ਫ਼ਰਕ ਮੈਂ ਨਹੀਂ ਵੇਖਦਾ ਤਾਂ ਵੀ ਸਮਾਜਵਾਦ ਆਧੁਨਿਕ ਸਿਆਸੀ ਸਿਧਾਂਤ ਹੈ ਅਤੇ ਸੁਕਰਾਤ ਦਾ ਜ਼ੋਰ ਸਿਆਸੀ ਸਮਾਜਵਾਦ ਦੀ ਥਾਂ ਨੈਤਿਕਤਾ ਉੱਤੇ ਸੀ। ਉਸ ਦੇ ਪਰਮ ਸ਼ਾਗਿਰਦ, ਪਲੇਟੋ, ਦਾ ਜ਼ੋਰ ਸਿਆਸਤ ਉੱਤੇ ਸੀ, ਜਿਸ ਕਰਕੇ ਉਸ ਨੂੰ ਸਮਾਜਵਾਦੀ ਆਖਿਆ ਜਾਂਦਾ ਹੈ, ਆਧੁਨਿਕ ਅਰਥਾਂ ਵਿੱਚ ਵੀ।"

"ਵੀਰ ਜੀ, ਤੁਹਾਡੀ ਗੱਲ ਵੱਡੀ ਹੁੰਦੀ ਹੈ; ਮੈਂ ਖ਼ਿਮਾ ਦਾ ਜਾਚਕ ਹਾਂ; ਤੁਹਾਡੀ ਆਗਿਆ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਸਮਾਜਾਂ ਦੇ ਸਵਰਨਕਾਲ ਨੂੰ ਤੁਸਾਂ ਵਿਆਹ ਦੇ ਮੌਕੇ ਨਾਲ ਤੁਲਨਾ ਦੇ ਕੇ ਮੇਰੀ ਸੋਚ ਦੇ ਰਾਹ ਦੀਆਂ ਕਈ ਰੁਕਾਵਟਾਂ ਦੂਰ ਕਰ ਦਿੱਤੀਆਂ ਹਨ। ਵਿਆਹਾਂ ਦੇ ਮੌਕਿਆਂ ਉੱਤੇ ਨਿੱਕੀਆਂ-ਨਿੱਕੀਆਂ ਨਹੀਂ, ਸਗੋਂ ਵੱਡੀਆਂ-ਵੱਡੀਆਂ ਚੰਚਲਤਾਵਾਂ ਬਰਦਾਸ਼ਤ ਕਰ ਲਈਆਂ ਜਾਂਦੀਆਂ ਹਨ ਅਤੇ ਇਸ ਬਰਦਾਸ਼ਤੀ-ਕਰਣ ਨੂੰ ਮਜਬੂਰੀ ਦੀ ਥਾਂ ਇੱਕ ਵਡਿਆਈ ਮੰਨਿਆ ਜਾਂਦਾ ਹੈ। ਸਤਿਕਾਰਯੋਗ ਰਿਸ਼ਤੇਦਾਰਾਂ ਨੂੰ ਸਿਠਣੀਆਂ ਦੇ ਰੂਪ ਵਿੱਚ ਗਾਲ੍ਹ-ਮੰਦਾ ਵੀ ਕਰ ਲਿਆ ਜਾਂਦਾ ਹੈ। ਜੀਜੇ ਲਈ ਸਾਲੀਆਂ ਦੇ ਅਪਮਾਨਜਨਕ ਮਖ਼ੌਲ ਵੀ ਸੁਹਣੇ ਲੱਗਦੇ ਹਨ। ਇਵੇਂ ਹੀ ਸਮਾਜਕ ਅਧੋਗਤੀ ਦੇ ਸਮੇਂ ਨੂੰ ਅਸੀਂ ਪਰਿਵਾਰਕ ਸੋਗ ਦੇ ਸਮੇਂ ਨਾਲ ਤੁਲਨਾ ਦੇ ਸਕਦੇ ਹਾਂ। ਅਜੇਹੇ ਸਮੇਂ ਉੱਤੇ ਮਰਿਆਦਾ ਪ੍ਰਧਾਨ ਹੁੰਦੀ ਹੈ, ਇੱਕ ਇੱਕ ਸ਼ਬਦ ਤੋਲ ਨਾਪ ਕੇ, ਸੋਚ ਸਮਝ ਕੇ ਬੋਲਿਆ ਜਾਂਦਾ ਹੈ। ਵਿਕਾਸ ਜਾਂ ਫੈਲਾਓ ਦੇ ਸਮੇਂ ਉਪਜੇ ਹੋਏ ਕਈ ਸਿਧਾਂਤ ਨਿਰੋਲ ਸਮਾਜਕ ਚੰਚਲਤਾਵਾਂ ਹੁੰਦੇ ਹਨ। ਇਹ ਚੰਚਲਤਾਵਾਂ ਕਈ ਵੇਰ ਲੰਮਾ ਸਮਾਂ ਜੀਊਂਦੀਆਂ ਰਹਿੰਦੀਆਂ ਹਨ। ਉਹ ਕਿਵੇਂ ?"

"ਮਾਨਿਸਕ ਉਲਾਰ ਜਾਂ ਅਸੁਅਸਥ ਮਾਨਸਿਕਤਾ ਦੇ ਸਹਾਰੇ।"

"ਪਾਪਾ, ਜ਼ਰਾ ਵਿਸਥਾਰ ਨਾਲ ਦੱਸੋ।"

"ਹੈਰਾਨੀ ਦੀ ਗੱਲ ਹੈ ਕਿ ਤੁਹਾਡੇ ਵਰਗੇ ਸਿਆਣਿਆਂ ਨੂੰ ਵੀ ਵਿਸਥਾਰ ਦੀ ਲੋੜ ਹੈ। ਤੁਹਾਡੇ ਆਪਣੇ ਸਮੇਂ ਦੀ ਇੱਕ ਮਿਸਾਲ ਦਿੰਦਾ ਹਾਂ—ਇਸ ਦੇ ਸਹਾਰੇ ਮੇਰੀ ਗੱਲ ਦਾ ਵਿਸਥਾਰ ਹੋ ਜਾਵੇਗਾ। ਅਜੋਕਾ ਸਮਾਂ ਪੱਛਮੀ ਸੰਸਕ੍ਰਿਤੀ, ਸੋਚ ਅਤੇ ਸੱਭਿਅਤਾ ਦੇ ਵਿਕਾਸ, ਵਿਸਥਾਰ ਦਾ ਸਮਾਂ ਹੈ। ਪੱਛਮੀ ਲੋਕ ਹਰ ਨਵੇਂ ਵਿਚਾਰ ਨੂੰ 'ਜੀਊ ਆਇਆਂ' ਆਖਣ ਲਈ ਤਿਆਰ ਹਨ। ਥੋੜਾ ਚਿਰ ਪਹਿਲਾਂ ਜਰਮਨੀ ਵਿੱਚ ਫ਼ਰਾਇਡ ਨਾਂ ਦਾ ਇੱਕ ਮਨੋਵਿਗਿਆਨੀ ਪੈਦਾ ਹੋਇਆ। ਉਸ ਨੇ ਕਾਮ ਦੀ ਪ੍ਰਵਿਰਤੀ ਨੂੰ ਜੀਵਨ ਦੀ ਮੂਲ ਪ੍ਰੇਰਣਾ ਆਖਿਆ ਅਤੇ ਇਸ ਪ੍ਰਵਿਰਤੀ ਦੀ ਸੰਤੁਸ਼ਟੀ ਦੇ ਰਾਹ ਵਿੱਚ ਰੁਕਾਵਟਾਂ ਨੂੰ ਮਾਨਸਿਕ ਰੋਗਾਂ ਦੇ ਕਾਰਨ ਦੱਸਿਆ। ਆਪਣੀ ਖੋਜ ਦੇ ਆਧਾਰ ਉੱਤੇ ਉਸ ਨੇ 'ਕਾਮ ਦੀ ਪ੍ਰਵਿਰਤੀ ਦੀ ਸੰਤੁਸ਼ਟੀ' ਨਾਲ ਮਾਨਸਿਕ ਰੋਗੀਆਂ ਦੇ ਇਲਾਜ ਕੀਤੇ। ਆਪਣੇ ਕੋਲ ਆਉਣ ਵਾਲੇ ਮਾਨਸਿਕ ਰੋਗੀਆਂ ਦੇ ਰੋਗਾਂ ਦੇ ਵਿਸਥਾਰ ਲਿਖੇ। ਇਹ ਸਭ ਕੁਝ ਲੋਕਾਂ ਨੂੰ ਬਹੁਤ ਮਨੋਰੰਜਕ ਲੱਗਾ। ਯੌਰਪ ਦੀ ਕਲਾ ਅਤੇ ਸਾਹਿਤ ਸੰਸਾਰ ਵਿੱਚ ਫ਼ਰਾਇਡਵਾਦ ਨਾਂ ਦੀ ਇੱਕ ਪ੍ਰਥਾ ਜਾਂ ਪੂਜਾ-ਪ੍ਰਣਾਲੀ (Cult) ਚੱਲ ਪਈ। ਮਾਨਸਿਕ ਰੋਗੀਆਂ ਦੇ ਇਲਾਜ ਦੇ ਜਤਨ ਵਿੱਚੋਂ ਉਪਜਿਆ ਹੋਇਆ ਇੱਕ ਸ਼ੁਦਾਅ ਹੁਣ ਸਾਰੇ

ਸੰਸਾਰ ਦੀ ਕਲਾ ਅਤੇ ਸੰਸਾਰ ਦੇ ਸਾਹਿਤ ਨੂੰ ਰੋਗ ਬਣ ਕੇ ਚੰਬੜ ਗਿਆ ਹੈ। ਕਲਾ ਅਤੇ ਸਾਹਿਤ ਦੇ ਇਸ ਰੋਗ ਦਾ ਮਨੋਰਥ ਮਾਨਸਿਕ ਰੋਗੀਆਂ ਦਾ ਇਲਾਜ ਕਰਨਾ ਨਹੀਂ। ਹੁਣ ਇਸ ਪੂਜਾ-ਪ੍ਰਣਾਲੀ ਦਾ ਆਕਾਰ-ਪਾਸਾਰ ਕਈ ਇੱਕ ਸਮਾਜਕ ਬੁਰਾਈਆਂ ਦਾ ਕਾਰਨ ਬਣ ਰਿਹਾ ਹੈ। ਭਾਰਤੀ ਸਿਨਮਾ ਇਸ ਗੱਲ ਦੀ ਮਿਸਾਲ ਹੈ। ਹੁਣ ਇਹ ਕਿਸੇ ਸਮਾਜਕ ਲੋੜ ਦੇ ਸਹਾਰੇ ਨਹੀਂ, ਸਗੋਂ ਕੁਝ ਇੱਕ ਸਮਰੱਥ ਵਿਅਕਤੀਆਂ ਦੇ ਮਾਨਸਿਕ ਉਲਾਰ ਦੇ ਸਹਾਰੇ ਜੀ ਰਿਹਾ ਹੈ।"

"ਭਾਅ ਜੀ, ਇੱਕ ਗੱਲ ਮੈਂ ਵੀ ਪੁੱਛਣੀ ਚਾਹੁੰਦਾ ਹਾਂ। ਕੋਈ ਸਮਾਜ ਉੱਨਤੀ ਦੇ ਸਮੇਂ ਪ੍ਰਤਿਭਾਵਾਨ ਹੁੰਦਾ ਹੈ ਜਾਂ ਅਧੋਗਤੀ ਦੇ ਸਮੇਂ ? ਏਥਨਜ਼ ਵਿੱਚ ਉੱਨਤੀ ਦੇ ਸਮੇਂ ਕਵੀ, ਕਲਾਕਾਰ, ਨਾਟਕਕਾਰ ਅਤੇ ਮੂਰਤੀਕਾਰ ਹੋਏ ਹਨ ਅਤੇ ਅਧੋਗਤੀ ਦੇ ਸਮੇਂ ਸੁਕਰਾਤ, ਪਲੇਟੋ ਅਤੇ ਅਰਸਤੂ ਵਰਗੇ ਦਾਰਸ਼ਨਿਕ।"

"ਇਸ ਸੰਬੰਧ ਵਿੱਚ ਪਹਿਲਾਂ ਇਹ ਕਹਿ ਲੈਣਾ ਚਾਹੁੰਦਾ ਹਾਂ ਕਿ ਕੋਈ ਸਮਾਜ ਇਨ੍ਹਾਂ ਅਰਥਾਂ ਵਿੱਚ ਪ੍ਰਤਿਭਾਵਾਨ ਨਹੀਂ ਹੁੰਦਾ ਕਿ ਉਸ ਸਮਾਜ ਦੇ ਸਾਰੇ ਮੈਂਬਰ ਕਿਸੇ ਅਸਾਧਾਰਣ ਬੌਧਕ ਬੁਲੰਦੀ ਉੱਤੇ ਜਾ ਬਿਰਾਜੇ ਹਨ। ਪ੍ਰਤਿਭਾ ਵਿਅਕਤੀਗਤ ਹੈ, ਸਮਾਜਕ ਨਹੀਂ। ਸਮਾਜ ਵਿਅਕਤੀਆਂ ਦਾ ਸਮੂਹ ਹੈ, ਵਿਅਕਤੀ ਨਹੀਂ। ਵਿਅਕਤੀ ਕੋਲ ਸੋਚਣ, ਇੱਛਣ ਅਤੇ ਮਹਿਸੂਸਣ ਦੀ ਯੋਗਤਾ ਹੁੰਦੀ ਹੈ, ਸਮਾਜ ਕੋਲ ਨਹੀਂ। ਸਮਾਜ ਦਾ ਇੱਕ ਨਿਵੇਕਲਾ ਸੋਚਣ ਦਾ ਢੰਗ ਹੋ ਸਕਦਾ ਹੈ; ਪਰ, ਇਸ ਦਾ ਇਹ ਭਾਵ ਨਹੀਂ ਕਿ ਸਮਾਜ ਸੋਚਣ ਵਾਲੀ ਇੱਕ ਇਕਾਈ ਹੈ। ਸਮਾਜ ਦੇ ਸੋਚਣ ਢੰਗ ਦਾ ਭਾਵ ਇਹ ਹੈ ਕਿ ਉਸ ਸਮਾਜ ਦੇ ਬਹੁਤੇ ਮੈਂਬਰ ਇੱਕ ਵਿਸ਼ੇਸ਼ ਪ੍ਰਕਾਰ ਦੀ ਸੋਚ ਨੂੰ ਪਰਵਾਨ ਕਰਦੇ ਹਨ, ਠੀਕ ਸਮਝਦੇ ਹਨ ਅਤੇ ਮਾਨਤਾ ਦਿੰਦੇ ਹਨ। 'ਪੱਛਮੀ ਸਮਾਜਾਂ ਦਾ ਜਨ-ਸਾਧਾਰਣ ਵਿਗਿਆਨਕ ਸੋਚ ਵਾਲਾ ਹੈ'—ਦਾ ਭਾਵ ਹੈ ਕਿ ਇਹ ਲੋਕ ਵਿਗਿਆਨਕ ਸੋਚ ਨੂੰ ਠੀਕ ਸਮਝਦੇ ਹਨ। 'ਭਾਰਤੀ ਸਮਾਜ ਅਧਿਆਤਮਵਾਦੀ ਸੋਚ ਵਾਲਾ ਹੈ'—ਦਾ ਭਾਵ ਹੈ ਕਿ ਭਾਰਤ ਵਿੱਚ ਜਨ-ਸਾਧਾਰਣ ਆਤਮਾ ਪਰਮਾਤਮਾ ਨਾਲ ਸੰਬੰਧਤ ਸਿਧਾਂਤਾਂ ਨੂੰ ਸਤਿਕਾਰਯੋਗ ਅਤੇ ਸ੍ਰੇਸ਼ਟ ਮੰਨਦਾ ਹੈ।

"ਹੁਣ ਪ੍ਰਤਿਭਾ ਦੀ ਗੱਲ ਕਰਦਾ ਹਾਂ। ਕਲਾਧਾਰੀ ਜਾਂ ਪ੍ਰਤਿਭਾਵਾਨ ਦੀ ਉਤਪੱਤੀ ਲਈ ਕੋਈ ਨੀਅਤ ਸਮਾਂ ਨਹੀਂ। ਮੇਰਾ ਖ਼ਿਆਲ ਹੈ ਪ੍ਰਤਿਭਾ ਸਦਾ ਮੌਜੂਦ ਹੁੰਦੀ ਹੈ—ਕਦੇ ਪ੍ਰਗਟ, ਕਦੇ ਅਪ੍ਰਗਟ। ਪ੍ਰਤਿਭਾ ਸਦਾ ਕਲਿਆਣਕਾਰੀ ਵੀ ਨਹੀਂ ਹੁੰਦੀ। ਯੌਰਪ ਦੇ ਕਈ ਵਿਚਾਰਵਾਨਾਂ ਨੂੰ ਈਵਲ ਜੀਨੀਅਸ ਆਫ਼ ਯੌਰਪ (Evil Genius of Europe) ਆਖਿਆ ਜਾਂਦਾ ਹੈ। ਅਸੀਂ ਭਾਰਤਵਾਸੀ ਵੀ ਰਾਵਣ ਨੂੰ 'ਦੁਸ਼ਟ ਪ੍ਰਤਿਭਾ' ਮੰਨਦੇ ਹਾਂ। ਰਜੋ ਗੁਣ ਪ੍ਰਧਾਨ ਪ੍ਰਤਿਭਾ ਆਮ ਕਰਕੇ ਦੁਸ਼ਟ ਪ੍ਰਤਿਭਾ ਹੁੰਦੀ ਹੈ। ਸਤੋ ਗੁਣੀ ਪ੍ਰਤਿਭਾ ਦੋ ਪ੍ਰਕਾਰ ਦੀ ਹੋ ਸਕਦੀ ਹੈ—ਕਲਪਨਾ ਪ੍ਰਧਾਨ ਅਤੇ ਬੁੱਧੀ ਪ੍ਰਧਾਨ। ਕਲਪਨਾ ਪ੍ਰਧਾਨ ਪ੍ਰਤਿਭਾ ਦਾ ਪ੍ਰਗਟਾਵਾ ਵਿਗਿਆਨ ਅਤੇ ਕਲਾ ਦੇ ਖੇਤਰ ਵਿੱਚ ਹੁੰਦਾ ਹੈ। ਬੁੱਧੀ ਪ੍ਰਧਾਨ ਪ੍ਰਤਿਭਾ ਦਾਰਸ਼ਨਿਕਤਾ ਰਾਹੀਂ ਪ੍ਰਗਟ ਹੁੰਦੀ ਹੈ। ਜਦੋਂ ਕੋਈ ਸਮਾਜ ਉੱਨਤੀ ਵੱਲ ਵਧ ਰਿਹਾ ਹੁੰਦਾ ਹੈ, ਉਦੋਂ ਉਸ ਦੀ ਪ੍ਰਤਿਭਾ ਸਿਰਜਨਾਤਮਕ ਜਾਂ ਕਲਪਨਾ ਪ੍ਰਧਾਨ ਹੁੰਦੀ ਹੈ। ਕਲਪਨਾ ਅਗਵਾਈ ਕਰਦੀ ਹੈ, ਅਤੇ ਬੌਧਿਕਤਾ ਉਸ ਦੀ ਆਗਿਆ ਵਿੱਚ ਤੁਰਦੀ ਹੈ। ਪੈਰੀਕਲੀਜ਼ ਦੇ ਸਮੇਂ ਵਿੱਚ ਯੂਨਾਨੀ ਪ੍ਰਤਿਭਾ ਸਿਰਜਣਾਤਮਕ ਸੀ। ਜਦੋਂ ਕੋਈ ਸਮਾਜ ਵਿਪਤਾ ਵਿੱਚ ਹੁੰਦਾ ਹੈ ਜਾਂ ਅਧੋਗਤੀ ਵੱਲ ਜਾ ਰਿਹਾ ਹੁੰਦਾ ਹੈ, ਉਦੋਂ ਉਸ ਦੀ ਪ੍ਰਤਿਭਾ ਬੁੱਧੀ ਪ੍ਰਧਾਨ ਜਾਂ ਦਾਰਸ਼ਨਿਕ ਹੁੰਦੀ ਹੈ। ਸੁਕਰਾਤ ਬੌਧਕ ਪ੍ਰਤਿਭਾ ਸੀ। ਉਸ ਦੇ ਸ਼ਾਗਿਰਦ ਪਲੇਟੋ ਵਿੱਚ ਕਾਲਪਨਿਕ ਅਤੇ ਬੌਧਕ ਪ੍ਰਤਿਭਾ ਦਾ ਸ਼ਕਤੀਸ਼ਾਲੀ ਸੁਮੇਲ ਸੀ।"

"ਵੀਰ ਜੀ, ਤੁਹਾਡਾ ਕਿਹਾ ਹੋਇਆ ਅੰਤਲਾ ਵਾਕ ਇਹ ਸਿੱਧ ਕਰਦਾ ਹੈ ਕਿ ਪ੍ਰਤਿਭਾ ਦੇ ਸੰਬੰਧ ਵਿੱਚ ਫ਼ਿਜ਼ਿਕਸ ਦੇ ਨੇਮਾਂ ਵਰਗੇ ਕਠੋਰ ਨੇਮ ਨਹੀਂ ਹਨ। ਬੱਸ ਇਹ ਕਹਿ ਸਕਦੇ ਹਾਂ ਕਿ ਆਮ ਕਰਕੇ ਇਉਂ ਹੁੰਦਾ ਆਇਆ ਹੈ। ਹੁਣ ਜੇ ਅੱਕ-ਥੱਕ ਨਾ ਗਏ ਹੋਵੋ ਤਾਂ ਸੁਕਰਾਤ ਬਾਰੇ ਕੁਝ ਦੱਸੋ।"

"ਆਪਣੇ ਜ਼ਿੰਮੇ ਲੱਗੇ ਹੋਏ ਕੰਮ ਨੂੰ ਕਰਦਾ ਹੋਇਆ ਸੁਕਰਾਤ ਕਦੇ ਨਹੀਂ ਸੀ ਥੱਕਿਆ। ਉਸ ਦੀਆਂ ਗੱਲਾਂ ਕਰਨ ਵਾਲੇ ਕਿਉਂ ਥੱਕਣ ? ਉਸ ਬਾਰੇ ਵਾਸਤਵਿਕ ਅਤੇ ਮਨੋਕਲਪਿਤ ਬਹੁਤ ਕੁਝ ਆਖਿਆ ਅਤੇ ਲਿਖਿਆ ਗਿਆ ਹੈ। ਸੰਸਾਰ ਵਿੱਚ ਅਜੇਹਾ ਇੱਕ ਵੀ ਆਦਮੀ, ਸ਼ਾਇਦ ਨਹੀਂ ਮਿਲੇਗਾ, ਜਿਸ ਨੂੰ ਪੜ੍ਹਨ ਲਿਖਣ ਦਾ ਸ਼ੌਕ (ਜਾਂ ਮਜਬੂਰੀ) ਹੋਵੇ ਅਤੇ ਉਸ ਨੇ ਸੁਕਰਾਤ ਬਾਰੇ ਕਦੇ ਕੁਝ ਨਾ ਪੜ੍ਹਿਆ ਹੋਵੇ। ਉਸ ਦੇ ਜੀਵਨ ਨਾਲ ਏਨੀਆਂ ਕਥਾਵਾਂ ਜੋੜ ਦਿੱਤੀਆਂ ਗਈਆਂ ਹਨ ਕਿ ਸੱਚ-ਝੂਠ ਦਾ ਨਿਰਣਾ ਮੁਸ਼ਕਿਲ ਹੋ ਜਾਂਦਾ ਹੈ। ਹਾਂ, ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਉਹ 469 ਪੂਰਬ ਈਸਵੀ ਵਿੱਚ, ਇੱਕ ਸਾਧਾਰਣ ਜਿਹੇ ਪਰਿਵਾਰ ਵਿੱਚ, ਏਥਨਜ਼ ਵਿਖੇ ਜਨਮਿਆ ਸੀ ਅਤੇ ਜੀਵਨ ਪ੍ਰਯੰਤ ਏਥਨਜ਼ ਵਿੱਚ ਹੀ ਰਿਹਾ। ਗਿਆਨ ਦੀ ਪ੍ਰਾਪਤੀ ਅਤੇ ਅਨੁਭਵ ਦੀ ਅਮੀਰੀ ਲਈ ਉਸ ਨੂੰ ਏਥਨਜ਼ ਵਿੱਚੋਂ ਬਾਹਰ ਜਾਣ ਦੀ ਲੋੜ ਵੀ ਨਹੀਂ ਸੀ ਅਤੇ ਅਜੇਹਾ ਕਰ ਸਕਣ ਦੀ ਮਾਲੀ ਸਮਰੱਥਾ ਵੀ ਨਹੀਂ ਸੀ। ਉਸ ਦੇ ਬਚਪਨ ਤੋਂ ਲੈ ਕੇ ਜੁਆਨੀ ਦੇ ਸਮੇਂ ਤੱਕ ਦਾ ਏਥਨਜ਼ ਵਿੱਦਿਆ ਕਲਾ ਅਤੇ ਐਸ਼ਵਰਯ ਨਾਲ ਭਰਪੂਰ ਸੀ। ਉਸ ਦੀ ਉਮਰ ਦੇ ਅੰਤਲੇ ਤੀਹ ਬੱਤੀ ਸਾਲਾਂ ਦਾ ਏਥਨਜ਼ ਜੰਗ, ਬਰਬਾਦੀ, ਹਾਰ, ਥੁੜ, ਭੁੱਖ-ਮਰੀ ਅਤੇ ਸਿਆਸੀ ਛੜਯੰਤ੍ਰਾਂ ਦਾ ਅਖਾੜਾ ਸੀ। ਸੁਕਰਾਤ ਅਨੁਸਾਰ ਸਪਾਰਟਾ ਦੀ ਫ਼ੌਜੀ ਤਾਕਤ ਏਥਨਜ਼ ਜਾਂ ਐਟਿਕਾ ਦੀ ਬਰਬਾਦੀ ਦਾ ਮੂਲ ਕਾਰਨ ਨਹੀਂ ਸੀ। ਫ਼ੌਜੀ ਤਾਕਤ ਤਾਂ ਏਥਨਜ਼ ਕੋਲ ਵੀ ਸੀ। ਏਥਨਜ਼ ਦੀ ਹਾਰ ਅਤੇ ਬਰਬਾਦੀ ਦਾ ਮੂਲ ਕਾਰਨ ਸਿਆਸੀ ਲੀਡਰਾਂ ਦਾ ਨੈਤਿਕ ਪਤਨ ਸੀ। ਪੈਰੀਕਲੀਜ਼ ਦਾ ਸਮਾਂ ਜਿੱਥੇ ਉਸਾਰੀ ਅਤੇ ਵਿਕਾਸ ਦਾ ਸਮਾਂ ਸੀ, ਉੱਥੇ ਇਹ ਸਿਆਸੀ ਛੜਯੰਤ੍ਰਾਂ ਦਾ ਸਮਾਂ ਵੀ ਸੀ। ਉਸ ਦੇ ਵਿਰੋਧੀ ਉਸ ਨੂੰ ਨੁਕਸਾਨ ਪੁਚਾਉਣ ਲਈ ਤਰ੍ਹਾਂ ਤਰ੍ਹਾਂ ਦੀਆਂ ਵਿਉਂਤਾਂ ਬਣਾਉਣ ਲੱਗ ਪਏ ਸਨ। ਅਨੈਕਸਾਗੋਰਸ ਦੀ ਗੱਲ ਕਰਦਿਆਂ ਅਸਾਂ ਕਿਹਾ ਸੀ ਕਿ ਉਸ ਉੱਤੇ ਦੋਸ਼ ਲਾਇਆ ਗਿਆ ਸੀ ਕਿ ਇਹ ਸੂਰਜ ਨੂੰ ਗਰਮ ਚੱਟਾਨ ਅਤੇ ਚੰਨ ਨੂੰ ਧਰਤੀ ਮੰਨਦਾ ਹੈ। ਇਹ ਦੋਸ਼ ਸੁਕਰਾਤ ਉੱਤੇ ਵੀ ਲਾਏ ਗਏ ਸਨ। ਅਨੈਕਸਾਗੋਰਸ ਨੂੰ ਪੈਰੀਕਲੀਜ਼ ਨੇ ਬਚਾਅ ਲਿਆ ਸੀ, ਪਰ ਸੁਕਰਾਤ.....।"

ਪਾਪਾ ਫਿਰ ਚੁੱਪ ਕਰ ਗਏ। ਸਾਡੇ ਵਿੱਚੋਂ ਕੋਈ ਕੁਝ ਨਾ ਬੋਲਿਆ। ਪਾਪਾ ਨੇ ਕਹਿਣਾ ਸ਼ੁਰੂ ਕੀਤਾ, "ਪੱਛਮੀ ਦੁਨੀਆ ਦੇ ਬੁੱਧ, ਸੁਕਰਾਤ, ਨੇ ਏਥਨਜ਼ ਦੇ ਲੋਕਾਂ ਵਿੱਚ ਨੈਤਿਕਤਾ ਲਈ ਪਿਆਰ ਸਤਿਕਾਰ ਪੈਦਾ ਕਰਨ ਦਾ ਬੀੜਾ ਚੁੱਕ ਲਿਆ। ਉਹ ਗ਼ਰੀਬ ਸੀ, ਕੋਈ ਸਕੂਲ ਨਹੀਂ ਸੀ ਖੋਲ੍ਹ ਸਕਦਾ। ਰਾਹ ਗਲੀ ਤੁਰੇ ਜਾਂਦੇ ਲੋਕਾਂ ਨੂੰ ਰੋਕ ਲੈਂਦਾ ਸੀ ਅਤੇ ਭੋਲੇ ਭਾਅ ਨਿਆਂ, ਮਿੱਤਰਤਾ, ਦਲੇਰੀ, ਦਨਾਈ, ਸੰਜਮ ਅਤੇ ਪਿਆਰ ਵਰਗੇ ਵਿਸ਼ਿਆਂ ਬਾਰੇ ਸਵਾਲ ਪੁੱਛਣੇ ਸ਼ੁਰੂ ਕਰ ਦਿੰਦਾ ਸੀ। ਉਸ ਦੀਆਂ ਗੱਲਾਂ ਵਿੱਚ ਏਨੀ ਦਾਨਾਈ ਅਤੇ ਖ਼ੂਬਸੂਰਤੀ ਸੀ ਕਿ ਛੇਤੀ ਹੀ ਗਿਆਨ ਅਭਿਲਾਸ਼ੀ ਉਸ ਕੋਲ ਇਕੱਠੇ ਹੋਣੇ ਸ਼ੁਰੂ ਹੋ ਗਏ। ਕਦੇ ਇਸ ਚੌਂਕ ਵਿੱਚ, ਕਦੇ ਉਸ ਖੰਡਰ ਉੱਤੇ, ਕਦੇ ਇਸ ਪਾਰਕ ਵਿੱਚ ਅਤੇ ਕਦੇ ਉਸ ਰੁੱਖ ਹੇਠ, ਸੁਕਰਾਤ ਦੇ ਸ਼ਾਗਿਰਦਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ। ਜਗਤ ਪ੍ਰਸਿੱਧ ਦਾਰਸ਼ਨਿਕ ਇਫ਼ਲਾਤੂਨ ਵੀ ਉਸ ਦੇ ਸ਼ਾਗਿਰਦਾਂ ਵਿੱਚ ਸੀ ਅਤੇ ਉਹ ਵੀ ਸਨ, ਜਿਨ੍ਹਾਂ ਨੇ ਉਸ ਉੱਤੇ ਮੁਕੱਦਮਾ ਚਲਾ ਕੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ।"

"ਪਾਪਾ, ਤੁਸਾਂ ਸੁਕਰਾਤ ਨੂੰ ਪੱਛਮ ਦਾ ਬੁੱਧ ਆਖਿਆ ਹੈ; ਇਸ ਕਥਨ ਦੀ ਕੋਈ ਨਿਆਂਪੂਰਣਤਾ ਵੀ ਹੋਵੇਗੀ।"

"ਬਹੁਤ ਸਮਾਨਤਾ ਹੈ ਦੋਹਾਂ ਵਿੱਚ। ਦੋਹਾਂ ਨੇ ਕੁਝ ਨਹੀਂ ਲਿਖਿਆ; ਦੋਵੇਂ ਲੋਕਾਂ ਨੂੰ ਆਪਣੇ ਲਈ ਆਪ ਸੋਚਣ ਦੀ ਪ੍ਰੇਰਣਾ ਦਿੰਦੇ ਸਨ; ਦੋਵੇਂ ਧਰਤੀ ਉਤਲੇ ਜੀਵਨ ਨੂੰ ਮਹੱਤਵਪੂਰਣ ਮੰਨਦੇ ਸਨ ਅਤੇ ਇਸ ਨੂੰ ਖ਼ੁਸ਼ਹਾਲ, ਖ਼ੁਸ਼ ਅਤੇ ਖ਼ੂਬਸੂਰਤ ਵੇਖਣਾ ਚਾਹੁੰਦੇ ਸਨ; ਦੋਵੇਂ ਸਦਾਚਾਰ ਅਤੇ ਨੈਤਿਕਤਾ ਨੂੰ ਜੀਵਨ ਦੀ ਖ਼ੁਸ਼ੀ ਅਤੇ ਖ਼ੂਬਸੂਰਤੀ ਦਾ ਆਧਾਰ ਮੰਨਦੇ ਸਨ; ਦੋਵੇਂ ਸਿਆਸਤ ਤੋਂ ਪਰੇ ਸਨ, ਦੋਵੇਂ ਮਨੁੱਖ ਦੇ ਆਪਣੇ ਜਤਨ ਨੂੰ ਦੈਵੀ ਮਿਹਰ ਜਾਂ ਸਹਾਇਤਾ ਨਾਲੋਂ ਸ੍ਰੇਸ਼ਟ ਮੰਨਦੇ ਸਨ, ਆਪੋ ਆਪਣੇ ਸਮੇਂ ਅਤੇ ਸਮਾਜ ਲਈ ਹੁੰਦਿਆਂ ਹੋਇਆਂ ਦੋਹਾਂ ਦਾ ਸੁਨੇਹਾ ਸਰਵ-ਸਾਂਝਾ ਹੈ। ਬੁੱਧ ਤੋਂ ਪਿੱਛੋਂ ਭਾਰਤ ਵਿੱਚ ਵੈਦਿਕ ਕਰਮ-ਕਾਂਡ ਅਤੇ ਉਪਨਿਸ਼ਦਾਂ ਦੇ ਰਹੱਸਵਾਦ ਨੂੰ ਬੁੱਧੀ-ਮੰਡਲ ਵਿੱਚ ਉਤਾਰ ਕੇ ਛੇ ਦਰਸ਼ਨਾਂ ਦੀ ਰਚਨਾ ਕੀਤੀ ਗਈ ਅਤੇ ਸੁਕਰਾਤ ਤੋਂ ਪਿੱਛੋਂ ਯੂਨਾਨੀ ਵਿਚਾਰ ਨੇ ਸ੍ਰਿਸ਼ਟੀ ਰਚਨਾ ਦੇ ਰਹੱਸ ਅਤੇ ਚੰਨਾਂ ਤਾਰਿਆਂ ਦੀ ਚਰਚਾ ਵਿੱਚੋਂ ਨਿਕਲ ਕੇ ਸੰਸਾਰਕ ਜੀਵਨ ਦੇ ਸਿਆਸੀ ਅਤੇ ਸਮਾਜੀ ਪੱਖ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਬੁੱਧ ਨੇ ਸੁਖਾਂ ਦਾ ਤਿਆਗ ਕਰ ਕੇ ਜੀਵਨ ਦੇ ਕਲਿਆਣ ਹਿੱਤ ਕੰਮ ਕਰਨਾ ਸ਼ੁਰੂ ਕੀਤਾ ਸੀ। ਸੁਕਰਾਤ ਕੋਲ ਤਿਆਗਣ ਲਈ ਸੁਖ ਭਾਵੇਂ ਨਹੀਂ ਸਨ, ਤਾਂ ਵੀ ਉਸ ਨੇ ਸੁਖਾਂ ਦੀ ਲਾਲਸਾ ਕਦੇ ਨਹੀਂ ਸੀ ਕੀਤੀ। ਜੇ ਉਸ ਕੋਲ ਸੁਖ ਹੁੰਦੇ ਤਾਂ ਉਹ ਵੀ ਬੁੱਧ ਵਾਂਗ ਉਨ੍ਹਾਂ ਦਾ ਤਿਆਗ ਕਰ ਦਿੰਦਾ।"

"ਵੀਰ ਜੀ, ਬੁੱਧ ਅਤੇ ਸੁਕਰਾਤ ਦਾ ਵੱਡਾ ਅੰਤਰ ਇਹ ਹੈ ਕਿ ਇੱਕ ਨੂੰ ਜੀਊਂਦੇ ਜੀ ਆਖਰਾਂ ਦਾ ਆਦਰ ਮਾਣ ਮਿਲਿਆ ਅਤੇ ਦੂਜੇ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ; ਇਹ ਕਿਉਂ ?"

"ਕਾਰਨ ਕਈ ਹੋ ਸਕਦੇ ਹਨ; ਜਿਵੇਂ : ਬੁੱਧ ਰਾਜ ਘਰਾਣੇ ਵਿੱਚੋਂ ਸੀ, ਜਦ ਕਿ ਸੁਕਰਾਤ ਜਨ-ਸਾਧਾਰਣ ਵਿੱਚੋਂ ਸੀ, ਬੁੱਧ ਦੀ ਟੱਕਰ ਸਿਆਸੀ ਸੱਤਾਧਾਰੀਆਂ ਨਾਲ ਨਹੀਂ ਸੀ, ਸਗੋਂ ਪ੍ਰੋਹਿਤਾਂ ਅਤੇ ਪੁਜਾਰੀਆਂ ਨਾਲ ਸੀ, ਜਦ ਕਿ ਸੁਕਰਾਤ ਸਿਆਸਤਦਾਨਾਂ ਦੇ ਵਿਰੋਧ ਵਿੱਚ ਖੜੋਤਾ ਸੀ। ਆਪਣੇ ਸਮੇਂ ਦੇ ਸਮਾਜਕ-ਧਾਰਮਕ ਜੀਵਨ ਵਿੱਚ ਸੁਧਾਰ ਚਾਹੁਣ ਅਤੇ ਸੁਧਾਰ ਕਰਨ ਵਿੱਚ ਬੁੱਧ ਇਕੱਲਾ ਨਹੀਂ ਸੀ। ਉਸ ਦੇ ਸਮੇਂ ਜੈਨ ਮੱਤ ਦਾ ਨੇਤਾ ਮਹਾਂਵੀਰ ਵੀ ਉਸ ਦੇ ਵਿਚਾਰਾਂ ਦਾ ਸਮਰਥਨ ਕਰ ਰਿਹਾ ਸੀ ਅਤੇ ਉਸ ਤੋਂ ਪਹਿਲਾਂ ਚਾਰਵਾਕੀਆਂ ਨੇ ਇਸ ਦਿਸ਼ਾ ਵਿੱਚ ਸੰਕੇਤ ਕਰਨੇ ਆਰੰਭ ਕਰ ਦਿੱਤੇ ਸਨ। ਸੁਕਰਾਤ ਆਪਣੇ ਕੰਮ ਵਿੱਚ ਇਕੱਲਾ ਸੀ। ਸੁਕਰਾਤ ਦੇ ਸਮੇਂ ਦਾ ਯੂਨਾਨ ਸਮਾਜਕ-ਆਰਥਕ ਅਤੇ ਰਾਜਨੀਤਕ ਸੰਕਟ ਵਿੱਚੋਂ ਲੰਘ ਰਿਹਾ ਸੀ। ਅਜੇਹੇ ਸਮਿਆਂ ਉੱਤੇ ਗ਼ਲਤ ਫ਼ੈਸਲਿਆਂ ਦੀਆਂ ਸੰਭਾਵਨਾਵਾਂ ਜ਼ਿਆਦਾ ਹੁੰਦੀਆਂ ਹਨ। ਬੁੱਧ ਦੇ ਸਮੇਂ ਦਾ ਭਾਰਤ ਕਿਸੇ ਰਾਜਸੀ ਜਾਂ ਸੈਨਿਕ ਸੰਕਟ ਦਾ ਸ਼ਿਕਾਰ ਨਹੀਂ ਸੀ। ਸਭ ਤੋਂ ਵੱਡਾ ਕਾਰਨ ਸੀ, ਕਰੁਣਾ ਨਿਧਾਨ ਬੁੱਧ ਦਾ ਹਰ ਇੱਕ ਜੀਵਧਾਰੀ ਪ੍ਰਤੀ ਅਥਾਹ ਪਿਆਰ। ਬੁੱਧ ਪਿਆਰ ਦਾ ਠਾਠਾਂ ਮਾਰਦਾ ਸਾਗਰ ਸੀ, ਜਦ ਕਿ ਸੁਕਰਾਤ ਆਪਣੇ ਵਿਰੋਧੀਆਂ ਪ੍ਰਤਿ ਤੁਰਸ਼ ਕਲਾਮੀ ਕਰਨ ਵਿੱਚ ਬੁਰਾਈ ਨਹੀਂ ਸੀ ਮੰਨਦਾ। ਮੁਕੱਦਮੇ ਦੇ ਅੰਤ ਵਿੱਚ ਉਸ ਨੂੰ ਮੁਆਫ਼ ਕਰਨ ਦਾ ਜਤਨ ਵੀ ਕੀਤਾ ਗਿਆ ਸੀ; ਪਰ, ਉਸ ਨੇ ਆਪਣੇ ਬਿਆਨ ਵਿੱਚ ਜੋ ਕੁਝ ਆਖਿਆ, ਉਸ ਨਾਲ ਉਸ ਦੇ ਕਈ ਹਮਦਰਦ ਵੀ ਨਾਰਾਜ਼ ਹੋ ਗਏ ਅਤੇ ਉਨ੍ਹਾਂ ਨੇ ਉਸ ਦੇ ਖ਼ਿਲਾਫ਼ ਵੋਟ ਪਾਈ। ਉਸ ਦੀ ਆਖ਼ਰੀ ਤਕਰੀਰ ਨੂੰ ਪਲੇਟੋ ਨੇ ਅਪਾਲੋਜੀ (Apology—ਸਫ਼ਾਈ) ਦੇ ਸਿਰਲੇਖ ਹੇਠ ਲਿਖਿਆ ਹੈ। ਅਗਲੀ ਮੀਟਿੰਗ ਵਿੱਚ ਇਸੇ ਉੱਤੇ ਵਿਚਾਰ ਕਰਾਂਗੇ।"

"ਇੱਕ ਗੱਲ ਹੁਣੇ ਹੀ ਕਰਦੇ ਜਾਉ, ਪਾਪਾ।"

"ਉਹ ਕਿਹੜੀ, ਮੇਰੇ ਬੱਚੇ ?"

"ਤੁਸਾਂ ਸੁਕਰਾਤ ਅਤੇ ਬੁੱਧ ਦੋਹਾਂ ਨੂੰ ਰਾਜਨੀਤੀ ਤੋਂ ਪਰੇ ਆਖਿਆ ਹੈ; ਇਸ ਦੇ ਨਾਲ ਨਾਲ ਇਹ ਵੀ ਕਿ ਸੁਕਰਾਤ ਦਾ ਸਿਆਸੀ ਸੱਤਾਧਾਰੀਆਂ ਨਾਲ ਸਿੱਧਾ ਵਿਰੋਧ ਸੀ; ਇਹ ਕਿਵੇਂ ?"

"ਇਸ ਲਈ ਕਿ ਸੁਕਰਾਤ ਅਨੁਸਾਰ ਏਥਨਜ਼ ਦੀ ਮੰਦਹਾਲੀ ਦਾ ਕਾਰਨ ਨੈਤਿਕ ਪਤਨ ਸੀ। ਸਪਾਰਟਾ ਦੇ ਥਾਪੇ ਹੋਏ ਰਾਜ ਅਧਿਕਾਰੀ ਜੇਤੂ ਦੁਸ਼ਮਣ ਦੇ ਹੱਥ ਦੀਆਂ ਕਠਪੁਤਲੀਆਂ ਸਨ। ਨੈਤਿਕਤਾ ਦੇ ਸੰਬੰਧ ਵਿੱਚ ਸੁਕਰਾਤ ਦੁਆਰਾ ਆਖੀ ਹੋਈ ਹਰ ਗੱਲ ਉਨ੍ਹਾਂ ਰਾਜ ਅਧਿਕਾਰੀਆਂ ਨੂੰ ਆਪਣੇ ਬਾਰੇ ਵਿੱਚ ਆਖੀ ਗਈ ਪਰਤੀਤ ਹੁੰਦੀ ਸੀ। ਨੈਤਿਕਤਾ ਦੇ ਸੰਬੰਧ ਵਿੱਚ ਹੋਣ ਵਾਲੀਆਂ ਸਾਰੀਆਂ ਗੱਲਾਂ ਨੂੰ ਉਹ ਆਪਣੇ ਉੱਤੇ ਲਾਏ ਗਏ ਦੋਸ਼ਾਂ ਦੇ ਰੂਪ ਵਿੱਚ ਦੇਖਦੇ ਸਨ।"

ਪੁਸ਼ਪੇਂਦ੍ਰ, ਇਹ ਲਿਖਣਾ ਸ਼ਾਇਦ ਮੈਂ ਭੁੱਲ ਗਈ ਸਾਂ ਕਿ ਨੀਰਜ ਅਤੇ ਕਮਲ ਬ੍ਰਿਸਟਲ ਜਾ ਵੱਸੇ ਹਨ ਅਤੇ ਦੇਵ ਵੀਰ ਜੀ ਆਸਟ੍ਰੇਲੀਆ ਦੇ ਸਰਕਾਰੀ ਸੱਦੇ ਉੱਤੇ ਸਿਡਨੀ ਗਏ ਹੋਏ ਹਨ। ਅੱਜ-ਕੱਲ੍ਹ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਜਾਣਾ ਪੈ ਰਿਹਾ ਹੈ। ਜੇ ਵਾਪਸ ਆਉਂਦੇ ਵੀ ਹਨ ਤਾਂ ਹਫ਼ਤਾ ਦਸ ਦਿਨ ਤੋਂ ਵੱਧ ਏਥੇ ਰੁਕਣਾ ਨਹੀਂ ਮਿਲਦਾ।

ਸਨੇਹਾ।

# 42

ਈਸਟ ਹੈਮ,
25.5.97.

ਪ੍ਰਸ਼ਪੇਂਦ੍ਰ,

ਅੱਜ ਸਵੇਰੇ ਘਰ ਆਉਂਦਿਆਂ ਹੀ ਪਾਪਾ ਦੇ ਮਿੱਤਰ ਨੇ ਆਖਿਆ, "ਵੀਰ ਜੀ, ਮੈਂ ਚਾਹੁੰਦਾ ਹਾਂ ਕਿ ਬਿਨਾਂ ਏਧਰ ਓਧਰ ਦੀਆਂ ਗੱਲਾਂ ਕੀਤੇ, ਅੱਜ ਸੁਕਰਾਤ ਦੇ ਜੀਵਨ, ਮੁਕੱਦਮੇ, ਮੌਤ ਅਤੇ ਵਿਚਾਰਾਂ ਸੰਬੰਧੀ ਵਿਸਥਾਰ ਨਾਲ ਗੱਲ ਕੀਤੀ ਜਾਵੇ।"

"ਬਹੁਤ ਨੇਕ ਖ਼ਿਆਲ ਹੈ, ਪਰ ਏਧਰ ਓਧਰ ਦੀਆਂ ਗੱਲਾਂ ਤਾਂ ਅਸੀਂ ਕਦੇ ਵੀ ਨਹੀਂ ਕਰਦੇ। ਜਿਹੜੀਆਂ ਗੱਲਾਂ ਸਾਡੇ ਲਈ ਬਹੁਤ ਜ਼ਰੂਰੀ ਹੁੰਦੀਆਂ ਹਨ, ਉਹੋ ਗੱਲਾਂ, ਹੋ ਸਕਦਾ ਹੈ, ਕਿਸੇ ਦੂਜੇ ਲਈ ਏਧਰ ਓਧਰ ਦੀਆਂ ਗੱਲਾਂ ਹੋਣ। ਸਾਰੇ ਲੋਕ ਸਾਡੇ ਹਮ-ਖ਼ਿਆਲ ਨਹੀਂ ਹਨ। ਜਿਨ੍ਹਾਂ ਗੱਲਾਂ ਨੂੰ ਤੁਸੀਂ...।"

"ਵੀਰ ਜੀ, ਨਾ ਚਾਹੁਣ ਉੱਤੇ ਵੀ ਏਧਰ ਓਧਰ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਹਨ।"

"ਬਿਲਕੁਲ ਨਹੀਂ, ਮੈਂ ਇਹ ਗ਼ਲਤੀ ਨਹੀਂ ਕਰਾਂਗਾ। ਇਸ ਦਾ ਨਤੀਜਾ ਭਿਆਨਕ ਹੋ ਸਕਦਾ ਹੈ। ਸੁਕਰਾਤ ਉੱਤੇ ਲਾਏ ਗਏ ਇਲਜ਼ਾਮਾਂ ਵਿੱਚ ਇੱਕ ਇਹ ਵੀ ਸੀ ਕਿ 'ਇਹ ਏਧਰ ਓਧਰ ਦੀਆਂ ਗੱਲਾਂ ਕਰ ਕੇ ਭੋਲੇ ਭਾਲੇ ਲੋਕਾਂ ਨੂੰ ਕੁਰਾਹੇ ਪਾਉਂਦਾ ਹੈ।' ਇਲਜ਼ਾਮ ਲਾਉਣ ਵਾਲਿਆਂ ਵਿੱਚ ਉਸ ਦੇ ਦੋਸਤ ਅਤੇ ਸ਼ਾਗਿਰਦ ਵੀ ਸ਼ਾਮਲ ਸਨ। ਕ੍ਰਿਟੀਆ ਉਸ ਹਾਕਮ ਸਭਾ ਜਾਂ ਟੋਲੀ ਦਾ ਸਰਦਾਰ ਸੀ ਜਿਸ ਨੂੰ (ਤੀਹ ਮੈਂਬਰੀ ਹੋਣ ਕਰਕੇ) ਇਤਿਹਾਸ ਵਿੱਚ, ਤੀਹ ਜਾਬਰਾਂ ਦੀ ਸਭਾ ਆਖਿਆ ਗਿਆ ਹੈ। ਤੀਹ ਜਾਬਰਾਂ (Thirty Tyrants) ਦੀ ਉਸ ਸਰਕਾਰ ਦੀ ਸਰਪ੍ਰਸਤੀ ਸਪਾਰਟਾ ਕਰ ਰਿਹਾ ਸੀ। ਕ੍ਰਿਟੀਆ, ਸੁਕਰਾਤ ਦਾ ਸ਼ਾਗਿਰਦ ਰਹਿ ਚੁੱਕਾ ਸੀ। ਤੁਹਾਨੂੰ ਯਾਦ ਹੋਵੇਗਾ ਕਿ ਏਥਨਜ਼ ਸਪਾਰਟਾ ਕੋਲੋਂ ਹਾਰ ਚੁੱਕਾ ਸੀ।"

"ਵੀਰ ਜੀ, ਨਿਰਾ ਹਾਰ ਹੀ ਨਹੀਂ, ਬਰਬਾਦ ਹੋ ਚੁੱਕਾ ਸੀ।"

"ਤੁਹਾਨੂੰ ਇਹ ਵੀ ਪਤਾ ਹੈ ਕਿ ਬੁੱਧ ਵਾਂਗ ਸੁਕਰਾਤ ਨੇ ਵੀ ਆਪਣੀ ਕਿਸੇ ਗੱਲ ਨੂੰ ਕਲਮਬੰਦ ਨਹੀਂ ਕੀਤਾ। ਉਸ ਬਾਰੇ ਲਿਖਣ ਵਾਲਿਆਂ ਵਿੱਚ ਤਿੰਨ ਨਾਂ ਪ੍ਰਸਿੱਧ ਹਨ। ਅਰਿਸਟੋਫੇਨੀਜ਼ ਨਾਂ ਦੇ ਇੱਕ ਕਵੀ ਜਾਂ ਨਾਟਕਕਾਰ ਨੇ ਆਪਣੇ ਇੱਕ ਨਾਟਕ 'ਬੱਦਲ' (Clouds) ਵਿੱਚ ਸੁਕਰਾਤ ਉੱਤੇ ਵਿਅੰਗ ਕੀਤਾ ਹੈ—ਜ਼ੀਨੋਫੋਨ...।"

"ਭਾਅ ਜੀ, ਇਸ ਅਰਿਸਟੋਫੇਨੀਜ਼ ਬਾਰੇ ਥੋੜ੍ਹਾ ਜਿਹਾ ਦੱਸਦੇ ਜਾਓ, ਜਿਸ ਨੇ ਸੁਕਰਾਤ ਵਰਗੇ ਆਦਮੀ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਣ ਦੀ ਦਲੇਰੀ ਕੀਤੀ ਹੈ।"

"ਤੁਸੀਂ ਆਪ ਹੀ ਏਧਰ ਓਧਰ ਦੀਆਂ ਗੱਲਾਂ ਲਈ ਮਜਬੂਰ ਕਰ ਰਹੇ ਹੋ। ਅਰਿਸਟੋਫੇਨੀਜ਼ ਪੁਰਾਤਨ ਯੂਨਾਨ ਦਾ ਸਭ ਤੋਂ ਮਹਾਨ ਸੁਖਾਂਤ ਡ੍ਰਾਮਾਕਾਰ ਹੋਇਆ ਹੈ। ਇਸ ਦੇ ਲਿਖੇ ਪੰਜਾਹ

ਡਰਾਮਿਆਂ ਵਿੱਚੋਂ ਕੇਵਲ ਗਿਆਰਾਂ ਸਾਂਭੇ ਜਾ ਸਕੇ ਹਨ। ਇਸ ਨੇ ਕਾਨੂੰਨ, ਜੰਗ ਅਤੇ ਵਿੱਦਿਆ ਵਰਗੇ ਜ਼ਰੂਰੀ ਵਿਸ਼ਿਆਂ ਨੂੰ ਆਪਣੇ ਨਾਟਕਾਂ ਦਾ ਆਧਾਰ ਬਣਾਇਆ ਹੈ। 'ਬੱਦਲ' ਨਾਂ ਦਾ ਨਾਟਕ ਵਿੱਦਿਆ ਨਾਲ ਸੰਬੰਧਤ ਹੈ। ਪਲੇਟੋ ਨੇ ਆਪਣੀਆਂ ਲਿਖਤਾਂ ਵਿੱਚ ਅਰਿਸਟੋਫੇਨੀਜ਼ ਦਾ ਜ਼ਿਕਰ ਕੀਤਾ ਹੈ। ਹੁਣ ਸੁਕਰਾਤ ਦੀ ਗੱਲ ਕਰਦੇ ਹਾਂ। ਜ਼ੀਨੋਫੋਨ ਅਤੇ ਪਲੇਟੋ ਦੋ ਹੋਰ ਲੇਖਕ ਹਨ ਜਿਨ੍ਹਾਂ ਨੇ ਸੁਕਰਾਤ ਬਾਰੇ ਲਿਖਿਆ ਹੈ। ਦੋਵੇਂ ਸੁਕਰਾਤ ਦੇ ਸ਼ਾਗਿਰਦ ਸਨ। ਜ਼ੀਨੋਫੋਨ ਇੱਕ ਸੈਨਿਕ ਸੀ ਅਤੇ ਬਹੁਤਾ ਸਿਆਣਾ ਲੇਖਕ ਨਹੀਂ ਸੀ। ਪਲੇਟੋ ਨੇ ਅਪਾਲੋਜੀ, ਫੀਡੋ ਅਤੇ ਕ੍ਰਿਟੋ ਨਾਂ ਦੇ ਤਿੰਨ ਵਾਰਤਾਲਾਪਾਂ ਵਿੱਚ ਸੁਕਰਾਤ ਦੇ ਆਚਰਣ ਅਤੇ ਮੌਤ ਦਾ ਵਿਸਥਾਰ-ਪੂਰਬਕ ਵਰਣਨ ਕੀਤਾ ਹੈ।"

"ਵੀਰ ਜੀ, ਮੈਂ ਤਾਂ ਸੁਣਿਆ ਹੈ ਕਿ ਪਲੇਟੋ ਦੇ ਹਰ ਡਾਇਲਾਗ ਵਿੱਚ ਸੁਕਰਾਤ ਮੁੱਖ ਪਾਤ੍ਰ ਦੇ ਰੂਪ ਵਿੱਚ ਹਾਜ਼ਰ ਹੁੰਦਾ ਹੈ।"

"ਤੁਸਾਂ ਠੀਕ ਸੁਣਿਆ ਹੈ; ਪਰ ਹਰ ਸੁਣੀ ਸੁਣਾਈ ਗੱਲ ਠੀਕ ਨਹੀਂ ਹੁੰਦੀ; ਇਸ ਲਈ ਇਤਬਾਰ ਕਰਨ ਤੋਂ ਪਹਿਲਾਂ ਸੋਚਣਾ ਜ਼ਰੂਰੀ ਹੈ।"

"ਇਸ ਦਾ ਮਤਲਬ ਤੁਹਾਡੇ ਉੱਤੇ ਵੀ ਸ਼ੱਕ ਕਰਿਆ ਕਰੀਏ ?"

"ਮੈਂ ਸੋਚਣ ਲਈ ਆਖਿਆ ਹੈ, ਸ਼ੱਕ ਕਰਨ ਲਈ ਨਹੀਂ। ਪਲੇਟੋ ਨੇ ਆਪਣੇ ਡਾਇਲਾਗਜ਼ ਵਿੱਚ ਸੁਕਰਾਤ ਰਾਹੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ, ਠੀਕ ਉਵੇਂ ਹੀ ਜਿਵੇਂ ਵੇਦ ਵਿਆਸ ਨੇ ਮਹਾਂਭਾਰਤ ਵਿੱਚ ਆਪਣੇ ਵਿਚਾਰ ਭਗਵਾਨ ਕ੍ਰਿਸ਼ਨ ਦੇ ਮੂੰਹੋਂ ਬੁਲਵਾਏ ਹਨ। ਸੁਕਰਾਤ ਸੰਬੰਧੀ ਲਿਖੇ ਗਏ ਵਾਰਤਾਲਾਪ ਵਿੱਚ ਅਪਾਲੋਜੀ (ਸਫ਼ਾਈ) ਸਭ ਤੋਂ ਵੱਧ ਮਹੱਤਵਪੂਰਣ ਹੈ। ਇਸ ਡਾਇਲਾਗ ਨੂੰ ਧਿਆਨ ਨਾਲ ਪੜ੍ਹਿਆਂ ਸੁਕਰਾਤ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ।"

"ਵੀਰ ਜੀ, ਅਪਾਲੋਜੀ ਤਾਂ ਉਹ ਬਿਆਨ ਹੈ ਜੋ ਸੁਕਰਾਤ ਨੇ ਆਪਣੀ ਸਫ਼ਾਈ ਵਜੋਂ ਅਦਾਲਤ ਵਿੱਚ ਦਿੱਤਾ ਸੀ। ਇਸ ਤੋਂ ਉਸ ਦੇ ਜੀਵਨ, ਆਚਰਣ ਅਤੇ ਦਰਸ਼ਨ ਬਾਰੇ ਕਿਵੇਂ ਜਾਣਿਆ ਜਾ ਸਕਦਾ ਹੈ ?"

"ਇਸ ਲਈ ਕਿ ਇਸ ਦਾ ਲੇਖਕ ਦੁਨੀਆ ਦਾ ਸਿਰ-ਕੱਢ ਦਾਰਸ਼ਨਿਕ ਸੀ। ਅਪਾਲੋਜੀ ਪਲੇਟੋ ਦੀ ਸ਼ੈਲੀ ਦਾ ਸਿਖਰ ਹੈ। ਸੁਕਰਾਤ ਦੇ ਖ਼ਿਲਾਫ ਮੁਕੱਦਮਾ ਕਰਨ ਵਾਲੇ ਤਿੰਨ ਆਦਮੀ ਸਨ। ਮੈਲੀਟੱਸ ਇੱਕ ਕਵੀ ਸੀ, ਐਨੀਟੱਸ ਇੱਕ ਸਿਆਸਤਦਾਨ ਸੀ, ਅਤੇ ਲਾਈਕਾਨ ਇੱਕ ਅਧਿਆਪਕ ਸੀ, ਜੋ ਨੌਜੁਆਨਾਂ ਨੂੰ ਭਾਸ਼ਣ ਕਰਨ ਦੀ ਕਲਾ ਸਿਖਾਉਂਦਾ ਸੀ। ਉਸ ਉੱਤੇ ਲਾਏ ਗਏ ਵੱਡੇ ਦੋਸ਼ ਇਹ ਸਨ ਕਿ ਇਹ ਉਲਟੀਆਂ ਸਿੱਧੀਆਂ ਜਾਂ ਏਧਰ ਓਧਰ ਦੀਆਂ ਗੱਲਾਂ ਕਰ ਕੇ ਨੌਜੁਆਨਾਂ ਨੂੰ ਕੁਰਾਹੇ ਪਾਉਂਦਾ ਹੈ, ਕਿ ਇਹ ਏਥਨਜ਼ ਦੇ ਦੇਵਤਿਆਂ ਵਿੱਚ ਵਿਸ਼ਵਾਸ ਨਹੀਂ ਰੱਖਦਾ, ਕਿ ਇਹ ਸੂਰਜ-ਚੰਦ ਆਦਿਕ ਨੂੰ ਧਰਤੀਆਂ ਕਹਿੰਦਾ ਹੈ, ਕਿ ਇਹ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਬਣਾਉਣ ਦੀ ਕਲਾਕਾਰੀ ਕਰ ਕੇ ਸਮਾਜ ਵਿੱਚ ਅਸ਼ਾਂਤੀ ਫੈਲਾਉਂਦਾ ਹੈ।"

"ਵੀਰ ਜੀ, ਇਨ੍ਹਾਂ ਇਲਜ਼ਾਮਾਂ ਵਿੱਚ ਬਹੁਤੀ ਜਾਨ ਨਹੀਂ ਲੱਗਦੀ।"

"ਅਤੇ ਨਾ ਹੀ ਸੁਕਰਾਤ ਦੇ ਖ਼ਿਲਾਫ਼ ਕੋਈ ਗਵਾਹ ਹੀ ਪੇਸ਼ ਕੀਤੇ ਗਏ ਲੱਗਦੇ ਹਨ। ਮੇਰਾ ਖ਼ਿਆਲ ਹੈ ਕਿ ਉਸ ਦਾ ਬਿਆਨ ਹੀ ਉਹ ਵੱਡਾ ਕਸੂਰ ਸੀ ਜਿਸ ਦੇ ਬਦਲੇ ਵਿੱਚ ਉਸ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ। ਉਸ ਬਿਆਨ (ਅਪਾਲੋਜੀ) ਦਾ ਸਾਰ ਇਹ ਹੈ :

" 'ਏਥਨਜ਼ ਦੇ ਵਾਸੀਓ, ਮੇਰੇ ਉੱਤੇ ਦੋਸ਼ ਲਾਉਣ ਵਾਲਿਆਂ ਦੀ ਜਾਦੂ ਬਿਆਨੀ ਨੇ

ਤੁਹਾਡੇ ਉੱਤੇ ਕੀ ਅਸਰ ਕੀਤਾ ਹੈ ਮੈਂ ਨਹੀਂ ਦੱਸ ਸਕਦਾ; ਪਰੰਤੂ, ਮੇਰੇ ਉੱਤੇ ਏਨਾ ਪ੍ਰਭਾਵ ਪਿਆ ਕਿ ਕੁਝ ਚਿਰ ਲਈ ਮੈਨੂੰ ਭੁੱਲ ਹੀ ਗਿਆ ਕਿ ਮੈਂ ਕੌਣ ਹਾਂ। ਕਿੰਨੇ ਮਨਾਊ ਢੰਗ ਨਾਲ ਬੋਲਿਆ ਹੈ, ਇਨ੍ਹਾਂ ਨੇ ਇਹ ਝੂਠ !! ਇਨ੍ਹਾਂ ਨੇ ਤੁਹਾਨੂੰ ਮੇਰੀ ਭਾਸ਼ਣਕਾਰੀ ਤੋਂ ਸੁਚੇਤ ਰਹਿਣ ਲਈ ਆਖਿਆ ਹੈ, ਕਿਉਂਜੁ ਇਹ ਜਾਣਦੇ ਹਨ ਕਿ ਮੇਰੇ ਮੂੰਹ ਖੋਲ੍ਹਦਿਆਂ ਹੀ ਇਨ੍ਹਾਂ ਦਾ ਪਰਦਾ ਫਾਸ਼ ਹੋ ਜਾਣਾ ਹੈ। ਇਨ੍ਹਾਂ ਨੇ ਤੁਹਾਨੂੰ ਮੇਰੀ ਭਾਸ਼ਣ ਕਲਾ ਤੋਂ ਨਹੀਂ ਸਗੋਂ ਉਸ ਸੱਚਾਈ ਤੋਂ ਸੁਚੇਤ ਦੀ ਥਾਂ 'ਬੇ-ਖ਼ਬਰ' ਰਹਿਣ ਲਈ ਆਖਿਆ ਹੈ ਜਿਸ ਨੂੰ ਇਨ੍ਹਾਂ ਨੇ 'ਭਾਸ਼ਣਕਾਰੀ' ਦਾ ਨਾਂ ਦਿੱਤਾ ਹੈ। ਮੈਂ ਸੱਤਰਾਂ ਨੂੰ ਟੱਪ ਚੁੱਕਾਂ ਹਾਂ, ਪਹਿਲੀ ਵਾਰ ਅਦਾਲਤ ਸਾਹਮਣੇ ਆਇਆ ਹਾਂ, ਮੈਨੂੰ ਕਾਨੂੰਨੀ ਕਲਾਬਾਜ਼ੀਆਂ ਦਾ ਤਜਰਬਾ ਨਹੀਂ; ਇਸ ਲਈ ਮੇਰੀਆਂ ਸਿੱਧੀਆਂ, ਸਪਸ਼ਟ ਗੱਲਾਂ ਉੱਤੇ ਗ਼ੁੱਸੇ ਨਾ ਹੋਣਾ।

" 'ਮੈਨੂੰ ਕਸੂਰਵਾਰ ਆਖਿਆ ਜਾਣਾ ਨਵਾਂ ਨਹੀਂ। ਤੁਸੀਂ ਬਚਪਨ ਤੋਂ (ਅਤੇ ਕੁਝ ਇੱਕ ਜਵਾਨੀ ਤੋਂ) ਮੇਰੇ ਖ਼ਿਲਾਫ਼ ਸੁਣਦੇ ਆਏ ਹੋ। ਸਾਡੇ ਇੱਕ ਕਵੀ ਅਰਿਸਟੋਫੇਨੀਜ਼ ਨੇ ਆਪਣੇ ਇੱਕ ਕਾਵਿ-ਨਾਟ ਵਿੱਚ ਕਿਸੇ ਇੱਕ ਨਾਸਤਕ ਅਤੇ ਜ਼ੂਅਸ ਦੀ ਹੋਂਦ ਤੋਂ ਮੁਨਕਰ ਸੁਕਰਾਤ ਨੂੰ ਵਿਖਾਇਆ ਹੈ, ਜੋ ਹਵਾ ਵਿੱਚ ਤੁਰਨ ਦਾ ਦਾਅਵਾ ਕਰਦਾ ਹੈ। ਇਸੇ ਭੰਡੀ ਦੇ ਆਸਰੇ ਮੈਲੀਟੱਸ ਮੇਰੇ ਉੱਤੇ ਇਹ ਦੋਸ਼ ਲਗਾ ਸਕਿਆ ਹੈ ਕਿ ਮੈਂ ਆਕਾਸ਼ ਪਾਤਾਲ ਦੀਆਂ ਗੱਲਾਂ ਕਰ ਕੇ ਲੋਕਾਂ ਨੂੰ ਭੁਲੇਖਿਆਂ ਵਿੱਚ ਪਾਉਂਦਾ ਹਾਂ। ਤੁਸੀਂ ਇਹ ਜਾਣਦੇ ਹੋ ਕਿ ਮੈਂ ਪਰਕਿਰਤੀ ਵਿਗਿਆਨੀ ਨਹੀਂ ਹਾਂ। ਆਕਾਸ਼ ਪਾਤਾਲ ਦੀ ਗੱਲ ਕਰ ਸਕਣੀ ਮੇਰੇ ਵੱਸ ਵਿੱਚ ਨਹੀਂ। ਸੂਰਜ ਨੂੰ ਗਰਮ ਚੱਟਾਨ ਅਤੇ ਚੰਦਰਮਾ ਨੂੰ ਧਰਤੀ ਕਹਿਣ ਦੀ ਗੱਲ ਅਨੈਕਸਾਗੋਰਸ ਨੇ ਕੀਤੀ ਹੈ। ਮੈਲੀਟੱਸ ਉਸਦਾ ਗ਼ੁੱਸਾ ਮੇਰੇ ਉੱਤੇ ਕੱਢ ਰਿਹਾ ਹੈ।

" 'ਉਹ ਕਹਿੰਦਾ ਹੈ ਕਿ ਪੈਸੇ ਲੈ ਕੇ ਨੌਜੁਆਨਾਂ ਨੂੰ ਪੜ੍ਹਾਉਣ ਵਾਲੇ ਸੋਫਿਸਟ ਅਤੇ ਹੋਰ ਸਾਰੇ ਸਿਆਣੇ ਲੋਕ ਦੇਸ਼ ਵਾਸੀਆਂ ਨੂੰ ਚੰਗੇ ਪਾਸੇ ਲਾ ਰਹੇ ਹਨ; ਸਿਰਫ਼ ਸੁਕਰਾਤ ਹੀ ਕੁਰਾਹੇ ਪਾਉਣ ਵਾਲਾ ਹੈ। ਦੇਸ਼ ਵਾਸੀਓ, ਮੈਂ ਤੁਹਾਡੀ ਖ਼ੁਸ਼ਕਿਸਮਤੀ ਲਈ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ! ਕਿੰਨੇ ਸਿਆਣੇ ਅਤੇ ਸਾਊ ਲੋਕ ਤੁਹਾਡੇ ਕੋਲ ਹਨ !! ਭਲਾ ਮੈਂ ਇਕੱਲਾ ਹੀ ਇਨ੍ਹਾਂ ਦੇ ਕੀਤੇ ਕਰਾਏ ਉੱਤੇ ਪਾਣੀ ਫੇਰਨ ਵਿੱਚ ਸਫਲ ਕਿਵੇਂ ਹੋ ਜਾਂਦਾ ਰਿਹਾ ਹਾਂ ? ਜੇ ਹੋ ਹੀ ਜਾਂਦਾ ਰਿਹਾ ਹਾਂ ਤਾਂ ਵੀ ਇਹ ਬੁਰਾਈ ਮੈਂ ਕਿਉਂ ਕਰਦਾ ਰਿਹਾ ਹਾਂ !!! ਕੀ ਮੈਂ ਇਹ ਸਭ ਕੁਝ ਜਾਣ ਬੁੱਝ ਕੇ ਕੀਤਾ ਹੈ ? ਮੈਂ ਏਨਾ ਮੂਰਖ ਨਹੀਂ ਹਾਂ ਕਿ ਆਪਣੇ ਦੁਆਲੇ ਵੱਸਣ ਵਾਲੇ ਲੋਕਾਂ ਨੂੰ ਬੁਰਾਈ ਸਿਖਾਵਾਂ, ਕਿਉਂਜੁ ਮੈਨੂੰ ਪਤਾ ਹੈ ਕਿ ਬੁਰੇ ਲੋਕਾਂ ਵਿੱਚ ਵੱਸਣਾ ਦੁੱਖਦਾਇਕ ਹੁੰਦਾ ਹੈ ਅਤੇ ਚੰਗੇ ਲੋਕਾਂ ਵਿੱਚ ਵੱਸਣਾ ਸੁਖਦਾਇਕ। ਕੀ ਮੁੰਡਿਆਂ ਨੂੰ ਵਿਗਾੜਨ ਦਾ ਕੰਮ ਮੇਰੇ ਕੋਲੋਂ ਅਣਜਾਣਪੁਣੇ ਵਿੱਚ ਮੂਰਖ਼ਤਾ-ਵੱਸ ਹੋਇਆ ਹੈ ? ਜੇ ਇਉਂ ਹੋਇਆ ਹੈ ਤਾਂ ਮੇਰੇ ਉੱਤੇ ਮੁਕੱਦਮਾ ਚਲਾਉਣ ਦੀ ਥਾਂ ਮੈਨੂੰ ਪਿਆਰ ਨਾਲ ਸਮਝਾਇਆ ਜਾਣਾ ਚਾਹੀਦਾ ਹੈ।

" 'ਏਥਨਜ਼ ਦੇ ਨਾਗਰਿਕੋ, ਤੁਸੀਂ ਪੁੱਛ ਸਕਦੇ ਹੋ ਕਿ ਆਖ਼ਰ ਉਹ ਕਿਹੜਾ ਕਾਰਨ ਹੈ ਜਿਸ ਨੇ ਇਨ੍ਹਾਂ ਲੋਕਾਂ ਨੂੰ ਮੇਰੇ ਖ਼ਿਲਾਫ਼ ਇਹ ਮੁਕੱਦਮਾ ਕਰਨ ਲਈ ਪ੍ਰੇਰਿਆ ਹੈ। ਮੈਂ ਜ਼ਰੂਰ ਦੱਸਾਂਗਾ। ਸੁਣੋ ! ਤੁਹਾਨੂੰ ਯਾਦ ਹੋਵੇਗਾ ਕਿ ਡੈਲਫੀ ਦੇ ਮੰਦਰ ਦੇ ਪੁਜਾਰੀ ਦੁਆਰਾ ਇਹ ਆਕਾਸ਼ਵਾਣੀ ਹੋਈ ਸੀ ਕਿ ਏਥਨਜ਼ ਵਿੱਚ ਵੱਸਣ ਵਾਲਾ ਸੁਕਰਾਤ ਇਸ ਸਮੇਂ ਦਾ ਸਭ ਤੋਂ ਸਿਆਣਾ ਆਦਮੀ ਹੈ। ਮੈਂ ਇਸ ਦੇਵ-ਬਾਣੀ ਨੂੰ ਸੁਣ ਕੇ ਹੈਰਾਨ ਹੋਇਆ ਸਾਂ। ਪਰ, ਇਸ ਦੇਵ-ਬਾਣੀ ਉੱਤੇ ਸ਼ੱਕ ਕਰਨਾ ਵੀ ਯੋਗ ਨਹੀਂ ਸੀ। ਇਸ ਲਈ ਮੈਂ ਇਸ ਦਾ ਭੇਤ ਜਾਂ ਅਸਲੀ

ਅਰਥ ਲੱਭਣ ਲਈ ਉਨ੍ਹਾਂ ਲੋਕਾਂ ਨੂੰ ਮਿਲਿਆ ਜੋ ਆਪਣੇ ਆਪ ਨੂੰ ਸਿਆਣੇ ਸਮਝਦੇ ਸਨ। ਪਹਿਲਾਂ ਮੈਂ ਸਿਆਸਤਦਾਨਾਂ ਨੂੰ ਮਿਲਿਆ। ਉਨ੍ਹਾਂ ਨਾਲ ਗੱਲਾਂ ਕਰਨ ਤੋਂ ਪਤਾ ਲੱਗਾ ਕਿ ਉਹ ਦੇਸ਼ ਦੇ ਉਨ੍ਹਾਂ ਮਸਲਿਆਂ ਬਾਰੇ ਕੁਝ ਨਹੀਂ ਜਾਣਦੇ ਜਿਨ੍ਹਾਂ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ। ਦੇਸ਼ ਦੀ ਰੱਖਿਆ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਗੁਆਂਢੀ ਦੇਸ਼ਾਂ ਦੀ ਸੈਨਿਕ ਸ਼ਕਤੀ ਦਾ ਗਿਆਨ ਨਹੀਂ, ਵਿੱਦਿਆ ਮੰਤਰੀਆਂ ਨੂੰ ਵਿੱਦਿਆ ਬਾਰੇ ਕੁਝ ਪਤਾ ਨਹੀਂ, ਵਾਪਾਰ ਅਤੇ ਖੇਤੀ ਆਦਿਕ ਦਾ ਪ੍ਰਬੰਧ ਕਰਨ ਵਾਲੇ ਇਸ ਪਾਸੇ ਦੇ ਗਿਆਨ ਤੋਂ ਕੋਰੇ ਹਨ। ਮੈਂ ਇਨ੍ਹਾਂ ਨੂੰ ਆਖਿਆ ਕਿ ਸਿਆਣਿਆਂ ਕੋਲੋਂ ਇਸ ਪਾਸੇ ਦਾ ਗਿਆਨ ਪ੍ਰਾਪਤ ਕਰੋ। ਉਹ ਮੰਨ ਗਏ। ਕੁਝ ਸਮਾਂ ਬਾਅਦ ਜਦੋਂ ਮੈਂ ਮੁੜ ਉਨ੍ਹਾਂ ਨੂੰ ਮਿਲਿਆ ਤਾਂ ਉਹ ਉਵੇਂ ਹੀ ਗਿਆਨਹੀਣ ਸਨ। ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਕਮਜ਼ੋਰੀ ਬਾਰੇ ਨਿਝੱਕ ਦੱਸਿਆ। ਉਨ੍ਹਾਂ ਨੇ ਆਪਣੀਆਂ ਕਮਜ਼ੋਰੀਆਂ ਦੂਰ ਕਰਨ ਨਾਲੋਂ ਮੇਰਾ ਮੂੰਹ ਬੰਦ ਕਰਨਾ ਸੌਖਾ ਸਮਝਿਆ।

" 'ਫਿਰ ਮੈਂ ਕਵੀਆਂ ਕੋਲ ਗਿਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਲਿਖੇ ਹੋਏ ਵਾਕਾਂ ਦੀ ਵਿਆਖਿਆ ਕਰਨ ਲਈ ਆਖਿਆ। ਯਕੀਨ ਕਰਿਓ, ਸ਼ਹਿਰ ਦੇ ਸਾਧਾਰਣ ਆਦਮੀ ਉਨ੍ਹਾਂ ਦੀਆਂ ਕਵਿਤਾਵਾਂ ਦੀ ਜਿੰਨੀ ਸਿਆਣੀ ਵਿਆਖਿਆ ਕਰ ਸਕਦੇ ਹਨ, ਓਨੀ ਉਹ ਕਵੀ ਆਪ ਨਹੀਂ ਕਰ ਸਕਦੇ। ਮੈਂ ਇਸ ਨਤੀਜੇ ਉੱਤੇ ਪੁੱਜ ਗਿਆ ਕਿ ਕਵੀ ਲੋਕ 'ਸਿਆਣਪ' ਵਿੱਚੋਂ ਨਹੀਂ ਲਿਖਦੇ-ਬੋਲਦੇ, ਇਹ ਕਿਸੇ ਮਾਨਸਿਕ ਉਲਾਰ, ਕਿਸੇ ਵਕਤੀ ਉਬਾਲ, ਕਿਸੇ ਪਰਾ-ਭੌਤਕ ਪ੍ਰੇਰਣਾ, ਕਿਸੇ ਭਾਵੁਕ ਉਤੇਜਨਾ ਜਾਂ ਅੰਤਰ-ਪ੍ਰੇਰਣਾ ਅਧੀਨ ਲਿਖਦੇ ਹਨ। ਆਵੇਸ਼ ਅਧੀਨ ਲਿਖਣ ਵਾਲੇ ਇਹ ਲੋਕ ਉਨ੍ਹਾਂ 'ਕਿਸਮਤ ਦੱਸਣ ਵਾਲਿਆਂ' ਜਾਂ 'ਪੁੱਛਾਂ ਦੇਣ ਵਾਲਿਆਂ' ਵਰਗੇ ਹਨ ਜਿਨ੍ਹਾਂ ਰਾਹੀਂ ਕੋਈ ਭੂਤ ਪਰੇਤ ਬੋਲ ਰਿਹਾ ਹੁੰਦਾ ਹੈ ਅਤੇ ਉਹ ਆਪ ਨਹੀਂ ਜਾਣਦੇ ਕਿ ਉਹ ਕੀ ਕਹਿ ਰਹੇ ਹਨ। ਮੈਂ ਇਨ੍ਹਾਂ ਦਾ ਪਿੱਛਾ ਵੀ ਛੱਡ ਦਿੱਤਾ।

" 'ਫਿਰ ਮੈਂ ਉਨ੍ਹਾਂ ਕੋਲ ਗਿਆ ਜੋ ਵੱਡੀਆਂ ਵੱਡੀਆਂ ਰਕਮਾਂ ਲੈ ਕੇ ਲੋਕਾਂ ਨੂੰ ਵਿੱਦਿਆ ਦੇਣ ਦਾ ਦਾਅਵਾ ਕਰਦੇ ਹਨ। ਮੈਂ ਵੇਖਿਆ ਕਿ ਇਹ ਲੋਕ ਵੀ ਸਿਆਣੇ ਨਹੀਂ ਹਨ। ਇਹ ਪੈਸੇ ਦੇ ਪ੍ਰੇਮੀ ਹਨ। ਇਨ੍ਹਾਂ ਦਾ ਕੋਈ ਨਿਸਚਿਤ ਨਿਸ਼ਾਨਾ ਨਹੀਂ ਹੈ। ਇਹ ਪੈਸੇ ਲੈ ਕੇ ਕਿਸੇ ਨੂੰ ਝੂਠ ਦੀ ਅਤੇ ਕਿਸੇ ਨੂੰ ਸੱਚ ਦੀ, ਕਿਸੇ ਨੂੰ ਨੇਕੀ ਦੀ ਅਤੇ ਕਿਸੇ ਨੂੰ ਬਦੀ ਦੀ ਵਕਾਲਤ ਕਰਨ ਦੇ ਕੰਮ ਵਿੱਚ ਮਾਹਰ ਬਣਾ ਦਿੰਦੇ ਹਨ। ਫਿਰ ਮੈਂ ਕਲਾਕਾਰਾਂ ਅਤੇ ਕਾਰੀਗਰਾਂ ਕੋਲ ਗਿਆ। ਮੈਂ ਵੇਖਿਆ ਕਿ ਉਹ ਲੋਕ ਆਪੋ ਆਪਣੇ ਕੰਮਾਂ ਬਾਰੇ ਬਹੁਤ ਕੁਝ ਜਾਣਦੇ ਹਨ; ਪਰ, ਇੱਕ ਭੁੱਲ ਉਹ ਵੀ ਕਰਦੇ ਹਨ। ਉਹ ਇਹ ਕਿ ਉਹ ਸਮਝਦੇ ਹਨ ਕਿ ਆਪਣੇ ਕੰਮ ਦੇ ਨਾਲ ਨਾਲ ਉਨ੍ਹਾਂ ਕੋਲ ਦੂਜੇ ਕੰਮਾਂ ਦਾ ਗਿਆਨ ਵੀ ਹੈ।

" 'ਇਸ ਸਾਰੀ ਖੋਜ ਦਾ ਮੈਨੂੰ ਕੋਈ ਲਾਭ ਹੋਣ ਦੀ ਥਾਂ ਨੁਕਸਾਨ ਹੋਇਆ। ਜਿਨ੍ਹਾਂ ਲੋਕਾਂ ਨੂੰ ਮੈਂ ਉਨ੍ਹਾਂ ਦੀਆਂ ਕਮਜ਼ੋਰੀਆਂ ਬਾਰੇ ਸੁਚੇਤ ਕਰਨ ਦਾ ਜਤਨ ਕੀਤਾ ਓਹੋ ਮੇਰੇ ਦੁਸ਼ਮਣ ਬਣਦੇ ਗਏ। ਮੈਂ ਸੋਚਦਾ ਸਾਂ ਜਿਸ ਦੇਵ-ਬਾਣੀ ਨੇ ਮੈਨੂੰ ਸਿਆਣਾ ਆਖਿਆ ਹੈ ਉਹ ਝੂਠੀ ਨਹੀਂ; ਪਰ, ਮੈਂ ਆਪਣੇ ਆਪ ਵਿੱਚ ਸਿਆਣਪ ਨਹੀਂ ਲੱਭ ਸਕਿਆ। ਫਿਰ ਦੇਵ-ਬਾਣੀ ਦਾ ਭਾਵ ਕੀ ਹੋਇਆ ? ਏਥਨਜ਼ ਵਾਸੀਓ, ਮੈਂ ਸਮਝਦਾ ਹਾਂ ਕਿ ਦੇਵ-ਬਾਣੀ ਦਾ ਅਰਥ ਮੇਰੇ ਨਾਂ ਨੂੰ ਵਰਤ ਕੇ ਇਹ ਦੱਸਣ ਦਾ ਸੀ ਕਿ ਸਿਆਣਾ ਉਹ ਹੈ ਜੋ ਸੁਕਰਾਤ ਵਾਂਗ ਇਹ ਜਾਣਦਾ ਹੈ ਕਿ ਮੈਂ ਬਹੁਤ 'ਅਣਜਾਣ' ਹਾਂ। ਜਦੋਂ ਮੈਂ ਇਹ ਜਾਣ ਲਿਆ ਕਿ ਦੇਵ ਨੇ ਮੈਨੂੰ ਮੇਰੇ ਅੰਦਰ ਦੇ ਅਣਜਾਣਪਣੇ ਤੋਂ ਜਾਣੂੰ ਕਰਾਇਆ ਹੈ ਤਾਂ ਮੈਂ ਸਿਆਣਪ ਦੀ ਭਾਲ ਵਿੱਚ ਨਿਕਲ ਤੁਰਿਆ,

ਮੈਂ ਸੱਚ ਦੀ ਭਾਲ ਵਿੱਚ ਨਿਕਲ ਤੁਰਿਆ। ਮੇਰਾ ਸਾਰਾ ਜੀਵਨ ਸੱਚ, ਸਿਆਣਪ ਅਤੇ ਨਿਆਂ ਦੀ ਨਿਰੰਤਰ ਖੋਜ ਬਣਿਆ ਰਿਹਾ ਹੈ। ਸੱਚ ਅਤੇ ਨਿਆਂ ਦਾ ਪੱਲਾ ਮੈਂ ਕਦੇ ਨਹੀਂ ਛੱਡਿਆ; ਉਦੋਂ ਵੀ ਨਹੀਂ ਜਦੋਂ ਸਰਕਾਰ ਦੀ ਨੌਕਰੀ ਕਰਦਿਆਂ ਹੋਇਆਂ ਮੈਨੂੰ ਦੋ ਨਿਰਦੋਸ਼ ਆਦਮੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਹੁਕਮ ਦਿੱਤਾ ਗਿਆ ਸੀ। ਭਾਰੀ ਸਜ਼ਾ ਦੀ ਸੰਭਾਵਨਾ ਦੇ ਰੂ-ਬ-ਰੂ ਮੈਂ ਹੁਕਮ-ਅਦੂਲੀ ਕੀਤੀ, ਕਿਉਂਜੋ ਅਨਿਆਂ ਦਾ ਸਾਥ ਮੈਂ ਨਹੀਂ ਸਾਂ ਦੇ ਸਕਦਾ।

" 'ਸੈਨਿਕ ਸੇਵਾ ਦੇ ਸਮੇਂ ਮੈਂ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪਣੀ ਡਿਊਟੀ ਨਿਭਾਉਂਦਾ ਰਿਹਾ ਹਾਂ, ਕਿਉਂਜੁ ਆਪਣੇ ਅਫ਼ਸਰਾਂ ਦਾ ਹੁਕਮ ਮੰਨਣਾ ਮੈਂ ਜ਼ਰੂਰੀ ਸਮਝਦਾ ਸਾਂ। ਇਵੇਂ ਹੀ ਮੇਰੇ ਅੰਦਰੋਂ ਕੋਈ ਆਵਾਜ਼, ਕੋਈ ਪ੍ਰੇਰਣਾ, ਕੋਈ ਦੈਵੀ ਸ਼ਕਤੀ ਮੈਨੂੰ ਸੱਚ ਦੇ ਪਰਚਾਰ ਲਈ ਹੁਕਮ ਦੇ ਰਹੀ ਹੈ। ਦੁਨਿਆਵੀ ਲੋਕਾਂ ਦੇ ਦੁਨਿਆਵੀ ਹੁਕਮ ਮੰਨਣ ਵਾਲਾ ਸੁਕਰਾਤ ਰੱਬੀ ਹੁਕਮ ਦੀ ਅਦੂਲੀ ਕਿਵੇਂ ਕਰ ਸਕਦਾ ਹੈ! ਇਹ ਮੈਨੂੰ ਪਤਾ ਹੈ ਕਿ ਨਗਰ ਦੇ ਨੌਜੁਆਨ ਮੇਰੇ ਦੁਆਰਾ ਸ਼ਕਤੀਸ਼ਾਲੀ ਲੋਕਾਂ ਦੀ ਆਲੋਚਨਾ ਇਸ ਲਈ ਸੁਣਦੇ ਰਹੇ ਹਨ ਕਿ ਇਹ ਉਨ੍ਹਾਂ ਦਾ ਮਨਪਰਚਾਵਾ ਕਰਦੀ ਰਹੀ ਹੈ, ਇਸ ਤੋਂ ਵੱਧ ਇਹ ਕੁਝ ਨਹੀਂ ਸੀ। ਤਾਂ ਵੀ ਮੈਂ ਇਉਂ ਕਰਨੋਂ ਰੁਕ ਨਹੀਂ ਸੀ ਸਕਦਾ, ਕਿਉਂਜੁ ਉਹ ਰੱਬੀ ਹੁਕਮ ਸੀ।

" 'ਮੈਲੀਟੱਸ ਕਹਿੰਦਾ ਹੈ, ਮੈਂ ਆਪਣੇ ਮਨਘੜਤ ਦੇਵਤਿਆਂ ਦੀ ਪੂਜਾ ਕਰਦਾ ਹਾਂ। ਇਸ ਦੇ ਨਾਲ ਉਹ ਇਹ ਵੀ ਕਹਿੰਦਾ ਹੈ ਕਿ ਮੈਂ ਨਾਸਤਕ ਹਾਂ। (ਉਸ ਲਈ ਮਨਘੜਤ, ਪਰ ਆਪਣੇ ਲਈ ਅਸਲੀ) ਦੇਵਤਿਆਂ ਦੇ ਚਿੰਤਨ ਵਿੱਚ ਲੱਗਾ ਰਹਿਣ ਵਾਲਾ ਆਦਮੀ ਨਾਸਤਕ ਕਿਵੇਂ ਹੋ ਸਕਦਾ ਹੈ ? ਇਸ ਪ੍ਰਸ਼ਨ ਦਾ ਠੀਕ ਉੱਤਰ ਮੈਲੀਟੱਸ ਹੀ ਦੇ ਸਕਦਾ ਹੈ।

" 'ਮੈਂ ਬਹੁਤ ਕੁਝ ਕਿਹਾ ਹੈ ਅਤੇ ਤੁਸਾਂ ਮੇਰੀ ਬੇਨਤੀ ਨੂੰ ਮੰਨਦਿਆਂ ਹੋਇਆਂ ਧਿਆਨ ਨਾਲ ਸੁਣਿਆ ਹੈ। ਮੈਂ ਤੁਹਾਡੇ ਕੋਲ ਰਹਿਮ ਦੀ ਦਰਖ਼ਾਸਤ ਨਹੀਂ ਕਰਾਂਗਾ। ਆਪਣੇ ਬੀਵੀ-ਬੱਚਿਆਂ ਦਾ ਵਾਸਤਾ ਪਾ ਕੇ ਦਇਆ ਦੀ ਭੀਖ ਨਹੀਂ ਮੰਗਾਂਗਾ। ਤੁਸੀਂ ਸੁਤੰਤਰਤਾ ਨਾਲ ਆਪਣੀ ਰਾਏ ਦਿਓ।'

"ਬਹੁ-ਗਿਣਤੀ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੰਦੀ ਹੈ। ਉਸ ਸਮੇਂ ਦੇ ਕਾਨੂੰਨ ਮੁਤਾਬਕ ਸੁਕਰਾਤ ਨੂੰ ਅਪੀਲ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਅਨੁਸਾਰ ਇਹ ਆਪਣੀ ਸਜ਼ਾ ਆਪ ਤਜਵੀਜ਼ ਕਰ ਕੇ ਮੌਤ ਤੋਂ ਬਚ ਸਕਦਾ ਸੀ। ਪਰੰਤੂ, ਉਸ ਨੇ ਮਰਨ ਕਬੂਲਿਆ ਅਤੇ ਆਖਿਆ : 'ਏਥਨਜ਼ ਦੇ ਵਾਸੀਓ, ਮੈਂ ਤੁਹਾਨੂੰ ਰੱਬ ਵਲੋਂ ਦਿੱਤਾ ਹੋਇਆ ਚੇਤਨਾ ਦਾ ਚਾਬਕ[1] ਹਾਂ, ਜਿਹੜਾ ਤੁਹਾਡੇ ਜੀਵਨ ਰੂਪੀ ਘੋੜੇ ਦੀ ਚਾਲ ਵਿੱਚ ਸੱਚ ਅਤੇ ਨਿਆਂ ਦੀ ਚੁਸਤੀ ਕਾਇਮ ਰੱਖਣ ਲਈ ਜ਼ਰੂਰੀ ਹੈ। ਮੇਰੇ ਧਨਵਾਦੀ ਹੋਵੋ; ਮੈਨੂੰ ਮਾਣ ਸਤਿਕਾਰ ਨਾਲ ਰੱਖੋ। ਜੇ ਜ਼ਰੂਰ ਹੀ ਸਜ਼ਾ ਦੇਣੀ ਚਾਹੁੰਦੇ ਹੋ ਤਾਂ ਤੀਹ ਪੈਸੇ ਜੁਰਮਾਨਾ ਕਰ ਦਿਉ। ਮੇਰਾ ਮਿਤ੍ਰ ਪਲੇਟੋ ਇੱਥੇ ਹਾਜ਼ਰ ਹੈ। ਉਹ ਇਸ ਰਕਮ ਲਈ ਜ਼ਮਾਨਤ ਦੇ ਦੇਵੇਗਾ। (ਇਹ ਇੱਕ ਪ੍ਰਕਾਰ ਦਾ ਮਖ਼ੌਲ ਸੀ)।

" 'ਤੁਸਾਂ ਇਹ ਵੀ ਪੁੱਛਿਆ ਹੈ ਕਿ ਮੈਂ ਆਪਣੇ ਆਪ ਨੂੰ ਸਿਆਣਾ ਸਮਝਦਿਆਂ ਹੋਇਆਂ ਦੇਸ਼ ਦੇ ਸਿਆਸੀ ਕੰਮਾਂ ਵਿੱਚ ਪੈ ਕੇ ਦੇਸ਼ ਦੀ ਸੇਵਾ ਕਿਉਂ ਨਹੀਂ ਕਰ ਸਕਿਆ। ਮੇਰਾ ਉੱਤਰ ਹੈ ਕਿ—ਕੋਈ ਈਮਾਨਦਾਰ ਅਤੇ ਸੱਚਾ ਆਦਮੀ ਸਿਆਸਤ ਦੀ ਦੁਨੀਆ ਵਿੱਚ ਬਹੁਤਾ ਚਿਰ ਟਿਕ ਨਹੀਂ ਸਕਦਾ। ਇਸ ਸਮੇਂ ਮੈਂ ਮੌਤ ਦੀ ਗੋਦ ਵਿੱਚ ਸਮਾਉਣ ਵਾਲਾ ਹਾਂ। ਮਰਨ ਵੇਲੇ ਕਈ ਲੋਕਾਂ ਨੂੰ ਇਲਹਾਮੀ ਯੋਗਤਾ ਪ੍ਰਾਪਤ ਹੋ ਜਾਂਦੀ ਹੈ। ਮੈਂ ਵੀ ਇੱਕ ਭਵਿੱਖਬਾਣੀ ਕਰਦਾ

---

1. ਸੁਕਰਾਤ ਨੇ ਆਪਣੇ ਆਪ ਨੂੰ ਮੱਖ, ਮੱਖੀ ਜਾਂ ਕੁੱਤੇ ਮੱਖੀ (Godfly) ਨਾਲ ਤੁਲਨਾ ਦਿੱਤੀ ਸੀ।

ਹਾਂ। ਮੈਨੂੰ ਮੌਤ ਦੀ ਸਜ਼ਾ ਦੇ ਕੇ ਤੁਸੀਂ ਬਰਬਾਦੀ ਤੋਂ ਬਚ ਨਹੀਂ ਸਕੋਗੇ। ਤੁਹਾਡੇ ਪਾਪਾਂ ਤੋਂ ਪਰਦਾ ਚੁੱਕਣ ਵਾਲੇ ਪੈਦਾ ਹੁੰਦੇ ਰਹਿਣਗੇ। ਦੂਜਿਆਂ ਨੂੰ ਮਾਰ ਕੇ ਤੁਸੀਂ ਜੀ ਨਹੀਂ ਸਕੋਗੇ। ਜੀਊਣ ਦਾ ਚੰਗਾ ਤਰੀਕਾ ਇਹ ਹੈ ਕਿ ਮੁਖ਼ਾਲਿਫ਼ਾਂ ਨੂੰ ਮਾਰਨ ਦੀ ਥਾਂ ਆਪਣੇ ਗੁਣਾਂ ਵਿੱਚ ਵਾਧਾ ਕਰੋ। ਮੈਨੂੰ ਭਰੋਸਾ ਹੈ ਕਿ ਮੈਂ ਮਰ ਕੇ ਸਿਆਣੇ ਪੁਰਸ਼ਾਂ ਅਤੇ ਦੇਵਤਿਆਂ ਦੇ ਪਰਿਵਾਰ ਵਿੱਚ ਚਲਾ ਜਾਵਾਂਗਾ; ਜਿੱਥੇ ਸੱਚ, ਸੁੰਦਰਤਾ ਅਤੇ ਨੇਕੀ (Truth, Beauty & Goodness) ਸੰਬੰਧੀ ਸਦੀਵੀ ਚਰਚਾ ਵਿੱਚ ਭਾਗ ਲੈਣ ਦਾ ਸੁਭਾਗ ਮੈਨੂੰ ਪ੍ਰਾਪਤ ਹੋਵੇਗਾ।'

"ਇਹ ਪਲੇਟੋ ਦੁਆਰਾ ਲਿਖੀ ਗਈ 'ਸਫ਼ਾਈ' (Apology) ਦਾ ਸਾਰ ਹੈ, ਤਰਜਮਾ ਨਹੀਂ। ਇਸ ਨੂੰ ਸੁਣ ਕੇ ਸੁਕਰਾਤ ਦੀ ਸਜ਼ਾ ਘਟਾਉਣ ਜਾਂ ਮੁਆਫ਼ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਸਨੂੰ ਕਾਲ ਕੋਠੜੀ ਵਿੱਚ ਸੁੱਟ ਦਿੱਤਾ ਗਿਆ। ਉਨ੍ਹੀਂ ਦਿਨੀਂ ਇੱਕ ਯੂਨਾਨੀ ਰਵਾਇਤ ਅਨੁਸਾਰ ਇੱਕ ਯੂਨਾਨੀ ਜਹਾਜ਼ ਏਥਨਜ਼ ਤੋਂ ਕ੍ਰਿਟੀ ਜਾਂ ਕ੍ਰੀਟ (Crete) ਦੇ ਟਾਪੂ ਵੱਲ ਘੱਲਿਆ ਜਾਂਦਾ ਸੀ। ਇਉਂ ਉਸ ਘਟਨਾ ਨੂੰ ਹਰ ਸਾਲ ਦੁਹਰਾਇਆ ਜਾਂਦਾ ਸੀ ਜਿਸ ਅਨੁਸਾਰ ਥੀਸੀਅਸ ਨਾਂ ਦਾ ਯੋਧਾ ਚੌਦਾਂ ਜਵਾਨਾਂ ਨੂੰ ਆਪਣੇ ਨਾਲ ਲੈ ਕੇ ਡੈਲੋਸ (Delos) ਗਿਆ ਸੀ ਅਤੇ ਇਹ ਪ੍ਰਣ ਕਰ ਕੇ ਤੁਰਿਆ ਸੀ ਕਿ ਜੇ ਉਹ ਜੀਉਂਦਾ ਪਰਤ ਆਇਆ ਤਾਂ ਹਰ ਸਾਲ ਡੈਲੋਸ ਦੀ ਯਾਤਰਾ ਕਰ ਕੇ ਅਪੋਲੋ ਨਾਂ ਦੇ ਦੇਵਤੇ ਦਾ ਧਨਵਾਦ ਕਰਿਆ ਕਰੇਗਾ। ਸੁਕਰਾਤ ਦੇ ਮੁਕੱਦਮੇ ਤੋਂ ਇੱਕ ਦਿਨ ਪਹਿਲਾਂ ਉਹ ਜਹਾਜ਼ ਏਥਨਜ਼ ਤੋਂ ਤੁਰਿਆ ਸੀ। ਉਸ ਦੇ ਪਰਤ ਆਉਣ ਤੋਂ ਪਹਿਲਾਂ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ ਜਾ ਸਕਦੀ। ਇਸ ਲਈ ਸੁਕਰਾਤ ਨੂੰ ਕੁਝ ਦਿਨ ਬੰਦੀਖ਼ਾਨੇ ਵਿੱਚ ਰੱਖਿਆ ਗਿਆ। ਕ੍ਰਿਟੋ ਅਤੇ ਫੀਡੋ ਨਾਂ ਦੇ ਡਾਇਲਾਗ ਬੰਦੀਖ਼ਾਨੇ ਵਿੱਚ ਵਾਪਰੇ ਹਨ। 'ਕ੍ਰਿਟੋ' ਵਿੱਚ ਕ੍ਰਿਟੋ ਨਾਂ ਦਾ ਇੱਕ ਮਿੱਤਰ ਸੁਕਰਾਤ ਨੂੰ ਜੇਲ੍ਹ ਵਿੱਚੋਂ ਦੌੜ ਜਾਣ ਲਈ ਬਿਨੈ ਕਰਦਾ ਹੈ। ਉਹ ਜੇਲ੍ਹ ਦੇ ਕਰਮਚਾਰੀਆਂ ਨੂੰ ਮਨਾ ਸਕਦਾ ਸੀ; ਪਰ, ਸੁਕਰਾਤ ਇਨਕਾਰ ਕਰ ਦਿੰਦਾ ਹੈ। ਇਸ ਵਾਰਤਾਲਾਪ ਵਿੱਚ ਸੁਕਰਾਤ ਆਪਣੇ ਦੇਸ਼ ਦੇ ਕਾਨੂੰਨ ਨਾਲ ਬੇ-ਵਫ਼ਾਈ ਕਰਨ ਤੋਂ ਇਨਕਾਰ ਕਰਦਾ ਹੈ। ਫੀਡੋ ਨਾਂ ਦਾ ਡਾਇਲਾਗ ਉਸ ਦਿਨ ਵਾਪਰਦਾ ਦੱਸਿਆ ਹੈ, ਜਿਸ ਦਿਨ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਦਿੱਤਾ ਜਾਣਾ ਸੀ। ਉਸ ਦੇ ਮਿੱਤਰ ਰੋਂਦੇ ਹਨ ਅਤੇ ਸੁਕਰਾਤ ਉਨ੍ਹਾਂ ਨੂੰ ਧੀਰਜ ਦਿੰਦਾ ਹੈ। ਇਸ ਵਾਰਤਾਲਾਪ ਵਿੱਚ ਸੁਕਰਾਤ ਦੇ ਦਾਰਸ਼ਨਿਕ ਵਿਚਾਰਾਂ ਦੇ ਨਾਲ ਨਾਲ ਉਸ ਦੇ ਸਾਹਿਤ ਪ੍ਰੇਮ ਦਾ ਵੀ ਜ਼ਿਕਰ ਹੈ। ਉਹ ਆਪਣੇ ਮਿੱਤਰਾਂ ਨੂੰ ਦੱਸਦਾ ਹੈ ਕਿ ਉਸ ਨੇ ਜੇਲ੍ਹ ਵਿੱਚ ਬੈਠਿਆਂ ਕਵਿਤਾ ਲਿਖਣ ਦਾ ਜਤਨ ਵੀ ਕੀਤਾ ਹੈ।

"ਅੰਤ ਉਹ ਸਮਾਂ ਆ ਜਾਂਦਾ ਹੈ ਜਦੋਂ ਜੇਲ੍ਹ ਦਾ ਕਰਮਚਾਰੀ ਜ਼ਹਿਰ ਦਾ ਪਿਆਲਾ ਤਿਆਰ ਕਰ ਕੇ ਲੈ ਆਉਂਦਾ ਹੈ। ਉਸ ਦੇ ਦਿਲ ਦੀ ਪੀੜ ਅੱਖਾਂ ਰਾਹੀਂ ਵਹਿ ਤੁਰਦੀ ਹੈ। ਸੁਕਰਾਤ ਉਸ ਨੂੰ ਧੀਰਜ ਦਿੰਦਿਆਂ ਹੋਇਆਂ ਪੁੱਛਦਾ ਹੈ ਕਿ ਕੀ ਉਹ ਥੋੜਾ ਜਿਹਾ ਜ਼ਹਿਰ ਦੇਵਤਿਆਂ ਨੂੰ ਭੇਟਾ ਕਰਨ ਲਈ ਧਰਤੀ ਉੱਤੇ ਡੋਲ੍ਹ ਸਕਦਾ ਹੈ ? ਤਾਂ ਕਰਮਚਾਰੀ ਕਹਿੰਦਾ ਹੈ, ਅਸੀਂ ਓਨਾ ਕੁ ਹੀ ਤਿਆਰ ਕਰਦੇ ਹਾਂ ਜਿੰਨਾ ਕੁ ਆਦਮੀ ਨੂੰ ਮਾਰਨ ਲਈ ਕਾਫ਼ੀ ਹੋਵੇ। ਸੁਕਰਾਤ ਕੁਝ ਕਤਰੇ ਦੇਵਤਿਆਂ ਦੀ ਭੇਟਾ ਕਰ ਕੇ ਬਾਕੀ ਜ਼ਹਿਰ ਪੀ ਲੈਂਦਾ ਹੈ। ਜ਼ਹਿਰ ਤਿਆਰ ਕਰਨ ਵਾਲੇ ਕਰਮਚਾਰੀ ਬਾਰੇ ਦੱਸਦਾ ਹੈ ਕਿ 'ਉਹ ਬਹੁਤ ਚੰਗਾ ਆਦਮੀ ਹੈ, ਸਦਾ ਮੇਰਾ ਖ਼ਿਆਲ ਰੱਖਦਾ ਰਿਹਾ ਹੈ ਅਤੇ ਮੇਰੇ ਨਾਲ ਗੱਲਾਂ ਕਰਦਾ ਰਿਹਾ ਹੈ।' ਜਦੋਂ ਜ਼ਹਿਰ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਤਾਂ ਉਸ ਨੂੰ ਚੇਤਾ ਆਇਆ ਕਿ ਉਸ ਨੇ ਐਸਲੀਪੀਅਸ ਨਾਂ ਦੇ ਦੇਵਤਾ

ਨੂੰ ਇੱਕ ਕੁੱਕੜ ਦੀ ਬਲੀ ਦੇਣ ਦੀ ਸੁੱਖਣਾ ਸੁੱਖੀ ਸੀ। ਆਪਣਾ ਇਹ ਕੰਮ ਕ੍ਰਿਟੋ ਨੂੰ ਸੌਂਪ ਕੇ ਉਹ ਸਦਾ ਦੀ ਨੀਂਦ ਸੌਂ ਗਿਆ।"

"ਕਿੰਨੇ ਦੁਖ ਦੀ ਗੱਲ ਹੈ, ਵੀਰ ਜੀ, ਇੱਕ ਕੀਮਤੀ ਜਾਨ ਅਜਾਈਂ ਗਈ!"

"ਬਿਲਕੁਲ ਨਹੀਂ; ਮਹਾਨ ਪੁਰਸ਼ਾਂ ਦੀ ਮੌਤ ਅਜਾਈਂ ਨਹੀਂ ਜਾਂਦੀ। ਸੁਕਰਾਤ ਦੀ ਮੌਤ ਵੀ ਅਜਾਈਂ ਨਹੀਂ ਸੀ। ਉਸ ਪਿੱਛੋਂ ਯੂਨਾਨੀ ਕੌਮ ਵਿੱਚ ਮਹਾਨ ਜਾਗ੍ਰਤੀ ਆਈ ਅਤੇ ਸਿਕੰਦਰ ਪੈਦਾ ਹੋਇਆ ਜਿਸ ਨੇ ਸਾਰੀ ਦੁਨੀਆ ਦੀ ਜਿੱਤ ਦਾ ਬੀੜਾ ਚੁੱਕਿਆ। ਭਾਅ ਜੀ, ਤੁਹਾਡਾ ਇਸ ਬਾਰੇ ਕੀ ਖ਼ਿਆਲ ਹੈ?"

"ਮੇਰਾ ਇਹ ਖ਼ਿਆਲ ਹੈ ਕਿ ਤੁਹਾਨੂੰ ਢਾਡੀ ਹੋਣਾ ਚਾਹੀਦਾ ਸੀ। ਇਹ ਸੋਚ ਢਾਡੀਆਂ ਦੇ ਪੱਧਰ ਦੀ ਹੈ ਕਿ ਕਿਸੇ ਮਹਾਂਪੁਰਸ਼ ਦੀ ਮੌਤ ਜਾਂ ਕੁਰਬਾਨੀ ਨਾਲ ਕਿਸੇ ਸਮਾਜ ਦੀ ਉੱਨਤੀ ਜਾਂ ਕਲਿਆਣ ਦਾ ਕੋਈ ਸੰਬੰਧ ਹੈ। ਪਤਾ ਨਹੀਂ ਇਸ ਸੰਸਾਰ ਦਾ ਕਿਹੋ ਜਿਹਾ ਸੰਚਾਲਕ ਹੈ ਜਿਹੜਾ ਨਿਰਦੋਸ਼ ਅਤੇ ਭਲੇ ਪੁਰਸ਼ਾਂ ਦੀ ਮੌਤ ਉੱਤੇ ਰੀਝ ਕੇ ਇਸ ਦੁਨੀਆ ਦਾ ਭਲਾ ਕਰਨ ਲਈ ਪ੍ਰੇਰਿਤ ਹੁੰਦਾ ਹੈ। ਜੇ ਇਉਂ ਹੁੰਦਾ ਹੈ ਤਾਂ ਮਹਾਂਪੁਰਸ਼ਾਂ ਦਾ ਸਥਾਨ ਉਨ੍ਹਾਂ ਬੱਕਰਿਆਂ ਨਾਲੋਂ ਵੱਖਰਾ ਨਹੀਂ, ਜਿਨ੍ਹਾਂ ਨੂੰ ਸਾਲ ਭਰ ਪਾਲ ਪੋਸ ਕੇ ਈਦ ਵਾਲੇ ਦਿਨ ਹਲਾਲ ਕਰ ਦਿੱਤਾ ਜਾਂਦਾ ਹੈ। ਚਤੁਰ ਅਤੇ ਮੌਕਾਪ੍ਰਸਤ ਲੋਕ ਅਸਾਧਾਰਣ ਪਰਿਸਥਿਤੀਆਂ ਦਾ ਲਾਭ ਲੈਂਦੇ ਆਏ ਹਨ। ਸੁਕਰਾਤ ਦੀ ਮੌਤ ਇੱਕ ਅਸਾਧਾਰਣ ਪਰਿਸਥਿਤੀ ਸੀ; ਪਰੰਤੂ ਇਸ ਦਾ ਲਾਭ ਲਿਆ ਜਾਣ ਦਾ ਕੋਈ ਸਬੂਤ ਨਹੀਂ ਮਿਲਦਾ। ਸਿਕੰਦਰ ਨੇ ਇਸ ਦਾ ਕੋਈ ਲਾਭ ਨਹੀਂ ਲਿਆ। ਉਹ ਯੂਨਾਨੀ ਵੀ ਨਹੀਂ ਸੀ। ਉਹ ਮੈਸੇਡੋਨੀਆ (ਮਕਦੂਨੀਆ) ਦੇ ਰਾਜਾ ਫਿਲਿਪਸ ਦਾ ਪੁੱਤਰ ਸੀ। ਉਸ ਨੂੰ ਯੂਨਾਨੀ ਸੰਸਕ੍ਰਿਤੀ ਨਾਲ ਪਿਆਰ ਸੀ। ਉਸ ਨੇ ਪਲੇਟੋ ਦੇ ਸ਼ਾਗਿਰਦ, ਅਰਸਤੂ, ਕੋਲੋਂ ਵਿੱਦਿਆ ਪ੍ਰਾਪਤ ਕੀਤੀ ਸੀ। ਜੇ ਉਸ ਨੂੰ ਮੌਕਾ ਮਿਲਦਾ ਤਾਂ ਉਹ ਯੂਨਾਨੀ ਸੱਭਿਆਚਾਰ ਦੇ ਪਰਸਾਰ ਲਈ ਜ਼ਰੂਰ ਕੁਝ ਕਰਦਾ। ਬਹੁਤਾ ਕੁਝ, ਉਸ ਦੇ ਉੱਤਰ-ਅਧਿਕਾਰੀਆਂ ਨੇ ਇਸ ਸੰਬੰਧ ਵਿੱਚ ਕੀਤਾ ਸੀ। ਇਸ ਦਾ ਜ਼ਿਕਰ ਅੱਗੇ ਚੱਲ ਕੇ ਕਰਾਂਗੇ। ਏਥੇ ਏਨਾ ਕਹਿ ਕੇ ਗੱਲ ਸਮਾਪਤ ਕਰਦੇ ਹਾਂ ਕਿ ਮਹਾਂਪੁਰਸ਼ਾਂ ਦੀ ਮੌਤ ਨਾਲ ਸਮਾਜਾਂ ਦੇ ਕਲਿਆਣ ਦਾ ਵਿਸ਼ਵਾਸ ਮਨੁੱਖੀ ਸੋਚ ਦੇ ਅਵਿਕਸਿਤ ਹੋਣ ਦਾ ਲਖਾਇਕ ਹੈ। ਅਜੇਹੀਆਂ ਮੌਤਾਂ ਸਮਾਜਾਂ ਵਿੱਚ ਅਵਿਸ਼ਵਾਸ, ਕ੍ਰੋਧ, ਘਿਰਣਾ, ਭੈ ਅਤੇ ਵੈਰ ਦੇ ਭਾਵਾਂ ਨੂੰ ਜਗਾਉਂਦੀਆਂ ਹਨ। ਮੌਕਾਪ੍ਰਸਤ ਇਸ ਹਾਲਤ ਦਾ ਫ਼ਾਇਦਾ ਉਠਾ ਲੈਂਦੇ ਹਨ। ਆਪਣੇ ਮਨੋਰਥਾਂ ਦੀ ਪ੍ਰਾਪਤੀ ਲਈ ਉਹ ਲੋਕ ਅਜੇਹੀਆਂ ਅਸਾਧਾਰਣ ਪਰਿਸਥਿਤੀਆਂ ਪੈਦਾ ਕਰਨ ਦਾ ਉਚੇਚਾ ਜਤਨ ਵੀ ਕਰਦੇ ਹਨ। ਆਤੰਕਵਾਦ ਅਜੇਹਾ ਹੀ ਇੱਕ ਜਤਨ ਹੈ।"

ਪੁਸ਼ਪੇਂਦ੍ਰ, ਤੇਰੇ ਵੱਲੋਂ ਕੋਈ ਖ਼ਬਰ ਸੁਰਤ ਨਹੀਂ ਆ ਰਹੀ; ਬਹੁਤ ਰੁੱਝ ਗਈ ਲੱਗਦੀ ਹੈਂ।

ਸਨੇਹਾ।

# 43

ਈਸਟ ਹੈਮ,
2.6.97.

ਪੁਸ਼ਪੇਂਦ੍ਰ,

ਤੇਰੇ ਵੱਲੋਂ ਕਿਸੇ ਉੱਤਰ ਦੀ ਆਸ ਇੰਤਜ਼ਾਰ ਕੀਤੇ ਬਿਨਾਂ ਹੀ ਲਿਖ ਰਹੀ ਹਾਂ। ਪਰਸੋਂ, ਸਨਿਚਰਵਾਰ ਸ਼ਾਮ ਦੇ ਸਮੇਂ ਪਾਪਾ ਨੇ ਮੈਨੂੰ ਕਿਹਾ, "ਕੱਲ੍ਹ ਐਤਵਾਰ ਦਾ ਦਿਨ ਬਹੁਤ ਹੀ ਸੁਹਾਵਣਾ ਹੋਵੇਗਾ, ਕਿਤੇ ਬਾਹਰ ਜਾਣ ਦਾ ਪ੍ਰੋਗਰਾਮ ਬਣਾਈਏ।"

"ਠੀਕ ਹੈ, ਪਾਪਾ, ਆਪਣੇ ਮਿੱਤਰਾਂ ਨੂੰ ਦੱਸ ਦਿਓ। ਆਖੋ ਤਾਂ ਮੈਂ ਫ਼ੋਨ ਕਰ ਦਿਆਂ ?"

"ਇਸ ਦੀ ਕੋਈ ਲੋੜ ਨਹੀਂ, ਬੇਟਾ ਜੀ। ਆਉਣਾ ਤਾਂ ਉਹਨਾਂ ਨੇ ਹੈ ਹੀ, ਗੱਡੀ ਵਿੱਚ ਬਿਠਾ ਕੇ ਜਿਧਰ ਮਰਜ਼ੀ ਲੈ ਜਾਵਾਂਗੇ। ਇਸ ਤਰ੍ਹਾਂ ਕੁਝ ਅਚੰਭਿਤ ਵੀ ਹੋਣਗੇ।"

ਐਤਵਾਰ ਸਵੇਰੇ ਉੱਠ ਕੇ ਅਸਾਂ ਪਿਕਨਿਕ ਦੀ ਤਿਆਰੀ ਕਰ ਲਈ ਅਤੇ ਪਾਪਾ ਦੇ ਮਿੱਤਰਾਂ ਦੇ ਆਉਣ ਤੋਂ ਪਹਿਲਾਂ ਹੀ ਸਾਰਾ ਸਾਮਾਨ ਕਾਰ ਵਿੱਚ ਰੱਖ ਲਿਆ। ਜਦੋਂ ਉਨ੍ਹਾਂ ਦੇ ਆਉਣ ਉੱਤੇ ਉਨ੍ਹਾਂ ਨੂੰ ਦੱਸਿਆ ਗਿਆ ਤਾਂ ਉਹ ਇਉਂ ਖ਼ੁਸ਼ ਹੋਏ, ਜਿਵੇਂ ਉਨ੍ਹਾਂ ਦੀ ਉਮਰ ਦੇ ਬੀਤੇ ਦਿਨ ਮੁੜ ਆਏ ਹੋਣ। ਯਾਦ ਹੈ ? ਅਸੀਂ ਵੀ ਵਿਦਿਆਰਥੀ ਜੀਵਨ ਸਮੇਂ ਸਾਰੀਆਂ ਸਹੇਲੀਆਂ, ਬਿਨਾਂ ਸੋਚੇ ਸਮਝੇ ਜਿੱਧਰ ਜੀ ਆਇਆ ਮੂੰਹ ਚੁੱਕ ਕੇ ਤੁਰ ਪੈਂਦੀਆਂ ਸਾਂ। ਕਿੰਨੀ ਜ਼ਿੰਦਾ-ਦਿਲੀ ਹੁੰਦੀ ਸੀ ਸਾਡੇ ਸਾਰਿਆਂ ਵਿੱਚ !! ਕਿੰਨਾ ਚੰਗਾ ਹੈ ਕਿ ਇਨ੍ਹਾਂ ਜ਼ਿੰਦਾ-ਦਿਲ ਲੋਕਾਂ ਦੀ ਸੰਗਤ ਪ੍ਰਾਪਤ ਹੋਈ ਹੈ!

ਤੇਰੇ ਜੀਜਾ ਜੀ ਨੇ ਕ੍ਰਿਕਟ ਦਾ ਮੈਚ ਵੇਖਣਾ ਸੀ। ਇਸ ਲਈ ਮਾਮਾ, ਪਾਪਾ, ਮੈਂ ਅਤੇ ਪਾਪਾ ਦੇ ਦੋਵੇਂ ਮਿੱਤਰ ਵਿੰਡਸਰ ਵੱਲ ਚੱਲ ਪਏ। ਐਮ 4 ਤੱਕ ਪੁੱਜਦਿਆਂ ਪੁੱਜਦਿਆਂ ਰੈੱਡਿੰਗ (Reading) ਸਾਡੀ ਮੰਜ਼ਿਲ ਬਣ ਚੁੱਕਾ ਸੀ। ਕੈਨਿਟ ਨਦੀ ਦੇ ਕੰਢੇ ਇੱਕ ਨਵੇਕਲੀ ਜਹੀ ਥਾਂਵੇਂ ਅਸਾਂ ਡੇਰਾ ਲਾ ਲਿਆ। ਇਹ (Kennet) ਨਦੀ ਆਕਸਫ਼ੋਰਡ ਲਾਗੋਂ ਹੁੰਦੀ ਹੋਈ ਰੈੱਡਿੰਗ ਤੋਂ ਜ਼ਰਾ ਅਗੇਰੇ ਜਾ ਕੇ, ਇੰਗਲੈਂਡ ਦੇ ਵੱਡੇ ਦਰਿਆ ਥੇਮਜ਼ ਵਿੱਚ ਜਾ ਰਲਦੀ ਹੈ। ਇਸ ਦੇ ਕੰਢੇ ਕੰਢੇ ਬਣੇ ਹੋਏ ਪਹੇ ਉੱਤੇ ਤੁਰ ਕੇ ਆਕਸਫ਼ੋਰਡ ਤੱਕ ਜਾਇਆ ਜਾ ਸਕਦਾ ਹੈ। ਸੈਰ ਦੇ ਸ਼ੌਕੀਨ ਜ਼ਿੰਦਾ-ਦਿਲ ਲੋਕ ਸਾਈਕਲਾਂ ਉੱਤੇ ਅਤੇ ਪੈਦਲ, ਇਸ ਨਦੀ ਕੰਢੇ ਤੁਰਦੇ ਵੇਖੇ ਜਾ ਸਕਦੇ ਹਨ। ਰੈੱਡਿੰਗ ਤੋਂ ਕੁਝ ਮੀਲ ਆਕਸਫ਼ੋਰਡ ਵੱਲ ਜਾ ਕੇ ਇਉਂ ਲੱਗਣ ਲੱਗ ਪੈਂਦਾ ਹੈ, ਜਿਵੇਂ ਅਸੀਂ ਕਿਸੇ ਆਧੁਨਿਕ ਉੱਨਤ ਉਦਯੋਗਿਕ (ਸਨਅਤੀ) ਦੇਸ਼ ਵਿੱਚ ਨਹੀਂ ਹਾਂ, ਸਗੋਂ ਕਿਸੇ ਪੱਛੜੇ ਕਿਸਾਨੇ ਦੇਸ਼ ਦੀਆਂ ਉਜਾੜਾਂ ਵਿੱਚ ਫਿਰ ਰਹੇ ਹਾਂ। ਇਸ ਅਨੋਖੇ ਅਨੁਭਵ ਦੇ ਪ੍ਰਭਾਵ ਵਿੱਚੋਂ ਬੋਲਦਿਆਂ ਹੋਇਆਂ ਪਾਪਾ ਦੇ ਮਿੱਤਰ ਨੇ ਆਖਿਆ, "ਵੀਰ ਜੀ, ਇਹ ਕਿਹੋ ਜਿਹੇ ਇਲਾਕੇ ਵਿੱਚ ਲੈ ਆਏ ਹੋ ? ਕੁਝ ਅਜੀਬ ਜਿਹਾ ਲੱਗ ਰਿਹਾ ਹੈ।"

"ਅੱਜ ਅਸਾਂ ਗੱਲਾਂ ਵੀ ਕੁਝ ਵੱਖਰੀ ਪ੍ਰਕਾਰ ਦੀਆਂ ਹੀ ਕਰਨੀਆਂ ਹਨ। ਇਹ ਮਾਹੌਲ ਉਨ੍ਹਾਂ ਲਈ ਢੁਕਵਾਂ ਰਹੇਗਾ।"

"ਭਾਅ ਜੀ, ਉਹ ਕਿਹੜੀਆਂ ਗੱਲਾਂ ਹਨ, ਜਿਨ੍ਹਾਂ ਨੂੰ ਕਰਨ ਲਈ ਸਾਨੂੰ ਏਨੇ ਮੱਛਰ ਵਿੱਚ ਆਉਣਾ ਪਿਆ ਹੈ?"

"ਸੁਕਰਾਤ ਤੋਂ ਪਿੱਛੋਂ ਹੁਣ ਇਫ਼ਲਾਤੂਨ ਦੀ ਵਾਰੀ ਹੈ।"

"ਉਸ ਬਾਰੇ ਕੁਝ ਕਹਿਣ ਤੋਂ ਪਹਿਲਾਂ ਉਸ ਤੋਂ ਪਹਿਲੀ ਯੂਨਾਨੀ ਵਿਚਾਰ ਉੱਤੇ ਝਾਤੀ ਪਾ ਕੇ ਇਹ ਵੇਖਣਾ ਪਵੇਗਾ ਕਿ ਪਲੇਟੋ ਨੂੰ ਘੜਨ, ਬਣਾਉਣ ਵਾਲੇ ਪ੍ਰਭਾਵ ਕਿਹੜੇ ਹਨ। ਪਲੇਟੋ ਦੇ ਵਿਚਾਰ ਲੱਗਪੱਗ ਦੋ ਹਜ਼ਾਰ ਸਾਲ ਤੱਕ ਮਨੁੱਖੀ ਸੋਚ ਨੂੰ ਪ੍ਰਭਾਵਤ ਕਰਦੇ ਰਹੇ ਹਨ। ਅੱਜ ਵੀ ਕਈ ਲੋਕ ਹਨ, ਜਿਹੜੇ ਉਸ ਵਾਂਗ ਸੋਚਣ ਲਈ ਮਜਬੂਰ ਹਨ। ਵਾਇਟਹੈੱਡ ਨਾਂ ਦੇ ਇੱਕ ਅੰਗਰੇਜ਼ ਵਿਦਵਾਨ ਨੇ ਪਲੇਟੋ ਤੋਂ ਪਿੱਛੋਂ ਹੋਣ ਵਾਲੇ ਸਾਰੇ ਪੱਛਮੀ ਵਿਚਾਰਵਾਨਾਂ ਦੀਆਂ ਕਿਰਤਾਂ ਨੂੰ 'ਪਲੇਟੋ ਬਾਰੇ ਟਿੱਪਣੀਆਂ ਦੀ ਲੜੀ' (Series of Footnotes to Plato) ਆਖਿਆ ਹੈ।"

"ਵੀਰ ਜੀ, ਯੌਰਪ ਵਿੱਚ ਈਸਾਈ ਵਿਚਾਰਵਾਨ ਵੀ ਹੋਏ ਹਨ, ਕੀ ਉਨ੍ਹਾਂ ਦੇ ਵਿਚਾਰ ਵੀ ਪਲੇਟੋ ਉੱਤੇ ਟਿੱਪਣੀਆਂ ਹੀ ਆਖੇ ਜਾਣਗੇ?"

"ਪਲੇਟੋ ਜਾਗੀਰਦਾਰ ਘਰਾਣੇ ਵਿੱਚ ਜੰਮਿਆ-ਪਲਿਆ ਇੱਕ ਪ੍ਰਤਿਭਾਵਾਨ ਵਿਅਕਤੀ ਸੀ। ਉਹ ਸੁਕਰਾਤ ਵਰਗੇ ਸਿਆਣੇ ਅਤੇ ਸੁਹਿਰਦ ਆਦਮੀ ਦਾ ਸ਼ਰਧਾਲੂ ਸ਼ਾਗਿਰਦ ਸੀ। ਉਹ ਵਿਦਵਾਨ ਸੀ। ਉਸ ਕੋਲ ਧਨ, ਸਮਾਂ, ਅਵਸਰ ਅਤੇ ਉਤਸ਼ਾਹ ਸੀ। ਉਹ ਦੂਰ-ਦੁਰਾਡੇ ਦੇਸ਼ਾਂ ਦਾ ਰਟਣ ਕਰਨ ਵਿੱਚ ਵੀ ਰੁੱਚੀ ਰੱਖਦਾ ਸੀ। ਦੋ ਤਿੰਨ ਸਦੀਆਂ ਦੀ ਮਨੁੱਖੀ ਸੋਚ ਦਾ ਭੰਡਾਰ ਉਸ ਦੇ ਸਾਹਮਣੇ ਸੀ। ਯੂਨਾਨੀ ਨਗਰ ਰਾਜਾਂ, ਵਿਸ਼ੇਸ਼ ਕਰਕੇ ਆਪਣੇ ਨਗਰ ਰਾਜ ਏਥਨਜ਼ ਦੇ ਐਸ਼ਵਰਜ ਅਤੇ ਪਤਨ ਦੀ ਕਹਾਣੀ ਉਸ ਨੇ ਸੁਕਰਾਤ ਵਰਗੇ ਉਨ੍ਹਾਂ ਲੋਕਾਂ ਕੋਲੋਂ ਸੁਣੀ ਸੀ, ਜਿਨ੍ਹਾਂ ਨੇ ਇਹ ਸਭ ਕੁਝ ਅੱਖੀਂ ਵੇਖਿਆ ਸੀ। ਮਿਸਰ, ਬੇਬੀਲੋਨੀਆ, ਮੈਸੋਪੋਟੇਮੀਆ, ਈਰਾਨ ਅਤੇ ਯੂਨਾਨ ਆਦਿਕ ਕਈ ਸੱਭਿਅਤਾਵਾਂ ਦੇ ਵਿਕਾਸ ਅਤੇ ਪਤਨ ਦੇ ਇਤਿਹਾਸ ਉਸ ਦੇ ਅਧਿਐਨ ਲਈ ਮੌਜੂਦ ਸਨ। ਇਨ੍ਹਾਂ ਸਾਰੀਆਂ ਸਹੂਲਤਾਂ ਦੇ ਨਤੀਜੇ ਵਜੋਂ ਹੋਂਦ ਵਿੱਚ ਆਈ ਹੋਈ ਪਲੇਟੋ ਦੀ ਸੋਚ ਬਹੁ-ਪੱਖੀ ਅਤੇ ਵਿਸ਼ਾਲ ਹੈ। ਈਸਾਈਅਤ ਕੋਲ ਮਿਥਿਹਾਸ ਯਹੂਦੀ ਹੈ, ਪੂਜਾ ਦੀਆਂ ਵਿਧੀਆਂ ਅਤੇ ਕਰਮ-ਕਾਂਡ ਯਹੂਦੀ ਹਨ; ਪਰੰਤੂ, ਦਾਰਸ਼ਨਿਕਤਾ ਸਾਰੀ ਦੀ ਸਾਰੀ ਪਲੇਟੋ ਅਤੇ ਉਸ ਦੇ ਸ਼ਾਗਿਰਦ ਅਰਸਤੂ ਦੀ ਦਿੱਤੀ ਹੋਈ ਹੈ। ਬ੍ਰਹਿਮੰਡ ਅਤੇ ਪਰਾਭੌਤਿਕ ਸੰਬੰਧੀ ਇਨ੍ਹਾਂ ਦੋਹਾਂ ਦੇ ਸਿਧਾਂਤਾਂ ਦਾ ਸਹਾਰਾ ਲੈਣ ਕਾਰਨ ਹੀ ਈਸਾਈਅਤ ਅਤੇ ਇਸਲਾਮ ਆਮ ਲੋਕਾਂ ਵਿੱਚ ਆਪਣੀ ਥਾਂ ਬਣਾ ਸਕੇ ਹਨ।"

"ਪਾਪਾ, ਆਪਣੀ ਵਡ-ਆਕਾਰੀ ਪੁਸਤਕ *ਏ ਸਟੱਡੀ ਆਫ਼ ਹਿਸਟਰੀ (A Study of History)* ਵਿੱਚ ਅੰਗਰੇਜ਼ ਵਿਦਵਾਨ ਆਰਨਲਡ ਟੋਇਨਬੀ ਨੇ ਦੁਨੀਆ ਦੀਆਂ ਅਠਾਈ ਜਾਂ ਉਨੱਤੀ ਸੱਭਿਅਤਾਵਾਂ ਦੇ ਉਦੇਆਸਤ ਦਾ ਵਿਸਥਾਰ ਕੀਤਾ ਹੈ। ਉਸ ਅਨੁਸਾਰ ਸਾਰੀਆਂ ਸੱਭਿਅਤਾਵਾਂ ਉਪਜ ਵਿਕਾਸ ਅਤੇ ਪਤਨ ਦੇ ਇੱਕੋ ਨਮੂਨੇ, ਪੈਟਰਨ ਜਾਂ ਪੈਰਾਡਾਇਮ ਅਨੁਸਾਰ ਪੈਦਾ ਜਾਂ ਉਦੇ ਹੋ ਕੇ ਆਪਣੇ ਅੰਤ ਨੂੰ ਪੁੱਜਦੀਆਂ ਜਾਂ ਅਸਤ ਨੂੰ ਪ੍ਰਾਪਤ ਹੁੰਦੀਆਂ ਰਹੀਆਂ ਹਨ। ਜੇ ਆਰਨਲਡ ਟੋਇਨਬੀ ਦਾ ਸਿਧਾਂਤ ਠੀਕ ਜਾਂ ਪ੍ਰਮਾਣੀਕ ਹੈ ਤਾਂ ਇਹ ਵੀ ਹੋ ਸਕਦਾ ਹੈ ਕਿ ਪਲੇਟੋ ਦੇ ਵਿਚਾਰਾਂ ਦਾ ਪ੍ਰਭਾਵ ਯੌਰਪ ਤੱਕ ਹੀ ਸੀਮਿਤ ਨਾ ਰਹਿ ਕੇ ਦੂਰ-ਦੁਰਾਡੇ ਪੂਰਬੀ ਦੇਸ਼ਾਂ ਤੱਕ ਵੀ ਪੁੱਜਾ ਹੋਵੇ।"

"ਬੇਟਾ ਜੀ, ਇਤਿਹਾਸ, ਦਰਸ਼ਨ, ਰਾਜਨੀਤੀ ਜਾਂ ਧਰਮ ਆਦਿਕ ਕਿਸੇ ਵੀ ਪੱਖੋਂ ਵੇਖਿਆਂ ਮਨੁੱਖੀ ਸਮਾਜਾਂ ਦੇ ਵਿਕਾਸਾਂ, ਵਤੀਰਿਆਂ, ਵਿਸ਼ਵਾਸਾਂ ਅਤੇ ਵਿਚਾਰਾਂ ਵਿੱਚ ਗੂੜ੍ਹੀ ਸਾਂਝ ਵੇਖੀ ਜਾ ਸਕਦੀ ਹੈ। ਕੋਈ ਸਮਾਂ ਹੋਵੇਗਾ, ਜਦੋਂ ਮਨੁੱਖ ਇਸ ਸਾਂਝ ਨੂੰ ਆਪਣੇ ਲਈ ਮਾਣ ਵਾਲੀ ਗੱਲ ਸਮਝਦਾ ਹੋਵੇਗਾ। ਹੌਲੀ ਹੌਲੀ ਦੇਸ਼ਾਂ ਦੀਆਂ ਹੱਦਾਂ ਪੱਕੀਆਂ ਹੋ ਜਾਣ ਉੱਤੇ, ਆਪਸੀ ਲੜਾਈਆਂ ਦੇ ਸਿੱਟੇ ਵਜੋਂ ਨਫ਼ਰਤਾਂ, ਈਰਖਾਵਾਂ ਅਤੇ ਦੁਸ਼ਮਣੀਆਂ ਪੱਕੀਆਂ ਹੋ ਜਾਣ ਉੱਤੇ ਸਾਂਝਾਂ ਦੀ ਥਾਂ ਵਖੇਵਿਆਂ ਅਤੇ ਵਿਰੋਧਾਂ ਦਾ ਮਹੱਤਵ ਵਧ ਗਿਆ ਹੋਵੇਗਾ। ਹੁਣ ਹਾਲਤ ਇਹ ਹੈ ਕਿ ਇੱਕ ਦੇਸ਼ ਦਾ ਸਾਧਾਰਣ ਜਿਹਾ ਵਾਸੀ ਇਹ ਮੰਨਣ ਨੂੰ ਤਿਆਰ ਨਹੀਂ ਕਿ ਮੇਰੇ ਦੇਸ਼ ਦੀ ਸੱਭਿਅਤਾ ਉੱਤੇ ਕਿਸੇ ਦੂਜੇ ਦੇਸ਼ ਦਾ ਪ੍ਰਭਾਵ ਹੈ। ਅਜੇਹੀ ਕੋਈ ਵੀ ਸੋਚ ਉਸ ਦਾ ਸਿਰ ਨੀਵਾਂ ਕਰ ਦਿੰਦੀ ਹੈ। ਉਸ ਦੇ ਆਪਣੇ ਦੇਸ਼ ਦੀ ਸੋਚ ਨੇ ਜੇ ਸੰਸਾਰ ਦੀ ਸੋਚ ਨੂੰ ਕੁਝ ਦਿੱਤਾ ਹੈ, ਤਾਂ ਇਹ ਗੱਲ ਉਸ ਨੂੰ ਗੌਰਵ ਨਾਲ ਭਰ ਦਿੰਦੀ ਹੈ—ਢਿੱਡੋਂ ਭਾਵੇਂ ਭੁੱਖਾ ਹੀ ਹੋਵੇ। ਅਸੀਂ ਦੇਸ਼ਾਂ, ਕੌਮਾਂ ਦੀ ਆਪਸੀ ਨਿਰਭਰਤਾ ਨੂੰ ਮੁਥਾਜੀ ਸਮਝਦੇ ਹਾਂ, ਇਸ ਨੂੰ ਸਾਂਝ, ਸਹਿਯੋਗ ਅਤੇ ਮਿੱਤਰਤਾ ਮੰਨ ਕੇ ਜੀਵਨ ਦੀ ਸੁਹਣੀ ਸੱਚਾਈ ਸਵੀਕਾਰਨ ਨੂੰ ਤਿਆਰ ਨਹੀਂ ਹੁੰਦੇ। ਕਿੰਨੇ ਛੋਟੇ ਹਾਂ ਅਸੀਂ! ਬਿਲਕੁਲ ਬੱਚੇ! ਕਿਸੇ ਦੂਜੀ ਧਰਤੀ ਤੋਂ ਆਇਆ ਹੋਇਆ ਆਦਮੀ ਸਾਡੀ ਧਰਤੀ ਦੇ ਵੱਖ ਵੱਖ ਹਿੱਸਿਆਂ ਉੱਤੇ ਵੱਸਣ ਵਾਲੇ ਵੱਖ ਵੱਖ ਸਮਾਜਾਂ ਦੇ ਵਿਚਾਰਾਂ ਵਿੱਚ ਜਿੰਨੀ ਸਾਂਝ ਵੇਖ ਸਕਦਾ ਹੈ, ਓਨੀ ਅਸੀਂ ਨਹੀਂ ਵੇਖ ਸਕਦੇ। ਅਸੀਂ ਪੂਰਵ ਧਾਰਨਾ ਦੇ ਰੋਗੀ ਹੋ ਕੇ ਸੋਚਦੇ ਹਾਂ; ਉਹ ਅਣਜਾਣ ਅਤੇ ਨਿਰਪੱਖ ਹੋਣ ਕਰ ਕੇ ਨਿਰੋਲ ਮਨੁੱਖ ਹੋ ਕੇ ਸੋਚੇਗਾ।"

"ਭਾਅ ਜੀ, ਆਓ ਹੁਣ ਆਪਣੇ ਵਿੱਤ ਅਨੁਸਾਰ ਨਿਰਪੱਖ ਹੋ ਕੇ ਪਲੇਟੋ ਬਾਰੇ ਸੋਚੀਏ।"

"ਮੈਂ ਤਾਂ ਇਹ ਸਮਝਦੀ ਹਾਂ ਕਿ ਪਹਿਲਾਂ ਆਪਣੇ ਆਪ ਨੂੰ ਭੁੱਖੇ ਮੰਨ ਲਿਆ ਜਾਣਾ ਚਾਹੀਦਾ ਹੈ।"

"ਮੰਨਣਾ ਹੀ ਪਵੇਗਾ, ਪਾਪਾ! ਭੁੱਖ ਸਭਨਾਂ ਨੂੰ ਲੱਗੀ ਹੋਈ ਹੈ; ਬੱਸ ਬੇ-ਧਿਆਨੇ ਹੋਏ ਹੋਏ ਸਾਂ।"

ਰੋਟੀ ਖਾ ਲੈਣ ਪਿੱਛੋਂ ਪਾਪਾ ਨੇ ਕਿਹਾ, "ਪਲੇਟੋ ਦਾ ਜਨਮ 428 ਪੂਰਵ ਈਸਵੀ ਵਿੱਚ ਹੋਇਆ ਸੀ। ਉਸ ਦੇ ਜਨਮ ਤੋਂ ਇੱਕ ਸਾਲ ਪਹਿਲਾਂ 429 ਪੂਰਬ ਈਸਵੀ ਵਿੱਚ ਪੈਰੀਕਲੀਜ਼ ਦੀ ਮੌਤ ਹੋਈ ਸੀ। ਪਲੇਟੋ ਦੇ ਬਚਪਨ ਵਿੱਚ ਏਥਨਜ਼ ਦਾ ਸਾਰਾ ਗੌਰਵ ਅਤੇ ਐਸ਼ਵਰਜ ਮਿੱਟੀ ਵਿੱਚ ਮਿਲਾਇਆ ਜਾ ਰਿਹਾ ਸੀ। ਆਪਣੇ ਦੇਸ਼ ਦੇ ਆਲੀਸ਼ਾਨ ਮੰਦਰਾਂ ਦੇ ਖੰਡਰਾਂ ਵਿੱਚ ਖੇਡਦਿਆਂ ਬੀਤਿਆ ਹੋਵੇਗਾ ਉਸ ਦਾ ਬਚਪਨ ਅਤੇ ਆਪਣੇ ਦੇਸ਼-ਵਾਸੀਆਂ ਨੂੰ ਭ੍ਰਿਸ਼ਟਾਚਾਰ ਦੀਆਂ ਡੂੰਘਾਈਆਂ ਵਿੱਚ ਡਿਗਦੇ ਵੇਖਦਿਆਂ ਉਹ ਵੱਡਾ ਹੋਇਆ ਹੋਵੇਗਾ। ਕੋਈ ਵਿੱਦਿਆ, ਕੋਈ ਸਿਆਣਪ, ਕੋਈ ਜੀਵਨ ਅਨੁਭਵ ਉਸ ਦੇ ਮਨ ਉੱਤੇ ਪਏ ਮੁੱਢਲੇ ਪ੍ਰਭਾਵਾਂ ਨੂੰ ਧੋ ਨਹੀਂ ਸੀ ਸਕਿਆ। ਸੈਨਿਕ-ਸੱਤਾ ਦੇ ਸਵਾਮੀ ਸਪਾਰਟਾ ਦੇ ਪਸ਼ੂਪੁਣੇ ਨੇ ਉਸ ਦੇ ਦੇਸ਼ ਦੀ ਬਰਬਾਦੀ ਕੀਤੀ ਸੀ। ਆਪਣੇ ਦੇਸ਼ ਦੇ ਸਨਮਾਨ ਅਤੇ ਗੌਰਵ ਦੀ ਸਲਾਮਤੀ ਲਈ ਉਸ ਨੂੰ ਸੈਨਿਕ ਸੱਤਾ ਦੇ ਪਸ਼ੂਪੁਣੇ ਤੋਂ ਵੱਖਰਾ ਕੋਈ ਰਸਤਾ ਨਹੀਂ ਸੀ ਦਿੱਸਦਾ। ਉਸ ਨੇ.....।"

"ਵੀਰ ਜੀ, ਪਲੀਜ਼.....।"

"ਹਾਂ, ਹਾਂ, ਆਖੋ।"

"ਹੈਰਾਨੀ ਦੀ ਗੱਲ ਹੈ, ਭਾਰਤ ਨਾਲ ਸੰਜੋਗ ਸੰਬੰਧ ਹੁੰਦਿਆਂ ਹੋਇਆਂ, ਬੁੱਧ, ਜੋ 563 ਪੂਰਵ ਈਸਵੀ ਵਿੱਚ ਪੈਦਾ ਹੋਇਆ ਸੀ, ਦੇ ਖ਼ਿਆਲਾਂ ਤੋਂ ਜਾਣੂ ਹੁੰਦਿਆਂ ਹੋਇਆਂ, ਏਨੀ

ਵਿਦਵਤਾ ਦੇ ਬਾਵਜੂਦ; ਜੰਗਾਂ ਦੇ ਨਤੀਜੇ ਵੇਖਦਿਆਂ ਹੋਇਆਂ ਵੀ, ਪਲੇਟੋ ਨੇ ਸੈਨਿਕ ਸੱਤਾ ਨੂੰ ਸੁਰੱਖਿਆ ਦਾ ਸਾਧਨ ਮੰਨਿਆ..... ! ਇਸ ਸੰਬੰਧ ਵਿੱਚ ਕੁਝ ਕਹਿੰਦੇ ਜਾਓ, ਵੀਰ ਜੀ।"

"ਕਦੀ ਕਦੀ ਏਧਰ ਓਧਰ ਦੀਆਂ ਗੱਲਾਂ ਕਿੰਨੀਆਂ ਜ਼ਰੂਰੀ ਹੋ ਜਾਂਦੀਆਂ ਹਨ ! ਬੁੱਧ ਦਾ ਦਇਆ, ਅਹਿੰਸਾ ਅਤੇ ਪਿਆਰ ਦਾ ਸਿਧਾਂਤ ਮਾਨਵ ਦੇ ਮਨੋ-ਵਿਕਾਸ ਦੀ ਸਿਖਰ ਜ਼ਰੂਰ ਸੀ; ਪਰ, ਯੋਗ ਜਾਂ ਢੁਕਵੇਂ ਸਮੇਂ ਤੋਂ ਦੋ ਢਾਈ ਹਜ਼ਾਰ ਸਾਲ ਪਹਿਲਾਂ ਪ੍ਰਗਟ ਕੀਤਾ ਗਿਆ ਸੀ। ਪਿਆਰ ਅਤੇ ਮੁਕਤੀ ਦੇ ਸਿਧਾਂਤ ਨੂੰ ਉਸ ਸਮੇਂ ਵਿਅਕਤੀਗਤ ਪੱਧਰ ਤੱਕ ਹੀ ਅਪਣਾਇਆ ਜਾ ਸਕਦਾ ਸੀ। ਕੌਮਾਂਤਰੀ ਪੱਧਰ ਉੱਤੇ ਸਿਰਫ਼ ਉਦੋਂ ਹੀ ਨਹੀਂ, ਹੁਣ ਤਕ ਦੁਨੀਆ ਪਸ਼ੂ-ਪੱਧਰ ਉੱਤੇ ਹੈ। ਕੌਮਾਂ ਜਾਂ ਦੇਸ਼ ਅਜੇ ਵੀ ਸੱਭਿਅ ਸੰਸਾਰ ਦੇ ਅਸੱਭਿਅ ਜਾਂ ਜੰਗਲੀ ਵਸਨੀਕ ਹਨ। ਕੌਮਾਂ ਦੇ ਸੰਬੰਧਾਂ ਅਤੇ ਵਤੀਰਿਆਂ ਨੂੰ ਸੱਭਿਅਤਾ ਦੀ ਹੱਦ ਵਿੱਚ ਰੱਖਣ ਲਈ ਕੋਈ ਕਾਨੂੰਨ ਨਹੀਂ। ਅੰਤਰ-ਰਾਸ਼ਟਰੀ ਕਾਨੂੰਨ ਨਾਂ ਦੀ ਕਿਸੇ ਚੀਜ਼ ਦਾ ਕੋਈ ਮਤਲਬ ਨਹੀਂ, ਜੇ ਉਸ ਨੂੰ ਲਾਗੂ ਕਰਨ ਲਈ ਸੰਸਾਰ ਦੀ ਸਾਂਝੀ ਹਕੂਮਤ ਜਾਂ ਅਦਾਲਤ ਨਹੀਂ। ਪਹਿਲੇ ਸੰਸਾਰ-ਯੁੱਧ ਤੋਂ ਮਗਰੋਂ 'ਲੀਗ ਆਫ਼ ਨੇਸ਼ਨਜ਼' ਬਣੀ ਸੀ; ਤੋੜ ਦਿੱਤੀ ਗਈ। ਦੂਜੇ ਸੰਸਾਰ-ਯੁੱਧ ਤੋਂ ਪਿੱਛੋਂ ਯੂ.ਐਨ.ਓ. ਦੀ ਸਥਾਪਨਾ ਹੋਈ ਹੈ। ਇਸ ਦੇ ਨਿਰਾਦਰ ਦੀਆਂ ਕਹਾਣੀਆਂ ਆਮ ਹਨ। ਇਸ ਦਾ ਸਭ ਤੋਂ ਵੱਡਾ ਨਿਰਾਦਰ ਇਸ ਨੂੰ ਅਮਰੀਕਾ ਜਾਂ ਪੱਛਮੀ ਤਾਕਤਾਂ ਦਾ ਹੱਥ ਠੋਕਾ ਕਹਿਣਾ ਹੈ। ਇਹ ਕਮਜ਼ੋਰ ਬੇ-ਸ਼ੱਕ ਹੈ, ਪਰ ਨਿੰਦਨੀ ਨਹੀਂ ਹੈ। ਇਹ ਸੱਭਿਅ ਸੰਸਾਰ ਦੀ 'ਆਸ' ਹੈ। ਆਪਣੀਆਂ ਪੂਰਵ-ਧਾਰਨਾਵਾਂ ਅਧੀਨ ਅਸੀਂ ਇਸ ਸੱਚ ਨੂੰ ਸਵੀਕਾਰਨ ਤੋਂ ਇਨਕਾਰ ਕਰ ਦਿੰਦੇ ਹਾਂ। ਇਹ ਨਹੀਂ ਸੋਚਦੇ ਕਿ ਕਿਸੇ ਤਰ੍ਹਾਂ ਵੀ, ਕਿਸੇ ਸਹਾਰੇ ਵੀ ਯੂ.ਐਨ.ਓ. ਦਾ ਜੀਊਂਦੇ ਰਹਿਣਾ ਜ਼ਰੂਰੀ ਹੈ। ਜੇ ਕੋਈ ਬੱਚਾ ਗਡੀਰੇ ਦੇ ਸਹਾਰੇ ਤੁਰ ਰਿਹਾ ਹੈ ਤਾਂ ਉਸ ਨੂੰ ਲੂਲਾ ਜਾਂ ਪਿੰਗਲਾ ਕਹਿ ਕੇ ਉਸ ਦਾ ਨਿਰਾਦਰ ਕਰਨ ਵਿੱਚ ਸਿਆਣਪ ਨਹੀਂ। ਅਸੀਂ ਆਪਣੇ ਨਿਸ਼ਾਨੇ ਤੋਂ ਦੂਰ ਤਾਂ ਨਹੀਂ ਚਲੇ ਗਏ ?"

"ਕੋਈ ਹਰਜ ਨਹੀਂ, ਪਾਪਾ। ਤੁਸੀਂ ਆਪਣੀ ਗੱਲ ਪੂਰੀ ਕਰੋ।"

"ਪਲੇਟੋ ਦੇ ਸਮੇਂ ਹੀ ਨਹੀਂ, ਹੁਣ ਤੱਕ ਅਸੀਂ ਸ਼ਕਤੀ, ਹਿੰਸਾ ਅਤੇ ਹੱਤਿਆ ਨੂੰ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਸਮਝਦੇ ਹਾਂ। ਦੁਨੀਆ ਦਾ ਰੱਬ ਜਾਂ ਈਸ਼ਵਰ ਸਰਬ-ਸ਼ਕਤੀਮਾਨ ਹੋਣਾ ਜ਼ਰੂਰੀ ਹੈ। ਜਦੋਂ ਵੀ ਦੁਨੀਆ ਵਿੱਚ ਆਵੇ ਜਾਂ ਕਿਸੇ ਨੂੰ ਘੱਲੇ ਨਵੇਂ ਤੋਂ ਨਵਾਂ ਹਥਿਆਰ ਲੈ ਕੇ ਆਉਂਦਾ ਹੈ। ਸੰਘਾਰ ਜਾਂ ਹੱਤਿਆ ਤੋਂ ਵੱਖਰਾ ਕੋਈ ਤਰੀਕਾ ਉਸ ਕੋਲ ਨਹੀਂ। ਸ਼ਕਤੀ ਅਤੇ ਹਿੰਸਾ ਨੂੰ ਅੰਤਲਾ ਹਥਿਆਰ ਮੰਨਣ ਦੀ ਸਲਾਹ ਜੇ ਦੁਨੀਆ ਦੇ ਪੀਰ, ਪੈਗ਼ੰਬਰ ਹੁਣ ਤੱਕ ਦਿੰਦੇ ਆ ਰਹੇ ਹਨ ਤਾਂ ਪਲੇਟੋ ਨੂੰ ਮੁਆਫ਼ ਕੀਤਾ ਜਾ ਸਕਦਾ ਹੈ।"

"ਪਾਪਾ, ਜੇ ਪਲੇਟੋ ਨਾ ਲਿਖਦਾ ਤਾਂ ਵੀ ਸੰਸਾਰ ਵਿੱਚ ਜੰਗਾਂ ਹੋਣੀਆਂ ਹੀ ਸਨ; ਸ਼ਕਤੀ, ਹਥਿਆਰ, ਹਿੰਸਾ ਅਤੇ ਹੱਤਿਆ ਨੇ ਮਨੁੱਖੀ ਸਮਾਜਾਂ ਦੀ ਕਿਸਮਤ ਦੇ ਫ਼ੈਸਲੇ ਕਰਦੇ ਹੀ ਰਹਿਣਾ ਸੀ। ਉਸ ਦੇ ਲਿਖਣ ਨਾਲ ਕੀ ਫ਼ਰਕ ਪਿਆ ਹੈ ? ਜੇ ਸਾਰੇ ਸਿਆਣੇ ਬੁੱਧ ਵਾਂਗ ਸੋਚਦੇ ਤਾਂ ਕੀ ਹੁੰਦਾ ?"

"ਬਹੁਤ ਔਖਾ ਸਵਾਲ ਹੈ, ਬੇਟਾ ਜੀ, ਸਾਰੇ ਮਿਲ ਕੇ ਇਸ ਦਾ ਉੱਤਰ ਲੱਭਦੇ ਹਾਂ। ਪ੍ਰਸ਼ਨ ਦਾ ਪਹਿਲਾ ਹਿੱਸਾ ਪਲੇਟੋ ਨਾਲ ਸੰਬੰਧਤ ਹੈ। ਪਹਿਲਾਂ ਇਸੇ ਵੱਲ ਵੇਖਦੇ ਹਾਂ। ਪਲੇਟੋ ਤੋਂ ਪਹਿਲਾਂ ਯੂਨਾਨੀ ਵਿਚਾਰਵਾਨ ਜੀਵਨ ਅਤੇ ਬ੍ਰਹਿਮੰਡ ਨੂੰ ਜਾਣਨ ਦੀ ਕੋਸ਼ਿਸ਼ ਕਰਦੇ ਰਹੇ ਸਨ। ਜੀਵਨ ਆਪਣੀ ਚਾਲੇ ਤੁਰਿਆ ਰਹਿੰਦਾ ਸੀ। ਜੀਵਨ ਦੀ ਉਤਪਤੀ, ਵਿਕਾਸ ਅਤੇ ਵਿਨਾਸ਼ ਬਾਰੇ ਸਾਰੇ ਵਿਚਾਰਵਾਨਾਂ ਦੇ ਸਿਧਾਂਤ ਆਪੋ ਆਪਣੇ ਸਨ। ਉਨ੍ਹਾਂ ਦੀ ਸੋਚ ਠੀਕ

ਸੀ ਜਾਂ ਗ਼ਲਤ ਇਸ ਗੱਲ ਵੱਲ ਧਿਆਨ ਨਾ ਦੇ ਕੇ ਉਹ ਸੁਤੰਤਰ ਢੰਗ ਨਾਲ ਸੋਚਦੇ ਸਨ। ਉਹ ਆਪਣੀ ਸੋਚ ਨੂੰ ਠੀਕ ਸਮਝਦੇ ਸਨ; ਪਰ, ਉਸ ਦੇ ਠੀਕ ਹੋਣ ਦਾ ਦਾਅਵਾ ਕਰ ਕੇ ਆਪਣੀ ਸੋਚ ਨੂੰ ਜੀਵਨ ਉੱਤੇ ਠੋਸਦੇ ਨਹੀਂ ਸਨ। ਜਦੋਂ ਪਲੇਟੋ ਨੇ ਪੁਲੀਟੀਕਲ ਫਿਲਾਸੋਫੀ ਦੀ ਨੀਂਹ ਰੱਖ ਕੇ 'ਵਿਚਾਰ' ਨੂੰ ਦੇਸ਼ ਦੇ ਸਿਆਸੀ ਮੁਆਮਲਿਆਂ ਵਿੱਚ ਹਿੱਸਾ ਲੈਣ ਲਈ ਆਖਿਆ ਤਾਂ ਸਿਆਸੀ ਮੁਆਮਲੇ ਮਨੋਰਥ ਬਣ ਗਏ; ਮਹੱਤਵਪੂਰਣ ਬਣ ਗਏ ਅਤੇ ਸੋਚ ਉਨ੍ਹਾਂ ਮੁਆਮਲਿਆਂ ਦੀ ਵਿਆਖਿਆ ਦਾ ਸਾਧਨ ਬਣ ਗਈ। ਸਿਆਸਤ ਸੱਤਾ ਦੀ ਖੇਡ ਸੀ ਅਤੇ ਹੈ; ਸੋਚ ਨੂੰ ਸੱਤਾ ਦੀ ਸੇਵਾ ਵਿੱਚ ਲਾਉਣ ਦੀ ਭੁੱਲ ਪਲੇਟੋ ਕੋਲੋਂ ਹੋਈ ਹੈ।"

"ਪਾਪਾ, ਪਲੇਟੋ ਤੋਂ ਪਹਿਲਾਂ ਲਾਇਕਰਗਸ ਨੇ ਸਪਾਰਟਾ ਦਾ ਵਿਧਾਨ ਬਣਾਇਆ ਸੀ। ਸੋਚ ਨੂੰ ਸੱਤਾ ਦੀ ਸੇਵਾ ਵਿੱਚ ਲਾਉਣ ਦੀ ਪਹਿਲ ਉਸ ਨੇ ਕੀਤੀ ਸੀ। ਸਾਰਾ ਦੋਸ਼ ਪਲੇਟੋ ਦੇ ਮੱਥੇ ਨਹੀਂ ਮੜ੍ਹਿਆ ਜਾਣਾ ਚਾਹੀਦਾ।"

"ਬਿਲਕੁਲ ਠੀਕ ਹੈ। ਲਾਇਕਰਗਸ ਨੇ ਸਪਾਰਟਾ ਦੇ ਲੋਕਾਂ ਨੂੰ ਨਿਰੋਲ ਲੜਾਕੇ ਬਣਾਉਣ ਦੇ ਖ਼ਿਆਲ ਨਾਲ ਸਪਾਰਟਾ ਦਾ ਵਿਧਾਨ ਤਿਆਰ ਕੀਤਾ ਸੀ। ਉਸ ਦੇ ਬਣਾਏ ਵਿਧਾਨ ਵਿੱਚ ਵਪਾਰ, ਕਲਾ, ਸੋਚ, ਸੁਖ, ਸਿਆਣਪ, ਸੁੰਦਰਤਾ, ਮਮਤਾ, ਦਇਆ ਅਤੇ ਕਰੁਣਾ ਆਦਿਕ ਨੂੰ ਕੋਈ ਥਾਂ ਨਹੀਂ ਸੀ। ਉਸ ਦੇ ਵਿਧਾਨ ਦੀ ਹਰ ਧਾਰਾ ਸਪਾਰਟਾ ਦੇ ਮਨੁੱਖਾਂ ਵਿੱਚੋਂ ਮਨੁੱਖਤਾ ਕੱਢ ਕੇ ਹਿੰਸਾ-ਹੱਤਿਆ ਦੀ ਯੋਗਤਾ ਭਰਨ ਦੇ ਮਨੋਰਥ ਨਾਲ ਲਿਖੀ ਗਈ ਸੀ। ਨਤੀਜਾ ਪਲੇਟੋ ਦੇ ਸਾਹਮਣੇ ਸੀ। ਪੈਰੀਕਲੀਜ਼ ਦੇ ਸਮੇਂ ਏਥਨਜ਼ ਦੇ ਲੋਕਾਂ ਦੀ ਸਾਰੀ ਕਿਰਤ ਕਮਾਈ ਸਪਾਰਟਾ ਦੀ ਜਾਂਗਲੀਅਤ ਦੀ ਭੇਟ ਚੜ੍ਹ ਗਈ ਸੀ। ਪਲੇਟੋ ਨੇ ਇਸ ਤੋਂ ਸਬਕ ਨਾ ਸਿੱਖਦਿਆਂ ਹੋਇਆਂ ਇਸ ਜਾਂਗਲੀਅਤ ਨੂੰ ਜੀਵਨ ਲਈ ਸਤਿਕਾਰਯੋਗ ਬਣਾ ਦਿੱਤਾ। ਉਸ ਨੇ ਸਪਾਰਟਾ ਦੇ ਵਿਧਾਨ ਦੀ ਇੱਕ ਇੱਕ ਧਾਰਾ ਨੂੰ, ਉਸ ਵਿੱਚ ਦੱਸੇ ਗਏ ਇੱਕ ਇੱਕ ਤਰੀਕੇ ਨੂੰ ਆਪਣੀ ਰੀਪਬਲਿਕ ਦਾ ਹਿੱਸਾ ਬਣਾਇਆ, ਜਦ ਕਿ ਉਸ ਤੋਂ ਪਿੱਛੋਂ ਉਸੇ ਦੇ ਸ਼ਾਗਿਰਦ ਅਰਸਤੂ ਨੇ ਉਸੇ ਵਿਧਾਨ ਦੀ ਇੱਕ ਇੱਕ ਧਾਰਾ ਨੂੰ ਅਣ-ਮਨੁੱਖੀ ਕਹਿ ਕੇ ਭੰਡਿਆ ਸੀ।"

"ਵੀਰ ਜੀ, ਜੇ ਸਾਰੇ ਵਿਚਾਰਵਾਨ ਬੁੱਧ ਵਾਂਗ ਸੋਚਦੇ ਤਾਂ ?"

"ਅਜੇ ਸਾਡੀ ਪਹਿਲੀ ਗੱਲ ਪੂਰੀ ਨਹੀਂ ਹੋਈ। ਪਲੇਟੋ ਰਾਹੀਂ ਸੋਚ 'ਸ਼ਕਤੀ' ਦੀ ਸੇਵਾਦਾਰ ਬਣੀ। ਇਸ ਤੋਂ ਅਗੇਰੇ ਜਾ ਕੇ ਪਲੇਟੋ ਨੇ ਲਾਇਕਰਗਸ ਦੇ ਪਾਏ ਪੂਰਨਿਆਂ ਉੱਤੇ ਚੱਲਦਿਆਂ ਹੋਇਆਂ ਆਪਣੇ ਵਿਧਾਨ ਨੂੰ ਰੱਬੋਂ ਆਇਆ ਸਿੱਧ ਕਰਨ ਦਾ ਕੰਮ ਕੀਤਾ। ਲਾਇਕਰਗਸ ਆਪਣੀ ਹਰ ਗੱਲ ਨੂੰ ਦੇਵ ਬਾਣੀ ਦੇ ਰੂਪ ਵਿੱਚ ਪੇਸ਼ ਕਰਦਾ ਸੀ। ਦੈਵੀ ਅੰਸ਼ ਦੀ ਮਿਲਾਵਟ ਨਾਲ ਆਪਣੇ ਵਿਚਾਰਾਂ ਨੂੰ ਅਧਿਆਤਮਿਕ ਰੂਪ ਦੇਣ ਵਿੱਚ ਜੋ ਸਫਲਤਾ ਪਲੇਟੋ ਨੂੰ ਪ੍ਰਾਪਤ ਹੋਈ ਹੈ, ਉਹ ਉਸ ਤੋਂ ਪਹਿਲੇ ਕਿਸੇ ਯੂਨਾਨੀ ਵਿਚਾਰਵਾਨ ਨੂੰ ਨਹੀਂ ਹੋਈ। ਇਸ ਸੰਬੰਧ ਵਿੱਚ ਉਸ ਨੇ ਦੋ ਵਿਚਾਰਵਾਨਾਂ ਦੇ ਸਿਧਾਂਤਾਂ ਦਾ ਸੰਗਮ ਕੀਤਾ ਹੈ। ਉਂਜ ਤਾਂ ਉਸ ਉੱਤੇ ਪਿਥਾਗੋਰਸ (ਜਾਂ ਪਾਇਥਾਗੋਰਸ) ਦਾ ਪ੍ਰਭਾਵ ਵੀ ਸੀ; ਪਰੰਤੂ, ਹੇਰਾਕਲੀਟੱਸ ਅਤੇ ਪਰਮੀਨਾਈਡੀਜ਼ ਦੇ ਸਿਧਾਂਤਾਂ ਦੀ ਛਾਪ ਉਸ ਦੇ ਸਿਧਾਂਤਾਂ ਵਿੱਚ ਸਾਫ਼ ਵੇਖੀ ਜਾ ਸਕਦੀ ਹੈ। ਤੁਹਾਨੂੰ ਯਾਦ ਹੋਵੇਗਾ ਕਿ ਹੇਰਾਕਲੀਟਸ ਜੰਗ ਨੂੰ ਜਾਂ ਸੰਘਰਸ਼ ਨੂੰ ਅਨਾਦੀ ਅਤੇ ਅਨੰਤ ਮੰਨਦਾ ਸੀ। ਉਹ ਕਹਿੰਦਾ ਸੀ ਕਿ ਹਰ ਸ਼ੈ ਹਰ ਪਲ ਬਦਲ ਰਹੀ ਹੈ। ਇਸ ਦੇ ਉਲਟ ਪਰਮੀਨਾਈਡੀਜ਼ ਦਾ ਸਿਧਾਂਤ ਹੈ ਕਿ ਕੁਝ ਨਹੀਂ ਬਦਲਦਾ। ਜੋ ਤਬਦੀਲੀ ਅਸੀਂ ਵੇਖਦੇ ਹਾਂ ਇਹ ਇੱਕ ਭਰਮ ਹੈ; ਅਸੀਂ ਅਸਲੀਅਤ ਤੱਕ ਪੁੱਜ ਨਹੀਂ ਸਕਦੇ। ਪਲੇਟੋ ਨੇ ਇਨ੍ਹਾਂ ਦੋਹਾਂ ਸਿਧਾਂਤਾਂ ਨੂੰ ਇੱਕੱਠੇ ਕਰ ਕੇ ਆਦਰਸ਼ਵਾਦ ਜਾਂ ਆਈਡੀਅਲਿਜ਼ਮ (Idealism) ਦਾ ਸਿਧਾਂਤ ਘੜਿਆ ਸੀ, ਜਿਹੜਾ ਅੱਜ

ਤੱਕ ਦਾਰਸ਼ਨਿਕਾਂ ਵਿੱਚ ਸਤਿਕਾਰਯੋਗ ਥਾਂ ਮੱਲੀ ਬੈਠਾ ਹੈ। ਉਹ ਕਹਿੰਦਾ ਸੀ ਕਿ ਸੰਸਾਰ ਵਿਚਲੀਆਂ ਉਪਜਦੀਆਂ, ਵਿਕਸਦੀਆਂ ਅਤੇ ਬਿਨਸਦੀਆਂ ਚੀਜ਼ਾਂ ਅਸਲੀ ਨਹੀਂ ਹਨ! ਇਹ ਅਸਲ ਦੇ ਨਮੂਨੇ ਉੱਤੇ ਬਣਾਈਆਂ ਗਈਆਂ ਹਨ। ਹਰ ਸ਼ੈ ਦਾ ਅਸਲੀ ਰੂਪ ਇਸ ਦੁਨੀਆ ਨੂੰ ਪੈਦਾ ਕਰਨ ਵਾਲੇ ਦੇ ਖ਼ਿਆਲ (Idea) ਵਿੱਚ ਹੈ ਅਤੇ ਅਵਿਨਾਸ਼ੀ ਹੈ, ਸਦੀਵੀ ਹੈ। ਅਸਲ ਦੀ ਨਕਲ ਉੱਤੇ ਬਣੇ ਹੋਏ ਇਸ ਅਧੂਰੇ ਸੰਸਾਰ ਦੇ ਕਾਰੋਬਾਰ ਨੂੰ ਚਲਾਉਣ ਲਈ ਸਿਆਣੇ ਆਦਮੀਆਂ ਦੁਆਰਾ ਬਣਾਏ ਗਏ ਵਿਧਾਨ ਨੂੰ ਸ਼ਕਤੀਸ਼ਾਲੀ ਆਦਮੀਆਂ ਦੁਆਰਾ ਲਾਗੂ ਕੀਤਾ ਜਾਣਾ ਜ਼ਰੂਰੀ ਹੈ। ਕੁਝ ਇਸ ਪ੍ਰਕਾਰ ਦੀ ਸੋਚ ਸੀ ਪਲੇਟੋ ਦੀ। ਹੇਰਾਕਲੀਟੱਸ ਕਹਿੰਦਾ ਸੀ ਕਿ ਡੰਗਰਾਂ ਨੂੰ ਚਰਾਂਦ ਵੱਲ ਲੈ ਜਾਣ ਲਈ ਡੰਡਾ ਜ਼ਰੂਰੀ ਹੈ।"

"ਵੀਰ ਜੀ, ਇਉਂ ਲੱਗਦਾ ਹੈ ਕਿ ਈਸਾਈਅਤ ਅਤੇ ਇਸਲਾਮ ਨੇ ਪਲੇਟੋ ਦੇ ਦਾਰਸ਼ਨਿਕ ਅਧਿਆਤਮਵਾਦ ਨੂੰ ਜਨ-ਸਾਧਾਰਣ ਦੇ ਬੌਧਕ ਪੱਧਰ ਉੱਤੇ ਲਿਆ ਕੇ ਪ੍ਰਚਾਰਨ ਦਾ ਕੰਮ ਕੀਤਾ ਹੈ।"

"ਇਸ ਪਾਸੇ ਆਉਣ ਲਈ ਅਜੇ ਉਡੀਕਣਾ ਪਵੇਗਾ। ਏਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਪਲੇਟੋ ਨੇ ਆਪਣੇ ਆਪ ਨੂੰ ਪੈਗੰਬਰ ਨਾ ਆਖਦਿਆਂ ਹੋਇਆਂ, ਆਪਣੇ ਸਿਧਾਂਤ ਨੂੰ ਪਰਮ ਸੱਚ ਦਾ ਰੂਪ ਦੇਣ ਦਾ ਸਫਲ ਜਤਨ ਕਰ ਲਿਆ ਸੀ। ਇਉਂ ਹੋਣ ਨਾਲ ਪਲੇਟੋ ਨੂੰ ਕੋਈ ਲਾਭ ਹੋਇਆ ਜਾਂ ਨਾ, ਪਰ ਸੋਚ ਨੂੰ ਨੁਕਸਾਨ ਪੁੱਜਾ ਹੈ। ਜ਼ੀਨੋਫ਼ੋਨੀਜ਼ ਕਹਿੰਦਾ ਸੀ ਕਿ ਦੁਨੀਆ ਵਿੱਚ ਪਰਮ ਸੱਚ ਨਾਂ ਦੀ ਕੋਈ ਚੀਜ਼ ਨਹੀਂ, ਸਭ ਅਨੁਮਾਨ ਹਨ। ਇਹ ਸਿਧਾਂਤ ਸੋਚ ਦੇ ਵਿਕਾਸ ਦੀ ਹਾਮੀ ਭਰਦਾ ਹੈ। ਪਲੇਟੋ ਦੇ ਸ਼ਾਗਿਰਦ ਅਰਸਤੂ ਨੇ ਪਲੇਟੋ ਦੇ ਕਈ ਸਿਧਾਂਤਾਂ ਦਾ ਵਿਰੋਧ ਕੀਤਾ ਸੀ; ਪਰ, ਆਦਰਸ਼ਵਾਦ ਨੂੰ ਪਰਮ ਸੱਚ ਮੰਨਦਿਆਂ ਹੋਇਆਂ ਇਸ ਨੂੰ ਹੋਰ ਵਿਸਥਾਰਿਆ। ਗੁਰੂ ਚੇਲੇ ਦੀ ਕਿਰਪਾ ਨਾਲ 'ਸੋਚ' ਨੇ 'ਵਿਕਾਸ' ਦੇ ਮੁੱਲੋਂ 'ਸੱਚ' ਖ਼ਰੀਦ ਲਿਆ।"

"ਭਾਅ ਜੀ, ਜੇ ਸਾਰੇ ਸਿਆਣੇ ਬੁੱਧ ਵਾਂਗ ਸੋਚਦੇ ਤਾਂ ?"

"ਰਾਜਿਆਂ ਵਿੱਚ ਯੁੱਧ ਤਾਂ ਹੁੰਦੇ ਹੀ ਰਹਿਣੇ ਸਨ; ਪਰ, ਇਨ੍ਹਾਂ ਨੂੰ ਸਰਵ-ਸ੍ਰੇਸ਼ਟ ਮਨੁੱਖੀ ਉੱਦਮ ਆਖਣ ਦੀ ਦਲੇਰੀ ਕਿਸੇ ਨੇ ਨਹੀਂ ਸੀ ਕਰਨੀ। ਸਾਰੇ ਮੱਧਕਾਲ ਦੀ ਅਕਲ ਜੰਗ ਨੂੰ ਰੱਬੀ ਰਜ਼ਾ ਮੰਨਦੀ ਰਹੀ ਹੈ; ਰੱਬ ਦੀ ਰਜ਼ਾ ਹੀ ਨਹੀਂ। ਸਗੋਂ ਰੱਬ ਦਾ ਰੁਝੇਵਾਂ ਬਣੀ ਰਹੀ ਹੈ ਜੰਗ। ਉਹ ਆਪ ਇਸ ਜ਼ਰੂਰੀ ਕੰਮ ਨੂੰ ਕਰਨ ਲਈ ਦੁਨੀਆ ਵਿੱਚ ਆਉਂਦਾ ਰਿਹਾ ਹੈ ਅਤੇ ਆਪਣੇ ਲੱਗੇ ਬੱਧੇ ਘਲਦਾ ਰਿਹਾ ਹੈ। ਜੇ ਸਾਰੇ ਬੁੱਧ ਵਾਂਗ ਸੋਚਦੇ ਤਾਂ ਜੰਗ ਨੂੰ ਪਸ਼ੂਪੁਣਾ ਅਤੇ ਮੂਰਖ਼ਤਾ ਆਖਿਆ ਜਾਣਾ ਸੀ। ਹੁਣ ਵਾਂਗ ਯੋਧਿਆਂ ਨੂੰ ਰੱਬ ਦੇ ਉਚੇਚੇ ਚਹੇਤੇ ਕਹਿ ਕੇ ਪੂਜਿਆ ਨਹੀਂ ਸੀ ਜਾਣਾ। ਹੋ ਸਕਦਾ ਹੈ ਕਿ ਬਹਾਦਰ ਯੋਧੇ ਭਲਿਆਂ ਲੋਕਾਂ ਵਿੱਚ ਬਹਿਣੋਂ ਝਿਜਕਦੇ। ਨਤੀਜੇ ਵਜੋਂ ਮਨੁੱਖੀ ਸਮਾਜ ਆਪਣੇ ਵਿਰੋਧਾਂ ਨੂੰ ਸਮਝੌਤਿਆਂ ਨਾਲ ਨਜਿੱਠਣ ਦਾ ਤਰੀਕਾ ਸਿੱਖ ਲੈਂਦੇ। ਇਹ ਐਵੇਂ ਅਨੁਮਾਨ ਹੀ ਹਨ।"

"ਬਹੁਤ ਹੋ ਗਈ ਪਲੇਟੋ ਉੱਤੇ ਪਏ ਪ੍ਰਭਾਵਾਂ ਅਤੇ ਉਸ ਦੇ ਆਪਣੇ ਪ੍ਰਭਾਵਾਂ ਦੀ ਚਰਚਾ। ਤੁਸੀਂ ਗੱਲਾਂ ਕਰਦੇ ਥੱਕਦੇ ਨਹੀਂ ? ਮੈਂ ਤਾਂ ਸੁਣਦੀ ਸੁਣਦੀ ਥੱਕ ਗਈ ਹਾਂ। ਕਿੰਨੀ ਸੁਹਣੀ ਸ਼ਾਮ ਹੈ; ਆਓ ਜ਼ਰਾ ਘੁੰਮੀਏ ਫਿਰੀਏ," ਕਹਿ ਕੇ ਮਾਮਾ ਨੇ ਸਾਰਿਆਂ ਨੂੰ ਅੱਗੇ ਲਾ ਲਿਆ।

ਪੁਸ਼ਪੇਂਦ੍ਰ, ਇਸ ਸੁਹਾਵਣੀ ਅਤੇ ਲੰਮੀ ਸ਼ਾਮ ਨੂੰ ਇਨ੍ਹਾਂ ਬੀਆਬਾਨਾਂ ਵਿੱਚ ਗੁਜ਼ਾਰਨ ਦਾ ਆਨੰਦ ਕੁਝ ਅਨੋਖਾ ਹੈ। ਇਸ ਦਾ ਜ਼ਿਕਰ ਕਦੇ ਫੇਰ ਕਰਾਂਗੀ। ਸਾਡੀਆਂ ਪਹਿਲੀਆਂ ਗੱਲਾਂ ਉਵੇਂ ਹੀ ਜਾਰੀ ਰਹੀਆਂ। ਮੈਂ ਪੁੱਛਿਆ, "ਪਾਪਾ, ਆਪਣੀਆਂ ਲਿਖਤਾਂ ਵਿੱਚ ਪਲੇਟੋ

ਨੇ ਸੋਫਿਸਟਾਂ ਦਾ ਜ਼ਿਕਰ ਕੀਤਾ ਹੈ। ਇਸ ਦਾ ਇਹ ਭਾਵ ਹੈ ਕਿ ਇਹ ਲੋਕ ਜ਼ਰੂਰ ਕੁਝ ਮਹੱਤਵ ਰੱਖਦੇ ਸਨ। ਇਨ੍ਹਾਂ ਬਾਰੇ ਕੁਝ ਦੱਸਦੇ ਜਾਓ।"

"ਬੇਟਾ ਜੀ, ਇਹ ਲੋਕ ਯੂਨਾਨੀ ਨਗਰ ਰਾਜਾਂ ਵਿੱਚ ਵਿਚਰਨ ਵਾਲੇ ਪੇਸ਼ਾਵਰ ਅਧਿਆਪਕ ਸਨ। ਉਸ ਸਮੇਂ ਵਿੱਦਿਆ ਕੇਵਲ ਉਸ ਵਰਗ ਦੇ ਹਿੱਸੇ ਆਉਂਦੀ ਸੀ, ਜਿਸ ਕੋਲ ਵਿਹਲ ਅਤੇ ਧਨ ਹੁੰਦਾ ਸੀ। ਸੋਫਿਸਟ ਅਮੀਰਾਂ ਦੇ ਬੱਚਿਆਂ ਨੂੰ ਫ਼ੀਸ ਲੈ ਕੇ ਪੜ੍ਹਾਉਂਦੇ ਸਨ। ਪੁਰਾਣੇ ਸਮਿਆਂ ਵਿੱਚ ਸਿਆਣਪ ਅਤੇ ਵਿੱਦਿਆ ਨੂੰ ਸਾਦਗੀ ਅਤੇ ਫ਼ਕੀਰੀ ਨਾਲ ਜੋੜਿਆ ਜਾਂਦਾ ਸੀ। ਸੋਫਿਸਟ ਨਾ ਸਾਦਾ ਜੀਵਨ ਜੀਊਂਦੇ ਸਨ, ਨਾ ਸੰਤਾਂ ਵਾਲੀਆਂ ਗੱਲਾਂ ਕਰਦੇ ਸਨ। ਇਸੇ ਕਰ ਕੇ ਪਲੇਟੋ ਨੇ ਇਨ੍ਹਾਂ ਨੂੰ ਧਨ ਦੇ ਲੋਭੀ ਕਹਿ ਕੇ ਇਨ੍ਹਾਂ ਦੀ ਨਿੰਦਾ ਕੀਤੀ ਹੈ। ਉਹ ਕਹਿੰਦਾ ਸੀ ਕਿ ਕੁਝ ਇੱਕ ਨੂੰ ਛੱਡ ਕੇ ਬਾਕੀ ਸਾਰੇ ਸੋਫਿਸਟ ਲੋਕਾਂ ਨੂੰ ਬੌਧਕ ਬਾਜ਼ੀਗਰੀ ਵਿੱਚ ਮਾਹਰ ਬਣਾਉਂਦੇ ਹਨ। ਪਰੰਤੂ, ਇਹ ਗੱਲ ਸਾਰਿਆਂ ਉੱਤੇ ਲਾਗੂ ਨਹੀਂ ਸੀ ਹੁੰਦੀ। ਇਹ ਲੋਕ ਸਿਆਣੇ ਸਨ, ਵਿਦਵਾਨ ਸਨ ਅਤੇ ਇਨ੍ਹਾਂ ਦੀ ਸਹਾਇਤਾ ਨਾਲ ਯੂਨਾਨੀ ਵਿਚਾਰ ਦਾ ਪਰਸਾਰ ਹੋਇਆ ਹੈ।"

"ਵੀਰ ਜੀ, ਸੋਫਿਸਟਾਂ ਅਤੇ ਅਜੋਕੇ ਪ੍ਰੋਫ਼ੈਸਰਾਂ ਵਿੱਚ ਕੋਈ ਫ਼ਰਕ ਨਹੀਂ ਦਿੱਸਦਾ।"

"ਹੈ ਹੀ ਨਹੀਂ। ਏਥਨਜ਼ ਦੇ ਐਸ਼ਵਰਜ ਨੇ ਸੋਫਿਸਟਾਂ ਨੂੰ ਆਕਰਸ਼ਿਤ ਕਰ ਲਿਆ ਸੀ। ਇਹ ਏਥਨਜ਼ ਵਿੱਚ ਆ ਕੇ ਆਪਣਾ ਕੰਮ ਕਰਦੇ ਰਹੇ; ਪਰ, ਇਨ੍ਹਾਂ ਨੇ ਏਥਨਜ਼ ਦੀ ਹਾਰ ਅਤੇ ਬਰਬਾਦੀ ਦੀ ਪੀੜ ਉਸ ਤਰ੍ਹਾਂ ਨਾ ਮਹਿਸੂਸੀ ਜਿਵੇਂ ਸੁਕਰਾਤ ਅਤੇ ਪਲੇਟੋ ਨੇ ਮਹਿਸੂਸੀ ਸੀ। ਇਸੇ ਕਾਰਨ ਪਲੇਟੋ ਇਨ੍ਹਾਂ ਪ੍ਰਤੀ ਦੁਜੈਗੀ ਰੱਖਦਾ ਸੀ। ਉਂਜ ਉਸ ਨੇ ਇਨ੍ਹਾਂ ਦੇ ਪ੍ਰਭਾਵ ਨੂੰ ਕਬੂਲਿਆ ਵੀ ਹੈ।"

"ਇਸ ਬਾਰੇ ਕੁਝ ਦੱਸੋ, ਪਾਪਾ।"

"ਪਲੇਟੋ ਦਾ ਕਥਨ ਸੀ ਕਿ ਫਿਲਾਸੋਫੀ, ਸੱਚ ਦੀ ਖੋਜ ਦਾ ਨਾਂ ਹੈ। ਜੇ ਕੋਈ ਸੁਕਰਾਤ ਨੂੰ ਸੋਫਿਸਟ ਆਖਦਾ ਸੀ ਤਾਂ ਉਹ ਕਹਿੰਦਾ ਸੀ ਕਿ ਉਸ ਨੇ ਕਦੇ ਕਿਸੇ ਕੋਲੋਂ ਫ਼ੀਸ ਨਹੀਂ ਲਈ ਅਤੇ ਸਦਾ ਹੀ ਸੱਚ ਦੀ ਖੋਜ ਵਿੱਚ ਲੱਗਾ ਰਿਹਾ ਹੈ। ਇਸ ਲਈ ਉਹ ਸੋਫ਼ਿਸਟ ਨਹੀਂ। ਸੋਫਿਸਟ, ਫਿਲਾਸੋਫੀ ਨੂੰ ਸੱਚ ਦੀ ਖੋਜ ਦੀ ਥਾਂ ਕਮਾਈ ਦਾ ਸਾਧਨ ਮੰਨਦੇ ਹਨ। ਠੀਕ ਹੀ ਇਵੇਂ ਸੀ; ਪਰ, ਇਹ ਵੀ ਸੱਚ ਹੈ ਕਿ ਪਲੇਟੋ ਨੇ ਆਪ ਵੀ ਫਿਲਾਸੋਫੀ ਨੂੰ 'ਸੱਚ ਦੀ ਖੋਜ' ਦੀ ਥਾਂ ਸਿਆਸੀ ਸੱਤਾ ਦਾ ਸਾਧਨ ਬਣਾਉਣ ਦਾ ਭਰਪੂਰ ਅਤੇ ਚੇਤਨ ਜਤਨ ਕੀਤਾ ਹੈ। ਇਹ ਸੋਫਿਸਟਾਂ ਦਾ ਪ੍ਰਭਾਵ ਹੈ, ਜਿਹੜੇ ਇਹ ਕਹਿੰਦੇ ਸਨ ਕਿ ਫਿਲਾਸੋਫੀ ਦਾ ਇੱਕੋ ਇੱਕ ਖੇਤਰ 'ਮਨੁੱਖੀ ਜੀਵਨ' ਹੈ।"

"ਮੈਂ ਸਮਝਦੀ ਹਾਂ ਤੁਸੀਂ ਫਿਰ ਗਿੱਲਾ ਪੀਹਣ ਪਾ ਬੈਠੇ ਹੋ।"

ਮਾਤਾ ਜੀ ਦੇ ਇਨ੍ਹਾਂ ਸ਼ਬਦਾਂ ਨੇ ਗੱਲ ਦਾ ਰੁਖ਼ ਮੋੜ ਦਿੱਤਾ। ਮੈਂ ਇਰਾਦਾ ਕਰ ਲਿਆ ਕਿ ਸੋਫਿਸਟਾਂ ਬਾਰੇ ਇੱਕ ਵੱਖਰਾ ਲੇਖ ਲਿਖਾਂਗੀ। ਇਹ ਗੱਲ ਸਾਰਿਆਂ ਨੂੰ ਚੰਗੀ ਲੱਗੀ।

ਤੇਰੀ,
ਸਨੇਹਾ।

## 44

ਈਸ਼ਰ ਭਵਨ,
30.6.97.

ਸਨੇਹਾ,

ਬਹੁਤ ਚਿਰ ਤੋਂ ਤੈਨੂੰ ਕੋਈ ਪੱਤ੍ਰ ਨਹੀਂ ਲਿਖਿਆ; ਕੰਮ ਵਿੱਚੋਂ ਵਿਹਲ ਹੀ ਘੱਟ ਮਿਲਦੀ ਰਹੀ ਹੈ। ਤੇਰੇ ਸਾਰੇ ਪੱਤਰਾਂ ਬਾਰੇ ਸੁਮੀਤ ਨਾਲ ਚਰਚਾ ਕਰਨ ਦਾ ਇੱਕ ਅਨੋਖਾ ਹੀ ਆਨੰਦ ਹੈ। ਤੂੰ ਸ਼ਾਇਦ ਇਹ ਆਖੇਂਗੀ ਕਿ ਪੱਤ੍ਰਾਂ ਬਾਰੇ ਚਰਚਾ ਕੇਵਲ ਇੱਕ ਬਹਾਨਾ ਹੈ। ਕਿਸੇ ਹੱਦ ਤਕ ਇਹ ਗੱਲ ਠੀਕ ਆਖੀ ਜਾ ਸਕਦੀ ਹੈ; ਸਿਰਫ਼ ਇੱਕ ਹੱਦ ਤਕ। ਦਿਲ ਵਿੱਚ ਵੱਸਣ ਵਾਲਿਆਂ ਨੂੰ ਮਿਲਨ ਦੇ ਬਹਾਨੇ ਲੱਭਣੇ ਜ਼ਰਾ ਓਪਰੀ ਜਿਹੀ ਗੱਲ ਹੈ। .....ਤੇਰੀ ਮੀਸਣੀ ਮੁਸਕਾਨ ਮੈਨੂੰ ਦਿੱਸ ਰਹੀ ਹੈ। ਬਹੁਤੀ ਖ਼ੁਸ਼ ਨਾ ਹੋ; ਹੋ ਸਕਦਾ ਹੈ ਮੈਂ ਤੈਨੂੰ ਮੂਰਖ਼ ਬਣਾ ਰਹੀ ਹੋਵਾਂ।

ਪਿਛਲੇ ਐਤਵਾਰ ਪ੍ਰੋਫ਼ੈਸਰ ਅੰਕਲ, ਸੁਮੀਤ ਅਤੇ ਮੈਂ, ਸੁਮੀਤ ਦੀ ਲਾਇਬ੍ਰੇਰੀ ਵਿੱਚ ਬੈਠੇ ਤੇਰੀਆਂ ਚਿੱਠੀਆਂ ਦੀ ਚਰਚਾ ਕਰ ਰਹੇ ਸਾਂ ਕਿ ਸੁਮੀਤ ਨੇ ਆਖਿਆ, "ਮੈਨੂੰ ਲੱਗਦਾ ਹੈ ਕਿ ਚਾਰਵਾਕ ਅਤੇ ਐਪੀਕਿਊਰਸ ਵਾਂਗ ਸੋਫਿਸਟਾਂ ਨਾਲ ਵੀ ਵਧੀਕੀ ਹੋਈ ਹੈ। ਇਹ ਲੋਕ ਆਪਣੇ ਸਮੇਂ ਦੇ ਫ਼੍ਰੀ ਥਿੰਕਰਜ਼ ਸਨ। ਚੂੰਕਿ ਇਹ ਆਪਣੇ ਸਮੇਂ ਤੋਂ ਬਹੁਤ ਅਗੇਰੇ ਸਨ ਇਸ ਲਈ ਸੋਚ ਦੀ ਸੁਤੰਤਰਤਾ ਇਨ੍ਹਾਂ ਦਾ ਦੋਸ਼ ਬਣ ਗਈ ਪਰਤੀਤ ਹੁੰਦੀ ਹੈ। ਬਹੁਤ ਚਿਰ ਪਹਿਲਾਂ ਪੰਜਾਬੀ ਦੇ ਇੱਕ ਰਸਾਲੇ ਵਿੱਚ ਇੱਕ ਲੇਖ ਪੜ੍ਹਿਆ ਸੀ। ਮੈਂ ਚਾਹੁੰਦਾ ਹਾਂ ਤੁਸੀਂ ਵੀ ਪੜ੍ਹੋ।"

ਇਹ ਕਹਿ ਕੇ ਉਹ ਉੱਠਿਆ ਅਤੇ ਇੱਕ ਪੁਰਾਣਾ ਰਸਾਲਾ ਲੱਭ ਲਿਆਇਆ। ਲੇਖ ਪੜ੍ਹ ਕੇ ਮੇਰਾ ਜੀ ਕੀਤਾ ਕਿ ਇਹ ਤੈਨੂੰ ਵੀ ਪੜ੍ਹਾਵਾਂ। ਇਸ ਲਈ ਲੇਖ ਦੀ ਨਕਲ ਭੇਜ ਰਹੀ ਹਾਂ।

### ਸੋਫਿਸਟ੍।

ਸੋਫਿਸਟ ਯੂਨਾਨੀ ਸ਼ਬਦ ਸੋਫਿਸਟੀਜ਼ ਤੋਂ ਬਣਿਆ ਹੈ ਅਤੇ ਸੋਫਿਸਟੀਜ਼ ਦੇ ਅਰਥ ਹਨ—'ਹੁਸ਼ਿਆਰ' ਜਾਂ 'ਚਾਲਾਕ'। ਸੋਫਿਸਟ ਅਸਲ ਵਿੱਚ ਉਹ ਸਿਆਣੇ ਲੋਕ ਸਨ ਜਿਹੜੇ ਯੂਨਾਨ ਦੇ ਨਗਰ ਰਾਜਾਂ ਵਿੱਚ ਫਿਰ ਤੁਰ ਕੇ ਅਮੀਰ ਘਰਾਣਿਆਂ ਦੇ ਮੁੰਡਿਆਂ ਨੂੰ ਵਿੱਦਿਆ ਪੜ੍ਹਾਉਂਦੇ ਸਨ ਅਤੇ ਇਸ ਕੰਮ ਲਈ ਫ਼ੀਸ ਲੈਂਦੇ ਸਨ। ਪੁਰਾਤਨ ਯੂਨਾਨ ਵਿੱਚ ਨਾਗਰਿਕਾਂ ਨੂੰ ਆਪਣੇ ਨਿਰਬਾਹ ਲਈ ਕਿਸੇ ਪ੍ਰਕਾਰ ਦਾ ਕੰਮ ਕਰਨ ਦੀ ਮਨਾਹੀ ਸੀ। ਉਨ੍ਹਾਂ ਦਾ ਕੰਮ ਸੀ ਦੇਸ਼ ਦਾ ਸਿਆਸੀ ਪ੍ਰਬੰਧ ਕਰਨਾ ਜਾਂ ਦੇਸ਼ ਦੀ ਰੱਖਿਆ ਲਈ ਲੜਨਾ। ਜੰਗ ਵਿੱਚ ਬੁਜ਼ਦਿਲੀ ਦੱਸਣ ਵਾਲੇ ਅਤੇ ਆਪਣੇ ਗੁਜ਼ਾਰੇ ਲਈ ਕੋਈ ਕੰਮ ਕਰਨ ਵਾਲੇ ਨਾਗਰਿਕ ਨੂੰ ਬਹੁਤ ਘਟੀਆ ਅਤੇ ਘਿਰਣਤ ਸਮਝਿਆ ਜਾਂਦਾ ਸੀ। ਵਿੱਦਿਆ ਦਾਨ ਕੋਈ ਬੁਰਾ ਕੰਮ ਨਹੀਂ ਸੀ; ਪਰ, ਵਿੱਦਿਆ ਦਾਨ ਨੂੰ ਕਮਾਈ ਦਾ ਸਾਧਨ ਬਣਾਉਣਾ ਬੁਰਾ ਮੰਨਿਆ ਜਾਂਦਾ ਸੀ। ਇਸ ਇੱਕ

ਕਸੂਰ ਲਈ ਸੋਫਿਸਟਾਂ ਦੀ ਨਿੰਦਾ ਹੁੰਦੀ ਰਹੀ ਹੈ। ਉਨ੍ਹਾਂ ਨੂੰ ਢੋਂਗੀ, ਝੂਠੇ ਦਲੀਲਬਾਜ਼ ਜਾਂ ਕੁਤਰਕੀ ਆਖਿਆ ਜਾਂਦਾ ਰਿਹਾ ਹੈ। ਉਨ੍ਹਾਂ ਦਾ ਮਖ਼ੌਲ ਉਡਾਉਣ ਲਈ ਕਈ ਪ੍ਰਕਾਰ ਦੇ ਢਕੌਂਸਲੇ ਘੜੇ ਜਾਂਦੇ ਰਹੇ ਹਨ। ਜਿਵੇਂ ਆਪਣੇ ਇੱਕ ਵਾਰਤਾਲਾਪ, ਯੁਥੀਡੀਮਸ, ਵਿੱਚ ਪਲੇਟੋ ਲਿਖਦਾ ਹੈ :

ਇੱਕ ਦਿਨ ਦੋ ਸੋਫਿਸਟ ਤੁਰੇ ਜਾ ਰਹੇ ਸਨ। ਉਨ੍ਹਾਂ ਨੂੰ ਇੱਕ ਭਲਾ ਪੁਰਸ਼ ਮਿਲਿਆ ਜਿਹੜਾ ਆਪਣੇ ਕੁੱਤੇ ਦੇ ਗਲ ਪਈ ਸੰਗਲੀ ਫੜੀ ਕਿਧਰੇ ਜਾ ਰਿਹਾ ਸੀ। ਸੋਫਿਸਟਾਂ ਨੇ ਪੁੱਛਿਆ, "ਕਿਉਂ ਬਈ ਮਿੱਤਰਾ, ਇਹ ਕੁੱਤਾ ਤੇਰਾ ਹੈ ?"

ਉਸ ਭੋਲੇ ਆਦਮੀ ਨੇ ਉੱਤਰ ਦਿੱਤਾ, "ਹਾਂ ਜੀ, ਇਹ ਕੁੱਤਾ ਮੇਰਾ ਹੈ।"

"ਕੀ ਇਸ ਕੁੱਤੇ ਦੇ ਬੱਚੇ ਵੀ ਹਨ ?" ਸੋਫਿਸਟਾਂ ਨੇ ਪੁੱਛਿਆ।

"ਹਾਂ ਜੀ, ਇਸ ਦੇ ਦੋ ਬੱਚੇ ਹਨ।"

"ਤਾਂ ਤੇ ਇਹ ਕੁੱਤਾ ਪਿਉ ਵੀ ਹੋਇਆ।" ਸੋਫਿਸਟਾਂ ਨੇ ਤਰਕ ਦੀ ਆਗਮਨੀ (Inductive) ਵਿਧੀ ਵਰਤੀ।

ਭੋਲੇ ਆਦਮੀ ਨੇ ਉੱਤਰ ਦਿੱਤਾ, "ਜੀ ਹਾਂ, ਇਹ ਕੁੱਤਾ ਪਿਉ ਹੈ।"

ਸੋਫਿਸਟਾਂ ਨੇ ਸ਼ਰਾਰਤੀ ਮੁਸਕਰਾਹਟ ਨਾਲ ਆਖਿਆ, "ਤੂੰ ਦੋ ਗੱਲਾਂ ਆਖੀਆਂ ਹਨ; ਇੱਕ ਇਹ ਕਿ ਇਹ ਕੁੱਤਾ 'ਤੇਰਾ' ਹੈ ਅਤੇ ਦੂਜੀ ਇਹ ਕਿ ਇਹ ਕੁੱਤਾ 'ਪਿਉ' ਹੈ।"

"ਹਾਂ ਜੀ, ਇਹ ਦੋਵੇਂ ਗੱਲਾਂ ਠੀਕ ਹਨ ਕਿ ਇਹ ਕੁੱਤਾ ਮੇਰਾ ਹੈ ਅਤੇ ਇਹ ਕੁੱਤਾ ਪਿਉ ਹੈ।"

ਸੋਫਿਸਟਾਂ ਨੇ ਕਿਹਾ, "ਇਨ੍ਹਾਂ ਦੋਹਾਂ ਸੱਚੀਆਂ ਗੱਲਾਂ ਨੂੰ ਇਕੱਠਾ ਕਰ ਦੇਈਏ ਤਾਂ ਇੱਕ ਸੱਚ ਸਾਡੇ ਸਾਹਮਣੇ ਆਉਂਦਾ ਹੈ ਕਿ "ਇਹ ਕੁੱਤਾ ਤੇਰਾ ਪਿਉ ਹੈ।"

ਉਸ ਭੋਲੇ ਆਦਮੀ ਕੋਲ ਇਸ ਤਰਕ ਦਾ ਕੋਈ ਉੱਤਰ ਨਹੀਂ ਸੀ। ਉਹ ਇਹ ਮੰਨ ਕੇ ਅੱਗੇ ਤੁਰ ਗਿਆ ਕਿ "ਇਹ ਕੁੱਤਾ ਮੇਰਾ ਪਿਉ ਹੈ।"

ਜਿਨ੍ਹਾਂ ਸੋਫਿਸਟਾਂ ਨੂੰ ਏਨੇ ਹਾਸੋਹੀਣੇ ਅਤੇ ਘਿਰਣਤ ਢੰਗ ਨਾਲ ਭੰਡਿਆ ਜਾਂਦਾ ਸੀ ਉਨ੍ਹਾਂ ਦੀ ਗਿਣਤੀ ਸੌ ਦੇ ਨੇੜੇ ਤੇੜੇ ਸੀ। ਉਨ੍ਹਾਂ ਵਿੱਚੋਂ ਤੀਹ ਕੁ ਨਾਂ ਪ੍ਰਸਿੱਧ ਹਨ ਅਤੇ ਕੁਝ ਇੱਕ ਨੂੰ ਪਲੇਟੋ ਆਦਿਕਾਂ ਨੇ ਸਿਆਣੇ ਮੰਨਿਆ ਵੀ ਹੈ। ਇਨ੍ਹਾਂ ਵਿੱਚੋਂ ਕੋਈ ਵੀ ਪੂਜ ਡੇਰੇਦਾਰ ਬਣ ਕੇ ਨਹੀਂ ਸੀ ਬੈਠਾ, ਨਾ ਹੀ ਇਨ੍ਹਾਂ ਦਾ ਆਪਣਾ ਕੋਈ ਸੰਗਠਨ ਸੀ। ਤਾਂ ਵੀ ਇਨ੍ਹਾਂ ਦੇ ਵਿਚਾਰਾਂ ਵਿੱਚ ਇੱਕ ਸਾਂਝ ਵੇਖੀ ਜਾ ਸਕਦੀ ਹੈ।

ਭਾਵੇਂ ਬਹੁਤੇ ਸੋਫਿਸਟ ਏਥਨਜ਼ ਦੇ ਵਸਨੀਕ ਨਹੀਂ ਸਨ ਤਾਂ ਵੀ ਏਥਨਜ਼ ਉਨ੍ਹਾਂ ਦਾ ਗੜ੍ਹ ਸੀ। ਇਸ ਦੇ ਦੋ ਵੱਡੇ ਕਾਰਨ ਸਨ। ਇੱਕ ਇਹ ਕਿ ਪੰਜਵੀਂ ਸਦੀ ਪੂਰਬ ਈਸਵੀ ਵਿੱਚ ਏਥਨਜ਼ ਦਾ ਬੋਲ ਬਾਲਾ ਸੀ; ਏਥੇ ਉਸਾਰੀ ਹੋ ਰਹੀ ਸੀ। ਸਾਹਿਤ ਅਤੇ ਕਲਾ ਦਾ ਵਿਕਾਸ ਜ਼ੋਰਾਂ ਉੱਤੇ ਸੀ ਅਤੇ ਇਸ ਨਗਰ-ਰਾਜ ਵਿੱਚ ਅਪਾਰ ਧਨ ਇਕੱਠਾ ਹੋ ਰਿਹਾ ਸੀ। ਦੂਜਾ ਕਾਰਨ ਇਹ ਸੀ ਕਿ ਏਥਨਜ਼ ਪ੍ਰਜਾਤੰਤ੍ਰ ਸੀ ਜਿੱਥੇ ਦੂਜੇ ਨਗਰ-ਰਾਜਾਂ ਨਾਲੋਂ ਵੱਧ ਸਹਿਨਸ਼ੀਲਤਾ ਵਰਤੀ ਜਾਂਦੀ ਸੀ। ਵਿਦਵਾਨਾਂ ਦਾ ਸਪਾਰਟਾ ਵਰਗੇ ਨਗਰ-ਰਾਜ ਵਿੱਚ ਜਾਣਾ ਇਵੇਂ ਹੀ ਸੀ ਜਿਵੇਂ ਕੋਈ ਕਸਾਈ, ਜੈਨੀਆਂ ਦੇ ਸ਼ਹਿਰ ਵਿੱਚ ਗੋਸ਼ਤ ਦੀ ਦੁਕਾਨ ਖੋਲ੍ਹ ਲਵੇ। ਇਸ ਦੇ ਉਲਟ ਏਥਨਜ਼ ਵਿੱਚ ਪੈਰੀਕਲੀਜ਼ ਅਤੇ ਕੈਲੀਆਜ਼ ਵਰਗੇ ਧਨਵਾਨ ਉਨ੍ਹਾਂ ਨੂੰ ਸ਼ਰਨ ਦੇਣ ਲਈ ਤਿਆਰ ਸਨ। ਇਹ ਦੋਵੇਂ ਧਨਾਢ ਵਿੱਦਿਆ ਅਤੇ ਕਲਾ ਦੇ ਪ੍ਰੇਮੀ ਸਨ।

ਉਸ ਸਮੇਂ ਏਥਨਜ਼ ਵਿੱਚ ਸੱਭਿਆਚਾਰਕ ਅਤੇ ਸਾਂਸਕ੍ਰਿਤਕ ਵਿਸਤਾਰ ਹੋ ਰਿਹਾ ਸੀ। ਨਾਗਰਿਕਾਂ ਅਤੇ ਦਾਸਾਂ ਦੇ ਵਿਚਕਾਰ ਇੱਕ ਅਜੇਹੀ ਸ਼੍ਰੇਣੀ ਪੈਦਾ ਹੋ ਰਹੀ ਸੀ ਜਿਸ ਕੋਲ ਯੂਨਾਨੀ

ਕੁਲੀਨ ਵਰਗ ਵਾਲਾ ਪਰਿਵਾਰਿਕ ਪਿਛੋਕੜ ਭਾਵੇਂ ਨਹੀਂ ਸੀ ਤਾਂ ਵੀ ਵਪਾਰ ਅਤੇ ਸ਼ਿਲਪ ਆਦਿਕ ਦੇ ਸਹਾਰੇ ਕਮਾਏ ਹੋਏ ਧਨ ਨਾਲ ਸੱਭਿਅ ਸਾਊ ਜੀਵਨ ਜੀਣ ਦੀ ਸਮਰੱਥਾ ਪੈਦਾ ਹੋ ਗਈ ਸੀ। ਇਸ ਨਵੀਂ ਸ਼੍ਰੇਣੀ ਦੇ ਗਭਰੂ ਵੀ ਸੋਫਿਸਟਾਂ ਕੋਲ ਵਿੱਦਿਆ ਹਾਸਲ ਕਰਨ ਆਉਣ ਲੱਗ ਪਏ ਸਨ। ਸੋਫਿਸਟਾਂ ਦੇ ਆਲੇ-ਦੁਆਲੇ ਅਜੇਹਾ ਸਮਾਨ ਉਸਰਦਾ ਜਾ ਰਿਹਾ ਸੀ ਜਿਸ ਵਿੱਚ ਪੁਰਾਣੀਆਂ ਖ਼ਾਨਦਾਨੀ ਰਵਾਇਤਾਂ ਦਾ ਬਹੁਤਾ ਸਤਿਕਾਰ ਨਹੀਂ ਸੀ। ਉਨ੍ਹਾਂ ਲਈ ਸਾਰੇ ਸ਼ਾਗਿਰਦ ਇੱਕੋ ਜਿਹੀ ਫ਼ੀਸ ਦਿੰਦੇ ਹੋਣ ਕਰਕੇ ਇੱਕੋ ਜਿਹੇ ਪਿਆਰ, ਸਤਿਕਾਰ ਅਤੇ ਧਿਆਨ ਦੇ ਪਾਤ੍ਰ ਸਨ। ਪਲੇਟੋ ਅਤੇ ਉਸ ਵਰਗੇ ਹੋਰ ਦਾਰਸ਼ਨਿਕ ਖ਼ਾਨਦਾਨੀਆਂ ਦੇ ਵਿਸ਼ਵਾਸੀ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸੋਫਿਸਟ ਲੋਕ ਪੁਰਾਤਨ ਰਵਾਇਤਾਂ ਦਾ ਨਿਰਾਦਰ ਕਰਦੇ ਹਨ। ਅਸਲ ਗੱਲ ਇਹ ਨਹੀਂ ਸੀ। ਸੱਚ ਇਹ ਸੀ ਕਿ ਸੋਫਿਸਟ ਲੋਕ ਰਵਾਇਤਾਂ ਦਾ ਤਰਕਪੂਰਣ ਖੰਡਨ ਕਰ ਕੇ ਉਨ੍ਹਾਂ ਹੇਠੋਂ ਅੰਧਵਿਸ਼ਵਾਸ ਦਾ ਸਹਾਰਾ ਪਰੇ ਕਰਨ ਵਿੱਚ ਸਫਲ ਸਨ। ਪਲੇਟੋ ਪੁਰਾਣੀਆਂ ਰਵਾਇਤਾਂ ਤੋੜਨ ਦੇ ਹੱਕ ਵਿੱਚ ਨਹੀਂ ਸੀ; ਉਹ ਤਾਂ ਨਵੇਂ ਵਹਿਮਾਂ ਨੂੰ ਜਨਮ ਦੇਣ ਦੀ ਸਲਾਹ ਦਿੰਦਾ ਸੀ ਤਾਂ ਜੁ ਸਰਕਾਰ ਲਈ ਦੇਸ਼ ਦਾ ਪ੍ਰਬੰਧ ਕਰਨਾ ਸਰਲ ਬਣਾਇਆ ਜਾ ਸਕੇ। ਉਹ ਆਮ ਲੋਕਾਂ ਵਿੱਚ ਇਸ ਵਿਸ਼ਵਾਸ ਜਾਂ ਅੰਧ-ਵਿਸ਼ਵਾਸ ਦਾ ਪਰਚਾਰ ਕਰਦਾ ਸੀ ਕਿ ਵੱਖ ਵੱਖ ਸ਼੍ਰੇਣੀਆਂ ਦੇ ਲੋਕਾਂ ਵਿੱਚ ਵੱਖ ਵੱਖ ਪ੍ਰਕਾਰ ਦੀਆਂ ਆਤਮਾਵਾਂ ਹਨ। ਹਾਕਮਾਂ ਵਿੱਚ ਸੋਨੇ ਦੀ ਆਤਮਾ, ਯੋਧਿਆਂ ਵਿੱਚ ਚਾਂਦੀ ਦੀ ਅਤੇ ਕਾਮਿਆਂ ਵਿੱਚ ਲੋਹੇ, ਪਿੱਤਲ ਅਤੇ ਤਾਮੇਂ ਆਦਿਕ ਦੀਆਂ ਆਤਮਾਵਾਂ ਹੁੰਦੀਆਂ ਹਨ। ਇਸ ਸੰਬੰਧ ਵਿੱਚ ਸੋਫਿਸਟਸ ਵਧੇਰੇ ਵਿਗਿਆਨਿਕ, ਆਧੁਨਿਕ ਅਤੇ ਪ੍ਰਜਾਤੰਤ੍ਰਵਾਦੀ ਸਨ। ਉਹ ਬੌਧਿਕਤਾ ਦੀ ਸ੍ਰੇਸ਼ਟਤਾ ਸਥਾਪਤ ਕਰਦੇ ਸਨ ਜਦ ਕਿ ਪਲੇਟੋ ਆਦਿਕ ਅੰਧਵਿਸ਼ਵਾਸ ਦੇ ਪਰਚਾਰਕ ਸਨ। ਸੋਫਿਸਟਾਂ ਦੀ ਇਸ ਰੁਚੀ ਅਤੇ ਭਾਵਨਾ ਦਾ ਅੰਤ ਓਨਾ ਚਿਰ ਨਹੀਂ ਸੀ ਕੀਤਾ ਜਾ ਸਕਿਆ ਜਿੰਨਾ ਚਿਰ ਰੋਮਨ ਰਾਜ ਨੇ ਈਸਾਈ ਧਰਮ ਅਪਣਾ ਕੇ ਇਸ ਢਕੌਂਸਲੇ ਨੂੰ ਕਿ ਰੱਬ ਨੇ ਆਦਮ ਅਤੇ ਹੱਵਾ ਨੂੰ ਕਿਸੇ ਪਾਪ ਦੀ ਸਜ਼ਾ ਭੁਗਤਣ ਲਈ ਧਰਤੀ ਉੱਤੇ ਘੱਲਿਆ ਹੋਇਆ ਹੈ, ਸਰਕਾਰੀ ਪਰਵਾਨਗੀ ਨਹੀਂ ਦਿੱਤੀ ਸੀ।

ਸੋਫਿਸਟਾਂ ਉੱਤੇ ਲਾਇਆ ਗਿਆ ਇਹ ਇਲਜ਼ਾਮ ਵੀ ਬੇ-ਬੁਨਿਆਦ ਹੈ ਕਿ ਉਹ ਕੇਵਲ ਵਾਕ-ਛਲ ਦੇ ਮਾਹਿਰ ਸਨ। ਇਹ ਠੀਕ ਹੈ ਕਿ ਉਹ ਵਿਦਿਆਰਥੀਆਂ ਨੂੰ ਭਾਸ਼ਣ-ਵਿੱਦਿਆ ਦਾ ਮਾਹਿਰ ਬਣਾਉਂਦੇ ਸਨ, ਕਿਉਂ ਜੁ ਉਸ ਸਮੇਂ ਸਮਾਜ ਵਿੱਚ ਉੱਚਾ ਸਥਾਨ ਪ੍ਰਾਪਤ ਕਰਨ ਲਈ ਭਾਸ਼ਣ ਦੀ ਕਲਾ ਵਿੱਚ ਮਾਹਿਰ ਹੋਣਾ ਜ਼ਰੂਰੀ ਸੀ। ਉਨ੍ਹਾਂ ਦਿਨਾਂ ਵਿੱਚ ਅਦਾਲਤਾਂ ਦੀ ਕਾਰਵਾਈ ਅੱਜ ਨਾਲੋਂ ਵੱਖਰੀ ਸੀ। ਹਰ ਆਦਮੀ ਨੂੰ ਆਪਣੇ ਮੁਕੱਦਮੇ ਦੀ ਪੈਰਵੀ ਆਪ ਕਰਨੀ ਪੈਂਦੀ ਸੀ। ਕੋਈ ਕਿਸੇ ਦਾ ਵਕੀਲ ਨਹੀਂ ਸੀ ਹੁੰਦਾ। ਹਾਂ, ਆਪਣਾ ਭਾਸ਼ਣ ਕਿਸੇ ਕੋਲੋਂ ਲਿਖਵਾਇਆ ਜਾ ਸਕਦਾ ਸੀ। ਭਾਸ਼ਣ ਦੀ ਸ਼ਕਤੀ ਤੋਂ ਅੱਜ ਵੀ ਮਨੁੱਖਤਾ ਭਲੀ ਭਾਂਤ ਜਾਣੂੰ ਹੈ। ਹਿਟਲਰ ਆਪਣੇ ਆਪ ਨੂੰ ਰੱਬੋਂ ਘੱਲਿਆ ਹੋਇਆ ਮੰਨਦਾ ਸੀ। ਉਸ ਦਾ ਇਹ ਖ਼ਿਆਲ ਸੀ ਕਿ ਆਰੀਆ ਲੋਕ ਸ੍ਰੇਸ਼ਟ ਹਨ। ਉਹ ਇਹ ਕਹਿੰਦਾ ਸੀ ਕਿ ਜਰਮਨ ਕੌਮ ਵਿੱਚ ਸ਼ੁੱਧ ਆਰੀਆ ਲਹੂ ਹੈ। ਇਸ ਲਈ ਜਰਮਨ ਲੋਕਾਂ ਨੂੰ ਸਾਰੀ ਦੁਨੀਆ ਉੱਤੇ ਰਾਜ ਕਰਨ ਦਾ ਹੱਕ ਹੈ। ਉਹ ਜਰਮਨ ਲੋਕਾਂ ਵਿੱਚ ਇਹ ਵਿਸ਼ਵਾਸ ਪੈਦਾ ਕਰਨਾ ਚਾਹੁੰਦਾ ਸੀ ਕਿ ਯਹੂਦੀ ਘਟੀਆ ਨਸਲ ਦੇ ਲੋਕ ਹਨ, ਪਹਿਲੇ ਸੰਸਾਰ-ਯੁੱਧ ਵਿੱਚ ਜਰਮਨੀ ਦੀ ਹਾਰ ਦਾ ਕਾਰਨ ਸਨ ਅਤੇ ਇਨ੍ਹਾਂ ਤੋਂ ਪਿੱਛਾ ਛੁਡਾਏ ਬਿਨਾਂ ਸੰਸਾਰ ਦਾ ਕਲਿਆਣ ਸੰਭਵ ਨਹੀਂ। ਹਿਟਲਰ ਵਿੱਚ ਆਪਣੇ ਇਨ੍ਹਾਂ ਵਿਚਾਰਾਂ ਨੂੰ ਕਹਿਣ-ਦੱਸਣ ਦੀ ਵਿਲੱਖਣ ਯੋਗਤਾ ਸੀ। ਉਸ ਵਿੱਚ ਲੋਕਾਂ ਨੂੰ ਕੀਲਣ ਦਾ ਗੁਣ ਸੀ। ਭਾਸ਼ਣ ਦੀ ਕਲਾ ਵਿੱਚ ਮਾਹਰ ਹੋਣ ਲਈ ਉਸ ਨੂੰ ਨਿਰੀ ਫ਼ਿਕਰੇਬਾਜ਼ੀ

ਤੋਂ ਛੁੱਟ ਹੋਰ ਕਿੰਨੇ ਸਾਰੇ ਗਿਆਨ, ਤਪ, ਸਾਧਨਾ ਅਤੇ ਅਭਿਆਸ ਦੀ ਲੋੜ ਸੀ, ਇਹ ਜਾਣਨ ਲਈ ਉਸ ਦੇ ਜੀਵਨ ਬਾਰੇ ਜਾਣਿਆ ਜਾਣਾ ਜ਼ਰੂਰੀ ਹੈ।

ਸੋਫਿਸਟ ਆਪਣੇ ਵਿਦਿਆਰਥੀਆਂ ਨੂੰ ਨਿਰੋਲ ਫ਼ਿਕਰੇਬਾਜ਼ ਨਹੀਂ ਸਗੋਂ ਵਿੱਦਿਆ ਅਤੇ ਸੁਤੰਤਰ ਸੋਚ ਦੇ ਧਾਰਨੀ ਬਣਾਉਂਦੇ ਸਨ। ਉਨ੍ਹਾਂ ਕੋਲ ਗਣਿਤ, ਇਤਿਹਾਸ, ਕਲਾ, ਕਵਿਤਾ, ਸਮਾਜਕ ਵਿਕਾਸ, ਫਲਸਫੇ ਅਤੇ ਨੈਤਿਕਤਾ ਦਾ ਭਰਪੂਰ ਗਿਆਨ ਸੀ। ਉਹ ਆਪਣੇ ਸਮੇਂ ਉਸੇ ਮਾਨਵਤਾਵਾਦੀ ਲਹਿਰ ਦੇ ਮੋਢੀ ਸਨ ਜਿਸ ਨੇ ਰਿਨੇਸਾਂਸ ਦੇ ਰੂਪ ਵਿੱਚ ਮਨੁੱਖਤਾ ਦੀ ਅਗਵਾਈ ਕਰਨ ਦਾ ਕੰਮ ਕੀਤਾ ਸੀ। ਇਹ ਵੱਖਰੀ ਗੱਲ ਹੈ ਕਿ ਮਨੁੱਖੀ ਜੀਵਨ ਦੀ ਧਰਤੀ ਨੂੰ ਇਸ ਬੀਜ ਨੂੰ ਉਗਾਉਣ ਦੇ ਯੋਗ ਹੋਣ ਲਈ ਦੋ ਹਜ਼ਾਰ ਸਾਲ ਉਡੀਕਣਾ ਪਿਆ।

ਸੋਫਿਸਟਾਂ ਵਿਰੁੱਧ ਪਲੇਟੋ ਦਾ ਸਭ ਤੋਂ ਵੱਡਾ ਇਤਰਾਜ਼ ਇਹ ਸੀ ਕਿ—ਉਹ 'ਸੱਚ' ਦਾ ਸਤਿਕਾਰ ਨਹੀਂ ਕਰਦੇ। ਉਹ ਦਲੀਲ ਜਾਂ ਤਰਕ ਨੂੰ ਕਿਸੇ ਸੱਚੇ ਨਿਰਣੇ ਤਕ ਪੁੱਜਣ ਦੇ ਸਾਧਨ ਵਜੋਂ ਨਹੀਂ ਵਰਤਦੇ, ਸਗੋਂ ਆਪਣੇ ਵਿਰੋਧੀ ਨੂੰ ਠਿੱਠ ਕਰ ਕੇ ਜਿੱਤ ਪ੍ਰਾਪਤ ਕਰਨ ਦੇ ਖ਼ਿਆਲ ਨਾਲ ਵਰਤਦੇ ਹਨ।

ਉਸ ਸਮੇਂ ਉਸ ਦਾ ਇਹ ਇਤਰਾਜ਼ ਕਿੰਨਾ ਵੀ ਜ਼ੋਰਦਾਰ ਕਿਉਂ ਨਾ ਮੰਨਿਆ ਜਾਂਦਾ ਹੋਵੇ, ਅੱਜ ਦੇ ਚੇਤਨ ਮਨੁੱਖ ਲਈ ਇਹ ਬਹੁਤਾ ਸਤਿਕਾਰਯੋਗ ਇਤਰਾਜ਼ ਨਹੀਂ। ਪਲੇਟੋ ਆਦਰਸ਼ਵਾਦੀ ਸੀ। ਉਸ ਦਾ ਇਹ ਖ਼ਿਆਲ ਸੀ ਕਿ ਇਸ ਦੁਨੀਆ ਦੀਆਂ ਵਸਤੂਆਂ, ਜਿਨ੍ਹਾਂ ਦੈਵੀ ਵਸਤੂਆਂ ਦੇ ਨਮੂਨੇ ਦੀ ਨਕਲ ਉੱਤੇ ਬਣਾਈਆਂ ਗਈਆਂ ਹਨ, ਉਹ ਵਸਤੂਆਂ (ਖ਼ਿਆਲ ਦੇ ਰੂਪ ਵਿੱਚ) ਇਸ ਸੰਸਾਰ ਦੀ ਸਿਰਜਨਾ ਕਰਨ ਵਾਲੇ ਕਰਤਾਰ (ਰੱਬ) ਦੇ ਮਨ ਵਿੱਚ ਵੱਸਦੀਆਂ ਹਨ। ਉਨ੍ਹਾਂ ਦਾ ਗਿਆਨ ਕਿਸੇ ਵਿਰਲੇ ਨੂੰ ਅੰਤਰਦ੍ਰਿਸ਼ਟੀ (Intuition) ਰਾਹੀਂ ਪ੍ਰਾਪਤ ਹੁੰਦਾ ਹੈ। ਉਹ ਗਿਆਨ 'ਸੱਚ' ਦਾ ਗਿਆਨ ਹੈ। ਕੇਵਲ ਉਹੋ ਦਲੀਲ ਸੱਚੀ ਹੈ ਜਿਹੜੀ ਉਸ ਗਿਆਨ ਦੇ ਅਨੁਕੂਲ ਹੋਵੇ।

ਸੋਫਿਸਟ ਲੋਕ ਅੰਤਰ-ਦ੍ਰਿਸ਼ਟੀ ਅਤੇ ਇਲਹਾਮ ਦੇ ਵਿਸ਼ਵਾਸੀ ਨਹੀਂ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਜੇ ਇਹ ਮੰਨ ਵੀ ਲਈਏ ਕਿ ਸੰਸਾਰ ਦੀਆਂ ਵਸਤੂਆਂ ਦਾ ਅਸਲੀ ਨਮੂਨਾ ਰੱਬ ਦੇ ਮਨ ਵਿੱਚ ਸਥਿਤ ਹੈ ਤਾਂ ਵੀ ਉਸ ਨਮੂਨੇ ਦਾ ਗਿਆਨ ਪ੍ਰਾਪਤ ਕਰ ਸਕਣਾ ਸੰਭਵ ਨਹੀਂ। ਇਸ ਲਈ ਮਨੁੱਖ ਕੋਲ ਗਿਆਨ ਪ੍ਰਾਪਤੀ ਦਾ ਇੱਕੋ ਇੱਕ ਸਾਧਨ ਉਸ ਦਾ ਇੰਦ੍ਰੀ-ਅਨੁਭਵ ਹੈ। ਇੰਦ੍ਰੀ-ਅਨੁਭਵ ਸੰਸਾਰਕ ਹੈ ਅਤੇ ਇਸ ਬਦਲਦੇ ਸੰਸਾਰ ਵਿੱਚ ਕੁਝ ਵੀ ਸਦੀਵੀ ਅਤੇ ਪਰਮ ਸੱਚ ਨਹੀਂ। ਜੋ ਇਸ ਸਮੇਂ, ਇਸ ਥਾਂ ਉੱਤੇ ਸੱਚ ਹੈ ਉਹ ਕਿਸੇ ਹੋਰ ਸਮੇਂ, ਕਿਸੇ ਹੋਰ ਥਾਵੇਂ ਸੱਚ ਨਹੀਂ ਰਹੇਗਾ। ਜਿਹੜੀ ਲਕੀਰ ਕਿਸੇ ਦੂਜੀ ਲਕੀਰ ਦੇ ਟਾਕਰੇ ਵਿੱਚ ਲੰਮੀ ਹੈ ਉਹੋ ਲਕੀਰ (ਆਪਣੇ ਨਾਲੋਂ ਲੰਮੇਰੀ) ਕਿਸੇ ਤੀਜੀ ਲਕੀਰ ਦੇ ਟਾਕਰੇ ਵਿੱਚ ਛੋਟੀ ਹੈ। ਇਉਂ ਇੱਕੋ ਲਕੀਰ ਲੰਮੀ ਵੀ ਹੈ ਅਤੇ ਛੋਟੀ ਵੀ ਹੈ। ਇਹ ਵਿਕਾਸਸ਼ੀਲ ਜਗਤ ਇਸ ਪ੍ਰਕਾਰ ਦੀਆਂ ਅਸੰਗਤੀਆਂ (Contradictions) ਦਾ ਧਾਰਨੀ ਹੈ। ਇਹ ਗੱਲ ਪਲੇਟੋ ਵੀ ਮੰਨਦਾ ਸੀ; ਪਰ, ਉਹ ਇਸ ਜਗਤ ਨੂੰ ਝੂਠਾ ਕਹਿ ਕੇ ਮੰਨਦਾ ਸੀ ਅਤੇ ਸੋਫਿਸਟ ਇਸ ਨੂੰ (ਝੂਠਾ ਭਾਵੇਂ ਸੱਚਾ) ਆਪਣੇ ਗਿਆਨ ਦਾ ਇੱਕੋ ਇੱਕ ਆਧਾਰ ਅਤੇ ਮਨੋਰਥ ਮੰਨਦੇ ਹੋਏ ਆਪਣੀ ਤਰਕ ਵਿਧੀ ਦੀ ਵਰਤੋਂ ਕਰਦੇ ਸਨ। ਉਨ੍ਹਾਂ ਦੀ ਗੱਲ ਵਿਗਿਆਨਕ ਸੀ, ਪਲੇਟੋ ਦੀ ਅਧਿਆਤਮਕ ਅਤੇ ਆਦਰਸ਼ਵਾਦੀ ਸੀ। ਇਹ ਇਉਂ ਸੀ ਜਿਵੇਂ ਪਲੇਟੋ ਇਹ ਕਹਿ ਰਿਹਾ ਹੋਵੇ ਕਿ ਇਸ ਸੰਸਾਰ ਦੇ ਕਰਤਾਰ ਨੇ ਦਿਸ਼ਾਵਾਂ ਬਣਾਈਆਂ ਹਨ। ਉਨ੍ਹਾਂ ਵਿੱਚੋਂ ਇੱਕ ਦਿਸ਼ਾ ਪੂਰਬ ਹੈ ਅਤੇ ਸੂਰਜ ਨੂੰ ਇਸੇ ਦਿਸ਼ਾ ਵਿੱਚੋਂ ਉਦੇ ਹੋਣ ਦੀ ਮਜਬੂਰੀ ਹੈ, ਕਿਉਂ ਜੁ, ਇਹ

ਪੂਰਬ ਹੈ। ਇਸ ਦੇ ਉਲਟ ਸੋਫਿਸਟ ਕਹਿਣਗੇ, ਮਨੁੱਖ ਨੂੰ ਦਿਸ਼ਾਵਾਂ ਦਾ ਗਿਆਨ ਆਪਣੇ ਦੈਨਿਕ ਅਤੇ ਸੰਸਾਰ ਅਨੁਭਵ ਤੋਂ ਪ੍ਰਾਪਤ ਹੋਇਆ ਹੈ। ਜਿਸ ਦਿਸ਼ਾ ਵਿੱਚ ਸੂਰਜ ਉਦੇ ਹੁੰਦਾ ਹੈ ਉਸ ਦਿਸ਼ਾ ਦਾ ਨਾਂ ਮਨੁੱਖ ਨੇ ਪੂਰਬ ਰੱਖਿਆ ਹੈ ਅਤੇ ਅਸਤ ਹੋਣ ਵਾਲੀ ਦਿਸ਼ਾ ਨੂੰ ਉਹ ਪੱਛਮ ਆਖਦਾ ਹੈ। ਇਨ੍ਹਾਂ ਨਾਵਾਂ ਨੂੰ ਮਾਨਤਾ ਦੇ ਲੈਣ ਪਿੱਛੋਂ ਮਨੁੱਖ ਉਸ ਦਿਸ਼ਾ ਨੂੰ ਪੂਰਬ ਕਹਿਣ ਲਈ ਮਜਬੂਰ ਹੈ, ਜਿਸ ਦਿਸ਼ਾ ਵਿੱਚ ਸੂਰਜ ਉਦੇ ਹੁੰਦਾ ਹੈ। ਇਹ ਮਜਬੂਰੀ, ਜ਼ਰੂਰਤ ਜਾਂ ਸਹੂਲਤ ਮਨੁੱਖ ਦੀ ਆਪਣੀ ਪੈਦਾ ਕੀਤੀ ਹੋਈ ਹੈ। ਮਨੁੱਖ ਹਰ ਗੱਲ ਦਾ ਮਾਨਦੰਡ ਹੈ (Man is the measure of all things)।

ਜ਼ਰਾ ਧਿਆਨ ਨਾਲ ਵੇਖਿਆਂ ਸੋਫਿਸਟਾਂ ਵਿੱਚ ਆਈਨ ਸਟਾਈਨ ਦੀ 'ਥਿਊਰੀ ਆਵ ਰੈਲੇਟਿਵਿਟੀ' ਦੇ ਬੀਜ ਵੇਖੇ ਜਾ ਸਕਦੇ ਹਨ। ਬ-ਹਰ ਹਾਲ ਹੀਗਲ ਨੂੰ ਉਨ੍ਹਾਂ ਵਿੱਚ ਥੀਸਿਜ਼-ਐਂਟੀਥੀਸਿਜ਼ ਅਤੇ ਸਿੰਥਿਸਿਜ਼ ਦਾ ਝਾਉਲਾ ਜ਼ਰੂਰ ਪਿਆ ਸੀ। ਸੋਫਿਸਟ ਹਰ ਦਲੀਲ ਨੂੰ ਉਸੇ ਮਨੋਰਥ ਦੇ ਵਿਰੋਧ ਵਿੱਚ ਵਰਤਣ ਦਾ ਜਤਨ ਕਰਦੇ ਸਨ ਜਿਸ ਦੇ ਸਮਰਥਨ ਲਈ ਉਹ ਪੇਸ਼ ਕੀਤੀ ਗਈ ਹੋਵੇ। ਹੀਗਲ ਦਾ ਖ਼ਿਆਲ ਸੀ ਕਿ ਇਹ ਗੱਲ ਐਂਟੀ-ਲਾਜਿਕ ਨਹੀਂ ਸਗੋਂ ਐਂਟੀਥੀਸਿਜ਼ ਹੈ ਅਤੇ ਦੋਹਾਂ ਦੀ ਟੱਕਰ ਵਿੱਚੋਂ ਕੋਈ ਨਵਾਂ ਨਿਰਣਾ ਉਪਜਦਾ ਹੈ ਜਿਸ ਨੂੰ ਉਹ ਸਿੰਥਿਸਿਜ਼ ਆਖਦਾ ਸੀ। ਇਸੇ ਐਂਟੀ-ਲਾਜਿਕ ਨੂੰ ਫ਼ਰਾਂਸੀਸੀ ਵਿਚਾਰਵਾਨ ਡਕਾਰਟੀ ਦੇ ਸੰਦੇਹਵਾਦ ਦਾ ਮੁੱਢ ਵੀ ਮੰਨਿਆ ਜਾ ਸਕਦਾ ਹੈ। ਡਕਾਰਟੀ ਦਾ ਖ਼ਿਆਲ ਹੈ ਕਿ ਗੱਲ ਦੀ ਸੱਚਾਈ ਤੱਕ ਪੁੱਜਣ ਲਈ ਆਪਣੇ ਸ਼ੱਕ (ਜਾਂ ਆਪਣੀ ਵਿਰੋਧਮਈ ਦਲੀਲ) ਨੂੰ ਹੋਰ ਅਗੇਰੇ ਤੋਰੀ ਜਾਣਾ ਲਾਹੇਵੰਦ ਹੁੰਦਾ ਹੈ।

ਸੋਫਿਸਟਾਂ ਦਾ ਇਹ ਖ਼ਿਆਲ ਸੀ ਕਿ ਆਦਮੀ ਜਨਮ ਤੋਂ ਹੀ ਸ੍ਰੇਸ਼ਟ ਅਤੇ ਨਿਕ੍ਰਿਸ਼ਟ (ਘਟੀਆ) ਬਣਾ ਕੇ ਨਹੀਂ ਭੇਜੇ ਜਾਂਦੇ। ਪ੍ਰਤਿਭਾ ਉਪਜਾਈ ਅਤੇ ਵਿਕਸਾਈ ਜਾ ਸਕਦੀ ਹੈ। ਉਹ ਇਹ ਵੀ ਮੰਨਦੇ ਸਨ ਕਿ ਦੇਵਤਿਆਂ ਦੀ ਅਸਲੀਅਤ ਕੁਝ ਨਹੀਂ; ਉਨ੍ਹਾਂ ਦੀ ਕਲਪਨਾ ਮਨੁੱਖੀ ਮਨ ਵਿੱਚ ਡਰ ਪੈਦਾ ਕਰਨ ਲਈ ਕੀਤੀ ਗਈ ਹੈ। ਕੇਵਲ ਦ੍ਰਿਸ਼ਟਮਾਨ ਹੀ ਸਾਡੇ ਅਧਿਐਨ ਦਾ ਵਿਸ਼ਾ ਹੈ, ਪਰਾਸਰੀਰਕ ਦੀ ਚਰਚਾ ਵਾਧੂ ਝਮੇਲਾ ਹੈ। ਅਖ਼ਲਾਕੀ ਕੀਮਤਾਂ ਸਦੀਵੀ ਨਹੀਂ; ਇਹ ਸਮੇਂ-ਸਥਾਨ ਅਨੁਸਾਰ ਬਦਲਦੀਆਂ ਹਨ। ਸੋਫਿਸਟ ਲੋਕਾਂ ਦੇ ਇਨ੍ਹਾਂ ਖ਼ਿਆਲਾਂ ਅਤੇ ਸਿਧਾਂਤਾਂ ਕਾਰਨ ਉਨ੍ਹਾਂ ਉੱਤੇ ਮੁਕੱਦਮੇ ਵੀ ਚਲਾਏ ਗਏ ਅਤੇ ਸਜ਼ਾਵਾਂ ਵੀ ਦਿੱਤੀਆਂ ਗਈਆਂ। ਈਸਾ ਤੋਂ ਤਿੰਨ ਕੁ ਸੌ ਸਾਲ ਪਿੱਛੋਂ ਤੱਕ ਸੋਫਿਸਟ ਵਿਚਾਰਾਂ ਦੇ ਲੋਕ ਆਪਣੇ ਸਿਧਾਂਤਾਂ ਦਾ ਪਰਚਾਰ ਕਰਦੇ ਰਹੇ ਹਨ। ਇਸ ਤੋਂ ਪਿੱਛੋਂ ਈਸਾਈਅਤ, ਰੋਮਨਾਂ ਦਾ ਸ਼ਾਹੀ ਧਰਮ ਬਣਾ ਲਏ ਜਾਣ ਉੱਤੇ ਹਰ ਕਿਸਮ ਦੀ ਸੁਤੰਤਰ ਸੋਚ ਨੂੰ ਆਪਣਾ ਅੰਤ ਸਮਾਂ ਨੇੜੇ ਆਉਂਦਾ ਮਹਿਸੂਸ ਹੋਣ ਲੱਗ ਪਿਆ ਸੀ।

ਸੋਫਿਸਟਾਂ ਦੀ ਸੋਚ ਵਿੱਚ ਅਨੋਖੀ ਪ੍ਰਕਾਰ ਦੀ ਨਵੀਨਤਾ ਸੀ ਜਿਸ ਨੂੰ ਉਸ ਸਮੇਂ ਦੇ ਰੂੜ੍ਹੀਵਾਦੀਆਂ ਨੇ ਸੋਫਿਸਟ੍ਰੀ (ਚਾਲਾਕੀ) ਕਹਿ ਕੇ ਭੰਡਿਆ ਸੀ। ਪਰੰਤੂ, ਉਸ ਸੋਚ ਵਿਚਲੀ ਸਾਰਥਕਤਾ ਦਾ ਸਤਿਕਾਰ ਅਜੋਕੇ ਮਨੁੱਖ ਲਈ ਸੁਭਾਵਕ ਅਤੇ ਸਾਧਾਰਣ ਗੱਲ ਹੈ। ਸੋਫਿਸਟਾਂ ਦੀ ਸੋਚ ਦ੍ਰਿਸ਼ਟਮਾਨ ਨਾਲ ਸੰਬੰਧਤ ਹੋਣ ਕਰਕੇ ਵਿਗਿਆਨਕ ਸੀ ਅਤੇ ਮਨੁੱਖ ਨਾਲ ਸੰਬੰਧਤ ਹੋਣ ਕਰਕੇ ਸਾਰਵਜਨਕ ਸੀ। ਮਸੀਹ ਦੇ ਜਨਮ ਤੋਂ ਪੰਜ ਕੁ ਸੌ ਸਾਲ ਪਹਿਲਾਂ ਉੱਨਤ ਸਮਾਜਾਂ ਦੀ ਸੋਚ ਮਨੁੱਖ-ਕੇਂਦ੍ਰਿਤ ਹੋਣੀ ਆਰੰਭ ਹੋ ਗਈ ਸੀ। ਯੂਨਾਨ, ਭਾਰਤ ਅਤੇ ਚੀਨ ਇਸ ਦੇ ਤਿੰਨ ਟਿਕਾਣੇ ਸਨ। ਭਾਰਤ ਵਿੱਚ ਬੁੱਧ (563-483 ਬੀ.ਸੀ.), ਚੀਨ ਵਿੱਚ ਕਨਫਿਊਸ਼ੀਅਸ (551-479 ਬੀ.ਸੀ.) ਅਤੇ ਯੂਨਾਨ ਵਿੱਚ ਪ੍ਰੋਟੈਗੋਰਸ (490-420 ਬੀ.ਸੀ.) ਨੂੰ ਇਸ ਸੋਚ

ਦੇ ਪ੍ਰਤਿਨਿਧੀ ਮੰਨਿਆ ਜਾ ਸਕਦਾ ਹੈ। ਬੁੱਧ ਪਦਾਰਥਵਾਦੀ ਸੀ। ਉਹ ਆਤਮਾ ਪਰਮਾਤਮਾ ਦੇ ਚੱਕਰ ਵਿੱਚ ਨਹੀਂ ਸੀ ਪੈਂਦਾ। ਉਹ ਦੇਵਤਿਆਂ ਦਾ ਵਿਸ਼ਵਾਸੀ ਨਹੀਂ ਸੀ ਅਤੇ ਕਿਸੇ ਪੂਜਾ ਪਾਠ ਨਾਲ ਕੁਝ ਸੌਰਦਾ ਨਹੀਂ ਸੀ ਮੰਨਦਾ। ਉਹ ਕਹਿੰਦਾ ਸੀ ਕਿ ਅਸੀਂ ਸਾਰੇ ਆਪੋ ਆਪਣੇ ਕੀਤੇ ਦੇ ਜ਼ਿੰਮੇਦਾਰ ਹਾਂ। ਉਸ ਨੇ ਧਰਤੀ ਉੱਤੇ ਜੀਵੇ ਜਾਣ ਵਾਲੇ ਸਦਾਚਾਰਕ ਜੀਵਨ ਨੂੰ ਨਿਰਵਾਣ ਦਾ ਸਾਧਨ ਦੱਸਿਆ। ਉਸ ਦੀ ਸੋਚ ਮਨੁੱਖ-ਕੇਂਦਰਤ ਅਤੇ ਸਾਰਵਜਨਕ ਸੀ। ਉਹ ਸੋਫਿਸਟਾਂ ਵਾਂਗ ਜਨਸਾਧਾਰਣ ਲਈ ਸੋਚਦਾ ਸੀ; ਜਦ ਕਿ ਪਲੇਟੋ ਦੇ ਹਮਖ਼ਿਆਲਾਂ ਦੀ ਸੋਚ ਪੁਰਸ਼-ਵਿਸ਼ੇਸ਼ ਕੇਂਦ੍ਰਿਤ (ਗਿਣਤੀ ਦੇ ਕੁਝ ਆਦਮੀਆਂ ਨੂੰ ਮਹੱਤਵ ਦੇਣ ਵਾਲੀ) ਸੀ।

ਕਨਫ਼ਿਊਸ਼ੀਅਸ ਦੇ ਸਮੇਂ ਚੀਨ ਵਿੱਚ ਭ੍ਰਿਸ਼ਟਾਚਾਰ, ਜੰਗ, ਅਰਾਜਕਤਾ, ਗ਼ਰੀਬੀ ਅਤੇ ਅਨਿਆਂ ਦਾ ਰਾਜ ਸੀ। ਉਸ ਦਾ ਵਿਸ਼ਵਾਸ ਸੀ ਕਿ ਇਸ ਹਾਲਤ ਵਿੱਚ ਸੁਧਾਰ ਤਾਂ ਹੀ ਹੋ ਸਕਦਾ ਹੈ ਜੇ ਹਾਕਮ ਵਰਗ ਆਪਣੇ ਐਸ਼ਵਰਯ ਦੀ ਥਾਂ ਜਨਸਾਧਾਰਣ ਦੀ ਖ਼ੁਸ਼ੀ ਨੂੰ ਰਾਜ ਦਾ ਉਦੇਸ਼ ਮੰਨਣ। ਜਨਸਾਧਾਰਣ ਦੀ ਖ਼ੁਸ਼ੀ ਲਈ ਜ਼ਰੂਰੀ ਹੈ ਕਿ ਟੈਕਸ ਘਟਾਏ ਜਾਣ, ਕਠੋਰ ਸਜ਼ਾਵਾਂ ਹਟਾਈਆਂ ਜਾਣ ਅਤੇ ਜੰਗ ਦਾ ਅੰਤ ਕੀਤਾ ਜਾਏ। (ਪਲੇਟੋ ਇਨ੍ਹਾਂ ਤਿੰਨਾਂ ਗੱਲਾਂ ਵਿੱਚ ਕਨਫ਼ਿਊਸ਼ੀਅਸ ਦੇ ਉਲਟ ਸੋਚਦਾ ਸੀ)।

ਕਨਫ਼ਿਊਸ਼ੀਅਸ ਚਾਹੁੰਦਾ ਸੀ ਕਿ ਉਸ ਨੂੰ ਕਿਸੇ ਦੇਸ਼ ਦਾ ਪ੍ਰਬੰਧ ਸੌਂਪਿਆ ਜਾਵੇ ਅਤੇ ਉਹ ਆਪਣੇ ਸਿਧਾਂਤਾਂ ਦੀ ਪਰਖ ਕਰ ਸਕੇ। ਉਸ ਨੂੰ ਇਹ ਮੌਕਾ ਨਾ ਮਿਲਿਆ। ਉਸ ਨੇ ਨੌਜੁਆਨਾਂ ਨੂੰ ਆਪਣੇ ਹਮਖ਼ਿਆਲ ਬਣਾਉਣ ਦਾ ਜਤਨ ਸ਼ੁਰੂ ਕੀਤਾ। ਉਹ ਆਪ ਫ਼੍ਰੀ ਥਿੰਕਰ ਸੀ ਅਤੇ ਆਪਣੇ ਸ਼ਾਗਿਰਦਾਂ ਨੂੰ ਆਪ ਸੋਚਣ ਦੀ ਪ੍ਰੇਰਨਾ ਦਿੰਦਾ ਸੀ। ਉਹ ਸ਼ਾਗਿਰਦਾਂ ਦੁਆਰਾ ਕੀਤੀ ਗਈ ਆਲੋਚਨਾ ਤੋਂ ਚਿੜਦਾ ਨਹੀਂ ਸੀ। ਉਸ ਦਾ ਕਥਨ ਸੀ : "ਮੈਂ ਇੱਕ ਕੋਨੇ ਵਲ ਇਸ਼ਾਰਾ ਕਰ ਦਿੰਦਾ ਹਾਂ, ਜੇ ਮੇਰਾ ਵਿਦਿਆਰਥੀ ਬਾਕੀ ਦੇ ਤਿੰਨ ਨਾ ਲੱਭ ਸਕੇ ਤਾਂ ਮੈਂ ਅੱਗੇ ਨਹੀਂ ਤੁਰਦਾ।"

ਇਹੋ ਜਿਹੇ ਵਿਚਾਰਵਾਨਾਂ ਦੀ ਕਿਰਪਾ ਨਾਲ ਅੱਜ ਅਸੀਂ ਇਹ ਮੰਨਦੇ ਹਾਂ ਕਿ ਮਨੁੱਖੀ ਆਚਰਣ ਦੀ ਸੁੰਦਰਤਾ ਕਿਸੇ 'ਸੱਚ ਦੇ ਦਾਅਵੇਦਾਰ' ਹੋਣ ਵਿੱਚ ਨਹੀਂ ਸਗੋਂ ਸਦਾਚਾਰ ਦੀ ਪਾਲਣਾ ਵਿੱਚ ਰਹਿ ਗਈਆਂ ਤਰੁੱਟੀਆਂ ਨੂੰ ਸਵੀਕਾਰ ਕਰਨ ਦੀ 'ਨਿਮ੍ਰਤਾ' ਵਿੱਚ ਹੈ। ਸੋਫਿਸਟ ਲੋਕ ਮਨੁੱਖੀ ਸੋਚ ਦੇ ਇਸ ਸਾਤਵਿਕ ਵਿਕਾਸ ਦੀ ਇੱਕ ਕੜੀ ਸਨ। ਮਨੁੱਖਤਾ ਉਨ੍ਹਾਂ ਦੀ ਰਿਣੀ ਰਹੇਗੀ। ਬੁੱਧ, ਕਨਫ਼ਿਊਸ਼ੀਅਸ ਅਤੇ ਸੋਫਿਸਟ, ਕ੍ਰਮਵਾਰ, ਸਦਾਚਾਰਕ ਸੁੰਦਰਤਾ, ਜਨ-ਕਲਿਆਣ ਰਾਜ ਅਤੇ ਸੁਤੰਤਰ ਸੋਚ ਦੇ ਪੂਰਬਗਾਮੀ ਜਾਂ ਆਗੂ ਆਖੇ ਜਾ ਸਕਦੇ ਹਨ। ਇਨ੍ਹਾਂ ਦੀ ਸੋਚ ਜਨ-ਸਾਧਾਰਣ ਦੇ ਜੀਵਨ ਦੀ ਖ਼ੁਸ਼ੀ, ਖ਼ੁਸ਼ਹਾਲੀ ਅਤੇ ਖ਼ੂਬਸੂਰਤੀ ਦੀ ਭਾਵਨਾ ਵਿੱਚੋਂ ਉਪਜੀ ਹੋਈ ਸੀ। ਇਹ ਸੋਚ ਆਪਣੇ ਸਮੇਂ ਤੋਂ ਬਹੁਤ ਅਗੇਰੇ ਦੀ ਸੋਚ ਸੀ। ਮੁਜ਼ਾਰਿਆਂ, ਸ਼ੂਦਰਾਂ, ਵੈਸ਼ਾਂ ਅਤੇ ਗ਼ੁਲਾਮਾਂ ਦੀ ਮਿਹਨਤ ਉੱਤੇ ਆਪਣੇ ਐਸ਼ਵਰਜਾਂ ਦੀ ਉਸਾਰੀ ਕਰਨ ਵਾਲੇ ਹਾਕਮ ਵਰਗ ਲਈ ਇਹ ਸੋਚ ਸੁਖਾਵੀਂ ਨਹੀਂ ਸੀ। ਹਿੰਸਾ, ਹੱਤਿਆ ਦੀ ਯੋਗਤਾ (ਬਹਾਦਰੀ), ਆਪਣੇ ਨਾਲੋਂ ਵੱਖਰੀ ਜੀਵਨ-ਜਾਚ ਵਾਲੇ ਸਮਾਜਾਂ ਪ੍ਰਤਿ ਨਫ਼ਰਤ (ਦੇਸ਼ ਭਗਤੀ) ਅਤੇ ਅਗਿਆਤ ਸੋਮਿਆਂ ਤੋਂ ਆਏ ਇਲਹਾਮਾਂ ਅਤੇ ਹੁਕਮਾਂ ਦੀ ਦਮਾਗ਼ੀ ਦਾਸਤਾ (ਮਜ਼ਹਬ) ਦਾ ਸੈਂਕੜੇ ਸਾਲ ਲੰਮਾ, ਦੁਖਦਾਇਕ ਅਤੇ ਦੁਰਗਮ ਸਫ਼ਰ ਅਜੇ ਮਨੁੱਖੀ ਸੋਚ ਲਈ ਕਰਨਾ ਬਾਕੀ ਸੀ ਜਿਹੜਾ ਪਲੇਟੋ ਦੀ ਅਗਵਾਈ ਵਿੱਚ ਕੀਤਾ ਗਿਆ।

ਸਨੇਹਾ,

ਪੁੱਛਣ ਉੱਤੇ ਪਤਾ ਲੱਗਾ ਕਿ ਇਹ ਲੇਖ ਸੁਮੀਤ ਦਾ ਲਿਖਿਆ ਹੋਇਆ ਹੈ।

ਪੁਸ਼ਪੇਂਦ੍ਰ।

# 45

ਈਸ਼ਰ ਭਵਨ,
13.7.97.

ਸਨੇਹਾ,

ਤੇਰੇ ਵੱਲੋਂ ਪੱਤ੍ਰ ਨੂੰ ਦੇਰ ਹੋ ਗਈ ਹੈ। ਮੈਂ ਹੋਰ ਉਡੀਕ ਨਹੀਂ ਕਰ ਸਕਦੀ। ਮੁਆਮਲਾ ਹੀ ਕੁਝ ਅਜੇਹਾ ਹੈ। ਤੈਨੂੰ ਦੱਸਣ ਦੀ ਕਾਹਲ ਵਿੱਚ ਹਾਂ।

ਮੈਂ ਨੀਲੂ ਜੀ ਨੂੰ ਉਦਾਸ ਕਦੇ ਨਹੀਂ ਸੀ ਵੇਖਿਆ। ਵੱਡੇ ਵੱਡੇ ਹਾਦਸੇ ਉਨ੍ਹਾਂ ਨਾਲ ਹੋਏ ਹਨ। ਉਨ੍ਹਾਂ ਹਾਦਸਿਆਂ ਦਾ ਜ਼ਿਕਰ ਵੀ ਉਹ ਕਰਦੇ ਹਨ; ਪਰ ਉਦਾਸ ਹੋ ਕੇ ਨਹੀਂ ਸਗੋਂ ਗੰਭੀਰ ਹੋ ਕੇ। ਪਿਛਲਾ ਸਾਰਾ ਹਫ਼ਤਾ ਉਹ ਉਦਾਸ ਰਹੇ। ਉਨ੍ਹਾਂ ਦੀ ਉਦਾਸੀ ਕਿਸੇ ਕੋਲੋਂ ਛੁਪੀ ਨਾ ਰਹੀ ਜਾਂ ਇਉਂ ਆਖੋ ਕਿ ਉਨ੍ਹਾਂ ਨੇ ਆਪਣੀ ਉਦਾਸੀ ਕਿਸੇ ਕੋਲੋਂ ਨਾ ਛੁਪਾਈ। ਪ੍ਰੋਫ਼ੈਸਰ ਅੰਕਲ, ਆਂਟੀ, ਸੁਮੀਤ ਅਤੇ ਮੈਂ ਇਸ ਦਾ ਕਾਰਨ ਲੱਭਣ ਦਾ ਜਤਨ ਕਰਦੇ ਰਹੇ। ਕੱਲ੍ਹ ਉਨ੍ਹਾਂ ਨੂੰ ਡ੍ਰਾਇੰਗ-ਰੂਮ ਵਿੱਚ ਇਕੱਲੇ ਬੈਠਿਆਂ ਵੇਖ ਕੇ ਮੈਂ ਪੁੱਛ ਹੀ ਲਿਆ :

"ਨੀਲੂ ਜੀ, ਕੁਝ ਦਿਨਾਂ ਤੋਂ ਉਦਾਸ ਨਜ਼ਰ ਆ ਰਹੇ ਹੋ।"

"ਕੇਵਲ ਨਜ਼ਰ ਹੀ ਨਹੀਂ ਆ ਰਹੀ, ਉਦਾਸ ਹਾਂ ਵੀ।"

"ਕਾਰਨ ਜਾਣਦੇ ਹੋ ?"

"ਆਪਣੀਆਂ ਭੁੱਲਾਂ ਨੂੰ ਜਾਣਨਾ ਦੂਜਿਆਂ ਦੀਆਂ ਸਿਆਣਪਾਂ ਨੂੰ ਜਾਣਨ ਨਾਲੋਂ ਜ਼ਿਆਦਾ ਜ਼ਰੂਰੀ (ਵੀ) ਹੁੰਦਾ ਹੈ ਅਤੇ ਲਾਭਦਾਇਕ ਵੀ।"

"ਤੁਹਾਨੂੰ ਉਦਾਸ ਕਰਨ ਵਾਲੀ ਉਹ ਕਿਹੜੀ ਭੁੱਲ ਹੈ, ਜਿਸ ਦਾ ਗਿਆਨ ਤੁਹਾਡੇ ਲਈ ਲਾਭਦਾਇਕ ਸਾਬਤ ਨਹੀਂ ਹੋਇਆ ?"

ਮੇਰਾ ਪ੍ਰਸ਼ਨ ਸੁਣ ਕੇ ਉਨ੍ਹਾਂ ਦੀ ਉਦਾਸੀ ਹੈਰਾਨੀ ਵਿੱਚ ਬਦਲ ਗਈ। ਪਲ ਭਰ ਹੈਰਾਨ ਰਹਿ ਕੇ ਉਹ ਮੁੜ ਉਦਾਸ ਹੋ ਕੇ ਬੋਲੇ, "ਪੁਸ਼ਪੀ, ਇਹ ਸਵਾਲ ਇਸ ਢੰਗ ਨਾਲ ਪੁੱਛ ਕੇ ਤੂੰ ਮੈਨੂੰ ਯਕੀਨ ਕਰਵਾ ਦਿੱਤਾ ਹੈ ਕਿ ਆਪਣੀ ਉਦਾਸੀ ਲਈ ਮੈਂ ਇਕੱਲੀ ਜ਼ਿੰਮੇਵਾਰ ਹਾਂ। ਪਿਛਲੇ ਕਈ ਦਿਨ ਮੈਂ ਤੈਨੂੰ ਵੀ ਇਸ ਜ਼ਿੰਮੇਦਾਰੀ ਦੀ ਭਾਈਵਾਲ ਸਮਝਦੀ ਰਹੀ ਹਾਂ।"

"ਅਚੇਤ ਤੌਰ ਉੱਤੇ ਹੋ ਵੀ ਸਕਦੀ ਹਾਂ, ਪਰ ਮੈਂ ਜਾਣਨਾ ਚਾਹਵਾਂਗੀ।"

"ਤੈਨੂੰ ਯਾਦ ਹੈ ਇੱਕ ਦਿਨ ਡੇਢ ਕੁ ਸਾਲ ਦਾ ਇੱਕ ਬੱਚਾ ਸਲਾਇਡ ਦੀ ਪੌੜੀ ਉੱਤੋਂ ਡਿੱਗ ਪੈਣ ਲੱਗਾ ਸੀ ?"

"ਹਾਂ, ਅਤੇ ਮੈਂ ਦੌੜ ਕੇ ਉਸ ਨੂੰ ਡਿੱਗਣੋਂ ਬਚਾਅ ਲਿਆ ਸੀ। ਜੇ ਮੈਂ ਐਨ ਵੇਲੇ ਸਿਰ ਨਾ ਪੁੱਜਦੀ ਤਾਂ...।"

"...ਉਸ ਬੱਚੇ ਨੇ ਫ਼ਰਸ਼ ਉੱਤੇ ਡਿੱਗ ਕੇ ਸੱਟ ਲਵਾ ਲੈਣੀ ਸੀ। ਪੁਸ਼ਪੀ, ਤੇਰੀ ਇਸੇ ਕਿਰਿਆ ਨੂੰ ਵੇਖ ਕੇ ਮੈਂ ਉਦਾਸ ਹੋਈ ਸਾਂ।"

"ਪਰੰਤੂ ਜ਼ਿੰਮੇਦਾਰ ਤੁਸਾਂ ਆਪਣੇ ਆਪ ਨੂੰ ਮੰਨਿਆ।"

"ਤੇਰੇ ਕੋਲੋਂ ਇਹ ਭੁੱਲ ਏਸ ਕਰਕੇ ਹੋਈ, ਪੁਸ਼ਪੇ ਕਿ ਮੈਂ ਤੈਨੂੰ ਇਸ ਬਾਰੇ ਸਾਵਧਾਨ ਨਹੀਂ ਸੀ ਕੀਤਾ। ਇਸ ਲਈ ਮੈਂ ਹੀ ਇਸ ਦੀ ਜ਼ਿੰਮੇਦਾਰ ਸਾਂ ਅਤੇ ਹਾਂ।"

"ਮੈਂ ਤਾਂ ਉਸ ਨੂੰ ਆਪਣੀ ਸਾਵਧਾਨੀ ਸਮਝਦੀ ਰਹੀ ਹਾਂ।"

"ਹਰ ਵਸਤੂ, ਵਿਚਾਰ, ਭਾਵ ਅਤੇ ਪਰਿਸਥਿਤੀ ਆਦਿਕ ਦੀ ਗ਼ਲਤ ਵਰਤੋਂ ਸੰਭਵ ਹੈ। ਸਾਵਧਾਨੀ ਦੀ ਉਹ ਵਰਤੋਂ ਵੀ ਗ਼ਲਤ ਸੀ, ਪੁਸ਼ਪੀ।"

"ਵਿਸਥਾਰ ਨਾਲ ਦੱਸੋ।"

"ਪੁਸ਼ਪੇ, ਉਸ ਖੇਡ-ਘਰ ਨੂੰ ਬਣਾਉਣ ਲੱਗਿਆਂ ਵੀ ਸਾਵਧਾਨੀਆਂ ਦੀ ਵਰਤੋਂ ਕੀਤੀ ਗਈ ਸੀ ਅਤੇ ਪਿਛਲੇ ਕਈ ਸਾਲਾਂ ਦੇ ਅਨੁਭਵ ਨਾਲ ਲੋੜੀਂਦੀਆਂ ਸਾਵਧਾਨੀਆਂ ਦਾ ਗਿਆਨ ਪ੍ਰਾਪਤ ਹੁੰਦਾ ਜਾਣ ਕਰ ਕੇ ਉਨ੍ਹਾਂ ਦੀ ਵਰਤੋਂ ਵਿੱਚ ਵਾਧਾ ਹੁੰਦਾ ਗਿਆ ਹੈ। ਤੈਨੂੰ ਪਤਾ ਹੈ ਕਿ ਬੱਚੇ ਦੇ ਮੁੱਢਲੇ ਸਾਲ ਉਸ ਦੇ ਮਨ ਦੀ ਘਾੜਤ ਘੜਨ ਵਿੱਚ ਉਚੇਚਾ ਹਿੱਸਾ ਪਾਉਂਦੇ ਹਨ। ਹਰ ਆਦਮੀ ਦਾ ਇਹ ਅਧਿਕਾਰ ਹੈ ਕਿ ਉਸ ਕੋਲ ਆਪਣੇ ਅਨੁਭਵ ਅਤੇ ਅਭਿਆਸ ਨਾਲ (ਉਸ ਦੁਆਰਾ) ਆਪ ਉਪਜਾਇਆ ਹੋਇਆ ਮਨ ਹੋਵੇ। ਤੂੰ ਬੱਚੇ ਨੂੰ ਡਿੱਗਣੋਂ ਬਚਾਅ ਕੇ ਕੇਵਲ ਇੱਕ ਅਨੁਭਵ ਤੋਂ ਹੀ ਵੰਚਿਤ ਨਹੀਂ ਸੀ ਕੀਤਾ, ਸਗੋਂ ਉਸ ਨੂੰ ਇੱਕ ਅਜੇਹੇ ਅਨੁਭਵ ਦਾ ਭਾਗੀ ਬਣਾਇਆ, ਜਿਸ ਨਾਲ ਉਸ ਦੇ ਮਨ ਦੀ ਘਾੜਤ ਵਿੱਚ ਇੱਕ ਕਜ ਪੈ ਜਾਣ ਦੀ ਸੰਭਾਵਨਾ ਉਤਪੰਨ ਹੋ ਗਈ।"

"ਆਪਣੀ ਗੱਲ ਜਾਰੀ ਰੱਖੋ, ਨੀਲੂ ਜੀ।"

"ਪੁਸ਼ਪੀ, ਉਸ ਬਾਲ-ਘਰ ਦੇ ਫ਼ਰਸ਼ ਏਨੇ ਕਰੜੇ ਨਹੀਂ ਹਨ ਕਿ ਕਿਸੇ ਬੱਚੇ ਨੂੰ ਡਿੱਗਣ ਨਾਲ ਗੰਭੀਰ ਚੋਟ ਆ ਜਾਵੇ।"

"ਇਸ ਗੱਲ ਦਾ ਮੈਨੂੰ ਗਿਆਨ ਸੀ; ਪਰ ਬੱਚੇ ਨੂੰ 'ਡਿੱਗਣ ਲੱਗਾ' ਵੇਖ ਕੇ ਇਸ ਗਿਆਨ ਦੀ ਹੋਂਦ ਹੀ ਅਲੋਪ ਹੋ ਗਈ ਸੀ।"

"ਭਾਵ ਇਹ ਕਿ ਬੱਚੇ ਨੂੰ ਖ਼ਤਰੇ ਵਿੱਚ ਵੇਖ ਕੇ ਤੇਰੀ ਬੌਧਕ ਚੇਤਨਾ ਮੱਧਮ ਪੈ ਗਈ ਅਤੇ ਬੱਚੇ ਨੂੰ ਸੱਟ ਲੱਗ ਜਾਣ ਦਾ ਖ਼ਤਰਾ, ਡਰ ਦਾ ਰੂਪ ਧਾਰ ਕੇ ਤੇਰੇ ਮਨ ਵਿੱਚ ਪਰਵੇਸ਼ ਕਰ ਗਿਆ ਅਤੇ ਇਸ ਭੈਅ ਦੀ ਪ੍ਰੇਰਣਾ ਨਾਲ ਤੂੰ ਬੱਚੇ ਦੀ ਸਹਾਇਤਾ ਅਤੇ ਸੁਰੱਖਿਆ ਲਈ ਉਤਾਵਲੀ ਹੋ ਕੇ ਉਸ ਵੱਲ ਦੌੜੀ।"

"ਤੁਹਾਡਾ ਵਿਸ਼ਲੇਸ਼ਣ ਠੀਕ ਹੈ।"

"ਤਾਂ ਤੇ ਇਹ ਵੀ ਠੀਕ ਹੈ ਕਿ ਸਾਡੇ ਰਵੱਈਏ ਦਾ ਬਹੁਤ ਸਾਰਾ ਹਿੱਸਾ ਜਿਸ ਨੂੰ ਅਸੀਂ ਪਿਆਰ, ਸਹਾਨੁਭੂਤੀ, ਮਮਤਾ ਅਤੇ ਦਇਆ ਆਦਿਕ ਦਾ ਰਵੱਈਆ ਸਮਝਦੇ ਹਾਂ, ਅਸਲ ਵਿੱਚ ਭੈਅ ਵਿੱਚੋਂ ਉਪਜਿਆ ਹੋਇਆ ਹੁੰਦਾ ਹੈ।"

"ਹਾਂ, ਬੱਚਿਆਂ ਦੇ ਸੰਬੰਧ ਵਿੱਚ ਅਤੇ ਵਿਸ਼ੇਸ਼ ਕਰ ਕੇ ਓਦੋਂ ਜਦੋਂ ਸਾਡੀ ਬੌਧਕ ਚੇਤਨਾ ਨੂੰ ਕਿਸੇ ਦੂਜੇ ਭਾਵ ਨੇ ਪਛਾੜ ਦਿੱਤਾ ਹੋਵੇ।"

"ਪੁਸ਼ਪੀ ਬੇਟਾ, ਸਾਡੇ ਸਾਰੇ ਕਠੋਰ ਭਾਵ ਸਾਡੀ ਬੌਧਿਕਤਾ ਦੇ ਵਿਰੋਧੀ ਹਨ। ਇਨ੍ਹਾਂ ਦੀ ਉਤੇਜਨਾ ਦਾ ਭਾਵ ਹੈ ਬੌਧਿਕਤਾ ਦਾ ਮੰਦ ਪੈ ਜਾਣਾ। ਬੱਚਿਆਂ ਨਾਲ ਆਰਥਕ ਸਾਡਾ ਵਤੀਰਾ ਕਈ ਵੇਰ ਡਰ ਅਤੇ ਕ੍ਰੋਧ ਦੇ ਭਾਵ ਵਿੱਚੋਂ ਉਪਜਿਆ ਹੋਇਆ ਹੁੰਦਾ ਹੈ, ਜਿਸ ਨੂੰ ਅਸੀਂ ਬੱਚੇ ਦੀ ਭਲਾਈ ਜਾਂ ਸੁਰੱਖਿਆ ਲਈ ਲੋੜੀਂਦਾ ਸਮਝਦੇ ਹਾਂ। ਬੱਚੇ ਨੂੰ ਖ਼ਤਰੇ ਵਿੱਚ ਵੇਖ ਕੇ ਅਸੀਂ ਡਰ ਜਾਂਦੇ ਹਾਂ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਆਪਣੀ ਸੁਰੱਖਿਆ ਲਈ

ਲੋੜੀਂਦਾ ਡਰ ਹਰ ਜੀਵ ਵਿੱਚ ਪਹਿਲਾਂ ਹੀ ਮੌਜੂਦ ਹੁੰਦਾ ਹੈ। ਇਹ ਡਰ ਬੱਚੇ ਨੂੰ (ਜਾਂ ਹਰ ਜੀਵ ਨੂੰ) ਆਪਣੀ ਸੁਰੱਖਿਆ ਦੇ ਸਾਧਨ ਲਈ ਪ੍ਰੇਰਦਾ ਹੈ। ਜੇ ਬੱਚੇ ਦੇ ਮਾਤਾ-ਪਿਤਾ ਜਾਂ ਹੋਰ ਸਹਾਇਕ ਉਸ ਨੂੰ ਖ਼ਤਰੇ ਵਿੱਚ ਵੇਖ ਕੇ ਡਰ ਜਾਣ ਅਤੇ ਦੌੜ ਕੇ ਉਸ ਦੀ ਸਹਾਇਤਾ ਸੁਰੱਖਿਆ ਲਈ ਪੁੱਜਣ ਤਾਂ ਬੱਚਾ ਆਪਣੇ ਵਿਚਲੇ ਡਰ ਦੀ ਵਰਤੋਂ ਕਰਨੀ ਨਹੀਂ ਸਿੱਖ ਸਕਦਾ। ਇਸ ਦੇ ਉਲਟ ਸਹਾਇਕਾਂ ਦੇ ਮਨਾਂ ਵਿਚਲੇ ਡਰ ਦੇ ਸਹਿਯੋਗ ਨਾਲ ਉਸ ਦੇ ਆਪਣੇ ਮਨ ਵਿਚਲਾ ਡਰ ਉਤੇਜਿਤ ਹੋ ਜਾਂਦਾ ਹੈ। ਡਰ ਦਾ ਉਤੇਜਿਤ ਭਾਵ ਉਸ ਦੀ ਬੌਧਿਕਤਾ ਨੂੰ ਪਛਾੜ ਦਿੰਦਾ ਹੈ ਅਤੇ ਉਹ ਆਪਣੀ ਸੁਰੱਖਿਆ ਦੇ ਸਾਧਨ ਲੱਭਣ ਦੀ ਥਾਂ ਡਰ ਨੂੰ ਹੀ ਸੁਰੱਖਿਆ ਦਾ ਸਾਧਨ ਮੰਨਣ ਲੱਗ ਪੈਂਦਾ ਹੈ। ਇਸ ਪ੍ਰਕਾਰ ਦਾ ਲੰਮਾ ਅਭਿਆਸ ਬੱਚੇ ਨੂੰ ਡਰਾਕਲ ਬਣਾ ਦਿੰਦਾ ਹੈ। ਡਰਾਕਲ ਆਦਮੀ ਜੀਵਨ ਦੇ ਬਹੁਤ ਸਾਰੇ ਆਨੰਦ ਤੋਂ ਵਾਂਜਿਆ ਜਾਂਦਾ ਹੈ। ਸਾਡੀ ਨਿੱਕੀ ਜਿਹੀ ਗ਼ਲਤੀ ਨਾਲ ਸਾਡਾ ਇੱਕ ਲਾਭਦਾਇਕ ਭਾਵ ਸਾਡਾ ਸੇਵਕ ਨਾ ਰਹਿ ਕੇ ਸਾਡਾ ਸਵਾਮੀ ਬਣ ਜਾਂਦਾ ਹੈ ਅਤੇ ਸਾਨੂੰ ਹੀਣਤਾ ਦੇ ਭਾਵ ਨਾਲ ਭਰ ਦਿੰਦਾ ਹੈ। ਅਣਜਾਣਪੁਣੇ ਕਾਰਨ ਅਸੀਂ ਆਪ ਹੀ ਮਨ ਨੂੰ ਰੋਗੀ ਬਣਾ ਕੇ ਪਿੱਛੋਂ ਇਸ ਰੋਗੀ ਮਨ ਦੇ ਇਲਾਜ ਲਈ ਯੋਗ ਦੇ ਅਭਿਆਸਾਂ ਦਾ ਆਸਰਾ ਲੈਂਦੇ ਹਾਂ। ਇਲਾਜ ਨਾਲੋਂ ਪਰਹੇਜ਼ ਨੂੰ ਚੰਗੇਰਾ ਆਖਿਆ ਗਿਆ ਹੈ; ਉਂਜ ਇਲਾਜ ਵੀ ਚੰਗੀ ਚੀਜ਼ ਹੈ, ਬੁਰੀ ਨਹੀਂ।"

"ਨੀਲੂ ਜੀ, ਪੂਰੇ ਸਤਿਕਾਰ ਨਾਲ ਇੱਕ ਗੱਲ ਪੁੱਛਣ ਲੱਗੀ ਹਾਂ। ਇਹ ਠੀਕ ਹੈ ਕਿ ਕੁਝ ਖ਼ਤਰਿਆਂ ਦਾ ਗਿਆਨ ਬੱਚੇ ਦੇ ਮਨ ਵਿੱਚ ਮੌਜੂਦ ਹੋ ਸਕਦਾ ਹੈ; ਪਰ, ਹਰ ਖ਼ਤਰੇ ਨੂੰ ਅਗਾਊਂ ਜਾਣ ਲੈਣਾ ਸ਼ਾਇਦ ਸੰਭਵ ਨਹੀਂ; ਵਿਸ਼ੇਸ਼ ਕਰ ਕੇ ਬੱਚੇ ਲਈ।"

"ਬੇਟਾ, ਜਿਨ੍ਹਾਂ ਖ਼ਤਰਿਆਂ ਦਾ ਗਿਆਨ ਬੱਚੇ ਜਨਮ ਤੋਂ ਨਾਲ ਲੈ ਕੇ ਆਉਂਦੇ ਹਨ, ਉਨ੍ਹਾਂ ਲਈ ਉਸ ਗਿਆਨ ਨੂੰ ਭੁੱਲ ਜਾਣਾ ਵੀ ਸੁਭਾਵਕ ਹੁੰਦਾ ਹੈ। ਬੱਚਿਆਂ ਵਿੱਚ ਖੇਡ ਦੀ ਪਰਬਲ ਰੁਚੀ ਹੈ। ਖੇਡ ਵਿੱਚ ਮਗਨ ਬੱਚਾ ਭੁੱਖ-ਤੇਹ ਆਦਿਕ ਸਭ ਕੁਝ ਭੁੱਲ ਜਾਂਦਾ ਹੈ। ਇਸੇ ਲਈ ਸਾਵਧਾਨੀ ਦੀ ਲੋੜ ਹੁੰਦੀ ਹੈ; ਬੱਚੇ ਨੂੰ ਨਹੀਂ, ਬੱਚੇ ਦੀ ਦੇਖਭਾਲ ਕਰਨ ਵਾਲੇ ਆਦਮੀਆਂ-ਇਸਤਰੀਆਂ ਨੂੰ। ਬੱਚਿਆਂ ਦੇ ਆਲੇ-ਦੁਆਲੇ ਵਿੱਚ ਕੁਝ ਵੀ ਅਜੇਹਾ ਨਹੀਂ ਹੋਣਾ ਚਾਹੀਦਾ, ਜਿਸ ਤੋਂ ਬੱਚੇ ਨੂੰ ਕੋਈ ਖ਼ਤਰਾ ਹੋਵੇ। ਇਸ ਖੇਡ-ਘਰ ਦਾ ਫ਼ਰਸ਼ ਏਸੇ ਲਈ ਨਰਮ ਅਤੇ ਪੋਲਾ ਬਣਾਇਆ ਗਿਆ ਹੈ। ਇਹ ਵੀ ਹੋ ਸਕਦਾ ਹੈ ਕਿ ਇਸ ਫ਼ਰਸ਼ ਉੱਤੇ ਡਿੱਗ ਕੇ ਵੀ ਬੱਚੇ ਨੂੰ ਥੋੜੀ ਬਹੁਤੀ ਸੱਟ ਲੱਗ ਜਾਵੇ। ਪਰੰਤੂ, ਉਹ ਸੱਟ ਓਨਾ ਨੁਕਸਾਨ ਨਹੀਂ ਕਰੇਗੀ, ਜਿੰਨਾ ਸਾਡੀ ਘਬਰਾਹਟ ਵਿੱਚੋਂ ਉਪਜਿਆ ਹੋਇਆ ਸਾਡਾ ਕਾਹਲਾ ਵਤੀਰਾ ਕਰੇਗਾ। ਥੋੜੀ ਬਹੁਤੀ ਸੱਟ ਅਤੇ ਸੱਟ ਤੋਂ ਉਪਜਣ ਵਾਲੀ ਪੀੜ ਬੱਚੇ ਦੇ ਅਨੁਭਵ ਦੀ ਅਮੀਰੀ ਵਿੱਚ ਵਾਧਾ ਕਰਦੀ ਹੈ, ਉਸ ਨੂੰ ਸਾਵਧਾਨ ਹੋਣਾ ਸਿਖਾਉਂਦੀ ਹੈ, ਉਹ ਆਪਣੀ ਰੱਖਿਆ ਕਰਨ ਦੀ ਜਾਚ ਸਿੱਖਦਾ ਹੈ।"

"ਕੋਈ ਸੱਟ-ਫੇਟ ਲੱਗ ਜਾਣ ਉੱਤੇ ਬੱਚੇ ਦੀ ਸਹਾਇਤਾ ਕੀਤੀ ਜਾਣੀ...।"

"...ਜ਼ਰੂਰੀ ਹੈ, ਮੇਰੇ ਬੱਚੇ, ਬਹੁਤ ਜ਼ਰੂਰੀ। ਭੈ-ਵੱਸ ਅਤੇ ਘਬਰਾਹਟ ਵਿੱਚ ਕੁਝ ਨਹੀਂ ਕਰਨਾ ਚਾਹੀਦਾ। ਬੱਚਾ ਡਿੱਗ ਪਿਆ ਹੈ। ਤੁਸਾਂ ਉਸ ਦੇ ਖੇਡਣ ਦੀ ਥਾਂ ਨੂੰ ਸੁਰੱਖਿਅਤ ਬਣਾਇਆ ਹੋਇਆ ਹੈ। ਆਪਣੀ ਸਾਵਧਾਨੀ ਉੱਤੇ ਭਰੋਸਾ ਕਰੋ; ਦੌੜੋ ਨਾ, ਘਾਬਰੋ ਨਾ, ਵੇਖੋ ਕਿ ਬੱਚਾ ਕੀ ਕਰਦਾ ਹੈ। ਹੋ ਸਕਦਾ ਹੈ ਉਹ ਆਪਣੀ ਮਦਦ ਆਪ ਕਰੇ ਅਤੇ ਆਪਣੇ ਆਪ ਨੂੰ ਸੰਭਾਲ ਲਵੇ। ਇਹ ਵੀ ਹੋ ਸਕਦਾ ਹੈ ਕੋਈ ਦੂਜਾ ਬੱਚਾ ਉਸ ਦੀ ਸਹਾਇਤਾ ਕਰੇ। ਜੇ ਤੁਹਾਡੇ ਵੱਲੋਂ ਕੁਝ ਕੀਤੇ ਜਾਣ ਦੀ ਲੋੜ ਹੈ ਤਾਂ ਹੌਲੀ ਨਾਲ ਜਾਓ। ਕੁਝ ਵੀ ਬੇਤਹਾਸ਼ਾ

ਨਾ ਕਰੋ। ਪਰਿਸਥਿਤੀ ਦੀ ਮੰਗ ਅਨੁਸਾਰ ਅਮਲ ਕਰੋ। ਕਈ ਵੇਰ ਏਨਾ ਕਹਿਣਾ ਹੀ ਕਾਫ਼ੀ ਹੁੰਦਾ ਹੈ ਕਿ 'ਵਾਹ ਬੇਟਾ, ਤੁਸਾਂ ਬਹੁਤ ਸੁਹਣੀ ਛਾਲ ਮਾਰੀ ਹੈ।' ਡਿੱਗ ਪੈਣ ਵਿੱਚ ਹੀਣਤਾ ਹੈ, ਕੁਝ ਕਰਨ ਵਿੱਚ 'ਕਰਤਾ' ਹੋਣ ਦਾ ਗੌਰਵ ਹੈ, ਇਹ ਗੱਲ ਹਰ ਬੱਚਾ ਜਾਣਦਾ ਹੈ। ਉਸ ਦੇ 'ਡਿੱਗ ਪੈਣ' ਨੂੰ 'ਛਾਲ ਮਾਰਨਾ' ਕਹਿ ਕੇ ਤੁਸੀਂ ਉਸ ਨੂੰ ਕੁਝ ਕਰਨ ਲਈ ਉਤਸ਼ਾਹਿਤ ਕਰਦੇ ਹੋ। ਭੈ, ਘਬਰਾਹਟ ਅਤੇ ਕਾਹਲ ਵਿੱਚ ਕਿਸੇ ਬੱਚੇ ਨੂੰ ਕਿਸੇ ਨਿੱਕੇ ਜਹੇ ਖ਼ਤਰੇ ਤੋਂ ਸੁਰੱਖਿਅਤ ਕਰਨ ਨਾਲੋਂ ਚੰਗਾ ਹੈ ਕਿ ਆਪਣੀ ਕਿਸੇ ਅਸਾਵਧਾਨੀ ਦੇ ਨਤੀਜੇ ਵੱਜੋਂ ਥੋੜੀ ਜਹੀ ਪੀੜ ਸਹਿ ਕੇ ਬੱਚਾ ਅੱਗੇ ਲਈ ਸਾਵਧਾਨੀ ਦਾ ਸਬਕ ਸਿੱਖੇ। ਬੱਚੇ ਨੂੰ ਉਸ ਦੇ ਆਪਣੇ ਮਨ ਦੀ ਘਾੜਤ ਘੜਨ ਦਿਓ।"

"ਨੀਲੂ ਜੀ, ਭੈ, ਕ੍ਰੋਧ, ਘਿਰਣਾ ਅਤੇ ਈਰਖਾ ਮਨੁੱਖੀ ਮਨ ਦੇ ਕੁਰੂਪ ਅਤੇ ਕਠੋਰ ਭਾਵ ਹਨ। ਅਸੀਂ ਬੱਚਿਆਂ ਤੋਂ ਡਰਦੇ ਨਹੀਂ, ਉਨ੍ਹਾਂ ਨੂੰ ਪੇਸ਼ ਆਉਣ ਵਾਲੇ ਖ਼ਤਰਿਆਂ ਤੋਂ ਡਰਦੇ ਹਾਂ ਅਤੇ ਇਉਂ ਡਰਨ ਨਾਲ ਉਨ੍ਹਾਂ ਦਾ ਨੁਕਸਾਨ ਕਰਦੇ ਹਾਂ। ਇਸ ਬਾਰੇ ਤੁਸਾਂ ਜੋ ਕੁਝ ਦੱਸਿਆ ਹੈ, ਮੈਂ ਭਲੀ ਭਾਂਤ ਸਮਝ ਗਈ ਹਾਂ। ਬੱਚਿਆਂ ਉੱਤੇ ਸਾਨੂੰ ਗ਼ੁੱਸਾ ਆ ਜਾਂਦਾ ਹੈ, ਇਸ ਗੱਲ ਦਾ ਮੈਨੂੰ ਅਨੁਭਵ ਹੈ; ਪਰੰਤੂ, ਬੱਚਿਆਂ ਨਾਲ ਘਿਰਣਾ ਅਤੇ ਈਰਖਾ ਅਸੀਂ ਕਰਦੇ ਹਾਂ ਜਾਂ ਨਹੀਂ; ਮੈਂ ਕੁਝ ਕਹਿ ਨਹੀਂ ਸਕਦੀ।"

"ਮੇਰੇ ਬੱਚਿਆ, ਤੇਰੇ ਇਸ ਸਵਾਲ ਨੇ ਇੱਕ ਵੇਰ ਫਿਰ ਮੈਨੂੰ ਇਹ ਅਹਿਸਾਸ ਕਰਵਾਇਆ ਹੈ ਕਿ ਆਪਣੀ ਉਦਾਸੀ ਦੀ ਜ਼ਿੰਮੇਦਾਰ ਮੈਂ ਇਕੱਲੀ ਹੀ ਸਾਂ; ਮੇਰੇ ਵਿਚਲੀ ਯਸ਼ੋਧਾ ਸੀ। ਮੈਨੂੰ ਮੋਹ-ਵਸ ਚੇਤਾ ਨਾ ਰਿਹਾ ਕਿ ਮੈਂ ਕਿਸੇ ਮਰਿਆਦਾ-ਮੁਕਤ ਕਾਨ੍ਹ ਦੀ ਉਸਾਰੀ ਕਰਨ ਵਾਲੀ ਯਸ਼ੋਧਾ ਨਹੀਂ, ਸਗੋਂ ਇੱਕ ਮਰਿਆਦਾ-ਪੁਰਸ਼ੋਤਮ ਰਾਮ ਦੀ ਉਸਾਰੀ ਕਰਨ ਵਾਲੀ ਕੁਸ਼ੱਲਿਆ ਹਾਂ। ਤੂੰ ਤਾਂ ਮੁਆਮਲੇ ਦੀ ਗਹਿਰਾਈ ਤੱਕ ਜਾਣ ਦੀ ਇੱਛਾ ਅਤੇ ਯੋਗਤਾ ਰੱਖਦੀ ਹੈਂ, ਮੈਂ ਹੀ ਤੈਨੂੰ ਕਿਸੇ ਹੋਰ ਰੂਪ ਵਿੱਚ ਵੇਖਣ ਦੇ ਸੁਪਨਿਆਂ ਵਿੱਚ ਗੁਆਚ ਕੇ ਤੇਰੀ ਅਗਵਾਈ ਦੇ ਧਰਮ ਤੋਂ ਅਵੇਸਲੀ ਹੋ ਗਈ ਸਾਂ। ਖ਼ੈਰ, ਮੈਂ ਵੀ ਇੱਕ ਮਾਂ ਹਾਂ...ਮਮਤਾ-ਮਾਰੀ ਮਾਂ। ਯਸ਼ੋਧਾ ਵਿੱਚ ਕੁਸ਼ੱਲਿਆ ਭਾਵੇਂ ਨਹੀਂ ਸੀ, ਪਰ ਕੁਸ਼ੱਲਿਆ ਵਿੱਚ ਯਸ਼ੋਧਾ ਮੌਜੂਦ ਸੀ।"

"ਮੈਂ ਪੁੱਛਿਆ ਸੀ ਕਿ ਕੀ ਬੱਚਿਆਂ ਵਿੱਚ... ?"

"ਅਸੀਂ ਬੱਚਿਆਂ ਨਾਲ ਈਰਖਾ ਅਤੇ ਘਿਰਣਾ ਨਹੀਂ ਕਰਦੇ, ਪਰ ਇਸ ਦਾ ਇਹ ਭਾਵ ਨਹੀਂ ਕਿ ਸਾਡੇ ਅਤੇ ਬੱਚਿਆਂ ਦੇ ਦਰਮਿਆਨ ਈਰਖਾ ਅਤੇ ਘਿਰਣਾ ਦਾ ਰਿਸ਼ਤਾ ਨਹੀਂ ਹੁੰਦਾ। ਬਹੁਤ ਥੋੜੇ ਹਨ ਅਜੇਹੇ ਮਾਪੇ ਜਿਨ੍ਹਾਂ ਨੂੰ ਆਪਣੇ ਬੱਚਿਆਂ ਨਾਲ ਕੋਈ ਗਿਲਾ ਨਹੀਂ। ਉਸ ਤੋਂ ਵੀ ਥੋੜੇ ਹਨ, ਅਜੇਹੇ ਬੱਚੇ ਜਿਨ੍ਹਾਂ ਨੂੰ ਆਪਣੇ ਮਾਪਿਆਂ ਦੇ ਵਿਵਹਾਰ ਸੰਬੰਧੀ ਇਤਰਾਜ਼ ਨਹੀਂ। ਇਨ੍ਹਾਂ ਇਤਰਾਜ਼ਾਂ ਅਤੇ ਗਿਲਿਆਂ ਦੀ ਜੜ੍ਹ ਵਿੱਚ ਡਰ, ਕ੍ਰੋਧ, ਘਿਰਣਾ ਅਤੇ ਈਰਖਾ ਦੇ ਭਾਵ ਹੀ ਕਿਸੇ ਨਾ ਕਿਸੇ ਰੂਪ ਵਿੱਚ ਸਮਾਏ ਹੋਏ ਹੁੰਦੇ ਹਨ। ਇਹ ਇੱਕ ਗੁੰਝਲਦਾਰ ਪਸਾਰਾ ਹੈ, ਜਿਸ ਦਾ ਆਰੰਭ ਉਸ ਭੈ ਤੋਂ ਹੁੰਦਾ ਹੈ, ਜਿਸ ਨੂੰ ਅਸੀਂ ਬੱਚੇ ਦੀ ਸੁਰੱਖਿਆ ਦਾ ਇੱਕੋ ਇੱਕ ਵਸੀਲਾ ਬਣਾ ਦਿੰਦੇ ਹਾਂ। ਹਰ ਨਿੱਕੀ ਵੱਡੀ ਘਟਨਾ ਵਿੱਚ ਗੰਭੀਰ ਖ਼ਤਰੇ ਦੀ ਸੰਭਾਵਨਾ ਦੀ ਕਲਪਨਾ ਕਰ ਕੇ ਬੱਚੇ ਦੀ ਸਹਾਇਤਾ ਲਈ ਹਾਜ਼ਰ ਹੋ ਕੇ ਅਸੀਂ ਬੱਚੇ ਦੇ ਮਨ ਵਿਚਲੇ ਭੈ ਨੂੰ ਪਰਬਲ ਕਰ ਦਿੰਦੇ ਹਾਂ।"

"ਏਥੋਂ ਤੱਕ ਮੈਂ ਸਮਝ ਗਈ ਹਾਂ।"

"ਇਹ ਕੁਝ ਬੱਚੇ ਦੇ ਮੁੱਢਲੇ ਸਾਲਾਂ ਵਿੱਚ ਹੁੰਦਾ ਹੈ। ਜਦੋਂ ਜ਼ਰਾ ਵਡੇਰਾ ਹੋ ਕੇ ਬੱਚਾ ਆਪਣੇ ਹੱਥਾਂ ਪੈਰਾਂ ਦੀ ਸੁਤੰਤਰ ਵਰਤੋਂ ਸ਼ੁਰੂ ਕਰਦਾ ਹੈ ਤਾਂ ਅਸੀਂ ਉਸ ਨੂੰ ਇਸ ਕੰਮੋਂ ਰੋਕਦੇ

ਹਾਂ। ਸਾਵਧਾਨੀਆਂ ਲਈ ਸਾਡੇ ਕੋਲ ਸਮਰੱਥਾ ਨਹੀਂ ਹੁੰਦੀ, ਸਮਾਂ ਨਹੀਂ ਹੁੰਦਾ, ਜਾਚ ਨਹੀਂ ਹੁੰਦੀ, ਸਹੂਲਤ ਨਹੀਂ ਹੁੰਦੀ। ਸਾਡਾ ਘਰੇਲੂ ਜੀਵਨ ਹਰ ਕਦਮ ਉੱਤੇ ਬੱਚੇ ਦੇ ਪ੍ਰਸ਼ੰਨ, ਕੁਦਰਤੀ ਵਿਕਾਸ ਦਾ ਰਾਹ ਰੋਕੀ ਰੱਖਦਾ ਹੈ। ਉਸ ਦੀ ਜਗਿਆਸਾ ਪਰਬਲ ਹੁੰਦੀ ਹੈ। ਉਹ ਨਿੱਕੀਆਂ ਮੋਟੀਆਂ ਮਨਾਹੀਆਂ ਦੀ ਪ੍ਰਵਾਹ ਨਹੀਂ ਕਰਦੀ। ਅਸੀਂ ਡਰ ਦੇ ਵਿਸ਼ਵਾਸੀ ਹਾਂ। ਸਾਡਾ ਸਰਬ-ਸ਼ਕਤੀਮਾਨ ਰੱਬ ਵੀ ਡਰ ਬਿਨਾਂ ਅਧੂਰਾ ਹੈ—ਸਦਾ ਡਰ ਦੀ ਸ਼ਰਨ ਲੈਂਦਾ ਹੈ। ਅਸੀਂ ਵੀ ਬੱਚੇ ਦੇ ਰੱਬ ਬਣ ਜਾਂਦੇ ਹਾਂ। ਉਸ ਨੂੰ ਡਰਾਉਂਦੇ ਹਾਂ। ਡਰਾਉਣ ਲਈ ਕ੍ਰੋਧ ਦੀ ਲੋੜ ਪੈਂਦੀ ਹੈ। ਅਸੀਂ ਕ੍ਰੋਧ ਕਰ ਕੇ ਬੱਚੇ ਨੂੰ ਡਰਾਉਂਦੇ ਹਾਂ, ਤਾਂ ਜੁ ਉਹ ਸਾਡੀਆਂ ਲਾਈਆਂ ਹੋਈਆਂ ਮਨਾਹੀਆਂ ਨੂੰ ਪਰਵਾਨ ਕਰੇ। ਉਹ ਜੋ ਕੁਝ ਕਰਦਾ ਹੈ ਆਪਣੇ ਅੰਦਰਲੀ ਕਿਸੇ ਕੁਦਰਤੀ ਅਤੇ ਪਰਬਲ ਇੱਛਾ ਅਧੀਨ ਕਰਦਾ ਹੈ। ਉਸ ਨੂੰ ਮਨਾਹੀਆਂ ਮਨਜ਼ੂਰ ਨਹੀਂ। ਅਸੀਂ ਦੰਡ ਦਿੰਦੇ ਹਾਂ, ਝਿੜਕਦੇ ਹਾਂ, ਮਾਰਦੇ ਵੀ ਹਾਂ, ਅਤੇ ਸਭ ਕੁਝ ਕ੍ਰੋਧ-ਵੱਸ ਕਰਦੇ ਹੋਏ ਇਹ ਕਹਿੰਦੇ ਹਾਂ ਕਿ ਇਹ ਸਭ ਕੁਝ ਅਸੀਂ ਬੱਚੇ ਦੇ ਕਲਿਆਣ ਹਿਤ ਕਰਦੇ ਹਾਂ। ਕਲਿਆਣ ਦੀ ਵਕਾਲਤ ਦੇ ਸਹਾਰੇ ਬਾ-ਇੱਜ਼ਤ ਬਰੀ ਕੀਤੇ ਗਏ ਕ੍ਰੋਧ ਉੱਤੇ ਆਧਾਰਿਤ ਮਨੁੱਖੀ ਰਿਸ਼ਤਾ, ਅਪਰਾਧੀ ਕ੍ਰੋਧ ਵਿੱਚੋਂ ਉਪਜੇ ਹੋਏ ਰਿਸ਼ਤੇ ਨਾਲੋਂ ਕਿੰਨਾ ਕੁ ਜ਼ਿਆਦਾ ਭਿਆਨਕ ਹੋ ਸਕਦਾ ਹੈ, ਇਹ ਅਸੀਂ ਜਾਣਦੇ ਨਹੀਂ—ਜਾਣਨਾ ਚਾਹੁੰਦੇ ਨਹੀਂ।"

"ਨੀਲੂ ਜੀ...।"

"ਜ਼ਰਾ ਠਹਿਰੋ, ਬੇਟਾ! ਕ੍ਰੋਧ ਬੱਚੇ ਦੇ ਮਨ ਵਿਚਲੇ ਭੈ ਨੂੰ ਵਧਾਉਂਦਾ ਹੈ। ਉਹ ਰੋ ਕੇ, ਰੁੱਸ ਕੇ ਆਪਣਾ ਵਿਰੋਧ ਪ੍ਰਗਟ ਕਰਦਾ ਹੈ। ਜੇ ਅਸੀਂ ਉਸ ਦੇ ਰੋਣ-ਰੁੱਸਣ ਸਾਹਮਣੇ ਝੁਕ ਜਾਂਦੇ ਹਾਂ ਤਾਂ ਉਹ ਸਾਡਾ ਸਵਾਮੀ ਬਣ ਜਾਂਦਾ ਹੈ। ਆਪਣੇ ਇਸ ਹਥਿਆਰ ਦੀ ਵਰਤੋਂ ਨਾਲ ਸਾਨੂੰ ਆਪਣੇ ਹੁਕਮ ਵਿੱਚ ਤੋਰਦਾ ਹੈ। ਜੇ ਅਸੀਂ ਨਹੀਂ ਝੁਕਦੇ ਤਾਂ ਉਹ ਸਾਨੂੰ ਆਪਣੇ ਰੱਖਿਅਕ ਦੇ ਥਾਂ ਆਪਣੇ ਵਿਰੋਧੀ ਸਮਝ ਕੇ ਸਾਡੇ ਨਾਲ ਘਿਰਣਾ ਕਰਨ ਲੱਗ ਪੈਂਦਾ ਹੈ।"

"ਅਤੇ ਈਰਖਾ ?"

"ਰੀਸ ਜਾਂ ਰਸ਼ਕ ਦੇ ਸੁਹਣੇ ਰੂਪ ਵਿੱਚ ਈਰਖਾ ਹਰ ਬੱਚੇ ਵਿੱਚ ਮੌਜੂਦ ਹੁੰਦੀ ਹੈ। ਚੰਗੇ ਮਾਪੇ ਬੱਚਿਆਂ ਲਈ ਆਦਰਸ਼ ਦਾ ਰੂਪ ਹੁੰਦੇ ਹਨ। ਬੱਚੇ ਉਨ੍ਹਾਂ ਵਰਗੇ ਹੋਣ ਬਣਨ ਦੀ ਇੱਛਾ ਕਰਦੇ ਹਨ। ਜੇ ਮਾਪਿਆਂ ਨੇ ਭੈ ਅਤੇ ਕ੍ਰੋਧ ਦਾ ਵਾਤਾਵਰਣ ਉਸਾਰ ਲਿਆ ਹੈ ਤਾਂ ਉਹ ਬੱਚਿਆਂ ਲਈ ਆਦਰਸ਼ ਦਾ ਰੂਪ ਨਹੀਂ ਰਹਿਣਗੇ। ਉਹ ਬੱਚਿਆਂ ਦੀ ਈਰਖਾ ਦਾ ਨਿਸ਼ਾਨਾ ਬਣ ਜਾਣਗੇ। ਜੇ ਬੱਚੇ ਉਨ੍ਹਾਂ ਵਰਗੇ ਹੋਣਾ ਵੀ ਚਾਹੁਣਗੇ ਤਾਂ ਰੀਸ ਜਾਂ ਰਸ਼ਕ ਵੱਸ ਨਹੀਂ, ਸਗੋਂ ਈਰਖਾ-ਵੱਸ ਇਉਂ ਕਰਨਗੇ। ਜੇ ਉਹ ਮਾਪਿਆਂ ਨਾਲ ਈਰਖਾ ਨਾ ਵੀ ਕਰਨ ਤਾਂ ਵੀ ਜੀਵਨ ਦੀ ਖੇਡ ਵਿੱਚ ਈਰਖਾ ਉਨ੍ਹਾਂ ਦੇ ਸੰਬੰਧਾਂ ਵਿੱਚ ਕੁਰੂਪਤਾ ਪੈਦਾ ਕਰਦੀ ਰਹੇਗੀ।"

"ਨੀਲੂ ਜੀ, ਇਹ ਗੱਲ ਕਿੰਨੀ ਦੁਖਦਾਇਕ ਅਤੇ ਸ਼ਰਮਨਾਕ ਹੈ ਕਿ ਮਾਪਿਆਂ ਅਤੇ ਬੱਚਿਆਂ ਵਿਚਕਾਰ ਈਰਖਾ, ਘਿਰਣਾ ਅਤੇ ਕ੍ਰੋਧ ਆਦਿਕ ਦੇ ਕੋਝੇ ਸੰਬੰਧ ਹੋਣ। ਇਹ ਸੰਭਵ ਨਹੀਂ ਕਿ ਮਾਪੇ ਮਨੋਵਿਗਿਆਨ ਦੇ ਪੰਡਿਤ ਬਣ ਕੇ ਕਿਸੇ ਕਿਤਾਬੀ ਢੰਗ ਨਾਲ ਬੱਚਿਆਂ ਨਾਲ ਵਿਚਰਣ। ਕੀ ਕੋਈ ਏਹੋ ਜਿਹਾ ਨੇਮ ਬਣਾਇਆ ਜਾ ਸਕਦਾ ਹੈ, ਜਿਸ ਦਾ ਪਾਲਣ ਕੀਤਿਆਂ ਉੱਪਰ ਦੱਸੀਆਂ ਸਾਰੀਆਂ ਬੁਰਾਈਆਂ ਤੋਂ, ਜੇ ਸਮੁੱਚੇ ਤੌਰ ਉੱਤੇ ਨਹੀਂ ਤਾਂ ਕਿਸੇ ਹੱਦ ਤਕ, ਬਚਿਆ ਜਾ ਸਕਦਾ ਹੋਵੇ ?"

"ਪ੍ਰਸ਼ਨਪ੍ਰੇਦੂ, ਮੇਰਾ ਖ਼ਿਆਲ ਹੈ ਕਿ ਇੱਕ ਸਾਧਾਰਣ ਜਹੀ ਗ਼ਲਤ ਧਾਰਨਾ ਨੇ ਬੱਚਿਆਂ ਅਤੇ ਮਾਪਿਆਂ ਦੇ ਸੰਬੰਧਾਂ ਦੇ ਸਮੁੱਚੇ ਤਾਣੇ-ਬਾਣੇ ਨੂੰ ਉਲਝਾਇਆ ਹੋਇਆ ਹੈ। ਕੋਈ ਇੱਕ

ਧਾਰਨਾ ਅਜੇਹੀ ਵੀ ਹੋ ਸਕਦੀ ਹੈ, ਜਿਸ ਨੂੰ ਬੱਚਿਆਂ ਦੇ ਸੰਬੰਧ ਵਿੱਚ ਕੇਂਦਰੀ ਥਾਂ ਦਿੱਤਾ ਜਾਣ ਨਾਲ ਸਾਰਾ ਤਾਣਾ-ਬਾਣਾ ਸੁਲਝ ਸਕਦਾ ਹੈ।"

"ਪਹਿਲਾਂ ਉਲਝਾਉਣ ਵਾਲੀ ਧਾਰਨਾ ਦੀ ਗੱਲ ਕਰੋ।"

"ਜਿਸ ਤਰ੍ਹਾਂ ਧਰਮ ਦੇ ਮੁਆਮਲੇ ਵਿੱਚ ਮਨੁੱਖ ਨੇ ਸੱਚ ਨੂੰ ਕੇਂਦਰੀ ਥਾਂ ਦਿੱਤੀ ਹੋਈ ਹੈ, ਉਸੇ ਤਰ੍ਹਾਂ ਘਰੇਲੂ ਸੰਬੰਧਾਂ ਦੇ ਮੁਆਮਲੇ ਵਿੱਚ ਪਿਆਰ ਨੂੰ ਕੇਂਦਰ ਆਖਿਆ ਜਾਂਦਾ ਹੈ। ਜਿਸ ਤਰ੍ਹਾਂ ਸੱਚ ਨੇ ਧਰਮ ਨੂੰ ਹਾਸੋ-ਹੀਣਾ, ਕਠੋਰ ਅਤੇ ਅਵਿਵਹਾਰਕ ਬਣਾਇਆ ਹੋਇਆ ਹੈ, ਇਸੇ ਤਰ੍ਹਾਂ ਪਿਆਰ ਨੂੰ ਕੇਂਦਰ ਵਿੱਚ ਰੱਖਿਆ ਜਾਣ ਕਰਕੇ ਮਨੁੱਖੀ (ਵਿਸ਼ੇਸ਼ ਕਰਕੇ ਘਰੇਲੂ) ਸੰਬੰਧਾਂ ਦੀ ਹਾਨੀ ਹੋਈ ਹੈ।"

"ਕੀ ਕਹਿ ਰਹੇ ਹੋ, ਨੀਲੂ ਜੀ ?"

"ਜੋ ਤੂੰ ਸੁਣ ਰਹੀ ਹੈਂ, ਪੁਸ਼ਪੀ। ਇਸ ਬਦਲਦੇ ਵਿਕਸਦੇ ਜੀਵਨ ਦਾ ਸੱਚ ਏਨੀ ਛੇਤੀ ਬਦਲ ਜਾਂਦਾ ਹੈ ਕਿ ਧਰਮ ਉਸ ਨਾਲ ਹਮ-ਕ਼ਦਮ ਹੋ ਕੇ ਤੁਰ ਨਹੀਂ ਸਕਦਾ। ਇਸ ਲਈ ਧਰਮ ਨੇ ਕਿਸੇ ਅਨਾਦੀ, ਅਨੰਤ ਅਤੇ ਅਗੇਅ (ਨਾ ਜਾਣੇ ਜਾ ਸਕਣ ਵਾਲੇ) ਸੱਚ ਦੀ ਘਾੜਤ ਘੜ ਲਈ ਹੈ। ਹਰ ਧਰਮ ਦਾ ਆਪੋ ਆਪਣਾ ਸੱਚ ਹੈ। ਹਰ ਧਰਮ ਆਪਣੇ ਸੱਚ ਨੂੰ ਸੱਚ ਅਤੇ ਦੂਜੇ ਦੇ ਸੱਚ ਨੂੰ ਕੁਫ਼ਰ ਕਹਿੰਦਾ ਹੈ। ਹਰ ਧਰਮ ਜੀਵਨ ਦੀ ਹਾਨੀ ਕਰਦਾ ਹੈ, ਹਰ ਧਰਮ ਹਾਸੋ-ਹੀਣਾ ਹੈ, ਹਰ ਧਰਮ ਅਵਿਵਹਾਰਕ ਹੈ, ਸਿਰਫ਼ ਇਸ ਲਈ ਕਿ ਇਸ ਦਾ ਕੇਂਦਰੀ ਆਧਾਰ ਅਵਿਵਹਾਰਕ ਹੈ, ਕਠੋਰ ਹੈ, ਹਾਸੋ-ਹੀਣਾ ਹੈ।"

"ਅਤੇ ਪਿਆਰ ?"

"ਤ੍ਰਿਸ਼ਨਾ ਤੋਂ ਲੈ ਕੇ ਤਿਆਗ ਤੱਕ ਅਤੇ ਕਾਮ ਵਾਸ਼ਨਾ ਤੋਂ ਲੈ ਕੇ ਨਿਸ਼ਕਾਮਤਾ ਤੱਕ, ਪਿਆਰ ਦੇ ਅਨੇਕ ਰੂਪ ਹਨ। ਨਿਸ਼ਕਾਮਤਾ ਇੱਕ ਅਪਹੁੰਚ ਆਦਰਸ਼ ਹੈ। ਪਿਆਰ ਦੇ ਬਾਕੀ ਸਾਰੇ ਰੂਪ ਮਨੁੱਖੀ ਮਨ ਦੇ ਵਕਤੀ ਵੇਗਾਂ ਨੂੰ ਦਿੱਤੇ ਹੋਏ ਸੁੰਦਰ, ਕੰਮ-ਚਲਾਊ ਅਤੇ ਭੁਲੇਖਾ-ਪਾਊ ਨਾਂ ਹਨ। ਜਿਸ ਤਰ੍ਹਾਂ ਮਨੁੱਖੀ ਮਨ ਦੇ ਵੇਗਾਂ ਵਿੱਚ ਪਕਿਆਈ ਅਤੇ ਸਦੀਵਤਾ ਨਹੀਂ ਹੁੰਦੀ, ਉਸੇ ਤਰ੍ਹਾਂ ਪਿਆਰ ਦੀ ਕੱਚੀ-ਕਮਜ਼ੋਰ ਨੀਂਹ ਉਤਲੇ ਸੰਬੰਧਾਂ ਵਿੱਚ ਸਦੀਵਤਾ ਨਹੀਂ ਹੋ ਸਕਦੀ। ਇਸ ਗੱਲ ਵਿੱਚ ਅੱਤਕਥਨੀ ਨਹੀਂ ਕਿ ਅੱਸੀ ਫ਼ੀਸਦੀ ਪਿਆਰ-ਵਿਆਹ ਸਾਲ ਦੇ ਅੰਦਰ ਅੰਦਰ ਤਲਾਕ ਤੱਕ ਪੁੱਜ ਜ਼ਾਂਦੇ ਹਨ। ਕਿਸੇ ਮਨੁੱਖੀ ਮਨੋ-ਵੇਗ ਲਈ ਇੱਕ ਸਾਲ ਦੀ ਉਮਰ ਵੀ ਬਹੁਤ ਲੰਮੀ ਹੈ।"

"ਸੰਬੰਧਾਂ ਦੀ ਪਕਿਆਈ ਦਾ ਭੇਤ ਭਰੋਸੇ ਵਿੱਚ ਹੈ ਨਾ, ਨੀਲੂ ਜੀ ?"

"ਤੂੰ ਗੱਲ ਦਾ ਰੁਖ਼ ਮੋੜ ਦਿੱਤਾ ਹੈ, ਪੁਸ਼ਪੀ। ਤੇਰੇ ਪ੍ਰਸ਼ਨ ਦਾ ਉੱਤਰ ਦੇ ਕੇ ਹੀ ਅੱਗੇ ਜਾਵਾਂਗੀ। ਪਿਆਰ ਵਾਂਗ ਭਰੋਸਾ ਅਤੇ ਸ਼ੱਕ ਵੀ ਮਨ ਦੇ ਵੇਗ ਹਨ। ਸੰਬੰਧਾਂ ਨੂੰ ਇੱਕ ਮਨੋਵੇਗ ਦੇ ਕੰਧਾੜਿਓਂ ਲਾਹ ਕੇ ਦੂਜੇ ਮਨੋਵੇਗ ਦੇ ਕੁੱਛੜ ਦੇ ਦੇਣ ਨਾਲ ਉਨ੍ਹਾਂ ਦੀ ਉਮਰ ਲੰਮੀ ਨਹੀਂ ਹੋ ਸਕਦੀ। ਭਰੋਸੇ ਨੂੰ ਆਧਾਰ ਦੀ ਲੋੜ ਪਿਆਰ ਨਾਲੋਂ ਵੱਧ ਹੁੰਦੀ ਹੈ। ਇਹ ਕਿਸੇ ਸੰਬੰਧ ਦਾ ਆਧਾਰ ਬਣਨ ਦੀ ਪਿਆਰ ਜਿੰਨੀ ਯੋਗਤਾ ਨਹੀਂ ਰੱਖਦਾ। ਮਨੁੱਖੀ ਸੰਬੰਧਾਂ ਵਿੱਚ (ਵਿਸ਼ੇਸ਼ ਕਰਕੇ ਬੱਚਿਆਂ ਨਾਲ ਸਾਡੇ ਸੰਬੰਧਾਂ ਵਿੱਚ) ਕੇਂਦਰੀ ਥਾਂ ਪਿਆਰ ਨੂੰ ਨਹੀਂ, ਸਤਿਕਾਰ ਨੂੰ ਦਿੱਤੀ ਜਾਣੀ ਚਾਹੀਦੀ ਹੈ। ਸਾਡੇ ਬਹੁਤੇ ਸੰਬੰਧ ਸਮਾਜਕ ਹਨ ਅਤੇ ਸੱਭਿਅਤਾ ਦੀ ਦੇਣ ਹਨ। ਸੱਭਿਅਤਾ ਕਿਸੇ ਮਨੋਵੇਗ ਵਿੱਚੋਂ ਉਪਜੀ ਹੋਈ ਨਹੀਂ, ਸਗੋਂ ਜੀਵਨ ਦੀਆਂ ਲੋੜਾਂ ਦੀ ਪੂਰਤੀ ਦੇ ਮਨੋਰਥ ਦੀ ਪ੍ਰਾਪਤੀ ਲਈ ਉਪਜਾਈ ਅਤੇ ਵਿਕਸਾਈ ਹੋਈ ਮਰਿਆਦਾ ਦੇ ਪਾਲਣ ਕਰਨ ਦੀ ਸਾਧਨਾ ਅਤੇ ਯੋਗਤਾ ਦੀ ਉਪਜ ਹੈ। ਸੱਭਿਅਤਾ ਮਨੁੱਖ ਦੀ ਭਾਵੁਕ ਉਤੇਜਨਾ ਅਤੇ

ਮਾਨਸਿਕ ਉਲਾਰ ਦੀ ਅਭਿਵਿਅਕਤੀ ਨਹੀਂ; ਇਹ ਮਨੁੱਖ ਦੇ ਬੌਧਕ ਵਿਕਾਸ, ਸਹਿਯੋਗ ਅਤੇ ਸਹਿਵਾਸ ਦੇ ਆਸਰੇ ਜੀਵਨ ਨੂੰ ਸੁਹਣਾ, ਸੁਖਾਵਾਂ ਅਤੇ ਸਤਿਕਾਰਯੋਗ ਬਣਾਉਣ ਦੀ ਰੀਝ ਦੀ ਰੂਪ-ਰੇਖਾ ਹੈ। ਮਨੁੱਖ ਦੇ ਮਾਨਸਿਕ ਉਲਾਰਾਂ ਨੇ ਧਰਮਾਂ, ਜਹਾਦਾਂ, ਧਰਮ-ਯੁੱਧਾਂ, ਮੁਲਕਗੀਰੀਆਂ, ਫ਼ਸਾਦਾਂ, ਇਨਕਲਾਬਾਂ ਅਤੇ ਬਰਦਾ-ਫ਼ਰੋਸ਼ੀਆਂ ਦੇ ਅਨੇਕ ਰੂਪ ਧਾਰ ਕੇ ਸੱਭਿਅਤਾ ਦਾ ਰਾਹ ਰੋਕਣ ਦਾ ਜਤਨ ਕੀਤਾ ਹੈ। ਮਾਨਸਿਕ ਉਲਾਰ ਸੰਬੰਧਾਂ ਦੀ ਸੁੰਦਰਤਾ ਦੀ ਜ਼ਮਾਨਤ ਨਹੀਂ ਹਨ। ਸੰਬੰਧਾਂ ਦੀ ਸੁੰਦਰਤਾ ਸਾਤਵਿਕ ਮਰਿਆਦਾ ਦੇ ਸਤਿਕਾਰ ਵਿੱਚ ਹੈ। ਪਰਿਵਾਰਕ ਸੰਬੰਧ ਵਿਸ਼ੇਸ਼ ਕਰਕੇ ਬੱਚਿਆਂ ਨਾਲ ਮਾਪਿਆਂ ਦੇ ਸੰਬੰਧ ਜਿੰਨੇ ਸਾਤਵਿਕ ਹੋ ਸਕਦੇ ਹਨ, ਓਨੇ ਹੋਰ ਕੋਈ ਸੰਬੰਧ ਨਹੀਂ ਹੋ ਸਕਦੇ। ਇਨ੍ਹਾਂ ਦੇ ਕੇਂਦਰ ਵਿੱਚ ਮੋਹ, ਮਮਤਾ, ਪਿਆਰ ਅਤੇ ਭੈਅ ਵਰਗੇ ਚੰਗੇ ਜਾਂ ਮਾੜੇ ਮਨੋ-ਉਲਾਰ ਨਹੀਂ ਰੱਖੇ ਜਾਣੇ ਚਾਹੀਦੇ। ਇਹਨਾਂ ਦੇ ਕੇਂਦਰ ਵਿੱਚ ਸਤਿਕਾਰ ਨੂੰ ਟਿਕਾਇਆ ਜਾਣਾ ਚਾਹੀਦਾ ਹੈ। ਇਹ ਇੱਕ ਨਵਾਂ ਤਜਰਬਾ ਹੈ; ਕੋਈ ਇਲਹਾਮ, ਹੁਕਮ ਜਾਂ ਮਹਾਂਵਾਕ ਨਹੀਂ। ਕਿਸੇ ਸਫਲਤਾ ਦਾ ਇਕਰਾਰ ਵੀ ਨਹੀਂ; ਨਵੇਂ ਅਨੁਭਵ ਦੀ ਸੰਭਾਵਨਾ ਨਿਸ਼ਚੇ ਹੀ ਹੋ ਸਕਦੀ ਹੈ।"

"ਤੁਹਾਡੇ ਖ਼ਿਆਲ ਵਿੱਚ ਸਤਿਕਾਰ ਪਿਆਰ ਨਾਲੋਂ ਸ੍ਰੇਸ਼ਟ ਹੈ ?"

"ਇਹ ਤਾਂ ਅਨੁਭਵ ਹੀ ਦੱਸ ਸਕਦਾ ਹੈ। ਮੈਂ ਸ੍ਰੇਸ਼ਟ-ਅਸ੍ਰੇਸ਼ਟ ਦੀ ਗੱਲ ਨਹੀਂ ਕਹਿ ਰਹੀ; ਨਾ ਹੀ ਪਿਆਰ, ਸੱਚ ਅਤੇ ਭਰੋਸੇ ਆਦਿਕ ਨੂੰ ਬੇਲੋੜਾ ਕਹਿ ਰਹੀ ਹਾਂ। ਮੈਂ ਇਨ੍ਹਾਂ ਦੀ ਥਾਂ ਬਦਲਣ ਦੀ ਸਲਾਹ ਦੇ ਰਹੀ ਹਾਂ, ਕਿਉਂਕਿ ਇਨ੍ਹਾਂ ਦੇ ਰੂਪ-ਸਰੂਪ ਨਿਸ਼ਚਿਤ ਨਹੀਂ ਹਨ। ਮਾਂ ਦੀਆਂ ਗ੍ਹਾਲ਼ਾਂ ਨੂੰ ਵੀ 'ਘਿਉ ਦੀਆਂ ਨਾਲ਼ਾਂ' ਕਹਿ ਕੇ ਪਿਆਰ ਦਾ ਵਤੀਰਾ ਆਖਿਆ ਜਾ ਸਕਦਾ ਹੈ। ਪਰੰਤੂ, ਸਤਿਕਾਰ ਇੱਕ ਨਿਸ਼ਚਿਤ ਵਤੀਰੇ ਦਾ ਨਾਂ ਹੈ। ਕੇਵਲ ਸਤਿਕਾਰ-ਭਰਪੂਰ ਵਤੀਰਾ ਹੀ ਸਤਿਕਾਰ ਦੀ ਭਾਵਨਾ ਦਾ ਲਖਾਇਕ ਹੋ ਸਕਦਾ ਹੈ। ਸਤਿਕਾਰ ਨੂੰ ਕੇਂਦਰ ਵਿੱਚ ਰੱਖਦਿਆਂ ਹੋਇਆਂ ਬੱਚੇ ਦੀ ਸੁਰੱਖਿਆ ਅਤੇ ਪਰਵਰਿਸ਼ ਦੀ ਵਿਉਂਤਬੰਦੀ ਕਰਨ ਨਾਲ ਹੀ ਅਸੀਂ ਮਨੁੱਖੀ ਮਨ ਦੀ ਸਾਤਵਿਕ ਘਾੜਤ ਘੜਨ ਦੇ ਯੋਗ ਹੋ ਸਕਦੇ ਹਾਂ। ਇਹ ਸਭ ਕੁਝ ਤੈਨੂੰ ਪਹਿਲਾਂ ਦੱਸਿਆ ਹੁੰਦਾ ਤਾਂ ਮੈਨੂੰ ਉਦਾਸੀ ਨਾ ਭੋਗਣੀ ਪੈਂਦੀ, ਪੁਸ਼ਪੇ।"

ਸਨੇਹਾ, ਮੈਂ ਹੋਰ ਬਹੁਤ ਕੁਝ ਪੁੱਛਣਾ ਚਾਹੁੰਦੀ ਸਾਂ; ਪਰ, ਹੀਆ ਨਾ ਕਰ ਸਕੀ। ਪ੍ਰੋਫ਼ੈਸਰ ਅੰਕਲ ਅਤੇ ਸੁਮੀਤ ਵੀ ਆ ਚੁੱਕੇ ਸਨ। ਨੀਲੂ ਜੀ ਨੇ ਸੁਮੀਤ ਨੂੰ ਆਖਿਆ, 'ਜਾਓ ਬੇਟਾ, ਆਪਣੀ ਪੁਸ਼ੂ ਨੂੰ ਈਸ਼ਰ ਭਵਨ ਛੱਡ ਆਓ।' ਅੰਕਲ ਜੀ ਹੈਰਾਨੀ ਨਾਲ ਨੀਲੂ ਜੀ ਦੇ ਮੂੰਹ ਵੱਲ ਵੇਖਦੇ ਰਹੇ।

ਪੁਸ਼ਪੇਂਦ੍ਰ।

# 46

ਈਸਟ ਹੈਮ,
3.8.97.

ਪੂਜ਼ਪੇਂਦੂ,

ਪਿਛਲੇ ਕੁਝ ਹਫ਼ਤਿਆਂ ਤੋਂ ਮੈਂ ਪਾਪਾ ਅਤੇ ਉਨ੍ਹਾਂ ਦੇ ਮਿੱਤਰਾਂ ਦੀਆਂ ਗੱਲਾਂ ਸੁਣ ਕੇ ਇਹੋ ਅੰਦਾਜ਼ਾ ਲਾਉਂਦੀ ਰਹੀ ਸਾਂ ਕਿ ਇਨ੍ਹਾਂ ਦੀ ਗੱਲ ਬਾਤ ਅਜਿਹੇ ਟਿਕਾਣੇ ਉੱਤੇ ਆ ਪੁੱਜੀ ਹੈ, ਜਿੱਥੇ ਇਹ ਬੇ-ਤਰਤੀਬੀ ਜਿਹੀ ਹੋ ਗਈ ਹੈ; ਕੋਈ ਨਵੀਂ ਦਿਸ਼ਾ ਲੱਭ ਰਹੀ ਹੈ। ਮੈਂ ਇਸ ਤਰ੍ਹਾਂ ਦੀ ਕੋਈ ਗੱਲ ਪਾਪਾ ਨੂੰ ਕਹਿਣੀ ਚਾਹੁੰਦਿਆਂ ਹੋਇਆਂ ਵੀ ਕਹਿ ਨਹੀਂ ਸਾਂ ਸਕਦੀ। ਪਿਛਲੀ ਮਿੱਤਰ-ਮਿਲਨੀ ਉੱਤੇ ਮੇਰੀ ਮੁਸ਼ਕਲ ਹੱਲ ਹੋ ਗਈ, ਜਦੋਂ ਪਾਪਾ ਦੇ ਮਿੱਤਰ ਨੇ ਪੁੱਛ ਲਿਆ, "ਵੀਰ ਜੀ, ਅਸੀਂ ਬਹੁਤ ਚਿਰ ਤੋਂ ਪਲੇਟੋ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖਣ ਜਾਣਨ ਵਿੱਚ ਲੱਗੇ ਹੋਏ ਹਾਂ; ਅਗੇਰੇ ਨਹੀਂ ਤੁਰੇ; ਹੋਰ ਅਨੇਕਾਂ ਦਾਰਸ਼ਨਿਕਾਂ ਬਾਰੇ ਜਾਣਨਾ ਅਜੇ ਬਾਕੀ ਹੈ। ਅਸੀਂ ਅਗੇਰੇ ਕਿਉਂ ਨਹੀਂ ਤੁਰ ਰਹੇ ?"

ਪਾਪਾ ਦਾ ਉੱਤਰ ਸੀ, "ਅਸੀਂ ਦਾਰਸ਼ਨਿਕਾਂ ਦੀ ਨਹੀਂ, 'ਦਰਸ਼ਨ' ਦੀ ਗੱਲ ਕਰ ਰਹੇ ਹਾਂ; ਸੋਚਵਾਨਾਂ ਬਾਰੇ ਨਹੀਂ, 'ਸੋਚ' ਬਾਰੇ ਸੋਚ ਰਹੇ ਹਾਂ। ਸੋਚ ਸਰਬ ਸਾਂਝੀ ਹੈ। ਕੁਝ ਇੱਕ ਵਿਅਕਤੀਆਂ ਨੂੰ ਵਿੱਦਿਆ, ਰੁਤਬੇ, ਮਾਨਸਿਕ ਉਲਾਰ, ਸ਼ਕਤੀ, ਜਨ-ਸਾਧਾਰਣ ਦੇ ਭੋਲੇਪਨ ਅਤੇ ਧਨ ਆਦਿਕ ਵਿੱਚੋਂ ਕਿਸੇ ਇੱਕ ਦੀ ਜਾਂ ਇਨ੍ਹਾਂ ਸਾਰਿਆਂ ਦੀ ਰਲੀ-ਮਿਲੀ ਸਹਾਇਤਾ ਨਾਲ 'ਸੋਚ' ਨੂੰ ਮਨ-ਮਰਜ਼ੀ ਦੀ ਸੇਧ ਦੇਣ ਦਾ ਮੌਕਾ ਮਿਲਿਆ ਹੈ। ਪਲੇਟੋ ਅਜੇਹਾ ਸਭ ਤੋਂ ਪਹਿਲਾ ਅਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਵਿਅਕਤੀ ਸੀ। ਲੱਗਪੱਗ ਦੋ ਹਜ਼ਾਰ ਸਾਲ ਤਕ ਸੋਚ ਦੇ ਮੈਦਾਨ ਵਿੱਚ ਪਲੇਟੋ ਦੀ ਸਰਦਾਰੀ ਸਾਹਮਣੇ ਸਿਰ ਝੁਕਾਇਆ ਜਾਂਦਾ ਰਿਹਾ ਹੈ। ਅਜੇਹਾ ਕਿਉਂ ਹੋ ਸਕਿਆ ? ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਸਾਨੂੰ ਹਰ ਪਾਸੇ ਵੱਲ ਵੇਖਣਾ ਪਵੇਗਾ। ਅਸਾਂ ਪਲੇਟੋ ਦੇ ਸਮੇਂ ਦੇ ਸੈਨਿਕ ਅਤੇ ਸਿਆਸੀ ਹਾਲਾਤ ਬਾਰੇ ਜਾਣਿਆ ਸੀ। ਉਸ ਤੋਂ ਪਿੱਛੋਂ ਏਧਰ ਓਧਰ ਦੀਆਂ ਗੱਲਾਂ ਕਰ ਕੇ ਅਸਾਂ ਉਨ੍ਹਾਂ ਸਾਰੇ ਵਿਸ਼ਿਆਂ ਦਾ ਏਜੰਡਾ ਉਲੀਕ ਲਿਆ ਹੈ, ਜਿਨ੍ਹਾਂ ਬਾਰੇ ਵਿਚਾਰ ਕਰਨ ਉੱਤੇ ਹੀ ਅਸੀਂ ਇਹ ਜਾਣ ਸਕਾਂਗੇ ਕਿ ਉਹ ਸਾਰੇ ਵਿਸ਼ਵ ਦੀ ਸੋਚ ਨੂੰ ਆਪਣੇ ਹੁਕਮ ਵਿੱਚ ਤੋਰਨ ਦੀ ਦਲੇਰੀ ਕਿਵੇਂ ਕਰ ਸਕਿਆ।"

ਮੈਂ ਵੀ ਗੱਲ ਬਾਤ ਵਿੱਚ ਹਿੱਸਾ ਲੈਣ ਲਈ ਉਤਸਾਹਿਤ ਹੋ ਗਈ, "ਪਾਪਾ, ਤੁਸੀਂ ਕਹਿੰਦੇ ਹੋ ਕਿ ਪਲੇਟੋ ਨੇ ਸੋਚ ਨੂੰ ਸ਼ਕਤੀ ਦੀ ਦਬੇਲ ਹੋਣ ਦੀ ਸਾਲਾਹ ਦਿੱਤੀ ਹੈ; ਪਰੰਤੂ ਪਲੇਟੋ ਅਤੇ ਅਰਸਤੂ ਆਦਿਕ ਤੋਂ ਪਿੱਛੋਂ ਸੋਚ ਸ਼ਕਤੀ ਦੀ ਦਬੇਲ ਹੋਣ ਦੇ ਨਾਲ ਨਾਲ ਮਜ਼ਹਬ ਦਾ ਮਾਰਗ-ਦਰਸ਼ਨ ਵੀ ਕਰਦੀ ਰਹੀ ਹੈ। ਧਰਮ ਨਾਲ ਸੰਬੰਧ ਰੱਖਣ ਵਾਲੀ ਸੋਚ, ਜੇ ਸ਼ਕਤੀ ਦੀ ਦਬੇਲ ਨਹੀਂ ਸੀ ਤਾਂ ਉਹ ਕਿਹੜੇ ਸੋਮਿਆਂ ਅਤੇ ਪ੍ਰਭਾਵਾਂ ਦੀ ਉਪਜ ਸੀ ?"

"ਨਾ ਮੇਰੇ ਬੱਚੇ, ਸੋਚ ਨੇ ਧਰਮ ਦਾ ਮਾਰਗ-ਦਰਸ਼ਨ ਕਦੇ ਨਹੀਂ ਕੀਤਾ। ਪੁਰਾਤਨ ਕਾਲ ਵਿੱਚ ਸੋਚ ਧਰਮ ਅਤੇ ਸਰਕਾਰ ਦੇ ਨਾਲ ਨਾਲ ਇੱਕ ਤੀਜੀ ਸੁਤੰਤਰ ਹੋਂਦ (ਜਾਂ ਲੱਗਪੱਗ ਸੁਤੰਤਰ ਹੋਂਦ) ਸੀ। ਜਿਵੇਂ ਜਿਵੇਂ ਸਰਕਾਰਾਂ ਵਿਕਸਿਤ ਅਤੇ ਵਿਸ਼ਾਲ ਹੁੰਦੀਆਂ ਗਈਆਂ ਹਨ, ਤਿਵੇਂ ਤਿਵੇਂ ਸੋਚ, ਸ਼ਕਤੀ ਦੀ ਸੇਵਾਦਾਰ ਬਣਦੀ ਗਈ ਹੈ। ਸਰਕਾਰਾਂ ਦਾ ਸੰਬੰਧ ਧਰਤੀ ਉਤਲੇ ਜੀਵਨ ਨਾਲ ਸੀ। ਸਰਕਾਰ ਅਤੇ ਸੱਤਾ ਦੀ ਸੇਵਾ ਵਿੱਚ ਲੱਗੀ ਹੋਈ ਸੋਚ ਕਿਸੇ ਹੱਦ ਤੱਕ ਧਰਤੀ ਉਤਲੇ ਜੀਵਨ ਨਾਲ ਸੰਬੰਧਤ ਰਹੀ ਹੈ। ਇਸ ਦੇ ਉਲਟ ਧਰਮ ਇਸ ਧਰਤੀ ਤੋਂ ਬਾਹਰਲੇ ਕਿਸੇ ਜੀਵਨ ਦੀ ਸ੍ਰੇਸ਼ਟਤਾ ਦਾ ਵਿਸ਼ਵਾਸੀ ਸੀ (ਅਤੇ ਹੈ)। ਉਸ ਜੀਵਨ ਦਾ 'ਸੱਚ' ਕਿਸੇ ਸੋਚ ਦਾ ਸੰਬੰਧੀ ਨਹੀਂ। ਉਹ ਵਿਸ਼ਵਾਸ (Faith) ਜਾਂ ਅੰਧ-ਵਿਸ਼ਵਾਸ (Blind faith) ਉੱਤੇ ਆਧਾਰਿਤ ਹੈ। ਉਸ ਵਿੱਚ ਸੋਚ ਨੂੰ ਕੋਈ ਦਖ਼ਲ ਨਹੀਂ। ਉਸ ਜੀਵਨ ਦੇ 'ਸੱਚ' ਵਿੱਚ ਦਖ਼ਲ ਦੇਣ ਵਾਲੀ ਸੋਚ ਨੂੰ ਕਠੋਰ ਦੰਡ ਵੀ ਦਿੱਤਾ ਜਾਂਦਾ ਰਿਹਾ ਹੈ ਅਤੇ ਮੂਰਖ਼ਤਾ, ਮਨਮੁੱਖਤਾ ਆਦਿਕ ਆਖ ਕੇ ਭੰਡਿਆ ਵੀ ਜਾਂਦਾ ਰਿਹਾ ਹੈ। ਧਰਮ ਨੇ ਸੋਚ ਨੂੰ ਦਥੇਲ ਨਾਲੋਂ ਵੀ ਨੀਵਾਂ ਅਤੇ ਘਿਰਣਤ ਥਾਂ ਦਈ ਰੱਖਿਆ ਹੈ। ਜਿਹੜਾ ਸ਼ਬਦ ਉਸ ਥਾਂ ਲਈ ਵਰਤਿਆ ਜਾ ਸਕਦਾ ਹੈ, ਉਸ ਨੂੰ ਕਹਿਣਾ ਮੈਂ ਉਚਿਤ ਨਹੀਂ ਸਮਝਦਾ। ਸੋਚ ਦੇ ਇਸ ਸਾਰੇ ਅਨਾਦਰ ਵਿੱਚ ਪਲੇਟੋ ਆਦਿਕਾਂ ਦਾ ਕਿੰਨਾ ਕੁ ਹੱਥ ਹੈ, ਇਸ ਦਾ ਪਤਾ ਲਾਉਣ ਲਈ ਉਸ ਸਮੇਂ ਦੇ ਸਿਆਸੀ, ਸੈਨਿਕ ਅਤੇ ਸਮਾਜਕ ਵਾਤਾਵਰਣ ਦੀ ਜਾਣਕਾਰੀ ਦੇ ਨਾਲ ਨਾਲ ਦਾਰਸ਼ਨਿਕ ਦੇ ਆਪਣੇ ਵਿਅਕਤਿਤਵ ਨੂੰ ਵੇਖਿਆ ਜਾਣਾ ਵੀ ਜ਼ਰੂਰੀ ਹੈ।"

"ਉਹ ਕਿਉਂ, ਭਾਅ ਜੀ ?"

"ਇਸ ਲਈ ਕਿ ਇੱਕੋ ਪ੍ਰਕਾਰ ਦਾ ਵਾਤਾਵਰਣ ਵੱਖ ਵੱਖ ਵਿਅਕਤੀਆਂ ਵਿੱਚ ਵੱਖ ਵੱਖ ਪ੍ਰਕਾਰ ਦੀ ਪ੍ਰਤੀਕਿਰਿਆ ਪੈਦਾ ਕਰ ਸਕਦਾ ਹੈ; ਕਰਦਾ ਹੈ।"

"ਹੁਣ ਪਲੇਟੋ ਦੇ ਵਿਅਕਤਿਤਵ ਵਿੱਚ ਝਾਤੀ ਪਾਈਏ, ਵੀਰ ਜੀ।"

"ਸਭ ਤੋਂ ਪਹਿਲੀ ਗੱਲ ਇਹ ਹੈ ਕਿ ਉਹ ਉੱਚ ਵਰਗ ਦੇ ਰੱਜੇ-ਪੁੱਜੇ ਘਰਾਣੇ ਵਿੱਚ ਜੰਮਿਆ-ਪਲਿਆ ਰਜੋਗੁਣੀ ਵਿਅਕਤੀ ਸੀ।"

"ਪਾਪਾ, ਦੂਜੀ ਗੱਲ ਮੈਂ ਦੱਸਦੀ ਹਾਂ। ਉਹ ਅਜਿਹੇ ਦੇਸ਼ ਦਾ ਵਸਨੀਕ ਸੀ, ਜਿਸ ਕੋਲ ਸਿਆਸੀ, ਸਮਾਜੀ, ਧਾਰਮਿਕ, ਵਿਗਿਆਨਕ, ਦਾਰਸ਼ਨਿਕ, ਗਣਿਤ ਸੰਬੰਧੀ ਅਤੇ ਬ੍ਰਹਿਮੰਡ ਸੰਬੰਧੀ ਸੋਚ ਦਾ ਭੰਡਾਰ ਮੌਜੂਦ ਸੀ। ਇਸ ਦੇ ਨਾਲ ਨਾਲ ਉਸ ਦੇ ਦੇਸ਼ ਨੇ ਕਵਿਤਾ, ਨਾਟਕ, ਬੁੱਤ-ਤਰਾਸ਼ੀ ਅਤੇ ਇਮਾਰਤ ਸਾਜ਼ੀ ਵਰਗੀਆਂ ਕਲਾਂ ਦੇ ਖੇਤਰ ਵਿੱਚ ਵੀ ਸਿਖਰਾਂ ਛੂਹ ਲਈਆਂ ਹੋਈਆਂ ਸਨ।"

"ਵੀਰ ਜੀ, ਉਸ ਦੇ ਦੇਸ਼ ਦੇ ਵਿਚਾਰਵਾਨਾਂ ਵਿੱਚ ਸੁਤੰਤਰਤਾ ਨਾਲ ਸੋਚਣ ਦੀ ਪਿਰਤ ਵੀ ਸੀ। ਇਹ ਗੱਲ ਉਸ ਨੂੰ ਸੋਚ ਦੇ ਵੱਖ ਵੱਖ ਰੂਪਾਂ ਦੇ ਸੰਜੋਗ-ਵਿਯੋਗ ਵਿੱਚੋਂ ਨਵੀਆਂ ਸੋਚਾਂ ਦਾ ਨਿਰਮਾਣ ਕਰਨ ਅਤੇ ਨਵਾਂ ਮਿਥਿਹਾਸ ਸਿਰਜਣ ਦੀ ਸਲਾਹ ਦਿੰਦੀ ਸੀ।"

"ਤੁਸੀਂ ਵੀ ਕੁਝ ਕਹਿਣਾ ਚਾਹੁੰਦੇ ਹੋ ?"

"ਬੱਸ ਏਨਾ ਹੀ ਕਿ ਉਸ ਵਿੱਚ ਸੋਚ ਅਤੇ ਕਲਪਨਾ ਦੇ ਸੰਜੋਗ ਨੇ ਮਹਾਨ ਪ੍ਰਤਿਭਾ ਦਾ ਚਮਤਕਾਰ ਕਰ ਵਿਖਾਇਆ ਸੀ ਅਤੇ ਉਸ ਦੀ ਪ੍ਰਤਿਭਾ ਬਰਬਾਦੀ, ਭੁੱਖ-ਮਰੀ ਅਤੇ ਭ੍ਰਿਸ਼ਟਾਚਾਰ ਨਾਲ ਭਰੇ ਸਮਾਜ ਦੇ ਸਨਮੁਖ ਖਲੋਤੀ ਸੀ।"

"ਅਤੇ ਉਹ ਪ੍ਰਜਾਤੰਤ੍ਰ ਜਾਂ ਡੈਮੋਕ੍ਰੇਸੀ ਨੂੰ ਇਸ ਦਾ ਜ਼ਿੰਮੇਦਾਰ ਸਮਝਦਾ ਸੀ। ਉਹ ਕੁਲੀਨ ਵਰਗ ਵਿੱਚੋਂ ਹੋਣ ਕਰਕੇ ਕੁਲੀਨ ਵਰਗ ਦੇ ਰਾਜ ਦਾ ਵਿਸ਼ਵਾਸੀ ਸੀ। ਉਹ ਮੰਨਦਾ ਸੀ

ਕਿ ਰਾਜ-ਪ੍ਰਬੰਧ ਜਣੇ-ਖਣੇ ਦੇ ਵੱਸ ਦੀ ਖੇਡ ਨਹੀਂ; ਇਸ ਕੰਮ ਲਈ ਉਚੇਰੀ ਵਿੱਦਿਆ ਅਤੇ ਉਚੇਰੇ ਆਚਰਣ ਦੀ ਉਸਾਰੀ ਦੀ ਲੋੜ ਹੈ। ਉਚੇਰੇ ਆਚਰਣ ਦੀ ਘਾੜਤ ਲਈ ਉਸ ਨੇ ਜਿਸ ਟਕਸਾਲ ਦੀ ਜੋ ਰੂਪ ਰੇਖਾ ਉਲੀਕੀ, ਉਹ ਪਿਥਾਗੋਰਸ (ਜਾਂ ਪਾਇਥਾਗੋਰਸ), ਪਰਮੀਨਾਈਡੀਜ਼, ਹੇਰਾਕਲੀਟਸ ਅਤੇ ਸੁਕਰਾਤ ਦੇ ਮਿਲੇ-ਜੁਲੇ ਪ੍ਰਭਾਵ ਦਾ ਨਤੀਜਾ ਸੀ।"

"ਪਾਪਾ, ਇਹ ਸਾਰੇ ਦੇ ਸਾਰੇ ਸਿਆਣੇ ਵੱਖ ਵੱਖ ਸੇਧ ਵਿੱਚ ਸੋਚਦੇ ਸਨ। ਪਲੇਟੋ ਇਨ੍ਹਾਂ ਦੇ ਸਾਂਝੇ ਪ੍ਰਭਾਵ ਦਾ ਸਿੱਟਾ ਕਿਵੇਂ ਹੋਇਆ ?"

"ਏਹੋ ਤਾਂ ਵੇਖਣ ਵਾਲੀ ਗੱਲ ਹੈ; ਇਸੇ ਵਿੱਚ ਪਲੇਟੋ ਦੀ ਮੌਲਿਕਤਾ ਹੈ। ਪਿਥਾਗੋਰਸ ਹਿਸਾਬਦਾਨ ਭਾਵ ਗਣਿਤ-ਸ਼ਾਸਤਰੀ ਸੀ। ਉਸ ਦਾ ਵਿਸ਼ਵਾਸ ਸੀ ਕਿ ਗਣਿਤ ਦਾ ਪੰਡਿਤ ਹੋਏ ਬਿਨਾਂ ਕੋਈ ਦਾਰਸ਼ਨਿਕ ਜਾਂ ਸਿਆਣਾ ਜਾਂ ਰਹਿਸਵਾਦੀ ਹੋ ਹੀ ਨਹੀਂ ਸਕਦਾ। ਗਣਿਤ ਅਤੇ ਰਹਿਸਵਾਦ ਦੇ ਸੰਜੋਗ ਸਦਕਾ ਸੋਚ ਨੂੰ ਬਹੁਤਾ ਨੁਕਸਾਨ ਹੋਇਆ, ਗਣਿਤ ਬੌਧਕ ਵਸਤੂ ਹੈ; ਰਹਿਸਵਾਦ ਬੁੱਧੀ ਤੋਂ ਪਰੇ ਕਿਸੇ ਰੂਹਾਨੀ ਅਨੁਭਵ ਦੀ ਚੀਜ਼ ਹੈ। ਰੂਹਾਨੀ ਜਾਂ ਅਧਿਆਤਮਿਕ ਅਨੁਭਵ ਦੀ ਸ੍ਰੇਸ਼ਟਤਾ ਪ੍ਰਵਾਨਿਤ ਹੋ ਜਾਣ ਕਾਰਨ ਬੁੱਧੀ ਨੂੰ ਰਹਿਸਵਾਦੀ ਅਨੁਭਵ ਤੋਂ ਨੀਵੀਂ ਮੰਨਿਆ ਜਾਣਾ ਕੁਦਰਤੀ ਸੀ। ਇਸ ਲਈ ਹਰ ਧਰਮ ਮਨੁੱਖ ਵਿਚਲੀ ਸਰਵ-ਸ੍ਰੇਸ਼ਟ ਪ੍ਰਾਪਤੀ ਨੂੰ ਤੁੱਛਿਆਉਂਦਾ ਆਇਆ ਹੈ, ਉਹ ਵੀ ਅਧਿਆਤਮਿਕ ਅਨੁਭਵ ਦੀ ਹੋਂਦ ਦੇ ਸਬੂਤ ਦੀ ਗ਼ੈਰ-ਹਾਜ਼ਰੀ ਵਿੱਚ। ਇਸ ਗੱਲ ਦਾ ਉਲਾਹਮਾ (ਜਾਂ ਸ਼੍ਰੇਅ) ਪਿਥਾਗੋਰਸ ਅਤੇ ਪਲੇਟੋ ਨੂੰ ਜਾਂਦਾ ਹੈ।"

"ਵੀਰ ਜੀ, ਕਿਸੇ ਇੱਕ ਲਈ ਰਹਿਸਵਾਦੀ ਅਨੁਭਵ ਇੱਕ ਸੱਚਾਈ ਵੀ ਤਾਂ ਹੋ ਸਕਦਾ ਹੈ।"

"ਕਿਸੇ ਇੱਕ ਲਈ; ਉਹ ਵੀ ਸ਼ਾਇਦ; ਪਰੰਤੂ, ਬੌਧਕ ਪ੍ਰਾਪਤੀ ਤਾਂ ਸਰਵ-ਸਾਂਝੀ ਹੈ। ਅਕਲ ਹਰ ਕਿਸੇ ਲਈ ਨਿੱਤ ਵਰਤੋਂ ਦੀ ਚੀਜ਼ ਹੈ। ਇਸ ਦਾ ਸਿਰ ਨੀਵਾਂ ਹੋਣ ਨਾਲ ਸਮੁੱਚਾ ਸੰਸਾਰਕ ਜੀਵਨ ਸ਼ਰਮਸਾਰੀ ਅਤੇ ਪਾਖੰਡ ਦੇ ਦੋ ਸਿਰਿਆਂ ਵਿੱਚ ਚੋਣ ਕਰਨ ਦੀ ਦੁਚਿੱਤੀ ਵਿੱਚ ਫਸਿਆ ਰਿਹਾ ਹੈ।"

"ਅਤੇ ਅੰਤਲਾ ਫ਼ੈਸਲਾ ਪਾਖੰਡ ਦੇ ਹੱਕ ਵਿੱਚ ਹੁੰਦਾ ਆਇਆ ਹੈ।"

"ਬਿਲਕੁਲ ਠੀਕ।"

"ਭਲਾ ਕਿਉਂ, ਪਾਪਾ ?"

"ਕਿਉਂਜੁ ਸੰਸਾਰਕ ਜੀਵਨ ਦਾ 'ਪ੍ਰਤੱਖ' ਅਧਿਆਤਮਿਕਤਾ ਦੇ ਕਾਲਪਨਿਕ 'ਪਰੋਖ' ਨਾਲੋਂ ਵੱਧ ਜ਼ਰੂਰੀ ਅਤੇ ਸਾਰਥਿਕ ਪ੍ਰਤੀਤ ਹੁੰਦਾ ਸੀ। ਪਿਥਾਗੋਰਸ ਕੋਲੋਂ ਪਲੇਟੋ ਨੇ ਰਹਿਸਵਾਦ, ਪੁਨਰ-ਜਨਮ, ਪਰਲੋਕ-ਵਾਦ, ਸ਼ਾਕਾਹਾਰ, ਕਠੋਰ ਅਨੁਸ਼ਾਸਨ ਅਤੇ ਗਣਿਤ ਦਾ ਮੋਹ ਗ੍ਰਹਿਣ ਕੀਤਾ ਸੀ। ਉਹ ਮੰਨਦਾ ਸੀ ਕਿ ਗਣਿਤ ਬਿਨਾਂ ਫਲਸਫਾ ਜਾਂ ਸਿਆਣਪ ਸੰਭਵ ਨਹੀਂ ਅਤੇ ਫਿਲਾਸਫੀ ਬਿਨਾਂ ਆਦਮੀ ਦੇਵ-ਪਦਵੀ ਜਾਂ ਅਵਿਨਾਸ਼ਤਾ (ਅਮਰਤਾ) ਪ੍ਰਾਪਤ ਨਹੀਂ ਕਰ ਸਕਦਾ। ਪਲੇਟੋ ਉੱਤੇ ਦੂਜਾ ਪ੍ਰਭਾਵ ਪਰਮੀਨਾਈਡੀਜ਼ ਦਾ ਸੀ। ਹੇਰਾਕਲੀਟੱਸ ਦੇ ਐਨ ਉਲਟ ਪਰਮੀਨਾਈਡੀਜ਼ ਇਹ ਕਹਿੰਦਾ ਸੀ ਕਿ ਕੁਝ ਬਦਲਦਾ ਨਹੀਂ। ਅਸੀਂ ਜੋ ਕੁਝ ਬਦਲਦਾ ਵੇਖਦੇ ਹਾਂ, ਇਹ ਸਤਹੀ ਹੈ; ਓਪਰਾ ਹੈ। ਕਿਸੇ ਚੀਜ਼ ਦੇ ਅਸਲੇ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਪਲੇਟੋ ਨੇ ਇਸ ਖ਼ਿਆਲ ਨੂੰ ਇੱਕ ਸਿਧਾਂਤ ਦਾ ਰੂਪ ਦੇ ਦਿੱਤਾ। ਉਸ ਨੇ ਆਖਿਆ ਕਿ ਇਹ ਜਗਤ ਅਸਲ ਨਹੀਂ; ਅਸਲ ਦੀ ਨਕਲ ਹੈ। ਇਸ ਨਕਲ ਵਿੱਚ ਸਭ ਕੁਝ ਬਣ ਅਤੇ ਬਿਨਸ ਰਿਹਾ ਹੈ; ਪਰੰਤੂ, ਜਿਸ ਅਸਲ ਦੇ ਨਮੂਨੇ ਉੱਤੇ ਇਹ ਦੁਨੀਆ ਬਣਾਈ ਗਈ ਹੈ, ਉਹ ਅਸਲੀਅਤ ਸਦੀਵੀ ਹੈ, ਸਥਿਰ ਹੈ, ਅਵਿਨਾਸ਼ੀ ਹੈ, ਵਿਕਾਸਸ਼ੀਲ ਹੈ, ਕਿਉਂਜੁ ਸੰਪੂਰਣ ਹੈ। ਦੁਨੀਆ ਦੀ...।"

"ਪਾਪਾ, ਗੱਲ ਟੋਕ ਰਹੀ ਹਾਂ। ਜਦੋਂ ਦੁਨਿਆਵੀ ਚੀਜ਼ਾਂ ਵਿੱਚ ਵਿਕਾਸ ਜਾਂ ਤਬਦੀਲੀ ਆਉਂਦੀ ਹੈ, ਉਦੋਂ ਉਹ ਉਸ ਤਰ੍ਹਾਂ ਦੀਆਂ ਨਹੀਂ ਰਹਿੰਦੀਆਂ, ਜਿਸ ਤਰ੍ਹਾਂ ਦੀਆਂ ਬਣਾਈਆਂ ਗਈਆਂ ਸਨ। ਭਾਵ ਇਹ ਕਿ ਉਹ ਉਸ ਅਸਲ ਵਰਗੀਆਂ ਨਹੀਂ ਰਹਿੰਦੀਆਂ, ਜਿਸ ਦੀ ਉਹ ਨਕਲ ਸਨ। ਵਸਤਾਂ ਦਾ ਨਵਾਂ ਰੂਪ ਕਿਸੇ ਅਸਲ ਦੀ ਨਕਲ ਨਹੀਂ ਆਖਿਆ ਜਾ ਸਕਦਾ, ਕਿਉਂਜੁ 'ਅਸਲ' ਸੰਪੂਰਣ ਹੈ; ਉਸ ਦਾ ਕੋਈ ਨਵਾਂ ਜਾਂ ਵਿਕਸਿਤ ਰੂਪ ਇੱਕ ਵਿਸੰਗਤੀ ਹੈ; ਗ਼ਲਤ ਗੱਲ ਹੈ। ਇਸ ਦਾ ਭਾਵ ਇਹ ਹੋਇਆ ਕਿ ਨਵਾਂ ਰੂਪ ਕਿਸੇ ਅਸਲ ਦੀ ਨਕਲ ਨਹੀਂ, ਸਗੋਂ ਆਪਣੇ ਆਪ ਵਿੱਚ ਇੱਕ ਵੱਖਰੀ ਸੁਤੰਤਰ ਹੋਂਦ ਹੈ।"

"ਪਲੇਟੋ ਨੇ ਇਸ ਇਤਰਾਜ਼ ਦਾ ਉੱਤਰ ਦਿੱਤਾ ਹੈ। ਹੁਣੇ ਉਸ ਦੀ ਗੱਲ ਕਰਾਂਗੇ। ਉਹ ਕਹਿੰਦਾ ਸੀ ਕਿ ਦੁਨੀਆ ਦੀ ਹਰ ਚੀਜ਼ ਦਾ ਮੁਕੰਮਲ ਨਮੂਨਾ ਇਸ ਸੰਸਾਰ ਦੇ ਸਿਰਜਣਹਾਰ ਦੇ ਮਨ ਵਿੱਚ ਖ਼ਿਆਲ ਜਾਂ ਆਈਡੀਆ ਦੇ ਰੂਪ ਵਿੱਚ ਸਦਾ ਮੌਜੂਦ ਹੈ। ਆਈਡੀਆ ਮੁਕੰਮਲ ਹੈ, ਸੰਪੂਰਣ ਹੈ, ਅਸਲ ਹੈ। ਸੰਸਾਰ ਦੀ ਹਰ ਸ਼ੈਅ ਗ਼ੈਰ-ਮੁਕੰਮਲ, ਅਪੂਰਣ ਅਤੇ ਨਕਲ ਹੈ।"

"ਹੁਣ ਬੇਟੀ ਸਨੇਹਾ ਦੇ ਇਤਰਾਜ਼ ਦਾ ਉੱਤਰ ਦੱਸੋ, ਵੀਰ ਜੀ।"

"ਇਹ ਇਤਰਾਜ਼ ਹੇਰਾਕਲੀਟੱਸ ਦਾ ਸੀ। ਹੇਰਾਕਲੀਟੱਸ ਪਰਮੀਨਾਈਡੀਜ਼ ਤੋਂ ਪਹਿਲਾਂ ਹੋਇਆ ਹੈ। ਇਸ ਲਈ ਉਸ ਦੀ ਗੱਲ ਨੂੰ 'ਇਤਰਾਜ਼' ਨਹੀਂ ਆਖਿਆ ਜਾਣਾ ਚਾਹੀਦਾ। ਇਹ ਉਸ ਦਾ ਮੌਲਿਕ ਵਿਚਾਰ ਸੀ, ਜਿਸ ਉੱਤੇ ਪਰਮੀਨਾਈਡੀਜ਼ ਨੇ ਇਤਰਾਜ਼ ਕੀਤਾ ਸੀ। ਪਲੇਟੋ ਦੁਆਰਾ ਵਿਕਸਾਇਆ ਅਤੇ ਧਰਮਾਂ ਦੁਆਰਾ ਅਪਣਾਇਆ ਜਾ ਕੇ ਪਰਮੀਨਾਈਡੀਜ਼ ਦਾ ਇਤਰਾਜ਼ ਮੌਲਿਕਤਾ ਪ੍ਰਾਪਤ ਕਰ ਗਿਆ। ਹੇਰਾਕਲੀਟੱਸ ਕਹਿੰਦਾ ਸੀ—ਹਰ ਚੀਜ਼ ਬਦਲ ਰਹੀ ਹੈ। ਕੁਝ ਵੀ ਸਦੀਵੀ ਜਾਂ ਸਥਿਰ ਨਹੀਂ, ਕੇਵਲ ਤਬਦੀਲੀ ਹੀ ਸਦੀਵੀ ਹੈ। ਪਲੇਟੋ ਨੇ ਇਸ ਖ਼ਿਆਲ ਨੂੰ ਆਪਣੇ ਸਿਧਾਂਤ ਦਾ ਹਿੱਸਾ ਬਣਾ ਲਿਆ ਅਤੇ ਆਖਿਆ ਕਿ ਅਸੀਂ ਜੋ ਕੁਝ ਬਦਲਦਾ ਅਤੇ ਵਿਕਸਦਾ ਵੇਖਦੇ ਹਾਂ, ਇਹ ਸੱਚ ਨਹੀਂ। ਇਹ ਸਾਡੀਆਂ ਗਿਆਨ-ਇੰਦਰੀਆਂ ਦਾ ਭੁਲੇਖਾ ਹੈ। ਗਿਆਨ-ਇੰਦਰੀਆਂ ਸੱਚ ਨੂੰ, ਅਸਲੀਅਤ ਨੂੰ ਨਹੀਂ ਜਾਣ ਸਕਦੀਆਂ। ਅਸਲੀਅਤ ਸੂਖ਼ਮ ਅਤੇ ਗੁਪਤ ਹੈ। ਉਹ ਸਿਆਣਪ (Wisdom) ਨਾਲ ਜਾਣੀ ਜਾ ਸਕਦੀ ਹੈ। ਉਸ ਨੂੰ ਜਾਣਨ ਦੇ ਯੋਗ ਹੋਣ ਲਈ ਕਠੋਰ ਅਨੁਸ਼ਾਸਨ ਵਿੱਚ ਰਹਿ ਕੇ ਕੀਤੀ ਗਈ ਲੰਮੀ ਸਾਧਨਾ ਦੀ ਲੋੜ ਹੈ। ਸਾਧਨਾਹੀਣ ਸਾਧਾਰਣ ਆਦਮੀ ਦੀਆਂ ਗਿਆਨ-ਇੰਦਰੀਆਂ ਦੁਨੀਆ ਦੀਆਂ ਚੀਜ਼ਾਂ ਦੇ ਰੂਪ-ਸਰੂਪ ਵਿੱਚ ਜਿਹੜੀ ਤਬਦੀਲੀ ਵੇਖਦੀਆਂ ਹਨ, ਉਹ ਅਸਲ ਵਿੱਚ ਨਹੀਂ ਹੁੰਦੀ, ਭਰਮ ਹੁੰਦੀ ਹੈ, ਝੂਠ ਜਾਂ ਛਲ ਹੁੰਦੀ ਹੈ। ਇਉਂ ਪਲੇਟੋ ਨੇ ਹੇਰਾਕਲੀਟੱਸ ਦੀ ਆਖੀ ਹੋਈ ਗੱਲ ਨੂੰ ਪਰਲੋਕਵਾਦ ਦਾ ਸਮਰਥਨ ਬਣਾ ਕੇ ਵਰਤ ਲਿਆ।"

"ਭਾਅ ਜੀ, ਇੱਕ ਵੇਰ ਤੁਸਾਂ ਆਖਿਆ ਸੀ ਕਿ ਪਲੇਟੋ ਉੱਤੇ ਸੋਫਿਸਟਾਂ ਦਾ ਵੀ ਕੁਝ ਅਸਰ ਹੈ। ਅੱਜ ਤੁਸਾਂ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਕੀਤਾ।"

"ਵੇਲੇ ਸਿਰ ਚੇਤਾ ਕਰਾ ਦਿੱਤਾ ਜੇ, ਧਨਵਾਦ! ਸੁਕਰਾਤ ਦੇ ਪ੍ਰਭਾਵ ਨੂੰ ਸੋਫਿਸਟਾਂ ਦਾ ਪ੍ਰਭਾਵ ਆਖਿਆ ਜਾ ਸਕਦਾ ਹੈ, ਕਿਉਂਜੁ ਉਸ ਸਮੇਂ ਦੇ ਕੁਝ ਲੋਕ ਉਸ ਨੂੰ ਸੋਫਿਸਟ ਆਖਦੇ ਸਨ। ਸੋਫਿਸਟਾਂ ਦਾ ਵੱਡਾ ਪ੍ਰਭਾਵ ਇਹ ਸੀ ਕਿ ਉਹ ਪਰਲੋਕ ਨਾਲੋਂ ਲੋਕ ਨੂੰ ਜ਼ਿਆਦਾ ਮਹੱਤਵਪੂਰਣ ਸਮਝਦੇ ਸਨ। ਉਹ ਕਹਿੰਦੇ ਸਨ ਕਿ ਮਨੁੱਖ ਦੀ ਹਰ ਸ਼ੈਅ ਦਾ ਮਾਨਦੰਡ ਹੈ। ਇਉਂ ਸਾਰੀ ਵਿਚਾਰ ਅਤੇ ਸਾਰੀ ਕ੍ਰਿਆ ਮਨੁੱਖ-ਕੇਂਦ੍ਰਿਤ ਮੰਨੀ ਜਾਣੀ ਚਾਹੀਦੀ ਹੈ। ਮਨੁੱਖ-ਕੇਂਦਰਿਤ ਹੋਣ ਦਾ ਮਤਲਬ ਹੈ ਕਿ ਸੰਸਾਰ-ਕੇਂਦ੍ਰਿਤ ਹੋਣੀ ਚਾਹੀਦੀ ਹੈ। ਸੁਕਰਾਤ ਦੀ ਸਾਰੀ ਸੋਚ ਅਤੇ ਉਸ ਦਾ ਹਰ ਕੰਮ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਨਾਲ ਸੰਬੰਧਤ ਸੀ। ਉਹ ਨੈਤਿਕਤਾ

ਅਤੇ ਸਦਾਚਾਰ ਨੂੰ ਮਨੁੱਖੀ ਜੀਵਨ ਦੀਆਂ ਸਾਰੀਆਂ ਨਹੀਂ ਤਾਂ ਬਹੁਤੀਆਂ ਸਮੱਸਿਆਵਾਂ ਦਾ ਹੱਲ ਮੰਨਦਾ ਸੀ। ਇਹ ਸੰਸਾਰ ਅਸਲ ਹੈ ਜਾਂ ਨਕਲ, ਇਹ ਜੀਵਨ ਸੱਚ ਹੈ ਜਾਂ ਭਰਮ—ਅਵਿਨਾਸ਼ੀ ਪਦ ਦੀ ਪ੍ਰਾਪਤੀ ਇਸ ਜੀਵਨ ਨੂੰ ਨੈਤਿਕਤਾ ਨਾਲ ਜੀਵਿਆਂ ਹੀ ਪ੍ਰਾਪਤ ਹੋਣੀ ਹੈ। ਇਹ ਜੀਵਨ ਕਿਸੇ ਉਦੇਸ਼ ਦੀ ਪ੍ਰਾਪਤੀ ਲਈ ਪੈਦਾ ਕੀਤਾ ਗਿਆ ਹੈ। ਉਹ ਉਦੇਸ਼ ਇਸ ਬਦਲਦੇ, ਉਪਜਦੇ, ਬਿਨਸਦੇ ਸੰਸਾਰ ਦਾ ਹਿੱਸਾ ਨਹੀਂ ਹੋ ਸਕਦਾ। ਉਹ ਸਦੀਵੀ ਅਤੇ ਅਟੱਲ ਹੈ। ਉਸ ਦੀ ਪ੍ਰਾਪਤੀ ਲਈ ਜੀਵਿਆ ਜਾਣ ਵਾਲਾ ਜੀਵਨ ਵੀ ਅਟੱਲ ਨੇਮਾਂ ਅਨੁਸਾਰ ਜੀਵਿਆ ਜਾਣਾ ਚਾਹੀਦਾ ਹੈ। ਉਹ ਨੇਮ ਪਰੀਪੂਰਣਤਾ ਨੂੰ ਪੁੱਜੇ ਹੋਏ ਵਿਸ਼ੇਸ਼ ਵਿਅਕਤੀਆਂ ਦੁਆਰਾ ਬਣਾਏ ਅਤੇ ਲਾਗੂ ਕੀਤੇ ਜਾਣੇ ਚਾਹੀਦੇ ਹਨ। ...ਅਤੇ 'ਪਰੀਪੂਰਣ' ਪਲੇਟੋ ਨੇ ਆਪਣੀ 'ਪਰੀਪੂਰਣ' ਪੁਸਤਕ *ਰੀਪਬਲਿਕ* ਵਿੱਚ 'ਪਰੀਪੂਰਣ' ਨੇਮਾਂ ਦੀ ਵਿਆਖਿਆ ਕਰ ਦਿੱਤੀ।"

"ਵੀਰ ਜੀ, ਇਹ ਵਿਆਖਿਆ ਨਿਆਂ ਜਾਂ ਜਸਟਿਸ ਸੰਬੰਧੀ ਵਿਚਾਰ ਨਾਲ ਆਰੰਭ ਕੀਤੀ ਗਈ ਹੈ ਅਤੇ ਅੰਤ ਵਿੱਚ ਜਸਟਿਸ ਦੀ ਸਿੱਧੀ ਜਿਹੀ ਪਰਿਭਾਸ਼ਾ ਕੀਤੀ ਗਈ ਹੈ, 'ਕਿਸੇ ਲਈ ਰੁਕਾਵਟ ਬਣੇ ਬਗ਼ੈਰ ਆਪਣੇ ਜ਼ਿੰਮੇ ਲੱਗੇ ਕੰਮ ਨੂੰ ਪੂਰੇ ਜਤਨ ਅਤੇ ਈਮਾਨਦਾਰੀ ਨਾਲ ਕਰਦੇ ਰਹਿਣਾ'। ਇਹ ਫ਼ਾਰਮੂਲਾ ਬਹੁਤਾ ਦਾਰਸ਼ਨਿਕ ਨਹੀਂ।"

"ਇਸ ਫ਼ਾਰਮੂਲੇ ਦੀ ਦਾਰਸ਼ਨਿਕ, ਅਧਿਆਤਮਿਕ, ਸਿਆਸੀ ਅਤੇ ਸਮਾਜਿਕ ਵਿਆਖਿਆ ਵੇਦ ਵਿਆਸ ਦੁਆਰਾ ਮਹਾਂਭਾਰਤ ਵਿੱਚ ਕੀਤੀ ਗਈ ਹੈ। ਪਲੇਟੋ ਦੁਆਰਾ ਲਿਖੇ ਗਏ ਬਹੁਤੇ (ਲੱਗਪੱਗ ਸਾਰੇ) ਵਾਰਤਾਲਾਪਾਂ ਵਿੱਚ ਮੁੱਖ ਵਕਤਾ ਸੁਕਰਾਤ ਹੈ। ਇਨ੍ਹਾਂ ਵਾਰਤਾਲਾਪਾਂ ਵਿੱਚ ਪਿਆਰ, ਦਲੇਰੀ, ਨੇਕੀ, ਸੰਜਮ, ਸਿਆਣਪ, ਮਿੱਤਰਤਾ ਆਦਿਕ ਵਿਸ਼ਿਆਂ ਉੱਤੇ ਚਰਚਾ ਕੀਤੀ ਗਈ ਹੈ। ਲੰਮੀ ਚੌੜੀ ਚਰਚਾ ਪਿੱਛੋਂ ਹਰ ਵਿਸ਼ਾ ਅਧੂਰਾ ਅਤੇ ਅਪਰੀਭਾਸ਼ਤ ਛੱਡਿਆ ਗਿਆ ਹੈ। ਪਰੰਤੂ *ਰੀਪਬਲਿਕ* ਵਿੱਚ ਜਸਟਿਸ ਦੀ ਪਰਿਭਾਸ਼ਾ ਕਰਨ ਦਾ ਪੂਰਾ ਖ਼ਿਆਲ ਰੱਖਿਆ ਗਿਆ ਹੈ। ਸਿੱਧੇ ਸਾਦੇ ਸ਼ਬਦਾਂ ਵਿੱਚ ਬਹੁਤ ਹੀ ਗੰਭੀਰ ਅਤੇ ਜ਼ਰੂਰੀ ਗੱਲ ਆਖੀ ਗਈ ਹੈ। ਪਲੇਟੋ ਉੱਤੇ ਮੁੱਢਲਾ ਪ੍ਰਭਾਵ ਸਪਾਰਟਾ ਦੀ ਸੈਨਿਕ ਸ਼ਕਤੀ ਅਤੇ ਏਥਨਜ਼ ਦੀ ਹਾਰ ਦਾ ਸੀ। ਉਸ ਨੇ ਦੇਸ਼ਾਂ ਦੀ ਆਪਸੀ ਦੁਸ਼ਮਣੀ, ਸੈਨਿਕ ਸੱਤਾ ਅਤੇ ਜਿੱਤ ਨੂੰ ਮੁੱਖ ਰੱਖਦਿਆਂ ਹੋਇਆਂ ਆਪਣੇ ਦੇਸ਼ ਦਾ (ਜਾਂ ਕਿਸੇ ਵੀ ਦੇਸ਼ ਦਾ) ਵਿਧਾਨ ਲਿਖਿਆ ਸੀ। ਵੈਰ, ਯੁੱਧ ਅਤੇ ਕੌਮੀ ਵੰਡਾਂ ਉਸ ਲਈ ਅਨਾਦੀ ਅਤੇ ਅਨੰਤ ਸਨ। ਸੈਨਿਕ ਸੱਤਾ ਨੂੰ ਦੇਸ਼ਾਂ ਦੀ ਸੁਰੱਖਿਆ ਦਾ ਇੱਕੋ ਇੱਕ ਸਾਧਨ ਮੰਨਦਿਆਂ ਹੋਇਆਂ ਜਿੱਤ ਦੇ ਮਨੋਰਥ ਨੂੰ ਮੁੱਖ ਰੱਖ ਕੇ ਉਸ ਨੇ *ਰੀਪਬਲਿਕ* ਦੀ ਰਚਨਾ ਕੀਤੀ ਸੀ। ਉਸ ਨੇ ਨਗਰਰਾਜ ਦੀ ਵੱਸੋਂ ਨੂੰ ਸਰਪ੍ਰਸਤਾਂ ਜਾਂ ਹਾਕਮਾਂ, ਸੈਨਿਕਾਂ, ਸਾਧਾਰਣ ਨਾਗਰਿਕਾਂ ਅਤੇ ਦਾਸਾਂ ਵਿੱਚ ਵੰਡ ਕੇ ਹਰ ਵਰਗ ਲਈ ਵੱਖ ਵੱਖ ਵਿਵਹਾਰ ਨਿਸ਼ਚਿਤ ਕਰ ਦਿੱਤਾ ਸੀ। ਉਸ ਨੇ ਵਰਗ-ਵੰਡ ਦੀ ਕਠੋਰਤਾ ਉੱਤੇ ਵੀ ਓਨਾ ਹੀ ਜ਼ੋਰ ਦਿੱਤਾ ਸੀ, ਜਿੰਨਾ ਸੈਨਿਕ ਸੱਤਾ ਦੀ ਲੋੜ ਉੱਤੇ। ਇਸ ਵਿਧਾਨ ਦਾ ਮਨੋਰਥ ਨਗਰਰਾਜ ਦੀ ਸੁਰੱਖਿਆ ਸੀ। ਵੇਦ ਵਿਆਸ ਨੇ ਵੱਸੋਂ ਨੂੰ ਚਾਰ ਵੰਡਾਂ ਵਿੱਚ ਵੰਡ ਕੇ ਹਰ ਇੱਕ ਦੇ ਜ਼ਿੰਮੇ ਲੱਗੇ ਕੰਮ ਨੂੰ ਉਸ ਦਾ ਧਰਮ ਆਖਿਆ ਅਤੇ ਧਰਮ ਦੇ ਪਾਲਣ ਵਿੱਚ ਦੇਸ਼ ਦੀ ਸੁਰੱਖਿਆ ਦੇ ਨਾਲ ਨਾਲ ਵਿਅਕਤੀ ਦੀ ਮੁਕਤੀ ਦਾ ਮਨੋਰਥ ਮਿਲਾ ਕੇ ਵਰਗ-ਵੰਡ ਦੀ ਪਕਿਆਈ ਵੱਲ ਇੱਕ ਹੋਰ ਕਦਮ ਪੁੱਟ ਲਿਆ ਸੀ।"

"ਪਾਪਾ, ਕੀ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਸਾਡੀ ਸਾਰੀ ਸੋਚ ਯੂਨਾਨ ਦੀ ਦਿੱਤੀ ਹੋਈ ਹੈ?"

"ਬੇਟਾ ਜੀ, ਤੁਹਾਡੇ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ

ਹਾਂ ਕਿ ਇਹ ਪ੍ਰਸ਼ਨ ਤੁਹਾਡੀ ਸੋਚ ਦੀ ਸੁਤੰਤਰਤਾ ਅਤੇ ਵਿਸ਼ਾਲਤਾ ਵਿੱਚੋਂ ਉਪਜਿਆ ਹੈ ਜਾਂ ਰਾਸ਼ਟਰੀ ਗੌਰਵ ਦੀ ਭਾਵਨਾ ਦੀ ਸੰਕੀਰਣਤਾ ਵਿੱਚੋਂ ?"

"ਪਾਪਾ, ਤੁਹਾਡੇ ਪ੍ਰਸ਼ਨ ਵਿੱਚੋਂ ਮੈਨੂੰ ਆਪਣੇ ਪ੍ਰਸ਼ਨ ਦਾ ਉੱਤਰ ਮਿਲ ਗਿਆ ਹੈ। ਫਿਰ ਵੀ ਮੈਂ ਇਹ ਚਾਹਵਾਂਗੀ ਕਿ ਤੁਸੀਂ ਮੇਰੇ ਪ੍ਰਸ਼ਨ ਦਾ ਉੱਤਰ ਆਪਣੇ ਸ਼ਬਦਾਂ ਵਿੱਚ ਦਿਉ।"

"ਬੇਟਾ ਜੀ, ਸੁਤੰਤਰਤਾ ਨਾਲ ਸੋਚਣ ਲਈ ਸਾਨੂੰ ਭਾਰਤੀ, ਚੀਨੀ ਜਾਂ ਯੂਨਾਨੀ ਨਹੀਂ, ਸਗੋਂ ਨਿਰੋਲ ਮਨੁੱਖ ਹੋ ਕੇ ਸੋਚਣ ਦੀ ਲੋੜ ਹੈ। ਕੰਮ ਜ਼ਰਾ ਔਖਾ ਹੈ, ਮੇਰੇ ਬੱਚੇ, ਫਿਰ ਵੀ ਮਨੁੱਖ ਨੂੰ ਇਹ ਕੰਮ ਕਰਨਾ ਹੀ ਪੈਣਾ ਹੈ। ਜਦੋਂ ਅਸੀਂ ਮਨੁੱਖ ਹੋ ਕੇ ਸੋਚਾਂਗੇ ਤਾਂ ਵੇਖਾਂਗੇ ਕਿ ਸੋਚ ਜੀਵਨ ਦੀਆਂ ਪਰਿਸਥਿਤੀਆਂ ਅਤੇ ਮਨੁੱਖ ਦੀ ਜਗਿਆਸਾ ਦੇ ਪਰਸਪਰ ਮੇਲ-ਜੋਲ ਵਿੱਚੋਂ ਉਪਜੀ ਹੋਈ ਹੈ। ਪੁਰਾਤਨ ਅਤੇ ਮੱਧ ਕਾਲ ਵਿੱਚ ਕੁਝ ਇੱਕ ਅੰਤਰਾਂ ਨਾਲ, ਜੀਵਨ ਪਰਿਸਥਿਤੀਆਂ ਰਲਦੀਆਂ ਮਿਲਦੀਆਂ ਸਨ। ਇਸ ਲਈ ਸੋਚਵਾਨ ਲੱਗਪੱਗ ਇੱਕੋ ਜਿਹਾ ਸੋਚਦੇ ਸਨ। ਸਨਅਤ ਅਤੇ ਸਾਇੰਸ ਨੇ ਕੁਝ ਦੇਸ਼ਾਂ ਦੀਆਂ ਪਰਿਸਥਿਤੀਆਂ ਵਿੱਚ ਬੁਨਿਆਦੀ ਤਬਦੀਲੀ ਪੈਦਾ ਕਰ ਕੇ ਨਵੇਂ ਸੋਚਣ-ਢੰਗ ਦੀ ਪ੍ਰੇਰਨਾ ਦਿੱਤੀ ਹੈ। ਸਾਰੀ ਸੋਚ ਮਨੁੱਖੀ ਸੋਚ ਹੈ, ਸਰਵ-ਵਿਆਪਕ ਹੈ। ਆਤਮਾ ਦੀ ਸਰਵ-ਵਿਆਪਕਤਾ ਦਾ ਸਾਰਥਕ ਅਤੇ ਸਮਝ ਆਉਣ ਵਾਲਾ ਰੂਪ ਹੈ ਮਨੁੱਖ ਦੀ 'ਸਾਤਵਿਕ ਸੋਚ ਅਤੇ ਕੋਮਲ ਭਾਵੁਕਤਾ' ਦੀ ਸਰਵ-ਵਿਆਪਕਤਾ। ਇਸ ਤੋਂ ਬਿਨਾਂ ਆਤਮਾ ਦੀ ਸਰਵ-ਵਿਆਪਕਤਾ ਇੱਕ ਅਪਹੁੰਚ ਰਹਿਸ, ਗੁੰਝਲਦਾਰ ਦਾਰਸ਼ਨਿਕਤਾ ਅਤੇ ਨਿਰਾਰਥਕ ਵਿਸ਼ਵਾਸ ਹੈ।"

"ਭਾਅ ਜੀ, *ਰੀਪਬਲਿਕ* ਮੈਂ ਪੜ੍ਹੀ ਹੈ। ਤੁਸੀਂ ਕਹਿੰਦੇ ਹੋ ਕਿ ਸਾਰੇ ਸੋਚਵਾਨ ਇੱਕੋ ਜਿਹਾ ਸੋਚਦੇ ਸਨ। ਤੁਸੀਂ ਇਹ ਵੀ ਮੰਨਦੇ ਹੋ ਕਿ ਬੁੱਧ ਅਤੇ ਕਨਫ਼ਿਊਸ਼ੀਅਸ ਦੀ ਸੋਚ ਪਲੇਟੋ ਨਾਲੋਂ ਵੱਖਰੀ ਹੈ। ਇਸ ਗੱਲ ਨੂੰ ਜ਼ਰਾ ਵਿਸਥਾਰ ਨਾਲ ਸਮਝਾਓ।"

" 'ਇੱਕੋ ਜਿਹਾ' ਦੇ ਨਾਲ ਮੈਂ 'ਲੱਗਪੱਗ' ਦਾ ਸ਼ਬਦ ਵੀ ਵਰਤਿਆ ਹੈ। ਬੁੱਧ ਜੀ ਪਲੇਟੋ ਨਾਲੋਂ ਭਿੰਨ ਪ੍ਰਕਾਰ ਦੀਆਂ ਪਰਿਸਥਿਤੀਆਂ ਦੇ ਸਨਮੁਖ ਖਲੋਤੇ ਸਨ। ਕਨਫ਼ਿਊਸ਼ੀਅਸ ਦਾ ਆਪਣਾ ਵਿਅਕਤਿਤਵ ਉਨ੍ਹਾਂ ਦੀ ਵੱਖਰੀ ਸੋਚ ਦੇ ਰਹਿਸ ਦਾ ਲਖਾਇਕ ਹੈ। ਇਨ੍ਹਾਂ ਬਾਰੇ ਵਿਚਾਰ ਕੀਤੀ ਜਾਵੇਗੀ। ਤੁਸਾਂ ਵੇਖਿਆ ਹੈ ਕਿ ਯੂਨਾਨ ਵਿੱਚ ਆਸਤਕ, ਨਾਸਤਕ, ਅਧਿਆਤਮਵਾਦੀ ਅਤੇ ਪਦਾਰਥਵਾਦੀ ਕਈ ਪ੍ਰਕਾਰ ਦੇ ਵਿਚਾਰਵਾਨ ਹੋਏ ਹਨ। ਪਰੰਤੂ, ਸਮੇਂ ਨੇ ਪਦਾਰਥਵਾਦੀਆਂ ਅਤੇ ਪਰਮਾਣੂੰਵਾਦੀਆਂ ਨੂੰ ਪਰਵਾਨ ਨਹੀਂ ਸੀ ਕੀਤਾ। ਬੁੱਧ ਦੀ ਵਿਚਾਰ ਕਿਉਂ ਪਰਵਾਨ ਕੀਤੀ ਗਈ ? ਇਸ ਬਾਰੇ ਸੋਚਾਂਗੇ। ਇਸ ਸਮੇਂ ਇਹ ਵੇਖਣਾ ਹੈ ਕਿ ਪਲੇਟੋ ਨੇ ਸੋਚ ਨੂੰ ਕਿਹੜੀ ਦਿਸ਼ਾ ਦਿੱਤੀ।"

"ਵੀਰ ਜੀ, ਮੈਨੂੰ ਤਾਂ ਇਉਂ ਪਰਤੀਤ ਹੋਇਆ ਹੈ ਕਿ ਪਲੇਟੋ ਨੇ ਭਰਮਾਊ ਭਾਸ਼ਾ ਵਿੱਚ ਸਰਵ-ਸੱਤਾਧਾਰੀ (Totalitarian) ਸਰਕਾਰ ਦੀ ਸਿਫ਼ਾਰਸ਼ ਜਾਂ ਵਕਾਲਤ ਕੀਤੀ ਹੈ। ਇਹ ਗੱਲ 'ਇੱਕ-ਈਸ਼ਵਰਵਾਦ' ਨਾਲ ਮੇਲ ਖਾਂਦੀ ਹੈ। ਪਰੰਤੂ, ਪਲੇਟੋ ਦੇ ਸਮੇਂ ਦਾ ਧਰਮ 'ਬਹੁ-ਦੇਵਵਾਦ' ਸੀ। ਉਸ ਦੇ ਏਕਾਧਿਕਾਰਵਾਦ ਦਾ ਆਧਾਰ ਕੀ ਸੀ ?"

"ਪਹਿਲਾ ਆਧਾਰ ਤਾਂ ਇਹ ਸੀ ਕਿ ਉਹ ਜਮਹੂਰੀਅਤ ਨੂੰ ਘਿਰਣਾ ਕਰਦਾ ਸੀ। ਉਹ ਇਸ ਨੂੰ ਸੁਕਰਾਤ ਦੀ ਮੌਤ ਦਾ ਕਾਰਨ ਅਤੇ ਜ਼ਿੰਮੇਦਾਰ ਸਮਝਣ ਦੇ ਨਾਲ ਨਾਲ ਭ੍ਰਿਸ਼ਟਾਚਾਰ ਅਤੇ ਛੜਯੰਤ੍ਰਾਂ ਦੀ ਜਣਨੀ ਮੰਨਦਾ ਸੀ। ਉਸ ਨੇ ਕੁਲੀਨ ਵਰਗ ਦੀ ਸਰਵ-ਸੱਤਾਧਾਰੀ ਸਰਕਾਰ ਦੀ ਸਿਫ਼ਾਰਸ਼ ਕੀਤੀ ਅਤੇ ਇਹ ਗੱਲ ਬਹੁਤੇ ਦੇਵਤਿਆਂ ਵਿੱਚ ਵਿਸ਼ਵਾਸ ਕਰਨ ਦੇ ਅਧਿਆਤਮਿਕ ਪ੍ਰਬੰਧ ਨਾਲ ਮੇਲ ਖਾਂਦੀ ਸੀ। ਯੂਨਾਨੀ ਦੇਵਤੇ ਨੈਤਿਕਤਾ ਦਾ ਨਿਰਾਦਰ ਕਰਨ

ਅਤੇ ਇੱਕ ਦੂਜੇ ਵਿਰੁੱਧ ਛੜਯੰਤ੍ਰ ਰਚਣ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਕਰਦੇ। ਛੜਯੰਤ੍ਰਾਂ ਨੂੰ ਪਲੇਟੋ ਦੀ *ਰੀਪਬਲਿਕ* ਵਿੱਚ ਵੀ ਮਹੱਤਵਪੂਰਣ ਥਾਂ ਪ੍ਰਾਪਤ ਹੈ, ਪਰ ਇਹ ਛੜਯੰਤ੍ਰ ਹਾਕਮਾਂ ਜਾਂ ਸਰਪ੍ਰਸਤਾਂ ਦੁਆਰਾ ਜਨ-ਸਾਧਾਰਣ ਦੇ 'ਭਲੇ' ਲਈ ਰਚੇ ਜਾਂਦੇ ਹੋਣ ਕਰਕੇ ਸਤਿਕਾਰਯੋਗ ਅਤੇ ਜ਼ਰੂਰੀ ਦੱਸੇ ਗਏ ਹਨ। ਹਾਕਮਾਂ ਨੇ ਉਚੇਰੀ ਵਿੱਦਿਆ ਅਤੇ ਲੰਮੇਰੀ ਸਾਧਨਾ ਨਾਲ ਰਾਜ-ਕਾਜ ਦੇ ਯੋਗ ਹੋਣਾ ਹੁੰਦਾ ਹੈ, ਇਸ ਲਈ ਪਲੇਟੋ ਉਨ੍ਹਾਂ ਨੂੰ ਜੀਵਨ ਦੀਆਂ ਬਾਕੀ ਚਿੰਤਾਵਾਂ ਤੋਂ ਮੁਕਤ ਰੱਖਣਾ ਚਾਹੁੰਦਾ ਸੀ। ਹਾਕਮਾਂ ਅਤੇ ਸੈਨਿਕਾਂ ਨੂੰ ਜੀਵਨ ਦੀਆਂ ਚਿੰਤਾਵਾਂ ਤੋਂ ਮੁਕਤ ਰੱਖਣ ਲਈ ਗ਼ੁਲਾਮਾਂ ਦੀ ਲੋੜ ਸੀ ਅਤੇ ਗ਼ੁਲਾਮਾਂ ਨੂੰ ਆਪਣੀ ਥਾਂ ਸੰਤੁਸ਼ਟ ਰੱਖਣ ਲਈ ਕਰੜੀ ਵਰਗ-ਵੰਡ ਦੇ ਨਾਲ ਨਾਲ ਕਿਸੇ ਅਧਿਆਤਮਿਕ ਵਿਸ਼ਵਾਸ ਦੀ ਵੀ ਲੋੜ ਸੀ। ਉਸ ਨੇ...।"

"ਵੀਰ ਜੀ, ...ਤੁਸੀਂ ਸਰਵ-ਸੱਤਾ ਅਧਿਕਾਰ ਦੇ ਆਧਾਰ ਦੀ ਗੱਲ ਕਰ ਰਹੇ ਸੀ।"

"ਚੰਗੇ ਵੇਲੇ ਸਿਰ ਚੇਤਾ ਕਰਵਾ ਦਿੱਤਾ ਹੈ ਤੁਸਾਂ। ਪਲੇਟੋ ਵੇਲੇ ਲੋਕਾਂ ਵਿੱਚ ਇੱਕ-ਈਸ਼ਵਰਵਾਦ ਅਜੇ ਨਹੀਂ ਸੀ ਪਰਚਾਰਿਆ ਗਿਆ। ਉਸ ਸਮੇਂ ਸੱਤਿਅਮ, ਸ਼ਿਵਮ ਅਤੇ ਸੁੰਦਰਮ ਦੀ ਚਰਚਾ ਆਮ ਸੀ। ਪਲੇਟੋ ਨੇ ਰਾਜ-ਕਾਜ ਦੇ ਸੰਬੰਧ ਵਿੱਚ ਸ਼ਿਵਮ ਜਾਂ ਗੁੱਡਨੈੱਸ (Goodness) ਨੂੰ ਉਦੇਸ਼ ਮੰਨਿਆ। ਰੱਖਿਅਕਾਂ ਲਈ ਹਰ ਪ੍ਰਕਾਰ ਦਾ ਕੋਝ ਅਤੇ ਝੂਠ ਜਾਇਜ਼ ਹੈ, ਕਿਉਂਜੁ ਉਹ ਨਗਰਰਾਜ ਲਈ ਚੰਗਾ ਹੈ। ਹਾਕਮ ਕੋਝ ਅਤੇ ਝੂਠ ਦੇ ਦੋਸ਼ ਤੋਂ ਨਿਰਲੇਪ ਹਨ, ਕਿਉਂਜੁ ਉਹ ਹਉਂ ਰਹਿਤ ਅਤੇ ਗਿਆਨਵਾਨ ਫਿਲਾਸਫਰ ਹਨ। ਜਿਸ 'ਭਲਾਈ' (Good) ਨੂੰ ਉਦੇਸ਼ ਮੰਨਣ ਵਾਲਿਆਂ ਲਈ ਏਨੀਆਂ ਸਹੂਲਤਾਂ ਅਤੇ ਰਿਆਇਤਾਂ ਹਨ, ਉਹ ਕੋਈ ਮਾਮੂਲੀ ਜਿਹੀ ਸੋਚ ਜਾਂ ਕਲਪਨਾ ਨਹੀਂ, ਸਗੋਂ ਸੰਸਾਰ ਦੀ ਰਚਨਾ ਦਾ ਅਨਾਦੀ, ਅਨੰਤ ਅਤੇ ਅਟੱਲ ਉਦੇਸ਼ ਹੈ। ਇਸ ਦੇ ਰੂਪ ਸਰੂਪ ਅਤੇ ਇਸ ਦੀ ਪਰਿਭਾਸ਼ਾ ਵਿੱਚ ਕੋਈ ਤਬਦੀਲੀ ਜਾਂ ਵਿਕਾਸ ਸੰਭਵ ਨਹੀਂ। ਇਸ ਉਦੇਸ਼ ਦੀ ਪ੍ਰਾਪਤੀ ਲਈ ਜੀਵੇ ਜਾਣ ਵਾਲੇ ਜੀਵਨ ਦੇ ਨੇਮ ਵੀ ਅਟੱਲ ਅਤੇ ਅਬਦਲ (ਅ + ਬਦਲ) ਹਨ। ਇਨ੍ਹਾਂ ਨੇਮਾਂ ਨੂੰ ਘੜਨ ਅਤੇ ਲਾਗੂ ਕਰਨ ਵਾਲੇ ਗਾਰਡੀਅਨਜ਼ ਵੀ ਅਟੱਲ ਅਤੇ ਅਭੁੱਲ ਹਨ। ਪਲੇਟੋ ਦਾ ਇਹ ਪਰਲੋਕਵਾਦ ਜਿਸ ਨੂੰ ਉਸਦਾ ਆਈਡੀਅਲਇਜ਼ਮ ਆਖਿਆ ਜਾਂਦਾ ਹੈ, ਸਰਵ-ਸੱਤਾ ਅਧਿਕਾਰਵਾਦ ਦਾ ਆਧਾਰ ਹੈ। ਇਸ ਸਾਰੀ ਵਿਆਖਿਆ ਦੀ ਰੌਸ਼ਨੀ ਵਿੱਚ *ਰੀਪਬਲਿਕ* ਪੜ੍ਹਿਆਂ ਅਸੀਂ ਇਹ ਵੀ ਜਾਣ ਸਕਦੇ ਹਾਂ ਕਿ ਈਸਾਈਅਤ ਅਤੇ ਇਸਲਾਮ ਵਿਚਲੇ ਇਕ-ਈਸ਼ਵਰਵਾਦ ਅਤੇ ਪਰਲੋਕਵਾਦ ਦੀ ਪਲੇਟੋ ਨਾਲ ਕੀ ਸਾਂਝ ਹੈ।"

"ਪਾਪਾ, ਮੇਰਾ ਜੀ ਕਰਦਾ ਹੈ ਕਿ *ਰੀਪਬਲਿਕ* ਦੇ ਮੁੱਖ ਸਿਧਾਂਤਾਂ ਨੂੰ ਵੱਖਰੇ ਵੱਖਰੇ ਕਰ ਕੇ ਵਿਚਾਰਿਆ ਜਾਵੇ, ਕਿਉਂਕਿ ਸੰਸਾਰ ਦੀਆਂ ਸਾਰੀਆਂ ਸਮਾਜਕ, ਰਾਜਨੀਤਕ, ਅਧਿਆਤਮਿਕ ਅਤੇ ਵਿਗਿਆਨਕ ਥਿਊਰੀਆਂ ਦੇ ਬੀਜ ਯੂਨਾਨੀ ਸੋਚ ਵਿੱਚ ਮੌਜੂਦ ਹਨ ਅਤੇ ਪਲੇਟੋ ਇਸ ਸੋਚ ਦਾ ਪ੍ਰਤਿਨਿਧੀ ਹੈ।"

"ਤੁਹਾਡੇ ਕੋਲ ਸਮਾਂ ਹੋਣਾ ਚਾਹੀਦਾ ਹੈ; ਮੈਂ ਤਾਂ ਵਿਹਲਾ ਹਾਂ। ਤੁਹਾਡਾ ਇਹ ਕਹਿਣਾ ਠੀਕ ਨਹੀਂ ਕਿ ਪਲੇਟੋ ਸਾਰੀ ਯੂਨਾਨੀ ਸੋਚ ਦਾ ਪ੍ਰਤਿਨਿਧੀ ਹੈ। ਉਹ ਐਪੀਕਿਊਰਿਸ ਅਤੇ ਪ੍ਰਮਾਣੂੰਵਾਦੀਆਂ ਦਾ ਵਿਰੋਧੀ ਸੀ। ਲੈਰੀਟੀਅਸ ਨਾਂ ਦਾ ਵਿਦਵਾਨ ਦੱਸਦਾ ਹੈ ਕਿ ਪਲੇਟੋ ਡੈਮੋਕ੍ਰੀਟਸ ਨੂੰ ਬਿਲਕੁਲ ਗ਼ਲਤ ਸਮਝਦਾ ਸੀ ਅਤੇ ਇਹ ਕਹਿੰਦਾ ਸੀ ਕਿ 'ਉਸ ਦੀਆਂ ਸਭ ਕਿਤਾਬਾਂ ਜਲਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।' ਉਹ ਹੋਮਰ ਦੀ ਕਵਿਤਾ ਅਤੇ ਯੂਨਾਨੀ ਨਾਟਕ ਦਾ ਵੀ ਵਿਰੋਧੀ ਸੀ।"

ਸਨੇਹਾ।

# 47

ਈਸ਼ਰ ਭਵਨ,
15.9.97.

ਸਨੇਹਾ,

ਇਸ ਤੋਂ ਪਹਿਲੇ ਪੱਤਰ ਵਿਚ ਨੀਲੂ ਜੀ ਨਾਲ ਹੋਈ ਗੱਲਬਾਤ ਲਿਖ ਘੱਲੀ ਸੀ। ਅੰਤ ਵਿਚ ਇਹ ਵੀ ਲਿਖਿਆ ਸੀ ਕਿ ਮੈਂ ਹੋਰ ਬਹੁਤ ਕੁਝ ਪੁੱਛਣਾ ਚਾਹੁੰਦੀ ਸਾਂ। ਜਿਵੇਂ ਜਿਵੇਂ ਉਨ੍ਹਾਂ ਦੀਆਂ ਗੱਲਾਂ ਬਾਰੇ ਸੋਚਦੀ ਰਹੀ, ਤਿਵੇਂ ਤਿਵੇਂ ਬਹੁਤ ਕੁਝ ਪੁੱਛਣ ਦੀ 'ਇੱਛਾ' ਬਹੁਤ ਕੁਝ ਪੁੱਛਣ ਦੀ 'ਲੋੜ' ਵਿਚ ਬਦਲਦੀ ਗਈ। ਕੱਲ੍ਹ ਸਵੇਰੇ ਨੀਲੂ ਜੀ ਅਤੇ ਸੁਮੀਤ ਈਸ਼ਰ ਭਵਨ ਵਿਚ ਆਏ ਅਤੇ ਇਹ ਕਹਿ ਕੇ ਬਾਜੇ ਚੱਕ ਨੂੰ ਚਲੇ ਗਏ ਕਿ 'ਸੋਨਲ ਅਤੇ ਰੂਪਲ ਨਾਲ ਨਿੱਕਾ ਜਿਹਾ ਕੰਮ ਹੈ; ਕਰ ਕੇ ਤੇਰੇ ਕੋਲ ਆਵਾਂਗੀ। ਅੱਜ ਸਵੇਰ ਦੀ ਚਾਹ ਤੇਰੇ ਕੋਲ ਬੈਠ ਕੇ ਪੀਵਾਂਗੀ।'

'ਅਤੇ ਸੁਮੀਤ ?' ਕਹਿ ਕੇ ਮੈਂ ਉਨ੍ਹਾਂ ਦੀਆਂ ਮੁਸਕਰਾਉਂਦੀਆਂ ਨਜ਼ਰਾਂ ਤੋਂ ਉਹਲੇ ਹੋਣ ਲਈ ਏਧਰ ਓਧਰ ਵੇਖਣ ਲੱਗ ਪਈ।

"ਉਸ ਨੂੰ ਕੁਝ ਚਿਰ ਬਾਜੇ ਚੱਕ ਰੁਕਣਾ ਪਵੇਗਾ। ਉਸ ਦੀ ਉਡੀਕ ਦਾ ਸਮਾਂ ਚਾਹ ਦੀ ਪਿਆਲੀ ਦੇ ਆਸਰੇ ਬਿਤਾਉਣ ਲਈ ਹੀ ਤੈਨੂੰ ਖੇਚਲ ਦੇ ਰਹੀ ਹਾਂ।"

ਘੰਟੇ ਕੁ ਪਿੱਛੋਂ ਉਹ ਇਕੱਲੇ ਵਾਪਸ ਆਏ ਅਤੇ ਆਖਿਆ, "ਆਓ, ਪੁਸ਼ਪੀ ਜੀ, ਨਾਸ਼ਤਾ ਬਣਾਈਏ।"

ਮੈਂ ਉਨ੍ਹਾਂ ਨੂੰ ਡਾਇਨਿੰਗ ਰੂਮ ਵਿਚ ਲੈ ਗਈ। ਸਾਰਾ ਸਾਮਾਨ ਮੇਜ਼ ਉੱਤੇ ਤਿਆਰ ਪਿਆ ਵੇਖ ਕੇ ਉਹ ਕੁਝ ਅਚੰਭਿਤ ਹੋਏ ਅਤੇ ਪੁੱਛਿਆ, "ਚਾਹ ਠੰਢੀ ਤਾਂ ਨਹੀਂ ਹੋ ਗਈ ਹੋਵੇਗੀ ? ਮੈਂ ਗਰਮ ਚਾਹ ਪਸੰਦ ਕਰਦੀ ਹਾਂ।"

"ਹੁਣੇ, ਦੋ ਕੁ ਮਿੰਟ ਪਹਿਲਾਂ ਬਣਾਈ ਹੈ।"

"ਤੂੰ ਮੇਰੇ ਵਾਪਸ ਆਉਣ ਦਾ ਠੀਕ ਸਮਾਂ ਕਿਵੇਂ ਜਾਣ ਲਿਆ ?"

"ਭਵਨ ਦੀ ਛੱਤ ਉੱਤੇ ਖੜੀ ਹੋ ਕੇ ਤੁਹਾਡਾ ਰਾਹ ਵੇਖਦੀ ਰਹੀ ਹਾਂ।"

"ਸੱਚੀਂ, ਪੁਸ਼ਪੇਂਦ੍ਰ ?"

"ਬਿਲਕੁਲ, ਕਾਰਨ ਇਹ ਹੈ ਕਿ ਮੈਂ ਤੁਹਾਡੇ ਨਾਲ ਕੁਝ ਜ਼ਰੂਰੀ ਗੱਲਾਂ ਕਰਨੀਆਂ ਹਨ।"

"ਕਰੋ, ਏਥੇ ਹੀ ਕਰ ਲੈਂਦੇ ਹਾਂ। ਏਸੇ ਬਹਾਨੇ ਚਾਹ ਦੀਆਂ ਦੋ ਪਿਆਲੀਆਂ ਹੋਰ ਪੀਤੀਆਂ ਜਾਣਗੀਆਂ।"

"ਤੁਹਾਨੂੰ ਯਾਦ ਹੋਵੇਗਾ ਕਿ ਇੱਕ ਵੇਰ ਸੱਚ, ਪਿਆਰ ਅਤੇ ਸਤਿਕਾਰ ਦੇ ਸਮਾਜਕ ਸਥਾਨ ਬਾਰੇ ਗੱਲ ਕਰਦਿਆਂ ਤੁਸਾਂ ਸੱਚ ਨੂੰ ਧਰਮ ਦੇ ਅਤੇ ਪਿਆਰ ਨੂੰ ਪਰਿਵਾਰ ਦੇ ਕੇਂਦਰ

ਵਿਚ ਰੱਖਿਆ ਜਾਣ ਨਾਲ ਜੀਵਨ ਦੀ ਹਾਨੀ ਹੋਣ ਦੀ ਸੰਭਾਵਨਾ ਦਾ ਜ਼ਿਕਰ ਕੀਤਾ ਸੀ ਜੇ ਆਖੋ ਤਾਂ ਤੁਹਾਡੇ ਸ਼ਬਦਾਂ ਨੂੰ ਦੁਹਰਾਵਾਂ।"

"ਨਹੀਂ, ਪੁਸ਼ਪੇ, ਦੁਹਰਾਉਣ ਦੀ ਲੋੜ ਨਹੀਂ; ਨਾ ਹੀ ਮੈਨੂੰ ਕੁਝ ਯਾਦ ਕਰਾਉਣਾ ਜ਼ਰੂਰੀ ਹੈ। ਮੇਰਾ ਜੀਵਨ ਮੇਰੇ ਵਿਚਾਰਾਂ ਦਾ ਅਮਲੀ ਉਲਥਾ ਹੈ ਅਤੇ ਮੇਰੇ ਵਿਚਾਰ ਮੇਰੇ ਅਨੁਭਵ ਦੀ ਉਪਜ ਹਨ। ਜਿਸ ਵਿਅਕਤੀ ਦੇ ਵਿਚਾਰਾਂ ਅਤੇ ਅਮਲਾਂ ਵਿਚ ਇਸ ਤੋਂ ਵੱਖਰਾ ਕੋਈ ਰਿਸ਼ਤਾ ਹੁੰਦਾ ਹੈ, ਉਹ ਵਿਅਕਤੀ ਜੀ ਨਹੀਂ ਰਿਹਾ ਹੁੰਦਾ, ਸਗੋਂ ਜ਼ਿੰਦਗੀ ਦਾ ਭਾਰ ਢੋ ਰਿਹਾ ਹੁੰਦਾ ਹੈ।"

"ਸਦਾ ਬਦਲਦੇ ਵਿਚਾਰ ਨੈਤਿਕ ਮੁੱਲਾਂ ਅਤੇ ਸੱਭਿਅ ਸੰਬੰਧਾਂ ਦਾ ਆਧਾਰ ਕਿਵੇਂ ਬਣ ਸਕਦੇ ਹਨ, ਨੀਲੂ ਜੀ ?"

"ਬਿਲਕੁਲ ਨਹੀਂ ਬਣ ਸਕਦੇ; ਪਰ ਸਦਾ 'ਬਦਲਦੇ' ਅਤੇ ਅਨੁਭਵ ਨਾਲ 'ਵਿਕਸਦੇ' ਵਿਚਾਰਾਂ ਵਿਚ ਫ਼ਰਕ ਹੁੰਦਾ ਹੈ। ਇਨਕਲਾਬ ਨਾਲ ਵਿਚਾਰ ਬਦਲਦੇ ਹਨ ਜਾਂ ਬਦਲੇ ਹੋਏ ਵਿਚਾਰ ਇਨਕਲਾਬ ਲਿਆਉਂਦੇ ਹਨ। ਦੋਵੇਂ ਹਾਲਤਾਂ ਜੀਵਨ ਲਈ ਦੁਖਦਾਇਕ ਅਤੇ ਹਾਨੀਕਾਰਕ ਹੁੰਦੀਆਂ ਹਨ। ਵਿਕਾਸ ਨਾਲ ਵਿਕਸੇ ਹੋਏ ਵਿਚਾਰ ਜੀਵਨ ਦੀ ਖ਼ੁਸ਼ੀ, ਖ਼ੁਸ਼ਹਾਲੀ ਅਤੇ ਖ਼ੂਬਸੂਰਤੀ ਵਿਚ ਨਿਰੰਤਰ ਵਾਧਾ ਕਰਨ ਦਾ ਕੰਮ ਕਰਦੇ ਹਨ। ਵਿਸ਼ਵਾਸਾਂ ਦਾ ਰੂਪ ਧਾਰਨ ਕਰ ਲੈਣ ਉੱਤੇ ਵਿਚਾਰ ਵਿਕਸਣੋਂ ਹਟ ਜਾਂਦੇ ਹਨ। ਸਾਡੇ ਉਹ ਵਿਚਾਰ ਜਿਹੜੇ ਸਾਡੀ ਭਾਵੁਕਤਾ ਨਾਲ ਸਾਂਝ ਪਾ ਲੈਂਦੇ ਹਨ, ਸਾਡੇ ਵਿਸ਼ਵਾਸ ਬਣਨ ਲੱਗ ਪੈਂਦੇ ਹਨ। ਜਿਹੜੇ ਵਿਚਾਰਾਂ ਨੂੰ ਅਸੀਂ ਸੱਚ ਦੇ ਸੰਬੰਧੀ ਮੰਨ ਲਈਏ, ਉਹ ਸਾਡੀ ਭਾਵੁਕਤਾ ਵਿਚ ਪਰਵੇਸ਼ ਕਰਨ ਦਾ ਜਤਨ ਕਰਨ ਲੱਗ ਪੈਂਦੇ ਹਨ। ਵਿਸ਼ਵਾਸਾਂ ਨੂੰ ਮਨੁੱਖ ਦੀਆਂ ਮਾਨਸਿਕ ਆਦਤਾਂ ਆਖਿਆ ਜਾ ਸਕਦਾ ਹੈ, ਜਦ ਕਿ ਵਿਚਾਰ ਮਨ ਦਾ ਹੁਨਰ ਹਨ, ਕਾਰੀਗਰੀ ਹਨ, ਸਿਆਣਪ ਹਨ, ਕੁਸ਼ਲਤਾ ਹਨ। ਇਨ੍ਹਾਂ ਸਾਰੇ ਸ਼ਬਦਾਂ ਲਈ ਅੰਗਰੇਜ਼ੀ ਭਾਸ਼ਾ ਦਾ ਸ਼ਬਦ Skill (ਸਕਿੱਲ) ਵਰਤਿਆ ਜਾ ਸਕਦਾ ਹੈ। ਸਿਖਲਾਈ ਵੀ ਇਸੇ ਭਾਵ ਨੂੰ ਪਰਗਟ ਕਰਨ ਵਾਲਾ ਸ਼ਬਦ ਹੈ। ਕਿਸੇ ਦੀਆਂ ਆਦਤਾਂ ਦੀ ਆਲੋਚਨਾ ਕਰੀਏ ਤਾਂ ਉਹ ਆਪਣੇ ਨਿੱਜਤਵ, ਆਪਣੀ ਜ਼ਾਤ ਉੱਤੇ ਜਾਂ ਆਪਣੇ ਉੱਤੇ ਜ਼ਾਤੀ ਹਮਲਾ ਹੋਇਆ ਮੰਨਦਾ ਹੈ। ਜੇ ਕਿਸੇ ਵਿਅਕਤੀ ਦੀ ਸਿਖਲਾਈ ਵਿਚਲੀ ਕਿਸੇ ਊਣ ਵੱਲ ਇਸ਼ਾਰਾ ਕਰੀਏ ਤਾਂ ਉਹ ਧਨਵਾਦੀ ਵੀ ਹੋ ਸਕਦਾ ਹੈ। ਵਿਚਾਰਾਂ ਦੀ ਆਲੋਚਨਾ ਸੌਖੀ ਅਤੇ ਲਾਹੇਵੰਦੀ ਹੈ। ਵਿਸ਼ਵਾਸਾਂ ਦੀ ਆਲੋਚਨਾ ਕਲੇਸ਼ ਪੈਦਾ ਕਰਦੀ ਹੈ।"

"ਨੀਲੂ ਜੀ, ਕਈ ਵਿਅਕਤੀ ਵਿਚਾਰ-ਵਟਾਂਦਰੇ ਵਿਚ ਹੀ ਲੋਹੇ ਲਾਖੇ ਹੋ ਜਾਂਦੇ ਹਨ।"

"ਇਸ ਦਾ ਕਾਰਨ ਉਨ੍ਹਾਂ ਦੇ ਸੁਭਾਅ ਵਿਚਲਾ ਕਾਹਲਾਪਨ ਹੁੰਦਾ ਹੈ। ਉਹ ਆਪਣੇ ਕਾਹਲੇ ਸੁਭਾਅ ਕਾਰਨ ਹਰ ਵਿਚਾਰ ਨੂੰ ਵਿਸ਼ਵਾਸ ਦਾ ਦਰਜਾ ਦੇਣ ਦੀ ਜ਼ਿਦ ਜਾਂ ਕਾਹਲ ਕਰਦੇ ਹਨ। ਜਿਨ੍ਹਾਂ ਬੱਚਿਆਂ ਨੂੰ ਰੁੱਸ ਕੇ ਜਾਂ ਰੋ ਕੇ ਆਪਣੀ ਗੱਲ ਮਨਵਾਉਣ ਦੀ ਆਦਤ ਹੋ ਜਾਂਦੀ ਹੈ, ਉਹ ਵੱਡੇ ਹੋ ਕੇ ਕਾਹਲੇ ਸੁਭਾਅ ਵਾਲੇ ਬਣ ਜਾਂਦੇ ਹਨ। ਰੁੱਸਣਾ ਅਤੇ ਰੋਣਾ ਅਸਲ ਵਿੱਚ ਸ਼ਕਤੀ ਦੀ ਵਰਤੋਂ ਕਰਨਾ ਹੈ। ਇੱਕ ਵੇਰ ਦੀ ਜਿੱਤ ਘੜੀ ਮੁੜੀ ਸ਼ਕਤੀ ਦੀ ਵਰਤੋਂ ਲਈ ਪ੍ਰੇਰਦੀ ਹੈ। ਘੜੀ ਮੁੜੀ ਦੀ ਜਿੱਤ ਆਪਣੇ ਠੀਕ ਜਾਂ ਸੱਚੇ ਹੋਣ ਦਾ ਵਿਸ਼ਵਾਸ ਪੈਦਾ ਕਰਦੀ ਹੈ। ਇਸ ਵਿਸ਼ਵਾਸ ਵਾਲਾ ਵਿਅਕਤੀ ਆਪਣੇ ਦੁਆਰਾ ਅਪਣਾਏ ਗਏ ਹਰ ਵਿਚਾਰ ਨੂੰ ਸੱਚਾ ਸਮਝਦਾ ਹੈ—ਆਪਣਾ ਵਿਸ਼ਵਾਸ ਸਮਝਦਾ ਹੈ ਅਤੇ ਉਸ ਦੀ ਆਲੋਚਨਾ ਉੱਤੇ ਕਾਹਲਾ ਪੈਂਦਾ ਹੈ। ਉਸ ਨੇ ਬਚਪਨ ਵਿੱਚ ਹੀ ਸ਼ਕਤੀ, ਜਿੱਤ ਅਤੇ ਸੱਚ ਨੂੰ ਇਕ-ਰੂਪ ਮੰਨ ਲਿਆ ਹੁੰਦਾ ਹੈ।"

"ਇਸ ਵਿਚ ਮਾਪਿਆਂ ਦਾ ਕੀ ਰੋਲ ਹੁੰਦਾ ਹੈ ?"

"ਬਹੁਤ ਚੰਗਾ ਨਹੀਂ, ਪੁਸ਼ਪੀ। ਚਾਹੀਦਾ ਇਹ ਹੈ ਕਿ ਬੱਚੇ ਦੀ ਜਿਹੜੀ ਗੱਲ ਮੰਨਣ ਯੋਗ ਹੈ, ਉਹ ਬਿਨਾਂ ਜ਼ਿਦ ਜਾਂ ਰੋਸੇ ਦੇ ਮੰਨ ਲਈ ਜਾਵੇ ਅਤੇ ਜਿਹੜੀ ਮੰਨਣ ਯੋਗ ਨਹੀਂ, ਉਹ ਬਿਲਕੁਲ ਨਾ ਮੰਨੀ ਜਾਵੇ। ਹੁੰਦਾ ਇਹ ਹੈ ਕਿ ਮਾਪੇ ਪਹਿਲਾਂ ਬੱਚੇ ਨੂੰ ਜ਼ਿਦ ਦਾ ਮੌਕਾ ਦਿੰਦੇ ਹਨ। ਉਸ ਤੋਂ ਪਿੱਛੋਂ ਉਨ੍ਹਾਂ ਨਾਲ ਨੈਗੋਸ਼ੀਏਟ (ਸਮਝੌਤਾ-ਸੌਦੇਬਾਜ਼ੀ) ਕਰਦੇ ਹਨ। 'ਓ.ਕੇ. ਇਸ ਵੇਰ ਤੇਰੀ ਗੱਲ ਮੰਨ ਲੈਂਦੇ ਹਾਂ; ਪਰ, ਅੱਗੇ ਤੋਂ ਤੂੰ ਐਹ ਨਹੀਂ ਕਰੇਂਗਾ, ਔਹ ਨਹੀਂ ਕਰੇਂਗਾ।' ਜਦੋਂ ਮਿੱਤਰ-ਦੋਸਤ ਜਾਂ ਸਾਕ-ਸੰਬੰਧੀ ਘਰ ਆਉਂਦੇ ਹਨ ਤਾਂ ਉਨ੍ਹਾਂ ਨੂੰ ਬੱਚੇ ਦੇ ਰੁੱਸਣ ਅਤੇ ਮੰਨਣ ਦੀ ਗੱਲ ਉਚੇਚੀ ਦਿਲਚਸਪੀ ਅਤੇ ਖ਼ੁਸ਼ੀ ਨਾਲ ਸੁਣਾਉਂਦੇ ਹਨ, ਉਹ ਵੀ ਬੱਚੇ ਦੇ ਸਾਹਮਣੇ। ਹੌਲੀ ਹੌਲੀ ਬੱਚਾ ਇਹ ਸਮਝਣ ਲੱਗ ਪੈਂਦਾ ਹੈ ਕਿ ਉਸ ਦੇ ਮਾਪਿਆਂ ਦੀ ਕਿਸੇ ਗੱਲ ਵਿਚ ਕੋਈ ਗੰਭੀਰਤਾ ਨਹੀਂ। ਮਾਪੇ ਧੌਲ ਧੱਫੇ ਦੀ ਸਹਾਇਤਾ ਨਾਲ ਆਪਣੀ ਗੰਭੀਰਤਾ ਦੇ ਅਹਿਸਾਸ ਨੂੰ ਕਾਇਮ ਰੱਖਣ ਲਈ ਮਜਬੂਰ ਹੋ ਜਾਂਦੇ ਹਨ।"

"ਨੀਲੂ ਜੀ, ਕੀ ਬੱਚੇ ਸ਼ਕਤੀ, ਜਿੱਤ ਅਤੇ ਸੱਚ ਦੇ ਸੰਕਲਪਾਂ ਤੋਂ ਜਾਣੂੰ ਹੁੰਦੇ ਹਨ ?"

"ਮੇਰਾ ਖ਼ਿਆਲ ਹੈ ਕਿ ਬੱਚਾ ਇਨ੍ਹਾਂ ਦੇ ਫ਼ਰਕ ਜਾਂ ਅੰਤਰ ਤੋਂ ਜਾਣੂੰ ਨਹੀਂ ਹੁੰਦਾ। ਉਸ ਲਈ ਇਹ ਸਭ ਕੁਝ ਇੱਕੋ ਕੰਮ ਜਾਂ ਅਮਲ ਹੈ, ਜਿਸ ਵਿੱਚੋਂ ਕਦੇ ਸੁਖ ਉਪਜਦਾ ਹੈ ਕਦੇ ਦੁੱਖ। ਹੌਲੀ ਹੌਲੀ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਗੱਲ ਦਾ ਮੰਨਿਆ ਜਾਣਾ ਉਸ ਦੀ ਜਿੱਤ ਹੈ। ਜਿੱਤ ਸੁਖਦਾਇਕ ਅਤੇ ਹਾਰ ਦੁਖਦਾਇਕ ਹੈ। ਸੁਖ ਚੰਗਾ ਹੈ ਅਤੇ ਦੁੱਖ ਬੁਰਾ ਹੈ। ਹੌਲੀ ਹੌਲੀ ਜਿੱਤ ਅਤੇ ਹਾਰ ਚੰਗਿਆਈ ਅਤੇ ਬੁਰਾਈ ਦਾ ਰੂਪ ਧਾਰਣ ਕਰ ਲੈਂਦੀਆਂ ਹਨ। ਚੰਗੇ ਬੱਚੇ ਸਲਾਹੇ ਜਾਂਦੇ ਹਨ। ਉਹ ਚੰਗਾ ਬਣਨ ਲਈ ਜਿੱਤਣ ਦੇ ਜਤਨ ਵਿਚ ਜੁੱਟਿਆ ਰਹਿੰਦਾ ਹੈ। ਹੋ ਸਕਦਾ ਹੈ, ਜ਼ਿਦ ਕਰ ਕੇ ਆਪਣੀ ਗੱਲ ਮਨਵਾਉਣ ਦਾ ਜਤਨ ਕਰਨ ਵਾਲਾ ਬੱਚਾ ਅਸਲ ਵਿਚ ਜ਼ਿਦ ਕਰ ਕੇ ਜਿੱਤਣਾ ਅਤੇ ਜਿੱਤ ਕੇ ਚੰਗਾ ਸਮਝਿਆ ਜਾਣਾ ਚਾਹੁੰਦਾ ਹੋਵੇ ਅਤੇ ਚੰਗਾ ਬਣਨ ਦੇ ਇਸ ਜਤਨ ਦੇ ਨਤੀਜੇ ਵਜੋਂ ਮਾਪਿਆਂ ਦੇ ਕ੍ਰੋਧ ਦਾ ਨਿਸ਼ਾਨਾ ਬਣ ਰਿਹਾ ਹੋਵੇ।"

"ਤੁਹਾਡਾ ਭਾਵ ਇਹ ਹੈ ਕਿ ਸਾਨੂੰ ਬਚਪਨ ਵਿਚ ਹੀ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਜੇਤੂ ਹੀ ਚੰਗਾ ਹੈ।"

"ਅਤੇ ਹੌਲੀ ਹੌਲੀ ਇਹ ਕਿ—'ਜਿੱਤ ਹੀ ਚੰਗਿਆਈ ਹੈ'।"

"ਅਤੇ ਜ਼ਰਾ ਹੋਰ ਸਿਆਣੇ ਜਾਂ ਚਾਲਾਕ ਹੋ ਕੇ ਅਸੀਂ ਆਖਣ ਲੱਗ ਪਵਾਂਗੇ, 'ਚੰਗਿਆਈ ਹੀ ਜਿੱਤਦੀ ਹੈ ਜਾਂ ਸੱਤਿਅਮੇਵ ਜੈਯਤੇ।' "

"ਹਾਂ ਪੁਸ਼ਪੇ, ਮਨੁੱਖ ਦਾ ਇਹ ਬਚਪਨੀ ਵਿਸ਼ਵਾਸ ਸਮਾਂ ਪਾ ਕੇ ਸ਼ੈਤਾਨੀ ਰੂਪ ਧਾਰਨ ਕਰ ਲੈਂਦਾ ਹੈ।...ਕਾਫ਼ੀ ਸਮਾਂ ਹੋ ਗਿਆ ਹੈ; ਸੁਮੀਤ ਅਜੇ ਵਾਪਸ ਨਹੀਂ ਆਇਆ।"

"ਨਾ, ਨਾ, ਨੀਲੂ ਜੀ, ਆਪਣੀ ਗੱਲ ਤਾਂ ਮੈਂ ਅਜੇ ਸ਼ੁਰੂ ਨਹੀਂ ਕੀਤੀ।"

"ਅਰੇ ਹਾਂ, ਤੂੰ ਕੋਈ ਜ਼ਰੂਰੀ ਗੱਲ ਕਰਨ ਵਾਲੀ ਸੈਂ।"

"ਇਹ ਗੱਲਾਂ ਵੀ ਓਨੀਆਂ ਹੀ ਜ਼ਰੂਰੀ ਹਨ। ਹੁਣ ਉਸ ਗੱਲ ਵੱਲ ਆਉਂਦੇ ਹਾਂ। ਤੁਸਾਂ ਕਿਹਾ ਸੀ ਕਿ ਪਿਆਰ ਨੂੰ ਪਰਿਵਾਰ ਵਿਚ (ਜਾਂ ਜੀਵਨ ਵਿਚ) ਕੇਂਦਰੀ ਥਾਂ ਦਿੱਤੀ ਜਾਣ ਕਾਰਨ ਪਰਿਵਾਰਕ ਸੰਬੰਧਾਂ ਦੀ ਹਾਨੀ ਹੋਈ ਹੈ। ਮੈਂ ਇਸ ਸੰਬੰਧ ਵਿਚ ਹੋਰ ਜਾਣਨ ਦੀ ਇੱਛਾ ਰੱਖਦੀ ਸਾਂ। ਜਿਵੇਂ ਜਿਵੇਂ ਸੋਚਦੀ ਗਈ, ਤਿਵੇਂ ਤਿਵੇਂ ਹੋਰ ਜਾਣਨ ਦੀ 'ਇੱਛਾ' ਹੋਰ ਜਾਣਨ ਦੀ 'ਲੋੜ' ਦਾ ਰੂਪ ਧਾਰਣ ਕਰਦੀ ਗਈ ਹੈ। ਤੁਸੀਂ ਮੇਰੀ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਤੁਹਾਡਾ ਇਹ ਵਿਚਾਰ ਕੁਝ ਕੁ ਵਿਸਥਾਰ ਦੀ ਮੰਗ ਕਰਦਾ ਹੈ।"

ਨੀਝ ਲਾ ਕੇ ਮੇਰੇ ਵੱਲ ਵੇਖਦਿਆਂ ਹੋਇਆਂ ਉਨ੍ਹਾਂ ਆਖਿਆ, "ਜਾਣਨ ਦੀ ਇੱਛਾ ਅਤੇ ਜਾਣਨ ਦੀ ਲੋੜ...ਤੇਰੇ ਇਹ ਦੋ ਵਾਕੰਸ਼ ਵੀ ਵਿਸਥਾਰ ਦੀ ਮੰਗ ਕਰਦੇ ਹਨ। ਇੱਛਾ ਅਤੇ ਲੋੜ ਦਾ ਫ਼ਰਕ ਦੱਸਣ ਦੀ ਖੇਚਲ ਕਰੋ, ਪੁਸ਼ਪੇ।"

"ਇਨ੍ਹਾਂ ਦਾ ਅੰਤਰ ਤੁਸੀਂ ਦੱਸੋਗੇ; ਮੈਂ ਆਪਣਾ ਭਾਵ ਦੱਸ ਸਕਦੀ ਹਾਂ। ਤੁਹਾਡੇ ਨਾਲ ਗੱਲ ਕਰਦਿਆਂ ਹੋਇਆਂ ਮੈਨੂੰ ਤੁਹਾਡੇ ਇਹ ਵਿਚਾਰ ਕੁਝ ਨਵੇਂ ਅਤੇ ਨਵੇਕਲੇ ਲੱਗੇ ਸਨ। ਇਨ੍ਹਾਂ ਦੀ ਵਿਲੱਖਣਤਾ ਨੇ ਇਨ੍ਹਾਂ ਬਾਰੇ ਹੋਰ ਜਾਣਨ ਦੀ ਇੱਛਾ ਪੈਦਾ ਕਰ ਦਿੱਤੀ। ਮੈਂ ਹੋਰ ਜਾਣਨ ਨੂੰ ਜ਼ਰੂਰੀ ਨਹੀਂ ਸਾਂ ਸਮਝਦੀ; ਬੱਸ ਐਵੇਂ ਬੌਧਕ ਅਮੀਰੀ ਦੇ ਵਾਧੇ ਦਾ ਖ਼ਿਆਲ ਸੀ—ਅਣਉਪਯੋਗੀ ਜਿਹੀ ਜਗਿਆਸਾ। ਤਾਂ ਵੀ ਤੁਹਾਡੇ ਇਹ ਵਿਚਾਰ ਮੇਰੇ ਮਨ ਵਿਚ ਬੈਠੇ ਰਹੇ। ਇਨ੍ਹਾਂ ਦੀ ਹਾਜ਼ਰੀ ਵਿਚ ਮੈਂ ਬੱਚਿਆਂ ਅਤੇ ਮਾਪਿਆਂ ਵਿਚ ਵਿਚਰਦੀ ਰਹੀ। ਆਪਣੇ ਪਿਛਲੇ ਜੀਵਨ ਬਾਰੇ ਸੋਚਿਆ ਅਤੇ ਆਪਣੀਆਂ ਕਈ ਸਹੇਲੀਆਂ ਕੋਲੋਂ ਉਨ੍ਹਾਂ ਦੇ ਬਚਪਨ ਬਾਰੇ ਸੁਣੀਆਂ ਹੋਈਆਂ ਗੱਲਾਂ ਨੂੰ ਚੇਤੇ ਕਰਨ ਦਾ ਜਤਨ ਕੀਤਾ। ਮੈਨੂੰ ਇਉਂ ਲੱਗਾ ਕਿ ਪਿਆਰ ਅਤੇ ਸਤਿਕਾਰ ਬਾਰੇ ਵਿਸਥਾਰ ਨਾਲ ਜਾਣੇ ਬਿਨਾਂ ਮੈਂ ਤੁਹਾਡੇ ਸੌਂਪੇ ਹੋਏ ਕੰਮ ਨੂੰ ਪੂਰੀ ਜ਼ਿੰਮੇਦਾਰੀ ਨਾਲ ਨਹੀਂ ਕਰ ਸਕਾਂਗੀ। ਇਉਂ ਇਸ ਬਾਰੇ ਹੋਰ ਜਾਣਨਾ ਮੇਰੀ ਲੋੜ ਬਣ ਗਈ।"

"ਮੈਂ ਤਾਂ ਸਮਝਦੀ ਸਾਂ ਕਿ ਮੈਂ ਤੈਨੂੰ ਕਰੜੀ ਪਰੀਖਿਆ ਵਿਚ ਪਾ ਦਿੱਤਾ ਹੈ; ਪਰ, ਤੂੰ ਬੜੀ ਸਰਲਤਾ ਅਤੇ ਸਫਲਤਾ ਨਾਲ ਆਪਣਾ ਭਾਵ ਪ੍ਰਗਟ ਕੀਤਾ ਹੈ। ਅਸੀਂ ਬੇ-ਲੋੜੀਆਂ ਚੀਜ਼ਾਂ ਦੀ ਇੱਛਾ ਕਰ ਸਕਦੇ ਹਾਂ, ਕਰਦੇ ਹਾਂ ਅਤੇ ਅੱਤ ਲੋੜੀਂਦੇ ਕੰਮ ਸਾਡੀ ਇੱਛਾ ਤੋਂ ਬਿਨਾਂ ਹੀ ਹੋਈ ਜਾਂਦੇ ਹਨ। ਸਾਡੇ ਕੋਲ ਰਹਿਣ ਲਈ ਘਰ ਹੈ, ਗੁਜ਼ਾਰੇ ਜੋਗਾ ਕਾਰੋਬਾਰ ਜਾਂ ਨੌਕਰੀ ਹੈ; ਤਾਂ ਵੀ ਕਿਸੇ ਦੂਜੇ ਦੀ ਵੱਡੀ ਸਾਰੀ ਕੋਠੀ ਵੱਲ ਵੇਖ ਕੇ ਅਸੀਂ ਇੱਛਾ ਕਰ ਸਕਦੇ ਹਾਂ ਕਿ ਅਸੀਂ ਕੋਈ ਵੱਡਾ ਕਾਰੋਬਾਰ ਕਰ ਕੇ ਇਕ ਵੱਡੀ ਸਾਰੀ ਕੋਠੀ ਵਿਚ ਰਹਿਣਾ ਸ਼ੁਰੂ ਕਰੀਏ। ਜਿੱਥੋਂ ਤਕ ਲੋੜਾਂ ਦਾ ਸੰਬੰਧ ਹੈ, ਉਹ ਪੂਰੀਆਂ ਹੋ ਰਹੀਆਂ ਹਨ। ਜਿੱਥੋਂ ਤਕ ਇੱਛਾ ਦਾ ਸੰਬੰਧ ਹੈ, ਇਨ੍ਹਾਂ ਦੀ ਕੋਈ ਸੀਮਾ ਨਹੀਂ। ਸਾਨੂੰ ਸਾਹ ਲੈਣ ਦੀ ਲੋੜ ਹੈ—ਬਹੁਤ ਜ਼ਰੂਰੀ ਲੋੜ ਹੈ। ਪ੍ਰੰਤੂ ਸਾਧਾਰਣ ਹਾਲਤ ਵਿਚ ਅਸੀਂ ਇੱਛਾ ਨਾਲ ਸਾਹ ਨਹੀਂ ਲੈਂਦੇ।"

"ਨੀਲੂ ਜੀ, ਇਨ੍ਹਾਂ ਦੋਹਾਂ ਵਿਚ ਆਪਸੀ ਸੰਬੰਧ ਹੈ ਜਾਂ ਨਹੀਂ ?"

"ਬਹੁਤ ਗੂਹੜਾ ਸੰਬੰਧ ਹੈ। ਲੋੜ ਇੱਛਾ ਪੈਦਾ ਕਰਦੀ ਹੈ ਅਤੇ ਇੱਛਾ ਲੋੜ ਨੂੰ ਜਨਮ ਦਿੰਦੀ ਹੈ। ਕਿਸੇ ਲਈ ਵੱਡੀ ਕੋਠੀ ਇਕ ਲੋੜ ਹੈ, ਕਿਸੇ ਲਈ ਨਿਰੀ ਇੱਛਾ। ਇਨ੍ਹਾਂ ਦੋ ਸ਼ਬਦਾਂ ਨੂੰ ਇੱਕ ਦੂਜੇ ਦੀ ਥਾਵੇਂ ਵੀ ਵਰਤਿਆ ਜਾਂਦਾ ਹੈ। ਅਸੀਂ ਕਹਿ ਲੈਂਦੇ ਹਾਂ, 'ਕੁਝ ਖਾਣ ਦੀ ਇੱਛਾ ਹੀ ਰਹੀ ਹੈ,' ਜਦ ਕਿ ਭੁੱਖ ਇੱਛਾ ਨਹੀਂ ਲੋੜ ਹੈ। ਇਸੇ ਤਰ੍ਹਾਂ ਕੋਈ ਆਦਮੀ ਆਪਣੇ ਮਨ ਦੇ ਕਿਸੇ ਵੀ ਵਿਕਾਰ ਨੂੰ ਆਪਣੀ ਲੋੜ ਕਹਿ ਸਕਦਾ ਹੈ ਅਤੇ ਇਉਂ ਕਹਿਣ ਵਿਚ ਠੀਕ ਵੀ ਹੈ, ਕਿਉਂਕਿ ਇਹ ਮਨੋਵਿਕਾਰ ਉਸ ਦੀ ਇੱਛਾ ਦੇ ਅਧੀਨ ਨਹੀਂ ਹੁੰਦੇ; ਬਿਨਾਂ ਇੱਛਾ ਕੀਤਿਆਂ ਹੀ ਉਤਪੰਨ ਹੋ ਪੈਂਦੇ ਹਨ। ਅਪਰਾਧੀਆਂ ਅਤੇ ਮਨੋ-ਰੋਗੀਆਂ ਲਈ ਇੱਛਾ ਅਤੇ ਲੋੜ ਦਾ ਅੰਤਰ ਕੋਈ ਅਰਥ ਨਹੀਂ ਰੱਖਦਾ। ਲੋੜ ਅਧੀਨ ਅਪਰਾਧ ਕਰਨ ਵਾਲੇ ਅੰਤ ਵਿਚ ਅਪਰਾਧ ਦੀ ਇੱਛਾ ਕਰਨ ਲੱਗ ਪੈਂਦੇ ਹਨ। ਲੋੜ ਇਕ ਅਜਿਹਾ ਸ਼ਬਦ ਹੈ ਜਿਸ ਨੂੰ ਕਿਸੇ ਵੀ ਵਿਕਾਰ ਦੀ ਵਕਾਲਤ ਲਈ ਵਰਤਿਆ ਜਾ ਸਕਦਾ ਹੈ। ਇਉਂ ਅਸੀਂ ਵੇਖਦੇ ਹਾਂ ਕਿ ਲੋੜ ਅਤੇ ਇੱਛਾ ਵਿਚ ਕਈ ਪ੍ਰਕਾਰ ਦੇ ਸੰਬੰਧ ਹਨ। ਜ਼ਰਾ ਸੋਚ ਕੇ ਦੱਸੋ, ਪੁਸ਼ਪੇ, ਪਿਆਰ ਦਾ ਆਧਾਰ ਇੱਛਾ ਹੈ ਜਾਂ ਲੋੜ ? ਭਾਵ ਇਹ ਕਿ ਇਹ ਇੱਛਾ ਵਿੱਚੋਂ ਉਪਜਦਾ ਹੈ ਜਾਂ ਲੋੜ ਵਿੱਚੋਂ ?"

"ਜ਼ਰਾ ਔਖਾ ਜਿਹਾ ਪ੍ਰਸ਼ਨ ਹੈ, ਨੀਲੂ ਜੀ।...ਮੇਰਾ ਖ਼ਿਆਲ ਹੈ ਦੋਹਾਂ ਨੂੰ ਇਸ ਦਾ ਆਧਾਰ ਆਖਿਆ ਜਾ ਸਕਦਾ ਹੈ।"

"ਕਿਵੇਂ ?"

"ਜਦੋਂ ਜੀਵ ਲੋੜਾਂ ਤੋਂ ਜਾਣੂੰ ਨਹੀਂ ਹੁੰਦਾ, ਉਦੋਂ ਉਸ ਦਾ ਪਿਆਰ ਉਸ ਦੀ ਇੱਛਾ ਜਾਂ ਡਿਜ਼ਾਇਰ (Desire) ਉੱਤੇ ਆਧਾਰਿਤ ਹੁੰਦਾ ਹੈ। ਇਹ ਹੋ ਸਕਦਾ ਹੈ ਕਿ ਜੀਵ-ਵਿਗਿਆਨੀ ਅਤੇ ਮਨੋਵਿਗਿਆਨੀ ਮਿਲ ਕੇ ਉਸ ਦੀਆਂ ਭਵਿੱਖੀ ਲੋੜਾਂ ਨੂੰ ਉਸ ਦਾ ਆਧਾਰ ਸਿੱਧ ਕਰ ਸਕਣ। ਪਰ ਜੀਵ ਉਨ੍ਹਾਂ ਲੋੜਾਂ ਦੀ ਹੋਂਦ ਤੋਂ ਅਣਜਾਣ ਹੁੰਦਾ ਹੋਇਆ ਆਪਣੀ ਕਿਸੇ ਪਰਵਿਰਤੀ ਜਾਂ ਇੱਛਾ ਅਧੀਨ ਪਿਆਰ ਜਾਂ ਘਿਰਣਾ ਕਰ ਰਿਹਾ ਹੁੰਦਾ ਹੈ। ਇੱਛਾ ਤੋਂ ਅਸੀਂ ਏਹੋ ਭਾਵ ਲੈ ਰਹੇ ਹਾਂ ਨਾ—ਪਰਵਿਰਤੀ, ਭਾਵ ਜਾਂ ਕੋਈ ਵੀ ਅੰਦਰਲੀ ਪ੍ਰੇਰਣਾ, ਜਿਸ ਵੱਲੋਂ ਅਸੀਂ ਬੌਧਕ ਤੌਰ ਉੱਤੇ ਚੇਤਨ ਨਾ ਹੋਈਏ ?"

"ਬਿਲਕੁਲ ਏਹੋ ਹੀ ਅਤੇ ਜਦੋਂ ਜੀਵ ਆਪਣੀਆਂ ਲੋੜਾਂ ਤੋਂ ਜਾਣੂੰ ਹੋਣ ਲੱਗ ਪੈਂਦਾ ਹੈ, ਉਦੋਂ ਲੋੜਾਂ ਉਸ ਦੇ ਪਿਆਰ ਦਾ ਆਧਾਰ ਬਣਨ ਲੱਗ ਪੈਂਦੀਆਂ ਹਨ—ਜਿਵੇਂ ਇਸਤਰੀ-ਪੁਰਸ਼ ਦਾ ਪਿਆਰ ਕਾਮ ਦੀ ਪਰਵਿਰਤੀ ਉੱਤੇ ਆਧਾਰਿਤ ਹੁੰਦਾ ਹੈ ਅਤੇ ਮਾਂ-ਪੁੱਤਰ ਦਾ ਪਿਆਰ ਮਮਤਾ ਉੱਤੇ। ਕੀ ਕਾਮ ਦੀ ਪਰਵਿਰਤੀ ਸ਼ਿਥਲ ਜਾਂ ਸਮਾਪਤ ਹੋ ਜਾਣ ਉੱਤੇ ਪਤੀ-ਪਤਨੀ ਦਾ ਪਿਆਰ ਸਮਾਪਤ ਹੋ ਜਾਵੇਗਾ ? ਕੀ ਮਮਤਾ ਹੀ ਅਖ਼ੀਰ ਤਕ ਮਾਂ-ਪੁੱਤਰ ਦੇ ਪਿਆਰ ਦਾ ਆਧਾਰ ਬਣੀ ਰਹੇਗੀ ?"

"ਇਉਂ ਹੋਣਾ ਤਾਂ ਨਹੀਂ ਚਾਹੀਦਾ, ਨੀਲੂ ਜੀ।"

"ਇਉਂ ਹੁੰਦਾ ਵੀ ਨਹੀਂ ਹੈ। ਇਨ੍ਹਾਂ ਪਰਵਿਰਤੀਆਂ ਦੀ ਸ਼ਿਥਲਤਾ ਅਤੇ ਸਮਾਪਤੀ ਉੱਤੇ ਲੋੜਾਂ ਪਿਆਰ ਦਾ ਆਧਾਰ ਬਣ ਜਾਂਦੀਆਂ ਹਨ। ਇਕ ਦੂਜੇ ਦੇ ਸਾਥ ਅਤੇ ਸਹਾਰੇ ਦੀ ਲੋੜ। ਹੁਣ ਫਿਰ ਜ਼ਰਾ ਸੋਚ ਕੇ ਦੱਸੋ ਕਿ ਪਰਵਿਰਤੀ (ਜਿਸ ਨੂੰ ਅਸਾਂ ਇੱਛਾ ਜਾਂ ਅੰਦਰਲੀ ਪ੍ਰੇਰਣਾ ਆਖਿਆ ਹੈ) ਉੱਤੇ ਨਿਰਭਰ ਕਰਨ ਵਾਲਾ ਪਿਆਰ ਪਕੇਰਾ ਅਤੇ ਸੁਖਾਵਾਂ ਹੋਵੇਗਾ ਜਾਂ ਲੋੜ ਉੱਤੇ ਆਧਾਰਿਤ ਪਿਆਰ ?"

"ਮੈਂ ਕਿਸੇ ਅਨੁਭਵ ਵਿੱਚੋਂ ਨਹੀਂ, ਸੋਚ ਅਤੇ ਅਨੁਮਾਨ ਦੇ ਆਸਰੇ ਕਹਿ ਸਕਦੀ ਹਾਂ ਕਿ ਲੋੜ ਉੱਤੇ ਆਧਾਰਿਤ ਪਿਆਰ ਵਧੇਰੇ ਪੱਕਾ ਅਤੇ ਸੁਖਾਵਾਂ ਹੋਵੇਗਾ। ਕਾਮ ਦੀ ਪਰਵਿਰਤੀ ਪਤੀ-ਪਤਨੀ ਦੇ ਸੰਬੰਧ ਨੂੰ ਕਲੇਸ਼ਮਈ ਹੋਣੋਂ ਜਾਂ ਟੁੱਟਣੋਂ ਨਹੀਂ ਬਚਾਅ ਸਕੇਗੀ। ਇਸ ਪਰਵਿਰਤੀ ਦੀ ਗ਼ੈਰ-ਹਾਜ਼ਰੀ ਵਿਚ ਵੀ ਲੋੜਾਂ ਇਸ ਪਿਆਰ ਨੂੰ ਸੁਖਾਵਾਂ ਅਤੇ ਸਤਿਕਾਰਯੋਗ ਬਣਾਈ ਰੱਖ ਸਕਦੀਆਂ ਹਨ। ਮਮਤਾ ਉੱਤੇ ਆਧਾਰਿਤ ਪਿਆਰ, ਅਧਿਕਾਰ ਦਾ ਰੂਪ ਧਾਰ ਕੇ ਮਾਂ-ਪੁੱਤਰ ਦੇ ਸੰਬੰਧਾਂ ਵਿਚ ਕੜਵਾਹਟ ਪੈਦਾ ਕਰ ਸਕਦਾ ਹੈ; ਪਰ, ਆਪਣੇ ਪੁੱਤਰ ਨੂੰ ਆਪਣੇ ਬੁਢਾਪੇ ਦਾ ਸਹਾਰਾ ਸਮਝਣ ਵਾਲੀ ਮਾਂ ਆਪਣੇ ਪੁੱਤਰ ਦੇ ਪਿਆਰ ਦਾ ਹੱਕਦਾਰ ਬਣੀ ਰਹਿ ਸਕਦੀ ਹੈ।"

"ਮੇਰੀ ਪ੍ਰਸ਼ੂ ਬਹੁਤ ਸਮਝਦਾਰ ਹੈ। ਹੁਣ ਇਹ ਦੱਸੋ ਕਿ ਜੀਵਨ ਦੇ ਕਿਸ ਪੜਾਅ ਉੱਤੇ ਪਿਆਰ ਲੋੜਾਂ ਉੱਤੇ ਆਧਾਰਿਤ ਹੋਣਾ ਆਰੰਭ ਹੁੰਦਾ ਹੈ ਜਾਂ ਜੀਵਾਂ ਦੇ ਆਪਸੀ ਸੰਬੰਧਾਂ ਵਿਚ ਲੋੜਾਂ ਦਾ ਮਹੱਤਵ ਵਧਣਾ ਸ਼ੁਰੂ ਹੁੰਦਾ ਹੈ ?"

"ਮੈਂ ਸਮਝਦੀ ਹਾਂ ਕਿ ਪਸ਼ੂ-ਜੀਵਨ ਵਿਚ ਲੋੜਾਂ ਦਾ ਮਹੱਤਵ ਨਹੀਂ, ਕੇਵਲ ਇੱਛਾ ਜਾਂ ਪਰਵਿਰਤੀ ਦੀ ਪ੍ਰਧਾਨਤਾ ਹੈ। ਜੰਗਲੀ ਮਨੁੱਖ ਦਾ ਜੀਵਨ ਵੀ ਪਸ਼ੂ-ਜੀਵਨ ਹੀ ਸੀ। ਸੱਭਿਅਤਾ ਦੇ ਵਿਕਾਸ ਨਾਲ ਲੋੜਾਂ ਦਾ ਮਹੱਤਵ ਵਧਿਆ ਜਾਪਦਾ ਹੈ।"

"ਪੁਸ਼ਪੇ, ਸੱਭਿਅ ਮਨੁੱਖੀ ਜੀਵਨ ਵਿਚ ਵੀ ਬਚਪਨ ਅਤੇ ਜਵਾਨੀ ਵਿਚ ਪਰਵਿਰਤੀ ਪ੍ਰਧਾਨ ਰਹਿੰਦੀ ਹੈ। ਸੱਭਿਅ, ਸਾਊ ਨਾਗਰਿਕ ਬਣ ਜਾਣ ਉੱਤੇ ਹੀ ਮਨੁੱਖ (ਮੇਰਾ ਭਾਵ ਹੈ ਇਸਤਰੀ ਅਤੇ ਪੁਰਸ਼) ਲੋੜਾਂ ਦੇ ਮਹੱਤਵ ਨੂੰ ਪਛਾਣਨਾ ਸ਼ੁਰੂ ਕਰਦੇ ਹਨ। ਪਰਵਿਰਤੀ ਦੀ ਪ੍ਰਧਾਨਤਾ ਵੇਲੇ ਉਹ ਹੀਰ ਦੀ ਭਾਸ਼ਾ ਬੋਲਦੇ ਹਨ।"

"ਉਹ ਕਿਹੜੀ, ਨੀਲੂ ਜੀ ?"

"ਏਹੋ ਕਿ 'ਵਾਰਸ਼ ਸ਼ਾਹ ਨਾ ਮੁੜਾਂਗੀ ਰਾਂਝਣੇ ਤੋਂ ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ'।"

"ਮੇਰਾ ਖ਼ਿਆਲ ਹੈ 'ਮੁੜਾਂਗੀ' ਦੀ ਥਾਂ 'ਟਲਾਂਗੀ' ਹੈ। ਪਰ ਨੀਲੂ ਜੀ, ਅਸੀਂ ਪਿਆਰ ਦੇ ਭਾਵ ਨਾਲ ਬੇ-ਇਨਸਾਫ਼ੀ ਤਾਂ ਨਹੀਂ ਕਰ ਰਹੇ ?"

"ਕਿਸੇ ਵਿਚਾਰ, ਵਸਤੂ ਜਾਂ ਵਿਅਕਤੀ ਦੀ ਉਤਪੱਤੀ ਦੇ ਸਰੋਤ ਬਾਰੇ ਵਿਚਾਰ ਕਰਨ ਕਰਕੇ ਉਸ ਨਾਲ ਬੇ-ਇਨਸਾਫ਼ੀ ਜਾਂ ਵਧੀਕੀ ਕਿਵੇਂ ਹੋ ਸਕਦੀ ਹੈ ? ਕਮਲ ਨੂੰ ਪੰਕਜ ਕਹਿਣ ਵਿਚ ਕੋਈ ਅਨਿਆਏ ਨਹੀਂ। ਉਹ ਚਿੱਕੜ ਵਿੱਚੋਂ ਉਪਜਣ ਕਰਕੇ ਪੰਕਜ ਹੀ ਅਖਵਾਏਗਾ। ਭੇਡਾਂ, ਬੱਕਰੀਆਂ ਅਤੇ ਹੋਰ ਸਾਰੇ ਸ਼ਾਕਾਹਾਰੀ ਪਸ਼ੂਆਂ ਵਾਂਗ ਮਨੁੱਖ ਵਿਚ ਵੀ ਇਕੱਠਾਂ, ਜਥਿਆਂ ਜਾਂ ਕਬੀਲਿਆਂ ਵਿਚ ਰਹਿਣ ਦੀ ਰੁਚੀ ਹੈ। ਸੰਗਚਾਰਿਤਾ ਜਾਂ ਵੱਗਚਾਰਿਤਾ (ਵੱਗਾਂ ਵਿਚ ਰਹਿਣ ਦੀ ਰੁਚੀ) ਮਨੁੱਖਤਾ ਵਿਚ ਸਰਵ-ਵਿਆਪਕ ਹੈ। ਹਿੰਸਕ ਪਸ਼ੂਆਂ ਵਿਚ ਵੀ ਇਹ ਰੁਚੀ ਹੈ; ਪਰ, ਇਸ ਦਾ ਘੇਰਾ ਪਰਿਵਾਰ ਤਕ ਸੀਮਿਤ ਹੁੰਦਾ ਹੈ। ਇਸ ਰੁਚੀ ਨੇ ਸੱਭਿਅਤਾ ਦੀ ਉਤਪੱਤੀ ਅਤੇ ਵਿਕਾਸ ਵਿਚ ਲੋੜੀਂਦਾ ਹਿੱਸਾ ਪਾਇਆ ਹੈ। ਆਤਮਾ ਅਤੇ ਪਰਮਾਤਮਾ ਦੀ ਸਰਵ-ਵਿਆਪਕਤਾ ਦੇ ਵਿਚਾਰ ਦਾ ਆਧਾਰ ਵੀ ਏਹੋ ਰੁਚੀ ਹੈ। ਮਾਨਵਵਾਦ ਜਾਂ ਮਨੁੱਖਾਂ ਵਿਚਲੀ ਸਾਂਝੀਵਾਲਤਾ ਵੀ, ਮੇਰੀ ਜਾਚੇ, ਏਸੇ ਰੁਚੀ ਦਾ ਸੋਧਿਆ-ਸੰਵਾਰਿਆ ਅਤੇ ਵਿਕਸਾਇਆ-ਵਿਸਥਾਰਿਆ ਹੋਇਆ ਰੂਪ ਮੰਨਿਆ ਜਾ ਸਕਦਾ ਹੈ। ਇਹ ਰੁਚੀ ਕਿਸੇ ਧਰਮ, ਸੱਭਿਆਚਾਰ, ਵਿਦਿਆ ਜਾਂ ਸੰਸਕ੍ਰਿਤੀ ਆਦਿਕ ਦੀ ਉਪਜਾਈ ਹੋਈ ਨਹੀਂ। ਇਹ ਜੀਵਨ ਦੇ ਨਾਲ ਨਾਲ ਹੀ ਉਪਜੀ ਅਤੇ ਵਿਕਸੀ ਹੈ।"

"ਪੁਰਾਤਨ ਮਨੁੱਖ ਇਹ ਕਹਿੰਦਾ ਹੋਵੇਗਾ ਕਿ ਇਹ ਪਰਮਾਤਮਾ ਤੋਂ ਆਈ ਹੈ—ਪਰਮਾਤਮਾ ਦਾ ਆਪਣਾ ਰੂਪ ਹੈ, ਉਸ ਦੀ ਸਰਵ-ਵਿਆਪਕਤਾ ਹੈ, ਉਹ ਪਿਆਰ ਬਣ ਕੇ ਸਾਰਿਆਂ ਵਿਚ ਸਮਾਇਆ ਹੋਇਆ ਹੈ, ਉਹ ਪਿਆਰ ਹੈ, ਪਿਆਰ ਰੱਬ ਹੈ।"

"ਹਾਂ, ਪੁਸ਼ਪੇ; ਮੈਂ ਸਮਝਦੀ ਹਾਂ ਕਿ ਜੀਵਾਂ ਵਿਚਲੀ ਇਸ ਸਰਵ-ਵਿਆਪਕ ਸੁੰਦਰ ਅਤੇ ਸੁਖਦਾਇਕ ਰੁਚੀ ਨੂੰ ਇਸੇ ਪ੍ਰਕਾਰ ਦਾ ਸੁਹਣਾ ਨਾਂ ਦਿੱਤਾ ਜਾਣਾ ਹੀ ਯੋਗ ਸੀ। ਪ੍ਰੰਤੂ, ਇਸ ਦਾ ਇਕ ਨੁਕਸਾਨ ਵੀ ਹੋਇਆ ਹੈ। ਜਿਸ ਸਮੇਂ ਮਨੁੱਖ ਦਾਰਸ਼ਨਿਕਤਾ ਅਤੇ ਅਧਿਆਤਮਕਤਾ ਦੀਆਂ ਸਿਖਰਾਂ ਛੂਹ ਰਿਹਾ ਸੀ, ਉਸ ਸਮੇਂ ਉਸ ਵਿਚ ਵੱਡੇ ਵੱਡੇ ਰਾਜ ਪ੍ਰਬੰਧਾਂ, ਸਲਤਨਤਾਂ, ਯੁੱਧਾਂ ਅਤੇ ਸ਼ਹਿਨਸ਼ਾਹੀਆਂ ਦੀ ਸਮਰੱਥਾ ਵੀ ਪੈਦਾ ਹੋ ਚੁੱਕੀ ਸੀ। ਸ਼ਹਿਨਸ਼ਾਹਾਂ ਅਤੇ ਸਮਰਾਟਾਂ ਦੀ ਸ਼ਕਤੀ, ਉਨ੍ਹਾਂ ਦਾ ਐਸ਼ਵਰਯ ਅਤੇ ਉਨ੍ਹਾਂ ਦਾ ਅਧਿਕਾਰ ਏਨਾ ਵਿਰਾਟ ਰੂਪ ਧਾਰਨ ਕਰ ਗਿਆ ਸੀ ਕਿ ਉਹ ਧਰਤੀ ਉੱਤੇ ਰੱਬ ਦੇ ਪ੍ਰਤਿਨਿਧੀ ਮੰਨੇ ਜਾਂਦੇ ਸਨ ਜਾਂ ਉਨ੍ਹਾਂ ਦੇ ਨਮੂਨੇ ਉੱਤੇ ਕਿਸੇ ਆਕਾਸ਼ੀ ਰੱਬ ਦੀ ਕਲਪਨਾ ਕਰਨ ਨੂੰ ਮਨੁੱਖੀ ਅਕਲ ਦੀ ਇੰਤਹਾ ਮੰਨਿਆ ਜਾਂਦਾ ਸੀ। ਅਜੇਹਾ ਹੋਣ ਨਾਲ ਮਨੁੱਖ ਦੀ ਉਸ ਪਰਵਿਰਤੀ ਨੂੰ ਜਿਸ ਦੇ ਸਹਾਰੇ ਉਹ ਸਾਂਝੀਵਾਲਤਾ ਦੇ ਸੁਪਨੇ ਉਲੀਕ ਸਕਦਾ ਸੀ, ਉਸ ਵਿਚਲੀ ਵੱਗਚਾਰਿਤਾ ਦੀ ਭਾਵਨਾ ਨੂੰ, ਜਿਸ ਦਾ ਸਦਕਾ ਉਹ 'ਸਾਰਿਆਂ ਵਿਚ ਆਪੇ ਨੂੰ ਅਤੇ ਆਪੇ ਵਿਚ ਸਾਰਿਆਂ ਨੂੰ' ਆਪਣਾ ਸੰਸਾਰਕ ਅਤੇ ਸਮਾਜਕ ਅਨੁਭਵ ਬਣਾ ਸਕਦਾ ਸੀ, ਉਸ ਵਿਚਲੀ ਆਪਣੀ 'ਪਿਆਰ-ਭਾਵਨਾ' ਨੂੰ ਉਸ ਦੀ ਆਪਣੀ,

ਨਿਰੋਲ ਨਿੱਜੀ ਅਤੇ ਦੁਨਿਆਵੀ ਨਾ ਮੰਨ ਕੇ ਅਲੌਕਿਕ, ਰੂਹਾਨੀ ਅਤੇ ਪਰਮਾਤਮਾ ਵੱਲੋਂ ਆਈ ਹੋਈ ਜਾਂ ਦਿੱਤੀ ਹੋਈ ਇਕ ਓਪਰੀ ਅਤੇ ਦੁਰਲੱਭ ਵਸਤੂ ਮੰਨਿਆ ਜਾਣ ਲੱਗ ਪਿਆ।"

"ਅਤੇ ਜਿਸ ਤਰ੍ਹਾਂ ਪਰਮਾਤਮਾ ਦੀ ਸਰਵ-ਵਿਆਪਕਤਾ ਦੇ ਵਿਸ਼ਵਾਸ ਜਾਂ ਸਿਧਾਂਤ ਦੀ ਕੋਈ ਸਾਰਥਕਤਾ ਨਹੀਂ, ਉਸੇ ਤਰ੍ਹਾਂ 'ਪਿਆਰ ਹੀ ਪਰਮਾਤਮਾ ਹੈ,' ਇਹ ਵਾਕ ਵੀ ਨਿਰਾਰਥਕ ਜਿਹਾ ਰੌਲਾ ਬਣ ਕੇ ਰਹਿ ਗਿਆ ਹੈ। ਇਹ ਹੀ ਹੈ ਨਾ ਤੁਹਾਡਾ ਭਾਵ, ਨੀਲੂ ਜੀ ? ਪ੍ਰੰਤੂ ਉਸ ਵੇਲੇ ਮਨੁੱਖ ਏਨਾ ਵਿਗਿਆਨਕ ਨਹੀਂ ਸੀ।"

"ਤੂੰ ਠੀਕ ਸਮਝਿਆ ਹੈ, ਪੁਸ਼ਪੇ। ਅਤੇ ਹੁਣ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਜੇ ਪਿਆਰ ਨੂੰ ਪਰਮਾਤਮਾ ਆਖਿਆਂ ਇਸ ਦੇ ਪ੍ਰਭਾਵ ਅਤੇ ਪਸਾਰ ਵਿਚ ਕੋਈ ਤੀਬਰਤਾ ਅਤੇ ਵਿਸ਼ਾਲਤਾ ਨਹੀਂ ਆਈ ਤਾਂ ਇਸ ਨੂੰ ਮਨੁੱਖੀ ਪਰਵਿਰਤੀ ਅਤੇ ਲੋੜ ਦੀ ਉਪਜ ਮੰਨਣ ਵਿਚ ਵੀ ਇਸ ਨਾਲ ਕੋਈ ਬੇ-ਇਨਸਾਫ਼ੀ ਨਹੀਂ ਹੁੰਦੀ। ਜੇ ਕੋਈ ਬੇ-ਇਨਸਾਫ਼ੀ ਹੁੰਦੀ ਹੈ ਤਾਂ ਉਹ ਇਸ ਭਾਵ ਨੂੰ ਪਰਮਾਤਮਾ ਨਾਲ ਜੋੜਿਆਂ ਹੁੰਦੀ ਹੈ। ਪਰਮਾਤਮਾ ਨਾਲ ਜੁੜ ਕੇ ਇਹ ਭਾਵ ਅਲੌਕਿਕ ਅਤੇ ਅਗੰਮ ਬਣ ਗਿਆ ਹੈ; ਅਲੌਕਿਕ ਅਤੇ ਅਗੰਮ ਬਣ ਕੇ ਇਹ ਸਾਧਾਰਣ ਜੀਵਨ ਦੇ ਨਿੱਤਾਚਾਰ ਦਾ ਸਾਧਾਰਣ ਹਿੱਸਾ ਨਾ ਰਹਿ ਕੇ, ਕੁਝ ਇਕ ਵਿਸ਼ੇਸ਼ ਪੁਰਸ਼ਾਂ ਦੇ ਸਮਝਣ ਅਤੇ ਕਰਨ ਵਾਲਾ ਕੰਮ ਬਣ ਗਿਆ ਹੈ। ਭਗਤੀ ਆਖਿਆ ਜਾਣ ਉੱਤੇ ਇਹ ਕ੍ਰਿਸ਼ਨ ਰਾਹੀਂ— ਧੰਨੇ, ਨਾਮਦੇਵ ਅਤੇ ਰਵੀਦਾਸ ਆਦਿਕਾਂ ਦੀ ਮੁਕਤੀ ਦੇ ਕੰਮ ਆਉਂਦਾ ਹੈ; ਜਾਂ ਫਿਰ ਇਸ਼ਕ ਆਖਿਆ ਜਾ ਕੇ ਹੀਰਾਂ, ਸੋਹਣੀਆਂ ਅਤੇ ਸਹਿਤੀਆਂ ਕੋਲੋਂ ਸਮਾਜਕ ਮਾਨਤਾਵਾਂ ਦਾ ਨਿਰਾਦਰ ਕਰਵਾਉਂਦਾ ਹੈ। ਜੇ ਇਹ ਨਿਰੋਲ ਪਰਵਿਰਤੀ ਹੈ ਤਾਂ ਜਿਨਸੀ ਸੰਜੋਗ ਹੀ ਇਸ ਦਾ ਆਦਿ-ਅੰਤ ਹੈ। ਤੰਤਰ, ਵਾਮ ਮਾਰਗ ਅਤੇ ਹਰੇ ਕ੍ਰਿਸ਼ਨਾ ਵਾਲਿਆਂ ਨੂੰ ਇਸ ਦਾ ਇਹ ਰੂਪ ਸਰਵਸ੍ਰੇਸ਼ਟ ਭਾਸਦਾ ਹੈ। ਉਹ ਇਸ ਰਾਹੀਂ ਮੁਕਤੀ ਅਤੇ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਦੇ ਵਿਸ਼ਵਾਸੀ ਹਨ। ਦੁਨੀਆ ਦੇ ਸ਼ਾਇਰਾਂ ਨੂੰ ਇਸ ਦਾ ਇਹ ਰੂਪ ਚੰਗਾ ਲੱਗਦਾ ਹੈ ਕਿ ਨਹੀਂ, ਕੁਝ ਆਖਿਆ ਨਹੀਂ ਜਾ ਸਕਦਾ। ਹਾਂ, ਇਹ ਭਲੀ-ਭਾਂਤ ਪ੍ਰਗਟ ਹੈ ਕਿ ਉਨ੍ਹਾਂ ਦੀ ਸਮੁੱਚੀ ਸ਼ਾਇਰੀ ਅਤੇ ਸ਼ਾਇਰੀ ਦੇ ਰੂਪ ਵਿਚ ਉਨ੍ਹਾਂ ਦਾ ਸਮੁੱਚਾ ਆਪਾ ਇਸੇ ਪਰਕਿਰਤੀ ਦੀ ਪਰਕਰਮਾ ਕਰਦਾ ਆ ਰਿਹਾ ਹੈ। ਇਸ ਨੂੰ ਦੁਖਦਾਈ ਵੀ ਮੰਨਦੇ ਹਨ ਅਤੇ ਇਸ ਦਾ ਤਿਆਗ ਵੀ ਨਹੀਂ ਕਰ ਸਕਦੇ। ਉਨ੍ਹਾਂ ਲਈ ਇਹ ਸ਼ਹਿਦ ਨਾਲ ਲਿਬੜੇ ਉਸਤਰੇ ਵਰਗਾ ਹੈ—ਚੱਟਦੇ ਹਨ, ਮਿੱਠਾ ਵੀ ਲੱਗਦਾ ਹੈ ਅਤੇ ਜੀਭ ਵੀ ਚੀਰੀ ਜਾਂਦੀ ਹੈ। ਇਹ ਈਰਖਾ, ਬੇ-ਵਫ਼ਾਈ, ਜੁਦਾਈ ਅਤੇ ਸਿਤਮ ਵਰਗੇ ਨੀਵੇਂ ਭਾਵਾਂ ਤੇ ਕੋਝੇ ਵਰਤਾਰਿਆਂ ਨੂੰ ਜਨਮ ਦਿੰਦਾ ਹੈ। ਇਹ ਮਨੁੱਖ ਵਿੱਚੋਂ ਆਤਮ-ਸੰਮਾਨ ਦੀ ਭਾਵਨਾ ਨੂੰ ਘਟਾਉਂਦਾ ਕੀ, ਖ਼ਤਮ ਹੀ ਕਰ ਦਿੰਦਾ ਹੈ। ਉਸ ਨੂੰ ਸਮਾਜ ਵਿੱਚ ਹਾਸੋਹੀਣਾ ਜਾਂ ਨਿਕੰਮਾ ਬਣਾ ਦਿੰਦਾ ਹੈ। ਇਸ ਨੇ ਮਨੁੱਖ ਨੂੰ ਮਜਨੂੰ ਅਤੇ ਦੇਵਦਾਸ...।"

"ਨੀਲੂ ਜੀ, ਇੱਕੋ ਸਾਹੇ ਕਿੰਨਾ ਕੁਝ ਕਹਿ ਗਏ ਹੋ। ਜਿਸ ਪਿਆਰ ਨੂੰ ਨਿਸ਼ਕਾਮ ਪਿਆਰ ਆਖਿਆ ਗਿਆ ਹੈ, ਉਸ ਬਾਰੇ ਤੁਹਾਡਾ ਕੀ ਵਿਚਾਰ ਹੈ ?"

"ਕਾਮਨਾ, ਇੱਛਾ ਜਾਂ ਡਿਜ਼ਾਇਰ ਕਿਸੇ ਊਣ ਜਾਂ ਘਾਟੇ ਦੀ ਲਖਾਇਕ ਹੈ। ਪਰਮਾਤਮਾ ਵਿਚ ਕਿਸੇ ਪ੍ਰਕਾਰ ਦਾ ਘਾਟਾ ਨਹੀਂ; ਉਸ ਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਤਾਂ ਵੀ ਉਹ ਪਿਆਰ ਕਰਦਾ ਹੈ। ਪਿਆਰ ਉਸ ਦਾ ਅਸਲਾ ਹੈ। ਪਰਮਾਤਮਾ ਦਾ ਪਿਆਰ ਉਸ ਦੇ ਅਸਲੇ ਦਾ ਆਪ-ਮੁਹਾਰਾ ਪ੍ਰਗਟਾਵਾ ਹੈ। ਜੋ ਕੋਈ ਜਿਸ ਤਰ੍ਹਾਂ ਦਾ ਵੀ ਪਿਆਰ ਕਰ ਰਿਹਾ ਹੈ, ਉਹ ਪਰਮਾਤਮਾ ਦੇ ਪਿਆਰ ਰੂਪੀ ਅਸਲੇ ਦਾ ਭਾਈਵਾਲ ਜਾਂ ਸਾਂਝੀਦਾਰ ਬਣ ਰਿਹਾ ਹੈ। ਉਨ੍ਹਾਂ ਵਿਚ ਇਹ ਸਾਂਝੀਦਾਰੀ ਸਭ ਤੋਂ ਵੱਧ ਹੈ ਜੋ ਕਿਸੇ ਸਵਾਰਥ ਅਧੀਨ ਪਿਆਰ ਨਹੀਂ ਕਰਦੇ—

ਜਿਹੜੇ ਪਿਆਰ ਨੂੰ ਕਬਜ਼ਾ ਨਹੀਂ ਜਾਣਦੇ, ਸਗੋਂ ਆਪਣੇ ਪਿਆਰੇ ਦੀ ਖ਼ੁਸ਼ੀ ਅਤੇ ਭਲਾਈ ਚਾਹੁੰਦੇ ਹਨ। ਇਸ ਪ੍ਰਕਾਰ ਦੇ ਵਿਚਾਰਾਂ ਦਾ ਸ੍ਰੀ ਗਣੇਸ਼ ਪਲੇਟੋ ਦਵਾਰਾ ਕੀਤਾ ਗਿਆ ਸੀ। ਇਨ੍ਹਾਂ ਤੋਂ ਹੀ ਨਿਸ਼ਕਾਮ ਪਿਆਰ ਦੀ ਕੁਧਾਰਣਾ ਦਾ ਜਨਮ ਹੋਇਆ ਹੈ।"

"ਨੀਲੂ ਜੀ, ਆਪਣੇ ਪਿਆਰੇ ਦੀ ਖ਼ੁਸ਼ੀ ਅਤੇ ਭਲਾਈ ਚਾਹੁਣਾ ਵੀ ਤਾਂ ਕਾਮਨਾ ਕਰਨਾ ਹੀ ਹੈ। ਮੁਕਤੀ ਅਤੇ ਮਨ ਦੀ ਸ਼ਾਂਤੀ ਆਦਿਕ ਵੀ ਕਾਮਨਾਵਾਂ ਹੀ ਹਨ। ਨਿਸ਼ਕਾਮਤਾ ਦੀ ਹੱਦ ਕਿੱਥੋਂ ਆਰੰਭ ਹੁੰਦੀ ਹੈ ?"

"ਜਿਥੋਂ ਕੋਈ ਮੰਨ ਲਵੇ। ਮੇਰੇ ਲਈ ਨਿਸ਼ਕਾਮਤਾ ਇੱਕ ਅਣਹੋਂਦ ਹੈ। ਮੁਕਤੀ ਸਭ ਤੋਂ ਵੱਡਾ ਅਤੇ (ਸ਼ਾਇਦ) ਸਭ ਤੋਂ ਬਹੁਤਾ ਅਸਮਾਜਕ ਸਵਾਰਥ ਹੈ। ਆਪਣੇ ਪਿਆਰੇ ਦੀ ਖ਼ੁਸ਼ੀ ਅਤੇ ਭਲਾਈ ਸੁੰਦਰ ਕਾਮਨਾ ਹੈ। ਪ੍ਰੰਤੂ, ਇਸ ਕਾਮਨਾ ਦਾ ਮਨੁੱਖੀ ਰੂਪ ਹੀ ਸੁੰਦਰ ਅਤੇ ਸਾਰਥਕ ਹੈ। ਇਸ ਨੂੰ ਰੱਬ ਦੀ ਰੱਬਤਾ ਦੀ ਭਾਈਵਾਲੀ ਮੰਨਣਾ ਮਨੁੱਖਤਾ ਲਈ ਦੁਖਦਾਈ ਸਾਬਤ ਹੋਇਆ ਹੈ।"

"ਉਹ ਕਿਵੇਂ ?"

"ਰੱਬ ਨੂੰ ਰਹੀਮ ਅਤੇ ਕਰੀਮ ਦੇ ਨਾਲ-ਨਾਲ ਜੱਬਾਰ ਅਤੇ ਕਹਾਰ ਵੀ ਮੰਨਿਆ ਜਾਂਦਾ ਹੈ। ਉਸ ਵਿਚ ਕੋਈ ਘਾਟ ਨਹੀਂ। ਉਹ ਸ਼ਿਵ ਦੇ ਰੂਪ ਵਿਚ ਮਹਾਂ ਪਰਲੈ ਹੈ, ਵਿਸ਼ਨੂੰ ਦੇ ਵਿਰਾਟ ਰੂਪ ਵਿਚ ਅਨੇਕ ਖੰਡਾਂ-ਬ੍ਰਹਮੰਡਾਂ ਦਾ ਘਾਤਕ ਹੈ। ਜੇ ਪਿਆਰ ਉਸ ਦੇ ਪਿਆਰ ਰੂਪੀ ਅਸਲੇ ਦੀ ਭਾਈਵਾਲੀ ਹੈ ਤਾਂ ਜੰਗਾਂ, ਧਰਮ-ਯੁੱਧਾਂ, ਇਨਕਲਾਬਾਂ, ਤਬਾਹੀਆਂ, ਕਾਰਪਿਟ ਬੰਬਾਰੀਆਂ ਅਤੇ ਹਾਲੋਕਾਸਟਾਂ ਰਾਹੀਂ ਉਸ ਦੇ 'ਕਲਾਹ ਕਰਤਾ' ਅਸਲੇ ਦੀ ਸਾਂਝੀਦਾਰੀ ਵਿਚ ਵੀ ਮਨੁੱਖ ਪਿੱਛੇ ਨਹੀਂ ਰਿਹਾ। ਮੈਂ ਤਾਂ ਇਹ ਸਲਾਹ ਦਿਆਂਗੀ ਕਿ ਮਨੁੱਖ ਆਪਣੇ ਪਿਆਰ ਅਤੇ ਦੁੱਪਰਿਆਰ ਲਈ ਆਪਣੇ ਆਪ ਨੂੰ ਹੀ ਜ਼ਿੰਮੇਦਾਰ ਸਮਝੇ। ਹੁਣ ਇਫ਼ਲਾਤੂਨੀ ਢਕੌਂਸਲਿਆਂ ਦੇ ਉਹਲੇ ਲੱਭਣ ਦਾ ਸਮਾਂ ਨਹੀਂ ਰਿਹਾ।"

"ਨੀਲੂ ਜੀ, ਜਿਨ੍ਹਾਂ ਢਕੌਂਸਲਿਆਂ ਨੇ ਕਈ ਸਦੀਆਂ ਤੱਕ ਮਨੁੱਖੀ ਸੋਚ ਦੇ ਨੱਕ ਵਿਚ ਨਕੇਲ ਪਾਈ ਰੱਖੀ ਹੈ, ਉਨ੍ਹਾਂ ਦੀ ਕੁਝ ਜਾਣਕਾਰੀ ਜ਼ਰੂਰ ਦਿਓ ਅਤੇ ਇਹ ਵੀ ਦੱਸੋ ਕਿ ਤੁਸੀਂ ਪਲੇਟੋ ਨੂੰ ਹੀ ਇਨ੍ਹਾਂ ਦਾ ਜਨਮਦਾਤਾ ਕਿਉਂ ਮੰਨਦੇ ਹੋ। ਇੱਕ ਗੱਲ ਕਵੀਆਂ ਬਾਰੇ ਵੀ ਕਹਿਣੀ ਹੈ। ਉਸ ਸਮੇਂ ਨਹੀਂ ਕਹਿ ਸਕੀ, ਕਿਉਂਜੁ ਤੁਸੀਂ ਤੇਜ਼ ਪਰਵਾਹ ਨਾਲ ਬੋਲੀ ਜਾ ਰਹੇ ਸਾਓ। ਕਵੀਆਂ ਨੇ ਇਸਤਰੀ-ਪੁਰਸ਼ ਦੇ ਜਿਨਸੀ ਪਿਆਰ ਵਿਚ ਜਿਸ ਦੁੱਖ ਅਤੇ ਸੰਤਾਪ ਦਾ ਵਰਣਨ ਕੀਤਾ ਹੈ, ਉਹ ਸੰਤਾਪ ਹੋ ਸਕਦਾ ਹੈ, ਉਨ੍ਹਾਂ ਦਾ ਕਾਲਪਨਿਕ ਕਲੇਸ਼ ਹੀ ਹੋਵੇ ਅਤੇ ਅਸਲ ਵਿਚ ਪਰਵਿਰਤੀ ਮੂਲਕ ਪਿਆਰ ਇਨ੍ਹਾਂ ਦੁੱਖਾਂ ਦਾ ਕਾਰਨ ਨਾ ਬਣਦਾ ਹੋਵੇ।"

"ਸ਼ਾਇਰਾਂ ਨੇ ਪਿਆਰ ਤੋਂ ਉਪਜਣ ਵਾਲੇ ਜਿਨ੍ਹਾਂ ਕਲੇਸ਼ਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਦੇ ਅਸਲੀ ਹੋਣ ਦਾ ਸਬੂਤ ਕੇਵਲ ਇਹ ਹੈ ਕਿ ਇਹ ਅਨੁਭਵ (ਜਾਂ ਇੱਕ ਕਲਪਨਾ) ਸਾਰੇ ਸ਼ਾਇਰਾਂ ਦੀ ਸਾਂਝੀ ਹੈ। ਯੂਨੀਵਰਸਲ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਦੁਨੀਆ ਦੇ ਸਾਰੇ ਸ਼ਾਇਰਾਂ ਨੇ ਇਕੱਠੇ ਬੈਠ ਕੇ, ਸਲਾਹ ਕਰ ਕੇ ਇਨ੍ਹਾਂ ਕਲੇਸ਼ਾਂ ਨੂੰ ਕਵਿਤਾ ਦਾ ਵਿਸ਼ਾ ਬਣਾਉਣ ਦੀ ਸਾਜ਼ਸ਼ ਕੀਤੀ ਹੈ। ਇਨ੍ਹਾਂ ਕਾਵਿ-ਕਲੇਸ਼ਾਂ ਦੇ ਵਰਣਨ ਦੀ ਵਿਆਪਕਤਾ ਇਸ ਗੱਲ ਦਾ ਸਬੂਤ ਹੈ ਕਿ ਇਹ ਅਸਲੀ ਹਨ, ਮਨੋਕਲਪਿਤ ਨਹੀਂ। ਜੇ ਇਹ ਦਲੀਲ ਝੂਠੀ ਹੈ ਤਾਂ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੇ ਰਹਿੱਸਵਾਦੀ ਅਨੁਭਵ ਵੀ ਝੂਠੇ ਮੰਨਣੇ ਪੈਣਗੇ। ਉਨ੍ਹਾਂ ਦੇ ਅਨੁਭਵਾਂ ਦਾ ਕੋਈ ਸਬੂਤ ਨਹੀਂ। ਉਹ ਨਾ ਕਿਸੇ ਨਾਲ ਸਾਂਝੇ ਕੀਤੇ ਜਾ ਸਕਦੇ ਹਨ, ਨਾ ਹੀ ਉਨ੍ਹਾਂ ਦੀ ਸਹੀ ਵਿਆਖਿਆ ਹੀ ਹੋ ਸਕਦੀ ਹੈ। ਉਹ ਗੁੰਗੇ ਦੇ ਗੁੜ ਖਾਣ ਵਰਗੇ ਅਨੁਭਵ

ਹਨ। ਉਨ੍ਹਾਂ ਦੇ ਵਾਸਤਵਿਕ ਜਾਂ ਸੱਚੇ ਹੋਣ ਦਾ ਸਾਡੇ ਕੋਲ ਇੱਕੋ ਸਬੂਤ ਹੈ ਕਿ ਉਹ ਸਾਰੇ ਰਹਿਸਵਾਦੀਆਂ ਦੇ ਸਾਂਝੇ ਅਨੁਭਵ ਹਨ। ਅਸੀਂ ਇਹ ਨਹੀਂ ਕਹਿ ਸਕਦੇ ਕਿ ਦੁਨੀਆ ਦੇ ਸਾਰੇ ਰਹਿਸਵਾਦੀਆਂ ਨੇ ਇਕੱਠੇ ਹੋ ਕੇ ਰਹਿਸਵਾਦੀ ਅਨੁਭਵ ਦੀ ਇੱਕੋ ਪ੍ਰਕਾਰ ਦੀ ਵਿਆਖਿਆ ਦਾ ਛੜਯੰਤਰ ਰਚਿਆ ਹੈ।"

"ਨੀਲੂ ਜੀ, ਹੁਣ ਪਲੇਟੋ ਦੇ ਪਿਆਰ ਸਿਧਾਂਤ ਦੀ ਗੱਲ ਕਰੋਗੇ ਜਾਂ ਇਹ ਕਿ ਉਹੋ ਹੀ ਦੁਨੀਆ ਦਾ ਪਹਿਲਾ ਅਜੇਹਾ ਸਿਧਾਂਤਕਾਰ ਕਿਉਂ ਮੰਨਿਆ ਜਾਂਦਾ ਹੈ ?"

"ਪਹਿਲੀ ਗੱਲ ਪਹਿਲਾਂ। ਪਲੇਟੋ ਨੇ ਆਪਣੇ ਪਿਆਰ ਸਿਧਾਂਤ ਦੀ ਵਿਆਖਿਆ ਹਿਤ 'ਫੀਡਰਸ' ਨਾਂ ਦੀ ਇਕ ਲੰਮੀ ਵਾਰਤਾਲਾਪ ਲਿਖੀ ਹੈ। ਇਸ ਵਾਰਤਾਲਾਪ ਦੇ ਪਹਿਲੇ ਹਿੱਸੇ ਵਿਚ *ਲਿਸਿਆਜ਼* ਨਾਂ ਦੇ ਕਿਸੇ ਵਿਦਵਾਨ ਦਾ ਪਿਆਰ ਸਿਧਾਂਤ ਪੇਸ਼ ਕੀਤਾ ਹੈ। ਉਸ ਦਾ ਸਾਰ ਇਹ ਹੈ ਕਿ ਪਿਆਰ ਕਰਨ ਵਾਲੇ ਲੋਕ ਸਵਾਰਥੀ ਹੁੰਦੇ ਹਨ। ਸਾਰੀ ਗੱਲ ਦਾ ਸਾਰ ਇੱਕੋ ਵਾਕ ਵਿਚ ਇਉਂ ਲਿਖਿਆ ਹੈ—'ਪ੍ਰੇਮੀ ਆਪਣੇ ਪਿਆਰਿਆਂ ਨੂੰ ਉਵੇਂ ਹੀ ਪਿਆਰ ਕਰਦੇ ਹਨ ਜਿਵੇਂ ਬਘਿਆੜ ਲੇਲਿਆਂ ਨੂੰ।' ਲਿਸਿਆਜ਼ ਦਾ ਪਿਆਰ ਸਿਧਾਂਤ ਪੇਸ਼ ਕਰ ਲੈਣ ਪਿੱਛੋਂ ਪਲੇਟੋ ਉਨ੍ਹਾਂ ਹੀ ਲੀਹਾਂ ਉੱਤੇ ਆਪਣਾ ਸਿਧਾਂਤ ਦੱਸਦਾ ਹੈ। ਇਉਂ ਕਰਨ ਤੋਂ ਉਸ ਦਾ ਭਾਵ ਇਹ ਦੱਸਣਾ ਮਾਲੂਮ ਹੁੰਦਾ ਹੈ ਕਿ ਲਿਸਿਆਜ਼ (ਜਾਂ ਲਿਜ਼ੀਆਜ਼) ਕੋਲੋਂ ਆਪਣੇ ਵਿਚਾਰ ਠੀਕ ਢੰਗ ਨਾਲ ਪੇਸ਼ ਨਹੀਂ ਕੀਤੇ ਗਏ; ਉਹ ਉਸ ਦੇ ਵਿਚਾਰਾਂ ਨੂੰ ਬਹੁਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਪਤਾ ਨਹੀਂ ਉਸ ਨੇ ਅਜੇਹਾ ਕਿਉਂ ਕੀਤਾ ਹੈ—ਸ਼ਾਇਦ ਇਹ ਦੱਸਣ ਲਈ ਕਿ ਸੋਫਿਸਟਾਂ ਵਾਂਗ ਉਹ ਵੀ ਕਿਸੇ ਸਿਧਾਂਤ ਦੇ ਪੱਖ ਵਿਚ ਵੀ ਉਸੇ ਨਿਪੁੰਨਤਾ ਨਾਲ ਲਿਖ ਸਕਦਾ ਹੈ ਜਿਸ ਨਿਪੁੰਨਤਾ ਨਾਲ ਉਸ ਦੇ ਵਿਰੋਧ ਵਿਚ।"

"ਫਿਰ ਇਸ ਤੋਂ ਪਿੱਛੋਂ ਉਹ ਆਪਣੇ ਸਿਧਾਂਤ ਵੱਲ ਕਿਵੇਂ ਮੁੜਦਾ ਹੈ ?"

"ਇਹ ਕਹਿ ਕੇ ਕਿ 'ਪਿਆਰ ਦੈਵੀ ਹੈ। ਮੈਂ ਦੈਵੀ ਭਾਵ ਦੀ ਨਿੰਦਾ ਕਰ ਕੇ ਆਪਣੇ ਆਪ ਨੂੰ ਸਜ਼ਾ ਦਾ ਭਾਗੀ ਬਣਾ ਲਿਆ ਹੈ। ਇਸ ਤੋਂ ਪਹਿਲਾਂ ਕਿ ਮੈਨੂੰ ਸਜ਼ਾ ਮਿਲੇ, ਮੈਂ ਆਪਣੀ ਗ਼ਲਤੀ ਸੁਧਾਰ ਲੈਣੀ ਚਾਹੁੰਦਾ ਹਾਂ।' ਪੁਸ਼ਪੇ, ਇਹ ਤਾਂ ਤੈਨੂੰ ਪਤਾ ਹੀ ਹੈ ਨਾ ਕਿ ਪਲੇਟੋ ਆਪਣੀਆਂ ਸਾਰੀਆਂ ਗੱਲਾਂ (ਕਿਸੇ ਫ਼ਰਜ਼ੀ) ਸੁਕਰਾਤ ਦੇ ਮੂੰਹੋਂ ਬੁਲਵਾਉਂਦਾ ਹੈ ?"

"ਜੀ।"

"ਪਲੇਟੋ ਦਾ ਸੁਕਰਾਤ ਕਹਿੰਦਾ ਹੈ, ਰੂਹ ਅਮਰ ਹੈ ਸਰੀਰ ਨਾਸ਼ਮਾਨ ਹੈ। ਰੂਹ ਨੂੰ ਸੱਚ, ਸੁੰਦਰਤਾ ਅਤੇ ਨੇਕੀ ਨਾਲ ਪਿਆਰ ਹੈ—ਇਹ ਰੂਹ ਦੀ ਖ਼ੁਰਾਕ ਹਨ। ਜਦੋਂ ਰੂਹ ਇਨ੍ਹਾਂ ਤੋਂ ਹਟ ਕੇ ਬੁਰਾਈ ਨੂੰ ਆਪਣਾ ਭੋਜਨ ਬਣਾ ਲੈਂਦੀ ਹੈ ਤਾਂ ਉਸ ਦੇ ਪੰਖ ਭਾਰੀ ਹੋ ਜਾਂਦੇ ਹਨ ਅਤੇ ਉਹ ਧਰਤੀ ਵੱਲ ਡਿਗਣ ਲੱਗ ਪੈਂਦੀ ਹੈ। ਹੈਨ ਤਾਂ ਪੰਖ ਵੀ ਪਦਾਰਥ ਦੇ ਬਣੇ ਹੋਏ; ਪਰ ਇਹ ਪਦਾਰਥ ਰੂਹ ਦੇ ਬਹੁਤ ਨੇੜੇ ਹੈ ਜਾਂ ਰੂਹਾਨੀ ਗੁਣਾਂ ਵਿਚ ਬਾਕੀ ਸਾਰੇ ਪਦਾਰਥ ਨਾਲੋਂ ਸ੍ਰੇਸ਼ਟ ਹੈ। ਰੂਹ ਦੇ ਪੰਖ ਉਵੇਂ ਹੀ ਹਨ ਜਿਵੇਂ ਦੇਵਤਿਆਂ ਦੇ ਰਥਾਂ ਦੇ ਘੋੜੇ। ਰੂਹਾਂ ਜਦੋਂ ਰੱਬ ਵੱਲ ਉਡਾਰੀ ਮਾਰਦੀਆਂ ਹਨ ਤਾਂ ਇੱਕ ਦੂਜੀ ਤੋਂ ਅੱਗੇ ਲੰਘਣ ਦੇ ਜਤਨ ਵਿਚ ਇੱਕ ਦੂਜੀ ਨੂੰ ਲਿਤਾੜ ਕੇ, ਇੱਕ ਦੂਜੀ ਦੇ ਖੰਭ ਤੋੜ ਦਿੰਦੀਆਂ ਹਨ। ਉਪਰ ਨੂੰ ਜਾਣ ਤੋਂ ਅਸਮਰਥ ਹੋ ਕੇ ਇਹ ਰੂਹਾਂ ਧਰਤੀ ਉੱਤੇ ਡਿੱਗ ਪੈਂਦੀਆਂ ਹਨ। ਏਥੇ ਇਹ ਵੱਖ ਵੱਖ ਪ੍ਰਕਾਰ ਦੇ ਮਨੁੱਖੀ ਸੁਭਾਵਾਂ ਵਿਚ ਬਦਲ ਜਾਂਦੀਆਂ ਹਨ। ਜਿਨ੍ਹਾਂ ਕੋਲ ਸੱਚ, ਸੁੰਦਰਤਾ ਅਤੇ ਨੇਕੀ ਦਾ ਬਹੁਤਾ ਨੇੜ ਜਾਂ ਅੰਸ਼ ਹੁੰਦਾ ਹੈ, ਉਹ ਫਿਲਾਸਫਰ, ਕਲਾਕਾਰ, ਸੰਗੀਤਕਾਰ ਜਾਂ ਪ੍ਰੇਮੀ ਦਾ ਜਨਮ ਲੈਂਦੇ ਹਨ। ਦੂਜੇ ਦਰਜੇ ਦੀਆਂ ਰੂਹਾਂ ਚੰਗੇ ਰਾਜਿਆਂ ਜਾਂ ਯੋਧਿਆਂ ਦਾ ਜਨਮ ਪ੍ਰਾਪਤ ਕਰਦੀਆਂ

ਹਨ। ਤੀਜੇ ਦਰਜੇ ਦੀਆਂ ਰੂਹਾਂ ਸਿਆਸਤਦਾਨ ਜਾਂ ਵਾਪਾਰੀ ਬਣਦੀਆਂ ਹਨ। ਚੌਥੇ ਦਰਜੇ ਦੀਆਂ ਰੂਹਾਂ ਨੂੰ ਓਲੰਪਿਕ ਦੇ ਖਿਡਾਰੀਆਂ ਜਾਂ ਵੈਦਾਂ ਹਕੀਮਾਂ ਦਾ ਜਨਮ ਮਿਲਦਾ ਹੈ। ਪੰਜਵੇਂ ਦਰਜੇ ਦੀਆਂ ਰੂਹਾਂ ਪੈਗੰਬਰ ਦਾ ਜਨਮ ਲੈਂਦੀਆਂ ਹਨ। ਛੇਵੇਂ ਦਰਜੇ ਦੀਆਂ ਕਵਿਤਾ ਜਾਂ ਕਿਸੇ ਹੋਰ ਅਜੇਹੀ ਕਲਾ ਵਿਚ ਨਿਪੁੰਨ ਹੁੰਦੀਆਂ ਹਨ ਜਿਹੜੀ ਅਸਲ ਦੀ ਨਕਲ ਉੱਤੇ ਆਧਾਰਤ ਹੋਵੇ। ਸੱਤਵੇਂ ਦਰਜੇ ਦੀਆਂ ਕਾਰੀਗਰ ਅਤੇ ਅਠਵੇਂ ਦਰਜੇ ਦੀਆਂ ਸੋਫ਼ਿਸਟਾਂ ਦਾ ਜਨਮ ਧਾਰਦੀਆਂ ਹਨ। ਨੌਵੇਂ ਦਰਜੇ ਦੀਆਂ ਰੂਹਾਂ ਜਾਬਰ ਹਾਕਮਾਂ ਦਾ ਜਨਮ ਪ੍ਰਾਪਤ ਕਰਦੀਆਂ ਹਨ। ਇਹ ਜਨਮ ਲੈ ਕੇ ਜਿਹੜੇ ਚੰਗਿਆਈ ਕਰਦੇ ਹਨ, ਉਹ ਮੁੜ ਉਪਰ ਉੱਠਦੇ ਹਨ ਅਤੇ ਜਿਹੜੀਆਂ ਰੂਹਾਂ ਸੱਚ ਤੋਂ ਦੂਰ ਜਾਈ ਜਾਂਦੀਆਂ ਹਨ, ਉਨ੍ਹਾਂ ਦਾ ਦਰਜਾ ਨੀਵਾਂ ਹੋਈ ਜਾਂਦਾ ਹੈ। ਰੂਹ ਨੂੰ ਆਪਣੇ ਦੈਵੀ ਸਥਾਨ ਉੱਤੇ ਮੁੜ ਪੁੱਜਣ ਵਿਚ ਦਸ ਹਜ਼ਾਰ ਸਾਲ ਲੱਗਦੇ ਹਨ। ਪ੍ਰੰਤੂ ਇੱਕ ਫਿਲਾਸਫਰ ਅਤੇ ਪ੍ਰੇਮੀ ਦੀ ਰੂਹ, ਜੇ ਉਹ ਨੇਕੀ ਉੱਤੇ ਤੁਰਦੀ ਰਹੇ ਤਾਂ, ਇਸ ਤੋਂ ਇੱਕ ਤਿਹਾਈ (ਤੀਜਾ ਹਿੱਸਾ) ਸਮੇਂ ਵਿਚ ਆਪਣੇ ਨਿੱਜ ਘਰ ਪੁੱਜ ਜਾਂਦੀ ਹੈ। ਤਿੰਨ ਵੇਰ ਆਪਣੇ ਅਸਲੇ ਨੂੰ ਮੁੜ ਪ੍ਰਾਪਤ ਕਰਨ ਵਾਲੀ ਰੂਹ ਰੱਬ-ਰੂਪ ਹੋ ਜਾਂਦੀ ਹੈ। ਬਾਕੀਆਂ ਦਾ ਹਿਸਾਬ ਕਿਤਾਬ ਹੁੰਦਾ ਹੈ ਅਤੇ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਕੁਝ ਇੱਕ ਨੂੰ ਸੁਧਾਰ ਘਰਾਂ ਵਿਚ ਰੱਖਿਆ ਜਾਂਦਾ ਹੈ। ਏਥੇ ਇੱਕ ਹਜ਼ਾਰ ਸਾਲ ਰਹਿਣ ਪਿੱਛੋਂ ਇਨ੍ਹਾਂ ਨੂੰ ਮੁੜ ਆਪਣੇ ਪਿਛਲੇ ਕਰਮ ਅਨੁਸਾਰ ਅਗਲਾ ਜਨਮ ਚੁਣਨ ਦੀ ਖੁੱਲ੍ਹ ਹੁੰਦੀ ਹੈ। ਇਨ੍ਹਾਂ ਵਿੱਚੋਂ ਕੁਝ ਆਦਮੀ ਦਾ ਜਨਮ ਚੁਣਦੇ ਹਨ, ਕੁਝ ਪਸ਼ੂਆਂ ਦਾ। ਪਸ਼ੂਆਂ ਦੀਆਂ ਰੂਹਾਂ ਆਦਮੀ ਦਾ ਜਾਮਾ ਵੀ ਲੈ ਸਕਦੀਆਂ ਹਨ। ਪ੍ਰੰਤੂ, ਜਿਸ ਰੂਹ ਨੇ ਸੱਚ ਨੂੰ ਕਦੇ ਵੇਖਿਆ ਸੁਣਿਆ ਹੀ ਨਹੀਂ, ਉਸ ਨੂੰ ਮਨੁੱਖ ਦਾ ਜਨਮ ਨਹੀਂ ਮਿਲ ਸਕਦਾ ਜਾਂ ਚੁਣਨ ਦੀ ਖੁੱਲ੍ਹ ਨਹੀਂ ਹੁੰਦੀ।"

"ਨੀਲੂ ਜੀ, ਇਸ ਸਾਰੇ ਖਿਲਾਰੇ ਵਿਚ ਪਿਆਰ ਦਾ ਸਿਧਾਂਤ ਕਿੱਥੇ ਕੁ ਲੁਕਿਆ ਹੋਇਆ ਹੈ?"

"ਪਲੇਟੋ ਦਾ ਪਿਆਰ ਸਿਧਾਂਤ ਇਹ ਹੈ ਕਿ ਸੁੰਦਰਤਾ ਦੈਵੀ ਹੈ ਅਤੇ ਸੁੰਦਰਤਾ ਦਾ ਪਿਆਰ ਰੂਹ ਦੀ ਸ੍ਰੇਸ਼ਟਤਾ ਹੈ। ਹਰ ਸੁੰਦਰ ਵਸਤੂ ਜਾਂ ਵਿਅਕਤੀ ਵਿਚਲੀ ਸੁੰਦਰਤਾ ਰੱਬ ਦਾ ਅੰਸ਼ ਹੈ। ਜਿਹੜਾ ਵੀ ਸੁੰਦਰ ਵਸਤੂ ਨੂੰ ਪਿਆਰ ਕਰਦਾ ਹੈ, ਉਹ ਸੁੰਦਰ ਵਸਤੂ ਵਿਚਲੀ ਰੱਬਤਾ ਨੂੰ ਪਿਆਰ ਕਰਦਾ ਹੈ। ਰੱਬ ਨੂੰ ਪਿਆਰ ਕਰਨਾ ਮਨੁੱਖ ਲਈ ਸਭ ਤੋਂ ਉੱਚਾ ਸੁੱਚਾ ਕਰਮ ਹੈ। ਇਹ ਰੱਬ ਦੀ ਰੱਬਤਾ ਦੇ ਸਾਂਝੀਵਾਲ ਹੋਣ ਵਾਲੀ ਗੱਲ ਹੈ।"

"ਏਨੀ ਕੁ ਗੱਲ ਲਈ ਤੁਸਾਂ ਏਨਾ ਲੰਮਾ ਚੌੜਾ ਵਿਸਥਾਰ ਕਿਉਂ ਕੀਤਾ ਜਦ ਕਿ ਪਲੇਟੋ ਦਾ ਪਿਆਰ ਸਿਧਾਂਤ ਸਾਡੀ ਪਹਿਲੀ ਪਿਆਰ-ਵਾਰਤਾ ਨਾਲੋਂ ਬਹੁਤਾ ਸੁਹਣਾ ਵੀ ਨਹੀਂ ਅਤੇ ਸਾਰਥਕ ਵੀ ਨਹੀਂ?"

"ਇਸ ਲਈ ਕਿ ਇਸ ਵਿਸਥਾਰ ਵਿਚ ਤੇਰੇ ਦੂਜੇ ਪ੍ਰਸ਼ਨ ਦਾ ਉੱਤਰ ਵੀ ਹੈ ਅਤੇ ਭਵਿੱਖ ਵਿਚ ਉੱਠਣ ਵਾਲੇ ਕੁਝ ਪ੍ਰਸ਼ਨਾਂ ਦੇ ਉੱਤਰ ਵੀ ਹਨ।"

"ਦੱਸਣ ਦੀ ਖੇਚਲ ਕਰੋ।"

"ਤੂੰ ਪੁੱਛਿਆ ਸੀ, 'ਪਲੇਟੋ ਨੂੰ ਇਨ੍ਹਾਂ ਸਿਧਾਂਤਾਂ ਦੀ ਰੂਪ ਰੇਖਾ ਉਲੀਕਣ ਵਾਲਾ ਪਹਿਲਾ ਦਾਰਸ਼ਨਿਕ ਕਿਉਂ ਮੰਨਿਆ ਜਾਵੇ।' ਤੂੰ ਵੇਖਿਆ ਹੈ ਕਿ ਪਲੇਟੋ ਦੇ ਸਿਧਾਂਤ ਕੱਚੇ-ਪਿੱਲੇ ਅਤੇ ਅਣਘੜਤ ਜਹੇ ਹਨ। ਜੇ ਉਸ ਨੇ ਇਹ ਸਿਧਾਂਤ ਕਿਸੇ ਕੱਚੇ ਰੂਪ ਵਿਚ ਕਿਸੇ ਕੋਲੋਂ ਲਏ ਹੁੰਦੇ ਤਾਂ ਪ੍ਰਤਿਭਾਵਾਨ ਪਲੇਟੋ ਇਨ੍ਹਾਂ ਦੇ ਰੂਪ ਸਰੂਪ ਨੂੰ ਸੰਵਾਰ ਬਣਾ ਕੇ, ਫਲਸਫੇ ਦਾ ਰੰਗ ਦੇ ਕੇ ਲਿਖਦਾ। ਉਸ ਤੋਂ ਪਿੱਛੋਂ ਹੋਣ ਵਾਲੇ ਅਗਸਟੀਨ ਆਦਿਕਾਂ ਨੇ ਇਵੇਂ ਹੀ ਕੀਤਾ ਹੈ।

ਪਲੇਟੋ ਪਹਿਲ ਕਰਨ ਵਾਲਾ ਸੀ, ਇਸ ਲਈ ਅਣਘੜਤ ਹੈ। ਦੂਜੀ ਗੱਲ ਇਹ ਹੈ ਕਿ ਅੱਗੇ ਚੱਲ ਕੇ ਜੇ ਤੁਸੀਂ ਯਹੂਦੀ ਧਰਮਾਂ ਦੇ ਸਿਧਾਂਤਾਂ ਦੀ ਜੜ੍ਹ ਲੱਭਣੀ ਚਾਹੋ ਤਾਂ ਤੁਹਾਨੂੰ ਪਲੇਟੋ ਵਿੱਚੋਂ ਮਿਲੇਗੀ। ਸ਼ਾਇਦ ਭਾਰਤੀ ਮੁਕਤੀ ਅਤੇ ਆਵਾਗੌਣ ਦੇ ਬੀਜ ਵੀ ਪਲੇਟੋ ਵਿਚ ਹਨ। ਜਿਹੜੇ ਪਾਇਥਾਗੋਰਸ ਨੇ ਉਸ ਨੂੰ ਦਿੱਤੇ ਸਨ। *ਫੀਡਰਸ* ਇਕ ਲੰਮੀ ਵਾਰਤਾਲਾਪ ਹੈ; ਧਿਆਨ ਨਾਲ ਪੜ੍ਹੀ ਜਾਣ ਦੀ ਮੰਗ ਕਰਦੀ ਹੈ।"

"ਨੀਲੂ ਜੀ, ਹੁਣ ਪਿਆਰ ਅਤੇ ਸਤਿਕਾਰ ਦੀ ਥਾਂ ਨੀਅਤ ਕਰੋ।"

"ਇਸ ਸਾਰੀ ਵਿਚਾਰ ਪਿੱਛੋਂ ਕਿਸੇ ਲਈ ਵੀ ਇਹ ਨਿਰਣਾ ਕਰਨਾ ਔਖਾ ਨਹੀਂ ਕਿ ਸੱਭਿਅ ਸਮਾਜਾਂ ਵਿਚਲੇ ਸੰਬੰਧਾਂ ਦੀ ਸੁੰਦਰਤਾ ਪਿਆਰ ਉੱਤੇ ਆਧਾਰਿਤ ਹੈ ਜਾਂ ਸਤਿਕਾਰ ਦੇ ਸਹਾਰੇ ਕਾਇਮ ਹੈ। ਜਿਨ੍ਹਾਂ ਦਾਰਸ਼ਨਿਕ ਕਲਾ-ਬਾਜ਼ੀਆਂ ਦੇ ਸਹਾਰੇ ਪਿਆਰ ਨੂੰ ਰੱਬ ਨਾਲ ਰਲਾ ਕੇ ਜੀਵਨ ਤੋਂ ਓਪਰਾ ਕਰਨ ਦੀ ਭੁੱਲ ਕੀਤੀ ਗਈ ਹੈ, ਉਨ੍ਹਾਂ ਦੀ ਜੜ੍ਹ ਵਿਚ ਨਿਰੀ ਕਚਿਆਈ ਹੈ। ਲੋੜ ਅਤੇ ਇੱਛਾ (ਜਾਂ ਚਾਹਤ ਜਾਂ ਪਰਵਿਰਤੀ) ਉੱਤੇ ਆਧਾਰਿਤ ਪਿਆਰ-ਰੂਪਾਂ ਦਾ ਟਾਕਰਾ ਕਰ ਕੇ ਅਸਾਂ ਵੇਖ ਲਿਆ ਹੈ ਕਿ ਸੱਭਿਅ ਸਮਾਜਕ ਜੀਵਨ ਦੀ ਲੋੜ ਪਰਵਿਰਤੀ ਦੀ ਪਾਸ਼ਵਿਕਤਾ ਨਾਲੋਂ ਕਿਤੇ ਵੱਧ ਸੁਹਣੀ ਅਤੇ ਸਤਿਕਾਰਯੋਗ ਹੈ। ਪਿਆਰ ਦੇ ਕਿਸੇ ਵੀ ਰੂਪ ਦਾ ਸਤਿਕਾਰ ਦੇ ਭਾਵ ਨਾਲ ਮੁਕਾਬਲਾ ਕਰ ਕੇ ਵੇਖੋ, ਸਤਿਕਾਰ ਸਦਾ ਸਤਿਕਾਰਯੋਗ ਅਤੇ ਸਥਾਈ ਸਿੱਧ ਹੋਵੇਗਾ। ਪਿਆਰ ਦੇ ਕਿਸੇ ਵੀ ਰੂਪ ਵਿੱਚੋਂ ਸਤਿਕਾਰ ਨੂੰ ਪਰੇ ਕਰ ਕੇ ਵੇਖੋ, ਇਹ ਅਸਹਿ ਅਤੇ ਦੁਖਦਾਇਕ ਬਣ ਜਾਵੇਗਾ। ਸੰਸਾਰਕ ਜੀਵਨ ਨੂੰ ਛਲ, ਭੁਲੇਖਾ ਅਤੇ ਭਰਮ ਮੰਨਣ ਵਾਲੀ ਦਾਰਸ਼ਨਿਕਤਾ ਨੇ ਉਨ੍ਹਾਂ ਸਾਰੇ ਵਰਤਾਰਿਆਂ ਅਤੇ ਵਤੀਰਿਆਂ ਨੂੰ ਸੰਸਾਰਕ ਅਤੇ ਘਟੀਆ ਜਾਣਿਆ ਹੈ, ਜਿਨ੍ਹਾਂ ਵਿਚ ਬੌਧਕਤਾ ਦੀ ਪ੍ਰਧਾਨਤਾ ਹੈ, ਸਤਿਕਾਰ ਉਨ੍ਹਾਂ ਵਰਤਾਰਿਆਂ ਵਿੱਚੋਂ ਇੱਕ ਹੈ। ਇਸ ਦੀ ਸੰਸਾਰਕ ਉਪਯੋਗਤਾ ਦਾ ਆਦਰ ਕੇਵਲ ਇਸ ਕਰਕੇ ਨਹੀਂ ਕੀਤਾ ਗਿਆ ਕਿ ਇਹ ਆਵੇਸ਼ ਦੀ ਉਪਜ ਨਹੀਂ, ਇਹ ਧੁਰੋਂ ਆਇਆ ਹੋਇਆ ਨਹੀਂ, ਇਹ ਪਰਵਿਰਤੀ ਮੂਲਕ ਨਹੀਂ।"

ਇਹ ਕਹਿ ਕੇ ਨੀਲੂ ਜੀ ਵਰਾਂਡੇ ਵਿਚ ਟਹਿਲਣ ਲੱਗ ਪਏ। ਮੇਰੇ ਵੱਲ ਵੇਖਦਿਆਂ ਹੋਇਆਂ ਉਨ੍ਹਾਂ ਨੇ ਆਖਿਆ, "ਪੁਸ਼ਪੇਂਦ੍ਰ, ਸੁਮੀਤ ਦੀ ਉਡੀਕ ਮੈਨੂੰ ਜ਼ਿਆਦਾ ਹੈ ਕਿ ਤੈਨੂੰ ?"

"ਉਸ ਨੂੰ, ਜੋ ਪਰਵਿਰਤੀ ਤੋਂ ਪਰੇ ਜਾ ਕੇ, ਲੋੜ ਵਿਚ ਪਰਵੇਸ਼ ਕਰ ਗਿਆ ਹੈ।"

ਪੁਸ਼ਪੇਂਦ੍ਰ।

# 48

ਈਸਟ ਹੈਮ,
18.10.97.

ਪ੍ਰਸ਼ਪੇਂਦ੍ਰ

ਸਾਡੀਆਂ ਗੋਸ਼ਟੀਆਂ ਵਿਚਲੀ ਰੌਣਕ ਹੌਲੀ ਹੌਲੀ ਘਟਦੀ ਜਾ ਰਹੀ ਹੈ। ਸਭ ਤੋਂ ਪਹਿਲਾਂ ਮਾਤਾ ਜੀ ਨੇ ਇਸ ਬੌਧਕ ਝਮੇਲੇ ਵਿੱਚੋਂ ਨਿਕਲਨਾ ਚਾਹਿਆ। ਉਨ੍ਹਾਂ ਤੋਂ ਪਿੱਛੋਂ ਨੀਰਜ ਅਤੇ ਕਮਲ ਲੀਡਜ਼ ਚਲੇ ਗਏ। ਹੁਣ ਪਾਪਾ ਦੇ ਭਰਾ ਨੂੰ ਏਥੋਂ ਰਿਹਾਇਸ਼ ਬਦਲ ਕੇ ਬਰਮਿੰਘਮ ਜਾਣਾ ਪੈ ਗਿਆ ਹੈ। ਦੇਵ ਵੀਰ ਜੀ ਤਾਂ ਅੱਜ-ਕੱਲ ਦੁਨੀਆ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਪ੍ਰੇਸ਼ਨਜ਼ ਅਤੇ ਲੈਕਚਰਜ਼ ਕਰਦੇ ਰਹਿੰਦੇ ਹਨ। ਪਾਪਾ ਦੇ ਮਿੱਤ੍ਰ ਰੀਟਾਇਰ ਹੋ ਗਏ ਹਨ। ਇਸ ਕਰਕੇ ਉਨ੍ਹਾਂ ਕੋਲ ਵਕਤ ਵੀ ਬਹੁਤਾ ਹੈ ਅਤੇ ਪਾਪਾ ਦੀਆਂ ਗੱਲਾਂ ਵਿੱਚ ਦਿਲਚਸਪੀ ਵੀ। ਉਹ ਹੁਣ ਸਨਿਚਰ-ਐਤ ਦੀ ਉਡੀਕ ਨਹੀਂ ਕਰਦੇ, ਜਦੋਂ ਚਾਹੁਣ ਆ ਜਾਂਦੇ ਹਨ; ਲੰਡਨ ਦੀਆਂ ਪਾਰਕਾਂ ਵਿੱਚ ਘੁੰਮਦੇ ਰਹਿੰਦੇ ਹਨ। ਇਉਂ ਲੱਗਦਾ ਹੈ ਹੁਣ ਸੋਚਦੇ ਵੀ ਪਹਿਲਾਂ ਨਾਲੋਂ ਜ਼ਿਆਦਾ ਹਨ। ਪਿਛਲੇ ਹਫ਼ਤੇ ਜਦੋਂ ਤੇਰੇ ਪੱਤ੍ਰ ਵਿੱਚੋਂ ਇਹ ਪੜ੍ਹਿਆ ਕਿ ਜਦੋਂ ਕੋਈ ਸਿਧਾਂਤ ਉਪਜਦਾ ਹੈ ਉਦੋਂ ਉਸ ਵਿੱਚ ਕਈ ਇੱਕ ਕਚਿਆਈਆਂ ਹੁੰਦੀਆਂ ਹਨ, ਉਸ ਨੂੰ ਅਪਣਾਉਣ ਵਾਲੇ ਲੋਕ ਉਨ੍ਹਾਂ ਨੂੰ ਸੋਧ ਸੰਵਾਰ ਕੇ ਤਰਕ ਅਤੇ ਅਲੋਚਨਾ ਸਾਹਮਣੇ ਖੜਾ ਹੋਣ ਜੋਗਾ ਕਰ ਦਿੰਦੇ ਹਨ—ਤਾਂ ਉਨ੍ਹਾਂ ਨੇ ਆਖਿਆ,

"ਵੀਰ ਜੀ, ਮੈਨੂੰ ਲੱਗਦਾ ਹੈ ਕਿ ਭਾਰਤ ਵਾਸੀਆਂ ਨੇ ਸਾੜ੍ਹੀ ਦੀ ਵਰਤੋਂ ਯੂਨਾਨੀਆਂ ਕੋਲੋਂ ਅਪਣਾਈ ਹੈ ਅਤੇ ਇਸ ਦੇ ਤਰੀਕੇ ਨੂੰ ਸੋਧ ਸੰਵਾਰ ਕੇ ਇਸ ਨੂੰ ਇਸਤ੍ਰੀ ਜਾਤੀ ਲਈ ਸਰਵਸ੍ਰੇਸ਼ਟ ਵਸਤਰ ਬਣਾਉਣ ਦਾ ਮਾਣ ਪ੍ਰਾਪਤ ਕੀਤਾ ਹੈ।"

"ਤੁਹਾਡੀ ਗੱਲ ਕਿਸੇ ਹੱਦ ਤਕ ਠੀਕ ਹੈ; ਪਰੰਤੂ, ਇੱਕ 'ਹੱਦ' ਤਕ। ਇਹ ਹੋ ਸਕਦਾ ਹੈ ਕਿ ਖੁੱਲ੍ਹੇ, ਅਣਸੀਤੇ ਕੱਪੜੇ ਦੀ ਸਾੜ੍ਹੀ ਵਰਗੀ ਜਾਂ ਧੋਤੀ-ਨੁਮਾ ਵਰਤੋਂ ਯੂਨਾਨੀਆਂ ਨੇ ਮਿਸਰੀਆਂ ਕੋਲੋਂ ਸਿੱਖੀ ਹੋਵੇ। ਇਹ ਵੀ ਆਖਿਆ ਜਾ ਸਕਦਾ ਹੈ ਕਿ ਪਸ਼ੂਆਂ ਦੀਆਂ ਖੱਲਾਂ ਅਤੇ ਬਿਰਖਾਂ ਦੇ ਪੱਤਿਆਂ ਆਦਿਕ ਨਾਲ ਸਰਦੀ-ਗਰਮੀ ਤੋਂ ਆਪਣੇ ਸਰੀਰ ਦੀ ਰੱਖਿਆ ਕਰਦਾ ਆਇਆ ਹੋਣ ਕਰਕੇ ਮਨੁੱਖ ਨੂੰ ਕੱਪੜੇ ਦੀ ਧੋਤੀ-ਨੁਮਾ ਵਰਤੋਂ ਦਾ ਆਦਿ-ਕਾਲ ਤੋਂ ਹੀ ਗਿਆਨ ਸੀ। ਜਿਵੇਂ-ਜਿਵੇਂ ਚੰਗੇਰਾ ਕੱਪੜਾ ਉਣਨ ਦੀ ਜਾਚ ਆਉਂਦੀ ਗਈ ਤਿਵੇਂ ਤਿਵੇਂ ਸੁਹਣੇਰੀ ਵਰਤੋਂ ਵੀ ਹੋਂਦ ਵਿੱਚ ਆਉਂਦੀ ਗਈ ਹੋਵੇਗੀ। ਚੀਨੀਆਂ ਨੂੰ ਯੱਸੂ ਮਸੀਹ ਦੇ ਜਨਮ ਤੋਂ ਡੇਢ ਕੁ ਹਜ਼ਾਰ ਸਾਲ ਪਹਿਲਾਂ ਰੇਸ਼ਮ ਅਤੇ ਰੇਸ਼ਮੀ ਕੱਪੜਾ ਬਣਾਉਣ ਦੀ ਜਾਚ ਆ ਗਈ ਸੀ। ਸਿਲਕ ਰੋਡ (ਰੇਸ਼ਮੀ ਸੜਕ) ਰਾਹੀਂ ਉਹ ਆਪਣੇ ਰੇਸ਼ਮੀ ਕੱਪੜੇ ਦਾ ਵਪਾਰ ਮੱਧ-ਪੂਰਬ ਅਤੇ ਯੌਰਪ ਨਾਲ ਕਰਦੇ ਸਨ। ਹੋ ਸਕਦਾ ਹੈ ਰੇਸ਼ਮੀ ਕੱਪੜੇ ਦੇ ਨਾਲ ਨਾਲ ਉਹ ਇਸ ਦੀ

ਧੋਤੀ-ਨੁਮਾ ਵਰਤੋਂ ਵੀ ਨਾਲ ਲੈ ਆਏ ਹੋਣ ਅਤੇ ਮਿਸਰੀਆਂ, ਯੂਨਾਨੀਆਂ ਅਤੇ ਰੋਮਨਾਂ ਨੇ ਇਹ ਵਰਤੋਂ ਉਨ੍ਹਾਂ ਕੋਲੋਂ ਸਿੱਖੀ ਹੋਵੇ।"

"ਵੀਰ ਜੀ, ਇਹ ਸਾਰੀ ਵਾਰਤਾ ਇਸ ਸੋਚ ਦਾ ਵਿਰੋਧ ਨਹੀਂ ਕਰਦੀ ਕਿ ਭਾਰਤੀਆਂ ਨੇ ਇਹ ਵਰਤੋਂ ਯੂਨਾਨੀਆਂ ਕੋਲੋਂ ਸਿੱਖੀ ਹੋਈ ਹੋ ਸਕਦੀ ਹੈ। ਜਿੱਥੋਂ ਤਕ ਮੈਨੂੰ ਪਤਾ ਹੈ ਕਿ ਸਿਲਕ ਰੋਡ ਭਾਰਤ ਵਿੱਚ ਦੀ ਨਹੀਂ ਸੀ ਲੰਘਦੀ। ਰੇਸ਼ਮ ਦੀ ਉਪਜ ਭਾਰਤ ਵਿੱਚ ਚੀਨ ਤੋਂ ਆਈ ਦੱਸੀ ਜਾਂਦੀ ਹੈ। ਚੀਨ ਵਾਲੇ ਆਪਣਾ ਇਹ ਭੇਤ ਕਿਸੇ ਨੂੰ ਨਹੀਂ ਸਨ ਦੱਸਦੇ। ਇਸ ਭੇਤ ਨੂੰ ਖੋਲ੍ਹਣ ਦੀ ਸਜ਼ਾ ਮੌਤ ਸੀ। ਚੀਨ ਨੇ ਰੇਸ਼ਮ ਦੇ ਵਪਾਰ ਵਿੱਚੋਂ ਅਪਾਰ ਧਨ ਕਮਾਇਆ ਸੀ। ਰੇਸ਼ਮੀ ਕੱਪੜਾ ਸੋਨਿਓਂ ਸਾਵੀਂ ਵੇਚਿਆ ਜਾਂਦਾ ਸੀ। ਮੰਨਿਆ ਜਾਂਦਾ ਹੈ ਕਿ ਪਹਿਲੀ ਸਦੀ ਈਸਵੀ ਤਕ ਚੀਨ ਵਿੱਚ ਸਾਰੇ ਯੂਰਪੀਨ ਦੇਸ਼ਾਂ ਨਾਲੋਂ ਬਹੁਤਾ ਸੋਨਾ ਸੀ। ਪੁਰਾਤਨ ਕਾਲ ਵਿੱਚ, ਜਾਪਾਨ ਨੇ ਕੋਰੀਅਨ ਜਾਸੂਸਾਂ ਰਾਹੀਂ, ਰੇਸ਼ਮ ਦਾ ਭੇਤ ਚੀਨ ਕੋਲੋਂ ਚੁਰਾ ਕੇ ਏਨਾ ਧਨ ਕਮਾਇਆ ਦੱਸਿਆ ਜਾਂਦਾ ਹੈ ਕਿ ਕੁਝ ਹੀ ਦਹਾਕਿਆਂ ਵਿੱਚ ਜਾਪਾਨ ਸੰਸਾਰ ਦੀ ਵੱਡੀ ਸ਼ਕਤੀਸ਼ਾਲੀ ਕੌਮ ਮੰਨਿਆ ਜਾਣ ਲੱਗ ਪਿਆ ਸੀ। ਚੀਨ ਦੀ ਇੱਕ ਰਾਜਕੁਮਾਰੀ ਕਿਸੇ ਭਾਰਤੀ ਰਾਜੇ ਨਾਲ ਵਿਆਹੀ ਗਈ। ਪੇਕਾ ਘਰ ਛੱਡਣ ਲੱਗਿਆਂ ਉਸ ਕੋਲੋਂ ਰੇਸ਼ਮ ਦਾ ਮੋਹ ਨਾ ਤਿਆਗਿਆ ਗਿਆ। ਉਹ ਰੇਸ਼ਮ ਦੇ ਕੀੜਿਆਂ ਦੇ ਕੁਝ ਅੰਡੇ ਲੁਕਾ ਕੇ ਭਾਰਤ ਲੈ ਆਈ। ਰੇਸ਼ਮ ਬਣਾਉਣ ਦੀ ਵਿਧੀ ਉਸ ਨੂੰ ਪਤਾ ਸੀ ਕਿਉਂਕਿ ਚੀਨੀ ਬਾਦਸ਼ਾਹਾਂ ਦੇ ਮਹਿਲਾਂ ਵਿੱਚ ਖੱਡੀਆਂ ਹੁੰਦੀਆਂ ਸਨ ਅਤੇ ਚੀਨੀ ਰਾਜ-ਘਰਾਣੇ ਦੀਆਂ ਔਰਤਾਂ ਨੂੰ ਕੀੜੇ ਪਾਲਣ ਅਤੇ ਰੇਸ਼ਮ ਬਣਾਉਣ ਦੀ ਜਾਚ ਹੁੰਦੀ ਸੀ। ਵਿਹਲੜ ਸ਼੍ਰੇਣੀ ਨੂੰ ਰੇਸ਼ਮ ਦਾ ਝੱਲ ਰਿਹਾ ਹੈ ਅਤੇ ਹੁਣ ਵੀ ਹੈ। ਰੋਮਨ ਐਂਪਾਇਰ ਦਾ ਇਤਿਹਾਸ ਲਿਖਣ ਵਾਲਿਆਂ ਨੇ ਈਸਾਈਅਤ ਦੇ ਨਾਲ ਨਾਲ ਰੇਸ਼ਮ ਦੇ ਮੋਹ ਨੂੰ ਵੀ ਰੋਮਨ ਐਂਪਾਇਰ ਦੇ ਪਤਨ ਦੇ ਕਾਰਨਾਂ ਵਿੱਚ ਸ਼ਾਮਲ ਕੀਤਾ ਹੈ। ਰੇਸ਼ਮ ਦਾ ਵਪਾਰ ਰੋਮਨਾਂ ਦਾ ਸਾਰਾ ਸੋਨਾ ਹੂੰਝ ਕੇ ਲੈ ਗਿਆ ਦੱਸਿਆ ਜਾਂਦਾ ਹੈ।"

"ਚਲੋ ਮੰਨ ਲੈਂਦੇ ਹਾਂ ਕਿ ਰੇਸ਼ਮ ਬਣਾਉਣ ਦੀ ਜਾਚ ਸਾਨੂੰ ਚੀਨ ਦੀ ਰਾਜਕੁਮਾਰੀ ਨੇ ਦੱਸੀ, ਇਸ ਦੀ ਵਰਤੋਂ ਅਸਾਂ ਯੂਨਾਨੀਆਂ ਕੋਲੋਂ ਸਿੱਖੀ, ਇਸ ਵਰਤੋਂ ਨੂੰ ਸੁੰਦਰ ਅਤੇ ਸੱਭਿਅ ਅਸਾਂ ਆਪ ਬਣਾਇਆ, ਅਤੇ ਹੁਣ ਇਸ ਵਰਤੋਂ ਨੂੰ (ਸਾੜ੍ਹੀ ਦੀ ਵਰਤੋਂ ਨੂੰ) ਅਸੁੰਦਰ ਅਤੇ ਅਸੱਭਿਅ ਬਣਾਉਣ ਦਾ ਕੰਮ ਵੀ ਅਸੀਂ ਹੀ ਕਰ ਰਹੇ ਹਾਂ—ਪਰ ਇਨ੍ਹਾਂ ਸਾਰੀਆਂ ਗੱਲਾਂ ਦਾ ਸਾਡੇ ਨਾਲ ਕੀ ਸੰਬੰਧ ਹੈ?"

"ਸੰਬੰਧ ਹੈ, ਪਾਪਾ, ਮਨੁੱਖ ਨਿਰੇ ਪੁਰੇ ਸੋਚਣ ਵਿੱਚ ਹੀ ਨਹੀਂ, ਸਗੋਂ ਖਾਣ-ਪਹਿਨਣ ਵਿੱਚ ਵੀ ਇੱਕ ਦੂਜੇ ਨਾਲ ਸੰਬੰਧਤ ਹਨ ਅਤੇ ਇਨ੍ਹਾਂ ਸੰਬੰਧਾਂ ਵਿੱਚ ਸਿਆਣਪ ਅਤੇ ਸੁੰਦਰਤਾ ਦੀ ਜਿੰਨੀ ਲੋੜ ਆਧੁਨਿਕ ਮਨੁੱਖ ਨੂੰ ਹੈ ਓਨੀ ਹੀ ਪੁਰਾਤਨ ਮਨੁੱਖ ਨੂੰ ਵੀ ਸੀ। ਇਸ ਸੁੰਦਰਤਾ ਵੱਲ ਧਿਆਨ ਨਾ ਦੇ ਕੇ ਕੇਵਲ ਸੈਨਿਕ ਸੰਬੰਧਾਂ ਨੂੰ ਮਹੱਤਵਪੂਰਣ ਮੰਨਣ ਵਾਲਾ ਪੁਰਾਤਨ ਮਨੁੱਖ ਜਿਹੜੀ ਭੁੱਲ ਕਰਦਾ ਰਿਹਾ ਹੈ ਉਹੋ ਭੁੱਲ ਅਜੋਕੇ ਵਿਗਿਆਨਕ ਮਨੁੱਖ ਨੂੰ ਬਹੁਤ ਮਹਿੰਗੀ ਪੈ ਸਕਦੀ ਹੈ। ਵਿੱਦਿਆ, ਵਿਗਿਆਨ, ਸਨਅਤ, ਟੈਕਨਾਲੋਜੀ ਅਤੇ ਵਪਾਰ ਦੀ ਕਲਿਆਣਕਾਰੀ ਵਰਤੋਂ ਦੇ ਨਤੀਜੇ ਵਜੋਂ ਵਿਸ਼ਵਨਾਗਰਿਕਤਾ ਦੇ ਆਦਰਸ਼ ਦਾ ਜੋ ਸੁਪਨਾ ਵੇਖਿਆ ਜਾ ਰਿਹਾ ਹੈ, ਉਸ ਨੂੰ ਸਾਕਾਰ ਕਰਨ ਲਈ ਸਾਨੂੰ ਮਨੁੱਖ ਜਾਤੀ ਦੀ ਸਮੁੱਚੀ ਵਿਕਾਸ-ਯਾਤਰਾ ਵਿੱਚ ਸਮਾਨਤਾ ਦਾ ਵਿਸ਼ਵਾਸੀ ਹੋਣਾ ਜ਼ਰੂਰੀ ਹੈ।"

"ਸਮਾਨਤਾ ਅਤੇ ਸਾਂਝੀਵਾਲਤਾ।"

"ਅਤੇ ਸਹਿਯੋਗ ਵੀ, ਅੰਕਲ ਜੀ।"

"ਤੁਸੀਂ ਠੀਕ ਕਹਿ ਰਹੇ ਹੋ। ਧਰਤੀ ਦੇ ਵੱਖ ਵੱਖ ਭਾਗਾਂ ਵਿੱਚ ਵੱਸਣ ਵਾਲੇ ਮਨੁੱਖਾਂ ਵਿਚਲੇ ਵਪਾਰਕ ਸਹਿਯੋਗ ਨੇ ਹੀ ਉਨ੍ਹਾਂ ਵਿੱਚ ਵਿਚਾਰਕ ਸਹਿਯੋਗ ਦੀ ਸੁੰਦਰਤਾ ਪੈਦਾ ਕੀਤੀ ਹੈ। ਆਧੁਨਿਕ ਮਨੁੱਖ ਆਪਣੇ ਵਪਾਰਕ ਸੰਬੰਧਾਂ ਨੂੰ ਸੁਹਣੇ ਬਣਾ ਕੇ ਮਨੁੱਖੀ ਸਮਾਜਾਂ ਵਿੱਚ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰਨ ਬਾਰੇ ਸੋਚਣ ਲੱਗ ਪਿਆ ਹੈ। ਹਜ਼ਾਰਾਂ ਸਾਲਾਂ ਤੋਂ ਬਣਾਈਆਂ ਅਤੇ ਅਪਣਾਈਆਂ ਹੋਈਆਂ ਧਾਰਨਾਵਾਂ ਮਨੁੱਖਾਂ ਅਤੇ ਮਨੁੱਖੀ ਸਮਾਜਾਂ ਦੀਆਂ ਆਦਤਾਂ (ਮਾਨਤਾਵਾਂ, ਪਰੰਪਰਾਵਾਂ, ਰਵਾਇਤਾਂ) ਬਣ ਚੁੱਕੀਆਂ ਹਨ। ਆਦਤ ਨੂੰ ਸੈਕੰਡ ਨੇਚਰ (second nature) ਜਾਂ ਉਪ-ਪਰਵਿਰਤੀ ਆਖਿਆ ਜਾਂਦਾ ਹੈ। ਇਸ ਨੂੰ ਸੁਧਾਰਨ ਜਾਂ ਬਦਲਣ ਲਈ ਮਨੁੱਖੀ ਮਾਨਸਿਕਤਾ ਦੇ ਨਵੀਨੀਕਰਣ ਦੀ ਲੋੜ ਹੈ। ਜੇ ਪੂਰਬ ਧਾਰਨਾਵਾਂ ਇਸ ਦਾ ਰਾਹ ਨਾ ਰੋਕਣ ਤਾਂ ਮਾਨਸਿਕ ਨਵੀਨੀਕਰਣ ਇੱਕ ਸਹਿਜ ਪ੍ਰਕਿਰਿਆ ਹੈ। ਮਨੁੱਖੀ ਮਨ ਉੱਤੋਂ ਪੂਰਬ ਧਾਰਨਾਵਾਂ ਦੀ ਪਕੜ ਢਿੱਲੀ ਕਰਨ ਲਈ ਇਨ੍ਹਾਂ ਦੇ ਸ੍ਰੋਤ, ਇਨ੍ਹਾਂ ਦੇ ਜਨਮ ਅਤੇ ਇਨ੍ਹਾਂ ਦੇ ਵਿਕਾਸ ਆਦਿਕ ਦਾ ਵਿਸ਼ਲੇਸ਼ਣ ਜ਼ਰੂਰੀ ਹੈ।"

"ਪਾਪਾ, ਮਨੁੱਖੀ ਮਾਨਸਿਕਤਾ ਦੇ ਨਵੀਨੀਕਰਣ ਦੀ ਗੱਲ ਯੋਗ ਜਾਂ ਤੰਤ੍ਰ ਨਾਲ ਰਲਦੀ ਮਿਲਦੀ ਜਾਂ ਸੰਬੰਧਤ ਕਿਰਿਆ ਆਖੀ ਜਾ ਸਕਦੀ ਹੈ ਜਾਂ ਨਹੀਂ ?"

"ਵੀਰ ਜੀ, ਇਸ ਸੰਬੰਧ ਵਿੱਚ ਮੈਂ ਆਪਣੀ ਰਾਏ ਪਹਿਲਾਂ ਦੱਸ ਲੈਣੀ ਚਾਹੁੰਦਾ ਹਾਂ ਤਾਂ ਜੁ ਆਪਣੀ ਰਾਏ ਦੱਸਣ ਲੱਗਿਆਂ ਤੁਸੀਂ ਮੇਰੇ ਵਿਚਾਰਾਂ ਉੱਤੇ ਟਿੱਪਣੀ ਵੀ ਕਰ ਸਕੋ। ਮੇਰਾ ਖ਼ਿਆਲ ਹੈ ਕਿ ਯੋਗ ਅਤੇ ਤੰਤ੍ਰ, ਮਾਨਸਿਕਤਾ ਦਾ ਨਵੀਨੀਕਰਣ ਨਹੀਂ ਹਨ। ਯੋਗ ਚਿੱਤ ਵ੍ਰਿਤੀ ਦਾ ਨਿਰੋਧ ਜਾਂ ਦਮਨ ਹੈ ਅਤੇ ਤੰਤ੍ਰ, ਆਸਕਤਤਾ ਜਾਂ ਵਿਕਾਰਾਂ ਵਿੱਚ ਖਚਿਤ ਹੋਣ ਦੀ ਰੁਚੀ ਦੀ ਵਕਾਲਤ ਹੈ।"

"ਅਤੇ ਮਾਨਸਿਕ ਨਵੀਨੀਕਰਣ ਦੀ ਗੱਲ ਦੋਹਾਂ ਤੋਂ ਵੱਖਰੀ ਹੈ। ਇਹ ਬੌਧਕਤਾ ਜਾਂ ਵਿਚਾਰਸ਼ੀਲਤਾ ਤੋਂ ਆਰੰਭ ਹੁੰਦੀ ਹੈ। ਵਿਚਾਰ ਮਨੁੱਖੀ ਮਾਨਸਿਕਤਾ ਦਾ ਉਪਰਲਾ ਜਾਂ ਸਤਹੀ ਹਿੱਸਾ ਹਨ ਜਦ ਕਿ ਪਰਵਿਰਤੀ, ਭਾਵ, ਵਿਸ਼ਵਾਸ ਅਤੇ ਧਾਰਨਾਵਾਂ ਆਦਿਕ ਮਾਨਸਿਕਤਾ ਦਾ ਹੇਠਲਾ ਤਲ ਆਖੇ ਜਾ ਸਕਦੇ ਹਨ। ਮਾਨਸਿਕਤਾ ਦਾ ਹੇਠਲਾ ਤਲ ਪਰਪੱਕਤਾ ਨੂੰ ਪ੍ਰਾਪਤ ਕਰ ਚੁੱਕਾ ਹੈ। ਸਾਡੀ ਬੌਧਕਤਾ 'ਆਮ ਕਰਕੇ' ਇੱਕ ਪ੍ਰਪੱਕ ਭਾਗ ਦੀ ਅਧੀਨਗੀ ਕਰਦੀ ਹੈ ਅਤੇ 'ਕਦੇ ਕਦੇ' ਕਿਸੇ ਅਲੌਕਿਕ ਮਨੋਰਥ ਦੀ ਪ੍ਰਾਪਤੀ ਲਈ ਇਸ ਦਾ ਵਿਰੋਧ ਕਰਦੀ ਹੈ। ਵਿਰੋਧ ਵਿੱਚੋਂ ਯੋਗ ਅਤੇ ਅਧੀਨਗੀ ਵਿੱਚੋਂ ਤੰਤ੍ਰ ਨੇ ਜਨਮ ਲਿਆ ਹੈ। ਅਸੀਂ ਇਨ੍ਹਾਂ ਦੀ ਗੱਲ ਨਾ ਕਰ ਕੇ ਸੁਤੰਤਰ ਬੌਧਕਤਾ ਦੀ ਅਗਵਾਈ ਵਿੱਚ ਮਾਨਸਿਕ ਨਵੀਨੀਕਰਣ ਦੀ ਗੱਲ ਕਰ ਰਹੇ ਹਾਂ। ਇਹ ਇੱਕ ਸਹਿਜ ਪ੍ਰਕਿਰਿਆ ਹੈ, ਜਿਹੜੀ ਰੁਕਾਵਟਾਂ ਦੀ ਵਜ੍ਹਾ ਨਾਲ ਸਯਤਨ ਕਿਰਿਆ ਬਣ ਗਈ ਹੈ।"

"ਪਾਪਾ, ਜਿਨ੍ਹਾਂ ਆਦਤਾਂ, ਧਾਰਨਾਵਾਂ, ਪਰੰਪਰਾਵਾਂ ਅਤੇ ਵਿਸ਼ਵਾਸਾਂ ਆਦਿਕ ਨੂੰ ਤੁਸਾਂ ਸੈਕੰਡ ਨੇਚਰ ਆਖਿਆ ਹੈ, ਇਨ੍ਹਾਂ ਦੀ ਉੱਤਪਤੀ ਬਾਰੇ ਜ਼ਰੂਰ ਕੁਝ ਦੱਸੋ।"

"ਇਹ ਵਿਕਾਸ ਜਾਂ ਈਵੋਲੂਸ਼ਨ ਦੀ ਉਪਜ ਵੀ ਹਨ ਅਤੇ ਕੁਝ ਇੱਕ ਸਿਆਣੇ ਆਦਮੀਆਂ ਦੁਆਰਾ ਪਰਚੱਲਿਤ ਕੀਤੀਆਂ ਹੋਈਆਂ ਵੀ ਹਨ। ਵਿਕਾਸ ਵਿੱਚੋਂ ਪ੍ਰਾਪਤ ਕੀਤੀਆਂ ਹੋਈਆਂ ਉਹ ਧਾਰਨਾਵਾਂ ਜਿਨ੍ਹਾਂ ਨੂੰ ਦਾਰਸ਼ਨਿਕਤਾ ਦਾ ਆਸਰਾ ਮਿਲ ਗਿਆ ਹੈ, ਮਨੁੱਖੀ ਮਨ ਦੇ ਦ੍ਰਿੜ੍ਹ ਵਿਸ਼ਵਾਸ ਬਣ ਚੁੱਕੀਆਂ ਹਨ। ਮਨੁੱਖ ਦੇ ਡਰਾਂ, ਭਰਮਾਂ, ਵਿਚਾਰਾਂ ਅਤੇ ਵਹਿਮਾਂ ਨੂੰ, ਸੋਚ ਸਮਝ ਕੇ ਉਚੇਚੇ ਬੌਧਕ ਜਤਨਾਂ ਨਾਲ ਦ੍ਰਿੜ੍ਹ ਵਿਸ਼ਵਾਸਾਂ ਵਿੱਚ ਬਦਲਣ ਦਾ ਕੰਮ ਸਦਾ ਤੋਂ ਹੁੰਦਾ ਆਇਆ ਹੈ। ਇਸ ਕਿਰਿਆ ਪਿੱਛੇ ਸਮਾਜਕ ਸੰਗਠਨ ਅਤੇ

ਰਾਜਨੀਤਕ ਪ੍ਰਬੰਧ ਦੀ ਪਕਿਆਈ ਦਾ ਮਨੋਰਥ ਹੁੰਦਾ ਸੀ। ਕਦੀ ਕਦੀ ਇਹ ਜਤਨ ਸਮਾਜਕ ਸੰਗਠਨ ਦੀ ਪਕਿਆਈ ਵਲ ਧਿਆਨ ਨਾ ਦੇ ਕੇ ਕੇਵਲ ਹਾਕਮ ਸ਼੍ਰੇਣੀ ਦੇ ਐਸ਼ਵਰਜ ਦੀ ਵ੍ਰਿਧੀ ਨੂੰ ਹੀ ਮੁੱਖ ਰੱਖਦੇ ਸਨ। ਇਤਿਹਾਸ ਇਸ ਸੱਚ ਦੀ ਗਵਾਹੀ ਭਰਦਾ ਹੈ ਕਿ ਜਨ-ਸਾਧਾਰਣ ਨੂੰ ਦਿੱਤਾ ਹੋਇਆ ਕੋਈ ਦਾਰਸ਼ਨਿਕ ਵਿਚਾਰ, ਕੋਈ ਧਾਰਮਕ ਵਿਸ਼ਵਾਸ ਜਾਂ ਕੋਈ ਵੀ ਰਾਜਨੀਤਕ ਨਾਅਰਾ ਇਹੋ ਜਿਹਾ ਨਹੀਂ ਜਿਸ ਨੂੰ ਅੰਤ ਵਿੱਚ ਹਾਕਮ ਸ਼੍ਰੇਣੀ ਦੇ ਹਿੱਤਾਂ ਦੀ ਰੱਖਿਆ ਦੇ ਸਾਧਨ ਵਜੋਂ ਵਰਤਿਆ ਨਾ ਗਿਆ ਹੋਵੇ।"

"ਵੀਰ ਜੀ, ਅਸੀਂ ਕਈ ਇੱਕ ਸਿਧਾਂਤਾਂ ਨੂੰ ਪ੍ਰਚੱਲਿਤ ਡਰਾਂ, ਸਹਿਮਾਂ, ਵਹਿਮਾਂ ਅਤੇ ਵਿਚਾਰਾਂ ਦਾ ਸੋਧਿਆ ਸੰਵਾਰਿਆ ਰੂਪ ਨਹੀਂ ਕਹਿ ਸਕਦੇ; ਇਹ ਵੀ ਠੀਕ ਹੈ ਕਿ ਉਨ੍ਹਾਂ ਸਿਧਾਂਤਾਂ ਨੂੰ ਸਮਾਜਕ ਸੰਗਠਨ ਅਤੇ ਰਾਜਨੀਤਕ ਸੁਵਿਧਾ ਦੇ ਸਾਧਨਾਂ ਵਜੋਂ ਵਰਤਿਆ ਗਿਆ ਹੈ; ਪਰ, ਇਹ ਠੀਕ ਨਹੀਂ ਕਿ ਉਹ ਸਿਧਾਂਤ ਇਨ੍ਹਾਂ ਸਮਾਜਕ ਸਹੂਲਤਾਂ ਨੂੰ ਮਨੋਰਥ ਮੰਨ ਕੇ ਘੜੇ ਗਏ ਸਨ। ਮਿਸਾਲ ਵਜੋਂ ਅਸੀਂ ਪਲੇਟੋ ਦੇ ਆਦਰਸ਼ਵਾਦ (Idealism) ਨੂੰ ਲੈ ਸਕਦੇ ਹਾਂ।"

"ਇਹ ਗੱਲ ਠੀਕ ਹੈ। ਪੁਰਾਣੇ ਸਮੇਂ ਦੇ ਦਾਨਿਸ਼ਮੰਦ ਜਾਂ ਸਿਆਣੇ ਹਿਸਾਬ, ਹਿਕਮਤ, ਤਾਰਾ-ਵਿਗਿਆਨ ਅਤੇ ਅਧਿਆਤਮਕਤਾ ਆਦਿਕ ਕਈ ਸਿਆਣਪਾਂ ਦੇ ਸਵਾਮੀ ਸਮਝੇ ਜਾਂਦੇ ਸਨ। ਪੁਰਾਤਨ ਯੂਨਾਨੀ ਵਿਦਵਾਨ ਲਕੀਰ ਦੀ ਫ਼ਕੀਰੀ ਦੀ ਥਾਂ ਆਪਣੀ ਸੋਚ ਦੀ ਸੁਤੰਤਰਤਾ ਨੂੰ ਵਧੇਰੇ ਮਹੱਤਵ ਦਿੰਦੇ ਸਨ। ਉਨ੍ਹਾਂ ਨੇ ਸ੍ਰਿਸ਼ਟੀ ਸੰਬੰਧੀ ਕਈ ਅਨੋਖੇ ਅਨੁਮਾਨ ਲਾਉਣ ਦੀ ਦਲੇਰੀ ਕੀਤੀ ਸੀ। ਉਨ੍ਹਾਂ ਵਿੱਚੋਂ ਕੁਝ ਪਦਾਰਥਵਾਦੀ ਸਨ, ਕੁਝ ਅਧਿਆਤਮਵਾਦੀ। ਪਲੇਟੋ ਨੇ ਉਨ੍ਹਾਂ ਸਾਰਿਆਂ ਦੀ ਸੋਚ ਦੇ ਸੁਮੇਲ ਅਤੇ ਕਾਂਟ ਛਾਂਟ ਵਿੱਚੋਂ ਸ੍ਰਿਸ਼ਟੀ ਸੰਬੰਧੀ ਆਪਣਾ ਸਿਧਾਂਤ ਪੇਸ਼ ਕੀਤਾ ਹੈ, ਜਿਸ ਉੱਤੇ ਪਿਥਾਗੋਰਸ, ਪਰਮੀਨਾਈਡੀਜ਼ ਅਤੇ ਹੇਰਾਕਲੀਟੱਸ ਦੀ ਛਾਪ ਪ੍ਰਤੱਖ ਵੇਖੀ ਜਾ ਸਕਦੀ ਹੈ। ਹੇਰਾਕਲੀਟੱਸ ਕਹਿੰਦਾ ਸੀ 'ਕੁਝ ਸਥਿਰ ਨਹੀਂ, ਸਭ ਕੁਝ ਬਦਲ ਰਿਹਾ ਹੈ।' ਪਰਮੀਨਾਈਡੀਜ਼ ਕਹਿੰਦਾ ਸੀ, 'ਕੁਝ ਬਦਲਦਾ ਨਹੀਂ, ਸਭ ਸਥਿਰ ਹੈ—ਤਬਦੀਲੀ ਭੁਲੇਖਾ ਹੈ।' ਦੋਵੇਂ ਆਪੋ ਆਪਣੇ ਪੱਖ ਨੂੰ ਨਿਪੁੰਨਤਾ ਨਾਲ ਪੇਸ਼ ਕਰਦੇ ਸਨ। ਪਲੇਟੋ ਪਿਥਾਗੋਰਸ ਦਾ ਸ਼ਰਧਾਲੂ ਸੀ ਜੋ ਕਿ ਅਧਿਆਤਮਵਾਦੀ ਸੀ। ਉਸ ਨੇ ਪਿਥਾਗੋਰਸ ਦੇ ਅਧਿਆਤਮਕ ਸਿਧਾਂਤ ਨੂੰ ਹੇਰਾਕਲੀਟੱਸ ਅਤੇ ਪਰਮੀਨਾਈਡੀਜ਼ ਦੇ ਸਿਧਾਂਤਾਂ ਦੀ ਸਹਾਇਤਾ ਨਾਲ ਆਈਡੀਅਲਿਜ਼ਮ ਜਾਂ ਆਦਰਸ਼ਵਾਦ ਦਾ ਅਜੇਹਾ ਰੂਪ ਦੇ ਦਿੱਤਾ ਜਿਸ ਦੀ ਸਚਿਆਈ ਅਤੇ ਪਕਿਆਈ ਉੱਤੇ (ਦੋ ਹਜ਼ਾਰ ਸਾਲ ਤ਼ਕ) ਸ਼ੱਕ ਕਰਨ ਦੀ ਹਿੰਮਤ ਕਿਸੇ ਟਾਵੇਂ ਟਾਵੇਂ ਨੂੰ ਹੋਈ ਹੈ। ਇੱਕ-ਈਸ਼ਵਰਵਾਦ ਦਾ ਮੂਲ ਆਧਾਰ ਪਲੇਟੋ ਦਾ ਆਦਰਸ਼ਵਾਦ ਹੀ ਹੈ ਅਤੇ ਇੱਕ-ਈਸ਼ਵਰਵਾਦ, ਰਾਜਤੰਤਰ ਜਾਂ ਬਾਦਸ਼ਾਹਤ ਦਾ ਸਮਰਥਕ ਹੋਣ ਕਰਕੇ, ਸਾਰੇ ਮੱਧਕਾਲ ਦਾ ਪਰਮ ਸਤਿਕਾਰਯੋਗ ਸਿਧਾਂਤ ਬਣਿਆ ਰਿਹਾ ਹੈ।"

"ਪਾਪਾ ਮੋਨਿਜ਼ਮ (Monism) ਜਾਂ ਇੱਕੋਸ਼ਵਰਵਾਦ ਯਹੂਦੀਆਂ ਦੀ ਦੇਣ ਵੀ ਮੰਨਿਆ ਜਾਂਦਾ ਹੈ। ਕਿਉਂ ?"

"ਮੇਰੇ ਖ਼ਿਆਲ ਵਿੱਚ ਇਹ ਕਹਿਣਾ ਠੀਕ ਹੈ ਕਿ ਇੱਕ ਰੱਬ ਦਾ ਖ਼ਿਆਲ ਸਾਡੀ ਸੱਭਿਅਤਾ ਦੇ ਵਿਕਾਸ ਵਿੱਚੋਂ ਵਿਕਸਿਆ ਹੈ। ਇਹ ਕਿਸੇ ਇੱਕ ਵਿਅਕਤੀ ਜਾਂ ਜਾਤੀ ਦਾ ਉਪਜਾਇਆ ਹੋਇਆ ਨਹੀਂ। ਜੰਗਲੀ ਮਨੁੱਖ ਜਿੰਨਾਂ ਭੂਤਾਂ ਅਤੇ ਕੁਦਰਤ ਦੀਆਂ ਅਮਿੱਤ੍ਰ ਸ਼ਕਤੀਆਂ ਤੋਂ ਡਰਦਾ ਸੀ। ਇਸ ਅਨੁਭਵ ਵਿੱਚੋਂ ਜਿੰਨਾਂ, ਜਾਦੂਆਂ ਅਤੇ ਦੇਵੀ-ਦੇਵਤਿਆਂ ਦੀ ਕਲਪਨਾ ਨੇ ਜਨਮ ਲਿਆ। ਮਨੁੱਖੀ ਸਮਾਜਾਂ ਜਾਂ ਕਬੀਲਿਆਂ ਨੇ ਉਪਜ, ਜਿੱਤ ਜਾਂ ਜੰਗ, ਸੁਰੱਖਿਆ ਅਤੇ ਮੌਜ-ਮੇਲੇ ਦੇ ਦੇਵਤੇ ਥਾਪ ਲਏ। ਦੇਵਤਿਆਂ ਦੀ ਗਿਣਤੀ ਵਧਦੀ ਗਈ

ਅਤੇ ਲੱਗਪੱਗ ਹਰ ਮਨੋਭਾਵ ਲਈ ਕਿਸੇ ਦੇਵੀ ਜਾਂ ਦੇਵਤੇ ਦੀ ਕਲਪਨਾ ਕਰ ਲਈ ਗਈ। ਕਬੀਲਿਆਂ ਦੀਆਂ ਆਪਸੀ ਲੜਾਈਆਂ, ਕਬੀਲਿਆਂ ਦੇ ਦੇਵਤਿਆਂ ਦੀਆਂ ਲੜਾਈਆਂ ਬਣਦੀਆਂ ਗਈਆਂ। ਹਾਰੇ ਹੋਏ ਧੜੇ ਦੇ ਦੇਵਤੇ ਵੀ ਹਾਰਦੇ, ਮਰਦੇ ਅਤੇ ਅਲੋਪ ਹੁੰਦੇ ਗਏ। ਹਜ਼ਰਤ ਮੂਸਾ (Moses) ਦੇ ਸਮੇਂ ਤਕ ਯਹੂਦੀਆਂ ਵਿੱਚ ਇੱਕ ਰੱਬ ਦਾ ਖ਼ਿਆਲ ਨਹੀਂ ਸੀ। ਮੂਸਾ ਜੀ ਮਿਸਰੀਆਂ ਨਾਲ ਲੜਦੇ ਝਗੜਦੇ ਰਹੇ ਅਤੇ ਏਹੋ ਸਿੱਧ ਕਰਦੇ ਰਹੇ ਕਿ ਯਹੂਦੀਆਂ ਦਾ ਰੱਬ (ਜਾਂ ਦੇਵਤਾ) ਮਿਸਰੀਆਂ ਦੇ ਰੱਬ (ਜਾਂ ਦੇਵਤੇ) ਨਾਲੋਂ ਤਕੜਾ ਹੈ ਅਤੇ ਤਕੜਾ ਹੋਣ ਕਰਕੇ ਸੱਚਾ ਹੈ। ਜਦੋਂ ਉਹ ਸਿਨਾਈ ਪਰਬਤ ਉੱਤੇ ਦੱਸ ਰੱਬੀ ਹੁਕਮ ਪ੍ਰਾਪਤ ਕਰਨ ਗਏ, ਉਦੋਂ ਉਨ੍ਹਾਂ ਦੇ ਵੱਡੇ ਭਰਾ ਆਰੋਨ (Aaron) ਨੇ, ਸੁਨਹਿਰੀ ਵਹਿੜਕੇ ਦੇ ਰੂਪ ਵਿੱਚ ਯਹੂਦੀਆਂ ਦੇ ਰੱਬ ਦਾ ਬੁੱਤ ਬਣਾ ਕੇ, ਉਸ ਦੀ ਪੂਜਾ ਆਰੰਭ ਕਰਵਾ ਦਿੱਤੀ। ਮੂਸਾ ਨੇ ਵਾਪਸ ਆ ਕੇ ਇਸ ਦਾ ਵਿਰੋਧ ਕੀਤਾ ਅਤੇ ਆਪਣੇ ਸੱਚੇ ਰੱਬ ਵਲੋਂ ਲਿਆਂਦੇ ਹੋਏ ਦੱਸ ਹੁਕਮ ਮੰਨਣ ਦੀ ਸਲਾਹ ਦਿੰਦਿਆਂ ਹੋਇਆਂ ਝੂਠੇ ਰੱਬ ਦੀ ਪੂਜਾ ਬੰਦ ਕਰਵਾ ਦਿੱਤੀ। ਉਸ ਨੇ ਆਰੋਨ ਦੇ ਦੱਸੇ ਹੋਏ ਰੱਬ ਨੂੰ ਝੂਠਾ ਆਖਿਆ ਸੀ; ਪਰੰਤੂ, ਉਸ ਦੀ ਹੋਂਦ ਤੋਂ ਇਨਕਾਰ ਨਹੀਂ ਸੀ ਕੀਤਾ।"

"ਵੀਰ ਜੀ, ਇਸ ਦਾ ਮਤਲਬ ਇਹ ਹੋਇਆ ਕਿ ਸੱਚੇ ਰੱਬ ਨੂੰ ਮੰਨਣ ਵਾਲੇ ਲੋਕ ਇੱਕ ਰੱਬ ਦੇ ਵਿਸ਼ਵਾਸੀ ਨਹੀਂ ਆਖੇ ਜਾ ਸਕਦੇ, ਕਿਉਂਜੁ ਉਨ੍ਹਾਂ ਦੇ ਖ਼ਿਆਲ ਵਿੱਚ ਇੱਕ ਝੂਠਾ ਰੱਬ ਵੀ ਜੀ ਰਿਹਾ ਹੁੰਦਾ ਹੈ।"

"ਅਤੇ ਉਸ ਦਾ ਨਾਂ 'ਸ਼ੈਤਾਨ' ਹੈ। ਮਨੁੱਖ ਦੇ ਸਾਰੇ ਸੰਸਾਰਕ ਕੰਮ ਇਸ ਝੂਠੇ ਰੱਬ (ਸ਼ੈਤਾਨ) ਦੀ ਪੂਜਾ ਜਾਂ ਇਬਾਦਤ ਮੰਨੇ ਜਾਂਦੇ ਹਨ। ਜਿਹੜੇ ਧਰਮ ਸ਼ੈਤਾਨ ਜਾਂ ਝੂਠੇ ਰੱਬ ਦੀ ਹੋਂਦ ਦਾ ਜ਼ਿਕਰ ਨਹੀਂ ਕਰਦੇ, ਉਹ ਵੀ ਉਸ ਦੀ ਹੋਂਦ ਦੇ ਵਿਸ਼ਵਾਸੀ ਹਨ—ਘੱਟੋ ਘੱਟ ਉਸ ਦੀ ਹੋਂਦ ਤੋਂ ਇਨਕਾਰੀ ਨਹੀਂ ਹਨ। ਉਹ ਸੱਚੇ ਰੱਬ ਵਿੱਚ ਹੀ ਝੂਠੇ ਰੱਬ ਦਾ ਸਮਾਵੇਸ਼ ਦੱਸਦੇ ਹਨ। ਉਹ ਇਕੱਲਾ ਹੀ ਕੁਝ ਇੱਕ ਨੂੰ ਨੇਕੀ ਦੇ ਰਾਹ ਪਾਉਂਦਾ ਹੈ ਅਤੇ ਬਹੁਤਿਆਂ ਨੂੰ ਭੁਲਾਅ ਭੁਚਲਾਅ ਕੇ ਬਦੀ ਦੀ ਸੜਕੇ ਤੋਰ ਦਿੰਦਾ ਹੈ। ਉਹ ਸਿਰਜਣਹਾਰ ਵੀ ਹੈ, ਪਾਲਣਹਾਰ ਵੀ ਹੈ ਅਤੇ ਵਿਸ਼ਨਾਕ ਵੀ ਹੈ। ਉਹ ਸ਼ਾਂਤ-ਰੂਪ ਵੀ ਹੈ ਅਤੇ ਕਲਹ-ਕਰਤਾ ਵੀ ਹੈ। ਉਹ ਗੁਪਤ ਵੀ ਹੈ ਅਤੇ ਪਰਗਟ ਵੀ ਹੈ। ਉਹ ਇੱਕ ਵੀ ਹੈ ਅਤੇ ਅਨੇਕ ਵੀ ਹੈ। ਉਹ ਨੇਤੀ (ਨ+ਇਤੀ) ਨੇਤੀ ਹੈ। ਉਹ ਹੈ ਵੀ ਅਤੇ ਨਹੀਂ ਵੀ।"

"ਅਜੀਬ ਗੋਰਖ ਧੰਦਾ ਹੈ, ਵੀਰ ਜੀ।"

"ਗੋਰਖ ਧੰਦੇ ਵਿੱਚੋਂ ਨਿਕਲਣ ਲਈ ਸੱਚੇ ਅਤੇ ਝੂਠੇ, ਚੰਗੇ ਅਤੇ ਬੁਰੇ ਦੋ ਰੱਬਾਂ (ਰੱਬ ਅਤੇ ਸ਼ੈਤਾਨ) ਦੀ ਹੋਂਦ ਦੇ ਵਿਸ਼ਵਾਸੀ ਹੋਣਾ ਪਵੇਗਾ। ਇੱਕ ਰੱਬ ਦੇ ਸੂਝਵਾਨ ਵਿਸ਼ਵਾਸੀ ਨੂੰ ਦਾਰਸ਼ਨਿਕ ਗੋਰਖ ਧੰਦੇ ਦੀ ਓਨੀ ਹੀ ਲੋੜ ਹੈ ਜਿੰਨੀ ਜਨ-ਸਾਧਾਰਣ ਨੂੰ ਸ਼ੈਤਾਨ ਦੀ ਹੋਂਦ ਵਿੱਚ ਵਿਸ਼ਵਾਸ ਰੱਖਣ ਦੀ ਹੈ। ਵਿਵਹਾਰਕ ਰੂਪ ਵਿੱਚ ਦੋਵੇਂ ਇੱਕੋ ਜਿਹੇ ਹਨ, ਦੋਵੇਂ ਬੁਰਾਈ ਦੀ ਸਦੀਵਤਾ ਦੇ ਇੱਕੋ ਜਿਹੇ ਵਿਸ਼ਵਾਸੀ ਹਨ। ਇੱਕ ਅਨੁਸਾਰ ਬੁਰਾਈ ਰੱਬ ਤੋਂ ਬਾਹਰਲੀ ਇੱਕ ਵੱਖਰੀ ਹੋਂਦ ਹੈ, ਦੂਜੇ ਅਨੁਸਾਰ ਬੁਰਾਈ ਰੱਬ ਦਾ ਇੱਕ ਹਿੱਸਾ ਹੈ। ਸਾਧਾਰਣ ਸੂਝ ਬੂਝ ਵਾਲੇ ਆਦਮੀ ਲਈ ਰੱਬ ਅਤੇ ਸ਼ੈਤਾਨ ਦਾ ਵਿਸ਼ਵਾਸੀ ਹੋਣਾ ਸੌਖਾ ਅਤੇ ਸੁਭਾਵਕ ਹੈ।"

"ਪਾਪਾ, ਅਸੀਂ ਇੱਕੀਸ਼ਵਰਵਾਦ ਦੀ ਗੱਲ ਕਰ ਰਹੇ ਸਾਂ।"

"ਹੁਣ ਵੀ ਉਹੋ ਗੱਲ ਹੋ ਰਹੀ ਹੈ, ਬੇਟਾ ਜੀ। ਯਹੂਦੀਆਂ ਨੇ ਈਸ਼ਵਰ ਨੂੰ 'ਯਾਵੇਹ' ਜਾਂ 'ਜਿਹੋਵਾ' ਦਾ ਨਾਂ ਦੇ ਰੱਖਿਆ ਹੈ। ਰੱਬ ਦਾ ਇਹ ਨਾਂ ਗਿਆਰ੍ਹਵੀਂ ਸਦੀ ਵਿੱਚ ਪ੍ਰਚੱਲਤ ਹੋਇਆ ਸੀ। 'ਰੱਬ' ਸ਼ਬਦ ਵੀ ਯਹੂਦੀਆਂ ਵਲੋਂ ਆਇਆ ਹੋਇਆ ਹੈ। 'ਅੱਲਾ' ਅਰਬੀ ਲੋਕਾਂ

ਦੇ ਬਹੁਤ ਸਾਰੇ ਦੇਵਤਿਆਂ ਵਿੱਚੋਂ ਇੱਕ ਸੀ। ਹੁਣ ਇਹ ਇੱਕ ਰੱਬ ਦਾ ਇਸਲਾਮੀ ਨਾਂ ਹੈ, ਜਾਂ ਇਸਲਾਮੀ ਰੱਬ ਦਾ ਇੱਕ ਨਾਂ ਹੈ।

"ਇਸਲਾਮੀ ਰੱਬ ?"

"ਹਾਂ। ਮੈਡੀਟ੍ਰੇਨੀਅਨ ਦੇ ਇਰਦ ਗਿਰਦ ਵੱਸਣ ਵਾਲੇ ਲੋਕਾਂ, ਕਬੀਲਿਆਂ ਜਾਂ ਦੇਸ਼ਾਂ ਦੇ ਰੱਬ ਵੱਖੋ ਵੱਖ ਸਨ। ਇਹ ਦੇਵਤਿਆਂ ਦੀ ਹਾਰ-ਜਿੱਤ ਅਤੇ ਭੰਨ-ਤੋੜ ਨਾਲ ਗਿਣਤੀ ਵਿੱਚ ਥੋੜੇ ਹੁੰਦੇ ਗਏ ਸਨ। ਅੰਤ ਵਿੱਚ ਰੋਮਨ ਐਂਪਾਇਰ ਨੇ ਇਨ੍ਹਾਂ ਨੂੰ ਇੱਕ ਕਰ ਦਿੱਤਾ। ਇੱਕ ਈਸ਼ਵਰ ਦਾ ਖ਼ਿਆਲ ਸ਼ਕਤੀ ਦੇ ਕੇਂਦਰੀਕਰਣ ਦੀ 'ਉਪਜ' ਵੀ ਹੈ ਅਤੇ 'ਉਚਿਤਤਾ' (justification) ਵੀ।"

"ਵੀਰ ਜੀ, ਰੋਮਨਾਂ ਨੇ ਰੱਬ ਦੇ ਯਹੂਦੀ ਵਿਚਾਰ ਨੂੰ ਹੀ ਕਿਉਂ ਅਪਣਾਇਆ ?"

"ਇਸ ਲਈ ਕਿ ਇਹ ਬੱਚਗਾਨਾ ਜਾਂ ਬਾਲਸੁਭਾਈ ਸੀ। ਜਦੋਂ ਈਸਾਈਅਤ ਨੇ ਇਸ ਬੱਚਗਾਨਾ ਵਿਚਾਰ ਉੱਤੇ ਦਾਰਸ਼ਨਿਕਤਾ ਦਾ ਇਫ਼ਲਾਤੂਨੀ ਰੰਗ ਚਾੜ੍ਹ ਦਿੱਤਾ, ਉਦੋਂ ਇਸਲਾਮ ਨੇ ਉਸੇ ਬੱਚਗਾਨਾਪਨ ਦੀ ਪੁਨਰ-ਸਥਾਪਨਾ ਨਾਲ ਲੋਕ-ਪ੍ਰਿਯ ਹੋਣ ਦਾ ਸਫਲ ਜਤਨ ਕਰ ਲਿਆ ਅਤੇ ਪੂਰੇ ਮੱਧ ਪੂਰਬ ਵਿੱਚੋਂ ਈਸਾਈ ਮੱਤ ਨੂੰ ਹੂੰਝ, ਬਾਹਰ ਕਰ ਦਿੱਤਾ।"

"ਪਾਪਾ, ਬੱਚਗਾਨਾ ਸਿਧਾਂਤ ਬਹੁਤੇ ਲੋਕ-ਪ੍ਰਿਯ ਕਿਉਂ ਹੁੰਦੇ ਆਏ ਹਨ ?"

"ਕਿਉਂ ਜੁ ਸੰਸਾਰ ਦੇ ਬਹੁਤੇ ਲੋਕ ਅਜੇ ਮਾਨਸਿਕ ਤੌਰ ਉੱਤੇ ਬੱਚੇ ਹਨ। ਉਹ ਵਿਸ਼ਵਾਸ ਦੇ ਮਾਨਸਿਕ ਪੱਧਰ ਤੋਂ ਅਗੇਰੇ ਨਹੀਂ ਵਿਕਸੇ। ਦੋ ਢਾਈ ਹਜ਼ਾਰ ਸਾਲ ਪਹਿਲਾਂ ਦੇ ਦਾਰਸ਼ਨਿਕ ਵੀ ਕਈਆਂ ਗੱਲਾਂ ਵਿੱਚ ਅਞਾਣੇ ਸਨ। ਇੱਕ ਅੱਧ ਸਿਆਣੀ ਗੱਲ ਕਰ ਕੇ ਦੂਜੀਆਂ ਕਈ ਗੱਲਾਂ ਅਜਿਹੀਆਂ ਕਰ ਦਿੰਦੇ ਸਨ ਜਿਨ੍ਹਾਂ ਵਿੱਚ ਮਨ ਦੇ ਵਿਕਾਸ ਦੀ ਥਾਂ ਮਨੁੱਖਤਾ ਦੇ ਵਿਨਾਸ਼ ਦੀਆਂ ਸੰਭਾਵਨਾਵਾਂ ਵਿਦਮਾਨ ਹੁੰਦੀਆਂ ਸਨ। ਵਿਕਾਸ ਜਾਂ ਇਵੋਲੂਸ਼ਨ ਦੀ ਦ੍ਰਿਸ਼ਟੀ ਤੋਂ ਵੇਖਿਆਂ ਇਹ ਜ਼ਾਹਰ ਹੁੰਦਾ ਹੈ ਕਿ ਮੁੱਢਲੀ ਚੇਤਨਾ ਵਿਕਸਦੀ ਹੋਈ ਪਰਵਿਰਤੀ, ਭਾਵ, ਵਿਸ਼ਵਾਸ ਆਦਿਕ ਪੜਾਵਾਂ ਨੂੰ ਪਾਰ ਕਰ ਕੇ ਤਰਕਸ਼ੀਲਤਾ ਨੂੰ ਪ੍ਰਾਪਤ ਹੋਈ ਹੈ। ਤਰਕਸ਼ੀਲਤਾ ਪਸ਼ੂ ਪੰਛੀਆਂ ਵਿੱਚ ਵੀ ਹੈ। ਪਰੰਤੂ, ਮਨੁੱਖੀ ਮਨ ਵਿੱਚ ਇਸ ਦੀ ਸਿਖਰ ਹੈ। ਇਹ ਤਾਮਸਿਕ, ਰਾਜਸਿਕ ਅਤੇ ਸਾਤਵਿਕ ਦੀਆਂ ਤਿੰਨ ਪ੍ਰਧਾਨ ਵੰਡਾਂ ਵਿੱਚ ਵੰਡੀ ਜਾ ਸਕਦੀ ਹੈ। ਇਸ ਦਾ ਵਿਕਾਸ ਸਾਤਵਿਕਤਾ ਵੱਲ ਨੂੰ ਹੈ; ਜਾਂ ਇਉਂ ਕਹਿ ਸਕਦੇ ਹਾਂ ਕਿ ਇਸ ਦਾ ਸਾਤਵਿਕ ਵਿਕਾਸ ਜੀਵਨ ਲਈ ਕਲਿਆਣਕਾਰੀ ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਡੀ ਬੌਧਕਤਾ ਸਾਤਵਿਕਤਾ ਵਲ ਨੂੰ ਵਿਕਾਸ ਕਰੇ। ਬੌਧਕਤਾ ਜਾਂ ਤਰਕਸ਼ੀਲਤਾ ਮਨੁੱਖੀ ਮਨ ਦੀ ਜਾਂ ਸਮੁੱਚੀ ਮਨੁੱਖਤਾ ਦੀ ਪ੍ਰੌੜ੍ਹ ਅਵਸਥਾ ਦੀ ਲਖਾਇਕ ਹੈ। ਸਾਤਵਿਕ ਤਰਕਸ਼ੀਲਤਾ ਮਨੁੱਖੀ ਪ੍ਰੌੜ੍ਹ ਅਵਸਥਾ ਦੀ ਸੁੰਦਰਤਾ ਹੈ। ਜਿਵੇਂ ਇੱਕ ਵਿਅਕਤੀ ਬੌਧਕ ਵਿਕਾਸ ਕੀਤੇ ਬਿਨਾਂ ਵੀ ਸਰੀਰਕ ਤੌਰ 'ਤੇ ਬੁੱਢਾ ਹੋ ਸਕਦਾ ਹੈ। ਉਵੇਂ ਹੀ, ਸਮੁੱਚੀ ਮਨੁੱਖਤਾ ਵੀ ਬੌਧਕ-ਵਿਕਾਸ ਬਿਨਾਂ ਬੁਢਾਪੇ ਨੂੰ ਪ੍ਰਾਪਤ ਹੋ ਸਕਦੀ ਹੈ।"

"ਅਜੇਹਾ ਕਿਉਂ ਹੁੰਦਾ ਹੈ, ਵੀਰ ਜੀ ?"

"ਇਸ ਲਈ ਕਿ ਧਰਮ, ਕੌਮੀਅਤ, ਸੰਸਕ੍ਰਿਤੀ, ਦੇਸ਼-ਭਗਤੀ ਆਪਣੀ ਸ੍ਰੇਸ਼ਟਤਾ ਦਾ ਭੁਲੇਖਾ, ਪੁਰਾਤਨਤਾ ਦਾ ਗੌਰਵ, ਇਤਿਹਾਸਕ ਪ੍ਰਾਪਤੀਆਂ ਦੀ ਹੈਂਕੜ, ਸਦੀਆਂ ਪੁਰਾਣੇ ਵੈਰਾਂ-ਵਿਰੋਧਾਂ ਵਿੱਚੋਂ ਉਪਜੀ ਹੋਈ ਨਫ਼ਰਤ ਆਦਿਕ, ਕਿੰਨਾ ਕੁਝ ਹੈ, ਜੋ ਮਨੁੱਖਤਾ ਨੂੰ ਮਾਨਸਿਕ ਤੌਰ 'ਤੇ ਵਿਕਸਣ ਨਹੀਂ ਦਿੰਦਾ। ਤੁਸੀਂ ਇੱਕ ਬਿਰਧ ਬਾਬੇ ਨੂੰ ਆਪਣੇ ਬਚਪਨ ਦੇ ਖਿਡਾਉਣਿਆਂ (ਖਿੱਦੋਆਂ, ਗਡੀਰਿਆਂ, ਘੁੱਗੂਆਂ ਅਤੇ ਮੁਰਲੀਆਂ) ਨਾਲ ਖੇਡਦਾ, ਉਨ੍ਹਾਂ ਨੂੰ ਸਾਂਭ ਸਾਂਭ ਰੱਖਦਾ ਅਤੇ ਉਨ੍ਹਾਂ ਉੱਤੋਂ ਲੜਦਾ ਵੇਖ ਕੇ ਉਸ ਦੇ ਬੁਢਾਪੇ ਉੱਤੇ ਸ਼ੱਕ ਕਰੋਗੇ; ਪਰੰਤੂ, ਮਨੁੱਖਤਾ ਨੂੰ

ਉੱਪਰ ਲਿਖੇ ਥੋੜੇ, ਬੇ-ਲੋੜੇ ਖਿਡਾਉਣਿਆਂ ਤੋਂ ਖਿਝ ਕੇ ਖ਼ੂਨੋਂ ਖ਼ੂਨ ਹੁੰਦੀ ਵੇਖਦੇ ਹੋਏ ਉਸ ਨੂੰ ਪ੍ਰੌੜ੍ਹ ਮੰਨਣ ਦੀ ਭੁੱਲ ਕਰ ਜਾਉਗੇ। ਦੋ ਗੁਆਂਢੀ ਦੇਸ਼ਾਂ ਨੇ ਆਪੋ ਆਪਣੀ ਸੈਨਾ ਰੱਖੀ ਹੋਈ ਹੈ। ਦੋਵੇਂ ਆਪੋ ਆਪਣੀ ਸੈਨਿਕ ਸ਼ਕਤੀ ਵਿੱਚ ਵਾਧਾ ਕਰਦੇ ਹਨ। ਦੋਵੇਂ ਸੈਨਿਕ ਸ਼ਕਤੀ ਨੂੰ ਆਪਣੀ ਸੁਰੱਖਿਆ ਜਾਂ ਡੀਫ਼ੈਂਸ ਲਈ ਜ਼ਰੂਰੀ ਸਮਝਦੇ ਹਨ। ਦੋਵੇਂ ਆਪਣੇ ਆਪ ਨੂੰ ਅਮਨ-ਪਸੰਦ ਅਤੇ ਦੂਜੇ ਨੂੰ ਜੰਗਬਾਜ਼ ਆਖਦੇ ਹਨ, ਇੱਕ ਦੂਜੇ ਉੱਤੇ ਸ਼ੱਕ ਕਰਦੇ ਹਨ, ਬੇ-ਵਸਾਹੀ ਦਾ ਰਿਸ਼ਤਾ ਰੱਖਦੇ ਹਨ। ਦੂਜੇ ਦੇਸ਼ ਉੱਤੇ ਸ਼ੱਕ ਨਾ ਕਰਨ ਦੀ ਸਲਾਹ ਦੇਣ ਵਾਲਾ ਸ਼ਹਿਰੀ ਜਾਂ ਬੇ-ਵਸਾਹੀ ਦਾ ਤਿਆਗ ਕਰਨ ਵਾਲਾ ਨਾਗਰਿਕ ਆਪਣੇ ਦੇਸ਼ਵਾਸੀ ਭਰਾਵਾਂ ਦੁਆਰਾ (ਜੇ ਗ਼ੱਦਾਰ ਨਹੀਂ ਤਾਂ ਘੱਟੋ ਘੱਟ) ਦੇਸ਼-ਭਗਤੀ ਦੇ ਭਾਵ ਤੋਂ ਹੀਣ ਜ਼ਰੂਰ ਮੰਨਿਆ ਜਾਵੇਗਾ। ਅਸੀਂ ਕਿੰਨੇ ਕੁ ਪ੍ਰੌੜ੍ਹ ਜਾਂ ਸਿਆਣੇ ਹਾਂ ? ਕੀ ਸਾਡਾ ਵਤੀਰਾ ਇਹ ਸਿੱਧ ਨਹੀਂ ਕਰਦਾ ਕਿ ਅਸੀਂ ਕੌਮੀ ਪੱਧਰ ਉੱਤੇ ਕੀਤੀ ਜਾਣ ਵਾਲੀ ਨਫ਼ਰਤ ਅਤੇ ਬੇ-ਵਸਾਹੀ ਨੂੰ ਦੇਸ਼-ਭਗਤੀ ਕਹਿੰਦੇ ਹਾਂ ? ਇਸ ਤੋਂ ਅੱਗੇ ਅਸੀਂ ਇਹ ਵੀ ਮੰਨਦੇ ਹਾਂ ਕਿ ਇਹ ਸਾਰੀ ਸ੍ਰਿਸ਼ਟੀ ਕਿਸੇ ਇੱਕ ਸਰਵੱਗਿਯ ਅਤੇ ਸਰਵ-ਸ਼ਕਤੀਮਾਨ ਦੀ ਰਚਨਾ ਹੈ। ਬੱਚਿਆਂ ਨਾਲੋਂ ਬਹੁਤੇ ਅਤਾਰਕਿਕ ਹੁੰਦੇ ਹੋਏ ਅਸੀਂ ਆਪਣੇ ਆਪ ਨੂੰ ਸਿਆਣੇ ਵੀ ਸਮਝਦੇ ਹਾਂ।"

"ਵੀਰ ਜੀ, ਇਹ ਜ਼ਰੂਰੀ ਨਹੀਂ ਕਿ ਤੁਹਾਡੀ ਮੇਰੀ ਜਾਂ ਸਾਡੀ ਵਿਚਾਰ ਨਾਲ ਹਰ ਕੋਈ ਸਹਿਮਤ ਹੋਵੇ। ਨਾ ਹੀ ਇਹ ਜ਼ਰੂਰੀ ਹੈ ਕਿ ਸਾਰੇ ਇਸ ਵਿਚਾਰ ਦੇ ਵਿਰੋਧੀ ਹੋਣ। ਤਾਂ ਵੀ ਇੱਕ ਪ੍ਰਸ਼ਨ ਹਰ ਕਿਸੇ ਦੇ ਮਨ ਵਿੱਚ ਉੱਠ ਸਕਦਾ ਹੈ ਅਤੇ ਉਸ ਪ੍ਰਸ਼ਨ ਨੂੰ ਤੁਹਾਡੇ (ਜਾਂ ਸਾਡੇ) ਵਿਚਾਰਾਂ ਬਾਰੇ ਕੀਤਾ ਜਾਣ ਵਾਲਾ 'ਕਿੰਤੂ' ਆਖਿਆ ਜਾ ਸਕਦਾ ਹੈ।"

"ਪ੍ਰਸ਼ਨ ਪੁੱਛੋ।"

"ਤੁਸੀਂ ਕਹਿੰਦੇ ਹੋ ਕਿ ਮਨੁੱਖੀ ਕਲਪਨਾ ਵਿੱਚੋਂ ਅਨੇਕ ਦੇਵੀ ਦੇਵਤਿਆਂ ਅਤੇ ਜਿੰਨਾਂ ਭੂਤਾਂ ਦਾ ਜਨਮ ਹੋਇਆ, ਮਨੁੱਖ ਦੇ ਸੰਘਰਸ਼ਪੂਰਣ ਸਮਾਜਕ ਵਿਕਾਸ ਨਾਲ ਇਨ੍ਹਾਂ ਦੇਵਤਿਆਂ ਦੀ ਗਿਣਤੀ ਘਟਦੀ ਗਈ, ਅੰਤ ਵਿੱਚ ਰੱਬ ਨਾਮੀ ਇੱਕ ਵੱਡਾ ਦੇਵਤਾ ਕਈ ਕਾਲਪਨਿਕ ਦੇਵਤਿਆਂ ਦੇ ਛੱਡੇ ਹੋਏ ਸਿੰਘਾਸਨਾਂ ਦਾ ਸਵਾਮੀ ਬਣ ਗਿਆ। ਵੱਖ ਵੱਖ ਇਲਾਕਿਆਂ ਦੇ ਲੋਕਾਂ ਨੇ ਇਸ ਵੱਡੇ ਕਾਲਪਨਿਕ ਦੇਵਤਾ ਨੂੰ ਆਪੋ ਆਪਣੇ ਦੇਵ-ਮੰਡਲਾਂ ਦੇ ਮੁਖੀਆਂ ਦੇ ਨਾਂ ਦੇ ਦਿੱਤੇ—ਕਿਸੇ ਨੇ ਉਸ ਨੂੰ ਜਿਹੋਵਾ ਆਖਿਆ, ਕਿਸੇ ਨੇ ਅੱਲ੍ਹਾ ਅਤੇ ਕਿਸੇ ਨੇ ਹਰੀ। ਮਿਸਰੀ, ਯੂਨਾਨੀ, ਈਰਾਨੀ, ਅਰਬੀ, ਰੋਮਨ, ਬੈਬੀਲੋਨੀਅਨ ਅਤੇ ਫਿਨੀਸ਼ੀਅਨ ਆਦਿਕ ਸਾਰੇ ਦੇਵਤੇ ਅਲੋਪ ਹੋ ਗਏ ਹਨ। ਉਨ੍ਹਾਂ ਦਾ ਜ਼ਿਕਰ ਕਰਦਿਆਂ ਹੋਇਆਂ ਕਦੀ ਕਿਸੇ ਦੇ ਮਨ ਵਿੱਚ ਉਨ੍ਹਾਂ ਦੇ ਵਾਸਤਵਿਕ ਜਾਂ ਅਸਲੀ ਹੋਣ ਦਾ ਖ਼ਿਆਲ ਨਹੀਂ ਆਉਂਦਾ। ਉਹ ਮਨੁੱਖ ਦੇ ਅਧਿਐਨ ਦਾ ਵਿਸ਼ਾ ਮਾਤ੍ਰ ਹਨ। ਇਉਂ ਲੱਗਦਾ ਹੈ ਕਿ ਉਹ ਕਦੇ ਵੀ ਅਸਲੀ ਨਹੀਂ ਸਨ। ਆਧੁਨਿਕ ਮਨੁੱਖ ਇਹ ਮੰਨਣ ਵਿੱਚ ਕੋਈ ਭੁੱਲ ਜਾਂ ਬੇ-ਅਦਬੀ ਕਰਦਾ ਪ੍ਰਤੀਤ ਨਹੀਂ ਹੁੰਦਾ ਕਿ ਉਹ (ਦੇਵਤੇ) ਮਨੁੱਖ ਦੇ ਅਧੂਰੇ ਗਿਆਨ, ਭੈ, ਲੋੜ ਅਤੇ ਨਿਰਬਲਤਾ ਦੇ ਅਹਿਸਾਸ ਦੀ ਉਪਜ ਸਨ। ਉਨ੍ਹਾਂ ਦੇਵਤਿਆਂ ਬਾਰੇ ਕੀਤੀ ਹੋਈ ਕਲਪਨਾ ਦੇ ਕੁਲ ਜੋੜ ਨੂੰ ਜੇ ਰੱਬ ਆਖ ਲਿਆ ਗਿਆ ਹੈ ਤਾਂ ਇਸ ਬਾਰੇ ਉਵੇਂ ਹੀ ਕਿਉਂ ਮਹਿਸੂਸ ਨਹੀਂ ਹੁੰਦਾ ਜਿਵੇਂ ਦੇਵਤਿਆਂ ਦੀ ਅਸਲੀਅਤ ਜਾਂ ਵਾਸਤਵਿਕਤਾ ਬਾਰੇ ਮਹਿਸੂਸ ਹੁੰਦਾ ਹੈ। ਕੀ ਇਉਂ ਵੀ ਹੋ ਸਕਦਾ ਹੈ ਕਿ ਮਨੁੱਖੀ ਮਨ ਦੀ ਅਧਿਆਤਮਕ ਜਾਂ ਰੂਹਾਨੀ ਕਲਪਨਾ ਦਾ ਕੁੱਲ ਜੋੜ (ਰੱਬ) ਵੀ ਮਨੁੱਖ ਦੇ ਅਧਿਐਨ ਦਾ ਵਿਸ਼ਾ ਬਣ ਕੇ ਰਹਿ ਜਾਵੇ ਅਤੇ ਮਨੁੱਖ, ਇਹ ਸੋਚ ਕੇ ਹੈਰਾਨ ਜਾਂ ਸ਼ਰਮਿੰਦਾ ਹੋਵੇ ਕਿ ਮੈਂ ਇਸ ਨੂੰ ਵਾਸਤਵਿਕ ਸਮਝਣ ਦਾ ਬਚਪਨਾ ਕਰਦਾ ਰਿਹਾ ਹਾਂ ?"

"ਤੁਹਾਡਾ ਸਵਾਲ ਜ਼ਰੂਰੀ ਬੇਸ਼ੱਕ ਹੈ; ਪਰ, ਬਹੁਤਾ ਬਾਰੀਕ ਨਹੀਂ। ਇੱਕ ਰੱਬ ਦੇ ਖ਼ਿਆਲ ਦੀ ਉਮਰ ਕੇਵਲ ਤਿੰਨ ਕੁ ਹਜ਼ਾਰ ਸਾਲ, ਹੱਦ ਚਾਰ ਹਜ਼ਾਰ ਸਾਲ ਹੋਵੇਗੀ। ਦੇਵੀ ਦੇਵਤਿਆਂ ਅਤੇ ਜਿੰਨਾਂ ਭੂਤਾਂ ਨਾਲ ਮਨੁੱਖਾਂ ਦਾ ਸੰਬੰਧ ਲੱਖਾਂ ਸਾਲ ਪੁਰਾਣਾ ਅਤੇ ਬਹੁਤ ਲੰਮੇਰਾ ਹੈ। ਇਸ ਲੰਮੇਰੇ ਰਿਸ਼ਤੇ ਨੇ ਮਨੁੱਖੀ ਮਨ ਵਿੱਚ ਪਰਾਸਰੀਰਕ ਦੀ ਹੋਂਦ ਦਾ ਖ਼ਿਆਲ, ਵਹਿਮ ਜਾਂ ਵਿਸ਼ਵਾਸ ਪੱਕੇ ਤੌਰ 'ਤੇ ਦ੍ਰਿੜ ਕਰਵਾ ਦਿੱਤਾ ਹੋਇਆ ਹੈ। ਪਰਾਸਰੀਰਕ ਦਾ ਭੈ ਅਤੇ ਵਿਸ਼ਵਾਸ ਸਾਧਾਰਣ ਮਨੁੱਖ ਦੀ ਪਰਵਿਰਤੀ ਬਣ ਚੁੱਕਾ ਹੈ ਅਤੇ ਇੱਕ ਰੱਬ ਦੀ ਹੋਂਦ ਦਾ ਵਿਸ਼ਵਾਸ ਮਨੁੱਖ ਦੀ ਇਸ ਅਰਜਿਤ ਜਾਂ ਸਿੱਖੀ ਹੋਈ (acquired) ਪਰਵਿਰਤੀ ਦੇ ਸਹਾਰੇ ਕਾਇਮ ਹੈ ਅਤੇ ਇੱਕ ਰੱਬ ਦੇ ਸਹਾਰੇ ਦੇਵੀ ਦੇਵਤੇ ਅਤੇ ਜਿੰਨ ਭੂਤ ਵੀ ਕਾਇਮ ਹਨ।"

"ਉਹ ਕਿਵੇਂ, ਪਾਪਾ ?"

"ਜਿਵੇਂ ਪਾਥੀਆਂ ਦਾ ਗਹੀਰਾ ਬਣਦਾ ਹੈ ਅਤੇ ਗਹੀਰੇ ਵਿੱਚ ਪਾਥੀਆਂ ਸੁਰੱਖਿਅਤ ਹੁੰਦੀਆਂ ਹਨ। ਜੇ ਇੱਕ ਰੱਬ ਦੇ ਰੂਪ ਵਿਚਲੀ ਪਰਾਸਰੀਰਕ ਹੋਂਦ ਵਾਸਤਵਿਕ ਹੈ ਤਾਂ ਦੇਵਤਿਆਂ ਦੇ ਰੂਪ ਵਿੱਚ ਪਰਾਸਰੀਰਕ ਹੋਂਦ ਅਸੰਭਵ ਕਿਉਂ ? ਕੋਈ ਸਮਾਂ ਸੀ ਜਦੋਂ ਮਨੁੱਖ ਮਾਤ੍ਰ ਲਈ ਦੇਵਤੇ ਅਜੋਕੇ ਰੱਬ ਨਾਲੋਂ ਵੀ ਜ਼ਿਆਦਾ ਵਾਸਤਵਿਕ ਸਨ। ਉਨ੍ਹਾਂ ਦੀ ਹੋਂਦ ਉੱਤੇ ਸ਼ੱਕ ਕਰਨ ਵਾਲੇ ਮਨੁੱਖੀ ਸਮਾਜ ਏਨੀ ਮਿਹਨਤ ਅਤੇ ਏਨਾ ਧਨ ਖ਼ਰਚ ਕੇ ਉਨ੍ਹਾਂ ਲਈ ਮੰਦਰ ਨਾ ਉਸਾਰਦੇ, ਉਨ੍ਹਾਂ ਲਈ ਆਪਣੇ ਬੱਚਿਆਂ ਤਕ ਦੀਆਂ ਬਲੀਆਂ ਦੇਣ ਲਈ ਤਿਆਰ ਨਾ ਹੁੰਦੇ। ਅਜੋਕੀ ਤਰਕਸ਼ੀਲ ਮਾਨਸਿਕਤਾ ਨੂੰ ਰੱਬ ਦੀ ਹੋਂਦ ਓਨੀ ਵਾਸਤਵਿਕ ਪ੍ਰਤੀਤ ਹੋ ਹੀ ਨਹੀਂ ਸਕਦੀ ਜਿੰਨੀ ਵਾਸਤਵਿਕ, ਅੱਜ ਤੋਂ ਪੰਜਾਹ ਹਜ਼ਾਰ ਸਾਲ ਪਹਿਲਾਂ ਦੀ ਅਵਿਕਸਿਤ ਮਾਨਸਿਕਤਾ ਨੂੰ ਦੇਵਤਿਆਂ ਅਤੇ ਜਿੰਨਾਂ ਭੂਤਾਂ ਦੀ ਹੋਂਦ ਪ੍ਰਤੀਤ ਹੁੰਦੀ ਸੀ। ਜਿੰਨਾ ਫਲਸਫਾ, ਪਿਛਲੇ ਡੇਢ-ਦੋ ਹਜ਼ਾਰ ਸਾਲਾਂ ਵਿੱਚ, ਰੱਬ ਦੀ ਹੋਂਦ ਨੂੰ ਵਾਸਤਵਿਕ, ਲਾਭਦਾਇਕ, ਸੁਖਾਵੀਂ ਅਤੇ ਸੁੰਦਰ ਸਿੱਧ ਕਰਨ ਲਈ ਉਪਜਾਇਆ, ਵਿਕਸਾਇਆ ਅਤੇ ਪਰਚਾਰਿਆ ਗਿਆ ਹੈ, ਉਸ ਦੀ ਮਮਤਾ, ਕਰੁਣਾ, ਦਇਆ ਅਤੇ ਦਾਨਵੀਰਤਾ ਦੇ ਜਿੰਨੇ ਦਾਅਵੇ ਕੀਤੇ ਗਏ ਹਨ, ਅਤੇ ਉਸ ਦੀ ਸ਼ਕਤੀ, ਕਠੋਰਤਾ, ਅਟੱਲਤਾ ਅਤੇ ਭਿਆਨਕਤਾ ਦੇ ਜਿੰਨੇ ਪਰਮਾਣ ਪੇਸ਼ ਕੀਤੇ ਗਏ ਹਨ, ਉਨ੍ਹਾਂ ਦੀ ਹਾਜ਼ਰੀ ਵਿੱਚ ਉਸ ਦੀ ਹੋਂਦ ਉੱਤੇ ਸ਼ੱਕ ਕਰਨ ਦਾ ਖ਼ਿਆਲ ਵੀ ਸਾਧਾਰਣ ਮਨੁੱਖ ਲਈ ਸੰਭਵ ਨਹੀਂ। ਪਰਾਸਰੀਰਕ ਦਾ ਵਿਸ਼ਵਾਸ ਅਗਿਆਨ, ਭੈ, ਅਸੁਰੱਖਿਆ ਅਤੇ ਥੁੜ ਵਿੱਚੋਂ ਉਪਜਿਆ ਹੋਇਆ ਹੈ। ਜਿੰਨਾ ਚਿਰ ਮਨੁੱਖੀ ਜੀਵਨ ਵਿੱਚ ਇਹ ਸਭ ਕੁਝ ਕਾਇਮ ਹੈ, ਓਨਾ ਚਿਰ ਇਹ ਵਿਸ਼ਵਾਸ ਵੀ ਬਣਿਆ ਰਹੇਗਾ।"

"ਪਾਪਾ, ਯੂਨਾਨੀ ਵਿਚਾਰ ਵਿੱਚ ਪਦਾਰਥਵਾਦੀ ਵਿਚਾਰ ਵੀ ਓਨੀ ਹੀ ਪਰਬਲ ਹੈ, ਜਿੰਨੀ ਪਰਾਸਰੀਰਕ ਵਿਚਾਰਧਾਰਾ, ਫਿਰ ਵੀ.....।"

"ਮੈਂ ਤੁਹਾਡੀ ਗੱਲ ਸਮਝ ਲਈ ਹੈ, ਬੇਟਾ ਜੀ। ਕੇਵਲ ਵਿਚਾਰ ਰਾਹੀਂ ਹੀ ਨਹੀਂ ਸਗੋਂ ਕਰਮ ਰਾਹੀਂ ਵੀ ਪਰਾਸਰੀਰਕ ਦਾ ਭਰਮ ਤੋੜਨ ਦਾ ਜਤਨ, ਭਾਰਤ ਵਿੱਚ ਬੁੱਧ ਰਾਹੀਂ ਕੀਤਾ ਗਿਆ ਸੀ। ਉਹ ਸਫਲ ਨਹੀਂ ਸੀ ਹੋਇਆ। ਜੀਵਨ ਨੂੰ ਸੁਰੱਖਿਆ, ਸੁਖ, ਸਤਿਕਾਰ ਅਤੇ ਸਥਿਰਤਾ ਇਹ ਚਾਰ ਚੀਜ਼ਾਂ, ਏਸੇ ਕ੍ਰਮ ਵਿੱਚ ਲੋੜੀਂਦੀਆਂ ਹਨ। ਸੁਰੱਖਿਅਤ ਹੋਣ ਪਿੱਛੋਂ ਜੀਵਨ ਸੁਖੀ ਹੋਣਾ ਚਾਹੁੰਦਾ ਹੈ। ਸੁਖੀ ਹੋਣ ਪਿੱਛੋਂ ਸਤਿਕਾਰ ਦੀ ਅਤੇ ਸਤਿਕਾਰ ਤੋਂ ਮਗਰੋਂ ਇਹ ਮੰਗ ਕਰਦਾ ਹੈ ਕਿ ਜੀਵਨ ਦੀ ਇਹ ਸਮੱਗਰੀ ਮੇਰੇ ਕੋਲੋਂ ਖੁੱਸੇ ਨਾ। ਭਾਰਤੀ ਵਿਚਾਰ ਵਿੱਚ ਅਸੀਂ ਇਨ੍ਹਾਂ ਲੋੜਾਂ ਨੂੰ ਕਾਮ, ਅਰਥ, ਧਰਮ ਅਤੇ ਮੋਕਸ਼ ਦਾ ਨਾਂ ਦਿੰਦੇ ਸਾਂ। ਕਾਮ, ਅਰਥ ਅਤੇ ਧਰਮ ਦੀ ਸਹਾਇਤਾ ਅਤੇ ਸਥਾਪਨਾ ਨਾਲ ਸੁਰੱਖਿਆ, ਸੁਖ ਅਤੇ ਸਤਿਕਾਰ ਦੇ ਮਨੋਰਥਾਂ

ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਇਸ ਵਿੱਚ ਬੁੱਧ ਦੀ ਜੀਵਨ ਜਾਚ, ਪਰਾਸਰੀਰਕ ਦਾ ਤਿਆਗ ਅਤੇ ਪਦਾਰਥਵਾਦ ਦਾ ਸਮਰਥਨ ਕਰਦੀ ਸੀ। ਜਦੋਂ ਅਜੇਹੀ ਕਿਸੇ ਵਿਵਸਥਾ ਦਾ ਸਵਾਲ ਪੈਦਾ ਹੁੰਦਾ ਸੀ ਜਿਹੜੀ ਸੁਰੱਖਿਆ, ਸੁਖ ਅਤੇ ਸਤਿਕਾਰ ਨੂੰ ਸਾਧਾਰਣ ਜੀਵਨ ਦਾ ਅਤੁੱਟ, ਸਦੀਵੀ ਅਤੇ ਅਟੱਲ ਅੰਗ ਬਣਾ ਦੇਵੇ, ਉਦੋਂ ਬੁੱਧ ਨੂੰ ਸੰਸਾਰ ਵਿੱਚ ਅਜੇਹੀ ਵਿਵਸਥਾ ਦੀ ਸੰਭਾਵਨਾ ਨਹੀਂ ਸੀ ਦਿਸਦੀ। ਉਹ ਨਿਰਵਾਣ ਵਿੱਚ ਇਸ ਸੰਭਾਵਨਾ ਦੀ ਸਾਕਾਰਤਾ ਵੇਖਦਾ ਅਤੇ ਦੱਸਦਾ ਸੀ। ਉਹ ਪਰਾਸਰੀਰਕ ਦੀ ਸ਼ਰਨ ਲੈਣ ਲਈ ਮਜਬੂਰ ਸੀ। ਸੰਸਾਰਕ ਜੀਵਨ ਨੂੰ ਸੁਰੱਖਿਅਤ, ਸੁਖੀ ਅਤੇ ਸਤਿਕਾਰਯੋਗ ਬਣਾਉਣ ਲਈ ਉਸ ਨੂੰ ਕਿਸੇ ਪਰਮਾਤਮਾ ਜਾਂ ਦੇਵਤੇ ਦੀ ਲੋੜ ਮਹਿਸੂਸ ਨਹੀਂ ਸੀ ਹੁੰਦੀ। ਨਿਰਵਾਣ ਵੀ ਮਨੁੱਖ ਦੇ ਆਪਣੇ ਜਤਨ ਦਾ ਸਿੱਟਾ ਸੀ; ਪਰੰਤੂ, ਇਹ ਓਨੀ ਸੰਸਾਰਕ ਨਹੀਂ ਸੀ। ਇਹ ਮੁਕਤੀ ਵਾਂਗ ਜੀਵਨ ਤੋਂ ਪਰੇ ਦੀ ਚੀਜ਼ ਸੀ। ਜੇ ਇਹ ਈਸ਼ਵਰ ਜਾਂ ਰੱਬ ਦੀ ਥਾਂ ਲੈ ਵੀ ਲੈਂਦੀ ਤਾਂ ਠੀਕ ਉਵੇਂ ਹੀ ਇੱਕ ਪਰਾਸਰੀਰਕ ਵਿਸ਼ਵਾਸ ਵਿੱਚੋਂ ਦੂਜੇ ਪਰਾਸਰੀਰਕ ਵਿਸ਼ਵਾਸ ਵਿੱਚ ਪਰਵੇਸ਼ ਕਰਨ ਵਰਗੀ ਗੱਲ ਹੋ ਜਾਣੀ ਸੀ। ਜਿਵੇਂ ਦੇਵਤਿਆਂ ਦੇ ਵਿਸ਼ਵਾਸ ਵਿੱਚੋਂ ਨਿਕਲ ਕੇ ਇੱਕ ਈਸ਼ਵਰ ਦੇ ਵਿਸ਼ਵਾਸ ਵਿੱਚ ਚਲੇ ਜਾਣ ਨਾਲ ਹੋਈ।"

"ਤਾਂ ਫਿਰ ਈਸ਼ਵਰ ਜਾਂ ਰੱਬ ਦੇ ਵਿਸ਼ਵਾਸ ਦੀ ਥਾਂ ਕੌਣ ਲੈ ਸਕਦਾ ਹੈ ?

"ਵਿਅਕਤੀ ਵਿੱਚ ਗਿਆਨ ਦਾ ਵਾਧਾ ਅਤੇ ਜੀਵਨ ਵਿੱਚ ਸੁਰੱਖਿਆ, ਸੁਖ, ਸਤਿਕਾਰ ਅਤੇ ਇਨ੍ਹਾਂ ਦੀ ਪ੍ਰਾਪਤੀ ਅਤੇ ਇਨ੍ਹਾਂ ਦੀ ਕਾਇਮੀ ਦਾ ਭਰੋਸਾ। ਜਿਨ੍ਹਾਂ ਸਮਾਜਾਂ ਦੇ ਜੀਵਨ ਨੂੰ ਇਹ ਕੁਝ ਪ੍ਰਾਪਤ ਹੋ ਰਿਹਾ ਹੈ ਉਨ੍ਹਾਂ ਵਿੱਚ ਪਰਾਸਰੀਰਕ ਦਾ ਵਿਸ਼ਵਾਸ ਘਟਦਾ ਜਾ ਰਿਹਾ ਹੈ।"

"ਵੀਰ ਜੀ, ਇਸ ਕੰਮ ਵਿੱਚ ਪਿਆਰ ਕਿਹੜੀ ਭੂਮਿਕਾ ਨਿਭਾਅ ਸਕਦਾ ਹੈ ?"

"ਸ਼ਾਇਦ ਕੋਈ ਨਹੀਂ। ਪਿਆਰ ਆਪਣੇ ਆਪ ਵਿੱਚ ਕੋਈ ਵੱਖਰੀ ਵਸਤੂ ਨਹੀਂ। ਇਹ ਸਾਡੇ ਸੰਬੰਧਾਂ ਵਿਚਲੀ ਸਰਲਤਾ, ਸੁੱਛਤਾ, ਸਦੀਵਤਾ ਅਤੇ ਸੱਚਾਈ ਦਾ ਨਾਂ ਹੈ। ਇੱਕ ਸ਼ਬਦ ਵਿੱਚ ਇਹ ਕਹਿ ਸਕਦੇ ਹਾਂ ਕਿ ਇਹ ਸਾਡੇ ਸੰਬੰਧਾਂ ਵਿਚਲੀ ਸਾਤਵਿਕਤਾ ਜਾਂ ਸੁੰਦਰਤਾ ਦਾ ਨਾਂ ਹੈ। ਇਹ ਸਾਡੇ ਸੰਬੰਧਾਂ ਵਿੱਚੋਂ ਸਹਾਇਤਾ, ਨਿਮ੍ਰਤਾ, ਮਮਤਾ, ਮਿੱਤਰਤਾ, ਹਮਦਰਦੀ ਆਦਿਕ ਦੇ ਰੂਪ ਵਿੱਚ ਅਭਿਵਿਅੰਜਿਤ[1] ਹੁੰਦਾ ਹੈ। ਅਸੀਂ ਇਸ ਦੀ ਅਭਿਵਿਅੰਜਨਾ ਵੇਖ ਸਕਦੇ ਹਾਂ; ਪਰ, ਸੰਬੰਧਾਂ ਵਿੱਚੋਂ ਕਿਸੇ ਇੱਕ ਅੰਸ਼ ਨੂੰ ਬਾਹਰ ਕੱਢ ਕੇ ਇਹ ਨਹੀਂ ਕਹਿ ਸਕਦੇ ਕਿ ਇਹ 'ਪਿਆਰ' ਹੈ। ਜੀਵਾਂ ਵਿੱਚ 'ਜੀਵਨ' ਨਾਂ ਦੀ ਕੋਈ ਚੀਜ਼ ਹੈ। ਇਸ ਦੀ ਅਭਿਵਿਅੰਜਨਾ ਤੋਂ ਅਸੀਂ ਭਲੀ-ਭਾਂਤ ਜਾਣੂੰ ਹਾਂ। ਇਹ ਰੁੱਖਾਂ ਵਿੱਚ ਹੋਰ ਪ੍ਰਕਾਰ ਦੀ ਹੈ, ਪਸ਼ੂਆਂ ਵਿੱਚ ਹੋਰ ਪ੍ਰਕਾਰ ਦੀ ਅਤੇ ਮਨੁੱਖਾਂ ਵਿੱਚ ਹੋਰ ਵੀ ਵੱਖਰੀ। ਅਸੀਂ ਜੀਵਨ ਦੀ ਅਭਿਵਿਅੰਜਨਾ ਵੇਖਦੇ ਹਾਂ; ਪਰ, ਕਿਸੇ ਜੀਵ ਵਿੱਚੋਂ 'ਜੀਵਨ' ਕੱਢ ਕੇ ਇਹ ਨਹੀਂ ਕਹਿ ਸਕਦੇ ਕਿ 'ਇਹ ਇਸ ਜੀਵ ਦਾ ਜੀਵਨ ਹੈ।' ਜੀਵਨ ਆਪਣੀ ਅਭਿਵਿਅੰਜਨਾ ਤੋਂ ਵੱਖਰੀ ਕੋਈ ਹੋਂਦ ਨਹੀਂ। ਉਸੇ ਤਰ੍ਹਾਂ ਪਿਆਰ ਸਾਡੇ ਸੰਬੰਧਾਂ ਦੀ ਸਾਤਵਿਕਤਾ ਤੋਂ ਵੱਖਰੀ ਕੋਈ ਹੋਂਦ ਨਹੀਂ। ਇਹ ਸਾਤਵਿਕਤਾ ਜਾਂ ਸੁੰਦਰਤਾ ਉਸ ਜੀਵਨ ਵਿੱਚ ਆਪਣੇ ਆਪ ਅਭਿਵਿਅੰਜਿਤ ਹੋਵੇਗੀ ਜਿਸ ਨੂੰ ਸੁਰੱਖਿਆ, ਸੁਖ, ਸਤਿਕਾਰ ਅਤੇ ਇਨ੍ਹਾਂ ਦੀ ਸਦੀਵਤਾ ਦਾ ਪੂਰਾ ਭਰੋਸਾ ਹੋਵੇਗਾ। ਇਹ ਸਭ ਕੁਝ ਕਾਮ ਦੇ ਉਦਾਤੀਕਰਨ (ਗੌਰਵਮਈ ਬਣਾਉਣ—Sublimation), ਅਰਥ ਦੀ ਬਹੁਲਤਾ, ਅਰਥ-ਵੰਡ ਦੀ ਨਿਆਏਪੂਰਣਤਾ ਅਤੇ ਧਰਮ (ਕਾਨੂੰਨ–Law) ਦੀ ਸਤਿਕਾਰਯੋਗ ਸਥਾਪਨਾ ਨਾਲ ਹੋ ਸਕਦਾ ਹੈ।"

1. Manifest—ਪਰਗਟ।

"ਵੀਰ ਜੀ, ਰੇਸ਼ਮ ਤੋਂ ਸ਼ੁਰੂ ਹੋ ਕੇ ਅਸੀਂ ਕਈ ਵੰਨ-ਸੁਵੰਨੇ ਮੋੜ ਕੱਟਦੇ ਹੋਏ ਰੱਬ ਪਿਆਰ ਅਤੇ ਸਦਾਚਾਰ ਤਕ ਪੁੱਜ ਗਏ ਹਾਂ। ਆਪਣੇ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ ਅਸਾਂ ਪਲੇਟੋ ਦੀ ਸੋਚ ਦੇ ਕਿਸੇ ਪੱਖ ਉੱਤੇ ਵਿਚਾਰ ਕਰਨੀ ਸੀ, ਉਸ ਪਾਸੇ ਧਿਆਨ ਨਹੀਂ ਗਿਆ।"

"ਮੈਂ ਅੱਜ ਉਸ ਦੇ ਇੱਕ-ਈਸ਼ਵਰਵਾਦ ਉੱਤੇ ਝਾਤੀ ਪਾਉਣੀ ਚਾਹੁੰਦਾ ਸਾਂ। ਪਹਿਲਾਂ ਪਲੇਟੋ ਦੀ ਗੱਲ ਕਰਦੇ ਤਾਂ ਪਿੱਛੋਂ ਇਹ ਸਭ ਕੁਝ ਕਹਿਣਾ ਪੈਣਾ ਸੀ ਜੋ ਅਸਾਂ ਪਹਿਲਾਂ ਕਹਿ ਲਿਆ ਹੈ। ਹੁਣ ਇਹ ਸਭ ਕੁਝ ਕਹਿ ਲੈਣ ਪਿੱਛੋਂ ਉਸ ਦੀ ਗੱਲ ਕਰ ਲੈਂਦੇ ਹਾਂ। ਜਦੋਂ ਬਾਕੀ ਸੱਭਿਅ ਸਮਾਜਾਂ ਦੇ ਲੋਕ ਆਪਣੇ ਬਹੁਤ ਸਾਰੇ ਪੂਜ ਦੇਵਤਿਆਂ ਵਿੱਚੋਂ ਕਿਸੇ ਇੱਕ ਵੱਡੇ ਸਾਰੇ ਸ਼ਕਤੀਸ਼ਾਲੀ ਦੇਵਤੇ ਨੂੰ ਇੱਕ ਰੱਬ ਕਹਿ ਕੇ ਸਰਵ-ਸੱਤਾ ਅਧਿਕਾਰ ਦੇਣ ਦੀ ਵਿਉਂਤ ਬਣਾ ਰਹੇ ਸਨ ਉਦੋਂ ਯੂਨਾਨੀ ਸੋਚਵਾਨ ਰੱਬ ਜਾਂ ਗਾੱਡ ਸ਼ਬਦ ਨੂੰ ਕਈ ਵੱਖ ਵੱਖ ਰੂਪਾਂ ਵਿੱਚ ਵਰਤਦੇ ਹੋਏ ਇਕੀਸ਼ਵਰਵਾਦ ਦੇ ਵਿਸ਼ਵਾਸ ਦਾ ਵਿਖਾਲਾ ਪਾ ਰਹੇ ਸਨ। ਪ੍ਰਸਿੱਧ ਯੂਨਾਨੀ ਨਾਟਕਕਾਰ ਸੋਫੋਕਲੀਜ਼ ਦੇ ਕੁਝ ਨਾਟਕਾਂ ਵਿੱਚੋਂ ਉਦਾਹਰਣ ਦੇ ਕੇ ਆਪਣੀ ਗੱਲ ਸਪੱਸ਼ਟ ਕਰਨ ਦਾ ਯਤਨ ਕਰਦਾ ਹਾਂ। ਉਸ ਦਾ ਇੱਕ ਨਾਟਕ ਹੈ—ਓਡੀਪੱਸ ਐਟ ਕੋਲੋਨੱਸ (Oedipus at Colonus)। ਉਸ ਵਿੱਚ ਇੱਕ ਵਾਰਤਾਲਾਪ ਹੈ 'ਕੇਵਲ ਦੇਵਤੇ ਹੀ ਅਮਰ ਹੁੰਦੇ ਹਨ'—(only the gods have ageless and deathless life)। ਏਥੇ ਦੇਵਤੇ ਸ਼ਬਦ ਦਾ ਅਰਥ ਹੈ ਬਹੁਤ ਸਾਰੇ ਦੇਵਤੇ। ਉਸ ਦਾ ਦੂਜਾ ਨਾਟਕ ਹੈ—ਐਂਟੀਗੋਨ (Antigone) ਜਿਸ ਦਾ ਇੱਕ ਵਾਰਤਾਲਾਪ ਹੈ 'ਇਹ ਹੁਕਮ ਰੱਬੋਂ ਨਹੀਂ ਆਇਆ' (That order did not come from God)। ਏਥੇ ਗਾੱਡ (God) ਸ਼ਬਦ ਦਾ ਅਰਥ ਹੈ ਇਸ ਸੰਸਾਰ ਦੇ ਪ੍ਰਬੰਧ ਨੂੰ ਆਪਣੇ ਹੁਕਮ ਵਿੱਚ ਤੋਰਨ ਵਾਲੀ ਅਗੰਮ ਅਗੋਅ ਸ਼ਕਤੀ। ਉਸ ਦਾ ਇੱਕ ਹੋਰ ਨਾਟਕ ਹੈ—'ਕਿੰਗ ਓਡੀਪੱਸ (King Oedipus) ਜਿਸ ਵਿੱਚ ਵਾਕ ਹੈ—'ਵੱਟਐਵਰ ਦ ਗਾੱਡ ਰਿਕੁਆਇਰਜ਼ ਇਟ ਸ਼ੈੱਲ ਬੀ ਡੰਨ' (Whatever the god requires it shall be done)। ਏਥੇ 'ਦ ਗਾੱਡ' ਦਾ ਭਾਵ ਹੈ—ਕੋਈ ਇੱਕ ਦੇਵਤਾ, ਅਪੋਲੋ ਜਾਂ ਜ਼ੇਅੱਸ, ਜਿਹੜਾ ਕੋਈ ਇੱਕ ਹੁਕਮ ਦੇ ਰਿਹਾ ਹੈ। ਓਡੀਪੱਸ ਐਟ ਕੋਲੋਨੱਸ ਵਿੱਚ ਐਂਟੀਗੋਨ ਕਹਿੰਦੀ ਹੈ—'ਓ ਜ਼ੀਅੱਸ (ਜਾਂ ਜ਼ੇਅੱਸ), ਇਹ ਮੈਂ ਕੀ ਵੇਖ ਰਿਹਾ ਹਾਂ! (O Zeus ! What do I see ?)। ਏਥੇ ਜ਼ੇਅੱਸ ਦੀ ਥਾਂ ਕੋਈ ਹੋਰ ਨਾਂ ਵੀ ਵਰਤਿਆ ਜਾ ਸਕਦਾ ਹੈ। ਅਸੀਂ ਭਾਰਤੀ ਲੋਕ ਅਜੇਹੀ ਥਾਂ ਉੱਤੇ 'ਹੇ ਰਾਮ' ਆਦਿਕ ਸ਼ਬਦ ਵਰਤਦੇ ਹਾਂ। ਇਹ ਕਿਸੇ ਇੱਕ ਦੇਵਤੇ ਦਾ ਨਾਂ ਵੀ ਹੋ ਸਕਦਾ ਹੈ ਅਤੇ ਇੱਕ, ਅਗੋਅ, ਅਗੰਮ ਸ਼ਕਤੀ ਦਾ ਨਾਂ ਵੀ ਹੋ ਸਕਦਾ ਹੈ। ਏਥੇ ਰੱਬ ਦੇ ਨਾਂ ਨੂੰ ਮਹੱਤਵ ਦੇਣ ਦੀ ਥਾਂ ਮਨ ਦੀ ਹੈਰਾਨੀ ਦੇ ਭਾਵ ਦੀ ਪਹਿਲ ਹੈ। ਜਦੋਂ ਯੂਨਾਨੀ ਨਾਟਕ ਦਾ ਕੋਈ ਪਾਤਰ ਇਹ ਆਖੇ ਕਿ 'ਇਹ ਕਿਸੇ ਦੇਵਤੇ ਦੀ ਕਾਰ-ਗੁਜ਼ਾਰੀ ਹੈ (Some God is behind it)' ਉਦੋਂ 'ਸਮ ਗਾੱਡ' ਜਾਂ 'ਏ ਗਾੱਡ' ਦਾ ਭਾਵ ਹੁੰਦਾ ਹੈ—ਮੰਦੀ ਭਾਵਨਾ ਵਾਲਾ ਕੋਈ ਦੇਵਤਾ।"

"ਵੀਰ ਜੀ, ਬਹੁਤ ਬੁੱਧੀਸ਼ਾਲੀ ਸਨ ਯੂਨਾਨ ਦੇ ਲੋਕ।"

"ਸਾਰੇ ਨਹੀਂ। ਥੋੜੇ ਜਿਹੇ। 'ਜਨ-ਸਾਧਾਰਣ ਉਚੇਚੇ ਤਿਉਹਾਰ ਸਮੇਂ, ਜੀਉਂਦੇ ਪਸ਼ੂ ਨੂੰ ਆਪਣੇ ਦੰਦਾਂ, ਨਹੁੰਆਂ ਆਦਿਕ ਨਾਲ ਮਾਰ ਕੇ ਕੱਚਾ ਖਾਂਦੇ ਸਨ'—ਇਹ ਵੀ ਤੁਸਾਂ ਸੁਣਿਆ ਹੋਇਆ ਹੈ। ਸ਼ਾਇਦ ਭੁੱਲ ਗਏ ਹੋ। ਸ਼ਾਇਦ ਇਹ ਵੀ ਭੁੱਲ ਗਏ ਹੋ ਤੁਸੀਂ ਕਿ—ਪਲੇਟੋ ਤੋਂ ਡੇਢ ਕੁ ਸੌ ਸਾਲ ਪਹਿਲਾਂ ਜ਼ੀਨੋਫੇਨੀਜ਼ (Xenophanes) ਨਾਂ ਦਾ ਇੱਕ ਯੂਨਾਨੀ ਵਿਚਾਰਵਾਨ ਰੱਬ ਅਤੇ ਦੇਵਤਿਆਂ ਦੀ ਮਨੁੱਖੀ ਰੂਪ ਵਿੱਚ ਕੀਤੀ ਗਈ ਕਲਪਨਾ ਦਾ ਮਖ਼ੌਲ ਉਡਾਉਂਦਾ ਹੁੰਦਾ ਸੀ। ਉਹ ਕਹਿੰਦਾ ਸੀ—'ਈਥੋਪੀਆ ਦੇ ਲੋਕ ਆਪਣੇ ਦੇਵਤਿਆਂ ਨੂੰ ਕਾਲੇ ਰੰਗ ਅਤੇ

ਫੀਨ੍ਹੇ ਨੱਕ ਵਾਲੇ ਚਿਤਰਦੇ ਹਨ। ਥ੍ਰੇਸ਼ੀਅਨ ਲੋਕਾਂ ਦੇ ਦੇਵਤੇ ਗੋਰੇ ਰੰਗ ਅਤੇ ਨੀਲੀਆਂ ਅੱਖਾਂ ਵਾਲੇ ਹਨ। ਜੇ ਬਲਦ ਜਾਂ ਘੋੜੇ ਹੱਥਾਂ ਪੈਰਾਂ ਵਾਲੇ ਪਸ਼ੂ ਹੁੰਦੇ ਅਤੇ ਆਦਮੀਆਂ ਵਾਂਗ ਕਲਾਕਾਰ ਹੁੰਦੇ ਤਾਂ ਰੱਬ ਇੱਕ ਵੱਡਾ ਸਾਰਾ ਬਲਦ ਜਾਂ ਘੋੜਾ ਹੋਣਾ ਸੀ।'[1] ਉਹ ਰੱਬ ਨੂੰ ਨਿਰਾਕਾਰ ਮੰਨਦਾ ਸੀ ਅਤੇ ਰੱਬ ਦੀ ਸਰਗੁਣ ਜਾਂ ਮਨੁੱਖ-ਰੂਪੀ ਕਲਪਨਾ ਨੂੰ ਸਾਧਾਰਣ ਸੂਝ-ਬੂਝ ਵਾਲੇ ਆਮ ਲੋਕਾਂ ਜਾਂ ਬਾਲ-ਬੁੱਧ ਲੋਕਾਂ ਦੇ ਵਿਸ਼ਵਾਸ ਦੀ ਵਸਤੂ ਦੱਸਦਾ ਸੀ। ਪਲੇਟੋ ਨੇ ਇਨ੍ਹਾਂ ਸਾਰੇ ਸਿਧਾਂਤਾਂ ਦੇ ਸੰਜੋਗ-ਵਿਯੋਗ ਵਿੱਚੋਂ ਸੂਝਵਾਨ ਲੋਕਾਂ ਲਈ ਆਈਡੀਅਲਇਜ਼ਮ ਦਾ ਸਿਧਾਂਤ ਘੜਿਆ ਅਤੇ ਆਮ ਲੋਕਾਂ ਲਈ ਦੇਵਤਿਆਂ ਅਤੇ ਮਾਨਵ-ਰੂਪ ਰੱਬ (Personified God) ਦੇ ਕਈ ਰੰਗ-ਬਿਰੰਗੇ ਖਿਲੌਣੇ ਜਿਉਂ ਦੇ ਤਿਉਂ ਕਾਇਮ ਰਹਿਣ ਦਿੱਤੇ। ਪਲੇਟੋ ਲਈ ਇਨ੍ਹਾਂ ਸਿਧਾਂਤਾਂ ਦੀ ਸੱਚਾਈ ਦਾ ਓਨਾ ਮਹੱਤਵ ਨਹੀਂ ਸੀ ਜਿੰਨਾ ਇਨ੍ਹਾਂ ਦੀ ਉਪਯੋਗਿਤਾ (Utility) ਦਾ ਸੀ। ਪਲੇਟੋ ਦੀ ਇਸ ਵਿਉਂਤ ਨੂੰ ਈਸਾਈਅਤ ਨੇ ਭਲੀ-ਭਾਂਤ ਅਪਣਾਇਆ ਅਤੇ ਰੋਮਨ ਐਂਮਪਾਇਰ ਨੇ ਈਸਾਈਅਤ ਰਾਹੀਂ ਇਸ ਦਾ ਭਰਪੂਰ ਲਾਭ ਲਿਆ। ਗਿੱਬਨ ਵਰਗੇ ਇਤਿਹਾਸਕਾਰਾਂ ਦਾ ਇਹ ਵੀ ਖ਼ਿਆਲ ਹੈ ਕਿ ਈਸਾਈਅਤ ਰੋਮਨ ਰਾਜ ਦੇ ਪਤਨ ਦੇ ਕਾਰਨਾਂ ਵਿੱਚੋਂ ਇੱਕ ਹੈ। ਜੇ ਇਹ ਗੱਲ ਠੀਕ ਵੀ ਹੋਵੇ ਤਾਂ ਇਸ ਵਿੱਚ ਪਲੇਟੋ ਦੇ ਇਕੀਸ਼ਵਰਵਾਦ ਦਾ ਕੋਈ ਦਖ਼ਲ ਨਹੀਂ। ਗਿੱਬਨ ਨੇ ਈਸਾਈਅਤ ਵਿਚਲੀ ਪਿਆਰ ਭਾਵਨਾ ਨੂੰ ਰੋਮਨ ਐਂਪਾਇਰ ਦੇ ਪਤਨ ਦਾ ਕਾਰਨ ਦੱਸਿਆ ਹੈ। ਇਹ ਪਿਆਰ ਭਾਵਨਾ ਬੁੱਧ ਮੱਤ ਵਿੱਚੋਂ ਗਈ ਸੀ। ਇਸ ਭਾਵਨਾ ਉੱਤੇ ਉਹੋ ਦੋਸ਼ ਲਾਇਆ ਜਾਂਦਾ ਹੈ ਜਿਹੜਾ ਭਾਰਤ ਦੇ ਕੁਝ ਅਖੌਤੀ ਸਿਆਣੇ ਬੁੱਧ ਮੱਤ ਦੀ ਅਹਿੰਸਾ ਉੱਤੇ ਲਾਉਂਦੇ ਹਨ।"

"ਵੀਰ ਜੀ, 'ਨਿਰਾਕਾਰ'—ਦਾਰਸ਼ਨਿਕ ਬਾਰੀਕੀ ਨਾਲ ਓਤ ਪੋਤ ਹੈ, 'ਸਾਕਾਰ'—ਨੇਕੀ ਅਤੇ ਬਦੀ ਦੇ ਸਦੀਵੀ ਮਹਾਂਭਾਰਤ ਦਾ ਵਿਸ਼ਵਾਸੀ ਹੈ। ਇਨ੍ਹਾਂ ਦੋਹਾਂ ਤੋਂ ਪਰੇ ਕੀ ਹੈ ?

"ਬੁੱਧ ਨੇ ਨਿਰੀਸ਼ਵਰਵਾਦ ਨੂੰ ਇਨ੍ਹਾਂ ਤੋਂ ਪਰੇ ਦੀ ਗੱਲ ਆਖਿਆ ਸੀ; ਪਰੰਤੂ, ਇਹ ਗੱਲ ਆਪਣੇ ਸਮੇਂ ਤੋਂ ਦੋ ਢਾਈ ਹਜ਼ਾਰ ਸਾਲ ਪਹਿਲਾਂ ਆਖੀ ਗਈ ਸੀ। ਬਾਲ-ਬੁੱਧ ਮਨੁੱਖਤਾ ਇਸ ਨੂੰ ਅਪਣਾਅ ਨਹੀਂ ਸੀ ਸਕੀ। ਮੁੜ ਉਹੋ ਅਧਿਆਤਮਵਾਦ ਅਤੇ ਪਰਲੋਕਵਾਦ ਹਾਵੀ ਹੋ ਗਿਆ।"

"ਸਾਰੇ ਮਨੁੱਖ ਫਿਲਾਸਫਰ ਨਹੀਂ ਬਣ ਸਕਦੇ, ਵੀਰ ਜੀ।"

"ਇਸ ਦੀ ਲੋੜ ਵੀ ਨਹੀਂ। ਜਿਸ ਤਰ੍ਹਾਂ ਵਿਕਾਸ ਕਰ ਕੇ ਮਨੁੱਖ ਦੀ ਜੰਗਲੀ ਮਾਨਸਿਕਤਾ 'ਅਧਿਆਤਮਕ ਮਾਨਸਿਕਤਾ' ਬਣ ਗਈ ਸੀ, ਉਸੇ ਤਰ੍ਹਾਂ ਵਿਕਾਸ ਕਰ ਕੇ ਅਧਿਆਤਮਕ ਮਾਨਸਿਕਤਾ 'ਵਿਗਿਆਨਕ ਮਾਨਸਿਕਤਾ' ਬਣ ਜਾਵੇਗੀ। ਵਿਗਿਆਨਕ ਮਾਨਸਿਕਤਾ ਨੂੰ ਪਰਾਸਰੀਰਕ, ਪਰਲੋਕਵਾਦ ਅਤੇ ਅਧਿਆਤਮਵਾਦ ਦੇ ਤਿਆਗ ਲਈ ਫ਼ਲਸਫ਼ੇ ਦੀ ਲੋੜ ਨਹੀਂ।"

"ਵੀਰ ਜੀ, ਮੇਰੇ ਇੱਕ ਮਿੱਤ੍ਰ, ਮੱਘਰ ਸਿੰਘ ਪਨੇਸਰ ਦੀ ਗੱਲ ਸਾਡੀਆਂ ਇਨ੍ਹਾਂ ਗੱਲਾਂ ਨਾਲ ਰਲਦੀ ਮਿਲਦੀ ਹੈ। ਉਹ ਕਹਿੰਦੇ ਹਨ, "ਸਾਡੇ ਧਰਮਾਂ ਦੇ ਆਗੂ ਜਾਂ ਤਾਂ ਰੱਬ ਕੋਲੋਂ ਨਹੀਂ ਆਏ ਜਾਂ ਰੱਬ ਇੱਕ ਨਹੀਂ।" ਮੈਂ ਪੁੱਛਿਆ, "ਇਹ ਕਿਵੇਂ ?" ਕਹਿਣ ਲੱਗੇ, "ਇਹ ਰੱਬ ਦੇ ਕਈ ਨਾਂ ਦੱਸਦੇ ਹਨ। ਇੱਕ ਰੱਬ ਦਾ ਇੱਕੋ ਨਾਂ ਨਹੀਂ ਦੱਸਦੇ।" ਮੈਂ ਕਿਹਾ, "ਨਾਵਾਂ

---

1. ਉਸ ਦੀ ਇਸ ਦਲੀਲ ਨੂੰ ਸਵਾਮੀ ਵਿਵੇਕਾਨੰਦ ਜੀ ਨੇ ਵੀ ਅਮਰੀਕਾ ਵਿੱਚ ਲੈਕਚਰ ਕਰਦਿਆਂ ਇਸ ਰੂਪ ਵਿੱਚ ਵਰਤਿਆ ਸੀ—'ਜੇ ਬਿੱਲੀਆਂ, ਬਿੱਲੇ ਫਿਲਾਸਫਰ ਹੁੰਦੇ ਤਾਂ ਰੱਬ ਇੱਕ ਬਹੁਤ ਵੱਡਾ ਬਿੱਲਾ ਹੋਣਾ ਸੀ।'

ਦਾ ਵੱਖ ਵੱਖ ਹੋਣਾ ਸਮੇਂ, ਸਥਾਨ ਅਤੇ ਬੋਲੀ ਕਰਕੇ ਹੈ।" ਉਹ ਕਹਿਣ ਲੱਗੇ, "ਮੈਂ ਪੰਜਾਬ, ਕੀਨੀਆ ਅਤੇ ਇੰਗਲੈਂਡ ਵਿੱਚ ਵੱਸਿਆ ਹਾਂ, ਮੇਰਾ ਨਾਂ ਹਰ ਥਾਂ ਮੱਘਰ ਸਿੰਘ ਹੀ ਰਿਹਾ ਹੈ। ਜੇ ਅੱਜ ਤੋਂ ਦੋ ਚਾਰ ਹਜ਼ਾਰ ਸਾਲ ਪਿੱਛੋਂ ਕਿਸੇ ਕਾਰਨ ਮੇਰਾ ਨਾਂ ਲੈਣਾ ਪੈ ਜਾਵੇ ਤਾਂ ਵੀ ਮੱਘਰ ਸਿੰਘ ਹੀ ਆਖਿਆ ਜਾਵੇਗਾ। ਅਜੇਹੀ ਕੋਈ ਬੋਲੀ ਨਹੀਂ ਜਿਸ ਵਿੱਚ ਮੇਰੇ ਨਾਂ ਨੂੰ ਜਿਉਂ ਦਾ ਤਿਉਂ (ਮੱਘਰ ਸਿੰਘ) ਨਾ ਲਿਖਿਆ ਜਾ ਸਕੇ। ਮੈਨੂੰ ਜਾਣਨ ਵਾਲੇ ਕਿਤੇ ਵੀ ਚਲੇ ਜਾਣ, ਕਿਸੇ ਭਾਸ਼ਾ ਵਿੱਚ ਵੀ ਬੋਲਣ, ਮੇਰਾ ਨਾਉਂ ਮੱਘਰ ਸਿੰਘ ਹੀ ਦੱਸਣਗੇ।"

"ਤੁਹਾਡੇ ਅਨੁਭਵੀ ਮਿੱਤ੍ਰ ਨੇ ਸਾਡੀ ਲੰਮੀ ਚੌੜੀ ਸਿਰ ਖਪਾਈ ਨੂੰ ਬਹੁਤ ਹੀ ਸਰਲਤਾ ਅਤੇ ਸੰਖੇਪਤਾ ਦਾ ਰੂਪ ਦੇ ਦਿੱਤਾ ਹੈ। ਤੁਸਾਂ ਇਹ ਗੱਲ ਪਹਿਲਾਂ ਕਿਉਂ ਨਾ ਦੱਸੀ ?"

ਸਨੇਹਾ।

# 49

ਈਸ਼ਰ ਭਵਨ,
13.11.97.

ਸਨੇਹਾ,

ਜਦੋਂ ਤੋਂ ਮੈਨੂੰ ਬੱਚਿਆਂ ਦੀ ਸਪੁਰਦਦਾਰੀ ਦਿੱਤੀ ਗਈ ਹੈ, ਉਦੋਂ ਤੋਂ ਸੋਨਲ ਅਤੇ ਰੂਪਲ ਮੇਰੇ ਨਾਲ ਕੰਮ ਕਰਦੀਆਂ ਹਨ। ਜਾਂ ਇਉਂ ਆਖੋ ਕਿ ਮੈਨੂੰ ਸੋਨਲ ਅਤੇ ਰੂਪਲ ਦੇ ਨੇੜ ਵਿੱਚ ਰਹਿਣ ਦਾ ਸੁਭਾਗ ਪ੍ਰਾਪਤ ਹੈ। ਉਨ੍ਹਾਂ ਨੇ ਹੁਣੇ ਹੁਣੇ ਕਾਲਜ ਜਾਣਾ ਸ਼ੁਰੂ ਕੀਤਾ ਹੈ। ਉਮਰ ਅਤੇ ਵਿੱਦਿਆ ਵਿਚ ਮੇਰੇ ਨਾਲੋਂ ਛੋਟੀਆਂ ਹੁੰਦੀਆਂ ਹੋਈਆਂ ਉਹ ਦੋਵੇਂ, ਬੱਚਿਆਂ ਨਾਲ ਵਰਤਣ ਵਿੱਚ ਮੇਰੇ ਨਾਲੋਂ ਵੱਡੀਆਂ ਹਨ। ਇਹ ਜਾਣਦਿਆਂ ਹੋਇਆਂ ਵੀ ਕਿ ਉਨ੍ਹਾਂ ਦਾ ਵਤੀਰਾ ਮੇਰੇ ਨਾਲੋਂ ਕਿਤੇ ਜ਼ਿਆਦਾ ਠੀਕ ਜਾਂ ਦੋਸ਼-ਰਹਿਤ ਹੁੰਦਾ ਹੈ, ਉਹ ਮੇਰਾ ਆਦਰ ਕਰਦੀਆਂ ਹਨ ਅਤੇ ਇਉਂ ਵਿਚਰਦੀਆਂ ਹਨ ਜਿਵੇਂ ਮੇਰੀ ਆਗਿਆ ਦਾ ਪਾਲਨ ਉਨ੍ਹਾਂ ਲਈ ਵੱਡੇ ਮਾਣ ਵਾਲੀ ਗੱਲ ਹੋਵੇ। ਕਦੇ ਕਦੇ ਉਹ 'ਨਹੀਂ, ਦੀਦੀ, ਇਉਂ ਨਹੀਂ, ਇਉਂ,' ਕਹਿ ਕੇ ਮੇਰੀ ਭੁੱਲ ਦੀ ਸੋਧ ਵੀ ਕਰਦੀਆਂ ਹਨ। ਮੈਂ ਸੋਚਦੀ ਹਾਂ ਕਿ ਯੂਨੀਵਰਸਿਟੀ ਦੀ ਪੜ੍ਹਾਈ ਨਾਲੋਂ ਕਿਸੇ ਵਿਅਕਤੀ ਦੀ ਦੇਖ-ਰੇਖ ਵਿੱਚ ਜੀਵਿਆ ਹੋਇਆ ਜੀਵਨ ਬਹੁਤਾ ਮਹੱਤਵ ਰੱਖਦਾ ਹੈ। ਏਹੋ ਗੱਲ ਕੱਲ੍ਹ ਨੀਲੂ ਜੀ ਨਾਲ ਵੀ ਕੀਤੀ। ਉਨ੍ਹਾਂ ਨੇ ਕਿਹਾ, "ਕੀ ਆਮ ਲੋਕ ਤੇਰੀ ਇਸ ਗੱਲ ਨਾਲ ਸਹਿਮਤ ਹੋਣਗੇ ?"

ਉਨ੍ਹਾਂ ਦਾ ਪ੍ਰਸ਼ਨ ਸੁਣ ਕੇ ਮੈਂ ਸੋਚੀਂ ਪੈ ਗਈ ਅਤੇ ਸੋਚ ਕੇ ਉੱਤਰ ਦਿੱਤਾ, "ਸਾਰੇ ਤਾਂ ਨਹੀਂ ਹੋਣਗੇ ਤਾਂ ਵੀ ਬਹੁਤ ਸਾਰੇ ਹੋਣਗੇ।"

"ਜਿਹੜੇ ਸਹਿਮਤ ਹੋਣਗੇ, ਕੀ ਉਹ ਇਹ ਵੀ ਮੰਨਣਗੇ ਕਿ ਕਿਸੇ ਚੰਗੇ ਵਿਅਕਤੀ ਦੀ ਸੁਹਬਤ ਹੀ ਕਾਫ਼ੀ ਹੈ ਅਤੇ ਕਾਲਜ ਜਾਂ ਯੂਨੀਵਰਸਿਟੀ ਵਿੱਚੋਂ ਪ੍ਰਾਪਤ ਕੀਤੀ ਜਾਣ ਵਾਲੀ ਵਿੱਦਿਆ ਦੀ ਕੋਈ ਲੋੜ ਨਹੀਂ ?"

"ਨਹੀਂ, ਇਉਂ ਨਹੀਂ ਕਹਿਣਗੇ।"

"ਭਲਾ ਕਿਉਂ ?"

"ਸ਼ਾਇਦ ਇਸ ਲਈ ਕਿ ਸ਼ਿਸ਼ਟਾਚਾਰ ਜੀਵਨ ਦਾ ਇੱਕ ਹਿੱਸਾ ਹੈ, ਸਮੁੱਚਾ ਜੀਵਨ ਨਹੀਂ।"

"ਪੁਸ਼ਪੇ, ਤੇਰੇ ਇੱਕ ਨਿੱਕੇ ਜਹੇ ਉੱਤਰ ਵਿਚ ਲੰਮੀਂ ਚੌੜੀ ਵਿਆਖਿਆ ਲਪੇਟੀ ਪਈ ਹੈ। ਇਹ ਉੱਤਰ ਦੱਸਦਾ ਹੈ ਕਿ ਤੂੰ ਇਹ ਜਾਣ ਲਿਆ ਹੈ ਕਿ ਤੂੰ ਸੋਨਲ ਅਤੇ ਰੂਪਲ ਦੇ ਸ਼ਿਸ਼ਟਾਚਾਰ ਤੋਂ ਪ੍ਰਭਾਵਿਤ ਹੋਈ ਹੈਂ, ਤੂੰ ਇਹ ਜਾਣ ਲਿਆ ਹੈ ਕਿ ਸ਼ਿਸ਼ਟਾਚਾਰ ਮਨੁੱਖੀ ਵਿਵਹਾਰ ਦੀ ਸੁੰਦਰਤਾ ਹੁੰਦਾ ਹੋਇਆ ਵੀ ਜੀਵਨ ਦਾ ਇੱਕੋ ਇੱਕ ਉਦੇਸ਼ ਨਹੀਂ ਹੈ, ਤੂੰ ਇਹ

ਜਾਣ ਲਿਆ ਹੈ ਕਿ ਇਸ ਗੁੰਝਲਦਾਰ ਸਮਾਜਕ-ਆਰਥਕ-ਰਾਜਨੀਤਕ-ਵਾਪਾਰਕ ਢਾਂਚੇ ਵਿੱਚ ਕਿੰਨੀਆਂ ਸਿਖਲਾਈਆਂ ਅਤੇ ਪੜ੍ਹਾਈਆਂ ਦੀ ਲੋੜ ਹੈ ਅਤੇ ਤੂੰ ਇਹ ਜਾਣ ਲਿਆ ਹੈ ਕਿ ਕਿਸੇ ਇੱਕ ਚੰਗੇ ਵਿਅਕਤੀ ਦੀ ਸੁਹਬਤ ਸਾਨੂੰ ਸਮੁੱਚੇ ਜੀਵਨ ਦਾ ਸੁੰਦਰ ਅਤੇ ਲਾਭਦਾਇਕ ਅੰਗ ਬਣਾਉਣ ਦੀ ਸਮਰੱਥਾ ਨਹੀਂ ਰੱਖਦੀ। ਕੀ ਸੋਨਲ ਅਤੇ ਰੂਪਲ ਵੀ ਇਹ ਸਭ ਕੁਝ ਸਮਝ ਕੇ ਏਨੀ ਸੰਖੇਪਤਾ ਨਾਲ ਕਹਿ ਸਕਦੀਆਂ ਹਨ ?"

"ਸ਼ਾਇਦ ਨਹੀਂ।"

"ਕਿਉਂ ਨਹੀਂ ?"

"ਸਾਨੂੰ ਵਿੱਦਿਆ ਦੀ ਲੋੜ ਹੈ।"

"ਪੁਸ਼ਪੇ, ਜਿਨ੍ਹਾਂ ਸਮਿਆਂ ਵਿੱਚ ਕਿਸੇ ਮਹਾਂਪੁਰਸ਼ ਦੀ ਸੰਗਤ ਦਾ ਮਹੱਤਵ ਮੰਨਿਆ ਜਾਂਦਾ ਸੀ, ਉਦੋਂ ਜੀਵਨ ਸਰਲ ਸੀ; ਜੀਵਨ ਦਾ ਮਨੋਰਥ ਇਸ ਜੀਵਨ ਦੀ ਸੁੰਦਰਤਾ ਅਤੇ ਸਤਿਕਾਰ ਨਹੀਂ ਸੀ, ਵਿੱਦਿਆ ਦੇ ਸਾਧਨ ਉਪਲਬਧ ਨਹੀਂ ਸਨ। ਨਤੀਜਾ ਇਹ ਸੀ ਕਿ ਵਿੱਦਿਆ ਕੁਝ ਇਕ ਰਿਸ਼ੀਆਂ, ਤਿਆਗੀਆਂ ਅਤੇ ਮੁਕਤੀ-ਅਭਿਲਾਖੀਆਂ ਲਈ ਹੁੰਦੀ ਸੀ। ਉਹ ਕਿਸੇ ਅਜੇਹੇ ਰਿਸ਼ੀ ਜਾਂ ਮਹਾਂਪੁਰਖ ਦੀ ਸੰਗਤ ਵਿੱਚ ਰਹਿ ਕੇ ਸੰਸਾਰ ਤੋਂ ਮੁਕਤ ਹੋਣ ਦੀਆਂ ਵਿਧੀਆਂ ਦੀ ਸਿਖਲਾਈ ਅਤੇ ਅਭਿਆਸ ਕਰਨ ਦੇ ਨਾਲ-ਨਾਲ ਜੜੀਆਂ ਬੂਟੀਆਂ ਅਤੇ ਦਵਾਈਆਂ ਦਾ ਗਿਆਨ ਵੀ ਇਕੱਠਾ ਕਰਦੇ ਸਨ। ਪਹਿਲਾਂ ਪਹਿਲ ਯੂਨਾਨੀ ਵਿਚਾਰਵਾਨਾਂ ਨੇ ਵਿੱਦਿਆ ਨੂੰ ਸਿਆਸਤ ਨਾਲ ਸੰਬੰਧਤ ਕਰ ਕੇ, ਤਿਆਗੀਆਂ ਦੀ ਮਾਲਕੀ ਵਿੱਚੋਂ ਕੱਢ ਕੇ, ਸੰਸਾਰੀਆਂ ਦੀ ਸੇਵਾ ਵਿੱਚ ਲਾਇਆ ਪ੍ਰਤੀਤ ਹੁੰਦਾ ਹੈ। ਉਸ ਸਮੇਂ ਤੋਂ ਲੈ ਕੇ ਹੁਣ ਤਕ ਵਿੱਦਿਆ ਜੀਵਨ ਦੀਆਂ ਲੋੜਾਂ ਅਤੇ ਜੀਵਨ ਦੀਆਂ ਸੋਚਾਂ ਅਨੁਸਾਰ ਵਧਦੀ ਵਿਕਸਦੀ ਆਈ ਹੈ। ਮੱਧਕਾਲ ਵਿੱਚ ਪੁਰਾਣੇ ਸਮਿਆਂ ਦੇ ਰਿਸ਼ੀ ਪ੍ਰੋਹਿਤ ਬਣ ਗਏ ਸਨ। ਸਾਰੇ ਮੱਧਕਾਲ ਵਿੱਚ ਵਿੱਦਿਆ ਪ੍ਰੋਹਿਤਾਂ ਅਤੇ ਰਾਜਕੁਮਾਰਾਂ ਤਕ ਸੀਮਿਤ ਸੀ। ਯੌਰਪ ਵਿੱਚ ਰਿਨੇਸਾਂਸ ਨੇ ਵਿੱਦਿਆ ਨੂੰ ਪ੍ਰੋਹਿਤਾਂ (ਪਾਦਰੀਆਂ) ਅਤੇ ਰਾਜਕੁਮਾਰਾਂ ਦੇ ਘੇਰੇ ਵਿੱਚੋਂ ਕੱਢ ਕੇ ਸੱਭਿਅ ਅਤੇ ਸਾਊ ਲੋਕਾਂ ਲਈ ਸ਼ਿਸ਼ਟਾਚਾਰ ਦਾ ਸਾਧਨ ਬਣਾ ਦਿੱਤਾ। ਹੁਣ ਉੱਨਤ ਜਮਹੂਰੀ-ਸਨਅਤੀ ਦੇਸ਼ਾਂ ਵਿੱਚ ਵਿੱਦਿਆ ਆਮ ਜਨਤਾ ਨੂੰ ਨਾਨਾ ਪ੍ਰਕਾਰ ਦੇ ਕਾਰੋਬਾਰਾਂ ਅਤੇ ਕਿੱਤਿਆਂ ਦੀ ਸਿਖਲਾਈ ਦਿੰਦੀ ਹੈ।"

"ਨੀਲੂ ਜੀ, ਤੁਹਾਡੀ ਗੱਲ ਦਾ ਭਾਵ ਇਹ ਨਿਕਲਦਾ ਹੈ ਕਿ ਯੌਰਪ ਵਿੱਚ ਵਿੱਦਿਆ ਦਾ ਵਿਸਥਾਰ ਰਿਨੇਸਾਂਸ ਨੇ ਨਹੀਂ ਸਗੋਂ ਮਸ਼ੀਨੀ ਕ੍ਰਾਂਤੀ ਨੇ ਕੀਤਾ ਹੈ।"

"ਅਸੀਂ ਰਿਨੇਸਾਂਸ ਅਤੇ ਮਸ਼ੀਨੀ ਕ੍ਰਾਂਤੀ ਨੂੰ ਬਹੁਤਾ ਵੱਖਰਾ ਨਹੀਂ ਕਰ ਸਕਦੇ, ਕਿਉਂਜੁ ਇਨ੍ਹਾਂ ਦਾ ਸਮਾਂ ਇੱਕ ਦੂਜੀ ਤੋਂ ਦੂਰ ਨਹੀਂ। ਪ੍ਰੰਤੂ, ਸੁਭਾਅ ਵਜੋਂ ਦੋਵੇਂ ਵੱਖ-ਵੱਖ ਚੀਜ਼ਾਂ ਸਨ। ਜੇ ਮਸ਼ੀਨੀ ਕ੍ਰਾਂਤੀ ਹੋਂਦ ਵਿੱਚ ਨਾ ਆਉਂਦੀ ਤਾਂ ਹੁਣ ਤਕ ਵਿੱਦਿਆ ਦਾ ਏਨਾ ਫੈਲਾਉ ਨਹੀਂ ਸੀ ਹੋਣਾ ਅਤੇ ਇਸ ਨੇ ਕੁਝ ਕੁ ਰੱਜੇ-ਪੁੱਜੇ ਲੋਕਾਂ ਲਈ ਕੁਝ ਕੁ ਕਲਾਵਾਂ ਅਤੇ ਸ਼ਿਸ਼ਟਾਚਾਰ ਦੀ ਸਿਖਲਾਈ ਤਕ ਸੀਮਿਤ ਰਹਿਣਾ ਸੀ।"

"ਨੀਲੂ ਜੀ, ਸਾਡੇ ਦੇਸ਼ ਵਿੱਚ ਮਸ਼ੀਨੀ ਕ੍ਰਾਂਤੀ ਨਹੀਂ ਹੋਈ, ਪਰ ਵਿੱਦਿਆ ਦਾ ਪਰਸਾਰ ਹੋਇਆ ਹੈ। ਉਹ ਕਿਵੇਂ ?"

"ਜਿਸ ਪੁਸ਼ਪੀ ਨੇ ਇਕ ਸੰਖੇਪ ਉੱਤਰ ਨਾਲ ਆਪਣੀ ਬੌਧਕ ਤੀਖਣਤਾ ਦਾ ਸਬੂਤ, ਹੁਣੇ ਹੁਣੇ, ਦਿੱਤਾ ਸੀ ਉਸ ਕੋਲੋਂ ਇਸ ਪ੍ਰਸ਼ਨ ਦੀ ਆਸ ਨਹੀਂ ਸੀ। ਤਾਂ ਵੀ ਉੱਤਰ ਹਾਜ਼ਰ ਹੈ। ਮਸ਼ੀਨੀ ਕ੍ਰਾਂਤੀ ਦਾ ਪ੍ਰਭਾਵ ਸਾਰੇ ਸੱਭਿਅ ਸੰਸਾਰ ਉੱਤੇ ਪਿਆ ਹੈ। ਇਸ ਨੇ ਵੱਡੇ ਵੱਡੇ

ਸਾਮਰਾਜਾਂ ਨੂੰ ਜਨਮ ਦਿੱਤਾ ਹੈ ਅਤੇ ਸਾਮਰਾਜੀ ਪ੍ਰਬੰਧਾਂ ਨੇ ਵਿੱਦਿਆ ਦੇ ਪ੍ਰਸਾਰ ਦੀ ਲੋੜ ਪੈਦਾ ਕੀਤੀ ਹੈ। ਹੁਣ ਜਦੋਂ ਸਾਮਰਾਜਾਂ ਦੀ ਟੁੱਟ-ਭੱਜ ਹੋ ਕੇ ਸਾਰੀ ਦੁਨੀਆ ਉੱਤੇ ਕੌਮੀ ਸਰਕਾਰਾਂ ਹੋਂਦ ਵਿੱਚ ਆ ਗਈਆਂ ਹਨ, ਉਦੋਂ ਹਰ ਦੇਸ਼ ਸਨਅਤ ਦੇ ਮਹੱਤਵ ਨੂੰ ਪਛਾਣਨ ਲੱਗ ਪਿਆ ਹੈ ਅਤੇ ਇਸ ਪਛਾਣ ਕਾਰਨ ਵਿੱਦਿਆ ਦੇ ਪ੍ਰਸਾਰ ਦੀਆਂ ਸੰਭਾਵਨਾਵਾਂ ਵਾਸਤਵਿਕਤਾਵਾਂ ਵਿਚ ਬਦਲ ਰਹੀਆਂ ਹਨ।"

"ਚਲੋ ਅੱਛਾ ਹੂਆ ਕਾਮ ਆ ਗਈ ਕਮ-ਅਕਲੀ ਅਪਨੀ। ਹੁਣ ਇਹ ਦੱਸੋ ਕਿ ਸਾਡੇ ਦੇਸ਼ ਵਿੱਚ ਰਿਨੇਸਾਂਸ ਵਰਗੀ ਕੋਈ ਗੱਲ ਹੋਈ ਜਾਂ ਨਹੀਂ ? ਜੇ ਨਹੀਂ ਤਾਂ ਸਨਅਤੀ ਕ੍ਰਾਂਤੀ ਦੇ ਪ੍ਰਭਾਵਾਂ ਨੂੰ ਕਬੂਲਣ ਵਿੱਚ ਸਾਡਾ ਦੇਸ਼ ਯੌਰਪ ਦੇ ਦੇਸ਼ਾਂ ਨਾਲੋਂ ਕਿਨ੍ਹਾਂ ਗੱਲਾਂ ਵਿੱਚ ਵੱਖਰਾ ਰਿਹਾ ਹੈ ?"

ਸਨੇਹਾ, ਮੇਰਾ ਇਹ ਪ੍ਰਸ਼ਨ ਸੁਣ ਕੇ ਨੀਲੂ ਜੀ ਨੇ ਨੀਝ ਲਾ ਕੇ ਮੇਰੇ ਵੱਲ ਵੇਖਿਆ ਅਤੇ ਆਖਿਆ, "ਪ੍ਰਸ਼ਪੇ, ਰਿਨੇਸਾਂਸ ਦੇ ਤਿੰਨ ਹਿੱਸੇ ਹਨ। ਪਹਿਲੇ ਹਿੱਸੇ ਨੂੰ ਅੱਠਵੀਂ ਨੌਵੀਂ ਸਦੀ ਦੀ ਰਿਨੇਸਾਂਸ ਆਖਿਆ ਜਾਂਦਾ ਹੈ। ਇਸ ਸਮੇਂ ਪੱਛਮੀ ਯੌਰਪ ਦੇ ਸਕੂਲਾਂ ਵਿੱਚ ਲਾਤੀਨੀ ਭਾਸ਼ਾ ਦੇ ਸਨਾਤਨ ਸਾਹਿਤ ਦੀ ਪੜ੍ਹਾਈ ਸ਼ੁਰੂ ਹੋਈ। ਬਾਈਬਲ ਤੋਂ ਬਾਹਰਲੇ ਗ੍ਰੰਥਾਂ ਨੂੰ ਪੜ੍ਹਾਉਣ ਦਾ ਖ਼ਿਆਲ ਇੱਕ ਤਰ੍ਹਾਂ ਦਾ ਇਨਕਲਾਬੀ ਖ਼ਿਆਲ ਸੀ। ਬਾਰ੍ਹਵੀਂ ਸਦੀ ਦੇ ਪੁਨਰ ਜਾਗਰਣ ਜਾਂ ਪੁਨਰ ਜਨਮ ਸਮੇਂ ਪੱਛਮੀਂ ਯੌਰਪ ਵਿੱਚ ਯੂਨੀਵਰਸਿਟੀਆਂ ਦੀ ਸਥਾਪਨਾ ਹੋਈ ਅਤੇ ਚੌਧਵੀਂ ਤੋਂ ਸੋਲ੍ਹਵੀਂ ਸਦੀ ਸਮੇਂ ਯੂਨਾਨੀ ਸਾਹਿਤ ਅਤੇ ਕਲਾ ਦਾ ਮਾਣ ਵਧਿਆ। ਇਨ੍ਹਾਂ ਤਿੰਨਾਂ ਪੜਾਵਾਂ ਉੱਤੋਂ ਹੁੰਦੀ ਹੋਈ ਉਸ ਸਮੇਂ ਦੀ ਸੋਚ ਈਸਾਈਅਤ ਦੀਆਂ ਧਾਰਮਕ ਵਲਗਣਾਂ ਟੱਪ ਕੇ ਸੰਸਾਰਕ ਜੀਵਨ ਦੀਆਂ ਲੋੜਾਂ ਅਤੇ ਪ੍ਰਾਪਤੀਆਂ ਨੂੰ ਮਹੱਤਵ ਦੇਣ ਦੀ ਰੁਚੀ ਦਾ ਸਤਿਕਾਰ ਕਰਨ ਲੱਗ ਪਈ ਅਤੇ ਬਾਈਬਲ ਦਾ ਅਲੋਚਨਾਤਮਕ ਅਧਿਐਨ ਹੋਣਾ ਆਰੰਭ ਹੋ ਗਿਆ। ਰਿਨੇਸਾਂਸ ਜਾਂ ਮਨੁੱਖੀ 'ਸੋਚ' ਦਾ ਪੁਨਰ ਜਨਮ ਦੋ ਧਰਮਾਂ ਦੀ ਟੱਕਰ ਦਾ ਨਤੀਜਾ ਨਹੀਂ ਸੀ। ਇਹ ਮਨੁੱਖੀ ਸੋਚ ਦਾ ਧਾਰਮਕ ਗ਼ਲਬੇ ਵਿਰੁੱਧ ਵਿਦ੍ਰੋਹ ਸੀ। ਭਾਰਤ ਵਿੱਚ ਭਗਤੀ ਲਹਿਰ ਦਾ ਸਮਾਂ ਰਿਨੇਸਾਂਸ ਦੇ ਸਮੇਂ ਨਾਲ ਮੇਲ ਖਾਂਦਾ ਹੈ। ਭਗਤੀ ਲਹਿਰ ਆਪਣੇ ਮੂਲ ਵਿੱਚ ਦੋ ਵੱਖ-ਵੱਖ ਪ੍ਰਕਾਰ ਦੇ ਸਮਾਜਕ ਪ੍ਰਬੰਧਾਂ ਅਤੇ ਦੋ ਵੱਖਰੀ ਕਿਸਮ ਦੇ ਅਧਿਆਤਮਕ ਵਿਸ਼ਵਾਸਾਂ ਦੀ ਆਪਸੀ ਟੱਕਰ ਸੀ। ਇਨ੍ਹਾਂ ਵਿਰੋਧੀਆਂ ਵਿੱਚੋਂ ਇੱਕ ਸ਼ਕਤੀਸ਼ਾਲੀ ਅਤੇ ਜੇਤੂ ਸੀ, ਦੂਜਾ ਬੁੱਧੀਸ਼ਾਲੀ ਅਤੇ ਹਾਰਿਆ ਹੋਇਆ ਸੀ। ਦੋਹਾਂ ਵਿੱਚ ਸਮਝੌਤਾ ਸੌਖਾ ਨਹੀਂ ਸੀ, ਨਾ ਹੀ ਸੁੰਦਰ ਅਤੇ ਸੁਖਦਾਇਕ ਸੀ। ਸ਼ਕਤੀ, ਈਰਖਾ ਅਤੇ ਕ੍ਰੋਧ ਇਬਰਾਨੀ ਇਸ਼ਟ ਦੇ ਪ੍ਰਧਾਨ ਗੁਣ ਹਨ। ਭਾਰਤੀ ਸੋਚ ਦੇ ਜਿਸ ਹਿੱਸੇ ਨੇ ਇਨ੍ਹਾਂ ਗੁਣਾਂ ਨੂੰ ਆਪਣੇ ਇਸ਼ਟ ਵਿੱਚ ਸਥਾਪਿਤ ਕਰ ਲਿਆ, ਉਸ ਨੇ ਸਮਝੌਤੇ ਦੇ ਭੁਲੇਖੇ ਵਿੱਚ ਰਜੋਗੁਣੀ (ਕਠੋਰ) ਭਾਵਾਂ ਨੂੰ ਪੂਜ ਅਤੇ ਸ੍ਰੇਸ਼ਟ ਮੰਨਣ, ਬਣਾਉਣ ਅਤੇ ਮਨਵਾਉਣ ਦੀ ਭੁੱਲ ਕਰ ਲਈ। ਭਾਰਤੀ ਸਮਾਜ ਇਸ ਭੁੱਲ ਦਾ ਨਤੀਜਾ ਭੁਗਤ ਰਹੇ ਹਨ; ਪਤਾ ਨਹੀਂ ਕਿੰਨਾ ਕੁ ਚਿਰ ਭੁਗਤਦੇ ਰਹਿਣਗੇ। ਸੋਚ ਦੇ ਜਿਸ ਹਿੱਸੇ ਨੇ ਸਮਝੌਤਾ ਨਹੀਂ ਕੀਤਾ, ਉਸ ਨੇ ਜਿਸ ਪੁਰਾਤਨਤਾ ਵੱਲ ਵੇਖਿਆ, ਉਹ ਸਮਾਜਕ ਨਾ ਹੋ ਕੇ ਅਧਿਆਤਮਕ ਸੀ। ਇਸ ਲਈ ਭਗਤੀ ਲਹਿਰ ਨੇ ਰਿਨੇਸਾਂਸ ਵਾਂਗ ਦੁਨਿਆਵੀ ਜੀਵਨ ਦੀ ਸੁੰਦਰਤਾ ਦਾ ਸਤਿਕਾਰ ਪੈਦਾ ਨਹੀਂ ਕੀਤਾ, ਸਗੋਂ ਉਸ ਦੇ ਉਲਟ ਇਸ ਦੀ ਤੁੱਛਤਾ ਅਤੇ ਨਿਰਾਰਥਕਤਾ ਦਾ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਹੈ। ਅਸੀਂ ਪੂਰਾ ਜ਼ੋਰ ਲਾ ਕੇ ਵੀ ਇਸ ਵਿਸ਼ਵਾਸ ਤੋਂ ਪਿੱਛਾ ਨਹੀਂ ਛੁਡਾ ਸਕਾਂਗੇ।"

"ਏਨੇ ਨਿਰਾਸ਼ ਨਾ ਹੋਵੋ, ਨੀਲੂ ਜੀ।"

"ਚਲੋ ਮੇਰੇ ਅੰਤਲੇ ਵਾਕ ਵਿੱਚ 'ਬਹੁਤ ਦੇਰ ਤਕ' ਦਾ ਵਾਧਾ ਕਰ ਲਵੋ। ਇਹ ਤਿੰਨ ਸ਼ਬਦ ਨਿਰਾਸ਼ਾ ਵਿੱਚ ਕੁਝ ਘਾਟਾ ਕਰ ਦੇਣਗੇ।"

"ਨੀਲੂ ਜੀ, ਇਹ ਠੀਕ ਹੈ ਭਾਰਤ ਵਿੱਚ ਵਿੱਦਿਆ, ਰਿਸ਼ੀਆਂ ਅਤੇ ਗੁਰੂ-ਕੁਲਾਂ ਵਿੱਚ ਰਹੀ ਹੈ; ਪਰ, ਛੇਤੀ ਹੀ ਇਹ ਵੱਡੀਆਂ ਵੱਡੀਆਂ ਯੂਨੀਵਰਸਿਟੀਆਂ ਦਾ ਨਿਰਮਾਣ ਕਰਨ ਦੇ ਯੋਗ ਹੋ ਗਈ ਸੀ। ਅਸੀਂ ਰਿਨੇਸਾਂਸ ਨਾਲ ਆਰੰਭ ਹੋਈ ਵਿੱਦਿਆ ਦਾ ਜ਼ਿਕਰ ਕਰਦੇ ਹੋਏ ਟੈਕਸਲਾ, ਨਾਲੰਦਾ ਅਤੇ ਸਾਰਨਾਥ ਦੇ ਮਹੱਤਵ ਤੋਂ ਇਨਕਾਰ ਨਹੀਂ ਕਰ ਸਕਦੇ।"

"ਵਿੱਦਿਆ ਦੀ ਗੱਲ ਕਰਦਿਆਂ ਸਾਡਾ ਧਿਆਨ ਇਸ ਲਈ ਰਿਨੇਸਾਂਸ ਵੱਲ ਜਾਂਦਾ ਹੈ ਕਿ ਇਸ ਸਮੇਂ ਸੱਭਿਅ ਸੰਸਾਰ ਦੀ ਵਿੱਦਿਆ ਰਿਨੇਸਾਂਸ ਦੀ ਉਪਜਾਈ ਹੋਈ ਵਿੱਦਿਆ ਪ੍ਰਣਾਲੀ ਨੂੰ ਹੀ ਪ੍ਰਮਾਣੀਕ ਮੰਨਦੀ ਹੈ। ਭਾਰਤੀ ਵਿੱਦਿਆ ਪ੍ਰਣਾਲੀ, ਜਿਹੜੀ ਬੁੱਧ ਧਰਮ ਦੇ ਪ੍ਰਸਾਰ ਨੇ ਉਪਜਾਈ ਸੀ, ਇਸਲਾਮੀ ਕੋਪ ਦਾ ਸ਼ਿਕਾਰ ਹੋ ਗਈ ਹੋਣ ਕਰਕੇ, ਇਤਿਹਾਸ ਦਾ ਗੌਰਵਮਈ ਅਤੇ ਸ਼ਰਮਨਾਕ ਹਿੱਸਾ ਬਣ ਚੁੱਕੀ ਹੈ—ਗੌਰਵਮਈ, ਭਾਰਤੀਆਂ ਲਈ ਅਤੇ ਸ਼ਰਮਨਾਕ ਉਨ੍ਹਾਂ ਲਈ, ਜਿਨ੍ਹਾਂ ਨੂੰ ਸ਼ਕਤੀ ਅਤੇ ਜਿੱਤ ਦੇ ਨਸ਼ੇ ਨੇ ਸੋਚਹੀਣ ਬਣਾ ਦਿੱਤਾ ਸੀ।"

"ਕੀ ਬੋਧ ਯੂਨੀਵਰਸਿਟੀਆਂ ਅਤੇ ਰਿਨੇਸਾਂਸ ਯੂਨੀਵਰਸਿਟੀਆਂ ਦੀਆਂ ਵਿੱਦਿਆ ਪ੍ਰਣਾਲੀਆਂ ਵਿੱਚ ਕੋਈ ਵਿਸ਼ੇਸ਼ ਅੰਤਰ ਸੀ, ਨੀਲੂ ਜੀ ?"

"ਜ਼ਰੂਰ ਸੀ, ਬੇਟਾ ਜੀ, ਬੋਧ ਵਿੱਦਿਆ ਪ੍ਰਣਾਲੀ ਜੇ ਜੀਵਿਤ ਰਹਿੰਦੀ ਤਾਂ, ਹੋ ਸਕਦਾ ਹੈ, ਹੁਣ ਤਕ ਆਧੁਨਿਕ ਯੂਨੀਵਰਸਿਟੀਆਂ ਦਾ ਰੂਪ ਧਾਰ ਗਈ ਹੁੰਦੀ; ਪ੍ਰੰਤੂ, ਉਸ ਸਮੇਂ ਉਹ ਵਿੱਦਿਆ ਪ੍ਰਣਾਲੀ ਬੁੱਧ ਧਰਮ ਦੇ ਪ੍ਰਚਾਰ ਅਤੇ ਨਿਰਵਾਣ ਦੇ ਉਦੇਸ਼ ਨਾਲ ਹੋਂਦ ਵਿੱਚ ਆਈ ਹੋਣ ਕਰਕੇ ਓਨੀ ਦੁਨਿਆਵੀ ਨਹੀਂ ਸੀ ਜਿੰਨੀ ਰਿਨੇਸਾਂਸ ਦੀ ਉਪਜਾਈ ਹੋਈ ਵਿੱਦਿਆ ਪ੍ਰਣਾਲੀ ਸੀ। ਭਾਰਤੀ ਅਧਿਆਤਮਵਾਦ ਆਪਣੇ ਆਪ ਵਿੱਚ ਇੱਕ ਸੁਤੰਤਰ ਵਿਚਾਰਧਾਰਾ ਬਣ ਚੁਕਾ ਹੋਣ ਕਰਕੇ, ਬੁੱਧ ਦੇ ਪਦਾਰਥਵਾਦ ਨਾਲੋਂ, ਬਹੁਤਾ ਮੰਨਣਯੋਗ ਅਤੇ ਪਸੰਦੀਦਾ ਬਣ ਚੁੱਕਾ ਸੀ। ਉਸ ਨੂੰ ਪਿੜੋਂ ਕੱਢਣਾ ਮੁਸ਼ਕਿਲ ਸੀ। ਬੁੱਧ ਨੂੰ ਪਰਲੋਕਵਾਦ ਦੇ ਰੂਪ ਵਿੱਚ ਅਧਿਆਤਮਵਾਦ ਦੀ ਸ਼ਰਨ ਲੈਣੀ ਪਈ। ਇਸ ਦੇ ਉਲਟ ਯੌਰਪੀਨ ਅਧਿਆਤਮਵਾਦ ਸੁਤੰਤਰ ਵਿਚਾਰ-ਧਾਰਾ ਨਹੀਂ ਸੀ। ਇਹ ਵਿਅਕਤੀ ਰੂਪ ਰੱਬ ਦੁਆਲੇ ਉਸਾਰੀ ਗਈ ਵਿਚਾਰਧਾਰਾ ਹੋਣ ਕਰਕੇ ਓਨੀ ਅਧਿਆਤਮਕ ਨਹੀਂ ਸੀ ਜਿੰਨੀ ਰਾਜਨੀਤਕ ਸੀ। ਰੋਮਨ ਐਮਪਰਰ ਅਤੇ ਈਸਾਈਅਤ ਦੇ ਰੱਬ ਵਿੱਚ ਬਹੁਤਾ ਫ਼ਰਕ ਨਹੀਂ ਸੀ। ਜੇ ਕੋਈ ਸੀ ਤਾਂ ਉਹ ਨਿਗਮਨੀ-ਤਰਕ ਵਿਧੀ (Deductive Logic) ਦਾ ਮੁਹਤਾਜ ਸੀ। ਕੋਪਰਨੀਕਸ, ਗੈਲੀਲਿਓ ਅਤੇ ਕੈਪਲਰ ਆਦਿਕ ਨਾਲ ਆਗਮਨੀ ਤਰਕ ਵਿਧੀ (Inductive Logic) ਦਾ ਮਹੱਤਵ ਵਧ ਜਾਣ ਕਰਕੇ ਨਿਗਮਨੀ ਤਰਕ ਵਿਧੀ ਦਾ ਦਬਦਬਾ ਘਟ ਗਿਆ ਅਤੇ ਰੋਮਨ ਐਮਪਰਰ ਈਸਾਈ ਪੋਪ ਨੂੰ ਅੱਖਾਂ ਵਿਖਾਉਣ ਲੱਗ ਪਏ। ਇਸੇ ਸਮੇਂ ਵਿੱਚ ਯੌਰਪੀਨ ਯੂਨੀਵਰਸਿਟੀਆਂ ਬਣੀਆਂ ਅਤੇ ਉਨ੍ਹਾਂ ਰਾਹੀਂ ਵਿੱਦਿਆ ਨੂੰ ਮੁਕਤੀ, ਸਵਰਗ ਅਤੇ ਆਖ਼ਰੀ ਇਨਸਾਫ਼ ਦੇ ਦਿਨ ਦੀ ਅਧਿਆਮਕਤਾ ਵਿੱਚੋਂ ਕੱਢ ਕੇ ਸੰਸਾਰਕ ਜੀਵਨ ਦੀ ਸ਼ਿਸ਼ਟਾਚਾਰਕ ਸੁੰਦਰਤਾ ਦੀ ਸੰਸਾਰਕਤਾ ਵਿੱਚ ਲਿਆਉਣ ਦੇ ਜਤਨ ਹੋਣ ਲੱਗ ਪਏ। ਈਸਾਈ-ਅਧਿਆਤਮਵਾਦ ਇਸ ਦਾ ਰਾਹ ਰੋਕਣ ਦੇ ਯੋਗ ਨਹੀਂ ਸੀ, ਇਸ ਲਈ ਰਿਨੇਸਾਂਸ ਦੀ ਵਿੱਦਿਆ ਨਿਰੋਲ ਦੁਨਿਆਵੀ ਹੋਣ ਵਿੱਚ ਸਫਲ ਹੁੰਦੀ ਗਈ ਹੈ।"

"ਮੇਰਾ ਖ਼ਿਆਲ ਹੈ ਕਿ ਸਨਅਤੀ ਕ੍ਰਾਂਤੀ ਨੇ ਵੀ ਇਸ ਕੰਮ ਵਿੱਚ ਵਿੱਦਿਆ ਦੀ ਸਹਾਇਤਾ ਕੀਤੀ ਹੈ।"

"ਸਹਾਇਤਾ ਦੇ ਨਾਲ-ਨਾਲ ਇੱਕ ਹਾਨੀ ਵੀ ਪੁਚਾਈ ਹੈ।"

"ਉਹ ਕਿਹੜੀ, ਨੀਲੂ ਜੀ ?"

"ਜਿਸ ਦਾ ਜ਼ਿਕਰ ਤੂੰ ਆਰੰਭ ਵਿੱਚ ਕੀਤਾ ਸੀ। ਤੂੰ ਸੋਨਲ ਅਤੇ ਰੂਪਲ ਦੇ ਸ਼ਿਸ਼ਟਾਚਾਰ ਤੋਂ ਏਨੀ ਪ੍ਰਭਾਵਿਤ ਹੋਈ ਸੈਂ ਕਿ ਵਿਸ਼ਵ-ਵਿਦਿਆਲਿਆਂ ਵਿੱਚ ਦਿੱਤੀ ਜਾਣ ਵਾਲੀ ਵਿੱਦਿਆ ਨੂੰ ਉਸ ਦੇ ਟਾਕਰੇ ਵਿੱਚ ਬੇ-ਲੋੜੀ ਤਕ ਕਹਿਣ ਲੱਗ ਪਈ ਸੈਂ। ਵਿੱਦਿਆ ਅਤੇ ਸ਼ਿਸ਼ਟਾਚਾਰ ਦੇ ਸੰਬੰਧ ਨੂੰ ਸਮਾਪਤ ਕਰਨ ਵਿੱਚ ਸਨਅਤੀ ਉੱਨਤੀ ਅਤੇ ਸਨਅਤੀ ਉੱਨਤੀ ਕਾਰਨ ਵਿਕਸੀ ਹੋਈ ਡਿਮਾਕ੍ਰਿਸੀ ਦਾ ਬਹੁਤ ਹੱਥ ਹੈ। ਅਜੋਕੀ ਵਿੱਦਿਆ ਵਿੱਚ, ਸਨਅਤੀ ਉੱਨਤੀ ਕਾਰਨ, ਕਾਰੋਬਾਰੀ ਸਿਖਲਾਈ ਦੀ ਏਨੀ ਭਰਮਾਰ ਹੈ ਕਿ ਮਨੁੱਖੀ ਆਚਰਣ ਦੀ ਸੁੰਦਰਤਾ ਅਤੇ ਵਿਵਹਾਰ ਦੀ ਸ਼ਿਸ਼ਟਤਾ ਵੱਲ ਧਿਆਨ ਦੇਣ ਲਈ ਸਮਾਂ ਹੀ ਨਹੀਂ ਬਚਦਾ। ਇਹ ਕੰਮ ਸੰਪੂਰਣ ਰੂਪ ਵਿੱਚ ਪਰਵਾਰਕ ਜ਼ਿੰਮੇਦਾਰੀ ਬਣ ਚੁੱਕਾ ਹੈ। ਸਨਅਤੀ ਜੀਵਨ ਵਿਚਲੀ ਤੇਜ਼ੀ ਪਰਵਾਰ-ਪ੍ਰਬੰਧ ਉੱਤੇ ਭਾਰੂ ਹੋ ਗਈ ਹੈ। ਕੰਮ, ਕਮਾਈ, ਉੱਨਤੀ ਅਤੇ ਅਮੀਰੀ ਕਾਮਿਆਂ ਦਾ ਉਦੇਸ਼ ਬਣ ਗਈ ਹੈ। ਮੁਕਾਬਲਾ ਅਤੇ ਮੁਨਾਫ਼ਾ, ਕਾਰਖ਼ਾਨੇਦਾਰਾਂ ਅਤੇ ਵਪਾਰੀਆਂ, ਦਾ ਮਨੋਰਥ ਹੈ। ਪਰਵਾਰ ਵੱਲੋਂ ਸਾਰੇ ਅਵੇਸਲੇ ਹਨ। ਆਪਣੀ ਸਲਾਮਤੀ ਦੀ ਚਿੰਤਾ ਕਰਨ ਵਾਲਾ ਪਰਵਾਰ-ਪ੍ਰਬੰਧ ਕੁਝ ਇੱਕ ਪਸ਼ੂ-ਪ੍ਰਵ੍ਰਿਤੀਆਂ ਦੀ ਸੰਤੁਸ਼ਟੀ ਦਾ ਸਾਧਨ ਮਾਤ੍ਰ ਬਣ ਕੇ ਰਹਿ ਗਿਆ ਹੈ। ਸੱਭਿਅ-ਸਮਾਜਕ ਜੀਵਨ ਦੀ ਸੁੰਦਰਤਾ ਵਿੱਚ ਵਾਧਾ ਕਰਨ ਵਾਲੀ ਸਿੱਖਿਆ ਅਤੇ ਸਿਖਲਾਈ ਦੇਣ ਦੀ ਸਮਰਥਾ ਅਜੋਕੇ ਪਰਵਾਰ ਵਿੱਚ ਨਹੀਂ ਰਹੀ। ਡਿਮਾਕ੍ਰਿਸੀ ਆਪਣੇ ਪੂਰੇ ਜਤਨ ਨਾਲ ਮਨੁੱਖ ਵਿੱਚੋਂ ਸੁਹਿਰਦਤਾ ਕੱਢ ਕੇ ਉਸ ਨੂੰ ਸਿਆਸੀ ਪਸ਼ੂ (Political Animal) ਬਣਾਉਣ ਦੇ ਆਹਰ ਵਿੱਚ ਹੈ। ਅਜੋਕਾ ਮਨੁੱਖ (ਸਿਆਸੀ ਪਸ਼ੂ) ਸ਼ਿਸ਼ਟਾਚਾਰ ਦਾ ਸਾਂਗ ਜਾਂ 'ਨਾਟਕ ਕਰਨ' ਵਿੱਚ ਮਾਹਰ ਹੈ; 'ਸ਼ਿਸ਼ਟਾਚਾਰੀ ਹੋਣਾ' ਆਪਣੀ ਕਮਜ਼ੋਰੀ ਸਮਝਦਾ ਹੈ।"

"ਭਲਾ ਇਹ ਕਿਉਂ, ਨੀਲੂ ਜੀ ?"

"ਕਿਉਂਕਿ ਡਿਮਾਕ੍ਰਿਸੀ ਅਧਿਕਾਰ-ਚੇਤਨਾ ਦੀ ਉਪਜ ਵੀ ਹੈ ਅਤੇ ਇਸ ਚੇਤਨਾ ਦੇ ਵਾਧੇ ਦਾ ਕਾਰਨ ਵੀ ਹੈ। ਸ਼ਿਸ਼ਟਾਚਾਰ ਕਰਤੱਵ ਜਾਂ ਫ਼ਰਜ਼ ਹੈ। ਅਧਿਕਾਰ ਅਤੇ ਕਰਤੱਵ ਦੋ ਵਿਰੋਧੀ ਚੇਤਨਾਵਾਂ ਹਨ। ਇੱਕ ਦਾ ਵਾਧਾ ਦੂਜੀ ਵਿੱਚ ਘਾਟਾ ਕਰਦਾ ਹੈ। ਡਿਮਾਕ੍ਰਿਸੀ ਨੇ ਮਨੁੱਖ ਦੀ ਅਧਿਕਾਰ-ਚੇਤਨਾ ਨੂੰ ਵਧਾਇਆ ਹੈ ਅਤੇ ਕਰਤੱਵ-ਕਾਮਨਾ ਨੂੰ ਘਟਾਇਆ ਹੈ। ਇੱਕ ਹੋਰ ਕਾਰਨ ਇਹ ਵੀ ਹੈ ਕਿ ਅਧਿਕਾਰ-ਚੇਤਨਾ ਰਜੋਗੁਣੀ ਚੇਤਨਾ ਹੋਣ ਕਰਕੇ ਮਨੁੱਖੀ ਪਰਵਿਰਤੀ ਬਣ ਚੁੱਕੀ ਹੈ। ਸਾਰਾ ਵਿਕਾਸ ਸੰਘਰਸ਼-ਰੂਪ ਹੈ—ਕੇਵਲ ਤਕੜੇ ਨੂੰ ਹੀ ਜੀਊਣ ਦਾ ਅਧਿਕਾਰ ਦਿੰਦਾ ਆਇਆ ਹੈ। ਲੱਖਾਂ ਸਾਲਾਂ ਦੇ ਰਜੋਗੁਣੀ ਵਿਕਾਸ ਨੇ ਰਜੋਗੁਣ ਨੂੰ ਪ੍ਰਧਾਨਤਾ ਦਿੱਤੀ ਹੋਈ ਹੈ। ਸਾਤਵਿਕਤਾ ਇੱਕ ਸਾਧਨਾ ਹੈ, ਸਿਖਲਾਈ ਹੈ, ਅਭਿਆਸ ਹੈ। ਸ਼ਿਸ਼ਟਾਚਾਰ ਸਾਤਵਿਕ ਹੋਣ ਕਰਕੇ ਸਾਧਨਾ, ਸਿਖਲਾਈ ਅਤੇ ਅਭਿਆਸ ਦੀ ਮੰਗ ਕਰਦਾ ਹੈ। ਡਿਮਾਕ੍ਰਿਸੀ ਦੇ ਯੁਗ ਵਿੱਚ ਇਹ ਚੜ੍ਹਦੇ ਪਾਣੀ ਨੂੰ ਤਰਨ ਵਾਲੀ ਗੱਲ ਹੈ।"

"ਨੀਲੂ ਜੀ, ਇਸ ਸਾਧਨਾ ਦੀ ਸਿਖਲਾਈ ਸਾਡੇ ਵਿੱਦਿਆ-ਪ੍ਰਬੰਧ ਦਾ ਜ਼ਰੂਰੀ ਅੰਗ ਕਿਉਂ ਨਹੀਂ ਹੈ ?"

"ਮੇਰੇ ਬੱਚੇ, ਤੇਰੇ ਇਸ ਸਿੱਧੇ ਸਾਦੇ ਅਤੇ ਨਿੱਕੇ ਜਹੇ ਪ੍ਰਸ਼ਨ ਦੇ ਉੱਤਰ ਵਿੱਚ ਵਿੱਦਿਆ ਦਾ ਇਤਿਹਾਸ ਅਤੇ ਵਿੱਦਿਆ ਦਾ ਦਰਸ਼ਨ, ਦੋਵੇਂ, ਸਹਿਯੋਗੀ ਹੋਣੇ ਚਾਹੀਦੇ ਹਨ। ਜੇ ਨਾ ਹੋਣ ਤਾਂ ਉੱਤਰ ਅਧੂਰਾ ਹੋਵੇਗਾ; ਜੇ ਅਧੂਰਾ ਹੋਵੇ ਤਾਂ ਤੈਨੂੰ ਆਪ ਨਿਰਪੱਖ ਹੋ ਕੇ ਵਿੱਦਿਆ ਦੇ ਦਰਸ਼ਨ ਅਤੇ ਇਤਿਹਾਸ ਨੂੰ ਵਾਚਣਾ ਪਵੇਗਾ। ਮੈਂ ਕੁਝ ਇੱਕ ਸੰਕੇਤ ਹੀ ਕਰ ਸਕਦੀ ਹਾਂ।"

"ਜੀ, ਮੈਂ ਸਮਝ ਰਹੀ ਹਾਂ।"

"ਸਭਿਅਤਾ ਦੇ ਆਰੰਭ ਤੋਂ ਹੀ ਸਰਕਾਰ ਅਤੇ ਧਰਮ ਵਿੱਦਿਆ ਦੇ ਦੋ ਦਾਅਵੇਦਾਰ ਤੁਰੇ ਆ ਰਹੇ ਹਨ। ਦੋਹਾਂ ਨੇ ਵਿੱਦਿਆ ਦੇ ਦੋ ਉਦੇਸ਼ ਚਿਤਵੇ ਹਨ। ਸਰਕਾਰ ਨਾਗਰਿਕਤਾ ਨੂੰ ਵਿੱਦਿਆ ਦਾ ਉਦੇਸ਼ ਮੰਨਦੀ ਹੈ ਅਤੇ ਧਰਮ ਵਿਅਕਤਿਕਤਾ (Individuality) ਨੂੰ। ਸਰਕਾਰਾਂ ਆਪਣੇ ਉਦੇਸ਼ ਵਿੱਚ ਬਹੁਤ ਹੱਦ ਤਕ ਸਫਲ ਹਨ। ਇਸ ਦਾ ਵੱਡਾ ਕਾਰਨ ਹੈ ਸਾਡੇ ਸਮਾਜਕ ਜੀਵਨ ਵਿੱਚ ਸਰਕਾਰੀ ਦਖ਼ਲ ਦਾ ਮਹੱਤਵ। ਇਹ ਮਹੱਤਵ ਏਨਾ ਵਧ ਗਿਆ ਹੈ ਕਿ ਹੀਗਲ ਦਾ ਇਹ ਕਥਨ ਕਿ 'ਸਰਕਾਰਾਂ ਧਰਤੀ ਉੱਤੇ ਰੱਬ ਦੀਆਂ ਪ੍ਰਤਿਨਿਧੀ ਹਨ', ਬਹੁਤ ਹੱਦ ਤਕ ਸੱਚ ਹੋ ਨਿਬੜਿਆ ਹੈ। ਇਸ ਦੇ ਨਾਲ ਨਾਲ ਧਰਮ ਜਾਂ ਅਧਿਆਤਮਵਾਦ ਦਾ ਆਪਣੇ ਪੈਂਤੜੇ ਤੋਂ ਥਿੜਕ ਜਾਣਾ ਵੀ ਓਨਾ ਹੀ ਵੱਡਾ ਕਾਰਨ ਹੈ।"

"ਮੈਂ ਤੁਹਾਡਾ ਭਾਵ ਨਹੀਂ ਸਮਝ ਸਕੀ, ਨੀਲੂ ਜੀ।"

"ਅਧਿਆਤਮਵਾਦ ਸੰਸਾਰੀਆਂ ਅਤੇ ਭਗਤਾਂ, ਗਿਆਨੀਆਂ ਅਤੇ ਮੂਰਖਾਂ, ਗ੍ਰਿਸਤੀਆਂ ਅਤੇ ਤਿਆਗੀਆਂ, ਯੋਗੀਆਂ ਅਤੇ ਭੋਗੀਆਂ, ਨਿਵਿਰਤਾਂ ਅਤੇ ਪਰਵਿਰਤਾਂ, ਨਿਗੁਰਿਆਂ ਅਤੇ ਸਗੁਰਿਆਂ ਦੀਆਂ ਦੋ ਵੰਡਾਂ ਵਿੱਚ ਵੰਡਦਾ ਆਇਆ ਹੈ ਸਾਰੀ ਮਨੁੱਖਤਾ ਨੂੰ। ਇਨ੍ਹਾਂ ਵਿੱਚੋਂ ਭਗਤ, ਗਿਆਨੀ, ਤਿਆਗੀ, ਯੋਗੀ ਅਤੇ ਨਿਵਿਰਤ ਕੋਈ ਵਿਰਲਾ ਹੁੰਦਾ ਹੈ; ਬਾਕੀ ਸਾਰੇ ਵੱਖ-ਵੱਖ ਨਾਵਾਂ ਨਾਲ ਪੁਕਾਰੀ ਜਾਣ ਵਾਲੀ ਇੱਕੋ ਸ਼੍ਰੇਣੀ ਦੇ ਮੈਂਬਰ ਹਨ। ਪਹਿਲੀ ਪ੍ਰਕਾਰ ਦੇ ਲੋਕ ਵਿਅਕਤੀ ਹਨ ਅਤੇ ਦੂਜੀ ਪ੍ਰਕਾਰ ਦੇ ਨਾਗਰਿਕ। ਅਧਿਆਤਮਵਾਦ ਅਨੁਸਾਰ ਵਿਅਕਤੀ ਉਹ ਹੈ ਜੋ ਈਸ਼ਵਰ ਨੂੰ, ਆਪਣੇ ਅਸਲੇ ਨੂੰ, ਇਸ ਅਨੇਕਤਾ ਵਿੱਚ ਵਿਆਪਕ ਏਕਤਾ ਨੂੰ ਜਾਣਨ ਦੀ ਇੱਛਾ ਅਤੇ ਲਗਨ ਵਾਲਾ ਹੈ; ਇਸ ਅਨੁਭਵ ਨੂੰ ਆਪਣੇ ਜੀਵਨ ਦਾ ਅਤੇ ਸਮੁੱਚੀ ਸ੍ਰਿਸ਼ਟੀ ਦਾ ਮਨੋਰਥ ਮੰਨਦਾ ਹੈ। ਬਾਕੀ ਸਾਰੇ ਸੰਸਾਰੀ ਹਨ, ਵਿਊਹਾਰੀ ਹਨ, ਮਾਇਆ ਦੀ ਸ਼ਤ੍ਰੰਜ ਦੇ ਮੋਹਰੇ ਹਨ, ਜੁਆਰੀ ਹਨ। ਅਜੋਕੀ ਭਾਸ਼ਾ ਵਿੱਚ ਇਨ੍ਹਾਂ ਨੂੰ ਨਾਗਰਿਕ ਆਖਿਆ ਜਾ ਸਕਦਾ ਹੈ। ਅਧਿਆਤਮਕ ਭਾਸ਼ਾ ਵਿੱਚ ਇਨ੍ਹਾਂ ਨੂੰ ਜ਼ਰਾ ਕੁ ਉਚੇਰੀ ਪ੍ਰਕਾਰ ਦੇ ਪਸ਼ੂ ਆਖਿਆ ਗਿਆ ਹੈ। ਕੁਝ ਇੱਕ ਓਪਰੇ ਜਹੇ ਅੰਤਰਾਂ ਅਤੇ ਵਖੇਵਿਆਂ ਦੇ ਬਾਵਜੂਦ ਇਹ ਸਾਰੇ ਅੰਤ੍ਰੀਵ ਤੌਰ 'ਤੇ ਇੱਕੋ ਜਹੇ ਹਨ। ਜਿਹੜੇ ਅੰਤਰ ਸਾਨੂੰ ਦਿਸਦੇ ਹਨ ਉਹ ਭੂਗੋਲਕ ਅਤੇ ਸਮਾਜਕ ਹਨ, ਮਾਨਸਿਕ ਅਤੇ ਆਤਮਕ ਨਹੀਂ ਹਨ; ਇਸ ਲਈ ਝੂਠੇ ਹਨ, ਭਰਮ ਹਨ, ਨਿਆਰੇ ਨਿਆਰੇ ਦੇਸ਼ਾਂ ਦੇ ਭੇਸਾਂ ਦੇ ਪ੍ਰਭਾਵ ਹਨ। ਮਾਨਵ ਦੀ ਜਾਤ ਜਾਂ ਜਾਤੀ ਇੱਕ ਹੈ, ਜਿਸ ਵਿੱਚ ਕੁਝ ਕੁ ਉਚੇਚੇ, ਸ੍ਰੇਸ਼ਟ ਜਾਂ ਵਿਅਕਤੀ ਹਨ; ਬਾਕੀ ਸਾਰੇ ਸਾਧਾਰਣ ਸੰਸਾਰੀ ਜਾਂ ਸਮਾਜਕ ਪਸ਼ੂ ਹਨ।"

"ਨੀਲੂ ਜੀ, ਇਹ ਪਲੇਟੋ ਦੇ ਫਿਲਾਸਫਰ, ਅਰਸਤੂ ਦੇ ਮੈਗਨੈਨੀਮੱਸ ਮੈਨ, ਹੀਗਲ ਅਤੇ ਨੀਸ਼ (ਨੀਤਸ਼ੇ) ਦੇ ਸੂਪਰਮੈਨ ਅਤੇ ਕਾਰਲਾਇਲ ਦੇ ਹੀਰੋ ਨਾਲ ਕੁਝ ਕੁਝ ਮਿਲਦੀ ਜੁਲਦੀ ਗੱਲ ਹੈ।"

"ਹਾਂ, ਕੁਝ ਕੁਝ; ਪੂਰੀ ਨਹੀਂ। ਜਾਂ ਇਉਂ ਕਹਿ ਸਕਦੇ ਹਾਂ ਕਿ ਆਰੰਭ ਵਿੱਚ ਕੁਝ ਕੁਝ ਮਿਲਦੀ ਸੀ, ਬਾਅਦ ਵਿੱਚ ਪੂਰੀ ਪੂਰੀ ਮਿਲਨ ਲੱਗ ਪਈ। ਪਹਿਲਾਂ ਪਹਿਲਾਂ ਆਤਮਾ, ਆਤਮ-ਸਾਖਿਆਤਕਾਰ, ਮੁਕਤੀ ਅਤੇ ਬ੍ਰਹਮ-ਗਿਆਨ ਆਦਿਕ ਇਸ ਵੰਡ ਦੇ ਆਧਾਰ ਸਨ। ਉਦੋਂ ਹੀਰੋ ਅਤੇ ਸੂਪਰਮੈਨ ਆਦਿਕ ਨੂੰ ਵੀ ਸਾਧਾਰਣ ਲੋਕਾਂ ਦੀ ਸ਼੍ਰੇਣੀ ਵਿੱਚ ਗਿਣਿਆ ਜਾਂਦਾ ਸੀ। ਪਲੇਟੋ ਦਾ ਫਿਲਾਸਫਰ ਬ੍ਰਹਮ ਗਿਆਨੀ ਦੇ ਵਧੇਰੇ ਨੇੜੇ ਹੋਣ ਕਰਕੇ ਵਿਅਕਤੀ ਆਖਿਆ ਜਾ ਸਕਦਾ ਹੈ। ਜਿਵੇਂ ਜਿਵੇਂ ਅਧਿਆਤਮਵਾਦ ਧਰਮਾਂ ਦਾ ਰੂਪ ਧਾਰਦਾ ਗਿਆ, ਤਿਵੇਂ ਤਿਵੇਂ 'ਆਤਮ-ਸਾਖ਼ਿਆਤਕਾਰ' ਆਦਿਕ ਦੀ ਥਾਂ ਧਾਰਮਕ ਜਥੇਬੰਦੀਆਂ ਦੇ ਉਹ ਸਰੀਰਕ ਚਿੰਨ੍ਹ

ਅਤੇ ਸਮਾਜਕ ਵਿਵਹਾਰ (ਜਾਂ ਕਰਮ-ਕਾਂਡ) ਵਧੇਰੇ ਮਹੱਤਵਪੂਰਣ ਬਣਦੇ ਗਏ ਜਿਹੜੇ ਇੱਕ ਧਾਰਮਕ ਜਥੇਬੰਦੀ ਨੂੰ ਦੂਜੀ ਜਥੇਬੰਦੀ ਨਾਲੋਂ ਨਿਖੇੜਦੇ ਸਨ। ਅੱਜ ਧਾਰਮਕ ਜਥੇਬੰਦੀਆਂ ਵਿਅਕਤੀ ਪੈਦਾ ਕਰਨ ਦੀ ਥਾਂ ਉਚੇਚੇ ਪ੍ਰਕਾਰ ਦੇ ਚਿੰਨ੍ਹਾਂ ਅਤੇ ਕਰਮ-ਕਾਂਡਾਂ ਨੂੰ ਅਪਣਾਉਣ ਵਾਲੇ ਟੋਲੇ ਜਾਂ ਨਾਗਰਿਕ ਪੈਦਾ ਕਰਦੀਆਂ ਹਨ। ਹੁਣ ਧਰਮ ਵੀ ਉਹੋ ਕੁਝ ਕਰਦੇ ਹਨ ਜੋ ਸਰਕਾਰਾਂ ਕਰਦੀਆਂ ਹਨ। ਨਾਗਰਿਕਤਾ ਉੱਤੇ ਜ਼ੋਰ ਹੈ, ਟਕਸਾਲੀਕਰਣ ਜਾਂ ਪ੍ਰਮਾਣੀਕਰਣ ਉੱਤੇ ਜ਼ੋਰ ਹੈ, ਵਿਅਕਤੀ ਨਾ ਸਰਕਾਰਾਂ ਨੂੰ ਸੁਖਾਉਂਦੇ ਹਨ, ਨਾ ਧਰਮਾਂ ਨੂੰ।"

"ਨੀਲੂ ਜੀ, ਹੁਣ ਤਕ ਦੀ ਵਿਚਾਰ ਤੋਂ ਮੈਂ ਇਹ ਸਮਝਿਆ ਹੈ ਕਿ ਨਾਗਰਿਕ ਉਹ ਹੈ, ਜੋ ਯਥਾ-ਸਥਿਤੀ (Status Que) ਦਾ ਵਿਸ਼ਵਾਸੀ ਹੈ ਅਤੇ ਵਿਅਕਤੀ ਉਹ, ਜੋ ਯਥਾ-ਸਥਿਤੀ ਨਾਲ ਅਸੰਤੁਸ਼ਟ ਹੈ।"

"ਬੇਟਾ ਜੀ, ਤੁਹਾਡੀ ਇਹ ਗੱਲ ਵੀ ਕੁਝ ਕੁਝ ਠੀਕ ਹੈ; ਪੂਰੀ ਠੀਕ ਨਹੀਂ। ਤੁਸਾਂ 'ਯਥਾ-ਸਥਿਤੀ ਦਾ ਵਿਸ਼ਵਾਸੀ' ਕਹਿ ਕੇ ਨਾਗਰਿਕ ਦੀ ਬਹੁਤ ਹੀ ਸੁੰਦਰ ਅਤੇ ਸੰਖੇਪ ਪ੍ਰੀਭਾਸ਼ਾ ਬਣਾਈ ਹੈ। ਕੋਈ ਸਮਾਂ ਸੀ ਜਦੋਂ ਯਥਾ-ਸਥਿਤੀ ਨਾਲ ਅਸੰਤੁਸ਼ਟ ਨੂੰ ਵਿਅਕਤੀ ਆਖਿਆ ਜਾਂਦਾ ਸੀ ਅਤੇ ਮਨੁੱਖ ਵਿਚਲੇ ਵਿਦ੍ਰੋਹ, ਅਵੱਲੇਪਨ ਅਤੇ ਅਸੰਤੋਸ਼ ਨੂੰ ਵਿਅਕਤਿਕਤਾ ਮੰਨਿਆ ਜਾਂਦਾ ਸੀ। ਹੁਣ ਵੀ ਸ਼ਾਇਦ ਇਉਂ ਆਖਿਆ ਜਾਂਦਾ ਹੈ ਜਾਂ ਆਖਿਆ ਜਾ ਸਕਦਾ ਹੈ। ਇਸ ਮਨੌਤ ਅਨੁਸਾਰ ਦੁਨੀਆ ਦੇ ਵੱਡੇ ਵੱਡੇ ਇਨਕਲਾਬੀਆਂ, ਜੰਗਜੂਆਂ ਅਤੇ ਜਾਬਰਾਂ ਦੇ ਨਾਲ ਨਾਲ ਕੁਝ ਇਕ ਮੁਜਰਿਮਾਂ ਅਤੇ ਮਨੋ-ਰੋਗੀਆਂ ਨੂੰ ਵੀ ਵਿਅਕਤੀ ਕਹਿਣਾ ਪਵੇਗਾ। ਡਾਕੂ ਅਤੇ ਅੱਤਵਾਦੀ ਵੀ ਵਿਅਕਤੀ ਆਖੇ ਜਾਣਗੇ। ਸਮਾਜਕ ਮਾਨਤਾਵਾਂ ਦਾ ਨਿਰਾਦਰ ਕਰਨ ਵਾਲੀ ਲੂਣਾ ਵੀ ਵਿਅਕਤੀ ਜਾਣੀ ਜਾਵੇਗੀ ਅਤੇ ਲੂਣਾ ਦੇ ਨਿੱਕੇ ਵੱਡੇ ਭੈਣ-ਭਰਾ, ਅਜੋਕੇ ਸਾਹਿਤਕਾਰ ਅਤੇ ਕਲਾਕਾਰ, ਵੀ ਏਸੇ ਪੰਗਤ ਵਿਚ ਆ ਬਿਰਾਜਣਗੇ।"

"ਤੁਹਾਡੇ ਵਿਚਾਰ ਅਨੁਸਾਰ ਅੱਜ ਵਿਅਕਤਿਕਤਾ ਕੀ ਹੈ ਅਤੇ ਵਿਅਕਤੀ ਕੌਣ ਹੈ ?"

"ਪੁਸ਼ਪੇ, ਤੇਰੇ ਪ੍ਰਸ਼ਨ ਦਾ ਉੱਤਰ ਜ਼ਰਾ ਸੋਚ ਸਮਝ ਕੇ ਦੇਣਾ ਪਵੇਗਾ। ਕਾਹਲੀ ਨਾ ਪਵੀਂ। ਅਨੇਕਤਾ ਨੂੰ 'ਭਰਮ' ਅਤੇ ਏਕਤਾ ਨੂੰ 'ਸੱਚ' ਮੰਨਣ ਦਾ ਯੁਗ ਬੀਤ ਗਿਆ ਹੈ ਜਾਂ ਬੀਤ ਜਾਣ ਵਾਲਾ ਹੈ। ਅਜੋਕੇ ਵਿਗਿਆਨਕ ਮਨੁੱਖ ਲਈ ਅਨੇਕਤਾ ਵੀ ਏਕਤਾ ਜਿੰਨਾ ਸਤਿਕਾਰਯੋਗ ਸੱਤਯ ਹੈ। ਪੰਜਾਬੀ ਦੇ ਇੱਕ ਚਿੰਤਨਸ਼ੀਲ ਕਵੀ ਸੀਹਰਾ ਜੀ ਤਾਂ ਅਨੇਕਤਾ ਦੀ ਉੱਤਮਤਾ ਦੇ ਕਾਇਲ ਪਰਤੀਤ ਹੁੰਦੇ ਹਨ। ਉਨ੍ਹਾਂ ਦਾ ਸ਼ਿਅਰ ਹੈ :

*ਜੋੜਾਂ ਜੇ ਟੁੱਟਾ ਸ਼ੀਸ਼ਾ, ਵੇਖਾਂ ਤਾਂ ਚਿਹਰਾ ਤਿੜਕੇ,*
*ਜੇ ਟੁਕੜਿਆਂ 'ਚ ਵੇਖਾਂ ਸਾਬਤ ਸਰੂਪ ਮੇਰਾ।*

ਜਿਵੇਂ ਟੁੱਟੇ ਸ਼ੀਸ਼ੇ ਵਿਚ ਵੇਖਿਆਂ ਆਪਣਾ ਚਿਹਰਾ ਸਾਫ਼ ਨਹੀਂ ਦਿਸਦਾ, ਉਵੇਂ ਹੀ ਅਨੇਕਤਾ ਵਿੱਚ ਵਿਆਪ ਰਹੀ ਏਕਤਾ ਦਾ ਅਨੁਭਵ ਨਾ ਸੌਖਾ ਹੈ, ਨਾ ਸਾਰਥਕ। ਜਿਵੇਂ ਸ਼ੀਸ਼ੇ ਦਾ ਹਰ ਟੁਕੜਾ ਆਪਣੇ ਆਪ ਵਿੱਚ ਇੱਕ ਸ਼ੀਸ਼ਾ ਹੈ ਅਤੇ ਕਿਸੇ ਵੀ ਇੱਕ ਟੁਕੜੇ ਵਿੱਚੋਂ ਕਿਸੇ ਪ੍ਰਤਿਬਿੰਬ ਨੂੰ ਸਪਸ਼ਟ ਅਤੇ ਸੰਪੂਰਣ ਰੂਪ ਵਿੱਚ ਵੇਖਿਆ ਜਾਣਾ ਸੌਖਾ ਹੈ ਉਵੇਂ ਹੀ ਅਨੇਕਤਾ ਨੂੰ ਸੱਚ ਮੰਨਿਆਂ ਜੀਵਨ ਨਾਲ ਸੁਖਾਵੀਂ ਸਾਂਝ ਸਥਾਪਤ ਕਰਨੀ ਸੌਖੀ ਹੋ ਜਾਂਦੀ ਹੈ। ਅਨੇਕਤਾ ਵਿੱਚ ਏਕਤਾ ਦਾ ਅਨੁਭਵ ਕਿਸੇ ਵਿਰਲੇ ਦੀ ਇਜਾਰੇਦਾਰੀ (Monopoly) ਹੈ। ਅਨੇਕਤਾ ਹਰ ਸਾਧਾਰਣ ਮਨੁੱਖ ਦਾ ਸਾਧਾਰਣ ਅਨੁਭਵ ਹੈ।"

"ਬਹੁਤ ਸੂਖ਼ਮ ਗੱਲ ਆਖੀ ਹੈ ਕਵੀ ਨੇ।"

"ਜਦੋਂ ਅਨੇਕਤਾ ਇੱਕ ਸੱਚਾਈ ਹੈ ਤਾਂ ਸੰਸਾਰ ਦਾ ਹਰ ਮਨੁੱਖ ਇੱਕ ਵਿਅਕਤੀ ਹੈ। ਉਹ ਆਪਣੀ ਸ਼ਕਲ-ਸੂਰਤ ਅਤੇ ਬੋਲ-ਬਾਣੀ ਵਿੱਚ ਦੂਜਿਆਂ ਨਾਲੋਂ ਵੱਖਰਾ ਹੈ। ਇਹ ਵਿਅਕਤਿਕਤਾ ਦੀ ਪਹਿਲੀ ਸਟੇਜ ਹੈ ਅਤੇ ਯੋਗ ਸਤਿਕਾਰ ਦੀ ਹੱਕਦਾਰ ਹੈ। ਵਿਅਕਤਿਕਤਾ ਦੀ ਅਗਲੀ ਸਟੇਜ ਗੰਭੀਰ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ। ਹਰ ਇਸਤਰੀ-ਪੁਰਸ਼ (ਅਤੇ ਪਸ਼ੂ ਵੀ) ਮਹਿਸੂਸਣ, ਇੱਛਣ ਅਤੇ ਸੋਚਣ ਦੀ ਯੋਗਤਾ ਰੱਖਦਾ ਹੈ। ਮਾਨਵ (ਇਸਤਰੀ ਅਤੇ ਪੁਰਸ਼) ਵਿੱਚ ਇਨ੍ਹਾਂ ਦੇ ਨਾਲ ਨਾਲ ਕਲਪਨਾ ਕਰਨ ਦੀ ਯੋਗਤਾ ਵੀ ਹੈ। ਇਹ ਯੋਗਤਾਵਾਂ ਸਾਰੀ ਮਾਨਵ ਜਾਤੀ ਦੀਆਂ ਸਾਂਝੀਆਂ ਹੋਣ ਦੇ ਨਾਲ ਨਾਲ ਹਰ ਮਾਨਵ ਵਿੱਚ ਘੱਟ ਵੱਧ ਵੀ ਹਨ ਅਤੇ ਇਹ ਘਾਟ ਵਾਧ ਹਰ ਮਾਨਵ ਨੂੰ ਆਪਣੇ ਵਰਗੇ ਦੂਜੇ ਮਾਨਵਾਂ ਨਾਲੋਂ ਨਿਖੇੜ ਕੇ ਵਿਅਕਤੀ ਦਾ ਦਰਜਾ ਦੇ ਦਿੰਦੀ ਹੈ। ਅਹਿਸਾਸਣ ਦੀ ਤੀਬਰਤਾ, ਇੱਛਣ ਦੀ ਪਰਬਲਤਾ ਅਤੇ ਸੋਚਣ ਦੀ ਸੂਖ਼ਮਤਾ ਜੇ ਸਾਰੀ ਮਾਨਵ ਜਾਤੀ ਵਿੱਚ ਇੱਕੋ ਜਹੀ ਵੀ ਹੋਵੇ, ਤਾਂ ਵੀ ਹਰ ਮਾਨਵ ਇਹ ਦਾਅਵਾ ਕਰ ਸਕਦਾ ਹੈ ਕਿ ਇਹ 'ਮੇਰੇ' ਅਹਿਸਾਸ ਹਨ; ਬਾਹਰਲੇ ਜਗਤ ਵਿੱਚੋਂ ਆਉਣ ਵਾਲੀ ਉਕਸਾਹਟ ਜਾਂ ਉਤੇਜਨਾ ਨੂੰ 'ਮੈਂ' ਮਹਿਸੂਸ ਕੀਤਾ ਹੈ। ਦੂਜੇ ਵੀ ਕਰਦੇ ਹੋਣਗੇ, ਪਰ 'ਮੈਂ' ਉਨ੍ਹਾਂ ਦੇ ਅਹਿਸਾਸ ਦਾ ਸਿੱਧਾ ਭਾਈਵਾਲ ਨਹੀਂ। ਉਨ੍ਹਾਂ ਦੇ ਅਹਿਸਾਸਾਂ ਨਾਲ ਮੇਰੀ ਭਾਈਵਾਲੀ 'ਮੇਰੇ ਆਪਣੇ' ਅਨੁਭਵ ਦੀ ਸਮ੍ਰਿਤੀ ਅਤੇ 'ਮੇਰੀ' ਕਲਪਨਾ ਦੀ ਉਪਜ ਹੈ। ਆਪਣੇ ਅਹਿਸਾਸਾਂ ਵਿੱਚ 'ਮੈਂ' ਇਕੱਲਾ ਹਾਂ, ਇਹ 'ਮੇਰੇ' ਅਹਿਸਾਸ ਹਨ, ਆਪਣੇ ਅਹਿਸਾਸਾਂ ਦੇ ਅਨੁਭਵ ਵਿੱਚ ਮੇਰੀ ਵਿਅਕਤਿਕਤਾ ਹੈ। ਮੇਰੀ ਪੀੜ ਮੇਰੀ ਹੈ, ਮੇਰਾ ਆਨੰਦ ਮੇਰਾ ਹੈ, ਆਪਣੇ ਦੁੱਖਾਂ, ਸੁਖਾਂ, ਡਰਾਂ, ਝੋਰਿਆਂ ਅਤੇ ਸੁਪਨਿਆਂ ਨੂੰ ਮੈਂ ਇਕੱਲਾ ਮਹਿਸੂਸ ਕਰਦਾ ਹਾਂ। ਦੂਜਿਆਂ ਵਰਗੇ ਹੁੰਦੇ ਹੋਏ ਵੀ ਮੇਰੇ ਅਹਿਸਾਸ ਮੈਨੂੰ (ਆਪਣੇ ਆਪ ਵਿੱਚ) ਇੱਕ ਵਿਅਕਤੀ ਹੋਣ ਦਾ ਹੱਕ ਦਿੰਦੇ ਹਨ।"

"ਨੀਲੂ ਜੀ, ਜ਼ਰਾ ਠਹਿਰ ਜਾਉ ਤਾਂ ਜੁ ਮੈਂ ਇਸ ਗੱਲ ਨੂੰ ਮਨ ਹੀ ਮਨ ਦੁਹਰਾ ਲਵਾਂ।"

ਸਨੇਹਾ, ਨੀਲੂ ਜੀ ਚੁੱਪ ਕਰ ਗਏ। ਮੈਂ ਏਧਰ ਓਧਰ ਵੇਖਿਆ। ਸੁਮੀਤ ਮੇਰੇ ਖੱਬੇ ਪਾਸੇ ਵਾਲੀ ਕੁਰਸੀ ਉੱਤੇ ਬੈਠਾ ਹੋਇਆ ਸੀ। ਪਤਾ ਨਹੀਂ ਉਹ ਕਦੋਂ ਲਾਇਬ੍ਰੇਰੀ ਵਿੱਚੋਂ ਆ ਕੇ ਏਥੇ ਬੈਠ ਗਿਆ ਸੀ। ਨੀਲੂ ਜੀ ਦੀਆਂ ਗੱਲਾਂ ਨੂੰ ਏਨੀ ਮਗਨਤਾ ਨਾਲ ਸੁਣ ਰਹੀ ਸਾਂ ਮੈਂ, ਕਿ ਸੁਮੀਤ ਦੀ ਆਮਦ ਵੀ ਮੇਰੇ ਕੋਲੋਂ ਮਹਿਸੂਸੀ ਨਾ ਗਈ। ਦਾਮਨੇ-ਖ਼ਿਆਲੇ-ਸੁਮੀਤ ਉੱਤੋਂ ਵੀ ਮੇਰੀ ਪਕੜ ਢਿੱਲੀ ਹੋ ਗਈ ਸੀ। ਨੀਲੂ ਜੀ ਰਸੋਈ ਵਿੱਚੋਂ ਪਾਣੀ ਦੇ ਦੋ ਗਲਾਸ ਲਿਆਏ ਅਤੇ ਮੇਜ਼ ਉੱਤੇ, ਸਾਡੇ ਸਾਹਮਣੇ ਰੱਖਦੇ ਹੋਏ ਕਹਿਣ ਲੱਗੇ, "ਬਾਹਰਲੇ ਜਗਤ ਵਿੱਚੋਂ ਆਉਣ ਵਾਲੀਆਂ ਉਕਸਾਹਟਾਂ ਪਿੱਛੋਂ ਸਾਡੀ ਇੱਛਾ ਸ਼ਕਤੀ ਸਾਡੇ ਵਿੱਚ ਪ੍ਰਤਿਕਿਰਿਆ ਪੈਦਾ ਕਰਦੀ ਹੈ। ਇਹ ਕਿਰਿਆ ਵੀ ਸਰਵ-ਸਾਂਝੀ ਹੁੰਦਿਆਂ ਹੋਇਆਂ ਸਾਡੀ ਆਪੋ-ਆਪਣੀ ਹੈ ਅਤੇ ਅਹਿਸਾਸਾਂ ਵਾਂਗ ਸਾਨੂੰ ਆਪਣੇ ਆਪ ਵਿੱਚ ਵਿਅਕਤੀ ਹੋਣ ਦਾ ਹੱਕ ਦਿੰਦੀ ਹੈ। ਇੱਛਾ-ਸ਼ਕਤੀ (Will Power) ਤਿੰਨ ਪ੍ਰਕਾਰ ਦੇ ਪ੍ਰਤਿਕਰਮ ਪੈਦਾ ਕਰਦੀ ਹੈ। ਅਸੀਂ ਬਾਹਰੀ ਜਗਤ ਨੂੰ ਆਪਣੀ ਇੱਛਾ ਅਨੁਸਾਰ ਢਾਲਣ-ਉਸਾਰਨ ਦਾ ਰਜੋਗੁਣੀ ਜਤਨ ਵੀ ਕਰਦੇ ਹਾਂ, ਬਾਹਰੀ ਜਗਤ ਦੀ ਹਰ ਉਕਸਾਹਟ ਨੂੰ ਪਰਵਾਨ ਕਰਨ (ਜਾਂ ਬਿਨਾਂ ਹੀਲ ਹੁੱਜਤ ਪਰਵਾਨ ਕਰਨ) ਦਾ ਤਮੋਗੁਣੀ ਵਤੀਰਾ ਵੀ ਅਪਣਾਉਂਦੇ ਹਾਂ ਅਤੇ ਇਨ੍ਹਾਂ ਉਕਸਾਹਟਾਂ ਨੂੰ ਪਰਵਾਨ ਕਰਦੇ ਹੋਏ ਅਜੇਹੇ ਜਤਨ ਵੀ ਕਰਦੇ ਹਾਂ ਕਿ ਭਵਿੱਖ ਵਿੱਚ ਇਹ ਉਕਸਾਹਟਾਂ ਅਤੇ ਇਨ੍ਹਾਂ ਦੀ ਪ੍ਰੇਰਣਾ ਨਾਲ ਉਪਜਣ ਵਾਲੇ ਪ੍ਰਤਿਕਰਮ ਸਾਡੇ ਲਈ ਕਲੇਸ਼ਕਾਰੀ ਨਾ ਹੋਣ। ਇਹ ਤੀਜਾ ਪ੍ਰਤਿਕਰਮ ਸਤੋਗੁਣੀ ਹੈ। ਇਸ ਵਿੱਚ ਵਿਚਾਰ ਅਤੇ ਕਲਪਨਾ ਨੂੰ ਮਹੱਤਵਪੂਰਨ ਥਾਂ ਪ੍ਰਾਪਤ ਹੈ। ਇਹ ਨਿਰੋਲ ਪ੍ਰਤਿਕਰਮ ਨਹੀਂ, ਸਗੋਂ ਇੱਕ

ਰਚਨਾਤਮਕ ਜਾਂ ਸਾਕਾਰਾਤਮਕ ਜਾਂ ਧਨਾਤਮਕ ਕਿਰਿਆ ਹੈ। ਇੱਛਾ, ਸੋਚ ਅਤੇ ਕਲਪਨਾ ਦੇ ਸੁਮੇਲ ਨਾਲ ਹੋਂਦ ਵਿੱਚ ਆਉਣ ਵਾਲੀ ਇਸ ਕਿਰਿਆ ਦੇ ਨਤੀਜੇ ਵਜੋਂ ਜੀਵਨ ਵਿੱਚ ਉਸਾਰੂ ਪਰਿਸਥਿਤੀਆਂ ਅਤੇ ਸੁੰਦਰ ਸੰਭਾਵਨਾਵਾਂ ਦਾ ਉਦੇ ਹੁੰਦਾ ਹੈ।"

ਸਨੇਹਾ, ਪਤਾ ਨਹੀਂ ਇਹ ਸੁਮੀਤ ਦੇ ਨੇੜ ਦਾ ਕੋਈ ਜਾਦੂ ਸੀ ਜਾਂ ਨੀਲੂ ਜੀ ਨੇ ਪਾਣੀ ਵਿੱਚ ਕੁਝ ਘੋਲ ਕੇ ਪਿਆ ਦਿੱਤਾ ਸੀ ਕਿ ਮੇਰੇ ਮੂੰਹੋਂ ਅਚਾਨਕ ਇਹ ਵਾਕ ਉਚਾਰਿਆ ਗਿਆ, "ਨੀਲੂ ਜੀ, ਮੈਂ ਸਮਝਦੀ ਹਾਂ ਕਿ ਅਸੀਂ ਆਧੁਨਿਕ ਵਿਗਿਆਨਿਕ ਯੁਗ ਦੇ ਵਿਅਕਤੀ ਦੀ ਪਰਿਭਾਸ਼ਾ ਦੇ ਨੇੜੇ ਤੇੜੇ ਪਹੁੰਚ ਗਏ ਹਾਂ।"

"ਹਾਂ, ਪਹੁੰਚ ਗਏ ਹਾਂ। ਭਾਸ਼ਾ ਦੇ ਮੱਧਿਅਮਾ ਰੂਪ ਵਿੱਚ ਅਸੀਂ ਵਿਅਕਤੀ ਦੀ ਪਰਿਭਾਸ਼ਾ ਤਕ ਪੁੱਜ ਗਏ ਹਾਂ। ਆਪਣੇ ਮਨ ਵਿੱਚ ਕੁਝ ਇਸ ਤਰ੍ਹਾਂ ਦਾ ਮਹਿਸੂਸ ਕਰ ਰਹੇ ਹੋ ਤੁਸੀਂ ਕਿ ਇੱਕ ਵਿਚਾਰ ਸਾਡੀ ਬੌਧਕਤਾ ਵਿੱਚ ਉਤਪੰਨ ਹੋਇਆ ਹੈ ਅਤੇ ਪਰਗਟ ਹੋਣ ਵਾਲੀ ਸ਼ਬਦਾਂ ਦੀ ਲੋੜ ਮਹਿਸੂਸ ਕਰ ਰਿਹਾ ਹੈ; ਪ੍ਰੰਤੂ, ਸ਼ਬਦ ਅਜੇ ਸਾਡੀ ਪਕੜ ਵਿੱਚ ਨਹੀਂ ਆਏ। ਮਨੁੱਖ ਦੀ ਇਸ ਵਿਚਾਰ-ਰੂਪ ਭਾਸ਼ਾ ਨੂੰ ਮੱਧਿਅਮਾ ਆਖਿਆ ਜਾਂਦਾ ਹੈ, ਸ਼ਬਦਾਂ ਵਿੱਚ ਪਰਗਟ ਹੋ ਕੇ ਇਹ ਬੈਖਰੀ ਬਣ ਜਾਂਦੀ ਹੈ। ਸੋਚਣ, ਇੱਛਣ ਅਤੇ ਕਲਪਨਾ ਕਰਨ ਦੀ ਯੋਗਤਾ ਬਹੁਤੀ ਜਾਂ ਥੋੜ੍ਹੀ ਹਰ ਮਾਨਵ ਵਿੱਚ ਹੈ ਤਾਂ ਵੀ ਇਹ ਯੋਗਤਾਵਾਂ ਹਰ ਮਾਨਵ ਦੀਆਂ ਆਪੋ-ਆਪਣੀਆਂ ਹਨ। ਇਨ੍ਹਾਂ ਦੇ ਆਧਾਰ ਉੱਤੇ ਵੀ ਹਰ ਮਾਨਵ ਆਪਣੇ ਆਪ ਨੂੰ ਵਿਅਕਤੀ ਕਹਿ ਸਕਦਾ ਹੈ। ਅਜੋਕਾ ਜਮਹੂਰੀ ਯੁਗ ਮਾਨਵ ਦੀ ਇਸ ਵਿਅਕਤਿਕਤਾ ਦਾ ਆਦਰ ਕਰਦਾ ਹੈ; ਇਸ ਨੂੰ ਪ੍ਰਮਾਣੀਕਤਾ ਦਿੰਦਾ ਹੈ। ਤਾਂ ਵੀ ਇੱਛਾ ਸ਼ਕਤੀ ਦੇ ਰਜੋਗੁਣੀ ਪ੍ਰਗਟਾਵੇ ਦਾ ਅੱਜ ਬਹੁਤਾ ਸਤਿਕਾਰ ਨਹੀਂ। ਕੁਝ ਦਹਾਕੇ ਪਹਿਲਾਂ ਆਪਣੀ ਇੱਛਾ ਅਨੁਸਾਰ ਜੀਵਨ ਨੂੰ ਢਾਲਣ ਵਾਲੇ ਯੋਧੇ ਅਤੇ ਜਰਵਾਣੇ ਮਹਾਨ ਵਿਅਕਤੀ ਮੰਨੇ ਜਾਂਦੇ ਸਨ। ਇਸ ਮਨੌਤ ਅਨੁਸਾਰ ਯਥਾ ਸਥਿਤੀ ਤੋਂ ਅਸੰਤੁਸ਼ਟ ਆਦਮੀ ਵੀ ਵਿਅਕਤੀ ਹੋਣ ਦਾ ਮਾਣ ਪ੍ਰਾਪਤ ਕਰ ਲੈਂਦਾ ਸੀ। ਪ੍ਰੰਤੂ, ਹੁਣ ਇਸ ਨੂੰ ਪ੍ਰਤਿਕਿਰਿਆ ਆਖਿਆ ਜਾਂਦਾ ਹੈ; ਜੇ ਨਹੀਂ ਆਖਿਆ ਜਾਂਦਾ ਤਾਂ ਛੇਤੀ ਹੀ ਆਖਿਆ ਜਾਣ ਲੱਗ ਪਵੇਗਾ। ਯਥਾ ਸਥਿਤੀ ਨਾਲ ਅਸੰਤੁਸ਼ਟ ਲੋਕ ਆਪਣੇ ਵਿਚਲੇ ਮਾਨਵ ਦੀਆਂ ਸ੍ਰੇਸ਼ਟ ਪ੍ਰਾਪਤੀਆਂ ਅਤੇ ਯੋਗਤਾਵਾਂ ਦੀ ਵਰਤੋਂ ਕਰਨ ਵਾਲੇ, ਆਪਣੇ ਆਪ ਦੇ ਸੁਆਮੀ ਨਹੀਂ ਹੁੰਦੇ, ਸਗੋਂ ਬਾਹਰਲੀਆਂ ਉਕਸਾਹਟਾਂ ਅਧੀਨ ਵਿਚਰਨ ਵਾਲੇ ਹੁੰਦੇ ਹਨ। ਸਾਰੇ ਰਜੋਗੁਣੀ ਲੋਕ—ਯੋਧੇ, ਜੇਤੂ, ਇਨਕਲਾਬੀ ਅਤੇ ਕੁਝ ਕੁ ਅਪ੍ਰਾਧੀ—ਅਜੋਕੀ ਸੋਚ ਅਨੁਸਾਰ ਆਪੋ-ਆਪਣੀਆਂ ਪਰਿਸਥਿਤੀਆਂ ਦੇ ਦਾਸ ਸਨ।"

"ਤਾਂ ਤੇ ਵਿਅਕਤੀ ਉਹ ਹੈ ਜੋ ਯਥਾ ਸਥਿਤੀ ਨੂੰ ਖਿੜੇ ਮੱਥੇ ਪਰਵਾਨ ਕਰਦਾ ਹੋਇਆ ਇਸ ਨੂੰ ਮਾਨਵ ਦੀ ਅੰਤਲੀ ਹੋਣੀ ਨਹੀਂ ਮੰਨਦਾ।"

"ਪੁਸ਼ਪੇ, ਤੂੰ ਪ੍ਰੀਭਾਸ਼ਾ ਬਣਾਉਣ ਵਿੱਚ ਬਹੁਤ ਤੇਜ਼ ਹੈਂ। ਵਿਅਕਤਿਕਤਾ ਦੀ ਇਸ ਪ੍ਰੀਭਾਸ਼ਾ ਵਿੱਚ ਵਿਚਾਰ, ਕਲਪਨਾ ਅਤੇ ਸਾਤਵਿਕ ਇੱਛਾ ਨੂੰ ਉਚੇਰੀ ਥਾਂ ਪ੍ਰਾਪਤ ਹੈ। ਕਈ ਕਾਰਨਾਂ ਕਰਕੇ ਇਹ ਯੋਗਤਾਵਾਂ, ਹਰ ਮਾਨਵ ਵਿੱਚ, ਇੱਕੋ ਜਹੀਆਂ ਨਹੀਂ ਹਨ। ਇਸ ਲਈ ਵਿਅਕਤਿਕਤਾ ਦੇ ਕਈ ਦਰਜੇ ਜਾਂ ਪੱਧਰ ਥਾਪੇ ਜਾ ਸਕਦੇ ਹਨ। ਵੱਖ-ਵੱਖ ਮਾਨਵਾਂ ਵਿੱਚ ਵੱਖ-ਵੱਖ ਪੱਧਰ ਅਤੇ ਪ੍ਰਕਾਰ ਦੇ ਹੋਣ ਉੱਤੇ ਵੀ ਇਹ ਵਿਅਕਤਿਕਤਾ ਸਰਵ-ਸਾਂਝੀ ਅਤੇ ਸਰਵ-ਵਿਆਪਕ ਹੈ। ਉਹ ਮਾਨਵ ਜੋ ਅੱਖਾਂ ਬੰਦ ਕਰ ਕੇ, ਕੁਝ ਚਿਰ ਲਈ, ਖੰਡਾਂ-ਬ੍ਰਹਮੰਡਾਂ ਦੀ ਅਨੰਤ ਵਿਸ਼ਾਲਤਾ ਨੂੰ ਆਪਣੇ ਆਪ ਵਿੱਚ ਸਿਮਟਦੀ ਅਤੇ ਆਪਣੇ ਆਪ ਨੂੰ ਸਾਰੀ ਵਿਸ਼ਾਲਤਾ ਵਿੱਚ ਫੈਲਦਾ ਮਹਿਸੂਸ ਕਰ ਸਕਦਾ ਹੈ, ਜਿਸ ਦੇ ਵਿਚਾਰਾਂ ਵਿੱਚੋਂ ਪੂਰੀ ਮਾਨਵਤਾ ਦੀਆਂ ਬੌਧਕ

ਪ੍ਰਾਪਤੀਆਂ ਪ੍ਰਤਿਬਿੰਬਿਤ ਹੁੰਦੀਆਂ ਹਨ, ਜਿਸ ਦਾ ਸੋਚ-ਸੌਂਦਰਯ ਸਮੇਂ ਅਤੇ ਸਥਾਨ ਦੀ ਸੀਮਾ ਨੂੰ ਪ੍ਰਵਾਨ ਨਹੀਂ ਕਰਦਾ, ਜਿਸ ਦਾ ਕਰਮ-ਸੌਂਦਰਯ ਕਿਸੇ ਦੇਸ਼-ਕੌਮ ਦੀ ਮਾਲਕੀ ਨਹੀਂ, ਜਿਸ ਦੇ ਅਹਿਸਾਸਾਂ ਵਿੱਚ ਸਮੁੱਚੇ ਮਨੁੱਖੀ ਇਤਿਹਾਸ ਵਿੱਚ ਹੋਈਆਂ ਭੁੱਲਾਂ ਤੋਂ ਉਪਜੀ ਹੋਈ ਪੀੜ ਦੀ ਚੀਸ ਹੈ, ਜਿਸ ਦੀ ਸੰਵੇਦਨਸ਼ੀਲਤਾ ਪੂਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ, ਉਹ ਵਿਅਕਤੀ ਹੈ। ਇਸ ਤੋਂ ਹੇਠਾਂ ਵਿਅਕਤਿਕਤਾ ਦੇ ਅਨੇਕਾਨੇਕ ਦਰਜੇ ਹਨ। ਮਾਨਵ ਦਾ ਗਿਆਨ ਅੰਤੇ ਜੀਵਨ-ਅਨੁਭਵ ਹੌਲੀ-ਹੌਲੀ ਮਾਨਵ ਨੂੰ ਵਿਅਕਤਿਕਤਾ ਦੀ ਸਿਖਰ ਵੱਲ ਲੈ ਜਾਣ ਵਿੱਚ ਸਮਰਥ ਹਨ। ਸਿਖ਼ਰ ਉੱਤੇ ਪੁੱਜਣਾ ਬਹੁਤਾ ਜ਼ਰੂਰੀ ਨਹੀਂ ਕਿਉਂਜੁ ਇਹ ਸਫ਼ਰ ਹੀ ਸੁਖਦਾਇਕ ਹੈ। ਸੋਚ ਦੀ ਸੁਤੰਤ੍ਰਤਾ, ਭਾਵਾਂ ਦੀ ਕੋਮਲਤਾ ਅਤੇ ਕਰਮ ਦੀ ਉੱਤਰਦਾਇਕਤਾ ਵਾਲਾ ਮਾਨਵ ਜਿਸ ਟਿਕਾਣੇ ਉੱਤੇ ਪੁੱਜਾ ਹੈ ਉਥੇ ਹੀ ਵਿਅਕਤੀ ਹੈ।"

"ਨੀਲੂ ਜੀ, ਤੁਸਾਂ ਮੇਰੀ ਪ੍ਰੀਭਾਸ਼ਾ ਨੂੰ ਬਦਲਿਆ ਜਾਂ ਸੋਧਿਆ ਨਹੀਂ, ਨਾ ਹੀ ਅਜੇ ਇਹ ਦੱਸਿਆ ਹੈ ਕਿ ਸਾਡੀ ਵਿੱਦਿਆ ਕਿਨ੍ਹਾਂ ਵਿਸ਼ਿਆਂ ਦੀ ਪੜ੍ਹਾਈ ਵੱਲ ਧਿਆਨ ਦੇਵੇ ਕਿ ਮਾਨਵ ਵਿੱਚ ਵਿਅਕਤੀ ਅਤੇ ਨਾਗਰਿਕ ਦਾ ਸੁਮੇਲ ਪੈਦਾ ਕੀਤਾ ਜਾ ਸਕੇ।"

"ਤੇਰੀ ਪ੍ਰੀਭਾਸ਼ਾ ਕਿਸੇ ਸੋਧ ਦੀ ਮੁਥਾਜ ਨਹੀਂ, ਪੁਸ਼ਪੀ। ਯਥਾ-ਸਥਿਤੀ ਨੂੰ ਪਰਵਾਨ ਕਰਨ ਦੇ ਯੋਗ ਹੋਣ ਲਈ ਮਾਨਵ ਕੋਲ ਬੁਨਿਆਦੀ ਤਾਲੀਮ ਦੇ ਨਾਲ-ਨਾਲ ਆਪਣੀ ਰੁਚੀ ਅਨੁਸਾਰ ਕਿਸੇ ਕਾਰੋਬਾਰ ਦੀ ਸਿਖਲਾਈ ਜ਼ਰੂਰੀ ਹੈ। ਬਹੁਤੀ ਵੇਰ ਮਾਨਵ ਦੀਆਂ ਆਪਣੀਆਂ ਊਣਾਂ ਹੀ ਉਸ ਨੂੰ ਯਥਾ-ਸਥਿਤੀ ਨਾਲ ਰੁੱਸਣ ਦੀ ਪ੍ਰੇਰਣਾ ਦੇ ਰਹੀਆਂ ਹੁੰਦੀਆਂ ਹਨ। ਜੰਗਲੀ ਸ਼ਿਕਾਰੀ ਮਨੁੱਖ ਦਾ ਕਿਸਾਨ ਬਣਨ ਦਾ ਉੱਦਮ ਯਥਾ-ਸਥਿਤੀ ਨਾਲ ਕਿਸੇ ਪ੍ਰਕਾਰ ਦੇ ਅਸੰਤੋਸ਼ ਦੀ ਉਪਜ ਨਹੀਂ ਸੀ; ਕਿਸਾਨੇ ਸਮਾਜਾਂ ਨੂੰ ਸਨਅਤੀ ਸਮਾਜਾਂ ਵਿੱਚ ਬਦਲਣ ਵਾਲੇ ਆਵਿਸ਼ਕਾਰ ਕਰਤਾ ਯਥਾ-ਸਥਿਤੀ ਨਾਲ ਅਸੰਤੁਸ਼ਟ ਨਹੀਂ ਸਨ। ਉਹ ਆਪੋ ਆਪਣੇ ਸਮੇਂ ਦੇ ਸਤਿਕਾਰਯੋਗ ਅਤੇ ਸੰਤੁਸ਼ਟ ਵਿਅਕਤੀ ਸਨ। ਰੇਲ, ਤਾਰ, ਬਿਜਲੀ, ਰੇਡੀਓ, ਟੈਲੀਵਿਯਨ, ਹਵਾਈ ਜਹਾਜ਼, ਕੰਪਿਊਟਰ ਆਦਿਕ ਕੋਈ ਵੀ ਕਾਢ ਕਿਸੇ ਅਸੰਤੁਸ਼ਟ ਵਿਅਕਤੀ ਦੀ ਦੇਣ ਨਹੀਂ। ਸਾਰੇ ਆਵਿਸ਼ਕਾਰ ਉਨ੍ਹਾਂ ਵਿਅਕਤੀਆਂ ਦੀ ਦੇਣ ਹਨ ਜਿਹੜੇ ਯਥਾ-ਸਥਿਤੀ ਨੂੰ ਪਰਵਾਨ ਕਰਦੇ ਹੋਏ ਇਸ ਨੂੰ ਮਾਨਵ ਦੀ ਅੰਤਲੀ ਹੋਣੀ ਨਹੀਂ ਸਨ ਮੰਨਦੇ। ਆਪਣੇ ਸਮੇਂ ਦੇ ਹਾਲਾਤ ਨਾਲ ਇਕਸੁਰ ਹੋਣ ਲਈ ਚੰਗੀ ਵਿੱਦਿਆ, ਚੰਗੇ ਕਾਰੋਬਾਰ ਜਾਂ ਚੰਗੀ ਨੌਕਰੀ, ਸੁਖੀ ਪਰਵਾਰਕ ਜੀਵਨ, ਸਤਿਕਾਰਯੋਗ ਸਮਾਜਕ ਸੰਬੰਧਾਂ ਦੀ ਲੋੜ ਹੈ। ਇਸ ਵਿੱਚ ਸਾਡੀ ਸਾਧਾਰਣ ਵਿੱਦਿਆ ਸਾਡੀ ਸਹਾਇਤਾ ਕਰਦੀ ਹੈ। ਸ੍ਰੇਸ਼ਟ ਸਾਹਿਤ ਤੇ ਕਲਾ ਸਾਨੂੰ ਕੋਮਲ ਭਾਵੀ ਹੋਣ ਵਿੱਚ ਸਹਾਈ ਕਰਦੇ ਹਨ। ਅਜੋਕੀ ਫਿਜ਼ਿਕਸ ਦਾ ਅਧਿਐਨ ਸਾਨੂੰ ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਅਦਭੁੱਤਤਾ ਤੋਂ ਜਾਣੂੰ ਕਰਾਉਂਦਾ ਹੈ। ਧਰਤੀ ਉੱਤੇ ਜੀਵਨ ਦੇ ਵਿਕਾਸ ਦੀ ਜਾਣਕਾਰੀ ਬੇ-ਬੁਨਿਆਦ ਅਤੇ ਬੱਚਗਾਨਾ ਵਿਸ਼ਵਾਸਾਂ ਤੋਂ ਪਿੱਛਾ ਛੁਡਾਉਣ ਵਿੱਚ ਸਾਡੀ ਮਦਦ ਕਰਦੀ ਹੈ। ਮਨੁੱਖੀ ਸੱਭਿਆਤਾਵਾਂ ਦੇ ਵਿਕਾਸ ਅਤੇ ਵਿਨਾਸ ਦਾ ਇਤਿਹਾਸ ਸਾਡੀ ਸੋਚ ਨੂੰ ਦੇਸ਼ ਕਾਲ ਅਤੇ ਕੌਮ ਦੀਆਂ ਹੱਦਾਂ ਤੋਂ ਪਰੇ ਲੈ ਜਾਣ ਦੀ ਸਮਰਥਾ ਰੱਖਦਾ ਹੈ। ਮਨੁੱਖੀ ਸੋਚ ਜਾਂ ਫਲਸਫੇ ਦਾ ਅਧਿਐਨ ਮਨੁੱਖ ਦੀ ਕਲਪਨਾ ਦੇ ਸਹਿਯੋਗ ਨਾਲ ਸੋਚ ਦੇ ਦਿਸਹੱਦਿਆਂ ਨੂੰ ਹੋਰ ਵਿਸ਼ਾਲ ਕਰ ਸਕਦਾ ਹੈ। ਇਹ ਅਤੇ ਹੋਰ ਕਿੰਨਾ ਕੁਝ ਮਨੁੱਖ ਦੇ ਗ਼ੈਰਰਸਮੀ ਜਾਂ ਨਿਰਉਚੇਚੇ ਅਧਿਐਨ ਦਾ ਹਿੱਸਾ ਹੋਣਾ ਜ਼ਰੂਰੀ ਹੈ। ਜਦੋਂ ਇਹ ਸਾਰਾ ਅਧਿਐਨ ਕਿਸੇ ਇੱਕ ਮਾਨਵ ਦੇ ਮਨ ਦਾ ਸ਼ੌਕ ਬਣ ਜਾਂਦਾ ਹੈ, ਉਦੋਂ ਉਹ ਮਾਨਵ ਵਿਅਕਤੀ ਬਣ ਜਾਂਦਾ ਹੈ। ਉਸ ਦੇ ਸਨਮੁਖ ਹੋਣਾ ਬ੍ਰਹਮੰਡ ਦੀ ਵਿਸ਼ਾਲਤਾ ਦਾ ਅਨੁਭਵ ਕਰਨਾ ਹੈ; ਉਸ ਦੇ ਬਚਨਾਂ

ਵਿੱਚ ਮਨੁੱਖਤਾ ਦੇ ਭੂਤ, ਵਰਤਮਾਨ ਅਤੇ ਭਵਿੱਖ ਦੀ ਗਾਥਾ ਗੂੰਜਦੀ ਹੈ; ਉਸ ਦੇ ਕਰਮ ਵਿੱਚੋਂ ਸਹਿਯੋਗ ਦੀ ਸੁੰਦਰਤਾ ਦਾ ਸਾਖਿਆਤਕਾਰ ਹੁੰਦਾ ਹੈ।"

ਸਨੇਹਾ, ਇਹ ਕੁਝ ਕਹਿ ਕੇ ਨੀਲੂ ਜੀ ਖ਼ਾਮੋਸ਼ ਹੋ ਗਏ। ਸੁਮੀਤ ਨੇ ਘੋਖ ਭਰੀ ਨਜ਼ਰ ਨਾਲ ਮੇਰੇ ਵੱਲ ਵੇਖਿਆ। ਮੈਂ ਨੀਲੂ ਜੀ ਦੇ ਸ਼ਾਂਤ ਚਿਹਰੇ ਵੱਲ ਵੇਖਦੀ ਹੋਈ ਸੋਚ ਰਹੀ ਸਾਂ ਕਿ ਆਉਣ ਵਾਲੀ ਦੁਨੀਆ ਨੂੰ ਇਨ੍ਹਾਂ ਦੀ ਕਲਪਨਾ ਦੇ ਨਾਗਰਿਕ ਵਿਅਕਤੀ ਦੀ ਕਿੰਨੀ ਲੋੜ ਹੈ !!

ਪੁਸ਼ਪੇਂਦ੍ਰ।

# 50

ਲੰਡਨ,
11.12.97.

ਪੁਸ਼ਪੇਂਦ੍ਰ,

ਇਹ ਦੇਸ਼ ਕ੍ਰਿਸਮਿਸ ਦੀਆਂ ਤਿਆਰੀਆਂ ਵਿੱਚ ਲੱਗਾ ਹੋਇਆ ਹੈ। ਜੇ ਤਿਆਰੀਆਂ, ਖ਼ਰੀਦਾਰੀਆਂ, ਮਨੋਰੰਜਨਾਂ ਅਤੇ ਪਾਰਟੀਆਂ ਆਦਿਕ ਨੂੰ ਇਸ ਤਿਉਹਾਰ ਦਾ ਹਿੱਸਾ ਮੰਨ ਲਿਆ ਜਾਵੇ ਤਾਂ ਇਹ ਧਰਤੀ ਉੱਤੇ ਮਨਾਇਆ ਜਾਣ ਵਾਲਾ ਸਭ ਤੋਂ ਲੰਮਾ ਅਤੇ ਰੌਣਕੀਲਾ ਤਿਉਹਾਰ ਆਖਿਆ ਜਾ ਸਕਦਾ ਹੈ। ਨਵੇਂ ਸਾਲ ਦੇ ਜਸ਼ਨ ਕ੍ਰਿਸਮਿਸ ਨਾਲ ਮਿਲ ਕੇ ਇਸ ਦੀਆਂ ਖ਼ੁਸ਼ੀਆਂ ਦੀ ਉਮਰ ਹੋਰ ਲੰਮੇਰੀ ਕਰ ਦਿੰਦੇ ਹਨ। ਨਵੇਂ ਸਾਲ ਦੀ ਸਸਤੀ ਵਿੱਕਰੀ (Sale) ਇਸ ਤਿਉਹਾਰ ਦਾ ਸਭ ਤੋਂ ਵੱਡਾ ਮਨੋਰੰਜਨ ਅਤੇ ਰੁਝੇਵਾਂ ਆਖੀ ਜਾ ਸਕਦੀ ਹੈ। ਲੋਕਾਂ ਦੇ ਚਾਅ, ਸ਼ੌਕ ਅਤੇ ਉਤਸ਼ਾਹ ਦੀ ਕੋਈ ਸੀਮਾ ਨਹੀਂ ਹੁੰਦੀ। ਜ਼ਿੰਦਾ-ਦਿਲੀ ਦਾ ਭਰਪੂਰ ਪ੍ਰਗਟਾਵਾ ਹੈ, ਪੱਛਮੀ ਦੇਸ਼ਾਂ ਦਾ ਇਹ ਤਿਉਹਾਰ। ਬੇਸ਼ਕ ਇਹ ਤਿਉਹਾਰ ਧਰਮ ਨਾਲ ਸੰਬੰਧਤ ਹੈ; ਪਰੰਤੂ, ਜੀਣ-ਥੀਣ ਦੇ ਚਾਅ ਨੇ ਇਸ ਨੂੰ ਧਰਮ ਨਾਲੋਂ ਬਿਲਕੁਲ ਵੱਖਰਾ ਕਰ ਦਿੱਤਾ ਹੈ। ਹੁਣ ਇਹ ਜ਼ਿੰਦਾ-ਦਿਲੀ ਦਾ ਤਿਉਹਾਰ ਹੈ ਅਤੇ ਜ਼ਿੰਦਾ-ਦਿਲੀ ਦਾ ਤਿਉਹਾਰ ਹੋਣ ਕਰਕੇ (ਕੁਝ ਇੱਕ ਕੱਟੜਪੰਥੀਆਂ ਤੋਂ ਇਲਾਵਾ) ਸਾਰੇ ਧਰਮਾਂ ਦੇ ਮੰਨਣ ਵਾਲਿਆਂ ਦੁਆਰਾ, ਇੱਕੋ ਜਹੇ ਉਤਸ਼ਾਹ ਨਾਲ ਮਨਾਇਆ ਅਤੇ ਮਾਣਿਆ ਜਾਂਦਾ ਹੈ।

ਪਰਸੋਂ ਸਨਿਚਰਵਾਰ, ਅਸੀਂ ਸਾਰਾ ਪਰਿਵਾਰ ਬਲੂ ਵਾਟਰ ਸ਼ਾਪਿੰਗ ਸੈਂਟਰ[1] ਗਏ। ਪਾਪਾ ਦੇ ਮਿੱਤਰ ਨੇ ਇਹ ਸ਼ਾਪਿੰਗ ਸੈਂਟਰ ਪਹਿਲਾਂ ਵੇਖਿਆ ਹੋਇਆ ਨਹੀਂ ਸੀ। ਉਹ ਵੀ ਸਾਡੇ ਨਾਲ ਸਨ। ਸੈਂਕੜੇ ਏਕੜਾਂ ਵਿੱਚ ਫੈਲੇ ਹੋਏ ਸ਼ਾਪਿੰਗ ਸੈਂਟਰ ਅਤੇ ਉਸ ਨਾਲ ਸੰਬੰਧਤ ਕਾਰ ਪਾਰਕਾਂ ਦੀ ਵਿਸ਼ਾਲਤਾ ਨੂੰ ਵੇਖ ਕੇ ਉਨ੍ਹਾਂ ਨੇ ਆਖਿਆ, "ਵੀਰ ਜੀ, ਇਨ੍ਹਾਂ ਥਾਵਾਂ ਦੀ ਵਿਸ਼ਾਲਤਾ ਨੂੰ ਵੇਖ ਕੇ ਇਹ ਮੰਨਣ ਵਿੱਚ ਨਹੀਂ ਆਉਂਦਾ ਕਿ ਇਹ ਇੱਕ ਨਿੱਕੇ ਜਹੇ ਟਾਪੂ ਦੇ ਵਸਨੀਕਾਂ ਦੀ ਕਿਰਤ ਹੈ।"

"ਇਹ ਸਭ ਕੁਝ ਸ਼ੌਕ ਅਤੇ ਖੁੱਲ੍ਹ-ਦਿਲੀ ਦੀ ਉਪਜ ਹੈ। ਅਮਰੀਕਾ ਬਹੁਤ ਵੱਡਾ ਦੇਸ਼ ਹੈ; ਓਥੋਂ ਦੇ ਸ਼ਾਪਿੰਗ ਸੈਂਟਰ ਵੀ ਬਹੁਤ ਖੁੱਲ੍ਹੇ ਹਨ; ਪਰੰਤੂ, ਉਹ ਖੁੱਲ੍ਹ-ਦਿਲੀ ਅਤੇ ਸ਼ੌਕ ਦਾ ਪ੍ਰਭਾਵ ਨਹੀਂ ਪਾਉਂਦੇ, ਆਪਣੀ ਵਡਿੱਤਣ ਦੱਸਣ ਦਾ ਨਿਸਫਲ ਯਤਨ ਕਰਦੇ ਪਰਤੀਤ ਹੁੰਦੇ ਹਨ।"

"ਵੀਰ ਜੀ, ਉਨ੍ਹਾਂ ਅਤੇ ਇਨ੍ਹਾਂ ਸ਼ਾਪਿੰਗ ਸੈਂਟਰਾਂ ਦੇ ਜ਼ਾਹਰੀ ਅਤੇ ਬਾਤਨੀ (ਪ੍ਰਗਟ ਅਤੇ ਅਪ੍ਰਗਟ) ਅੰਤਰਾਂ ਦੀ ਕੁਝ ਵਿਆਖਿਆ ਕਰੋਗੇ ?"

1. Blue Water Shopping Centre.

"ਮੇਲੇ ਦਾ ਮਜ਼ਾ ਤਾਂ ਨਾ ਮਾਰਿਆ ਜਾਊ ? ਸਨੇਹਾ ਸੋਚਦੀ ਹੋਵੇਗੀ ਕਿ ਇਨ੍ਹਾਂ ਦੋਹਾਂ ਨੂੰ ਹਰ ਵੇਲੇ ਬੌਧਿਕਤਾ ਦਾ ਬੁਖ਼ਾਰ ਕਿਉਂ ਚੜ੍ਹਿਆ ਰਹਿੰਦਾ ਹੈ।"

ਮੇਰੇ ਕੁਝ ਕਹਿਣ ਤੋਂ ਪਹਿਲਾਂ ਮਾਤਾ ਜੀ ਬੋਲੇ, "ਸਨੇਹਾ ਬਾਰੇ ਮੈਨੂੰ ਪਤਾ ਨਹੀਂ, ਪਰ ਮੈਂ ਜ਼ਰੂਰ ਇਵੇਂ ਹੀ ਸੋਚਦੀ ਹਾਂ।"

ਮੈਂ ਕਿਹਾ, "ਪਾਪਾ, ਮੈਂ ਤਾਂ ਚਾਹੁੰਦੀ ਹਾਂ ਕਿ ਤੁਸੀਂ ਆਪਣੀ ਗੱਲ-ਬਾਤ ਜਾਰੀ ਰੱਖੋ; ਕਿੰਨੀ ਸਾਰੀ ਸ਼ਾਪਿੰਗ ਕਰਨੀ ਹੈ, ਕੁਝ ਝੂੰਗਾ ਵੀ ਤਾਂ ਮਿਲਨਾ ਚਾਹੀਦਾ ਹੈ।"

"ਵਾਹ, ਬੇਟਾ ਜੀ, ਕਿੰਨੀ ਸਰਲਤਾ ਨਾਲ ਸਾਡੀਆਂ ਗੱਲਾਂ ਨੂੰ ਝੂੰਗੇ ਨਾਲ ਤੁਲਨਾ ਦੇ ਦਿੱਤੀ ਜੇ।"

"ਪਾਪਾ, ਝੂੰਗੇ ਨੂੰ ਆਪਣੀ ਪ੍ਰੌੜ ਅਵਸਥਾ ਦੀ ਨਜ਼ਰ ਨਾਲ ਨਾ ਵੇਖੋ; ਨਾ ਹੀ ਆਪਣੀ ਵਿਕਸਿਤ ਬੌਧਿਕਤਾ ਦੀ ਡਿਕਸ਼ਨਰੀ ਵਿੱਚੋਂ ਇਸ ਦੇ ਅਰਥ ਲੱਭਣ ਦੀ ਕੋਸ਼ਿਸ਼ ਕਰੋ। ਅੱਜ ਤੋਂ ਪੈਂਹਠ-ਸੱਤਰ ਸਾਲ ਪਿੱਛੇ ਜਾ ਕੇ ਇਸ ਸ਼ਬਦ ਨਾਲ ਸੰਬੰਧਤ ਸਵਾਦਾਂ ਦਾ ਚੇਤਾ ਕਰੋ। ਇੱਕ ਵੇਰ ਫਿਰ ਪਿੰਡ ਦੀ ਹੱਟੀ ਵੱਲ ਜਾਣ ਨੂੰ ਜੀ ਕਰੇਗਾ।"

ਮੇਰੀ ਗੱਲ ਸੁਣ ਕੇ ਪਾਪਾ ਮੇਰੇ ਮੂੰਹ ਵੱਲ ਵੇਖਣ ਲੱਗ ਪਏ ਅਤੇ ਅੱਧੇ ਕੁ ਮਿੰਟ ਪਿੱਛੋਂ ਬੋਲੇ, "ਵਾਹ, ਮੇਰੇ ਬੱਚੇ! ਤੇਰੀ ਕਾਵਿ-ਕਲਪਨਾ ਮੈਨੂੰ ਕਿਤੇ ਦਾ ਕਿਤੇ ਲੈ ਗਈ। ਉਦੋਂ ਝੂੰਗੇ ਦੇ ਸਵਾਦ ਦੀ ਸੋਝੀ ਨਹੀਂ ਸੀ, ਅੱਜ ਸੋਝੀ ਵਿੱਚ ਸਵਾਦ ਭਰ ਦਿੱਤਾ ਹੈ ਤੇਰੀ ਇਸ ਵਿਆਖਿਆ ਨੇ। ਬੌਧਿਕਤਾ, ਭਾਵੁਕਤਾ ਅਤੇ ਕਲਪਨਾ ਦੇ ਸੰਤੁਲਿਤ ਸੰਜੋਗ ਨੂੰ ਜਦੋਂ ਸੁਯੋਗ ਭਾਸ਼ਾ ਦਾ ਸਹਿਯੋਗ ਪ੍ਰਾਪਤ ਹੋ ਜਾਵੇ, ਉਦੋਂ ਉੱਤਮ ਕਲਾ ਕ੍ਰਿਤੀਆਂ ਜਨਮ ਲੈਂਦੀਆਂ ਹਨ।"

"ਹੱਛਾ ਹੁਣ ਤੁਸੀਂ ਬੂਟੇ ਗਿਣਨੇ ਛੱਡੋ, ਜੀਵਨ ਨੂੰ ਦਿੱਤੀਆਂ ਹੋਈਆਂ ਸਾਇੰਸ, ਟੈਕਨਾਲੋਜੀ ਅਤੇ ਮਿਹਨਤ ਦੀਆਂ ਰੰਗੀਨੀਆਂ ਅਤੇ ਰੌਣਕਾਂ ਵੇਖੋ," ਮਾਤਾ ਜੀ ਦੇ ਲਹਿਜ਼ੇ ਵਿੱਚ ਹੁਕਮ ਵਰਗੀ ਕਠੋਰਤਾ ਸੀ।

ਮਾਮਾ ਦੀ ਸਾਧਾਰਣ ਗੱਲ ਵੀ ਘਰ ਵਿੱਚ ਹੁਕਮ ਦਾ ਦਰਜਾ ਰੱਖਦੀ ਹੈ, ਜਿਹੜੀ ਗੱਲ ਹੁਕਮ ਦੇ ਲਹਿਜ਼ੇ ਵਿੱਚ ਹੁਕਮ ਦੀ ਭਾਵਨਾ ਨਾਲ ਆਖੀ ਗਈ ਹੋਵੇ, ਉਸ ਨੂੰ ਕੌਣ ਟਾਲ ਸਕਦਾ ਹੈ! ਬਾਕੀ ਦਾ ਸਾਰਾ ਦਿਨ ਰੌਣਕ ਵੇਖਦਿਆਂ ਅਤੇ ਸ਼ਾਪਿੰਗ ਕਰਦਿਆਂ ਬੀਤਿਆ। ਦਿਨ ਸੀ ਵੀ ਕਿੱਡਾ ਕੁ! ਸਿਆਲੀ ਦਿਨ! ਬੱਸ ਔਹ ਗਿਆ, ਔਹ ਗਿਆ!!

ਪਰੰਤੂ, ਪਾਪਾ ਦੇ ਮਿੱਤਰ ਨੇ ਸੋਚ ਦੀ ਤੰਦ ਨੂੰ ਟੁੱਟਣ ਨਾ ਦਿੱਤਾ। ਜਦੋਂ ਕੱਲ੍ਹ ਐਤਵਾਰ ਉਹ ਪਾਪਾ ਨੂੰ ਮਿਲਨ ਆਏ, ਉਨ੍ਹਾਂ ਦਾ ਪਹਿਲਾ ਵਾਕ ਸੀ, "ਵੀਰ ਜੀ, ਕੱਲ੍ਹ ਤੁਸੀਂ ਇੰਗਲੈਂਡ ਅਤੇ ਅਮਰੀਕਾ ਦੇ ਸ਼ਾਪਿੰਗ ਸੈਂਟਰਾਂ ਵਿਚਲੇ ਫ਼ਰਕ ਦੀ ਗੱਲ ਕਰ ਰਹੇ ਸੀ।"

"ਚੇਤਾ-ਸ਼ਕਤੀ ਕਾਫ਼ੀ ਪਰਬਲ ਹੈ ਤੁਹਾਡੀ।"

"ਇਸ ਉਮਰ ਵਿੱਚ ਚੇਤਾ-ਸ਼ਕਤੀ ਕਿਸ ਕੰਮ ਆਵੇਗੀ, ਵੀਰ ਜੀ ? ਇਹ ਤਾਂ ਤੁਹਾਡੇ ਕੋਲੋਂ ਮਿਲਿਆ ਹੋਇਆ ਇੱਕ ਸ਼ੌਕ ਹੈ।"

"ਉਹ ਕਿਹੜਾ ਅਜੇਹਾ ਸ਼ੌਕ ਹੈ, ਜੋ ਤੁਹਾਨੂੰ ਮੇਰੇ ਕੋਲੋਂ ਮਿਲਿਆ ਹੈ, ਪਰ ਮੈਨੂੰ ਆਪਣੇ ਵਿੱਚ ਉਸਦੀ ਹੋਂਦ ਦਾ ਗਿਆਨ ਨਹੀਂ ?"

"ਜੀਵਨ ਦੇ ਸਥੂਲ ਪ੍ਰਗਟਾਵੇ ਪਿੱਛੇ ਕੰਮ ਕਰ ਰਹੇ ਸੂਖ਼ਮ ਕਾਰਨਾਂ ਵਿੱਚ ਝਾਤੀ ਪਾਉਣ ਦਾ ਸ਼ੌਕ, ਵੀਰ ਜੀ। ਮ੍ਰਿਗ ਨੂੰ ਆਪਣੇ ਵਿਚਲੀ ਕਸਤੂਰੀ ਅਤੇ ਮਨੁੱਖ ਨੂੰ ਆਪਣੀ ਮਹਾਨਤਾ ਦਾ ਗਿਆਨ ਨਾ ਹੀ ਹੋਵੇ ਤਾਂ ਚੰਗਾ ਹੈ। ਇਨ੍ਹਾਂ ਦੇ ਅਚੇਤ ਪ੍ਰਗਟਾਵੇ ਵਿੱਚ ਸੁੰਦਰਤਾ ਹੈ; ਇਨ੍ਹਾਂ ਦੀ ਚੇਤਨ ਅਭਿਵਿਅਕਤੀ ਨਾਲ ਸੰਬੰਧਤ ਚਤੁਰਾਈਆਂ ਜੀਵਨ ਦੇ ਨਿਰਾਦਰ ਦੀ

ਪ੍ਰੇਰਣਾ ਦੇ ਸਕਦੀਆਂ ਹਨ। ਸ਼ਾਇਦ ਇਸੇ ਕਾਰਨ ਅੰਗਰੇਜ਼ ਵਿਦਵਾਨ ਲਾਰਡ ਹੈਲੀਫ਼ੈਕਸ ਨੇ ਕਿਹਾ ਹੈ ਕਿ "ਸਾਰੇ ਮਹਾਨ ਵਿਅਕਤੀਆਂ ਵਿੱਚ ਜੀਵਨ ਦੇ ਅਹਿਤ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।"[2]

"ਮਹਾਨ ਆਦਮੀ ਪੂਜੇ, ਪਿਆਰੇ ਅਤੇ ਸਤਿਕਾਰੇ ਵੀ ਜਾਂਦੇ ਹਨ।"

"ਏਸੇ ਵਿੱਚ ਹੀ ਸਾਰੀ ਬੁਰਾਈ ਦੀ ਜੜ੍ਹ ਹੈ, ਵੀਰ ਜੀ! ਪਰ ਇਸ ਤੋਂ ਅਗੇਰੇ ਸ਼ਾਇਦ ਮੈਂ ਨਹੀਂ ਜਾ ਸਕਾਂਗਾ।"

"ਇੱਕ ਦੂਜੇ ਦੀ ਸਹਾਇਤਾ ਨਾਲ ਅਗੇਰੇ ਚੱਲਦੇ ਹਾਂ। ਪੂਜਾ ਭਗਤੀ ਦਾ ਇੱਕ ਰੂਪ ਹੈ ਅਤੇ ਬਾਲ-ਪਰਵਿਰਤੀ ਹੈ, ਪਿਆਰ ਭਾਵਨਾ ਮੂਲਕ ਹੈ ਜਾਂ ਭਾਵੁਕਤਾ ਹੈ ਅਤੇ ਸਤਿਕਾਰ ਸੱਭਿਆਚਾਰ ਜਾਂ ਸ਼ਿਸ਼ਟਾਚਾਰ ਹੈ। ਪੂਜਾ ਅਤੇ ਪਿਆਰ ਪਰਵਿਰਤੀ ਅਤੇ ਭਾਵੁਕਤਾ ਦੇ ਸੰਬੰਧੀ ਹੋਣ ਕਰਕੇ ਮਨੁੱਖੀ ਮਨ ਦੀ ਸਰਵ-ਸ੍ਰੇਸ਼ਟ ਯੋਗਤਾ, ਵਿਚਾਰ ਦੇ ਸਹਿਯੋਗੀ ਹੋਣੋਂ ਇਨਕਾਰ ਕਰਦੇ ਹਨ। ਸਤਿਕਾਰ ਸਭਿਅਤਾ ਦੀ ਉਪਜ ਹੋਣ ਕਰਕੇ ਸਭਿਅਤਾ ਵਾਂਗ ਗਤੀਸ਼ੀਲ ਜਾਂ ਵਿਕਾਸਸ਼ੀਲ ਹੈ, ਪੂਜਾ ਅਤੇ ਪਿਆਰ ਵਾਂਗ ਗਤੀਹੀਣ ਜਾਂ ਸਥਿਰ (Static) ਨਹੀਂ, ਸਗੋਂ ਡਿਨਾਮਿਕ (Dynamic) ਹੈ। ਸਤਿਕਾਰ ਦਾ ਇਹ ਖਾਸਾ ਜਾਂ ਅਸਲਾ ਇਸ ਨੂੰ ਮਨੁੱਖੀ ਮਨ ਦੀ ਸਭ ਤੋਂ ਵੱਧ ਵਿਕਾਸ-ਸ਼ੀਲ ਯੋਗਤਾ, ਸੁਭਾਉ ਜਾਂ ਲਿਆਕਤ (Aptitude) ਦਾ ਸੰਬੰਧੀ ਬਣਨ ਦੀ ਪ੍ਰੇਰਣਾ ਦੇ ਸਕਦਾ ਹੈ।"

"ਮਨੁੱਖੀ ਮਨ ਦੀ ਸਭ ਤੋਂ ਵੱਧ ਗਤੀਸ਼ੀਲ ਜਾਂ ਡਿਨਾਮਿਕ ਯੋਗਤਾ ਕਿਹੜੀ ਹੈ, ਪਾਪਾ?"

"ਵਿਚਾਰ, ਮੇਰੇ ਬੱਚਿਆ। ਮਨ ਦੀ ਇਹ ਅਵਸਥਾ, ਯੋਗਤਾ ਜਾਂ ਲਿਆਕਤ (Faculty) ਉੱਤੇ ਭਾਰੂ ਹੋਣ ਵਾਲੇ ਸਾਰੇ ਭਾਵ, ਪਰਵਿਰਤੀਆਂ ਅਤੇ ਵਿਸ਼ਵਾਸ ਵਿਕਾਸ-ਸ਼ੀਲ (Dynamic) ਨਹੀਂ, ਸਥਿਰ (Static) ਹਨ ਅਤੇ ਸਥਿਰ ਹੋਣ ਕਰਕੇ ਵਿਚਾਰ ਦੇ ਸਹਿਯੋਗੀ ਹੋਣੋਂ ਨਾਂਹ ਕਰਦੇ ਹਨ, ਝਿਜਕਦੇ ਹਨ; ਬਹੁਤੀ ਵੇਰ ਵਿਰੋਧੀ ਹੋਣ ਦਾ ਜਤਨ ਕਰਦੇ ਹਨ। ਪੂਜਾ, ਵਿਸ਼ਵਾਸ, ਪਿਆਰ ਅਤੇ ਸਤਿਕਾਰ ਆਦਿਕ ਵਿੱਚੋਂ ਸਤਿਕਾਰ ਹੀ ਇੱਕ ਅਜੇਹਾ ਭਾਵ ਹੈ, ਜਿਹੜਾ ਵਿਚਾਰ ਦਾ ਨਿਕਟਵਰਤੀ ਅਤੇ ਸਹਿਯੋਗੀ ਹੋਣ ਦੀ ਲੋੜੀਂਦੀ ਸਮਰੱਥਾ ਰੱਖਦਾ ਹੈ। ਇਸ ਦੀ ਇਹ ਸਮਰੱਥਾ ਵੀ ਡਾਵਾਂਡੋਲ ਜਹੀ ਹੁੰਦੀ ਹੈ। ਪੁਰਾਣੇ ਸੰਸਕਾਰਾਂ ਦੀ ਅਧੀਨਤਾ ਦਾ ਆਦੀ ਮਨੁੱਖੀ ਮਨ ਆਪਣੇ ਵਿਚਲੇ ਸਤਿਕਾਰ ਨੂੰ ਵੀ ਵਿਚਾਰ ਨਾਲੋਂ ਨਿਖੇੜ ਕੇ ਪਿਆਰ ਅਤੇ ਪੂਜਾ ਦੀ ਭਾਵੁਕਤਾ ਅਤੇ ਪਰਵਿਰਤੀ ਦਾ ਸੰਬੰਧੀ ਬਣਾਉਣ ਦੀ ਰੁਚੀ ਰੱਖਦਾ ਹੈ।"

"ਪਾਪਾ, ਇਸ ਬਦਲਦੇ, ਵਿਕਸਦੇ ਅਤੇ ਬਿਨਸਦੇ ਜਗਤ ਵਿੱਚ ਸਥਾਈਤਵ ਦਾ ਮੋਹ ਕਿਵੇਂ ਉਪਜਿਆ ਹੋਵੇਗਾ?"

"ਤੁਹਾਡਾ ਪ੍ਰਸ਼ਨ ਬਹੁਤ ਔਖਾ ਹੈ, ਮੇਰੇ ਬੱਚੇ। ਤੁਸੀਂ ਵੀ ਸੋਚੋ ਅਤੇ ਮੈਂ ਵੀ ਕੁਝ ਦੱਸਣ ਦਾ ਜਤਨ ਕਰਦਾ ਹਾਂ।"

"ਵੀਰ ਜੀ, ਪਹਿਲਾਂ ਮੈਂ ਵੀ ਇੱਕ ਨਿੱਕੀ ਜਹੀ ਗੱਲ ਕਰ ਲਵਾਂ। ਮੇਰਾ ਖ਼ਿਆਲ ਹੈ ਕਿ ਆਰੰਭ ਵਿੱਚ ਮਨੁੱਖ ਨੂੰ ਜੀਵਨ ਵਿਚਲੀ ਤਬਦੀਲੀ ਅਤੇ ਇਸ ਦੇ ਵਿਨਾਸ਼ ਦਾ ਅਨੁਭਵ ਸੀ; ਉਹ ਵਿਕਾਸ ਨਾਂ ਦੀ ਕਿਸੇ ਪਰਕਿਰਿਆ ਤੋਂ ਜਾਣੂੰ ਨਹੀਂ ਸੀ। ਉਹ ਤਬਦੀਲੀ ਨੂੰ ਵਿਨਾਸ਼-ਯਾਤਰਾ ਸਮਝਦਾ ਸੀ। ਸਥਾਈਤਵ ਵਿੱਚ ਉਸ ਨੂੰ ਜੀਵਨ ਦੀ ਸਦੀਵਤਾ ਪ੍ਰਤੀਤ ਹੁੰਦੀ ਸੀ।

---

2. "All great men are bad," Lord Acton—Later known as Lord Halifax.

ਇਸ ਤਰ੍ਹਾਂ ਮੌਤ ਦਾ ਭੈ ਉਸ ਵਿੱਚ ਤਬਦੀਲੀ ਪ੍ਰਤੀ ਉਦਾਸੀਨਤਾ ਅਤੇ ਸਥਾਈਤਵ ਪ੍ਰਤੀ ਤਾਂਘ ਪੈਦਾ ਕਰਦਾ ਸੀ।"

"ਮੈਂ ਤੁਹਾਡੀ ਇਸ ਰਾਏ ਨਾਲ ਸਹਿਮਤ ਹਾਂ ਕਿ ਮੌਤ ਦੇ ਡਰ ਅਤੇ ਜੀਵਨ ਦੇ ਮੋਹ ਨੇ ਮਨੁੱਖ ਵਿੱਚ ਤਬਦੀਲੀ ਲਈ ਉਪਰਾਮਤਾ ਅਤੇ ਸਥਾਈਤਵ ਲਈ ਇੱਛਾ ਪੈਦਾ ਕੀਤੀ ਹੋਵੇਗੀ। ਕੁਝ ਸਿਆਣਾ ਹੋ ਕੇ ਮਨੁੱਖ ਨੇ ਵੇਖਿਆ ਹੋਵੇਗਾ ਕਿ ਤਬਦੀਲੀ ਕੇਵਲ ਵਿਨਾਸ਼ ਵੱਲ ਨੂੰ ਕੀਤਾ ਜਾ ਰਿਹਾ ਸਫ਼ਰ ਨਹੀਂ, ਸਗੋਂ ਇਸ ਨਾਲ ਜੀਵਨ ਦੀਆਂ ਲੋੜਾਂ, ਇਸ ਦੇ ਸੁਖਾਂ ਅਤੇ ਸੁਹਜਾਂ ਦਾ ਸੰਬੰਧ ਵੀ ਹੈ। ਬਿਰਖ ਨੂੰ ਫੁੱਲ ਲੱਗਦੇ ਹਨ, ਫੁੱਲਾਂ ਤੋਂ ਪਿੱਛੋਂ ਫਲ ਉਪਜਦੇ ਹਨ ਅਤੇ ਫਲ ਪੱਕ ਕੇ (ਕੇਵਲ) ਡਾਲੀ ਨਾਲੋਂ ਟੁੱਟ ਕੇ ਆਪਣੇ ਅੰਤ ਜਾਂ ਵਿਨਾਸ਼ ਨੂੰ ਹੀ ਪ੍ਰਾਪਤ ਨਹੀਂ ਹੁੰਦੇ, ਸਗੋਂ 'ਖਾਧੇ ਜਾਣ ਯੋਗ' ਵੀ ਬਣਦੇ ਹਨ। ਹਰ ਤਬਦੀਲੀ ਜੀਵਨ ਲਈ ਕੋਈ ਨਾ ਕੋਈ ਸਹੂਲਤ ਪੈਦਾ ਕਰਦੀ ਹੈ।"

"ਵੀਰ ਜੀ, ਤਬਦੀਲੀ ਵਿੱਚੋਂ ਜੀਵਨ ਲਈ ਪੈਦਾ ਹੋਣ ਵਾਲੀਆਂ ਸਹੂਲਤਾਂ ਨੇ ਤਬਦੀਲੀ ਨੂੰ ਵਿਕਾਸ ਆਖਿਆ ਜਾਣ ਦੀ ਸਲਾਹ ਦਿੱਤੀ ਹੋਵੇਗੀ ?"

"ਵਿਕਾਸ ਦੀ ਆਧੁਨਿਕ ਪਰੀਕਲਪਨਾ ਅਤੇ ਪਰਿਭਾਸ਼ਾ ਆਧੁਨਿਕ ਯੁਗ ਵਿੱਚ ਉਪਜੀ ਹੈ। ਪੁਰਾਤਨ ਕਾਲ ਅਤੇ ਮੱਧਕਾਲ ਦਾ ਮਨੁੱਖ ਵਿਕਾਸ ਨੂੰ ਉੱਨਤੀ ਜਾਂ ਸੱਤਾ ਦੇ ਵਾਧੇ ਤੋਂ ਵੱਖਰੇ ਕੋਈ ਅਰਥ ਨਹੀਂ ਸੀ ਦਿੰਦਾ। ਤਬਦੀਲੀ ਉਸ ਦੇ ਚਾਰ ਚੁਫੇਰੇ ਪਸਰੇ ਹੋਏ ਜੀਵਨ ਦੀ ਪ੍ਰਗਟ ਵਾਸਤਵਿਕਤਾ ਸੀ; ਸਥਾਈਤਵ ਉਸ ਦੀ ਇੱਛਾ, ਉਸ ਦੀ ਤਾਂਘ ਸੀ। 'ਇਸ ਬਦਲਦੇ ਬਿਨਸਦੇ ਜੀਵਨ ਦੀਆਂ ਲੋੜਾਂ ਬਹੁਤੀਆਂ ਜ਼ਰੂਰੀ ਹਨ ਜਾਂ ਇਨ੍ਹਾਂ ਲੋੜਾਂ ਥੋੜਾਂ ਤੋਂ ਪਰੇ ਕਿਸੇ ਅਟੱਲ, ਇੱਕ-ਰਸ, ਸਦੀਵੀ ਟਿਕਾਣੇ ਦੀ ਪ੍ਰਾਪਤੀ ਵਧੇਰੇ ਆਨੰਦਾਇਕ ਹੈ ?' ਇਸ ਦਾ ਨਿਰਣਾ ਉਸ ਲਈ ਨਾ ਸੰਭਵ ਸੀ, ਨਾ ਸੁਖਦਾਇਕ। ਪੁਰਾਤਨ ਕਾਲ ਦੇ ਮਨੁੱਖਾਂ ਨੇ ਇਨ੍ਹਾਂ ਦੋਹਾਂ ਹਾਲਤਾਂ ਵਿੱਚ ਇੱਕ ਦਾਰਸ਼ਨਿਕ ਸਮਝੌਤਾ ਕਰਨ ਦੀ ਸਿਆਣਪ ਕੀਤੀ ਹੈ। ਉਸ ਲਈ ਨੀਲ ਨਦੀ ਵਿੱਚ ਆਉਣ ਵਾਲੇ ਹੜ੍ਹ ਵੀ ਜ਼ਰੂਰੀ ਸਨ ਅਤੇ ਨੀਲ ਨਦੀ ਨੂੰ ਜੀਵਨ-ਜਲ ਨਾਲ ਭਰਪੂਰ ਰੱਖਣ ਵਾਲੀ ਅਮੁੱਕ, ਅਟੱਲ ਅਤੇ ਅਗਿਆਤ ਜਲ-ਰਾਸ਼ੀ ਵੀ ਸਤਿਕਾਰਯੋਗ ਸੀ। 'ਗੰਗਾ' ਉਸ ਦੀ ਲੋੜ ਸੀ ਅਤੇ ਕੈਲਾਸ਼ ਪਰਬਤ ਦੀ ਅਟੱਲ, ਅਹਿਲ ਚੋਟੀ ਉੱਤੇ ਇੱਕ-ਰਸ ਸਮਾਧੀ ਸਥਿਤ, ਅਨਾਦੀ ਅਤੇ ਅਨੰਦ 'ਸ਼ਿਵ' ਉਸ ਦਾ ਆਦਰਸ਼ ਸੀ। ਇਨ੍ਹਾਂ ਦੋਹਾਂ ਵਿੱਚ ਦਾਰਸ਼ਨਿਕ ਸਮਝੌਤੇ ਦੀ ਪਹਿਲ ਯੂਨਾਨੀ ਵਿਚਾਰਵਾਨਾਂ ਵੱਲੋਂ ਕੀਤੀ ਗਈ ਮੰਨੀ ਜਾਂਦੀ ਹੈ। ਪਰਮੀਨਾਈਡੀਜ਼, ਹੇਰਾਕਲੀਟੱਸ ਅਤੇ ਪਾਇਥਾਗੋਰਸ ਆਦਿਕਾਂ ਦੇ ਮੁੱਢਲੇ ਸਿਧਾਂਤਾਂ ਦੀ ਕਾਂਟ-ਛਾਂਟ ਵਿੱਚੋਂ ਪਲੇਟੋ ਨੇ ਆਦਰਸ਼ਵਾਦ ਦਾ ਸਿਧਾਂਤ ਉਸਾਰ ਕੇ ਸਾਰੇ ਸੱਭਿਅ ਸੰਸਾਰ ਨੂੰ ਧਰਮ ਅਤੇ ਦਰਸ਼ਨ ਦੇ ਵਡ-ਆਕਾਰੀ ਕਿਲ੍ਹੇ ਕੋਟਾਂ ਦੀ ਉਸਾਰੀ ਲਈ ਕੱਚਾ ਮਾਲ ਦੇਣ ਦੀ ਪਹਿਲ ਕੀਤੀ ਹੈ। ਧਰਮ ਅਤੇ ਫਲਸਫੇ ਦੇ ਇਫ਼ਲਾਤੂਨੀ ਮਿਸ਼ਰਣ ਵਿੱਚੋਂ ਆਦਰਸ਼ਵਾਦ, ਰਹਿਸਵਾਦ, ਅਧਿਆਤਮਵਾਦ ਅਤੇ ਪਰਾ-ਭੌਤਿਕਵਾਦ ਵਰਗੇ ਕਈ ਯੌਗਿਕਾਂ ਅਤੇ ਮਿਸ਼ਰਣਾਂ ਨੇ ਜਨਮ ਲਿਆ ਹੈ। ਸਾਰੀ ਦੁਨੀਆ ਵਿੱਚ ਪੱਸਰੇ ਹੋਏ ਧਰਮਾਂ, ਆਦਰਸ਼ਾਂ ਅਤੇ ਅਧਿਆਤਮਵਾਦੀ ਵਿਸ਼ਵਾਸਾਂ ਦੀ ਦਾਰਸ਼ਨਿਕ ਵਿਆਖਿਆ ਦੀ ਜੜ੍ਹ ਵਿੱਚ, ਕਿਧਰੇ ਨਾ ਕਿਧਰੇ, ਅੱਤ ਸੂਖ਼ਮ ਰੂਪ ਵਿੱਚ, ਪਲੇਟੋ ਅਤੇ ਪਲੇਟੋ ਰਾਹੀਂ ਯੂਨਾਨੀ ਵਿਚਾਰਧਾਰਾ ਬੈਠੀ-ਖਲੋਤੀ ਵੇਖੀ ਜਾ ਸਕਦੀ ਹੈ।"

"ਪਾਪਾ, ਵੱਖ ਵੱਖ ਦੇਸ਼ਾਂ ਦੇ ਸਿਆਣਿਆਂ ਅਤੇ ਸਾਧਾਰਣ (ਦੋਹਾਂ ਕਿਸਮਾਂ ਦੇ) ਲੋਕਾਂ ਲਈ ਇਹ ਗੱਲ ਮੰਨਣੀ ਔਖੀ ਹੈ।"

"ਅਤੇ ਇਸ ਦੇ ਕਾਰਣਾਂ ਤੋਂ ਵੀ ਅਸੀਂ ਸਾਰੇ ਚੰਗੀ ਤਰ੍ਹਾਂ ਜਾਣੂੰ ਹਾਂ, ਵੀਰ ਜੀ।"

"ਬਿਲਕੁਲ ਠੀਕ ਕਹਿ ਰਹੇ ਹੋ। ਪਰੰਤੂ, ਅਸੀਂ ਇਹ ਗੱਲਾਂ ਲੋਕਾਂ ਨੂੰ ਮਨਾਉਣ ਦੇ ਮਨੋਰਥ ਨਾਲ ਨਹੀਂ ਕਰ ਰਹੇ; ਨਾ ਹੀ ਇਹ ਸਭ ਕੁਝ ਉਨ੍ਹਾਂ ਲਈ ਹੈ, ਜਿਹੜੇ ਕਿਸੇ ਗੱਲ ਜਾਂ ਖ਼ਿਆਲ ਨੂੰ ਇਕਦਮ ਝੂਠਾ ਜਾਂ ਗ਼ਲਤ ਕਹਿ ਕੇ ਤਿਆਗਣ ਦੀ ਕਾਹਲ ਕਰਦੇ ਹਨ। ਇਹ ਦੋਵੇਂ ਰੁਚੀਆਂ ਵਿਗਿਆਨਕ ਨਹੀਂ ਹਨ। ਮਨਾਉਣ ਦੇ ਮਨੋਰਥ ਨਾਲ ਗੱਲ ਕਰਨ ਵਾਲਾ ਆਪਣੀ ਗੱਲ ਨੂੰ ਅੰਤਲਾ ਸੱਚ ਮੰਨ ਰਿਹਾ ਹੁੰਦਾ ਹੈ। ਇਹ ਰੁਚੀ ਅਧਿਆਤਮਵਾਦੀ ਰੁਚੀ ਹੈ। ਅਧਿਆਤਮਵਾਦੀ ਲੋਕ ਆਪਣੇ ਹਰ ਖ਼ਿਆਲ ਨੂੰ ਧੁਰੋਂ ਆਇਆ ਦੱਸ ਕੇ ਦੂਜਿਆਂ ਉੱਤੇ ਠੋਸਦੇ ਹਨ। ਆਪਣੀ ਗੱਲ ਨੂੰ ਅੰਤਲਾ ਸੱਚ ਮੰਨਣ ਅਤੇ ਮਨਵਾਉਣ ਵਾਲੇ ਲੋਕ ਆਪਣੀ ਅਤੇ ਲੋਕਾਂ ਦੀ ਸੋਚ ਨੂੰ ਸੀਮਿਤ ਕਰਨ ਦੇ ਦੋਸ਼ੀ ਹਨ। ਹਰ ਅੰਤਲਾ ਸੱਚ ਮਨੁੱਖੀ ਸੋਚ ਦੇ ਵਿਕਾਸ ਦਾ ਵਿਰੋਧੀ ਹੈ। ਕਿਸੇ ਖ਼ਿਆਲ ਨੂੰ ਏਕਾ ਏਕ ਝੂਠ ਜਾਂ ਗ਼ਲਤ ਕਹਿਣਾ ਜਾਂ ਮੰਨਣਾ ਉਸ ਖ਼ਿਆਲ ਬਾਰੇ ਅੰਤਲੇ ਸੱਚ ਦੇ ਜਾਣੂੰ ਹੋਣ ਦਾ ਦਾਅਵਾ ਕਰਨਾ ਹੈ। ਦੂਜੇ ਸ਼ਬਦਾਂ ਵਿੱਚ 'ਆਪਣੀ ਸੋਚ ਨੂੰ ਸੀਮਿਤ' ਕਹਿਣਾ ਹੈ।"

"ਫਿਰ ਵਿਗਿਆਨਕ ਰੁਚੀ ਕੀ ਹੈ, ਵੀਰ ਜੀ ?"

"ਵਿਚਾਰ, ਸਦਾ ਵਿਚਾਰ—ਅਤੇ ਜਿੱਥੇ ਪੁੱਜ ਕੇ ਸਾਨੂੰ ਸਾਡੇ ਸਾਰੇ ਕਿੰਤੂਆਂ ਦਾ ਉੱਤਰ ਮਿਲ ਜਾਵੇ, ਓਥੇ ਪੁੱਜ ਕੇ ਇਹ ਮੰਨਣਾ ਕਿ ਸਾਡੀ ਵਿਚਾਰ ਦੀ ਸਮਰੱਥਾ ਕੇਵਲ ਏਥੋਂ ਤਕ ਆਉਣ ਦੀ ਹੈ। ਅਸਾਂ ਅੰਤਲਾ ਸੱਚ ਨਹੀਂ ਜਾਣਿਆ, ਕੇਵਲ ਆਪਣੀ ਸੋਚ ਦੀ ਸੀਮਾ ਦਾ ਸਤਿਕਾਰ ਕੀਤਾ ਹੈ। ਸਾਡੇ ਸਮਕਾਲੀ ਸਿਆਣੇ ਜਾਂ ਸਾਡੇ ਤੋਂ ਪਿੱਛੋਂ ਆਉਣ ਵਾਲੇ ਲੋਕ ਆਪੋ ਆਪਣੀ ਸਮਰੱਥਾ ਅਨੁਸਾਰ ਵਿਚਾਰ ਕਰਨਗੇ ਅਤੇ ਸੋਚ ਦੀਆਂ ਉਨ੍ਹਾਂ ਮੰਜ਼ਿਲਾਂ ਵੱਲ ਸੰਕੇਤ ਕਰਨਗੇ, ਜਿਨ੍ਹਾਂ ਤਕ ਸਾਡੀ ਪਹੁੰਚ ਨਹੀਂ। ਇਹ ਸੋਚਣ ਦਾ ਵਿਗਿਆਨਕ ਤਰੀਕਾ ਹੈ। ਅਸੀਂ ਆਪਣੀ ਗੱਲ ਮੰਨੀ ਜਾਣ ਲਈ ਨਹੀਂ ਕਰ ਰਹੇ—ਅਸੀਂ ਇਹ ਸਭ ਕੁਝ ਵਿਚਾਰਿਆ ਜਾਣ ਲਈ ਕਹਿ ਅਤੇ ਕਰ ਰਹੇ ਹਾਂ।"

"ਪਾਪਾ, ਸਮੁੱਚੀ ਮਨੁੱਖਤਾ ਜਾਂ ਇਸ ਦੇ ਵਡੇਰੇ ਭਾਗ ਦੀ ਸੋਚ ਨੂੰ ਵਿਗਿਆਨਕ ਹੋਣ ਵਿੱਚ ਕਿੰਨੇ ਕੁ ਵਿਕਾਸ ਦੀ ਲੋੜ ਪਵੇਗੀ ?"

"ਕੌਣ ਜਾਣੇ ? ਹਾਂ, ਇਹ ਗੱਲ ਭਰੋਸੇ ਨਾਲ ਆਖੀ ਜਾ ਸਕਦੀ ਹੈ ਕਿ ਵਿਚਾਰ ਦਾ ਵਿਗਿਆਨਕ ਹੋਣਾ ਹੀ ਇਸ ਦਾ ਵਿਕਾਸ ਹੈ ਅਤੇ ਵਿਕਾਸ ਸ੍ਰਿਸ਼ਟੀ ਦਾ ਅਸਲਾ ਹੈ। ਪੁਰਾਤਨ ਅਤੇ ਮੱਧਕਾਲ ਦਾ ਮਨੁੱਖ ਵਿਕਾਸਹੀਣ ਜਾਂ ਸਥਾਈ ਬ੍ਰਹਿਮੰਡ (Static Universe) ਦਾ ਵਸਨੀਕ ਸੀ। ਸਥਾਈਤਵ ਉਸ ਦੀ ਤਾਂਘ ਸੀ। ਇੰਦ੍ਰੀ-ਜਗਤ ਉਸ ਲਈ ਭਰਮ, ਕੂੜ ਜਾਂ ਮਾਇਆ (ਛਲ) ਸੀ। ਇਸ ਵਿੱਚ ਵਾਪਰਨ ਵਾਲਾ ਵਿਕਾਸ ਨਿਰੋਲ ਭੁਲੇਖਾ ਸੀ। ਇਸ ਭੁਲੇਖੇ ਦੇ ਸ਼ਿਕਾਰ ਮਨੁੱਖ ਲਈ ਆਵਾਗਉਣ ਦਾ ਦੁਖਦਾਈ ਚੱਕਰ ਸੀ। ਜੀਵਨ ਦਾ ਮਨੋਰਥ ਉਸ ਅਕਾਲ ਪੁਰਖ ਵਿੱਚ ਅਭੇਦ ਹੋਣਾ ਸੀ, ਜੋ ਅਟੱਲ, ਅ-ਬਦਲ, ਸਨਾਤਨ, ਅਨਾਦੀ, ਅਨੰਤ, ਇਕਰਸ, ਅਹਿਲ, ਅਡੋਲ, ਪਰੀਪੂਰਣ ਅਤੇ ਇਸੇ ਪ੍ਰਕਾਰ ਦਾ ਹੋਰ ਕਈ ਕੁਝ ਹੈ (ਸੀ)। ਉਸ ਦੀ ਇੱਕ-ਰਸਤਾ ਜਾਂ ਵਿਕਾਸ-ਨਿਰਲੇਪਤਾ ਜਾਂ ਵਿਕਾਸ-ਮੁਕਤਤਾ ਨੂੰ ਪ੍ਰਗਟ ਕਰਨ ਲਈ ਉਸ ਨੂੰ ਤ੍ਰੈਕਾਲ ਸੱਤਯ (Eternally Changeless) ਮੰਨਿਆ ਜਾਂਦਾ ਸੀ (ਹੈ)। ਮੁਕਤੀ, ਸਮਾਧੀ ਅਤੇ ਨਿਰਵਾਣ ਆਦਿਕ ਪੁਰਾਤਨ ਅਤੇ ਮੱਧਕਾਲੀ ਮਨੁੱਖ ਦੇ ਆਦਰਸ਼ 'ਸਥਾਈਤਵ' ਦੇ ਜਾਂ ਇਸ ਨਾਸ਼ਮਾਨ ਸੰਸਾਰ ਤੋਂ ਪਰ੍ਹੇ ਜਾਣ ਦੇ ਪ੍ਰਤੀਕ ਹਨ। ਜਦੋਂ ਜਾਂ ਜਿੱਥੇ ਮਨੁੱਖ ਨੇ ਆਪਣੇ ਬ੍ਰਹਿਮੰਡ ਵਿੱਚ ਹਰਕਤ ਜਾਂ ਵਿਕਾਸ ਦੀ ਹੋਂਦ ਦਾ ਅਨੁਭਵ ਕਰ ਲਿਆ, ਓਦੋਂ ਅਤੇ

ਓਥੇ ਵੀ ਉਹ ਬਦਲਦੇ ਬ੍ਰਹਿਮੰਡ ਵਿੱਚ ਕਿਸੇ ਅਟੱਲ ਅਤੇ ਅਚੱਲ ਹੋਂਦ ਨੂੰ ਬ੍ਰਹਮ ਜਾਂ ਸ਼ੂਨ ਦੇ ਰੂਪ ਵਿੱਚ ਸਵੀਕਾਰ ਕਰਦਾ ਰਿਹਾ ਹੈ ਅਤੇ ਓਸੇ ਨੂੰ ਸ੍ਰਿਸ਼ਟੀ ਦਾ ਅੰਤਲਾ ਮਨੋਰਥ ਮੰਨਦਾ ਆਇਆ ਹੈ। ਬ੍ਰਹਿਮੰਡ ਵਿਚਲੀ ਹਰਕਤ ਨੂੰ ਇਸ ਦੇ ਰਚਣਹਾਰ ਦਾ ਹੁਕਮ ਕਹਿ ਕੇ ਸਥਾਈਤਵ ਨੂੰ ਹਰ ਵਿਕਾਸ ਨਾਲੋਂ ਸ੍ਰੇਸ਼ਟ ਮੰਨਦਾ ਆ ਰਿਹਾ ਹੈ ਮਨੁੱਖ।"

"ਵੀਰ ਜੀ, ਨਿਊਟਨ ਵੀ ਇਸੇ ਸਿਧਾਂਤ ਦਾ ਸਮਰਥਕ ਪ੍ਰਤੀਤ ਹੁੰਦਾ ਹੈ।"

"ਹਾਂ, ਉਹ ਵੀ ਇਸੇ ਦਾ ਸਮਰਥਕ ਸੀ। ਨਿਊਟਨ ਦਾ ਸਿਧਾਂਤ—ਬ੍ਰਹਿਮੰਡ, ਗੁਰੂਤਵ ਆਕਰਸ਼ਣ (Gravity) ਅਤੇ ਹਰਕਤ (Motion) ਦੇ ਨੇਮਾਂ ਦੀ ਪਾਲਣਾ ਕਰਦਾ ਸੀ। ਇਨ੍ਹਾਂ ਨੇਮਾਂ ਦਾ ਆਧਾਰ ਸੱਤਾ (Force) ਸੀ। ਇਨ੍ਹਾਂ ਨੇਮਾਂ ਨੂੰ ਪੈਦਾ ਅਤੇ ਲਾਗੂ ਕਰਨ ਵਾਲੀ ਸੱਤਾ ਇਨ੍ਹਾਂ ਨੇਮਾਂ ਦੀ ਪਾਲਣਾ ਲਈ ਮਜਬੂਰ ਨਹੀਂ ਸੀ। ਉਹ ਇਨ੍ਹਾਂ ਤੋਂ ਪਰ੍ਹੇ ਇਕਰਸ, ਅਹਿੱਲ ਅਤੇ ਅਡੋਲ ਮੰਨੀ ਜਾਂਦੀ ਸੀ। ਇਉਂ ਨਿਊਟਨ ਹਰਕਤ ਨੂੰ ਜਾਂ ਮੋਸ਼ਨ ਨੂੰ ਮਹੱਤਵ ਦਿੰਦਾ ਹੋਇਆ ਸਥਾਈਤਵ ਨੂੰ ਸ੍ਰੇਸ਼ਟ ਅਤੇ ਆਦਰਸ਼ ਮੰਨਦਾ ਸੀ। ਆਈਨਸਟੀਨ ਨੇ ਸਾਡੇ ਬ੍ਰਹਿਮੰਡ ਦੀ ਨਵੀਂ ਵਿਆਖਿਆ ਕੀਤੀ ਹੈ। ਅਜੇ ਤਕ ਸਾਧਾਰਣ ਮਨੁੱਖੀ ਚੇਤਨਾ ਉਸ ਦੀ ਰੈਲੇਟਿਵ ਯੂਨੀਵਰਸ ਦੀ ਕਲਪਨਾ ਕਰਨ ਦੇ ਯੋਗ ਨਹੀਂ ਹੋਈ। ਫ਼ਿਜ਼ਿਕਸ ਦੇ ਵਿਦਵਾਨ ਅਤੇ ਵਿਦਿਆਰਥੀ ਇਸ ਬਾਰੇ ਕੁਝ ਜਾਣ ਸਕਦੇ ਹਨ; ਪਰ, ਉਹ ਵੀ ਧੁੰਦਲਾ ਜਿਹਾ। ਰੈਲੇਟਿਵ ਯੂਨੀਵਰਸ ਵਿਕਾਸਸ਼ੀਲ ਜਾਂ ਡਿਨਾਮਿਕ ਹੈ। ਇਹ ਕਿਸੇ ਸਥਾਈਤਵ ਨੂੰ ਸਵੀਕਾਰ ਨਹੀਂ ਕਰਦੀ। ਇਸ ਉੱਤੇ ਕਿਸੇ ਦਾ ਹੁਕਮ ਨਹੀਂ। ਇਸ ਦੇ ਆਪਣੇ ਨੇਮ ਹਨ। ਜਿਵੇਂ ਜਿਵੇਂ ਮਨੁੱਖੀ ਚੇਤਨਾ ਰੈਲੇਟਿਵਿਟੀ ਜਾਂ ਸਾਪੇਖਤਾਵਾਦ ਨੂੰ ਸਮਝਣ ਦੇ ਸਮਰਥ ਹੁੰਦੀ ਜਾਵੇਗੀ, ਤਿਵੇਂ ਤਿਵੇਂ ਮਨੁੱਖੀ ਸੋਚ ਵਿਗਿਆਨਕ ਹੁੰਦੀ ਜਾਵੇਗੀ। ਸਫ਼ਰ ਲੰਮਾ ਹੈ, ਪਰ ਜੀਵਨ ਦੀ ਲੀਲ੍ਹਾ ਨੇ ਵੀ ਤਾਂ ਕਲਪਾਂ ਅਤੇ ਮਹਾਂ-ਕਲਪਾਂ ਦੀ ਉਮਰ ਭੋਗਣੀ ਹੈ।"

ਪੁਸ਼ਪੇਂਦ੍ਰ, ਮੈਨੂੰ ਪਾਪਾ ਦੀਆਂ ਇਨ੍ਹਾਂ ਗੱਲਾਂ ਵਿੱਚੋਂ ਅਨੋਖੀ ਪ੍ਰਕਾਰ ਦੀ ਬੌਧਕ ਤ੍ਰਿਪਤੀ ਪ੍ਰਾਪਤ ਹੋ ਰਹੀ ਸੀ ਕਿ ਉਨ੍ਹਾਂ ਦੇ ਮਿੱਤਰ ਨੇ ਉਨ੍ਹਾਂ ਨੂੰ ਰੈਲੇਟਿਵਿਟੀ ਦੇ ਸਿਧਾਂਤ ਦੀ ਜਾਣਕਾਰੀ ਦੇਣ ਲਈ ਆਖ ਦਿੱਤਾ। ਮੈਨੂੰ ਅੰਕਲ ਦੀ ਇਹ ਗੱਲ ਦਾਲ ਵਿੱਚ ਕੋੜਕੂ ਵਾਂਗ ਰੜਕੀ। ਮੈਨੂੰ ਖ਼ੁਸ਼ੀ ਹੋਈ, ਜਦੋਂ ਪਾਪਾ ਨੇ ਉਨ੍ਹਾਂ ਦੇ ਉੱਤਰ ਵਿੱਚ ਆਖਿਆ, "ਰੈਲੇਟਿਵਿਟੀ ਦੀ ਗੱਲ ਕਰਾਂਗੇ, ਪਰ ਅਜੇ ਨਹੀਂ। ਇਸ ਸਮੇਂ ਤਾਂ ਅਸੀਂ ਉਸ ਪਲੇਟੋ ਦੀ ਗੱਲ ਕਰ ਰਹੇ ਹਾਂ, ਜਿਸ ਲਈ ਹਰ ਤਬਦੀਲੀ, ਹਰ ਵਿਕਾਸ ਇੱਕ ਭੁਲੇਖਾ ਸੀ, ਝੂਠ ਸੀ, ਅਗਿਆਨ ਦੀ ਵਰਧਕ ਸੀ; ਜਿਹੜਾ ਪਲੇਟੋ ਸਥਾਈਤਵ ਨੂੰ ਅਸਲੀ, ਅਨਾਦੀ ਅਤੇ ਅਨੰਤ ਮੰਨਦਾ ਸੀ ਅਤੇ ਜਿਸ ਪਲੇਟੋ ਦੀਆਂ ਲਿਖੀਆਂ ਹੋਈਆਂ ਗੱਲਾਂ ਹਰ ਉਸ ਵਿਚਾਰ-ਵ੍ਰਿਕਸ਼ ਦੀ ਜੜ੍ਹ ਵਿੱਚ ਹਨ, ਜਿਹੜਾ ਇਸ ਬਦਲਦੇ ਬ੍ਰਹਿਮੰਡ ਦੀ ਕਿਸੇ ਨੁੱਕਰ ਵਿੱਚ ਵੱਸੇ ਹੋਏ ਅਵਿੱਚੱਲ ਨਗਰ ਦੇ ਸਦਾ ਬਹਾਰ ਬਗ਼ੀਚੇ ਦੀ ਸ਼ੋਭਾ ਬਣਿਆ ਆ ਰਿਹਾ ਹੈ। ਏਥੇ ਉਸ ਦੇ ਸਾਰੇ ਸਿਧਾਂਤਾਂ ਦੀ ਵਿਆਖਿਆ ਕਰਨ ਦੀ ਲੋੜ ਨਹੀਂ; ਕਿਉਂਕਿ ਦੁਨੀਆ ਦੇ ਸਿਆਣਿਆਂ ਨੇ ਉਸ ਦੀ ਵਿਆਖਿਆ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਪ੍ਰਸਿੱਧ ਅੰਗਰੇਜ਼ ਵਿਦਵਾਨ ਏ.ਐੱਨ. ਵਾਈਟਹੈੱਡ[3] ਦਾ ਖ਼ਿਆਲ ਹੈ ਕਿ 'ਪਲੇਟੋ ਤੋਂ ਪਿੱਛੋਂ ਲਿਖੀ ਗਈ ਸਾਰੀ ਫਿਲਾਸੋਫੀ ਉਸ ਦੇ ਸਿਧਾਂਤਾਂ ਦੀ ਵਿਆਖਿਆ ਮਾਤ੍ਰ ਹੈ।' ਜੇ ਬੀਜ

---

3. ਵੀਹਵੀਂ ਸਦੀ ਦੇ ਪ੍ਰਸਿੱਧ ਵਿਚਾਰਵਾਨ ਬਰਟ੍ਰੰਡ ਰਸਲ ਦਾ ਉਸਤਾਦ ਅਤੇ ਸਾਥੀ ਲੇਖਕ ਐਲਫ਼ਰਡ ਨਾਰਥ ਵਾਈਟਹੈੱਡ (Alfred North Whitehead) ਇੰਗਲੈਂਡ ਦੇ ਨਿੱਕੇ ਜਹੇ ਸ਼ਹਿਰ ਰੈਮਜ਼ਗੇਟ (Ramsgate) ਵਿੱਚ ਪੈਦਾ ਹੋਇਆ ਸੀ। ਇਸ ਦਾ ਜੀਵਨ ਕਾਲ 1861 ਤੋਂ 1947 ਹੈ।

ਦੀ ਸਰਲਤਾ ਅਤੇ ਬਿਰਖ ਦੀ ਜਟਲਤਾ ਵਿਚਲੇ ਸੰਬੰਧ ਨੂੰ ਪਛਾਣ ਕੇ ਸਰਲਤਾ ਤੋਂ ਜਟਲਤਾ ਤਕ ਦੇ ਸਫ਼ਰ ਅਤੇ ਉਸ ਦੇ ਪ੍ਰਭਾਵਾਂ ਦਾ ਲੇਖਾ ਜੋਖਾ ਕਰੀਏ ਤਾਂ ਇਹ ਮੰਨਣ ਵਿੱਚ ਔਖ ਨਹੀਂ ਹੋਵੇਗੀ ਕਿ ਸਾਰੇ ਅਧਿਆਤਮਵਾਦੀ ਅਤੇ ਰਹਿਸਵਾਦੀ ਸਿਧਾਂਤਾਂ ਦੇ ਬੀਜ, ਆਪਣੀ ਪੂਰੀ ਸਰਲਤਾ ਅਤੇ ਸੰਭਾਵਨਾ ਸਹਿਤ, ਪਲੇਟੋ ਦੇ ਸਿਧਾਂਤਾਂ ਵਿੱਚ ਮੌਜੂਦ ਹਨ।"

"ਪਾਪਾ, ਅਸਾਂ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਯੂਨਾਨੀ ਵਿਚਾਰ ਵਿੱਚ ਇੱਕ ਈਸ਼ਵਰ ਅਤੇ ਬਹੁ-ਦੇਵਵਾਦ ਦੇ ਸਿਧਾਂਤਾਂ ਦਾ ਮਿਸ਼ਰਣ ਹੈ। ਇਸ ਗੱਲ ਦੇ ਸਬੂਤ ਵੀ ਮਿਲਦੇ ਹਨ ਕਿ ਵਿਅਕਤੀਰੂਪ ਈਸ਼ਵਰ ਜਾਂ ਰੱਬ ਦੇ ਨਾਲ ਨਾਲ ਨਿਰਗੁਣ ਨਿਰਾਕਾਰ ਬ੍ਰਹਮ ਦੇ ਸਿਧਾਂਤਕ ਬੀਜ ਵੀ ਯੂਨਾਨੀ ਵਿਚਾਰ, ਵਿਸ਼ੇਸ਼ ਕਰ ਕੇ ਪਲੇਟੋ, ਵਿੱਚ ਮੌਜੂਦ ਹਨ। ਪਰ, ਕੀ ਸ਼ੈਤਾਨ ਜਾਂ ਡੈਵਲ ਦੇ ਰੂਪ ਵਿੱਚ ਸਦੀਵੀ ਬੁਰਾਈ ਦੀ ਹੋਂਦ ਦਾ ਵਿਸ਼ਵਾਸ ਵੀ ਯੂਨਾਨੀ ਅਤੇ ਇਫ਼ਲਾਤੂਨੀ ਵਿਚਾਰ ਵਿੱਚ ਵਿਦਮਾਨ ਹੈ?"

"ਬੇਟਾ ਜੀ, ਪਲੇਟੋ ਵਿਕਾਸ-ਮੁਕਤ ਸਥਾਈ ਯੂਨੀਵਰਸ ਦਾ ਵਿਸ਼ਵਾਸੀ ਸੀ। ਉਸ ਅਨੁਸਾਰ ਇਸ ਜਗਤ ਦੀ ਖੇਡ ਦੇ ਨੇਮ ਅਤੇ ਇਸ ਦੀ ਸਮੱਗਰੀ ਇੱਕੋ ਵਾਰ ਤਿਆਰ ਕਰ ਦਿੱਤੀ ਗਈ ਸੀ। ਇਸ ਵਿੱਚ ਕਿਸੇ ਪ੍ਰਕਾਰ ਦੀ ਵਾਧ-ਘਾਟ ਦੀ ਕੋਈ ਗੁੰਜਾਇਸ਼ ਨਹੀਂ ਸੀ। ਉਹ ਬੁਰਾਈ ਦੀ ਸਦੀਵਤਾ ਦਾ ਵਿਸ਼ਵਾਸੀ ਸੀ; ਪਰੰਤੂ, ਉਸ ਨੇ ਬੁਰਾਈ ਨੂੰ ਸ਼ੈਤਾਨ ਦਾ ਨਾਮ ਅਤੇ ਰੂਪ ਨਹੀਂ ਦਿੱਤਾ। ਉਸ ਅਨੁਸਾਰ ਬੁਰਾਈ ਅਤੇ ਚੰਗਿਆਈ ਜੀਵਾਂ ਜਾਂ ਮਨੁੱਖਾਂ ਦੀ ਬਣਤਰ ਵਿੱਚ ਰੱਖ ਦਿੱਤੀ ਗਈ ਸੀ। ਇਸਤ੍ਰੀ-ਪੁਰਸ਼ਾਂ ਵਿੱਚ ਵੱਖ ਵੱਖ ਪ੍ਰਕਾਰ ਦੀਆਂ ਰੂਹਾਂ ਪਾ ਕੇ ਇਸ ਰਚਨਾ ਦੇ ਰਚਣਹਾਰ ਨੇ ਕੁਝ ਦਾਸ, ਕੁਝ ਕੁਲੀਨ, ਕੁਝ ਬੁਰੇ, ਕੁਝ ਭਲੇ, ਕੁਝ ਫਿਲਾਸੋਫਰ ਅਤੇ ਕੁਝ ਕਲਾਕਾਰ ਆਦਿਕ ਬਣਾ ਦਿੱਤੇ ਸਨ। ਉਸ ਦਾ ਇਹ ਖ਼ਿਆਲ ਸਮੁੱਚੀ ਮਨੁੱਖੀ ਸੋਚ ਵਿੱਚ ਸਮਾਇਆ ਹੋਇਆ ਹੈ, ਕਿਧਰੇ ਸ਼ੈਤਾਨ ਦੇ ਰੂਪ ਵਿੱਚ, ਕਿਧਰੇ ਅਗਿਆਨ ਅਤੇ ਹਉਮੈ ਦੇ ਰੂਪ ਵਿੱਚ, ਕਿਧਰੇ ਤ੍ਰਿਸ਼ਨਾ ਦੇ ਰੂਪ ਵਿੱਚ ਅਤੇ ਕਿਧਰੇ ਜ਼ਾਤ-ਪਾਤ ਦੇ ਰੂਪ ਵਿੱਚ।"

"ਕੀ ਉਹ ਮੁਕਤੀ ਬਾਰੇ ਵੀ ਕੁਝ ਕਹਿ ਗਿਆ ਹੈ, ਵੀਰ ਜੀ?"

"ਉਸ ਦਾ ਫਿਲਾਸੋਫਰ ਕਿੰਗ ਬ੍ਰਹਮ ਗਿਆਨੀ ਹੈ, ਮੁਕਤ ਹੈ, ਜੀਵਨ ਮੁਕਤ ਹੈ। ਉਹ ਨੈਤਿਕ ਨੇਮਾਂ ਤੋਂ ਉੱਚਾ ਹੈ, ਕਿਉਂਜੁ ਉਸ ਤੋਂ ਕੁਝ ਵੀ ਬੁਰਾ ਨਹੀਂ ਹੁੰਦਾ। ਉਹ ਬੁਰੇ ਜਾਂ ਭਲੇ ਦੇ ਰੂਪ ਵਿੱਚ ਜੋ ਕੁਝ ਕਰਦਾ ਹੈ, ਲੋਕਾਂ ਦੀ ਭਲਾਈ ਲਈ ਕਰਦਾ ਹੈ। ਜਦੋਂ ਮੱਧ-ਕਾਲੀਨ ਈਸਾਈ-ਧਰਮ-ਅਦਾਲਤਾਂ ਧਰਮ ਵਿਰੋਧੀਆਂ ਨੂੰ ਜੀਊਂਦੇ ਜਲਾਉਂਦੀਆਂ ਸਨ, ਉਦੋਂ ਉਨ੍ਹਾਂ ਦੇ ਜੱਜ ਅਤੇ ਮੈਂਬਰ ਪੂਰੇ ਵਿਸ਼ਵਾਸ ਨਾਲ ਇਹ ਮੰਨਦੇ ਸਨ ਕਿ ਉਹ ਅਪਰਾਧੀਆਂ ਨੂੰ ਸਦੀਵੀ ਨਰਕਵਾਸ ਜਾਂ ਨਰਕਾਂ ਦੀ ਅੱਗ ਵਿੱਚ ਜਲਾਇਆ ਜਾਣੋਂ ਬਚਾਉਣ ਦਾ ਉਪਰਾਲਾ ਕਰ ਰਹੇ ਹਨ। ਇਸ ਤਰ੍ਹਾਂ ਕੁਝ ਮਿੰਟਾਂ ਦਾ ਦੁੱਖ ਸਹਿ ਕੇ ਉਹ ਅਨੰਤ ਪੀੜਾਂ ਤੋਂ ਛੁਟਕਾਰਾ ਪਾ ਲੈਂਦੇ ਹਨ।"

"ਵੀਰ ਜੀ, ਉਸ ਵਿੱਚ ਅਵਤਾਰਵਾਦ ਵੀ ਹੈ ਜਾਂ ਨਹੀਂ?"

"ਇਸ ਵਾਦ ਦੇ ਦੋ ਰੂਪ ਪ੍ਰਚਲਿਤ ਹੋਏ ਹਨ। ਇੱਕ ਅਨੁਸਾਰ ਪਰਮਾਤਮਾ ਆਪਣੇ ਵੱਲੋਂ ਪੈਗ਼ੰਬਰ ਘੱਲਦਾ ਹੈ ਅਤੇ ਦੂਜੇ ਅਨੁਸਾਰ ਉਹ ਆਪ ਮਨੁੱਖੀ ਜਾਂ ਕੋਈ ਵੀ ਰੂਪ ਧਾਰ ਕੇ ਦੁਨੀਆ ਵਿੱਚ ਆਉਂਦਾ ਹੈ। ਪਲੇਟੋ ਪੈਗ਼ੰਬਰਵਾਦ ਦੀ ਗੱਲ ਕਰਦਾ ਸੀ; ਪਰੰਤੂ, ਪੈਗ਼ੰਬਰ ਨੂੰ ਉਹ ਫਿਲਾਸੋਫਰ ਨਾਲੋਂ ਨੀਵੇਂ ਦਰਜੇ ਦਾ ਵਿਅਕਤੀ ਮੰਨਦਾ ਸੀ। ਸਾਧਾਰਣ ਸੂਝ-ਬੂਝ ਵਾਲੇ ਜਨ-ਸਾਧਾਰਣ ਲਈ ਫਿਲਾਸੋਫਰ ਨਾਲੋਂ ਪੈਗ਼ੰਬਰ ਨੂੰ ਮੰਨਣਾ, ਸਮਝਣਾ ਅਤੇ ਪਛਾਣਨਾ ਸੌਖਾ ਸੀ। ਫਿਲਾਸੋਫਰ ਦੀ ਪਰਿਭਾਸ਼ਾ ਜ਼ਰਾ ਜਟਲ ਅਤੇ ਦਾਰਸ਼ਨਿਕ ਢੰਗ ਦੀ ਸੀ। ਪੈਗ਼ੰਬਰ

ਦੀ ਪਰਿਭਾਸ਼ਾ ਵਿੱਚ ਕੋਈ ਜਟਲਤਾ, ਦਾਰਸ਼ਨਿਕਤਾ ਜਾਂ ਸੂਖ਼ਮਤਾ ਨਹੀਂ। ਪੈਗ਼ੰਬਰ ਰੱਬ ਦਾ ਸੁਨੇਹਾ ਜਾਂ ਹੁਕਮ ਲੈ ਕੇ ਆਇਆ ਹੋਇਆ ਵਿਅਕਤੀ ਹੈ। ਇਸ ਸਰਲਤਾ ਕਾਰਨ ਜਨ-ਸਾਧਾਰਣ ਪੈਗ਼ੰਬਰ ਨੂੰ ਫਿਲਾਸੋਫਰ ਨਾਲੋਂ ਉਚੇਰਾ ਦਰਜਾ ਦਿੰਦਾ ਹੈ। ਹੌਲੀ ਹੌਲੀ ਫਿਲਾਸੋਫਰ ਪੈਗ਼ੰਬਰ ਦਾ ਵਕੀਲ ਬਣਦਾ ਗਿਆ ਹੈ। ਯਸੂ ਮਸੀਹ ਵਿਚਲਾ ਪੈਗ਼ੰਬਰ ਰੱਬ ਦੇ ਰਾਜ ਦੀ ਗੱਲ ਕਰਦਾ ਸੀ, ਮੁਹੰਮਦ ਵਿਚਲਾ ਪੈਗ਼ੰਬਰ ਆਪਣੇ ਆਪ ਵਿੱਚ ਰਾਜਾ ਬਣ ਗਿਆ। ਇਉਂ ਦਰਵੇਸ਼ ਬਾਦਸ਼ਾਹ ਦਾ ਸੰਕਲਪ (ਜਾਂ ਖ਼ਲੀਫ਼ਾ ਦਾ ਖ਼ਿਆਲ) ਵਿਕਾਸ ਕਰ ਗਿਆ। ਨਿਕਲਿਆ ਇਹ ਸਭ ਕੁਝ ਪਲੇਟੋ ਦੇ ਅਣਘੜਤ ਜਹੇ ਪੈਗ਼ੰਬਰਵਾਦ ਵਿੱਚੋਂ ਹੈ।"

"ਵੀਰ ਜੀ, ਭਾਰਤੀ ਮਾਇਆਵਾਦ ਬਹੁਤ ਪੁਰਾਣਾ ਸਿਧਾਂਤ ਹੈ। ਹੋ ਸਕਦਾ ਹੈ ਪਲੇਟੋ ਨੇ ਆਪਣਾ ਆਦਰਸ਼ਵਾਦ ਏਥੋਂ ਅਪਣਾਇਆ ਹੋਵੇ।"

"ਪਲੇਟੋ ਨੇ ਬਹੁਤ ਕੁਝ ਦੂਜਿਆਂ ਕੋਲੋਂ ਅਪਣਾਇਆ ਹੈ; ਉਨ੍ਹਾਂ ਦੂਜਿਆਂ ਵਿੱਚ ਯੂਨਾਨੀ ਵੀ ਹਨ ਅਤੇ ਮਿਸਰੀ ਵੀ; ਪਰੰਤੂ, ਭਾਰਤੀ ਮਾਇਆਵਾਦ ਪਲੇਟੋ ਨਾਲੋਂ ਪੁਰਾਣਾ ਨਹੀਂ। ਵੇਦਾਂ ਵਿੱਚ ਇਸ ਦਾ ਜ਼ਿਕਰ ਨਾ ਹੋਣ ਦੇ ਬਰਾਬਰ ਹੈ। ਮਾਇਆ ਦੇ ਸਿਧਾਂਤ ਦਾ ਸਭ ਤੋਂ ਵੱਡਾ ਪ੍ਰਚਾਰਕ ਸ਼ੰਕਰਾਚਾਰੀਆ ਸੀ। ਉਸ ਦਾ ਜੀਵਨ ਕਾਲ 780 ਈ: ਤੋਂ 820 ਈ: ਤਕ ਹੈ। ਇਉਂ ਉਹ ਪਲੇਟੋ ਤੋਂ ਹਜ਼ਾਰ ਕੁ ਸਾਲ ਪਿੱਛੋਂ ਉਪਜਿਆ ਹੈ। ਉਸ ਦੁਆਰਾ ਮਾਇਆ ਦੇ ਸਿਧਾਂਤ ਦੀ ਜਟਲ, ਦਾਰਸ਼ਨਿਕ ਅਤੇ ਪਰੀਪੂਰਣ ਵਿਆਖਿਆ ਇਹ ਦੱਸਦੀ ਹੈ ਕਿ ਉਹ ਇਸ ਸਿਧਾਂਤ ਦਾ ਜਨਮਦਾਤਾ ਨਹੀਂ। ਪਲੇਟੋ ਦੀ ਦੱਸੀ ਹੋਈ ਥਿਊਰੀ ਆਵ ਆਈਡੀਆਜ਼ ਬਹੁਤੀ ਦਾਰਸ਼ਨਿਕ ਨਹੀਂ। ਇਹ ਵਿਸ਼ਵਾਸ ਜਾਂ ਫੇਥ (Faith) ਦਾ ਵਿਸ਼ਾ ਹੈ। ਰੱਬ ਨੇ ਕੋਈ ਅਜਾਇਬ ਘਰ ਬਣਾਇਆ ਹੋਇਆ ਹੈ, ਜਿਸ ਦੇ ਸ਼ੈਲਫ਼ਾਂ ਉੱਤੇ ਦੁਨੀਆ ਦੀ ਹਰ ਚੀਜ਼ ਦਾ ਅਸਲੀ ਅਤੇ ਊਣ-ਮੁਕਤ ਮਾਡਲ ਬਣਾ ਕੇ ਰੱਖਿਆ ਹੋਇਆ ਹੈ। ਦੁਨੀਆ ਵਿਚਲੀਆਂ ਸਭ ਚੀਜ਼ਾਂ ਅਸਲ ਦੇ ਨਮੂਨੇ ਉੱਤੇ ਜਾਂ ਅਸਲ ਦੀ ਨਕਲ ਕਰ ਕੇ ਬਣਾਈਆਂ ਗਈਆਂ ਹਨ। ਇਸ ਲਈ ਸਭ ਨਕਲੀ, ਝੂਠੀਆਂ ਅਤੇ ਨਾਸ਼ਮਾਨ ਹਨ। ਇਹ ਖ਼ਿਆਲ ਬਹੁਤ ਕੱਚਾ ਹੈ। ਰੱਬ ਨੇ ਅਸਲੀ ਚੀਜ਼ਾਂ ਬਣਾ ਕੇ ਆਪਣੇ ਕੋਲ ਰੱਖ ਲਈਆਂ ਤਾਂ ਦੁਨੀਆ ਵਿਚਲੀਆਂ ਨਕਲੀ ਚੀਜ਼ਾਂ ਕਿਸ ਨੇ ਬਣਾਈਆਂ ? ਜੇ ਅਸਲ ਦਾ ਕਰਤਾ ਹੋਰ ਹੈ ਅਤੇ ਦੁਨੀਆ ਦਾ ਸਿਰਜਣਹਾਰ ਕੋਈ ਹੋਰ ਤਾਂ ਰੱਬ ਦੋ ਹੋ ਜਾਂਦੇ ਹਨ। ਜੇ ਨਕਲ ਦਾ ਕਰਤਾ ਹੋਰ ਹੈ ਤਾਂ ਉਸ ਨੇ ਰੱਬ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਦਾ ਗਿਆਨ ਕਿਵੇਂ ਹਾਸਲ ਕਰ ਲਿਆ ? ਜੇ ਬਣਾਉਣ ਵਾਲੇ ਨੇ ਦੁਨੀਆ ਦੀਆਂ ਚੀਜ਼ਾਂ ਰੱਬ ਦੀਆਂ ਅਸਲੀ ਚੀਜ਼ਾਂ ਨੂੰ ਵੇਖ ਕੇ ਨਹੀਂ, ਸਗੋਂ ਆਪਣੀ ਕਲਪਨਾ ਵਿੱਚੋਂ ਘੜੀਆਂ ਹਨ ਤਾਂ ਇਨ੍ਹਾਂ ਨੂੰ ਨਕਲ ਕਿਵੇਂ ਆਖਿਆ ਜਾ ਸਕਦਾ ਹੈ ? ਜੇ ਰੱਬ ਨੇ ਹੀ ਅਸਲ ਅਤੇ ਨਕਲ ਦੋਵੇਂ ਬਣਾਈਆਂ ਹਨ ਤਾਂ ਅਸਲੀ ਤੋਂ ਪਿੱਛੋਂ ਨਕਲੀ ਬਣਾਉਣ ਦਾ ਕੀ ਮਤਲਬ ? ਜੇ ਪਹਿਲੋਂ ਨਕਲੀ ਬਣਾ ਕੇ ਪਿੱਛੋਂ ਅਸਲੀ ਬਣਾਈਆਂ ਤਾਂ ਇਸ ਦਾ ਭਾਵ ਇਹ ਹੈ ਕਿ ਉਸ ਨੇ ਕੰਮ ਵਿੱਚ ਰਹਿ ਗਈ ਊਣ-ਕਾਣ ਨੂੰ ਸੋਧਿਆ ਹੈ; ਇਹ ਸੋਧ ਉਹ ਆਪ ਵੀ ਕਰ ਸਕਦਾ ਹੈ ਅਤੇ ਉਸ ਦੀ ਥਾਂ ਕੋਈ ਹੋਰ ਵੀ ਕਰ ਸਕਦਾ ਹੈ ਜਾਂ ਉਹ ਆਪ ਕਿਸੇ ਨੂੰ ਹੁਕਮ ਦੇ ਕੇ ਕਰਵਾ ਸਕਦਾ ਹੈ। ਅਸੀਂ ਟੇਢੀ ਅਤੇ ਸਿੱਧੀ ਦੋ ਲਕੀਰਾਂ ਖਿੱਚਦੇ ਹਾਂ। ਇਹ ਦੋਵੇਂ ਰੱਬ ਦੁਆਰਾ ਬਣਾਈਆਂ ਗਈਆਂ ਲਕੀਰਾਂ ਦੀਆਂ ਨਕਲਾਂ ਹਨ। ਸਾਡੀ ਸਿੱਧੀ ਲਕੀਰ ਅਸਲ ਨਹੀਂ, ਨਕਲ ਹੈ ਕਿਉਂਜੁ ਇਹ ਓਨੀ ਸਿੱਧੀ ਨਹੀਂ ਜਿੰਨੀ ਰੱਬ ਦੀ ਬਣਾਈ ਹੋਈ ਲਕੀਰ ਸਿੱਧੀ ਹੈ। ਲਕੀਰ ਦੀ ਸੰਪੂਰਣ ਸਿਧਾਈ (Perfect straightness) ਰੱਬ ਦੇ ਖ਼ਿਆਲ ਵਿੱਚ ਹੈ। ਸਾਡੀ ਲਕੀਰ ਵਿੱਚ ਉਹ ਸਿਧਾਈ ਨਹੀਂ। ਇਸੇ ਤਰ੍ਹਾਂ ਸਾਡੀ ਬਣਾਈ ਹੋਈ ਟੇਢੀ ਲਕੀਰ ਸੰਪੂਰਣ ਰੂਪ ਟੇਢੀ ਵੀ ਨਹੀਂ। ਸੰਪੂਰਣ ਸਿਧਾਈ ਵਾਂਗ ਲਕੀਰ ਦਾ ਸੰਪੂਰਣ ਟੇਢਾਪਨ ਵੀ ਰੱਬ

ਦੇ 'ਆਈਡੀਏ' ਵਿੱਚ ਹੈ। ਸਿਧਾਈ ਦਾ ਕੇਵਲ ਇੱਕ ਆਈਡੀਆ ਕਲਪਿਆ ਜਾ ਸਕਦਾ ਹੈ; ਪਰੰਤੂ, ਟੇਢਾਪਨ ਅਨੇਕ ਪ੍ਰਕਾਰ ਦਾ ਹੋ ਸਕਦਾ ਹੈ। ਟੇਢੇਪਨ ਦੇ ਸਾਰੇ ਰੂਪਾਂ ਵਿੱਚੋਂ ਅਸਲ ਕਿਹੜਾ ਮੰਨਿਆ ਜਾਵੇ ? ਜੇ ਕਈ ਅਸਲੀ ਟੇਢੇਪਨ ਸੰਭਵ ਹਨ ਅਤੇ ਰੱਬ ਨੇ ਉਨ੍ਹਾਂ ਦੇ ਨਮੂਨੇ ਬਣਾ ਕੇ ਰੱਖੇ ਹੋਏ ਹਨ ਤਾਂ ਉਨ੍ਹਾਂ ਦੀ ਨਕਲ ਉੱਤੇ ਬਣੇ ਹੋਏ ਟੇਢੇਪਨ ਨਕਲੀ ਕਿਉਂ ਹੋਏ ? ਉਨ੍ਹਾਂ ਨੂੰ ਟੇਢੇਪਨ ਦੇ ਨਮੂਨਿਆਂ ਵਿੱਚ ਵਾਧਾ ਕਹਿ ਕੇ ਅਸਲੀ ਮੰਨਣ ਵਿੱਚ ਕੀ ਬੁਰਾਈ ਹੈ ?"

"ਵੀਰ ਜੀ, ਪਲੇਟੋ ਦਾ ਇਹ ਸਿਧਾਂਤ ਵਿਗਿਆਨਕ ਤਾਂ ਹੈ ਹੀ ਨਹੀਂ; ਪਰੰਤੂ, ਇਹ ਦਾਰਸ਼ਨਿਕ ਵੀ ਨਹੀਂ। ਇਸ ਵਿੱਚ ਬਹੁਤ ਘਾਟੇ ਹਨ। ਇਸ ਨੂੰ ਕਿਸੇ ਪਹਿਲੇ ਸਿਧਾਂਤ ਦਾ ਸੋਧਿਆ ਅਤੇ ਵਿਕਸਾਇਆ ਹੋਇਆ ਰੂਪ ਨਹੀਂ ਆਖਿਆ ਜਾ ਸਕਦਾ। ਇਹ ਹੈ ਹੀ ਬੀਜ-ਰੂਪ—ਮੁੱਢਲਾ ਅਤੇ ਅਣਘੜਤ।"

"ਜੇ ਤੁਸੀਂ ਆਰਬਿੰਦੂ ਦੁਆਰਾ ਕੀਤੀ ਗਈ ਮਾਇਆ ਅਤੇ ਛਲ ਅਤੇ ਅਗਿਆਨ ਆਦਿਕ ਦੀ ਵਿਆਖਿਆ ਪੜ੍ਹੋ ਤਾਂ ਤੁਹਾਨੂੰ ਬੀਜ-ਰੂਪ ਸਿਧਾਂਤਾਂ ਅਤੇ ਸੰਪੂਰਨ ਰੂਪ ਵਿਕਸਿਤ ਦਾਰਸ਼ਨਿਕ ਸਿਧਾਂਤਾਂ ਦਾ ਨਿਖੇੜਾ ਕਰਨ ਵਿੱਚ ਕਦੇ ਕੋਈ ਔਖ ਨਾ ਆਵੇਗੀ। ਪਰੰਤੂ, ਇੱਕ ਗੱਲ ਯਾਦ ਰੱਖਿਓ, ਆਰਬਿੰਦੂ ਨੂੰ ਪੜ੍ਹਨਾ ਆਪਣੇ ਆਪ ਵਿੱਚ ਇੱਕ ਔਖਾ ਕੰਮ ਹੈ।"

"ਪਾਪਾ, ਹਜ਼ਰਤ ਨੂਹ ਨੇ ਵੱਡੇ ਤੂਫ਼ਾਨ ਤੋਂ ਪਹਿਲਾਂ ਬੇੜੀ ਬਣਾ ਕੇ ਹਰ ਪ੍ਰਕਾਰ ਦੇ ਪਸ਼ੂ-ਪੰਛੀ ਉਸ ਵਿੱਚ ਰੱਖ ਲਏ ਸਨ। ਕੀ ਇਸ ਸਾਖੀ ਦਾ ਕੋਈ ਸੰਬੰਧ ਪਲੇਟੋ ਦੇ ਇਲਾਹੀ ਅਜਾਇਬ ਘਰ ਨਾਲ ਹੋ ਸਕਦਾ ਹੈ ?"

"ਜੈਨੀਆਂ, ਬੋਧੀਆਂ, ਹਿੰਦੂਆਂ ਅਤੇ ਮੁਸਲਮਾਨਾਂ ਵਾਂਗ ਯਹੂਦੀ ਵੀ ਆਪਣੇ ਕਾਲਪਨਿਕ ਇਤਿਹਾਸ ਜਾਂ ਮਿਥਿਹਾਸ ਨੂੰ ਸਭ ਤੋਂ ਪੁਰਾਣਾ ਮੰਨਦੇ ਹਨ। ਉਹ ਕਹਿਣਗੇ ਕਿ ਪਲੇਟੋ ਨੇ ਨੂਹ ਕੋਲੋਂ ਸਿੱਖਿਆ ਹੈ। ਇਨ੍ਹਾਂ ਦੋਹਾਂ ਗੱਲਾਂ ਵਿਚਲੀ ਸਾਂਝ ਬੇ-ਮਲੂਮੀ ਜਹੀ ਹੈ। ਏਸੇ ਤਰ੍ਹਾਂ ਪਲੇਟੋ ਵਿੱਚ ਨਰਕ ਸੁਰਗ ਦਾ ਖ਼ਿਆਲ ਵੀ ਬੀਜ-ਰੂਪ ਹੈ। ਓਲੰਪੀਆ ਨਾਂ ਦਾ ਪਹਾੜ ਦੇਵਤਿਆਂ ਦਾ ਨਿਵਾਸ ਸਥਾਨ ਹੈ। ਇਸ ਤੋਂ ਸਵਰਗ ਦੀ ਰੂਪ ਰੇਖਾ ਉਘੜੀ ਹੈ। ਇਸ ਵਿੱਚ ਮਿਸਰੀ ਅਧਿਆਤਮਵਾਦ ਦਾ ਹੱਥ ਵੀ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਚੰਗੇ ਆਦਮੀ ਦੀ ਮੌਤ ਉੱਤੇ ਇੱਕ ਸੁੰਦਰ ਇਸਤ੍ਰੀ, ਭੋਜਨ ਦਾ ਭਰਿਆ ਥਾਲ ਚੁੱਕੀ, ਇੱਕ ਬਿਰਛ ਦੀ ਛਾਵੇਂ ਖਲੋਤੀ ਉਸ ਭਲੇ ਪੁਰਸ਼ ਦੀ ਆਤਮਾ ਦਾ ਇੰਤਜ਼ਾਰ ਕਰ ਰਹੀ ਹੁੰਦੀ ਹੈ। ਇਹ ਉਸ ਨੂੰ ਉਸ ਦੇ ਯੋਗ ਥਾਂ ਲੈ ਜਾਣ ਦਾ ਕੰਮ ਕਰਦੀ ਹੈ। ਯਹੂਦੀਆਂ ਅਤੇ ਮੁਸਲਮਾਨਾਂ ਵਿੱਚ ਇਸ ਖ਼ਿਆਲ ਨੂੰ ਵਡੇਰਾ ਜਾਂ ਐਨਲਾਰਜ ਕਰ ਲਿਆ ਗਿਆ ਹੈ। ਇੱਕ ਇਸਤ੍ਰੀ ਬਹੱਤਰ ਹੂਰਾਂ ਵਿੱਚ ਬਦਲ ਗਈ ਹੈ, ਇੱਕ ਬਿਰਖ ਸਾਰਖੇ ਬਾਗ਼ ਦਾ ਰੂਪ ਧਾਰ ਗਿਆ ਹੈ ਅਤੇ ਭੋਜਨ ਦਾ ਪ੍ਰੋਸਿਆ ਥਾਲ ਦੁੱਧ ਦੀਆਂ ਨਦੀਆਂ, ਸ਼ਹਿਦ ਦੇ ਚਸ਼ਮਿਆਂ, ਭਾਂਤ ਭਾਂਤ ਦੇ ਫਲਾਂ ਅਤੇ ਅੰਗੂਰੀ ਸ਼ਰਾਬਾਂ ਵਿੱਚ ਬਦਲ ਗਿਆ ਹੈ। ਪਲੇਟੋ ਦਾ ਨਰਕ ਵੀ ਬਹੁਤਾ ਭਿਆਨਕ ਨਹੀਂ ਸੀ। ਜਿਹੜੇ ਲੋਕ ਇਸ ਦੁਨੀਆ ਵਿੱਚ ਆ ਕੇ ਆਪਣੇ ਜ਼ਿੰਮੇ ਲੱਗੇ ਕੰਮ ਨੂੰ ਪੂਰੀ ਮਿਹਨਤ ਅਤੇ ਈਮਾਨਦਾਰੀ ਨਾਲ ਨਹੀਂ ਕਰਦੇ, ਉਹ ਆਪਣੀ ਭੁੱਲ ਦੀ ਸਜ਼ਾ ਭੁਗਤਣ ਲਈ ਕਿਸੇ ਅਜੇਹੇ ਟਿਕਾਣੇ ਰੱਖੇ ਜਾਂਦੇ ਹਨ, ਜਿੱਥੇ ਕੁਝ ਚਿਰ ਰਹਿਣ ਤੋਂ ਪਿੱਛੋਂ ਉਨ੍ਹਾਂ ਨੂੰ ਮੁੜ ਇਸ ਦੁਨੀਆ ਵਿੱਚ ਆਉਣ ਦਾ ਮੌਕਾ ਦਿੱਤਾ ਜਾਂਦਾ ਹੈ। ਉਸ ਦੇ ਨਰਕਾਂ ਵਿੱਚ ਕਿਆਮਤ ਤਕ ਅਤੇ ਕਿਆਮਤ ਤੋਂ ਪਿੱਛੋਂ ਸਦਾ ਅੱਗ ਵਿੱਚ ਸਾੜੇ ਜਾਂਦੇ ਲੋਕਾਂ ਦਾ ਜ਼ਿਕਰ ਨਹੀਂ। ਉਹ ਆਵਾਗਉਣ ਦਾ ਵਿਸ਼ਵਾਸੀ ਸੀ। ਇਹ ਖ਼ਿਆਲ ਉਸ ਨੇ ਪਾਇਥਾਗੋਰਸ ਕੋਲੋਂ ਅਪਣਾਇਆ ਸੀ। ਇਸ ਸਿਧਾਂਤ ਨੂੰ ਪਰੀਪੂਰਣਤਾ ਤਕ ਭਾਰਤੀਆਂ ਨੇ ਪਹੁੰਚਾਇਆ ਹੈ।"

"ਵੀਰ ਜੀ, ਜਿਸ ਤਰ੍ਹਾਂ ਦਾਲ ਦੇ ਦੇਗੇ ਵਿੱਚੋਂ ਇੱਕ ਦਾਣਾ ਟੋਹ ਕੇ ਦੇਗੇ ਵਿਚਲੀ ਸਾਰੀ ਦਾਲ ਦੇ ਗਲ਼ ਗਈ ਹੋਣ ਦਾ ਅਨੁਮਾਨ ਲਾਇਆ ਅਤੇ ਭਰੋਸਾ ਕਰ ਲਿਆ ਜਾਂਦਾ ਹੈ, ਏਸੇ ਤਰ੍ਹਾਂ ਇਨ੍ਹਾਂ ਗੱਲਾਂ ਤੋਂ ਪਲੇਟੋ ਵਿੱਚ ਹੋਰ ਸਾਰੇ ਰਹਿਸਵਾਦੀ ਸਿਧਾਂਤਾਂ ਦੇ ਬੀਜ ਹੋਣ ਦੀ ਗੱਲ ਠੀਕ ਮੰਨੀ ਜਾ ਸਕਦੀ ਹੈ। ਪਰੰਤੂ, ਗੁਰੂ ਦੇ ਮਹੱਤਵ ਬਾਰੇ ਉਸ ਵਿੱਚ ਬਹੁਤਾ ਕੁਝ ਨਹੀਂ ਮਿਲਦਾ।"

"ਉਸ ਦੇ ਸਿਧਾਂਤਾਂ ਨੂੰ ਬੀਜ-ਰੂਪ ਕਹਿਣ ਦਾ ਭਾਵ ਹੀ ਇਹ ਹੈ ਕਿ ਉਹ ਆਪਣੇ ਮੁੱਢਲੇ ਅਵਿਕਸਿਤ ਰੂਪ ਵਿੱਚ ਹਨ। ਬਹੁਤਾ ਕੁਝ ਉਸ ਦੇ ਉਨ੍ਹਾਂ ਸਿਧਾਂਤਾਂ ਵਿੱਚ ਹੈ, ਜਿਹੜੇ ਉਸ ਨੇ ਅਸਲ ਦੇ ਨਮੂਨੇ ਉੱਤੇ ਬਣਾਈ ਗਈ ਨਕਲੀ ਦੁਨੀਆ ਦੇ ਦੁਨਿਆਵੀ ਪ੍ਰਬੰਧ ਲਈ ਘੜੇ ਹਨ। ਇਹ ਦੁਨੀਆ ਨਕਲੀ, ਝੂਠੀ, ਘਟੀਆ ਬੇਸ਼ੱਕ ਹੈ; ਪਰੰਤੂ, ਪਲੇਟੋ ਨੂੰ ਇਸ ਦੀ ਚਿੰਤਾ ਬਹੁਤ ਹੈ। ਇਹ ਦੁਨੀਆ ਇੱਕ ਅੰਨ੍ਹੇਰੀ ਗੁਫ਼ਾ ਹੈ, ਇਸ ਵਿਚਲੇ ਸਾਰੇ ਲੋਕ ਜੂੜੇ ਜਕੜੇ ਹੋਏ ਕੈਦੀ ਹਨ, ਉਨ੍ਹਾਂ ਨੂੰ ਏਨੇ ਮਜਬੂਰ ਕਰ ਦਿੱਤਾ ਗਿਆ ਹੈ ਕਿ ਆਪਣੀ ਕਿਸੇ ਕੋਸ਼ਿਸ਼ ਨਾਲ ਅਸਲੀਅਤ ਦਾ ਗਿਆਨ ਪ੍ਰਾਪਤ ਨਹੀਂ ਕਰ ਸਕਦੇ। ਕੋਈ ਇੱਕ ਗਿਆਨਵਾਨ ਗੁਫ਼ਾ ਵਿੱਚ ਆ ਕੇ ਉਨ੍ਹਾਂ ਨੂੰ ਅਸਲੀਅਤ ਦੱਸਣ ਦਾ ਜਤਨ ਕਰਦਾ ਹੈ। ਇਸ ਖ਼ਿਆਲ ਵਿੱਚ ਗੁਰੂ, ਪੈਗ਼ੰਬਰ ਅਤੇ ਅਵਤਾਰ ਆਦਿਕ ਦੇ ਸਾਰੇ ਸੰਕੇਤ ਮੌਜੂਦ ਹਨ। ਉਸ ਨੇ ਜਪਾਂ, ਤਪਾਂ ਅਤੇ ਸਿਮਰਨਾਂ ਦਾ ਜ਼ਿਕਰ ਨਹੀਂ ਕੀਤਾ; ਪਰੰਤੂ, ਉਸ ਦੇ ਵਿੱਦਿਆ-ਪ੍ਰਬੰਧ ਵਿੱਚ ਸੰਗੀਤ, ਗਣਿਤ, ਜਿਮਨਾਸਟਿਕ ਅਤੇ ਫਿਲਾਸੋਫਰਾਂ ਦੀ ਸੰਗਤ ਦਾ ਮਹੱਤਵ ਮੰਨਿਆ ਗਿਆ ਹੈ। ਇਹ ਸਾਰੇ ਖ਼ਿਆਲ ਵੱਖ ਵੱਖ ਸਿਧਾਂਤਾਂ ਨੂੰ ਜਨਮ ਦਿੰਦੇ ਗਏ ਹਨ। ਸੰਸਾਰ ਦੇ ਸਮਾਜਕ-ਰਾਜਨੀਤਕ ਪ੍ਰਬੰਧ ਲਈ ਉਹ ਪ੍ਰਜਾਤੰਤ੍ਰ ਦੀ ਥਾਂ ਕਿਸੇ ਇੱਕ ਫਿਲਾਸੋਫਰ ਦੀ ਡਿਕਟੇਟਰਸ਼ਿਪ ਨੂੰ ਤਰਜੀਹ ਦਿੰਦਾ ਸੀ। ਉਹ ਕਾਨੂੰਨ ਦੀ ਕਰੜਾਈ ਅਤੇ ਸਦੀਵਤਾ ਦਾ ਵਿਸ਼ਵਾਸੀ ਸੀ। ਇੱਕ ਵੇਰ ਬਣਾਏ ਗਏ ਕਾਨੂੰਨ ਵਿੱਚ ਕਿਸੇ ਵੀ ਤਬਦੀਲੀ ਨੂੰ ਵਿਨਾਸ਼ ਦਾ ਕਾਰਨ ਮੰਨਦਾ ਸੀ। ਉਸ ਦਾ ਸਾਰਾ ਪ੍ਰਬੰਧ ਸਥਾਈਤਵ ਦੇ ਵਿਸ਼ਵਾਸ ਦਾ ਲਖਾਇਕ ਹੈ। ਮੈਂ ਫਿਲਾਸੋਫਰ ਦੀ ਡਿਕਟੇਟਰਸ਼ਿਪ ਅਤੇ ਭਾਰਤੀ ਗੁਰੂਵਾਦ ਵਿੱਚ ਜੇ ਕੋਈ ਫ਼ਰਕ ਵੇਖਦਾ ਹਾਂ ਤਾਂ ਕੇਵਲ ਇਹ ਕਿ ਡਿਕਟੇਟਰ ਸਮਾਜਕ-ਰਾਜਨੀਤਕ ਪ੍ਰਬੰਧਕ ਹੈ ਅਤੇ ਗੁਰੂ ਅਧਿਆਤਮਕ ਡਿਕਟੇਟਰ ਹੈ। ਦੋਹਾਂ ਦਾ ਹੁਕਮ ਆਖ਼ਰੀ ਹੈ, ਦੋਵੇਂ ਅਲੋਚਨਾ ਤੋਂ ਪਰੇ ਹਨ, ਦੋਵੇਂ ਪਰੀਪੂਰਣ ਹੋਣ ਕਰਕੇ ਵਿਕਾਸ ਦੀ ਮੁਥਾਜੀ ਤੋਂ ਮੁਕਤ ਹਨ।"

"ਪਾਪਾ, ਤੁਸੀਂ ਇਹ ਵੀ ਕਹਿੰਦੇ ਹੋ ਕਿ ਅਧਿਆਤਮਵਾਦ ਮਨੁੱਖਾਂ ਨੂੰ ਦੋਗਲਾ, ਦੋਹਰਾ ਜਾਂ ਪਾਖੰਡੀ ਜੀਵਨ ਜੀਣ ਦੀ ਪ੍ਰੇਰਣਾ ਦਿੰਦਾ ਹੈ। ਇਹ ਪ੍ਰੇਰਣਾ ਕਿਸੇ ਵਿਕਾਸ ਦਾ ਸਿੱਟਾ ਹੈ ਜਾਂ ਇਹ ਵੀ ਪਲੇਟੋ ਵਿੱਚ ਮੌਜੂਦ ਸੀ ?"

"ਪਾਖੰਡ-ਪ੍ਰੇਰਣਾ ਕਿਸੇ ਦੀ ਉਪਜਾਈ ਹੋਈ ਨਹੀਂ। ਇਹ ਅਧਿਆਤਮਵਾਦ ਦਾ ਅਸਲਾ ਹੈ, ਅਜੇਹੀ ਮੇਰੀ ਰਾਏ ਹੈ। ਪਲੇਟੋ ਅਤੇ ਸੁਕਰਾਤ ਤੋਂ ਪਹਿਲਾਂ ਪ੍ਰੋਟੈਗੋਰਸ ਨਾਂ ਦਾ ਇੱਕ ਯੂਨਾਨੀ ਵਿਚਾਰਵਾਨ ਹੋਇਆ ਹੈ। ਉਸ ਦਾ ਖ਼ਿਆਲ ਸੀ ਕਿ 'ਦੇਵਤਿਆਂ ਦੀ ਹੋਂਦ ਜਾਂ ਅਣਹੋਂਦ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਮੁਆਮਲਾ ਬਹੁਤ ਟੇਢਾ ਹੈ। ਪਰੰਤੂ, ਇਹ ਗੱਲ ਯਕੀਨ ਨਾਲ ਆਖੀ ਜਾ ਸਕਦੀ ਹੈ ਕਿ ਉਹ ਹੋਣ ਜਾਂ ਨਾ ਹੋਣ, ਪੂਜੇ ਜ਼ਰੂਰ ਜਾਣੇ ਚਾਹੀਦੇ ਹਨ।' ਜੇ ਪੁੱਛੀਏ ਕਿਉਂ ? ਤਾਂ ਉੱਤਰ ਪਲੇਟੋ ਕੋਲ ਹੈ। ਉਹ ਕਹਿੰਦਾ ਹੈ—'ਇੱਕ ਸਫਲ ਹੁਕਮਰਾਨ ਲਈ ਇੱਕ ਸ਼ਾਹੀ ਝੂਠ ਪੈਦਾ ਕਰਨਾ ਜ਼ਰੂਰੀ ਹੈ। ਉਹ ਇਹ ਕਿ ਆਦਮੀਆਂ (ਜਾਂ ਵਿਅਕਤੀਆਂ) ਵਿੱਚ ਤਿੰਨ ਪ੍ਰਕਾਰ ਦੀਆਂ ਰੂਹਾਂ ਹਨ—(1) ਸ੍ਰੇਸ਼ਟ ਰੂਹਾਂ—ਸੋਨੇ ਦੀਆਂ, (2) ਸਾਧਾਰਣ ਰੂਹਾਂ—

ਚਾਂਦੀ ਦੀਆਂ, ਅਤੇ (3) ਘਟੀਆਂ ਰੂਹਾਂ—ਲੋਹੇ, ਤਾਂਬੇ ਆਦਿ ਦੀਆਂ।'[4] ਉਹ ਇਹ ਵੀ ਕਹਿੰਦਾ ਹੈ ਕਿ 'ਦੇਵਤਿਆਂ ਦੀ ਪੂਜਾ ਸਖ਼ਤੀ ਨਾਲ ਕਰਵਾਈ ਜਾਣੀ ਚਾਹੀਦੀ ਹੈ। ਹਰ ਦੇਸ਼ ਦਾ ਆਪਣਾ ਸਰਕਾਰੀ ਧਰਮ ਹੋਣਾ ਚਾਹੀਦਾ ਹੈ। ਜੰਗ ਵਿੱਚ ਸ਼ਹੀਦ ਹੋਣ ਵਾਲਿਆਂ ਨੂੰ ਦੇਵਤਿਆਂ ਦੀ ਪਦਵੀ ਦੇ ਕੇ ਪੂਜ ਬਣਾਇਆ ਜਾਣਾ ਚਾਹੀਦਾ ਹੈ।' ਇਹ ਸਭ ਕਿਸ ਲਈ ? ਰਾਜ ਕਾਜ ਨੂੰ ਸੌਖਾ ਬਣਾਉਣ ਲਈ। ਇਹ ਲੋਕਾਂ ਨਾਲ ਧੋਖਾ ਹੈ; ਪਰ ਉਨ੍ਹਾਂ ਦੇ ਭਲੇ ਲਈ ਹੈ। ਜਿਸ ਦੁਨਿਆਵੀ ਪ੍ਰਬੰਧ ਲਈ ਏਨੇ ਝੂਠ ਅਤੇ ਪਾਖੰਡਾਂ ਦਾ ਸਹਾਰਾ ਲਿਆ ਜਾਣਾ ਜ਼ਰੂਰੀ ਹੈ, ਉਸੇ ਦੁਨੀਆ ਨੂੰ ਨਕਲੀ ਅਤੇ ਨਿਕ੍ਰਿਸ਼ਟ ਵੀ ਆਖਿਆ ਗਿਆ ਹੈ! ਪਲੇਟੋ ਨੇ ਇਸ ਪਾਖੰਡ ਜਾਂ ਧੋਖੇ ਨੂੰ ਲੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਭਲੀਭਾਂਤ ਜਾਣਦਾ ਸੀ ਕਿ ਸਫਲ ਧੋਖੇਬਾਜ਼ੀ ਲਈ ਅਧਿਆਤਮਵਾਦ ਦਾ ਸਹਾਰਾ ਬਹੁਤ ਜ਼ਰੂਰੀ ਹੈ। ਇਸ ਸੱਚ ਉੱਤੇ ਪਰਦਾ ਪਾਉਣ ਦੀ ਥਾਂ ਉਸ ਨੇ ਸਾਫ਼ ਲਿਖਿਆ ਹੈ ਕਿ 'ਪਹਿਲੀ ਪੀੜ੍ਹੀ ਤੁਹਾਡੇ ਝੂਠ ਨੂੰ ਮੰਨਣ ਵਿੱਚ ਔਖ ਮਹਿਸੂਸ ਕਰੇਗੀ, ਪਰ ਦੂਜੀ ਪੀੜ੍ਹੀ ਇਸ ਅਧਿਆਤਮਕ ਝੂਠ ਨੂੰ ਨਾ ਮੰਨਣ ਵਿੱਚ ਸ਼ਰਮਸਾਰੀ ਮਹਿਸੂਸ ਕਰੇਗੀ।' ਪਲੇਟੋ ਦੁਆਰਾ ਦੱਸਿਆ ਹੋਇਆ ਅਧਿਆਤਮਕ ਜਗਤ ਰੱਬ ਦਾ ਬਣਾਇਆ ਹੋਇਆ ਅਸਲੀ ਅਤੇ ਦਾਰਸ਼ਨਿਕ ਤੌਰ ਉੱਤੇ ਸ੍ਰੇਸ਼ਟ ਭਾਵੇਂ ਹੈ; ਪਰ, ਉਹ ਮਨੁੱਖਾਂ ਦੀ ਨਕਲੀ ਦੁਨੀਆ ਦਾ ਜੀ-ਹਜ਼ੂਰੀਆ, ਖ਼ੁਸ਼ਾਮਦੀ ਅਤੇ ਸੇਵਾਦਾਰ (Subservient) ਜਗਤ ਹੈ। ਜਿਸ ਤਰ੍ਹਾਂ ਉਸ ਲਈ ਨਕਲੀ ਸੰਸਾਰ ਪ੍ਰਧਾਨ ਅਤੇ ਅਧਿਆਤਮਕ ਅਸਲੀ ਸੰਸਾਰ ਗੌਣ ਸੀ, ਉਸੇ ਤਰ੍ਹਾਂ ਦੁਨੀਆ ਦੇ ਲੋਕਾਂ ਲਈ ਵੀ 'ਕਾਅਬਾ ਮੇਰੇ ਪੀਛੇ ਹੈ, ਕਲੀਸਾ ਮੇਰੇ ਆਗੇ'[5] ਵਾਲਾ ਰਿਸ਼ਤਾ ਹੁਣ ਤਕ ਕਾਇਮ ਹੈ। ਇਹ ਬਦਲਿਆ ਨਹੀਂ ਜਾ ਸਕਦਾ। ਪਲੇਟੋ ਦੇ ਇਸ ਸਿਧਾਂਤ ਉੱਤੇ ਕਿੰਤੂ ਕੀਤਾ ਜਾਣਾ ਸੰਭਵ ਨਹੀਂ।"

ਪੁਸ਼ਪੇਂਦ੍ਰ, ਇਸ ਤੋਂ ਪਿੱਛੋਂ ਪਾਪਾ ਆਪਣੇ ਮਿੱਤਰ ਨਾਲ ਢੇਰ ਸਮੇਂ ਤਕ ਗੱਲਾਂ ਕਰਦੇ ਰਹੇ। ਉਨ੍ਹਾਂ ਦੀ ਗੱਲ ਬਾਤ ਵਿੱਚ ਇਹ ਪ੍ਰਸ਼ਨ ਮੁੜ ਉੱਠ ਖਲੋਤਾ ਕਿ ਅਮਰੀਕੀ ਸ਼ਾਪਿੰਗ ਸੈਂਟਰਾਂ ਵਿੱਚ ਯੌਰਪ ਦੇ ਸੈਂਟਰਾਂ ਨਾਲੋਂ ਕੀ ਫ਼ਰਕ ਹੈ। ਪਾਪਾ ਨੇ ਕਿਹਾ ਕਿ ਉਹ ਸੈਂਟਰ ਵੱਡ-ਆਕਾਰੀ ਹਨ; ਪਰ, ਉਨ੍ਹਾਂ ਵਿੱਚ ਡਿਜ਼ਾਇਨ ਅਤੇ ਵਾਤਾਵਰਣ ਦੀ ਸੁੰਦਰਤਾ ਦੀ ਘਾਟ ਹੈ। ਉਨ੍ਹਾਂ ਵਿੱਚ ਗਏ ਹੋਏ ਗਾਹਕਾਂ ਨੂੰ ਉਸ ਸਤਿਕਾਰ ਅਤੇ ਸਲੀਕੇ ਨਾਲ ਸਰਵ (Serve) ਨਹੀਂ ਕੀਤਾ ਜਾਂਦਾ, ਜਿਸ ਨਾਲ ਏਥੇ (ਇੰਗਲੈਂਡ ਵਿੱਚ) ਕੀਤਾ ਜਾਂਦਾ ਹੈ। ਅਮਰੀਕੀ ਲੋਕਾਂ ਵਿੱਚ ਵੱਡੇ ਅਤੇ ਵਧੀਆ ਹੋਣ ਦਾ ਘਟੀਆ ਅਹਿਸਾਸ ਹੈ, ਜਦ ਕਿ ਪੱਛਮੀ ਯੌਰਪ ਦੇ ਲੋਕਾਂ ਵਿੱਚ ਸੱਭਿਆਚਾਰ, ਵਤੀਰੇ ਅਤੇ ਵਿਖਾਵੇ ਨੂੰ ਸਤਿਕਾਰਿਆ ਜਾਂਦਾ ਹੈ। ਵਡੱਪਣ ਦੀ ਹੈਂਕੜ ਨਾਲੋਂ ਸੱਭਿਆਚਾਰ ਦਾ ਵਿਖਾਵਾ ਚੰਗਾ ਹੈ। ਇਹ ਇੱਕ ਅਭਿਆਸ ਹੈ ਅਤੇ ਹਰ ਅਭਿਆਸ ਸਾਡੇ ਆਚਰਣ ਨੂੰ ਵਿਕਸਾਉਣ ਦੀ ਸਮਰੱਥਾ ਰੱਖਦਾ ਹੈ। ਹਰ ਹੈਂਕੜ ਸਥਾਈਤਵ ਦੀ ਲਖਾਇਕ ਹੈ। ਸੁੰਦਰਤਾ ਅਤੇ ਸਤਿਕਾਰ ਪੱਛਮੀ ਯੌਰਪ ਦੀ ਵਿਕਾਸਸ਼ੀਲਤਾ ਦੇ ਲਖਾਇਕ ਹਨ।

ਇਨ੍ਹਾਂ ਸ਼ਬਦਾਂ ਨਾਲ ਪਾਪਾ ਦੀ ਵਰਤਾਲਾਪ ਸਮਾਪਤ ਹੋਈ। ਮੈਂ ਵੀ ਇਹ ਪੱਤਰ ਏਥੇ ਹੀ ਸਮਾਪਤ ਕਰ ਰਹੀ ਹਾਂ।

ਸਨੇਹਾ।

---

4. ਬ੍ਰਾਹਮਣ ਵਿਸ਼ਨੂੰ ਦੇ ਸਿਰੋਂ, ਖੱਤਰੀ ਬਾਹਵਾਂ ਵਿੱਚੋਂ, ਵੈਸ਼ ਲੱਤਾਂ ਤੋਂ ਅਤੇ ਸ਼ੂਦਰ ਪੈਰਾਂ ਵਿੱਚੋਂ। ਏਸੇ ਰੂਹਵਾਦ ਦਾ ਭਾਰਤੀ ਉਤਾਰਾ ਹੈ।
5. ਗ਼ਾਲਿਬ।



SATVIC
BOOKS

ISBN 81-87526-27-0
9 788187 526278